# ਨਾਨਕ ਪ੍ਰਕਾਸ਼ ਪੱਤ੍ਰਿਕਾ

ਜੂਨ-ਦਸੰਬਰ 2009 ਅੰਕ ਪਹਿਲਾ-ਦੂਜਾ

## ਨਿਰਮਲ ਸੰਪ੍ਰਦਾਇ
## ਵਿਸ਼ੇਸ਼ ਅੰਕ

ਸੰਪਾਦਕ
ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਨਿਰਮਲ ਸੰਪ੍ਰਦਾਇ ਉਦਭਵ ਅਤੇ ਵਿਕਾਸ

*ਡਾ. ਮਹਿੰਦਰ ਕੌਰ ਗਿੱਲ**

ਨਿਰਮਲ ਸੰਪ੍ਰਦਾਇ ਦੇ ਉਦਭਵ ਬਾਰੇ ਅਪਵਾਦ ਹੈ। ਇਸ ਬਾਰੇ ਦੋ ਮਤ ਹਨ। ਪਹਿਲਾ, ਇਹ ਗੁਰੂ ਨਾਨਕ ਦੇਵ ਜੀ ਤੋਂ ਹੋਂਦ ਵਿਚ ਆਇਆ। ਦੂਸਰਾ, ਇਸਦੀ ਸ਼ੁਰੂਆਤ ਦਸਮ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਨਿਰਮਲ ਸੰਪ੍ਰਦਾਇ ਦਾ ਸੰਬੰਧ ਗੁਰੂ ਘਰ ਵਿੱਚ ਵਿਸ਼ੇਸ਼ ਕਰਕੇ ਗੁਰਬਾਣੀ ਅਧਿਐਨ ਨਾਲ ਹੈ। ਵੇਖਿਆ ਜਾਏ ਤਾਂ ਗੁਰੂ ਸਾਹਿਬਾਨ ਗੁਰਬਾਣੀ ਸਿਰਜਣਾ ਦੇ ਨਾਲ ਨਾਲ ਗੁਰਬਾਣੀ ਦੇ ਵਿਸ਼ੇਸ਼ ਸੰਕਲਪਾਂ ਦੀ ਵਿਆਖਿਆ ਵੀ ਕਰ ਰਹੇ ਸਨ। ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਅਤੇ ਆਸਾ ਦੀ ਵਾਰ ਵਿੱਚ ਅਨੇਕਾਂ ਸੰਕਲਪਾਂ ਦੀ ਸਿਰਜਣਾਤਮਕ ਵਿਆਖਿਆ ਨਾਲੋ-ਨਾਲ ਕੀਤੀ ਹੈ। ਮਸਲਨ, ਸੁਣੀਐ, ਮੰਨੀਐ, ਅਸੰਖ, ਅਮੁਲ, ਕੁਦਰਤ, ਵਿਸਮਾਦ, ਭੈਅ, ਸੂਤਕ ਅਤੇ ਸੁਚਮ ਆਦਿ। ਇਸੇ ਤੋਂ ਇਹ ਟੂਹ ਪ੍ਰਾਪਤ ਹੁੰਦੀ ਹੈ, ਗੁਰਬਾਣੀ ਅਧਿਐਨ ਦੀ ਪਿਰਤ ਵੀ ਬੜੇ ਸੁਭਾਵਕ ਢੰਗ ਨਾਲ ਗੁਰਬਾਣੀ ਰਚਨਾ ਦਾ ਅੰਗ ਬਣ ਰਹੀ ਸੀ। ਦਿਲਚਸਪ ਨੁਕਤਾ ਤਾਂ ਇਹ ਹੈ, ਅਜੇਹੀ ਰੂਪਕਾਰੀ ਆਪਣੇ ਆਪ ਵਿਚ ਸਰਲ, ਸੁਗਮ ਅਤੇ ਸੁਖੈਨ ਸੀ। ਇਸਦਾ ਇਕ ਅਰਥ ਇਹ ਵੀ ਹੈ, ਗੁਰਬਾਣੀ ਅਧਿਐਨ ਦੀ ਪਿਰਤ ਦਾ ਅਗਾਜ ਗੁਰੂ ਨਾਨਕ ਸਾਹਿਬ ਤੋਂ ਹੋ ਗਿਆ ਸੀ। ਗੁਰਬਾਣੀ ਅਧਿਐਨ ਵਿਚ ਦੋ ਸੰਪ੍ਰਦਾਵਾਂ ਦਾ ਜ਼ਿਕਰ ਵਿਸ਼ੇਸ਼ ਕਰਕੇ ਆਉਂਦਾ ਹੈ, ਉਦਾਸੀ ਅਤੇ ਨਿਰਮਲਾ। ਕਮਾਲ ਤਾਂ ਇਹ ਹੈ, ਜਦ ਕਦੇ ਵੀ ਨਿਰਮਲ ਸੰਪ੍ਰਦਾਇ ਦੀ ਗੱਲ ਸ਼ੁਰੂ ਹੁੰਦੀ ਹੈ, ਉਦਾਸੀ ਸੰਪ੍ਰਦਾਇ ਦਾ ਜ਼ਿਕਰ ਸਹਿਵਨ ਵੀ ਹੋ ਜਾਂਦਾ ਹੈ ਹਾਲਾਂਕਿ ਦੋਹਾਂ ਸੰਪ੍ਰਦਾਵਾਂ ਦੇ ਉਦਭਵ-ਕਾਲ ਵਿੱਚ ਅੰਤਰ ਹੈ।

## ਉਦਾਸੀ ਸੰਪ੍ਰਦਾਇ ਦਾ ਨਿਕਾਸ

ਉਦਾਸੀ ਸਾਧੂ ਅਤੇ ਸਿੱਖ ਵਿਦਵਾਨ ਸਾਰੇ ਹੀ ਸਹਿਮਤ ਹਨ ਕਿ ਉਦਾਸੀ ਸੰਪ੍ਰਦਾਇ ਗੁਰੂ ਬਾਬੇ ਨਾਨਕ ਤੋਂ ਹੋਂਦ ਵਿਚ ਆਇਆ। ਸਿਵਾਏ ਪੰਡਿਤ ਗੰਗੇਸ਼ਵਰਾ ਨੰਦ ਦੇ। ਪੰਡਿਤ ਗੰਗੇਸ਼ਵਰਾ ਨੰਦ ਉਦਾਸੀ ਮਤ ਦਾ ਨਿਕਾਸ ਬ੍ਰਹਮਾ ਜੀ ਦੇ ਸਪੁੱਤਰਾਂ ਤੋਂ ਮੰਨਦਾ ਹੈ।

ਦੂਜੇ ਪਾਸੇ, ਉਹ ਚਿੰਤਕ ਹਨ ਜੋ ਉਦਾਸੀ ਮਤ ਦੀ ਸਰਬ ਪ੍ਰਥਮ ਵਿਆਖਿਆ ਗੁਰੂ ਨਾਨਕ ਦੇਵ ਜੀ ਰਚਿਤ ਬਾਣੀ-ਪਦਾਂ ਨਾਲ ਕਰਦੇ ਹਨ। ਹਾਲਾਂਕਿ ਜਿਹੜੇ ਬਾਣੀ-ਪਦ ਅਜਿਹੇ ਵਿਚਾਰਵਾਨ ਮਿਸਾਲ ਵਜੋਂ ਰੂਪਮਾਨ ਕਰਦੇ ਹਨ, ਉਹਨਾਂ ਵਿਚੋਂ ਉਦਾਸੀ ਸੰਪ੍ਰਦਾਇ ਦੇ ਉਦਗਮ ਦੀ ਝਲਕ ਨਹੀਂ। ਉਂਵ ਉਹ ਇਸ ਤੱਥ ਦੀ ਪੁਸ਼ਟੀ ਗੁਰੂ ਨਾਨਕ ਦੇਵ ਸਿਰਜਿਤ ਬਾਣੀਆਂ ਦੇ ਪ੍ਰਮਾਣਾਂ ਨਾਲ ਕਰਦੇ ਹਨ:

---

* 8/19 ਪਹਿਲੀ ਮੰਜ਼ਿਲ, ਈਸਟ ਪਟੇਲ ਨਗਰ, ਨਵੀਂ ਦਿੱਲੀ।

# ਨਾਨਕ ਪ੍ਰਕਾਸ਼ ਪੱਤ੍ਰਿਕਾ

ਜੂਨ-ਦਸੰਬਰ 2009 ਅੰਕ ਪਹਿਲਾ-ਦੂਜਾ

**(JOURNAL OF SIKH STUDIES)**

**ਸੰਪਾਦਕ**
**ਡਾ. ਸਰਬਜਿੰਦਰ ਸਿੰਘ**

**ਪਬਲੀਕੇਸ਼ਨ ਬਿਊਰੋ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

©
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

NANAK PARKASH PATRIKA *(Punjabi & English)*
Journal of SIKH STUDIES

*Edited by*
DR. SARBJINDER SINGH

*ਸਰਪ੍ਰਸਤ*
ਡਾ. ਜਸਪਾਲ ਸਿੰਘ,
ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ISBN 81-302-0288-3

2010
ਕਾਪੀਆਂ : 500
ਮੁੱਲ : 50.00

ਪੁਸਤਕ ਮੰਗਵਾਉਣ ਲਈ ਬਣਦੀ ਕੀਮਤ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦੇ ਨਾਮ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਿਆ ਜਾਵੇ।

ਲੇਜ਼ਰ ਟਾਈਪ ਸੈਟਿੰਗ ਵੈਸਟਰਨ ਪ੍ਰਿੰਟਰਜ਼, ਪਟਿਆਲਾ

---

ਡਾ. ਮਨਜੀਤ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਵੈਸਟਰਨ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ।

## ਦੋ ਸ਼ਬਦ

ਪੰਜਾਬੀ ਯੂਨੀਵਰਸਿਟੀ ਦੇ ਮਹੱਤਵਪੂਰਨ ਖੋਜ ਵਿਭਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦਾ ਆਪਣਾ ਮਹੱਤਵਪੂਰਨ ਸਥਾਨ ਹੈ। ਇਹ ਵਿਭਾਗ ਅਕਾਦਮਿਕ ਖੇਤਰ ਵਿਚ ਆਪਣੀਆਂ ਮੰਜ਼ਲਾਂ ਤਹਿ ਕਰਦਾ ਹੋਇਆ ਨਿਰੰਤਰ ਅੱਗੇ ਵੱਧ ਰਿਹਾ ਹੈ। ਵਿਭਾਗ ਦਾ ਮੁਖ ਮਨੋਰਥ ਸਿੱਖ ਧਰਮ ਨਾਲ ਸਬੰਧਤ ਅਧਿਆਤਮਕ, ਦਾਰਸ਼ਨਿਕ, ਇਤਿਹਾਸਕ ਅਤੇ ਸਭਿਆਚਾਰਕ ਸੰਕਲਪਾਂ ਨੂੰ ਸੌਖੇ ਢੰਗ ਨਾਲ ਪ੍ਰਕਾਸ਼ਿਤ ਕਰਕੇ ਇਸ ਖੇਤਰ ਵਿਚ ਕੰਮ ਕਰ ਰਹੇ ਵਿਦਵਾਨਾਂ ਨੂੰ ਸਹਿਯੋਗ ਦੇਣਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਨਾਨਕ ਪ੍ਰਕਾਸ਼ ਪੱਤ੍ਰਿਕਾ ਦਾ ਇਹ ਅੰਕ 'ਨਿਰਮਲ ਸੰਪ੍ਰਦਾਇ' ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਕਿਸੇ ਵੀ ਧਰਮ ਦੇ ਪ੍ਰਚਾਰ ਅਤੇ ਪਾਸਾਰ ਹਿਤ ਸੰਪ੍ਰਦਾਵਾਂ ਦਾ ਟਕਸਾਲੀ ਯੋਗਦਾਨ ਹੁੰਦਾ ਹੈ। ਨਿਰਮਲ ਸੰਪ੍ਰਦਾਇ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਵਿਚ ਜੋ ਅਹਿਮ ਭੂਮਿਕਾ ਨਿਭਾਈ ਹੈ ਉਸਦਾ ਆਪਣਾ ਇਕ ਵਿਲੱਖਣ ਇਤਿਹਾਸ ਹੈ।

ਮੈਨੂੰ ਵਿਸ਼ਵਾਸ ਹੈ ਕਿ ਗੁਰਬਾਣੀ ਦੇ ਅਧਿਐਨ ਵਿਚ ਰੁਚੀ ਰੱਖਣ ਵਾਲੇ ਵਿਦਵਾਨ ਅਤੇ ਖੋਜਾਰਥੀ ਇਸ ਅੰਕ ਤੋਂ ਲਾਭ ਉਠਾਉਣਗੇ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਡਾ. ਜਸਪਾਲ ਸਿੰਘ
ਵਾਈਸ-ਚਾਂਸਲਰ

## ਸੰਪਾਦਕੀ

ਸੰਪ੍ਰਦਾਵਾਂ ਕਿਸੇ ਵੀ ਧਰਮ ਦੇ ਅਜਿਹੇ ਸਦ ਜਾਗਦੇ ਚੇਤਨਾ ਕੇਂਦਰ ਹੁੰਦੇ ਹਨ, ਜੋ ਧਰਮ ਦੇ ਅਨੁਆਈਆਂ ਅੰਦਰ ਵਿਰਾਸਤ ਦੇ ਫ਼ਖ਼ਰ ਦਾ ਅਹਿਸਾਸ ਹੀ ਪੈਦਾ ਨਹੀਂ ਕਰਦੇ ਸਗੋਂ ਵਿਰਾਸਤ ਦੇ ਫ਼ਖ਼ਰ ਨੂੰ ਹੰਢਾਉਣ ਦਾ ਰਸਤਾ ਨਿਰਧਾਰਤ ਕਰਨ ਵਿਚ ਵੀ ਸਹਾਈ ਹੁੰਦੇ ਹਨ। ਜੇਕਰ ਧਰਮਾਂ ਦੇ ਇਤਿਹਾਸ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਵੇਂ ਕੋਈ ਵੀ ਸਮਾਜ ਧਰਮ ਤੋਂ ਬਿਨਾਂ ਨਹੀਂ ਹੈ, ਉਸੇ ਤਰ੍ਹਾਂ ਦੁਨੀਆਂ ਦਾ ਕੋਈ ਵੀ ਅਜਿਹਾ ਧਰਮ ਨਹੀਂ ਹੈ ਜਿਸ ਵਿਚ ਸੰਪ੍ਰਦਾਇ ਪਰਿਪਾਟੀ ਨਾ ਚਲੀ ਹੋਵੇ ਜਾਂ ਸੰਪ੍ਰਦਾ ਨੇ ਧਰਮ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਨਾ ਕੀਤਾ ਹੋਵੇ। ਇਹ ਸਪੱਸ਼ਟ ਹੋਇਆ ਕਿ ਕਿਸੇ ਵੀ ਧਰਮ ਦੇ ਪ੍ਰਚਾਰ ਅਤੇ ਪਾਸਾਰ ਹਿੱਤ ਸੰਪ੍ਰਦਾਵਾਂ ਦਾ ਟਕਸਾਲੀ ਯੋਗਦਾਨ ਹੁੰਦਾ ਹੈ। ਸੰਪ੍ਰਦਾਵਾਂ ਧਰਮਾਂ ਦੁਆਰਾ ਦਿੱਤੇ ਗਏ ਸਿਧਾਂਤਾਂ ਨੂੰ ਜਨ-ਸਧਾਰਨ ਤੱਕ ਲਿਜਾ ਕੇ ਉਸ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੀ ਨਹੀਂ ਕਰਦੀਆਂ ਸਗੋਂ ਸਮਾਜ ਲਈ ਨੈਤਿਕ ਵਿਧੀ ਵਿਧਾਨ ਦਾ ਰਸਤਾ ਨਿਰਧਾਰਿਤ ਕਰਨ ਵਿਚ ਵੀ ਅਹਿਮ ਰੋਲ ਅਦਾ ਕਰਦੀਆਂ ਹਨ।

ਵਿਉਂਤਪਤੀ ਦੇ ਦ੍ਰਿਸ਼ਟੀਕੋਣ ਤੋਂ ਸੰਪ੍ਰਦਾ ਸ਼ਬਦ ਦਾ ਮੂਲ 'ਦ' ਧਾਤੂ ਹੈ, ਜਿਸ ਦਾ ਅਰਥ ਹੈ ਦੇਣਾ। 'ਦ' ਦੇ ਅੱਗੇ ਦੋ ਅਗੇਤਰ 'ਸੰ' ਅਤੇ 'ਪ੍ਰ' ਹਨ। ਇਨ੍ਹਾਂ ਦੋ ਅਗੇਤਰਾਂ ਦੇ ਮੇਲ ਨਾਲ ਸ਼ਬਦ 'ਸੰਪ੍ਰਦਾ' ਹੋਂਦ ਵਿਚ ਆਇਆ। ਇਸ ਸਮੁੱਚੇ ਸ਼ਬਦ ਦਾ ਅਰਥ ਹੈ ਸੰਸਕ੍ਰਿਤੀ ਵਿਚੋਂ ਜੋ ਲਿਆ ਉਹ ਦੂਸਰਿਆਂ ਨੂੰ ਦੇਣਾ।

ਇਹ ਸੱਚ ਹੈ ਕਿ ਹਰ ਧਰਮ ਵਿਚ ਅਨੇਕਾਂ ਸੰਪ੍ਰਦਾਵਾਂ ਹੋ ਸਕਦੀਆਂ ਹਨ। ਪਰ ਇਕ ਗੱਲ ਨੂੰ ਸਮਝ ਲੈਣਾ ਬੇਹੱਦ ਜ਼ਰੂਰੀ ਹੈ ਕਿ ਸੰਪ੍ਰਦਾਵਾਂ ਅਨੇਕਾਂ ਹੋ ਸਕਦੀਆਂ ਹਨ, ਪਰ ਹਰ ਸੰਪ੍ਰਦਾ ਜਿਸ ਵੀ ਧਰਮ ਨਾਲ ਸਬੰਧਤ ਹੋਵੇਗੀ, ਉਸ ਦੇ ਮੂਲ ਸਿਧਾਂਤ ਨਾਲ ਜੁੜੇ ਰਹਿਣਾ ਉਸ ਲਈ ਲਾਜ਼ਮੀ ਹੁੰਦਾ ਹੈ। ਉਦਾਹਰਨ ਵਜੋਂ ਈਸਾਈ ਧਰਮ ਵਿਚ ਭਾਵੇਂ ਕੈਥੋਲਿਕ ਸੰਪ੍ਰਦਾ ਹੈ ਜਾਂ ਪ੍ਰੋਟੈਸਟੈਂਟ, ਉਸ ਦਾ ਮੂਲ ਯਿਸੂ ਅਤੇ ਬਾਈਬਲ ਹੈ। ਇਸਲਾਮ ਦੀਆਂ ਪ੍ਰਮੁੱਖ 'ਸੁੰਨੀ ਅਤੇ ਸ਼ੀਆ' ਸੰਪ੍ਰਦਾਵਾਂ ਪਵਿੱਤਰ ਕੁਰਾਨ ਅਤੇ ਮੁਹੰਮਦ ਸਾਹਿਬ ਨੂੰ ਆਪਣਾ ਇਸ਼ਟ ਪ੍ਰਵਾਨ ਕਰਕੇ ਹੀ ਚਲਦੀਆਂ ਹਨ। ਇਸ ਤਰ੍ਹਾਂ ਹਿੰਦੂ ਧਰਮ ਹੋਵੇ, ਬੁੱਧ ਜਾਂ ਜੈਨ, ਉਨ੍ਹਾਂ ਦਾ ਕੇਂਦਰੀ ਧੁਰਾ ਉਨ੍ਹਾਂ ਦੇ ਪਵਿੱਤਰ ਧਰਮ ਗ੍ਰੰਥ ਅਤੇ ਬਾਨੀ ਹੀ ਹਨ। ਸਿੱਖ ਧਰਮ ਦੇ ਇਤਿਹਾਸ ਵੱਲ ਨਜ਼ਰ ਮਾਰੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹਾਲਾਤ ਦੀ ਤਬਦੀਲੀ ਨੇ ਸਿੱਖ ਧਰਮ ਵਿਚ ਵੀ ਅਨੇਕਾਂ ਸੰਪ੍ਰਦਾਵਾਂ ਨੂੰ ਜਨਮ ਦਿੱਤਾ, ਬੇਸ਼ੱਕ ਹਰੇਕ ਸੰਪ੍ਰਦਾ ਵਿਚ ਵੱਡੇ ਵਖਰੇਵੇਂ ਸਪੱਸ਼ਟ ਹਨ, ਪਰ ਫਿਰ ਵੀ ਹਰ ਸਿੱਖ ਸੰਪ੍ਰਦਾ ਦਸ ਗੁਰੂ ਸਾਹਿਬਾਨ ਵਿਚ ਪੂਰਨ ਵਿਸ਼ਵਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ ਪੂਰਨ ਆਸਥਾ ਰੱਖਦੀ ਹੈ। ਧਾਰਮਿਕ ਸੰਪ੍ਰਦਾਵਾਂ ਦੇ ਵਿਸ਼ਵਾਸਾਂ ਦਾ ਆਦਰ ਸਹਿਤ ਅਧਿਐਨ ਕਰਨਾ ਸਾਡੀ ਪਰੰਪਰਾ ਵੀ ਹੈ ਅਤੇ ਸਮੇਂ ਦੀ ਲੋੜ ਵੀ। ਸੰਪ੍ਰਦਾਇ ਦੇ ਅਧਿਐਨ ਨੂੰ ਮਹੱਤਤਾ ਇਸ ਲਈ ਮਿਲਣੀ ਚਾਹੀਦੀ ਹੈ ਕਿਉਂਕਿ ਇਹ

ਸਮੂਹਿਕ ਜਨ ਅਵਚੇਤਨ ਦੇ ਪ੍ਰਗਟਾਵੇ ਦਾ ਇਕ ਸ਼ਕਤੀਸ਼ਾਲੀ ਰੂਪ ਹੈ। ਇਸ ਵੰਨ-ਸੁਵੰਨਤਾ ਵਿਚੋਂ ਹੀ ਸਾਡੀ ਵਿਸ਼ਾਲ ਸੋਚ ਅਤੇ ਸਰਬ ਧਰਮ ਸਮ ਭਾਵ ਦੇ ਦਰਸ਼ਨ ਹੁੰਦੇ ਹਨ।

ਸਿੱਖ ਧਰਮ ਦੁਨੀਆਂ ਦਾ ਸਭ ਤੋਂ ਨਵੀਨਤਮ ਧਰਮ ਮੰਨਿਆ ਜਾਂਦਾ ਹੈ। ਇਸ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ 1469 ਈਸਵੀ ਨੂੰ ਰਾਇ ਭੋਇ ਦੀ ਤਲਵੰਡੀ ਵਿਚ ਜਨਮ ਲਿਆ ਅਤੇ ਇਕ ਅਜਿਹੇ ਧਰਮ ਦੀ ਨੀਂਹ ਰੱਖੀ, ਜਿਸ ਨੇ 'ਸਭੈ ਸਾਂਝੀਵਾਲ ਸਦਾਇਨ' ਦਾ ਇਲਾਹੀ ਨਾਦ ਦੁਨੀਆਂ ਵਿਚ ਗੁੰਜਾ ਕੇ ਮਨੁੱਖਤਾ ਦੇ ਦੁਆਲੇ ਖੜ੍ਹੀਆਂ ਕੀਤੀਆਂ ਹਰ ਤਰ੍ਹਾਂ ਦੀਆਂ ਵਲਗਣਾਂ ਨੂੰ ਖ਼ਤਮ ਕਰ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਥਾਪਿਤ ਕੀਤਾ। ਜਦ ਗੁਰੂ ਨਾਨਕ ਦੇਵ ਸਾਹਿਬ ਦੇ ਧਰਮ ਦਾ ਆਗਾਜ਼ ਪੰਜਾਬ ਦੀ ਧਰਤੀ 'ਤੇ ਹੋਇਆ ਤਾਂ ਸਮਕਾਲੀ ਸਥਿਤੀਆਂ ਧਰਮ ਦੀ ਧਾਰਾ ਦੇ ਉਲਟ ਵਹਿ ਰਹੀਆਂ ਸਨ। ਧਰਮ ਦੀਆਂ ਕੀਮਤਾਂ ਮਨੁੱਖੀ ਜੀਵਨ ਵਿਚੋਂ ਮਨਫ਼ੀ ਸਨ। ਰਾਜਸੀ ਤੇ ਸਮਾਜਿਕ ਭ੍ਰਿਸ਼ਟਤਾ ਦਾ ਆਤੰਕ ਚੌਹੀਂ ਪਾਸੀਂ ਫੈਲਿਆ ਹੋਇਆ ਸੀ। ਮਨੁੱਖੀ ਜੀਵਨ ਵਿਚ ਹਰ ਪ੍ਰਕਾਰ ਦਾ ਸਵੈਮਾਣ ਅਥਵਾ ਗੌਰਵਤਾ ਮੁੱਕਣ ਕਿਨਾਰੇ ਸੀ। ਇਸ ਦੇ ਦੀਦਾਰੇ ਉਸ ਵੇਲੇ ਦੇ ਇਤਿਹਾਸ ਵਿਚੋਂ ਸਪੱਸ਼ਟ ਹੋ ਜਾਂਦੇ ਹਨ। ਇਸ ਧਰਮ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂ ਪਾਤਸ਼ਾਹ ਨੇ ਬੀਜਿਆ, ਸਿੰਜਿਆ ਅਤੇ ਵੱਡਾ ਕੀਤਾ। ਇਸ ਧਰਮ ਵਿਚ ਵੀ ਅਨੇਕਾਂ ਸੰਪ੍ਰਦਾਵਾਂ ਪੈਦਾ ਹੋਈਆਂ, ਜਿਨ੍ਹਾਂ ਨੇ ਆਪਣਾ ਅਹਿਮ ਯੋਗਦਾਨ ਇਸ ਧਰਮ ਦੇ ਵਿਕਾਸ ਵਿਚ ਪਾਇਆ। ਉਨ੍ਹਾਂ ਵਿਚੋਂ ਪ੍ਰਮੁੱਖ: ਉਦਾਸੀ, ਨਿਰਮਲੇ, ਸੇਵਾ ਪੰਥੀ ਅਤੇ ਗਿਆਨੀ ਆਦਿ ਹਨ।

ਨਿਰਮਲ ਸੰਪ੍ਰਦਾ ਦੇ ਨਿਕਾਸ ਤੇ ਵਿਕਾਸ ਨੂੰ ਅਚਾਨਕ ਵਾਪਰੀ ਜਾਂ ਇਕਵਾਰਗੀ ਘਟਨਾ ਵਜੋਂ ਨਹੀਂ ਸਮਝਿਆ ਜਾ ਸਕਦਾ। ਸਿੱਖ-ਯਾਦ ਜਾਂ ਸਿੱਖ-ਸਿਮਰਤੀ ਅੰਦਰ ਅਨੰਦਪੁਰ ਸਾਹਿਬ ਵਿਖੇ ਦਸ਼ਮੇਸ਼-ਦਰਬਾਰ ਵਿਚ 52 ਕਵੀਆਂ ਵਾਲਾ ਸੱਚ ਬਹੁ-ਪਰਤੀ ਅਰਥਾਂ ਵਿਚ ਗੁੱਝਿਆ ਹੋਇਆ ਹੈ। 52 ਕਵੀਆਂ ਕੋਲੋਂ ਉਹਨਾਂ ਦੀ ਵਿਸ਼ੇਸ਼ੱਗਤਾ ਨੂੰ ਪੰਜਾਬੀ ਵਿਚ ਲਿਖਵਾਉਣ ਲਈ, ਪੰਜਾਬੀ ਜਾਣਦੇ ਸਿੱਖਾਂ ਨੂੰ ਉਹਨਾਂ 52 ਕਵੀਆਂ ਦੇ ਨਾਲ ਜੋੜਿਆ ਗਿਆ ਸੀ। ਅਗਿਆਨਤਾ ਵਿਚੋਂ ਪੈਦਾ ਹੋਏ ਭਰਮ ਅਤੇ ਬੰਧਨ, ਧਰਮ ਦਾ ਕੀ ਨੁਕਸਾਨ ਕਰਦੇ ਹਨ, ਇਸ ਬਾਰੇ ਲਗਾਤਾਰ ਸਿੱਖ-ਮਾਨਸਿਕਤਾ ਨੂੰ ਚੌਕੰਨਾ ਕੀਤਾ ਜਾਂਦਾ ਰਿਹਾ ਸੀ। ਇਹੀ ਜ਼ਿੰਮੇਵਾਰੀ ਨਿਰਮਲੇ ਸਿੱਖਾਂ ਨੂੰ ਸੌਂਪੀ ਗਈ ਸੀ। ਸਿੱਖ-ਅਕਾਦਮਿਕਤਾ ਦੇ ਕਿਸੇ ਵੀ ਯਤਨ ਨੂੰ ਨਿਰਮਲ-ਲਹਿਰ ਦੀ ਨਿਰੰਤਰਤਾ ਵਿਚ ਸਮਝਣਾ ਵਧੇਰੇ ਯੋਗ ਹੋਵੇਗਾ ਕਿਉਂਕਿ ਨਿਰਮਲ-ਲਹਿਰ ਦਾ ਮੰਤਵ ਸਮਕਾਲੀ ਚੇਤਨਾ ਨੂੰ ਜਾਨਣਾ, ਸਮਝਣਾ ਅਤੇ ਆਮ ਸਿੱਖ ਤੱਕ ਲੈ ਕੇ ਜਾਣਾ ਸੀ। ਇਸ ਵਿਚ ਰੁਕਾਵਟਾਂ ਮੁੱਢ ਤੋਂ ਹੀ ਪੈਣੀਆਂ ਸ਼ੁਰੂ ਹੋ ਗਈਆਂ ਸਨ। ਇਸ ਦੇ ਬਾਵਜੂਦ ਪ੍ਰਾਪਤ ਸਿੱਖ-ਸਾਹਿਤ ਦੇ ਮੂਲ ਸੋਮੇ ਅਤੇ ਉਹਨਾਂ ਦੇ ਲੇਖਕ ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਤੋਂ ਇਲਾਵਾ ਪੰਡਤ ਤਾਰਾ ਸਿੰਘ, ਭਾਈ ਦਲ ਸਿੰਘ ਗਿਆਨੀ, ਪੰਡਤ ਗੁਲਾਬ ਸਿੰਘ, ਸਾਧੂ ਗੁਰਦਿਤ ਸਿੰਘ, ਸੰਤ ਸੰਪੂਰਨ ਸਿੰਘ ਅਤੇ ਸੰਤ ਨਿਰੰਕਾਰ ਸਿੰਘ ਵਰਗੇ ਨਿਰਮਲੇ ਲੇਖਕ, ਨਿਰਮਲ ਲਹਿਰ ਵਲੋਂ ਹੀ ਪੈਦਾ ਕੀਤੇ ਗਏ ਸਨ। ਸਿੱਖਾਂ ਦੀ ਮੁੱਖ ਧਾਰਾ ਜਦੋਂ ਜੰਗਲਾਂ ਵੱਲ ਧੱਕ ਦਿੱਤੀ ਗਈ ਸੀ ਤਾਂ ਉਸ ਵੇਲੇ ਵੀ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਾਸਤੇ ਨਿਰਮਲੇ ਸੰਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਗਿਆ ਸੀ। ਇਸ ਦਾ ਕਾਰਨ ਨਿਰਮਲਿਆਂ ਦੀ ਪੰਥਕ-ਸਾਖ ਹੀ ਸੀ। ਉਦਾਸੀ ਸੰਤਾਂ ਦੀ ਭੂਮਿਕਾ ਇਥੋਂ ਹੀ ਸ਼ੁਰੂ ਹੁੰਦੀ ਹੈ। ਹਾਲਾਂਕਿ ਉਦਾਸੀਆਂ ਬਾਰੇ 'ਪ੍ਰੇਮ ਸੁਮਾਰਗ' ਵਿਚ ਲਿਖਿਆ ਹੋਇਆ ਹੈ ਕਿ "ਜੇ ਕੋਈ ਸਿੱਖ ਉਦਾਸੀ ਹੋਵੇਗਾ ਤਾਂ ਉਸ ਕਾ ਬੁਰਾ ਹੋਵੇਗਾ।" ਫਿਰ ਵੀ ਉਦਾਸੀ ਬੇਸ਼ੱਕ ਨਾਨਕ-ਪੰਥੀ ਹੋਣ ਦਾ ਦਾਅਵਾ ਕਰਦੇ ਰਹੇ ਸਨ, ਪਰ ਉਹ ਨਿਰਸੰਦੇਹ ਪੰਥਕ-ਸਰੋਕਾਰਾਂ ਵੱਲ ਨਹੀਂ ਤੁਰਦੇ ਰਹੇ। ਗੁਰਦੁਆਰਾ-ਪ੍ਰਬੰਧ

ਵਿਚ ਮਹੰਤ-ਪ੍ਰਥਾ ਨੂੰ ਉਦਾਸੀਆਂ ਦੀ ਨਿਰੰਤਰਤਾ ਵਿਚ ਹੀ ਸਮਝਣਾ ਚਾਹੀਦਾ ਹੈ ਅਤੇ ਇਸ ਨਾਲ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਦਾਸੀ-ਸੰਤ, ਪੰਥ-ਰੰਗ ਵਿਚ ਕਦੇ ਵੀ ਨਹੀਂ ਵਿਚਰੇ। ਉਦਾਸੀਆਂ ਵਾਂਗ ਨਿਰਮਲੇ ਕਦੇ ਵੀ ਪੰਥਕ-ਹਿੱਤਾਂ ਦੇ ਖਿਲਾਫ਼ ਨਾ ਹੀ ਆਪ ਤੁਰੇ ਅਤੇ ਨਾ ਹੀ ਕਿਸੇ ਪੰਥ-ਵਿਰੋਧੀ ਦਾ ਹਥਿਆਰ ਬਣੇ।

ਦੇਸ਼ ਦੀ ਵੰਡ (1947) ਤੋਂ ਪਿਛੋਂ ਤਾਂ ਹਾਲਾਤ ਹੋਰ ਵੀ ਵਿਗੜ ਗਏ ਸਨ। ਸਿੱਖ-ਸਿਆਸਤਦਾਨਾਂ ਨੇ ਨਿਰਮਲਾ-ਭੂਮਿਕਾ ਨੂੰ ਭੁਲਾ ਹੀ ਦਿੱਤਾ, ਕਹਿਣਾ ਚਾਹੀਦਾ ਹੈ। ਨਿਰਮਲੇ-ਸੰਤ, ਮੁੱਖ ਧਾਰਾ ਨਾਲੋਂ ਵਿੱਥ ਤੇ ਵਿਚਰਣ ਦੀ ਮਜ਼ਬੂਰੀ ਹੰਢਾਉਂਦੇ ਰਹੇ ਹਨ। ਇਥੋਂ ਤੱਕ ਕਿ ਨਿਰਮਲਿਆਂ ਦੀਆਂ ਸਮਰਥਕ ਸਿੱਖ-ਰਿਆਸਤਾਂ ਵੀ ਮੁਖ-ਧਾਰਾ ਵਿਚ ਨਹੀਂ ਵਿਚਰ ਰਹੀਆਂ ਸਨ। ਇਸ ਕਾਰਣ ਕਰਕੇ ਨਿਰਮਲ-ਟਕਸਾਲ ਦੀ ਥਾਂ ਉੱਤੇ ਨਿਰਮਲ-ਸੰਪਰਦਾ ਸਾਹਮਣੇ ਆ ਗਈ ਅਤੇ ਗੁਰਦੁਆਰਿਆਂ ਦੀ ਥਾਂ ਉੱਤੇ ਅਖਾੜੇ ਅਤੇ ਧਰਮਧੁਜਾ ਸਾਹਮਣੇ ਆ ਗਏ ਹਨ। ਕਹਿਣ ਦਾ ਭਾਵ ਹੈ ਕਿ ਨਿਰਮਲਿਆਂ ਨੂੰ ਸਿੱਖਾਂ ਦੀ ਮੁਖ-ਧਾਰਾ ਵਿਚੋਂ ਪਾਸੇ ਕਰਨ ਵਿਚ ਆਪਣਿਆਂ ਅਤੇ ਬੇਗਾਨਿਆਂ ਨੇ ਜੋ ਭੂਮਿਕਾ ਨਿਭਾਈ ਸੀ, ਉਸ ਦੇ ਖ਼ਾਤਮੇ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ ਅਤੇ ਇਹਨਾਂ ਸੰਭਾਵਨਾਵਾਂ ਬਾਰੇ ਨਿੱਠਕੇ ਸੋਚਣਾ ਵੀ ਚਾਹੀਦਾ ਹੈ। ਸੰਭਾਵਨਾਵਾਂ ਵਿਚੋਂ ਇਕ ਸੰਭਾਵਨਾ ਇਹ ਹੋ ਸਕਦੀ ਹੈ ਕਿ ਸਿੱਖ ਧਰਮ-ਚਿੰਤਨ ਦੀ ਵਿਲੱਖਣਤਾ ਪਲੂਰਲ ਅਤੇ ਇਨਕਲਿਊਸਿਵ ਹੋਣ ਵਿਚ ਹੈ ਅਤੇ ਨਿਰਮਲੇ ਇਸ ਭਾਵਨਾ ਦੇ ਸਦਾ ਹੀ ਮੁਦਈ ਰਹੇ ਹਨ। ਲੋੜ ਇਹ ਹੈ ਕਿ ਨਿਰਮਲਾ ਲਹਿਰ ਨੂੰ ਆਮ ਸਿੱਖ ਤੱਕ ਲੈ ਕੇ ਜਾਣ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ ਜਾਵੇ। ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਨੇ ਵੀ ਇਸ ਪਾਸੇ ਯਤਨ ਕੀਤੇ ਸਨ।

***ਇਸ ਦੇ ਨਾਲ ਹੀ ਪ੍ਰਕਾਸ਼ਨ ਹਿਤ ਪੱਤ੍ਰਿਕਾ ਦੇ ਇਸ ਅੰਕ ਦੀ ਸੰਪਾਦਕੀ ਵਿਚ ਸੰਤ ਬਾਬਾ ਜੋਧ ਸਿੰਘ ਹੋਰਾਂ ਦੀ ਗੱਲ ਨਾ ਕੀਤੀ ਜਾਵੇ ਤਾਂ ਯੋਗ ਨਹੀਂ ਹੋਵੇਗਾ। ਸੰਤ ਜੀ ਦੇ ਸਹਿਯੋਗ ਨਾਲ ਵਿਭਾਗ ਵਿਚ 'ਨਿਰਮਲ ਸੰਪ੍ਰਦਾਇ ਦੀ ਗੁਰਮਤਿ ਸਾਹਿਤ ਨੂੰ ਦੇਣ' ਵਿਸ਼ੇ 'ਤੇ ਦੋ ਰੋਜ਼ਾ ਸੈਮੀਨਾਰ ਕੀਤਾ ਗਿਆ, ਜਿਸ ਦਾ ਸੰਪੂਰਨ ਵਿੱਤੀ ਭਾਰ ਸੰਤ ਬਾਬਾ ਜੋਧ ਸਿੰਘ ਹੋਰਾਂ ਨੇ ਆਪਣੇ ਸਿਰ ਲਿਆ। ਅਜਿਹੇ ਸੰਤ ਪੁਰਖਾਂ ਦਾ ਜਿਥੇ ਧੰਨਵਾਦ ਕਰਨਾ ਬਣਦਾ ਹੈ, ਉਥੇ ਅਕਾਦਮਿਕ ਅਦਾਰਿਆਂ ਨਾਲ ਲਗਾਤਾਰ ਇਨ੍ਹਾਂ ਨੂੰ ਜੋੜੀ ਰੱਖਣਾ ਅਕਾਦਮੀਸ਼ਨਾਂ ਦੀ ਨੈਤਿਕ ਜ਼ਿੰਮੇਵਾਰੀ ਵੀ ਬਣਦੀ ਹੈ। ਵਿਭਾਗ ਇਨ੍ਹਾਂ ਦੇ ਉਤਮ ਕਾਰਜ ਦੀ ਪ੍ਰਸੰਸਾ ਕਰਦਾ ਹੈ।***

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਦਾ ਮਹੱਤਵਪੂਰਨ ਖੋਜ ਵਿਭਾਗ ਹੈ। ਅਕਾਦਮਿਕ ਢਾਂਚੇ ਨੂੰ ਜਰਖੇਜ਼ ਬਣਾਉਣ ਵਿਚ ਇਸ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਵਿਭਾਗ ਦੀ ਸਿਰਜਣਾ ਦਾ ਮੁੱਖ ਉਦੇਸ਼ ਹੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਨਾਲ ਦੂਜੇ ਧਰਮਾਂ ਦੇ ਸਿਧਾਂਤਾਂ ਨੂੰ ਪਾਠਕਾਂ, ਖੋਜਾਰਥੀਆਂ ਤੇ ਵਿਦਵਾਨਾਂ ਤੱਕ ਲੈ ਕੇ ਜਾਣਾ ਹੈ। ਇਸ ਆਦਰਸ਼ ਦੀ ਪੂਰਤੀ ਹਿਤ ਨਾਨਕ ਪ੍ਰਕਾਸ਼ ਪੱਤ੍ਰਿਕਾ ਦਾ ਇਹ ਅੰਕ ਨਿਰਮਲ ਸੰਪ੍ਰਦਾਇ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਮੈਨੂੰ ਪੂਰਨ ਆਸ ਹੈ ਕਿ ਧਰਮ ਅਧਿਐਨ ਦੇ ਖੇਤਰ ਵਿਚ ਕੰਮ ਕਰ ਰਹੇ ਪਾਠਕ ਤੇ ਵਿਦਵਾਨ ਇਸ ਕਾਰਜ ਨੂੰ ਮਹੱਤਵਪੂਰਨ ਭੇਟ ਦੇ ਰੂਪ ਵਿਚ ਪ੍ਰਵਾਨ ਕਰਨਗੇ। ਉਸਾਰੂ ਹੁੰਗਾਰੇ ਅਤੇ ਸੁਝਾਵਾਂ ਦੀ ਵਿਭਾਗ ਨੂੰ ਹਮੇਸ਼ਾਂ ਹੀ ਤਾਂਘ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਸਰਬਜਿੰਦਰ ਸਿੰਘ**
ਸੰਪਾਦਕ

## ਤਤਕਰਾ


ਦੋ ਸ਼ਬਦ ਡਾ. ਜਸਪਾਲ ਸਿੰਘ (ਵਾਈਸ-ਚਾਂਸਲਰ) (v)

ਸੰਪਾਦਕੀ ਡਾ. ਸਰਬਜਿੰਦਰ ਸਿੰਘ (vii)

1. ਨਿਰਮਲ ਸੰਪ੍ਰਦਾਇ ਉਦਭਵ ਅਤੇ ਵਿਕਾਸ
   - ਡਾ. ਮਹਿੰਦਰ ਕੌਰ ਗਿੱਲ 1
2. ਨਿਰਮਲ ਸੰਪ੍ਰਦਾਇ
   - ਗਿਆਨੀ ਬਲਵੰਤ ਸਿੰਘ ਕੋਠਾਗੁਰੂ 22
3. ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ
   - ਸੰਤ ਤੇਜਾ ਸਿੰਘ ਐਮ.ਏ. 71
4. ਗੁਰਬਾਣੀ ਵਿਆਖਿਆ ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦਾ ਯੋਗਦਾਨ
   - ਗੁਰਮੇਲ ਸਿੰਘ (ਡਾ.) 88
5. ਨਿਰਮਲਾ ਸੰਪ੍ਰਦਾਇ ਦਾ ਗੁਰਬਾਣੀ ਵਿਆਖਿਆ ਵਿਚ ਯੋਗਦਾਨ
   - ਅਮਰਜੀਤ ਕੌਰ 97
6. ਨਿਰਮਲਾ ਸੰਪ੍ਰਦਾਇ-ਗੁਰਬਾਣੀ ਦੀ ਵਿਆਖਿਆ ਪ੍ਰਣਾਲੀ: ਇਕ ਪਰਿਪੇਖ
   - ਡਾ. ਸੁਰਜੀਤ ਸਿੰਘ ਭੱਟੀ 102
7. ਨਿਰਮਲੇ ਵਿਦਵਾਨਾਂ ਦੇ ਜਪੁਜੀ ਸਾਹਿਬ ਦੇ ਟੀਕੇ
   - ਸੰਤ ਭਾਗ ਸਿੰਘ 115
8. ਨਿਰਮਲੇ ਸੰਤਾਂ ਦੀ ਸੰਸਕ੍ਰਿਤ ਸਾਹਿਤ ਨੂੰ ਦੇਣ
   - ਸੰਤ ਜ਼ੈਲ ਸਿੰਘ ਸ਼ਾਸਤਰੀ 123
9. ਨਿਰਮਲ ਭੇਖ ਤਥਾ ਨਿਰਮਲ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ
   - ਸੰਤ ਦਰਸ਼ਨ ਸਿੰਘ ਸ਼ਾਸ਼ਤ੍ਰੀ
   - ਸੰਤ ਸਤਨਾਮ ਸਿੰਘ ਸ਼ਾਸ਼ਤ੍ਰੀ
   - ਸੰਤ ਜਸਵਿੰਦਰ ਸਿੰਘ ਸ਼ਾਸ਼ਤ੍ਰੀ 143

10. ਨਿਰਮਲੇ ਪੰਥ ਦਾ ਸੁਤੰਤਰਤਾ ਸੰਗ੍ਰਾਮ ਵਿਚ ਯੋਗਦਾਨ

– ਗਿਆਨੀ ਬਲਵੰਤ ਸਿੰਘ ਕੋਠਾਗੁਰੂ 165

11. ਨਿਰਮਲੇ ਪੰਚਾਇਤੀ ਅਖਾੜੇ ਦੀ ਸਥਾਪਨਾ ਅਤੇ ਉਦੇਸ਼

– ਮਹੰਤ ਬਲਵੰਤ ਸਿੰਘ ਸੈਕਟਰੀ 193

12. ਮਾਝੇ ਦੇ ਨਿਰਮਲੇ ਡੇਰਿਆਂ ਦਾ ਸੰਖੇਪ ਇਤਿਹਾਸ ਅਤੇ ਉਨ੍ਹਾਂ ਦੀ ਮਰਿਯਾਦਾ

– ਮਹੰਤ ਗਿਆਨੀ ਸੁਖਚੈਨ ਸਿੰਘ 205

13. ਦੁਆਬਾ ਨਿਰਮਲ ਮੰਡਲ ਦੇ ਯੋਗਦਾਨ ਦੀ ਪ੍ਰਮਾਣਿਕਤਾ ਅਤੇ ਪ੍ਰਸੰਗਿਕਤਾ

– ਪ੍ਰੋ. ਹਰਬੰਸ ਸਿੰਘ ਬੋਲੀਨਾ 233

14. ਮਹੰਤ ਗਣੇਸ਼ਾ ਸਿੰਘ: ਜੀਵਨ ਤੇ ਸਾਹਿਤ ਰਚਨਾ

– ਦੇਵਿੰਦਰ ਸਿੰਘ ਗਿੱਲ 246

15. ਪੰਡਿਤ ਈਸ਼ਰ ਸਿੰਘ ਜੀ ਦੀ ਕ੍ਰਿਤ ਸ੍ਰੀ ਗੁਰਮਤਿ ਦਿਗਵਿਜੈ 'ਤੇ ਗੁਰੂ ਨਾਨਕ ਵਿਚਾਰਧਾਰਾ ਦਾ ਪ੍ਰਭਾਵ

– ਜਸਵਿੰਦਰ ਕੌਰ 256

# ਨਿਰਮਲ ਸੰਪ੍ਰਦਾਇ ਉਦਭਵ ਅਤੇ ਵਿਕਾਸ

*ਡਾ. ਮਹਿੰਦਰ ਕੌਰ ਗਿੱਲ**

ਨਿਰਮਲ ਸੰਪ੍ਰਦਾਇ ਦੇ ਉਦਭਵ ਬਾਰੇ ਅਪਵਾਦ ਹੈ। ਇਸ ਬਾਰੇ ਦੋ ਮਤ ਹਨ। ਪਹਿਲਾ, ਇਹ ਗੁਰੂ ਨਾਨਕ ਦੇਵ ਜੀ ਤੋਂ ਹੋਂਦ ਵਿਚ ਆਇਆ। ਦੂਸਰਾ, ਇਸਦੀ ਸ਼ੁਰੂਆਤ ਦਸਮ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਨਿਰਮਲ ਸੰਪ੍ਰਦਾਇ ਦਾ ਸੰਬੰਧ ਗੁਰੂ ਘਰ ਵਿੱਚ ਵਿਸ਼ੇਸ਼ ਕਰਕੇ ਗੁਰਬਾਣੀ ਅਧਿਐਨ ਨਾਲ ਹੈ। ਵੇਖਿਆ ਜਾਏ ਤਾਂ ਗੁਰੂ ਸਾਹਿਬਾਨ ਗੁਰਬਾਣੀ ਸਿਰਜਣਾ ਦੇ ਨਾਲ ਨਾਲ ਗੁਰਬਾਣੀ ਦੇ ਵਿਸ਼ੇਸ਼ ਸੰਕਲਪਾਂ ਦੀ ਵਿਆਖਿਆ ਵੀ ਕਰ ਰਹੇ ਸਨ। ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਅਤੇ ਆਸਾ ਦੀ ਵਾਰ ਵਿਚ ਅਨੇਕਾਂ ਸੰਕਲਪਾਂ ਦੀ ਸਿਰਜਣਾਤਮਕ ਵਿਆਖਿਆ ਨਾਲੋ-ਨਾਲ ਕੀਤੀ ਹੈ। ਮਸਲਨ, ਸੁਣੀਐ, ਮੰਨੀਐ, ਅਸੰਖ, ਅਮੁਲ, ਕੁਦਰਤ, ਵਿਸਮਾਦ, ਭੈਅ, ਸੂਤਕ ਅਤੇ ਸੁਚਮ ਆਦਿ। ਇਸੇ ਤੋਂ ਇਹ ਟੂਹ ਪ੍ਰਾਪਤ ਹੁੰਦੀ ਹੈ, ਗੁਰਬਾਣੀ ਅਧਿਐਨ ਦੀ ਪਿਰਤ ਵੀ ਬੜੇ ਸੁਭਾਵਕ ਢੰਗ ਨਾਲ ਗੁਰਬਾਣੀ ਰਚਨਾ ਦਾ ਅੰਗ ਬਣ ਰਹੀ ਸੀ। ਦਿਲਚਸਪ ਨੁਕਤਾ ਤਾਂ ਇਹ ਹੈ, ਅਜੇਹੀ ਰੂਪਕਾਰੀ ਆਪਣੇ ਆਪ ਵਿਚ ਸਰਲ, ਸੁਗਮ ਅਤੇ ਸੁਖੈਨ ਸੀ। ਇਸਦਾ ਇਕ ਅਰਥ ਇਹ ਵੀ ਹੈ, ਗੁਰਬਾਣੀ ਅਧਿਐਨ ਦੀ ਪਿਰਤ ਦਾ ਅਗਾਜ ਗੁਰੂ ਨਾਨਕ ਸਾਹਿਬ ਤੋਂ ਹੋ ਗਿਆ ਸੀ। ਗੁਰਬਾਣੀ ਅਧਿਐਨ ਵਿਚ ਦੋ ਸੰਪ੍ਰਦਾਵਾਂ ਦਾ ਜ਼ਿਕਰ ਵਿਸ਼ੇਸ਼ ਕਰਕੇ ਆਉਂਦਾ ਹੈ, ਉਦਾਸੀ ਅਤੇ ਨਿਰਮਲਾ। ਕਮਾਲ ਤਾਂ ਇਹ ਹੈ, ਜਦ ਕਦੇ ਵੀ ਨਿਰਮਲ ਸੰਪ੍ਰਦਾਇ ਦੀ ਗੱਲ ਸ਼ੁਰੂ ਹੁੰਦੀ ਹੈ, ਉਦਾਸੀ ਸੰਪ੍ਰਦਾਇ ਦਾ ਜ਼ਿਕਰ ਸਹਿਵਨ ਵੀ ਹੋ ਜਾਂਦਾ ਹੈ ਹਾਲਾਂਕਿ ਦੋਹਾਂ ਸੰਪ੍ਰਦਾਵਾਂ ਦੇ ਉਦਭਵ-ਕਾਲ ਵਿਚ ਅੰਤਰ ਹੈ।

## ਉਦਾਸੀ ਸੰਪ੍ਰਦਾਇ ਦਾ ਨਿਕਾਸ

ਉਦਾਸੀ ਸਾਧੂ ਅਤੇ ਸਿੱਖ ਵਿਦਵਾਨ ਸਾਰੇ ਹੀ ਸਹਿਮਤ ਹਨ ਕਿ ਉਦਾਸੀ ਸੰਪ੍ਰਦਾਇ ਗੁਰੂ ਬਾਬੇ ਨਾਨਕ ਤੋਂ ਹੋਂਦ ਵਿਚ ਆਇਆ। ਸਿਵਾਏ ਪੰਡਿਤ ਗੰਗੇਸ਼ਵਰਾ ਨੰਦ ਦੇ। ਪੰਡਿਤ ਗੰਗੇਸ਼ਵਰਾ ਨੰਦ ਉਦਾਸੀ ਮਤ ਦਾ ਨਿਕਾਸ ਬ੍ਰਹਮਾ ਜੀ ਦੇ ਸਪੁੱਤਰਾਂ ਤੋਂ ਮੰਨਦਾ ਹੈ।

ਦੂਜੇ ਪਾਸੇ, ਉਹ ਚਿੰਤਕ ਹਨ ਜੋ ਉਦਾਸੀ ਮਤ ਦੀ ਸਰਬ ਪ੍ਰਥਮ ਵਿਆਖਿਆ ਗੁਰੂ ਨਾਨਕ ਦੇਵ ਜੀ ਰਚਿਤ ਬਾਣੀ-ਪਦਾਂ ਨਾਲ ਕਰਦੇ ਹਨ। ਹਾਲਾਂਕਿ ਜਿਹੜੇ ਬਾਣੀ-ਪਦ ਅਜਿਹੇ ਵਿਚਾਰਵਾਨ ਮਿਸਾਲ ਵਜੋਂ ਰੂਪਮਾਨ ਕਰਦੇ ਹਨ, ਉਹਨਾਂ ਵਿਚੋਂ ਉਦਾਸੀ ਸੰਪ੍ਰਦਾਇ ਦੇ ਉਦਗਮ ਦੀ ਝਲਕ ਨਹੀਂ। ਉਂਵ ਉਹ ਇਸ ਤੱਥ ਦੀ ਪੁਸ਼ਟੀ ਗੁਰੂ ਨਾਨਕ ਦੇਵ ਸਿਰਜਿਤ ਬਾਣੀਆਂ ਦੇ ਪ੍ਰਮਾਣਾਂ ਨਾਲ ਕਰਦੇ ਹਨ:

---

* 8/19 ਪਹਿਲੀ ਮੰਜ਼ਿਲ, ਈਸਟ ਪਟੇਲ ਨਗਰ, ਨਵੀਂ ਦਿੱਲੀ।

(ੳ) *ਉਪਰਿ ਗਗਨੁ ਗਗਨ ਪਰਿ ਗੋਰਖੁ*
*ਤਾਕਾ ਅਗਮੁ ਗੁਰੂ ਪੁਨਿ ਵਾਸੀ ॥*
*ਗੁਰ ਬਚਨੀ ਬਾਹਰਿ ਘਰਿ ਏਕੋ*
*ਨਾਨਕੁ ਭਇਆ ਉਦਾਸੀ ॥* (ਅੰਗ 992)

ਸਪਸ਼ਟ ਹੈ, ਇਥੇ "ਨਾਨਕ ਭਇਆ ਉਦਾਸੀ" 'ਉਦਾਸੀ' ਕਿਸੇ ਸੰਪ੍ਰਦਾਇ ਦਾ ਸੰਕੇਤਕ ਨਹੀਂ। ਇਸ ਬਾਣੀ ਪਦ ਦੇ ਅਰਥਾਂ ਨੂੰ ਸਮਝ ਲੈਣਾ ਸੰਗਤ ਹੈ। ਅਰਥਾਤ ਸ੍ਰਿਸ਼ਟੀ ਦੇ ਉਪਰ ਅਕਾਸ਼ (ਗਗਨ) ਹੈ। ਅਕਾਸ਼ ਦੇ ਧੁਰ ਉੱਤੇ ਬੈਕੁੰਠ ਧਾਮ ਹੈ ਜਿਥੇ ਵਿਸ਼ਨੂੰ (ਗੋਰਖ) ਜੀ ਦਾ ਵਾਸ ਹੈ। ਵਿਸ਼ਨੂੰ ਜੀ ਦਾ ਗੁਰੂ ਅਪਹੁੰਚ (ਅਗਮ) ਹੈ। ਮੈਂ ਵੀ ਫਿਰ (ਪੁਨਵਾਸੀ-ਪੁਨਹ) ਉਥੇ ਦਾ ਹੀ ਵਾਸੀ ਹਾਂ। ਉਸੇ ਗੁਰੂ ਦੇ ਬਚਨਾਂ ਸਦਕਾ ਮੈਨੂੰ ਘਰ ਬਾਹਰ ਇਥੋਂ ਜਿਹਾ ਜਾਪਦਾ ਹੈ ਅਥਵਾ ਮੈਂ ਘਰ ਬਾਹਰ ਤੋਂ ਵਿਰਕਤ (ਉਦਾਸੀ) ਹੋ ਗਿਆ ਹਾਂ। ਏਸੇ ਸੰਦਰਭ ਵਿਚ ਇਕ ਹੋਰ ਪ੍ਰਮਾਣ ਪੇਸ਼ ਹੈ :

*ਸੋ ਗਿਰਹੀ ਸੋ ਦਾਸੁ ਉਦਾਸੀ*
*ਜਿਨਿ ਗੁਰਮੁਖਿ ਆਪੁ ਪਛਾਨਿਆ ॥*
*ਨਾਨਕ ਕਹੈ ਅਵਰੁ ਨਹੀ ਦੂਜਾ*
*ਸਾਚ ਸਬਦਿ ਮਨੁ ਮਾਨਿਆ ॥* (ਰਾਗ ਪ੍ਰਭਾਤੀ, ਅੰਗ 1332)

ਇਥੇ ਵੀ 'ਉਦਾਸੀ' ਸ਼ਬਦ ਮਾਨਸਿਕ ਅਵਸਥਾ ਦਾ ਪ੍ਰਤੀਕ ਹੈ। ਪਰ ਸੁਆਲ ਹੈ, ਜਦੋਂ ਗਾਹੇ ਬਗਾਹੇ ਉਦਾਸੀ ਸੰਪ੍ਰਦਾਇ ਦਾ ਜ਼ਿਕਰ ਆ ਹੀ ਜਾਂਦਾ ਹੈ ਤਾਂ ਚੰਗਾ ਰਹੇਗਾ ਜੇ ਸੰਖੇਪ ਜੇਹੀ ਵਿਚਾਰ ਇਸ ਬਾਰੇ ਕਰ ਲਈ ਜਾਵੇ।

ਜਨਮ ਸਾਖੀਆਂ ਅਨੁਸਾਰ ਇਕ ਦਿਨ ਪਿਤਾ ਬਾਬਾ ਨਾਨਕ ਨੇ ਸ੍ਰੀ ਚੰਦ ਜੀ ਬਾਰੇ ਭਵਿੱਖ ਵਾਕ ਉਚਾਰੇ ਸਨ :

"ਇਹ ਬਾਲ ਜਤੀ ਹੋਵੇਗਾ। ਵੱਡਾ ਪ੍ਰਤਾਪੀ ਹੋਇਗਾ। ਇਸ ਦਾ ਪੰਥ ਚਲੇਗਾ। ਆਪਣੇ ਜਪ ਤਪ ਤੇ ਪ੍ਰੇਮਾ ਭਗਤੀ ਦੇ ਬਲ 'ਤੇ ਪ੍ਰਸਿੱਧ ਮਹਾਤਮਾ ਹੋਏਗਾ। ਇਸ ਦੀ ਸਿੱਖਿਆ ਨੂੰ ਸਾਧੂ ਸੰਤ ਅਤੇ ਸਿੱਧ ਲੋਕ ਵੀ ਮੰਨਣਗੇ।"

ਪਿਤਾ ਗੁਰੂ ਦੇ ਬਚਨ ਪੂਰੇ ਹੋਏ ਤੇ ਬਾਬਾ ਸ੍ਰੀ ਚੰਦ ਜੀ ਉਦਾਸੀ ਮਤ ਦੇ ਸੰਚਾਲਕ ਹੋਏ। ਧਿਆਨ ਰਹੇ, ਉਦਾਸੀ ਸੰਪ੍ਰਦਾਇ ਦਾ ਬੀਜ ਖੁਦ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਸੀ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿੱਚ ਇਸ ਤੱਥ ਦਾ ਖੁਲਾਸਾ ਦੋ ਵਾਰ ਕੀਤਾ ਹੈ:

(ੳ) *ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ ॥*
*ਚੜਿਆ ਸੋਧਣਿ ਧਰਤ ਲੁਕਾਈ ॥*

ਪਹਿਲੀ ਵਾਰ, ਪਉੜੀ 24

(ਅ) *ਫਿਰ ਬਾਬਾ ਆਇਆ ਕਰਤਾਰਪੁਰਿ, ਭੇਖੁ ਉਦਾਸੀ ਸਗਲ ਉਤਾਰਾ ॥*
*ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ ॥*

ਪਹਿਲੀ ਵਾਰ, ਪਉੜੀ 38

ਜ਼ਾਹਿਰ ਹੈ, ਇਕ ਵੇਰਾਂ ਉਦੋਂ ਜਦੋਂ ਗੁਰੂ ਸਾਹਿਬ ਉਦਾਸੀ ਦੀਆਂ ਫੇਰੀਆਂ 'ਤੇ ਤੁਰੇ ਤੇ ਦੂਜਾ ਉਦੋਂ ਜਦੋਂ ਉਦਾਸੀ ਬਾਣਾ ਉਤਾਰ ਕੇ ਗ੍ਰਹਿਸਤੀਆਂ ਵਾਂਗ ਕੱਪੜੇ ਪਹਿਨ ਕੇ ਧਰਮ ਪ੍ਰਚਾਰ ਸ਼ੁਰੂ ਕੀਤਾ। ਸੰਤਰੇਣ ਉਦਾਸੀ ਸੰਪ੍ਰਦਾਇ ਦਾ ਨਾਮੀ ਵਿਦਵਾਨ ਹੋਇਆ ਹੈ। ਉਸ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਉਦਾਸੀ ਭੇਖ ਦਾ ਬਾਣਾ ਖੁਦ ਆਪ ਸ੍ਰੀ ਚੰਦ ਜੀ ਨੂੰ ਦਿੱਤਾ ਸੀ:

*"ਹਮਰਾ ਬਾਣਾ ਇਹ ਸਭੁ ਜੇਤਾ ਪਾਸ ਰਖੋ ਤੁਮ ਆਪ ਸੁ ਤੇਤਾ ॥"*

ਏਨਾ ਕੁ ਤਾਂ ਸਾਫ਼ ਹੋ ਹੀ ਗਿਆ ਕਿ ਉਦਾਸੀ ਸੰਪ੍ਰਦਾਇ ਦਾ ਮੁੱਢ ਗੁਰੂ ਨਾਨਕ ਸਾਹਿਬ ਦੇ ਵੇਲੇ ਬੱਝਾ ਤੇ ਉਦਾਸੀ ਭੇਖ ਵੀ ਉਹਨਾਂ ਆਪ ਹੀ ਆਪਣੇ ਸਪੁੱਤਰ ਸ੍ਰੀ ਚੰਦ ਜੀ ਨੂੰ ਬਖ਼ਸ਼ਿਸ਼ ਕੀਤਾ। ਕੁਲ ਮਿਲਾ ਕੇ, ਬਾਬਾ ਸ੍ਰੀ ਚੰਦ ਜੀ, ਉਦਾਸੀ ਸੰਪ੍ਰਦਾਇ ਦੇ ਸਰਬ ਪ੍ਰਥਮ ਸਾਧਕ, ਤੇ ਕਾਮਲ ਪ੍ਰਚਾਰਕ ਹੋਏ। ਆਪ ਗੁਰੂ ਬਾਬੇ ਦੇ ਉਪਦੇਸ਼ ਮੌਖਿਕ ਰੂਪ ਵਿਚ ਲੋਕਾਂ ਤੱਕ ਪਹੁੰਚਾਉਂਦੇ ਸਨ। ਉਦਾਸੀ ਸੰਤ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰੂ ਘਰ ਦਾ ਪ੍ਰਚਾਰ ਮੌਖਿਕ ਰੂਪ ਵਿਚ ਕਰਦੇ ਆਏ ਹਨ।

ਉਦਾਸੀ ਸਾਧੂਆਂ ਨੇ ਗੁਰੂ ਬਾਬੇ ਦੇ ਸੰਦੇਸ਼ ਨੂੰ ਭਾਰਤ ਦੇ ਕੋਨੇ-ਕੋਨੇ ਵਿਚ ਪਹੁੰਚਾਇਆ। ਇਹ ਸਾਧੂ ਉਚੇਰੀ ਸੁਰਤ ਵਾਲੇ ਵਿਰਕਤੀ, ਬਿਨਾਂ ਕਿਸੇ ਲਾਲਚ ਦੇ ਪ੍ਰਭੂ ਭਗਤੀ ਵਿਚ ਲੀਨ, ਵੈਰਾਗੀ ਹੋਏ ਗੁਰੂ ਘਰ ਦੇ ਉਪਦੇਸ਼ਾਂ ਨੂੰ ਸਮਰਪਿਤ ਸਨ। ਸ਼ੁਰੂ-ਸ਼ੁਰੂ ਵਿਚ ਸਾਧੂ ਲੋਕ ਮੌਖਿਕ ਪ੍ਰਚਾਰ ਹੀ ਕਰਦੇ ਸਨ ਪਰ ਅੱਗੇ ਚਲ ਕੇ ਇਸੇ ਸੰਪ੍ਰਦਾਇ ਵਿਚ ਸਾਧੂ ਆਨੰਦਘਣ ਵਰਗੇ ਵਿਦਵਾਨ ਵੀ ਪੈਦਾ ਹੋਏ ਤੇ ਉਹਨਾਂ ਗੁਰਬਾਣੀ ਦੀ ਟੀਕਾਕਾਰੀ ਵਿੱਚ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ। ਇਹ ਗੱਲ ਹੋਰ ਵੀ ਜਾਨਣ ਯੋਗ ਹੈ, ਇਹਨਾਂ ਦਾ ਇਸ਼ਟ ਗੁਰੂ ਗ੍ਰੰਥ ਸਾਹਿਬ ਹੀ ਸੀ ਤੇ ਇਹ ਸਮਨਵੈਵਾਦੀ ਬਿਰਤੀ ਰੱਖਦੇ ਹਨ।

ਹੁਣ ਵਾਰੀ ਆਉਂਦੀ ਹੈ, ਨਿਰਮਲ ਸੰਪ੍ਰਦਾਇ ਦੀ। ਜਿਸ ਤਰ੍ਹਾਂ ਉਦਾਸੀ ਮਤ ਦੇ ਨਿਕਾਸ ਨੂੰ ਬ੍ਰਹਮਾ ਜੀ ਦੇ ਸਪੁੱਤਰਾਂ ਨਾਲ ਜੋੜਨ ਦਾ ਉਪਰਾਲਾ ਵੀ ਹੋਇਆ ਹੈ ਤੇ ਮੰਨਿਆ ਵੀ ਗਿਆ ਹੈ ਉਸੇ ਤਰ੍ਹਾਂ ਨਿਰਮਲ ਸੰਪ੍ਰਦਾਇ ਦਾ ਸੰਬੰਧ ਵੀ ਦਸਮ ਗੁਰੂ ਨਾਲ ਨਾ ਜੋੜ ਕੇ ਗੁਰੂ ਨਾਨਕ ਪਾਤਸ਼ਾਹ ਨਾਲ ਜੋੜਨ ਦਾ ਯਤਨ ਵੀ ਸਿੱਖ ਇਤਿਹਾਸਕਾਰੀ ਦਾ ਇੱਕ ਪੰਨਾ ਹੈ।

ਨਿਰਮਲ ਸੰਪ੍ਰਦਾਇ

ਇਸ ਸੰਪ੍ਰਦਾਇ ਦੇ ਆਰੰਭ ਲਈ ਵੀ ਪਹਿਲਾ ਸ੍ਰੋਤ ਗੁਰਬਾਣੀ ਤੇ ਦੂਜਾ ਸ੍ਰੋਤ ਭਾਈ ਗੁਰਦਾਸ ਜੀ ਦੀ ਬਾਣੀ ਦੇ ਪ੍ਰਮਾਣ ਹਨ। ਮਸਲਨ

- *ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥*

(ਭੱਟ, ਅੰਗ 1409)

- *ਮਾਰਿਆ ਸਿਕਾ ਜਗਤ ਵਿਚਿ*
*ਨਾਨਕ ਨਿਰਮਲ ਪੰਥ ਚਲਾਇਆ ॥* (ਭਾਈ ਗੁਰਦਾਸ ਵਾਰ 1/45)

ਸੁਆਲ ਹੋ ਸਕਦਾ ਹੈ - ਕੀ ਸੰਪ੍ਰਦਾਇ ਅਤੇ ਪੰਥ ਪ੍ਰਯਾਇ ਹਨ ? ਆਪਣੇ ਵੱਲੋਂ ਕੋਈ ਵੀ ਉੱਤਰ ਨਾ ਦੇ ਕੇ ਭਾਈ ਕਾਹਨ ਸਿੰਘ ਨਾਭਾ ਦੇ ਸ਼ਬਦਾਂ ਵਿਚ ਸਮਝ ਲੈਂਦੇ ਹਾਂ।

**ਸੰਪ੍ਰਦਾਇ:** ਦੇਣ ਵਾਲਾ (ਵਿਸ਼ੇਸ਼ਣ) ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤ, ਗੁਰੂ ਚੇਲੇ ਦੀ ਪੱਧਤੀ, ਗੁਰੂ ਉਪਦੇਸ਼ ਧਾਰਨ ਕਰਨ ਵਾਲੀ ਜਮਾਤ, ਵਿਦਿਆ ਆਦਿ ਦੀ ਸਿਲਸਿਲੇਵਾਰ ਦੇਣ ਦਾ ਕਰਮ ਕਿਸੇ ਵਿਚਾਰ ਜਾਂ ਸਿਧਾਂਤ ਦੇ ਸੰਬੰਧ ਵਿਚ ਇਕੋ ਹੀ ਤਰ੍ਹਾਂ ਦੇ ਵਿਚਾਰ ਜਾਂ ਮਤ ਰੱਖਣ ਵਾਲੇ ਲੋਕਾਂ ਦਾ ਵਰਗ ਆਦਿ। ਇਸ ਤਰ੍ਹਾਂ ਇਹ ਛੇ ਅਰਥ ਪ੍ਰਾਪਤ ਹਨ। (ਮਹਾਨ–ਕੋਸ਼, ਪੰਨਾ 247)

**ਪੰਥ:** ਰਸਤਾ, ਰਾਹ, ਮਾਰਗ (ਪੰਨਾ 793)

ਹੁਣ ਜਦੋਂ ਭਾਈ ਗੁਰਦਾਸ ਜੀ ਨਿਰਮਲ ਪੰਥ ਦਾ ਸੰਕੇਤ ਦੇਂਦੇ ਹਨ ਤਾਂ ਇਸਦਾ ਅਰਥ ਸੰਪ੍ਰਦਾਇ ਕਦਾਚਿਤ ਨਹੀਂ। ਪੰਥ ਤਾਂ ਇਕ ਰਾਹ ਹੈ, ਮਾਰਗ ਹੈ, ਸ਼ਾਇਦ ਇਸੇ ਕਾਰਣ ਵਿਦਵਾਨ ਜਨ ਸਿੱਖ ਪੰਥ ਨੂੰ 'It is a way of life' ਕਹਿੰਦੇ ਹਨ। ਦਰਅਸਲ, ਪੰਥ ਇਕ ਜਮਹੂਰੀ ਸੰਗਠਨ ਹੁੰਦਾ ਹੈ ਜਿਸਦੇ ਪੈਰੋਕਾਰ ਧਾਰਮਿਕ ਬਿਰਤੀ ਰੱਖਦੇ ਹਨ। ਸ਼ੁਰੂ-ਸ਼ੁਰੂ ਵਿਚ ਇਹ ਪੈਰੋਕਾਰ ਪੰਥਕ ਨੇਮਾਂ ਦੀ ਪਾਬੰਦੀ ਕਬੂਲ ਕੇ ਆਪਣੇ ਆਦਰਸ਼ ਤੇ ਸਦਾਚਾਰਕ ਵਿਹਾਰ ਨੂੰ ਕਾਇਮ ਰੱਖਣ ਲਈ ਵਚਨਬੱਧ ਹੁੰਦੇ ਹਨ। ਪਰ ਸਮੇਂ ਦੇ ਵਿਕਾਸ ਨਾਲ ਇਸ

ਵਰਤ-ਵਿਹਾਰ ਵਿਚ ਤਬਦੀਲੀ ਦਾ ਆ ਜਾਣਾ ਸੁਭਾਵਕ ਹੁੰਦਾ ਹੈ। ਇਸ ਕਥਨ ਦੀ ਸਾਰਥਕਤਾ ਨੂੰ ਗੁਰੂ-ਇਤਿਹਾਸ ਦੇ ਵਿਕਾਸ-ਕ੍ਰਮ ਨੂੰ ਸਾਹਵੇਂ ਰੱਖ ਕੇ ਸਮਝਿਆ-ਵਿਚਾਰਿਆ ਜਾ ਸਕਦਾ ਹੈ। ਰਾਮਕਲੀ ਦੀ ਵਾਰ ਵਿਚ ਦਰਜ ਹੈ :

*ਨਾਨਕ ਰਾਜ ਚਲਾਇਆ*
*ਸਚੁ ਕੋਟੁ ਸਤਾਣੀ ਨੀਵਦੇ ॥* (ਅੰਗ 966)

ਨਾਨਕ-ਰਾਜ ਦੇ ਕਿਲ੍ਹੇ ਦੀ ਨੀਂਹ ਸਤਿ (ਸਚ) ਉੱਪਰ ਰੱਖੀ ਗਈ, ਅਥਵਾ ਇਹ ਸਤਿ ਦੇ ਆਸਰੇ ਖੜਾ ਸੀ। ਇਸ ਉਪਰ ਦਸ ਪੁਸ਼ਤਾਂ ਨੇ ਦਸ ਜਾਮੇ ਧਾਰ ਕੇ ਰਾਜ ਕੀਤਾ ਅਥਵਾ ਸਿੱਖ ਸੰਗਤ ਦੀ ਰਹਿਨੁਮਾਈ ਕੀਤੀ - ਠੀਕ, ਉਸੇ ਤਰ੍ਹਾਂ ਜਿਸ ਤਰ੍ਹਾਂ ਰਾਜੇ ਲੋਕ ਪਰਜਾ ਦੀ ਰੱਖਿਆ ਕਰਦੇ ਸਨ। ਨਾਨਕ-ਰਾਜ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਚੱਲ ਰਿਹਾ ਹੈ ਤੇ ਸਿੱਖ-ਸੰਗਤ ਅਥਵਾ ਗੁਰੂ ਘਰ ਦੇ ਸ਼ਰਧਾਲੂ ਗੁਰੂ ਦੇ ਹੁਕਮ ਅਨੁਸਾਰੀ ਹੋ ਕੇ ਵਰਤ ਰਹੇ ਹਨ। ਦਸਮ ਗੁਰੂ ਤੱਕ ਅਪੜਦਿਆਂ ਇਸ ਧਰਮ ਦੀ ਪਰਪੱਕਤਾ ਲਈ ਸਮੇਂ-ਸਮੇਂ ਹੋਰ ਰਹਿਤਨਾਮੇ ਅਥਵਾ ਧਰਮ ਗ੍ਰੰਥ ਵਿਆਖਿਆ ਸੰਪੰਨ ਸਾਹਵੇਂ ਆਉਂਦੇ ਰਹੇ। ਵੇਖਿਆ ਜਾਏ ਧਰਮ ਜਿਵੇਂ-ਜਿਵੇਂ ਪੁਰਾਣਾ ਹੁੰਦਾ ਜਾਂਦਾ ਹੈ ਉਸ ਵਿਚੋਂ ਕਈ ਤਰ੍ਹਾਂ ਦੀਆਂ ਸੰਪ੍ਰਦਾਵਾਂ ਪੈਦਾ ਹੋ ਜਾਂਦੀਆਂ ਹਨ। ਉਪਰ ਸੰਕੇਤ ਕੀਤਾ ਜਾ ਚੁੱਕਾ ਹੈ ਕਿ *ਮਹਾਨ ਕੋਸ਼* ਵਿਚ ਸੰਪ੍ਰਦਾਇ ਦੇ ਛੇ ਅਰਥ ਕੀਤੇ ਹਨ। ਏਨਾ ਤਾਂ ਸਪਸ਼ਟ ਹੀ ਹੈ ਸਿੱਖ ਪੰਥ ਸਿੱਖ ਧਰਮ ਦਾ ਹੀ ਪ੍ਰਯਾਇ ਹੈ। ਗੁਰ-ਇਤਿਹਾਸਕਾਰਾਂ ਨੇ ਨਾਨਕ ਧਰਮ ਨੂੰ ਰਾਜ-ਪਦਵੀ ਦੇ ਕੇ ਨਿਰੂਪਿਤ ਕੀਤਾ ਹੈ, ਸੰਪ੍ਰਦਾਇ ਕਹਿ ਕੇ ਨਹੀਂ। ਦੁਨੀਆ ਭਰ ਦੇ ਧਰਮਾਂ ਵਿਚੋਂ ਅਨੇਕ ਮੁੱਖ ਸੰਪ੍ਰਦਾਵਾਂ ਪੈਦਾ ਹੁੰਦੀਆਂ ਰਹੀਆਂ ਹਨ। ਕਿਸੇ ਸੰਪ੍ਰਦਾਇ ਨੇ ਧਰਮ ਨਹੀਂ ਪੈਦਾ ਕੀਤਾ। ਨਾਲੇ, ਹਰ ਸੰਪ੍ਰਦਾਇ ਆਪਣੇ ਮੂਲ-ਧਰਮ ਨਾਲੋਂ ਟੁੱਟਦੀ ਨਹੀਂ। ਭਾਵੇਂ ਪ੍ਰਚਾਰ ਦੇ ਪੱਖੋਂ ਜਾਂ ਸਪਸ਼ਟਤਾ ਦੇਣ ਲਈ ਉਸ ਵਿਚ ਕੁਝ ਨਵੇਂ ਨੇਮ ਆ ਜਾਣ ਪਰ ਉਹਨਾਂ ਦੇ ਮੂਲ ਵਿਚ ਵੀ ਸੰਪ੍ਰਦਾਇਕ ਨੇਮ-ਸਿਧਾਂਤ ਹੀ ਹੁੰਦੇ ਹਨ।

ਸੰਖੇਪ ਵਿਚ, ਨਿਰਮਲ ਸੰਪ੍ਰਦਾਇ ਦੇ ਉਦਭਵ ਬਾਰੇ ਵਿਦਵਾਨ ਇਕ ਮਤ ਨਹੀਂ। ਗਿਆਨੀ ਗਿਆਨ ਸਿੰਘ ਮੁੱਢਲੇ ਇਤਿਹਾਸਕਾਰਾਂ ਵਿਚੋਂ ਸਨ। ਗਿਆਨੀ ਜੀ ਨੇ ਭਾਈ ਗੁਰਦਾਸ ਜੀ ਦਾ ਕਥਨ :

*ਮਾਰਿਆ ਸਿੱਕਾ ਜਗਤਿ ਵਿਚਿ*
*ਨਾਨਕ ਨਿਰਮਲ ਪੰਥੁ ਚਲਾਇਆ ॥* (1/45)

ਦੇ ਆਧਾਰ 'ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਨਿਰਮਲ ਸੰਪ੍ਰਦਾਇ ਦਾ ਆਰੰਭ ਆਦਿ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ। ਇਸ ਤੋਂ ਪਹਿਲਾਂ ਇਹ ਵਿਚਾਰ ਹੋ ਚੁੱਕੀ ਹੈ 'ਪੰਥ' ਦਾ ਅਰਥ ਸੰਪ੍ਰਦਾਇ ਨਹੀਂ ਹੁੰਦਾ।

ਗਿਆਨੀ ਗਿਆਨ ਸਿੰਘ ਜੀ ਨੂੰ ਟਪਲਾ ਲਗਾ ਹੈ। ਉਹਨਾਂ ਨੇ ਭਾਈ ਗੁਰਦਾਸ ਜੀ ਦੀ ਪੰਕਤੀ 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ' ਦੇ ਅਰਥ ਬਿਨਾਂ ਵਿਸ਼ਲੇਸ਼ਣ ਕੀਤੇ ਪੰਥ ਦਾ ਅਰਥ ਸੰਪ੍ਰਦਾਇ ਮੰਨ ਲਿਆ ਤੇ 'ਸਿੱਕਾ' ਨੂੰ ਬਾਦਸ਼ਾਹਾਂ ਦੇ ਦੁਨਿਆਵੀ ਸਿੱਕਿਆਂ ਵਾਂਗ ਸਮਝ ਲਿਆ ਜੋ ਸਿੱਕੇ ਕਿਸੇ ਧਾਤੂ ਦੇ ਬਣੇ ਹੁੰਦੇ ਹਨ। ਪਰ ਟੀਕਾਕਾਰ ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ ਵਾਲਿਆਂ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਟੀਕਾ ਕੀਤਾ ਹੈ। ਉਹਨਾਂ ਨੇ ਇਸ ਪੰਕਤੀ ਦਾ ਅਰਥ ਜੋ ਕੀਤਾ ਹੈ, ਉਹ ਵਧੇਰੇ ਢੁੱਕਵਾਂ ਤੇ ਠੀਕ ਮਾਲੂਮ ਹੁੰਦਾ ਹੈ। ਉਹ ਲਿਖਦੇ ਹਨ :

"ਗੁਰੂ ਜੀ ਨੇ ਉਪਦੇਸ਼ ਹੁਕਮ ਦਾ ਸਿੱਕਾ ਜਗਤ ਵਿਚ ਤੋਰਿਆ ਜੋ ਸਿੱਖ ਪੰਥ (ਨੇ) ਚੰਗਾ ਚਲਾਇਆ।"

ਦਰਅਸਲ, ਇਥੇ ਇਕ ਤੁਕੀ ਅਰਥ ਨੇ ਇਹ ਘਪਲਾ ਪੈਦਾ ਕੀਤਾ ਹੈ। ਜੇ ਇਸ ਵਾਰ ਦੀ ਪੂਰੀ ਪਉੜੀ ਦਾ ਅਰਥ ਕੀਤਾ ਜਾਏ ਤਾਂ ਮੁਆਮਲਾ ਵਧੇਰੇ ਸਪਸ਼ਟ ਹੋ ਜਾਂਦਾ ਹੈ।

ਪਉੜੀ

*ਜ਼ਯਾਰਤ ਕਰ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ ॥*
*ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ ॥*
*ਵਿਣ ਨਾਵੈ ਹੁਣ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ ॥*
*ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ ॥*
*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ ॥*
*ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ ॥*
*ਲਖ ਨ ਕੋਈ ਸਕਈ ਆਚਰਜੈ ਅਚਰਜ ਦਿਖਾਯਾ ॥*
*ਕਾਯਾਂ ਪਲਟ ਸਰੂਪ ਬਣਾਯਾ ॥45॥*

ਗਿਆਨੀ ਬਿਸ਼ਨ ਸਿੰਘ ਅਨੁਸਾਰ:

ਅਰਥ: ਮੁਲਤਾਨ ਦੀ ਜਾਤ੍ਰਾ ਕਰਕੇ ਫਿਰ ਗੁਰੂ ਕਰਤਾਰਪੁਰ ਵਿਚ ਆ ਗਿਆ। ਦਿਨੋਂ ਦਿਨ ਸਵਾਈ ਕਲਾ ਚੜ੍ਹਦੀ ਹੈ ਕਿਉਂ ਜੋ ਕਲਜੁਗੀਆਂ ਪਾਸੋਂ ਗੁਰੂ ਜੀ ਨੇ ਨਾਮ ਨੂੰ ਧਿਆਇਆ ਹੈ। ਬਿਨਾਂ ਨਾਮ ਤੋਂ ਹੋਰ ਕੁਝ ਮੰਗਣਾ ਦੁਖਾਂ ਦਾ ਵੱਡਾ ਦੁਖ ਹੁੰਦਾ ਹੈ। ਗੁਰੂ ਜੀ ਨੇ ਉਪਦੇਸ਼ ਹੁਕਮ ਦਾ ਸਿੱਕਾ ਜਗਤ ਵਿਚ ਤੋਰਿਆ ਹੈ ਜੋ ਸਿੱਖ ਪੰਥ ਨੇ ਚੰਗਾ ਚਲਾਇਆ। ਆਪਣੇ ਜੀਉਂਦੇ ਜੀਅ ਲਹਿਣੇ ਨੂੰ ਗੱਦੀ ਉੱਤੇ ਬਹਾਇਆ ਤੇ ਗੁਰਿਆਈ ਦਾ ਸਿਰ ਉੱਤੇ ਛਤ੍ਰ ਫਿਰਾਯਾ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤਿ ਲਹਿਣੇ ਦੀ ਜੋਤਿ ਵਿਚ ਮਿਲਾ ਕੇ ਰੂਪ ਬਦਲਾ ਲਿਆ ਕੋਈ ਇਸ ਭੇਦ ਨੂੰ ਨਹੀਂ ਵੇਖ ਸਕਦਾ ਅਚਰਜ ਤੋਂ ਅਚਰਜ ਕੌਤਕ ਦਿਖਾਇਆ। ਆਪਣੀ ਕਾਇਆ ਪਲਟ ਕੇ ਦੂਜੇ ਗੁਰੂ ਦਾ ਰੂਪ ਬਣਾ ਦਿੱਤਾ।

(41 ਵਾਰਾਂ ਸਟੀਕ ਭਾਈ ਗੁਰਦਾਸ ਜੀ, ਗਿਆਨੀ ਬਿਸ਼ਨ ਸਿੰਘ, ਪੰਨਾ 62)

ਇਹ ਪੁਸਤਕ ਦਸਵੀਂ ਵਾਰ ਸੰਨ 1957 ਵਿਚ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਹੋਰਾਂ ਨੇ ਪ੍ਰਕਾਸ਼ਿਤ ਕੀਤੀ। ਇਸ ਪਉੜੀ ਦੇ ਅਰਥ ਜਾਨਣ ਨਾਲ 'ਪੰਥ' ਅਤੇ 'ਸਿਕਾ' ਦੋਹਾਂ ਵਿਚ ਸਪਸ਼ਟਤਾ ਆ ਜਾਂਦੀ ਹੈ। ਏਥੇ ਇਹ ਸੰਕੇਤ ਕਰ ਦੇਣਾ ਉਚਿਤ ਹੈ, ਗਾਹੇ ਬਗਾਹੇ ਵਿਦਵਾਨ ਸੱਜਣ ਇਸ ਸੰਪ੍ਰਦਾਇ ਬਾਰੇ ਵਿਚਾਰ ਕਰਦੇ ਰਹੇ ਹਨ। ਇਸੇ ਸੰਦਰਭ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਲਿਖਿਆ ਹੈ :

ਸੰਸਾਰੀ ਰਾਜਿਆਂ ਦੇ ਸਿੱਕੇ ਬੰਦ ਹੁੰਦੇ ਰਹਿੰਦੇ ਹਨ ਅਤੇ ਬਦਲਦੇ ਰਹਿੰਦੇ ਨੇ, ਨਵੇਂ ਚਲਦੇ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਜ ਦਾ ਸਿੱਕਾ 'ਨਿਰਮਲ ਪੰਥ' ਸਦੈਵ ਸਥਿਰ ਰਹੇਗਾ, ਨਾ ਬਦਲੇਗਾ, ਨਾ ਮਿਟੇਗਾ। ਗਿਆਨੀ ਜੀ ਨੇ ਇਸ ਸੰਪ੍ਰਦਾਇ ਦੇ ਆਰੰਭ ਬਾਰੇ ਇਹ ਵੀ ਲਿਖਿਆ ਹੈ :

ਸਤਿਗੁਰੂ ਜੀ ਅਕਾਲਪੁਰਖ ਦੇ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਵੇਈਂ ਨਦੀ ਵਿਚੋਂ ਪ੍ਰਗਟ ਹੋਏ। ਸਤਿਗੁਰੂ ਜੀ ਦਾ ਅਨੰਨਯ ਸਿੱਖ ਭਾਈ ਭਾਗੀਰਥ ਸ਼ਰਧਾ ਪੂਰਵਕ ਤਿੰਨ ਦਿਨ ਤੋਂ ਸਤਿਗੁਰੂ ਜੀ ਦੇ ਦਰਸ਼ਨ ਲਈ ਇਕਾਗਰ ਚਿੱਤ ਨਦੀ ਕਿਨਾਰੇ ਖੜਾ ਰਿਹਾ। ਸਤਿਗੁਰੂ ਜੀ ਪ੍ਰਸੰਨਤਾ ਪੂਰਬਕ ਸ਼ਰਧਾ ਭਗਤੀ ਵੇਖ ਕੇ ਭਾਈ ਭਗੀਰਥ ਨੂੰ ਮੂਲ ਮੰਤ੍ਰ ਤੇ ਨਿਰਮਲ ਭੇਖ ਦੇ ਕੇ ਨਿਵਾਜਿਆ। ਇਸ ਤਰ੍ਹਾਂ ਪਹਿਲਾ ਨਿਰਮਲ ਸੰਤ ਭਾਈ ਭਾਗੀਰਥ ਹੋਇਆ ਹੈ। ਇਸ ਤਰ੍ਹਾਂ ਨਿਰਮਲ ਭੇਖ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ।

ਜੋ ਦਸਮ ਪਾਤਸ਼ਾਹ ਤਕ ਵਿਧੀਵਤ ਦਸਾਂ ਗੁਰੂਆਂ ਦੀ ਆਗਿਆ ਅਨੁਸਾਰ ਦੇਸਾਂ ਪ੍ਰਦੇਸ਼ਾਂ ਵਿਚ ਧਰਮ ਪ੍ਰਚਾਰ ਕਰਦਾ ਰਿਹਾ।"[1] ਪਰ ਇਤਿਹਾਸਕ ਤੱਥ ਕਥਨ 'ਤੇ ਪੂਰੇ ਨਹੀਂ ਉਤਰਦੇ।

ਬਹੁਤੇ ਇਤਿਹਾਸਕਾਰ, ਵਿਦਵਾਨ ਅਤੇ ਚਿੰਤਕ ਨਿਰਮਲ ਸੰਪ੍ਰਦਾਇ ਦੇ ਉਦਭਵ ਦੀ ਗੱਲ ਨੂੰ ਗੁਰੂ ਨਾਨਕ ਪਾਤਸ਼ਾਹ ਨਾਲ ਜੋੜਨ ਤੋਂ ਅਮੰਨ ਰਹੇ ਹਨ। ਇਸਦਾ ਕਾਰਨ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਇਤਿਹਾਸ ਤੋਂ ਇਹਨਾਂ ਪੰਜ ਸਿੱਖਾਂ ਦਾ ਪਾਉਂਟੇ ਸਾਹਿਬ ਤੋਂ ਕਾਸ਼ੀ ਜਾਣ ਦਾ ਸੰਨ ਆਦਿ ਮਿਲ ਜਾਂਦਾ ਹੈ। *ਸਾਹਿਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ* ਸੰਪਾਦਕ ਡਾ. ਰਤਨ ਸਿੰਘ ਜੱਗੀ ਵਿਚ ਇਸ ਪੱਖ ਉਪਰ ਖਾਸੀ ਵਿਚਾਰ ਹੋਈ ਹੈ। ਡਾ. ਜੱਗੀ ਨੇ ਨਿਰਮਲ ਪੰਥ ਪ੍ਰਦੀਪਕਾਂ, 'ਨਿਰਮਲ ਭੂਸ਼ਣ', 'ਨਿਰਮਲ ਪੰਥ ਦਰਸ਼ਨ' ਦੇ ਸੰਕੇਤ ਦਿੰਦਿਆਂ ਇਹਨਾਂ ਗ੍ਰੰਥਾਂ ਦੇ ਵਿਚਾਰ ਤਾਂ ਅੰਕਿਤ (663 ਉਪਰ) ਕੀਤੇ ਹਨ, ਪਰ ਆਪਣੇ ਮਤ ਦਾ ਨਿਰਣੈ ਨਹੀਂ ਦਿੱਤਾ ਪਰ ਜੇ ਨਿਰਮਲੇ ਸੰਤਾਂ ਦੇ ਸਾਹਿਤ ਉਪਰ ਨਜ਼ਰ ਸਾਨੀ ਕੀਤੀ ਜਾਵੇ ਤਾਂ ਇਹ ਦਸਮ ਗੁਰੂ ਦੇ ਜ਼ਮਾਨੇ ਜਾਂ ਉਸ ਤੋਂ ਬਾਅਦ ਦੇ ਸਮੇਂ ਵਿਚ ਰਚੇ ਗਏ ਮਿਲਦੇ ਹਨ। ਨਿਰਮਲੇ ਸੰਤ ਵਿਦਵਾਨ, ਅਖੰਡ ਭਾਰਤੀ ਅਧਿਆਤਮਕ ਦਰਸ਼ਨ ਦੇ ਪ੍ਰਚੰਡ ਗਿਆਨੀ ਸਨ। ਜੇ ਉਹ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹੁੰਦੇ ਤਾਂ ਉਹਨਾਂ ਦੁਆਰਾ ਕੀਤੀ ਹੋਈ ਕੋਈ ਅੱਧ ਰਚਨਾ ਜ਼ਰੂਰ ਸਾਡੇ ਵੇਖਣ ਵਿਚ ਆਉਂਦੀ। ਬਸ ਇਹੋ ਹੀ ਪੁਖਤਾ ਪ੍ਰਮਾਣ ਹੈ, ਜਿਸਦੇ ਆਧਾਰ 'ਤੇ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਨਿਰਮਲ ਸੰਪ੍ਰਦਾਇ ਦਾ ਆਰੰਭ ਦਸਮ ਪਾਤਸ਼ਾਹ ਨੇ ਕੀਤਾ।

ਗੁਰੂ ਇਤਿਹਾਸ ਅਨੁਸਾਰ ਜਦੋਂ ਗੁਰੂ ਜੀ ਪਾਉਂਟਾ ਸਾਹਿਬ ਨਿਵਾਸ ਕਰ ਰਹੇ ਸੀ ਉਥੋਂ ਦੇ ਕਾਵਿਕ ਵਾਤਾਵਰਨ ਨੇ ਉਹਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਥੇ ਰਹਿੰਦਿਆਂ ਉਹਨਾਂ ਕਈ ਬਾਣੀਆਂ ਦੀ ਰਚਨਾ ਕੀਤੀ। ਸਗੋਂ ਇਥੇ ਹੀ 52 ਕਵੀ ਵੀ ਸਾਹਿਤ-ਸਿਰਜਣਾ ਵਿਚ ਸੰਲਗਨ ਸਨ। ਇਹਨਾਂ 52 ਕਵੀਆਂ ਨੇ ਭਾਰਤੀ ਸਾਹਿਤ ਦੇ ਲਿਪੀਅੰਤਰ ਵੀ ਤਿਆਰ ਕੀਤੇ ਤੇ ਕਈਆਂ ਦਾ ਪੰਜਾਬੀ ਅਨੁਵਾਦ ਵੀ। ਇਕੱਲੇ ਪ੍ਰਹਿਲਾਦ ਰਾਏ ਨੇ 50 ਉਪਨਿਸ਼ਦਾਂ ਦਾ ਅਨੁਵਾਦ ਕੀਤਾ। ਇਸੇ ਤਰ੍ਹਾਂ ਚੰਦ੍ਰਸੈਨ ਸੈਨਾਪਤੀ ਨੇ ਚਾਣਕਯ ਨੀਤੀ ਸ਼ਾਸਤ੍ਰ ਦਾ ਅਨੁਵਾਦ ਕੀਤਾ। ਸੰਖੇਪ ਵਿਚ, ਇਹਨਾਂ 52 ਕਵੀਆਂ ਵਿਚੋਂ 21 ਸ਼ਾਇਰ ਉਹ ਹਨ, ਜਿਹਨਾਂ ਨੇ ਕਈ ਮਹੱਤਵਪੂਰਨ ਗ੍ਰੰਥਾਂ ਦਾ ਲਿਪੀਅੰਤਰ ਤੇ ਅਨੁਵਾਦ ਕੀਤਾ।

ਅਨੁਮਾਨ ਹੈ, ਦਸਮ ਗੁਰੂ ਇਹਨੀਂ ਦਿਨੀਂ ਆਮ ਅਵਾਮ ਨੂੰ ਭਾਰਤੀ ਅਧਿਆਤਮਕ ਸਾਹਿਤ ਨਾਲ ਜੋੜਨਾ ਚਾਹੁੰਦੇ ਸਨ ਜਿਸ ਵਿਚ ਸਦਾਚਾਰ ਤੇ ਨੈਤਿਕਤਾ ਨਾਲ ਸਰਾਬੋਰ ਗ੍ਰੰਥ ਵੀ ਸਨ। ਗੁਰੂ ਸਾਹਿਬ ਦੀ ਦੀਰਘ ਦ੍ਰਿਸ਼ਟੀ ਇਸ ਨਤੀਜੇ 'ਤੇ ਪਹੁੰਚ ਚੁੱਕੀ ਸੀ ਕਿ ਜੇ ਭਾਰਤੀ ਅਧਿਆਤਮਕ ਸਾਹਿਤ ਨਾਲ ਰਸਾਈ ਕਰਨੀ ਹੈ ਤਾਂ ਸੰਸਕ੍ਰਿਤ ਸਾਹਿਤ ਨਾਲ ਰਾਬਤਾ ਕਾਇਮ ਕਰਨਾ ਹੋਵੇਗਾ। ਇਸੇ ਸੋਚ ਅਧੀਨ ਉਹਨਾਂ ਪਾਉਂਟਾ ਸਾਹਿਬ ਵਿਚ ਸ਼ਾਸਤ੍ਰ ਤੇ ਸ਼ਸਤਰ ਦੇ ਏਕੀਕਰਣ ਦਾ ਮਨ ਬਣਾਇਆ।

ਗੁਰੂ-ਇਤਿਹਾਸ ਅਨੁਸਾਰ ਗੁਰੂ ਜੀ ਦੇ ਦਰਬਾਰ ਵਿਚ ਪੰਡਿਤ ਰਘੂਨਾਥ ਸੰਸਕ੍ਰਿਤ ਦੇ ਗ੍ਰੰਥਾਂ ਦੀ ਕਥਾ ਕਰਦਾ ਸੀ।[2] ਗੁਰੂ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਵੀ ਸੰਸਕ੍ਰਿਤ ਪੜ੍ਹਾਇਆ ਕਰਨ ਪਰ ਉਸਨੇ ਇਸ ਦਲੀਲ ਨਾਲ ਇਨਕਾਰ ਕਰ ਦਿੱਤਾ ਕਿ ਸਿੱਖ

---

1. ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ, ਪੰਨਾ 169-70.
2. ਉਹੀ, ਪੰਨਾ 170

ਨੀਵੀਂ ਜਾਤ ਵਿਚੋਂ ਹਨ ਇਸ ਲਈ ਇਹ ਦੇਵ ਭਾਸ਼ਾ ਪੜ੍ਹਨ ਦੇ ਅਧਿਕਾਰੀ ਨਹੀਂ। ਸਤਿਗੁਰੂ ਪੰਡਿਤ ਦਾ ਉੱਤਰ ਸੁਣ ਕੇ ਰੋਹ ਵਿਚ ਬੋਲੇ, ਇਹਨਾਂ ਸ਼ਬਦਾਂ ਨੂੰ ਗਿਆਨੀ ਗਿਆਨ ਜੀ ਨੇ *ਪੰਥ ਪ੍ਰਕਾਸ਼* ਵਿਚ ਇਸ ਤਰ੍ਹਾਂ ਲਿਖਿਆ ਹੈ:

*ਬੋਲੇ ਗੁਰ ਸੁਨਿ ਦੂਜ ਕੀ ਬਾਨੀ*
*ਹੇ ਦੂਜ ਮਹਾਂ ਮੂਢ ਅਭਿਮਾਨੀ*
*ਜੋ ਬਿੱਦਿਆ ਪਢਿ ਤੂੰ ਗਰਬੈ ਹੈਂ*
*ਮਮ ਸਿਖਨ ਕੋ ਸ਼ੂਦਰ ਕੇਹੈਂ*
*ਇਨ ਹੀ ਮੇਰੇ ਸਿਖਨ ਤੈ ਲਖਿ*
*ਬਿਦਯਾ ਬੇਦ ਪਢੈਂਗੇ ਦੂਜ ਦਖ*
*ਨਿਗਮਾਗਮ ਲੌਂ ਚੌਦਯ ਬਿਦਯਾ*
*ਮੈ ਨਿਜ ਪੰਥੈ ਦਈ ਪ੍ਰਸਿੱਧਯਾ*
*ਜਿਨ ਕੋ ਤੂੰ ਸ਼ੂਦਰ ਬਤਰੈਹੈਂ*
*ਬਿਦਯਾ ਗੁਰੂ ਦਿੱਜਨ ਇਹ ਬੈਹੈਂ* (ਪੰਨਾ 2787)

ਹੁਣ ਗੁਰੂ ਜੀ ਦਾ ਪੱਕਾ ਇਰਾਦਾ ਬਣ ਗਿਆ ਕਿ ਸਿੱਖਾਂ ਨੂੰ ਸੰਸਕ੍ਰਿਤ ਦੀ ਵਿੱਦਿਆ ਪੜ੍ਹਨ ਲਈ ਬਨਾਰਸ ਭੇਜਿਆ ਜਾਵੇ। ਉਹਨੀਂ ਦਿਨੀਂ ਬਨਾਰਸ ਕਾਸ਼ੀ-ਸੰਸਕ੍ਰਿਤ ਦੇ ਅਧਿਆਤਮਕ ਗ੍ਰੰਥਾਂ ਦੀ ਪੜ੍ਹਾਈ ਲਈ ਸੁਪ੍ਰਸਿੱਧ ਸੀ।

**ਪੰਜ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈਂ ਕਾਸ਼ੀ ਭੇਜਣਾ**

ਇਹ ਵਾਕਿਆ ਪਾਉਂਟਾ ਸਾਹਿਬ ਦਾ ਹੈ ਕਿ ਸੰਨ 1686 ਈ. ਵਿਚ ਦਸਮ ਗੁਰੂ ਜੀ ਨੇ ਪੰਜ ਸਿੱਖ ਜੋ ਚੰਗੇ ਪੜ੍ਹੇ ਲਿਖੇ ਤੇ ਵਿਦਵਾਨ ਸਨ। ਇਹਨਾਂ ਨੂੰ ਵਿੱਦਿਆ ਨਾਲ ਬੜਾ ਲਗਾਵ ਸੀ। ਇਹਨਾਂ ਦੇ ਨਾਮ ਹਨ :

(1) ਕਰਮ ਸਿੰਘ
(2) ਰਾਮ ਸਿੰਘ
(3) ਗੰਡਾ ਸਿੰਘ
(4) ਵੀਰ ਸਿੰਘ
(5) ਸੈਣਾ ਸਿੰਘ

ਇਹ ਤੀਖਣ ਬੁੱਧੀ ਵਾਲੇ ਸਨ ਤੇ ਗੂਹੜ ਗਿਆਨ ਦੀਆਂ ਗੰਢਾਂ ਖੋਹਲਣ ਦੀ ਸਮਰੱਥਾ ਰੱਖਦੇ ਸਨ। ਇਹਨਾਂ ਨੂੰ ਮਜੀਠੇ ਰੰਗ ਦੇ ਵਸਤਰ ਧਾਰਨ ਕਰਵਾ ਕੇ, ਸੰਨਿਆਸੀ ਰੂਪ ਵਿਚ ਕਾਸ਼ੀ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ। ਨਾਲ ਹੀ ਬਚਨ ਕੀਤਾ 'ਜੋ ਵਿਦਿਆ ਜਨ ਸਧਾਰਨ 12 ਸਾਲਾਂ ਵਿਚ ਪ੍ਰਾਪਤ ਕਰਦੇ ਹਨ ਤੁਸੀਂ ਉਹ 12 ਮਹੀਨਿਆਂ ਵਿਚ ਪ੍ਰਾਪਤ ਕਰ ਲਵੋਗੇ। ਤੁਸੀਂ ਦੇਸ਼ ਦੇ ਧੁਰੰਧਰ ਵਿਦਵਾਨ ਬਣੋਗੇ। ਆ ਕੇ ਇਸ ਵਿੱਦਿਆ ਨੂੰ ਪੰਥ ਵਿਚ ਪ੍ਰਚਾਰਨਾ। ਜਿਸ ਤਰ੍ਹਾਂ ਦੀ ਤੁਹਾਡੀ ਨਿਰਮਲ ਬੁੱਧੀ ਹੈ, ਇਸੇ ਤਰ੍ਹਾਂ ਨਿਰਮਲ ਬਣ ਕੇ ਰਹਿਣਾ।' ਪੰਜਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਕਾਸ਼ੀ ਜੀ ਵੱਲ ਰਵਾਨਾ ਹੋ ਗਏ। ਉਹਨੀਂ ਦਿਨੀਂ ਆਉਣ ਜਾਣ ਦੇ ਚੰਗੇ ਵਸੀਲਿਆਂ ਦੀ ਅਣਹੋਂਦ ਕਰਕੇ ਲੰਮੇ ਸਫ਼ਰ ਬਹੁਤ ਸੁਖਾਵੇਂ ਨਹੀਂ ਸਨ ਹੁੰਦੇ। ਪਰ ਇਹਨਾਂ ਪੰਜ ਸਿੱਖਾਂ ਨੂੰ ਤਾਂ ਗੁਰੂ ਜੀ ਦਾ ਅਸ਼ੀਰਵਾਦ ਸੀ। ਤੁਰਦੇ-ਤੁਰਦੇ ਅਖੀਰ ਕਾਸ਼ੀ ਜੀ ਪਹੁੰਚ ਗਏ ਤੇ 'ਜਤਨੇ ਬ੍ਰਾਹਮਣ ਦੇਬਟ' (ਬੋਹੜ) ਹੇਠ ਜਾ ਕੇ ਆਸਣ ਲਾਏ। ਘਾਹ ਦੀ ਝੋਪੜੀ ਬਣਾ ਲਈ ਤੇ ਸਾਰੇ ਇਕਠੇ ਰਹਿਣ ਲੱਗੇ। ਇਹ ਜਤਨ ਮੱਠ ਇਸਦਾ ਨਾਮ ਚੇਤੰਨ ਮਠ ਹੈ, ਅੱਜ ਵੀ ਨਿਰਮਲਿਆਂ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ।

ਦਿਨਾਂ ਵਿਚ ਹੀ ਪੰਡਿਤ ਸਦਾ ਨੰਦ ਜੀ ਕੋਲ ਪੜ੍ਹਨ ਦਾ ਪ੍ਰਬੰਧ ਹੋ ਗਿਆ। ਪੰਡਿਤ

ਸਦਾ ਨੰਦ ਕਾਸ਼ੀ ਦੇ ਮੰਨੇ ਪ੍ਰਮੰਨੇ ਉਸਤਾਦ ਅਧਿਆਪਕ ਸਨ। ਸਤੋਗੁਣੀ ਕੋਮਲ ਨਿਮਰ ਸੁਭਾਅ ਦੇ ਮਾਲਕ ਆਪਣੇ ਸ਼ਗਿਰਦਾਂ ਦਾ ਹਿਤ ਪਾਲਣ ਵਾਲੇ ਸਨ। ਸੁਯੋਗ ਉਸਤਾਦ ਨੂੰ ਯੋਗ ਉਤਸ਼ਾਹੀ ਸ਼ਿਸ਼ ਮਿਲ ਗਏ। ਪੜ੍ਹਨ ਤੇ ਪੜ੍ਹਾਉਣ ਵਾਲੇ ਦੋਵੇਂ ਖੁਸ਼ ਸਨ। ਇਹ ਪੰਜੇ ਸਿੱਖ ਇਕਾਗਰ ਚਿੱਤ ਤੇ ਗਹਿਰੀ ਲਗਨ ਨਾਲ ਪੜ੍ਹ ਰਹੇ ਸਨ। ਇਹਨਾਂ ਨੂੰ ਦਸਮ ਪਾਤਸ਼ਾਹ ਦਾ ਬਚਨ ਯਾਦ ਸੀ। ਬਾਰਾਂ ਸਾਲਾਂ ਦੀ ਪੜ੍ਹਾਈ ਬਾਰਾਂ ਮਹੀਨਿਆਂ ਵਿਚ ਪੂਰੀ ਕਰਨਗੇ।

ਬਨਾਰਸ ਵਿਚ ਇਹਨਾਂ ਪੰਜਾਂ ਪੰਜਾਬੀ ਸ਼ਿਸ਼ਾਂ ਦੀ ਚਰਚਾ ਹੋਣ ਲੱਗ ਪਈ। ਸਚਮੁਚ ਹੀ ਇਹਨਾਂ ਵਿਦਿਅਕ ਗਿਆਨ ਬਹੁਤ ਜਲਦੀ ਹਾਸਲ ਕਰ ਲਿਆ। ਇਕ ਇਹਨਾਂ ਦੀ ਪ੍ਰਖਰ ਬੁੱਧੀ, ਦੂਜਾ ਗੁਰੂ ਪਾਤਸ਼ਾਹ ਦਾ ਵਰਦਾਨ, ਤੀਜਾ ਧਰਮ ਪ੍ਰਚਾਰ ਦੀ ਲਗਨ, ਚੌਥਾ ਪ੍ਰਾਪਤ ਸੰਸਕ੍ਰਿਤ ਵਿੱਦਿਆ ਤੇ ਗਿਆਨ ਦਾ ਅਗੋਂ ਜਾ ਕੇ ਪ੍ਰਸਾਰ ਕਰਨ ਦਾ ਚਾਉ। ਸਾਫ਼ ਹੈ, ਥੋੜ੍ਹੇ ਸਮੇਂ ਵਿਚ ਹੀ ਪੰਜ ਸਿੱਖ ਵੇਦ, ਵੇਦਾਂਗ ਜਿਹਾ ਕਿ ਸਿੱਖਿਆ, ਕਲਪ, ਵਿਆਕਰਣ, ਜੋਤਿਸ਼, ਛੰਦ ਅਤੇ ਨਿਰੁਕਤ ਇਸੇ ਤਰ੍ਹਾਂ ਛੇ ਸ਼ਾਸਤਰ : ਵੈਸ਼ੇਸ਼ਕ, ਨਿਆਇ, ਸਾਂਖ, ਯੋਗ ਮੀਮਾਂਸਾ, ਵੇਦਾਂਤ ਆਦਿ ਦੇ ਪ੍ਰਚੰਡ ਪੰਡਿਤ ਬਣ ਗਏ।

ਗਿਆਨੀ ਗਿਆਨ ਸਿੰਘ ਨੇ ਨਿਰਮਲ ਪੰਥ ਪ੍ਰਦੀਪਕਾ ਜੋ ਸੰਨ 1891 ਵਿਚ ਛਪੀ ਸੀ, ਵਿਚ ਸੰਕੇਤ ਕੀਤਾ:

*ਪਹੁੰਚੇ ਕਾਸ਼ੀ ਪੁਰੀ ਉਦਾਰੇ*
*ਚੇਤਨ ਮਠ ਮੇਂ ਰਹੇ ਬਿਚਾਰੇ*
*ਸਾਧ ਨਿਰਮਲੇ ਤਹਿ ਬਿਦ ਤਾਏ*
*ਵਿਦਿਆ ਪਢੀ ਅਧਿਕ ਮਨ ਲਾਏ*

ਗੁਰੂ ਇਤਿਹਾਸ ਇਸ ਤੱਥ ਦੀ ਸਾਖ ਭਰਦਾ ਹੈ ਕਿ ਉਹ ਪੰਜ ਸਿੱਖ ਜੋ ਦਸਮ ਗੁਰੂ ਜੀ ਨੇ ਭੇਜੇ ਸਨ, ਉਹ ਨਿਰਮਲ ਬੁੱਧ, ਨਿਰਮਲ ਵਿਹਾਰ ਤੇ ਨਿਰਮਲ ਬਾਣੇ ਵਾਲੇ ਸਨ। ਇਥੋਂ ਹੀ ਉਹਨਾਂ ਸਿੱਖਾਂ ਦੀ ਸੰਗਿਆ 'ਨਿਰਮਲੇ' ਪਈ। ਇਥੇ ਵੀ ਦੋ ਮਨੌਤਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਉਹ ਪੰਜ ਸਿੱਖ ਜੋ ਦਸਮ ਗੁਰੂ ਜੀ ਨੇ ਕਾਸ਼ੀ ਭੇਜੇ ਸਨ। ਇਹਨਾਂ ਨੇ ਜਦ ਸੁਣਿਆ ਕਿ ਦਸਮ ਗੁਰੂ ਨੇ ਸੰਗਤਾਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਇਨਕਲਾਬ ਦੀ ਇਕ ਲਹਿਰ ਚਲਾ ਦਿੱਤੀ ਹੈ। ਇਹਨਾਂ ਦਾ ਵੀ ਜੀਅ ਕੀਤਾ ਕਿ ਉਹ ਵੀ ਅਨੰਦਪੁਰ ਪਹੁੰਚ ਕੇ ਅੰਮ੍ਰਿਤ ਪਾਨ ਕਰਨ। ਇਸੇ ਮਨਸ਼ਾ ਅਧੀਨ ਉਹ ਤੇਰਾਂ ਸਾਲਾਂ ਬਾਅਦ ਯਨੀ 1699 ਈ. ਵਿਚ ਵਾਪਸ ਅਨੰਦਪੁਰ ਵਾਪਿਸ ਆ ਗਏ ਤੇ ਉਹਨਾਂ ਵੀ ਗੁਰੂ ਜੀ ਪਾਸੋਂ ਅੰਮ੍ਰਿਤ ਛੱਕਣ ਦੀ ਯਾਚਨਾ ਕੀਤੀ। ਦੂਸਰੀ ਮਨੌਤ ਅਨੁਸਾਰ ਬਨਾਰਸ ਜਾ ਕੇ ਪੜ੍ਹਨ ਦੀ ਇਕ ਪਰਿਪਾਟੀ ਬਣ ਗਈ ਸੀ। ਪੰਜ ਸਿੱਖ ਅਧਿਆਤਮਕ ਵਿੱਦਿਆ ਪ੍ਰਾਪਤ ਕਰਕੇ ਵਾਪਸ ਆਉਂਦੇ ਤੇ ਅਗੋਂ ਹੋਰ ਪੰਜ ਸਿੱਖ ਬਨਾਰਸ ਵਿੱਦਿਆ ਪੜ੍ਹਨ ਚਲੇ ਜਾਂਦੇ ਜਿਹੜੇ ਪੜ੍ਹ ਕੇ ਆਉਂਦੇ ਉਹ ਗੁਰੂ ਘਰ ਦੇ ਪ੍ਰਚਾਰ-ਕਾਰਜ ਵਿਚ ਲਗ ਜਾਂਦੇ। ਇਸ ਤਰ੍ਹਾਂ ਇਹ ਸਿਲਸਿਲਾ ਜਾਰੀ ਰਿਹਾ ਤੇ ਅਖੰਡ ਭਾਰਤੀ ਅਧਿਆਤਮਕ ਗਿਆਨ ਸਿੱਖ ਚਿੰਤਨ ਦਾ ਅੰਗ ਬਣਦਾ ਗਿਆ।

ਮੂਲ ਪ੍ਰਸ਼ਨ ਸੀ ਨਿਰਮਲ ਸੰਪ੍ਰਦਾਇ ਦੀ ਸਥਾਪਨਾ ਦਸਮ ਗੁਰੂ ਜੀ ਨੇ ਕੀਤੀ ? ਇਤਿਹਾਸਕ ਗਵਾਹੀਆਂ ਇਸੇ ਤੱਥ ਦੀ ਹੀ ਪੁਸ਼ਟੀ ਕਰਦੀਆਂ ਹਨ।

ਇਥੇ ਇਕ ਹੋਰ ਤੱਥ ਵੀ ਸਾਡੇ ਧਿਆਨ ਦੀ ਮੰਗ ਕਰਦਾ ਹੈ ਜੇ ਇਹ ਸੰਪ੍ਰਦਾਇ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤੀ ਹੁੰਦੀ ਤਾਂ ਇਸ ਦੀ ਵਿਸਤਾਰ ਕੜੀ ਸਾਡੇ ਸਾਹਮਣੇ ਆ ਜਾਂਦੀ। ਇਤਿਹਾਸਕ ਤੱਥਾਂ ਦੇ ਅਨੁਸਾਰ ਇਕ ਤਾਂ ਦਸਮ ਗੁਰੂ ਜੀ ਨੇ ਸਿੱਖਾਂ ਨੂੰ ਬਨਾਰਸ

ਅਧਿਆਤਮਕ ਗਿਆਨ ਦੀਆਂ ਗੁਹਜ ਪਰਤ ਨੂੰ ਖੋਹਲਣ ਤੇ ਸਮਝਣ-ਸਮਝਾਉਣ ਲਈ ਭੇਜਿਆ। ਉਹ ਸਿੱਖ ਜਦੋਂ ਵਾਪਸ ਪਰਤੇ ਤਾਂ ਉਹਨਾਂ ਨੂੰ ਗੁਰੂ ਘਰ ਦੇ ਪ੍ਰਚਾਰ ਦਾ ਕੰਮ ਸੌਂਪ ਦਿੱਤਾ ਗਿਆ। ਉਹ ਪ੍ਰੱਖਰ ਬੁੱਧੀ ਵਾਲੇ ਜੀਊੜੇ ਜੀਵਨ ਭਰ ਗੁਰੂ ਘਰ ਦੇ ਪ੍ਰਚਾਰ ਨੂੰ ਹੀ ਸਮਰਪਿਤ ਰਹੇ। ਇਸੇ ਸੰਪ੍ਰਦਾਇ ਦੇ ਵਿਸਤਾਰ ਦੀ ਇਕ ਹੋਰ ਕੜੀ ਵੀ ਹੈ।

ਜਦੋਂ ਦਸਮ ਗੁਰੂ ਜੀ ਦਮਦਮੇ ਸਾਬੋ ਕੀ ਤਲਵੰਡੀ ਪੁੱਜੇ ਤਾਂ ਇਥੇ ਫਿਰ ਪੜ੍ਹਨ-ਪੜ੍ਹਾਉਣ ਦਾ ਮਾਹੌਲ ਪੈਦਾ ਹੋ ਗਿਆ। ਪਹਿਲੀ ਵੇਰਾਂ ਇਹ ਮਾਹੌਲ ਅਨੰਦਪੁਰ ਸਾਹਿਬ ਵਿਚ ਬਣਿਆ ਸੀ। ਦੂਜੀ ਵੇਰਾਂ ਪਾਉਂਟੇ ਸਾਹਿਬ। ਹੁਣ ਤੀਜੀ ਵੇਰਾਂ ਫੇਰ ਅਧਿਆਤਮਕ ਰੰਗ ਗੂੰਜਣ ਲੱਗਾ। ਪਹਿਲਾਂ ਦਸਮ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ ਲਿਖਾਈ ਕਰਵਾਈ। ਦਸਮ ਗੁਰੂ ਬਾਣੀ ਦਾ ਆਤਮ ਉਚਾਰ ਕਰ ਰਹੇ ਸਨ। ਭਾਈ ਮਨੀ ਸਿੰਘ ਜੀ ਲਿਖ ਰਹੇ ਸਨ। ਪਹਿਲੀ ਵੇਰ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਤਾਰਾ ਕਰਵਾ ਰਹੇ ਸਨ ਤੇ ਭਾਈ ਗੁਰਦਾਸ ਜੀ ਲਿਖ ਰਹੇ ਸਨ। ਹੁਣ ਦਸਮ ਗੁਰੂ ਆਤਮ ਰੂਪ ਵਿਚ ਉਚਾਰ ਰਹੇ ਸਨ ਤੇ ਭਾਈ ਮਨੀ ਸਿੰਘ ਜੀ ਲਿਖ ਰਹੇ ਸਨ। ਦਸਮ ਗੁਰੂ ਨੇ ਇਸ ਵਿਚ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਦਰਜ ਕਰਵਾਈ। ਗੁਰੂ ਇਤਿਹਾਸ ਦੇ ਅਨੁਸਾਰ ਇਹ ਲੇਖਨ-ਕਾਰਜ ਤਕਰੀਬਨ ਸਾਢੇ ਨੌਂ ਮਹੀਨਿਆਂ ਵਿਚ ਸੰਪੂਰਣ ਹੋਇਆ।

**ਦਸਮ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹਾਏ**

ਗੁਰੂ ਸਾਹਿਬ ਸੁਚੇਤ ਸਨ ਗੁਰਬਾਣੀ ਦੇ ਸੁਹਜ ਨੂੰ ਹਰ ਪ੍ਰਾਣੀ ਸੌਖੀ ਤਰ੍ਹਾਂ ਨਹੀਂ ਸਮਝ ਸਕੇਗਾ। ਇਸ ਲਈ ਉਹਨਾਂ ਆਪਣੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਭਾਈ ਮਨੀ ਸਿੰਘ ਜੀ ਨੂੰ ਸੁਣਾਏ।[1] ਹੁਣ ਦਸਮ ਗੁਰੂ ਅਰਥ ਕਰ ਰਹੇ ਸਨ ਯਨੀ ਕਥਾ ਕਰ ਰਹੇ ਸਨ ਤੇ ਭਾਈ ਮਨੀ ਸਿੰਘ ਜੀ ਸੁਣ ਰਹੇ ਸਨ। ਇਹਨਾਂ ਦੇ ਨਾਲ ਹੀ ਬਾਬਾ ਦੀਪ ਸਿੰਘ ਜੀ ਵੀ ਮੌਜੂਦ ਸਨ। ਇਹਨਾਂ ਦੋਹਾਂ ਸਿੰਘਾਂ ਨੇ ਅਗੋਂ ਹੋਰਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹਾਏ। ਇਹੋ ਸੰਪ੍ਰਦਾਈ ਅਰਥ ਅਖਵਾਏ। ਇਥੋਂ ਹੀ ਸੰਪ੍ਰਦਾਈ ਅਰਥ ਸਿੱਖਣ ਵਾਲਿਆਂ ਦੀ ਇਕ ਲੰਮੀ ਸੂਚੀ ਪ੍ਰਾਪਤ ਹੁੰਦੀ ਹੈ। ਇਹ ਸੂਚੀ ਡਾ. ਜਸਬੀਰ ਸਿੰਘ ਸਾਬਰ ਨੇ ਗਿਆਨ ਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਪੁਸਤਕ ਵਿਚ ਦਰਜ ਕੀਤੀ ਹੈ। ਇਸਦਾ ਹਵਾਲਾ ਦੇਣਾ ਇਥੇ ਕੁ ਥਾਂ ਨਹੀਂ ਹੋਵੇਗਾ।

1 ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 203.

**ਸੰਪ੍ਰਦਾਈ ਸੂਚੀ**

ਆਦਿ ਵਕਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ[1]

ਭਾਈ ਮਨੀ ਸਿੰਘ ਜੀ | ਬਾਬਾ ਦੀਪ ਸਿੰਘ ਜੀ

ਭਾਈ ਦੀਵਾਨ ਸਿੰਘ | ਭਾਈ ਗੁਰਦਿਆਲ ਸਿੰਘ | ਭਾਈ ਗੁਰਬਖਸ਼ ਸਿੰਘ

ਭਾਈ ਕੌਲ ਸਿੰਘ ਜੀ

ਭਾਈ ਅਮਰ ਸਿੰਘ | ਭਾਈ ਸੂਰਤ ਸਿੰਘ

ਭਾਈ ਜੱਸਾ ਸਿੰਘ ਜੀ

ਭਾਈ ਰਾਮ ਸਿੰਘ | ਭਾਈ ਗੁਰਦਾਸ ਸਿੰਘ

ਭਾਈ ਚੰਦਾ ਸਿੰਘ | ਭਾਈ ਸੰਤ ਸਿੰਘ

ਭਾਈ ਹਜਾਰਾ ਸਿੰਘ | ਭਾਈ ਦਇਆ ਸਿੰਘ

ਭਾਈ ਵੀਰ ਸਿੰਘ | ਭਾਈ ਭਗਵਾਨ ਸਿੰਘ

ਸੰਤ ਭਾਈ ਅਮੀਰ ਸਿੰਘ ਜੀ | ਭਾਈ ਫਤੇ ਚੰਦ ਜੀ | ਬਾਬਾ ਹਰਨਾਮ ਸਿੰਘ

ਸੰਤ ਕ੍ਰਿਪਾਲ ਸਿੰਘ | ਸੰਤ ਸੰਗਤ ਸਿੰਘ ਜੀ | ਸੰਤ ਬਿਸ਼ਨ ਸਿੰਘ

ਸੰਤ ਸੁੰਦਰ ਸਿੰਘ

ਗਿਆਨੀ ਗੁਰਬਚਨ ਸਿੰਘ ਖਾਲਸਾ

ਸੰਤ ਕਰਤਾਰ ਸਿੰਘ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

ਬਾਬਾ ਠਾਕਰ ਸਿੰਘ

ਕੁਲ ਮਿਲਾ ਕੇ, ਸਮਝਣ ਦੇ ਸੌਖ ਲਈ ਇਹ ਕਿਹਾ ਜਾ ਸਕਦਾ ਹੈ, ਨਿਰਮਲ ਸੰਪ੍ਰਦਾਇ ਦੇ ਦੋ ਪੜਾ ਹਨ। ਪਹਿਲਾ, ਜਦੋਂ ਦਸਮ ਗੁਰੂ ਜੀ ਨੇ ਸਿੱਖਾਂ ਨੂੰ ਬਨਾਰਸ ਪੜ੍ਹਨ ਲਈ ਭੇਜਿਆ। ਦੂਜਾ, ਜਦੋਂ ਉਹਨਾਂ ਖੁਦ ਸਿੰਘਾਂ ਨੂੰ ਆਪ ਸੰਪ੍ਰਦਾਈ ਅਰਥ ਪੜ੍ਹਾਏ। ਮਾਲੂਮ

1 ਡਾ. ਜਸਬੀਰ ਸਿੰਘ ਸਾਬਰ, *ਗਿਆਨ ਰਤਨਾਵਲੀ ਸੰਪਾਦਨ ਤੇ ਪਾਠ – ਆਲੋਚਨਾ*, ਪੰਨਾ 54-55

ਹੁੰਦਾ ਹੈ, ਇਹ ਇਕ ਅਣਲਿਖਤ ਆਦੇਸ਼ ਹੀ ਸੀ ਕਿ ਗੁਰੂ ਮਹਾਰਾਜ ਦੇ ਅਰਥ ਸਿੱਖ ਕੇ ਅਗੋਂ ਹੋਰ ਵੀਰਾਂ ਨੂੰ ਵੀ ਪੜ੍ਹਾਉਣੇ ਹਨ। ਇਸ ਆਦੇਸ਼ ਦਾ ਪਾਲਨ ਹਰ ਸਿਖਿਆਰਥੀ ਨੇ ਕੀਤਾ। ਇਸ ਤਰ੍ਹਾਂ ਇਕ ਪਾਸੇ ਅਰਥ ਪ੍ਰਣਾਲੀ ਤੁਰ ਪਈ। ਦੂਜੇ ਪਾਸੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੂਹੜ ਗਿਆਨ ਦੀ ਵਿਆਖਿਆ ਹੋਂਦ ਵਿਚ ਆਈ। ਨਿਰਮਲ ਸੰਪ੍ਰਦਾਇ ਨੇ ਇਸ ਦੇ ਵਿਸਤਾਰ ਵਿਚ ਭਰਪੂਰ ਯੋਗਦਾਨ ਪਾਇਆ। ਇਥੋਂ ਹੀ ਦੋ ਟਕਸਾਲਾਂ ਵੀ ਵਜੂਦ ਵਿਚ ਆਈਆਂ। ਇਕ ਦਮਦਮੀ ਟਕਸਾਲ ਅਖਵਾਈ ਤੇ ਦੂਜੀ ਸਤੋ ਵਾਲੀ ਗਲੀ ਵਿਚ ਮਾਤਾ ਸੁੰਦਰੀ ਜੀ ਦੇ ਆਦੇਸ਼ ਨਾਲ ਭਾਈ ਮਨੀ ਸਿੰਘ ਜੀ ਨੇ ਸਤੋ ਵਾਲੀ ਗਲੀ ਵਿਚ ਖੁਲਵਾਈ। ਇਹੋ ਬਾਅਦ ਵਿਚ ਸੰਤ ਅਮੀਰ ਸਿੰਘ ਜੀ ਵਾਲੀ ਕਹਾਈ। ਸਾਫ਼ ਹੈ, ਦਮਦਮੀ ਟਕਸਾਲ ਅੱਜ ਕਲ੍ਹ ਮਹਿਤੇ ਵਾਲੇ ਚੌਂਕ, ਅੰਮ੍ਰਿਤਸਰ ਵਿਚ ਕਾਰਜਸ਼ੀਲ ਹੈ ਤੇ ਸਤੋ ਵਾਲੀ ਗਲੀ ਦੀ ਟਕਸਾਲ ਵੀ ਆਪਣਾ ਕਾਰਜ ਨਿਬਾਹ ਰਹੀ ਹੈ।

ਗਿਆਨੀ ਗੁਰਬਚਨ ਸਿੰਘ ਹੋਰਾਂ ਨੇ 'ਸ੍ਰੀ ਗੁਰਮੁਖ ਪ੍ਰਕਾਸ਼' ਵਿਚ ਇਕ ਹੋਰ ਸੂਚੀ ਵੀ ਅੰਕਿਤ ਕੀਤੀ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਲੈ ਕੇ ਹੁਣ ਤੱਕ ਦੇ ਜੋ ਸਿੰਘ, ਸੰਪ੍ਰਦਾਈ ਅਰਥ ਪੜ੍ਹਾਉਂਦੇ ਰਹੇ। ਨਿਰਮਲ ਸੰਪ੍ਰਦਾਇ ਦੇ ਵਿਸਤਾਰ ਨੂੰ ਜਾਨਣ ਲਈ ਇਹ ਸੂਚੀ ਬੜੀ ਮਹੱਤਵਪੂਰਨ ਹੈ। ਇਸਦਾ ਵੇਰਵਾ ਇਸ ਪ੍ਰਕਾਰ ਹੈ :

1. ਭਾਈ ਮਨੀ ਸਿੰਘ
2. ਭਾਈ ਦੀਵਾਨ ਸਿੰਘ
3. ਭਾਈ ਗੁਰਦਿਆਲ ਸਿੰਘ ਜੀ
4. ਭਾਈ ਖਜ਼ਾਨ ਸਿੰਘ
5. ਭਾਈ ਗੁਰਬਖਸ਼ ਸਿੰਘ
6. ਭਾਈ ਅਮਰ ਸਿੰਘ
7. ਭਾਈ ਸੂਰਤ ਸਿੰਘ
8. ਭਾਈ ਕੰਵਲ ਸਿੰਘ
9. ਭਾਈ ਅੰਮ੍ਰਿਤ ਸਿੰਘ
10. ਭਾਈ ਰਾਮ ਸਿੰਘ
11. ਭਾਈ ਚੰਦਾ ਸਿੰਘ
12. ਭਾਈ ਸੰਤ ਸਿੰਘ
13. ਭਾਈ ਪ੍ਰਦੁਮਨ ਸਿੰਘ
14. ਭਾਈ ਜੱਸਾ ਸਿੰਘ
15. ਭਾਈ ਭਗਵਾਨ ਸਿੰਘ
16. ਸੰਤ ਹਰਨਾਮ ਸਿੰਘ
17. ਭਾਈ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ
18. ਭਾਈ ਸੁੰਦਰ ਸਿੰਘ[1]

ਜ਼ਾਹਿਰ ਹੈ, ਨਿਰਮਲ ਸੰਪ੍ਰਦਾਇ ਗੁਰੂ ਘਰ ਦੇ ਪ੍ਰਚਾਰ ਕਾਰਜ-ਰਤ ਰਹੀ ਹੈ।

1 ਡਾ. ਜਸਬੀਰ ਸਿੰਘ ਸਾਬਰ, *ਗਿਆਨ ਰਤਨਾਵਲੀ*, ਪੰਨਾ 55 ਨੇ ਗਿਆਨੀ ਗੁਰਬਚਨ ਸਿੰਘ ਖ਼ਾਲਸਾ, ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ 896 ਦਾ ਹਵਾਲਾ ਦਿੱਤਾ ਹੈ।

## ਨਿਰਮਲ ਸੰਪ੍ਰਦਾਇ ਦੇ ਗੁਣ-ਲੱਛਣ

ਇਸ ਸੰਪ੍ਰਦਾਇ ਦੀ ਕਾਰਜ ਵਿਧੀ ਦੇ ਪ੍ਰਮੁੱਖ ਲੱਛਣ ਹਨ – ਇਸ ਵਿਚ ਆਮ ਤੌਰ ਤੇ ਬਾਣੀ ਦੇ ਪ੍ਰਯਾਇ ਵਾਚੀ ਅਰਥ ਕੀਤੇ ਜਾਂਦੇ ਹਨ ਤੇ ਇਸ ਵਿਚ ਆਏ ਪੌਰਾਣਿਕ ਸੰਕੇਤਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ। ਬਾਣੀ ਰਚਨਾ ਵਿਚ ਰੂਪਮਾਨ ਹੋਏ ਪਾਰਿਭਾਸ਼ਕ ਸ਼ਬਦਾਂ ਦੀ ਮੌਲਿਕ ਵਿਆਖਿਆ ਕੀਤੀ ਜਾਂਦੀ ਹੈ। ਬਾਣੀ ਵਿਚ ਆਏ ਰਹੱਸ-ਸੰਕੇਤਾਂ ਨੂੰ ਪੌਰਾਣਿਕ ਸਾਖੀਆਂ ਦੇ ਸਹਾਰੇ ਨਾਲ ਖੋਹਲਣ ਦਾ ਯਤਨ ਕੀਤਾ ਜਾਂਦਾ ਹੈ। ਸੰਖੇਪ ਵਿਚ, ਅਧਿਆਤਮਕ ਰਹੱਸ ਦੀ ਵਿਆਖਿਆ ਵਿਚ ਸਪਸ਼ਟਤਾ, ਸਿਧਾਂਤਕ ਦ੍ਰਿੜਤਾ, ਬੋਲੀ ਦੀ ਸਰਲਤਾ ਤੇ ਸ਼ੈਲੀ ਦੀ ਮਿਠਾਸ ਇਸ ਸੰਪ੍ਰਦਾਇ ਦੇ ਵਿਸ਼ੇਸ਼ ਗੁਣ-ਲੱਛਣ ਹਨ।

ਇਹ ਤਾਂ ਹੋਈ ਮੌਖਿਕ ਸੰਚਾਰ ਬਾਰੇ ਵਿਚਾਰ। ਨਿਰਮਲ ਸੰਪ੍ਰਦਾਇ ਦੇ ਵਿਸਤਾਰ ਦੇ ਇਕ ਤੋਂ ਵਧੀਕ ਪੱਖ ਹਨ। ਇਸਦਾ ਪਹਿਲਾ ਚਰਣ ਮੌਖਿਕਤਾ ਨਾਲ ਸੰਬੰਧਿਤ ਹੈ। ਜਦੋਂ ਦਸਮ ਗੁਰੂ ਨੇ ਪੰਜ ਸਿੱਖ ਸੰਸਕ੍ਰਿਤ ਤੇ ਅਧਿਆਤਮਕ ਵਿਦਿਆ ਗ੍ਰਹਿਣ ਕਰਨ ਲਈ ਭੇਜੇ ਤਾਂ ਉਹਨਾਂ ਸਿੱਖਾਂ ਨੇ ਜੋ ਵੀ ਆਪਣੇ ਵਿਦਿਆ ਗੁਰੂ ਪੰਡਿਤ ਸਦਾ ਨੰਦ ਤੋਂ ਗ੍ਰਹਿਣ ਕੀਤਾ ਉਸਦਾ ਅੰਦਾਜ਼ ਜਾਂ ਕਹੀਏ ਆਦਾਨ-ਪ੍ਰਦਾਨ ਮੌਖਿਕ ਹੀ ਸੀ। ਇਸੇ ਦਾ ਅਗਲੇਰਾ ਪੜਾ ਹੈ – ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਵਿਚ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹਾਏ ਤਾਂ ਉਹ ਮੌਖਿਕ ਹੀ ਸਨ। ਭਾਈ ਮਨੀ ਸਿੰਘ ਜੀ ਨੇ ਅਗੋਂ ਇਹ ਅਰਥ ਟਕਸਾਲ ਸਤੋ ਵਾਲੀ ਗਲੀ ਵਿਚ ਪੜ੍ਹਾਏ ਤਾਂ ਵੀ ਮੌਖਿਕ ਹੀ ਸਨ। ਇਸ ਤਰ੍ਹਾਂ ਨਿਰਮਲ ਸੰਪ੍ਰਦਾਇ ਦੇ ਵਿਸਤਾਰ ਵਿਚ ਮੌਖਿਕਤਾ ਦੀ ਭੂਮਿਕਾ ਵਿਸ਼ੇਸ਼ ਹੈ। ਇਹ ਮੁੱਖ ਤੋਂ ਮੁੱਖ ਤੱਕ ਮੁਖਰਤ ਹੁੰਦੀ ਰਹੀ। ਇਸ ਦਾ ਗਿਆਨ ਕੇਵਲ ਮੁਖ-ਸਾਧਨ ਰਾਹੀਂ ਦੂਸਰਿਆਂ ਤੱਕ ਪਹੁੰਚਦਾ ਰਿਹਾ ਹੈ।

## ਨਿਰਮਲ ਸੰਪ੍ਰਦਾ ਦਾ ਵਿਕਾਸ

ਹੁਣ ਉਸ ਵਿਸਤਾਰ ਬਾਰੇ ਵਿਚਾਰ ਆਰੰਭ ਕਰਦੇ ਹਾਂ ਜਦੋਂ ਉਹਨਾਂ ਡੇਰੇ ਅਸਥਾਪਨ ਕਰਕੇ ਗੁਰੂ ਉਪਦੇਸ਼ਾਂ ਨੂੰ ਦ੍ਰਿੜ ਕਰਾਉਣਾ ਆਰੰਭ ਕੀਤਾ। ਇਥੇ ਵੀ ਇਹ ਡੇਰੇ ਗੁਰੂ-ਸ਼ਿਸ਼ ਪਰੰਪਰਾ ਦੀ ਛਾਪ ਲਾਉਂਦੇ ਹਨ। ਉਹ ਜੀਊੜੇ ਜਿਹਨਾਂ ਨੂੰ ਪਰਮਾਤਮਾ ਨਾਲ ਅਨੁਰਾਗ ਸੀ ਤੇ ਸੰਸਾਰ ਤੋਂ ਵਿਰਕਤ ਰਹਿਣਾ ਚਾਹੁੰਦੇ ਸਨ ਅਜਿਹੇ ਜਗਿਆਸੂ ਹੀ ਇਹਨਾਂ ਡੇਰਿਆਂ ਵਿਚ ਰਹਿ ਕੇ ਅਧਿਆਤਮ ਗਿਆਨ ਗ੍ਰਹਿਣ ਕਰਦੇ ਹਨ।

ਸੰਕੇਤ ਕੀਤਾ ਜਾ ਚੁੱਕਾ ਹੈ, ਗਿਆਨੀ ਗਿਆਨ ਸਿੰਘ ਜੀ ਦੀ ਨਿਰਮਲ ਪੰਥ ਪ੍ਰਦੀਪਕਾ ਵਿਚ ਨਿਰਮਲ ਸੰਪ੍ਰਦਾਇ ਦਾ ਮੁੱਢ ਆਦਿ ਗੁਰੂ ਨਾਨਕ ਦੇਵ ਜੀ ਤੋਂ ਬੱਝਣਾ – ਇਤਿਹਾਸਕ ਤੱਥਾਂ ਉਪਰ ਪੂਰਾ ਨਹੀਂ ਉਤਰਦਾ। ਦਸਮ ਪਾਤਸ਼ਾਹ ਨੇ ਸੰਨ 1708 ਈ. ਵਿਚ ਪ੍ਰਲੋਕ ਗਮਨ ਕੀਤਾ। ਸਾਧੂ ਗੁਲਾਬ ਸਿੰਘ ਨਿਰਮਲੇ ਦੀ ਰਚਨਾ ਅਧਿਯਾਤਮ ਰਾਮਾਯਣ (1779 ਈ.) ਵਿਚ ਛਪੀ। ਇਸ ਵਿਚ ਜ਼ਿਕਰ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਦੋ ਵਰਗਾਂ ਵਿਚ ਵੰਡ ਦਿੱਤਾ ਸੀ। ਪਹਿਲੇ ਵਰਗ ਵਿਚ ਲੜਾਈ ਕਰਨ ਵਾਲੇ ਸੂਰਮੇ ਸਨ ਤੇ ਦੂਜੇ ਵਰਗ ਵਿਚ ਪਰਮ ਵਿਵੇਕੀ ਜਿਹਨਾਂ ਨੂੰ ਨਿਰਮਲੇ ਕਿਹਾ ਜਾਂਦਾ ਹੈ।[1] ਇਹ ਦੋਵੇਂ ਵਰਗ ਉਹਨਾਂ ਆਪ ਹੀ ਤਿਆਰ ਕੀਤੇ ਸੀ। ਸੂਰਮੇ ਸਿੰਘਾਂ ਦੇ ਕਾਰਨਾਮਿਆਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਵਿਵੇਕੀ ਸਿੱਖ ਨਿਰਵਿਰਤੀ ਮਾਰਗੀ ਹੋਣ ਕਰਕੇ ਸੰਸਾਰ ਤੋਂ ਨਿਰਲੇਪ ਰਹਿ ਕੇ ਅਧਿਆਤਮਕ ਸਾਧਨਾਂ ਅਤੇ ਅਧਿਐਨ-ਅਧਿਆਪਨ ਵਿਚ ਲੀਨ ਰਹਿੰਦੇ ਸਨ। ਇਥੇ ਹੀ ਇਕ ਹੋਰ ਨਿਖੇੜਾ ਕਰ

---

1 ਸੰਪਾ: ਪ੍ਰੋ. ਪ੍ਰੀਤਮ ਸਿੰਘ, ਨਿਰਮਲ ਸੰਪ੍ਰਦਾਇ, ਹਵਾਲਾ ਡਾ. ਜਸਬੀਰ ਸਿੰਘ ਰਾਏ, ਨਿਰਮਲ ਭੇਖ ਦਾ ਆਰੰਭ, ਪੰਨਾ 35.

ਲੈਣਾ ਵੀ ਉਚਿਤ ਹੈ ਜਦੋਂ 1699 ਈ. ਵਿਚ ਬਨਾਰਸ ਕਾਸ਼ੀ ਤੋਂ ਪੜ੍ਹ ਕੇ ਆਏ ਪੰਜ ਸਿੱਖਾਂ ਨੇ ਗੁਰੂ ਜੀ ਕੋਲ ਅੰਮ੍ਰਿਤਪਾਨ ਕਰਨ ਦੀ ਬੇਨਤੀ ਕੀਤੀ ਤਾਂ ਉਹਨਾਂ ਖੁਸ਼ੀ-ਖੁਸ਼ੀ ਪ੍ਰਵਾਨ ਕਰ ਲਈ। ਉਸ ਵੇਲੇ ਦਸਮ ਗੁਰੂ ਪਾਸ ਪੰਜ ਪਿਆਰੇ ਤਾਂ ਮੌਜੂਦ ਹੁੰਦੇ ਹੀ ਸਨ। ਜਿਹਨਾਂ ਸਿੱਖਾਂ ਨੇ ਭਾਈ ਦਇਆ ਸਿੰਘ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਉਹਨਾਂ ਤੋਂ ਨਿਰਮਲ ਸੰਪ੍ਰਦਾਇ ਭਾਈ ਦਇਆ ਸਿੰਘ ਆਰੰਭ ਹੋ ਗਈ। ਜਿਹਨਾਂ ਸਿੱਖਾਂ ਨੇ ਭਾਈ ਧਰਮ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਉਹਨਾਂ ਤੋਂ ਨਿਰਮਲ ਸੰਪ੍ਰਦਾਇ ਭਾਈ ਧਰਮ ਸਿੰਘ ਆਰੰਭ ਹੋ ਗਈ। ਨਿਰਮਲ ਸੰਪ੍ਰਦਾਇ ਦੀਆਂ ਸਭ ਬੰਸਾਵਲੀਆਂ ਦੋਹਾਂ ਪਿਆਰਿਆਂ, ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਨਾਲ ਜਾ ਕੇ ਮਿਲਦੀਆਂ ਹਨ।[1] ਇਸ ਤਰ੍ਹਾਂ ਇਸ ਸੰਪ੍ਰਦਾਇ ਦਾ ਇਕ ਤੋਂ ਅਨੇਕ ਹੋ ਜਾਣਾ, ਤਾਂ ਦਸਮ ਗੁਰੂ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ ਜੋ ਹੌਲੀ-ਹੌਲੀ ਅਨੇਕਾਂ ਡੇਰਿਆਂ ਦੇ ਰੂਪ ਵਿਚ ਪੂਰੇ ਭਾਰਤ ਵਿਚ ਫੈਲ ਗਈ ਸੀ। ਇਹ ਨਿਰਮਲੇ ਸੰਤ ਉੱਚੇ ਸੁੱਚੇ ਜੀਵਨ ਵਾਲੇ ਹੁੰਦੇ ਸਨ। ਨਾਮ ਸਿਮਰਨ ਨਾਲ ਜੁੜੇ, ਅਧਿਆਤਮ ਗਿਆਨ ਦੇ ਗੂਹੜੇ ਵਿਆਖਿਆਕਾਰ, ਸੁਣਨ ਵਾਲਿਆਂ ਨੂੰ ਪ੍ਰਭਾਵਤ ਕਰ ਜਾਂਦੇ ਸਨ। ਇਹਨਾਂ ਦੀ ਗਿਆਨ-ਚਰਚਾ ਨੂੰ ਸੁਣ ਕੇ ਹੀ ਸਿੱਖ ਮਿਸਲ ਦੇ ਸਰਦਾਰਾਂ ਨੇ ਤੇ ਹੋਰ ਧਾਰਮਿਕ ਬਿਰਤੀ ਵਾਲੇ ਸੱਜਣ ਇਹਨਾਂ ਨੂੰ ਜ਼ਮੀਨਾਂ ਦੇ ਪਟੇ ਦੇਣ ਦੀ ਪੇਸ਼ਕਸ਼ ਕਰਦੇ ਸਨ।

**ਨਿਰਮਲਿਆਂ ਦੇ ਡੇਰਿਆਂ ਦੀ ਸ਼ੁਰੂਆਤ**

ਸਭ ਤੋਂ ਪਹਿਲਾਂ ਨਿਰਮਲ ਡੇਰਾ ਭਾਈ ਦਰਗਾਹਾ ਸਿੰਘ ਨਿਰਮਲੇ ਨੇ 1710 ਈ. ਵਿਚ ਹਜ਼ੂਰ ਸਾਹਿਬ ਤੋਂ ਆ ਕੇ ਕਨਖਲ ਵਿਚ ਸਥਾਪਿਤ ਕੀਤਾ।[2] ਦਸਮ ਪਾਤਸ਼ਾਹ ਦੇ ਪ੍ਰਲੋਕ ਗਮਨ ਤੋਂ ਕੋਈ ਦੋ ਸਾਲ ਬਾਅਦ ਹੀ ਦਸਮ ਪਾਤਸ਼ਾਹ ਦੇ ਹੁਕਮ ਦੀ ਤਾਮੀਲ ਸ਼ੁਰੂ ਕਰ ਦਿੱਤੀ। ਇਹਨਾਂ ਨੇ ਉਥੋਂ ਦੇ ਹਾਕਮ ਰਾਇ ਮੁਹੰਮਦ ਨੂੰ ਰੁਹੇਲਿਆਂ ਨਾਲ ਹੋ ਰਹੀ ਲੜਾਈ ਵਿਚ ਸਹਾਇਤਾ ਕੀਤੀ ਸੀ। ਰਾਇ ਮੁਹੰਮਦ ਨੇ ਇਹਨਾਂ ਨੂੰ ਮਰਜ਼ੀ ਨਾਲ ਜ਼ਮੀਨ ਉੱਤੇ ਕਬਜ਼ਾ ਕਰਨ ਦੀ ਪੇਸ਼ਕਸ਼ ਕੀਤੀ ਤੇ ਇਸਦੀ 1726 ਈ. ਵਿਚ ਸਨਦ ਵੀ ਲਿਖ ਦਿੱਤੀ। ਸਾਫ਼ ਹੈ, ਪੰਡਿਤ ਦਰਗਾਹਾ ਸਿੰਘ ਨੇ ਆਪਣੀ ਮਰਜ਼ੀ ਨਾਲ ਹਰਦੁਆਰ ਦੀ ਚੋਣ ਕੀਤੀ ਸੀ।

- ਪੰਡਿਤ ਗੁਲਾਬ ਸਿੰਘ ਦੇ ਗੁਰੂ ਪੰਡਿਤ ਮਾਨ ਸਿੰਘ[3] ਨੇ ਕੁਰਛੇਤ੍ਰ ਵਿਚ 1743 ਈ. ਨੂੰ ਧਰਮ ਅਰਥ ਜ਼ਮੀਨ ਪਟੇ ਉੱਤੇ ਲਈ। ਇਸੇ ਤਰ੍ਹਾਂ ਸੰਨ 1762 ਈ. ਵਿਚ ਮਹਾਰਾਜਾ ਆਲਾ ਸਿੰਘ ਦੀ ਪੁੱਤਰੀ ਬੀਬੀ ਪਰਧਾਨ ਕੌਰ ਨੇ ਬਰਨਾਲੇ ਦੇ ਬਾਬਾ ਗਾਂਧਾ ਸਿੰਘ ਵਾਲੇ ਡੇਰੇ ਦੇ ਮਹੰਤ ਨਿੱਕਾ ਸਿੰਘ ਨੂੰ 30 ਪਿੰਡਾਂ ਦਾ ਪਟਾ ਲਿਖ ਕੇ ਦਿੱਤਾ।
- ਸਰਦਾਰ ਅਮਰ ਸਿੰਘ ਬੱਗਾ ਨੇ 1764 ਈ. ਵਿਚ ਲੱਖਾ ਸਿੰਘ ਨਿਰਮਲੇ ਨੂੰ ਪਟਾ ਲਿਖ ਕੇ ਦਿੱਤਾ।
- ਸਰਦਾਰ ਸੱਦਾ ਸਿੰਘ ਨਕਈ ਨੇ 1766 ਈ. ਵਿਚ ਭਗਤ ਸਿੰਘ ਨਿਰਮਲੇ ਤੋਂ ਮਹਾਂਭਾਰਤ ਦੀ ਕਥਾ ਸੁਣ ਕੇ 7 ਪਿੰਡ ਲਿਖ ਦਿੱਤੇ।
- ਜੈ ਸਿੰਘ ਕਨਈਏ ਨੇ 1789 ਵੀ ਦਰਗਾਹਾ ਸਿੰਘ ਨਿਰਮਲੇ ਨੂੰ 4 ਪਿੰਡ ਦੇ ਦਿੱਤੇ।
- ਸ਼ੁਕਰਚਕੀਆ ਮਿਸਲ ਦੇ ਰਣਜੀਤ ਸਿੰਘ ਨੇ ਪੰਡਿਤ ਨਿਹਾਲ ਸਿੰਘ ਨੂੰ ਜਪੁ

1 ਸੰਪਾ: ਡਾ. ਸਰਬਜਿੰਦਰ ਸਿੰਘ, ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ, ਪੰਨਾ 174.
2. ਨਿਰਮਲ ਭੇਖ ਦਾ ਆਰੰਭ, ਨਿਰਮਲ ਸੰਪ੍ਰਦਾਇ, ਪੰਨਾ 35.
3. ਇਹੋ ਭਾਈ ਮਾਨ ਸਿੰਘ ਹੀ ਹੈ ਜੋ ਲੰਮਾ ਅਰਸਾ ਦਸਮ ਪਾਤਸ਼ਾਹ ਨਾਲ ਰਿਹਾ।

ਸਾਹਿਬ ਦਾ ਸੰਸਕ੍ਰਿਤ ਟੀਕਾ ਸੁਣ ਕੇ ਸੰਤੋਖ ਸਿੰਘ ਅਖਾੜੇ ਦੇ ਬਰਾਬਰ ਦੀ ਜ਼ਮੀਨ ਦਾ ਪਟਾ ਲਿਖ ਦਿੱਤਾ। ਇਹ ਸਥਾਨ ਅੰਮ੍ਰਿਤਸਰ ਵਿਚ ਹੀ ਹੈ।

ਗੱਲ ਕੀ ਨਿਰਮਲੇ ਸੰਤਾਂ ਦੇ ਆਚਰਣ ਤੇ ਗਿਆਨ ਨੇ ਲੋਕਾਂ ਨੂੰ ਇਤਨਾ ਪ੍ਰਭਾਵਿਤ ਕੀਤਾ ਕਿ ਉਹ ਇਵਜ਼ ਵਿਚ ਇਹਨਾਂ ਨੂੰ ਜ਼ਮੀਨਾਂ ਦਾਨ ਵਿਚ ਦੇਣ ਲੱਗ ਪਏ। ਇਸ ਤਰ੍ਹਾਂ ਨਿਰਮਲੇ ਸੰਤਾਂ ਨੇ ਪੰਜਾਬ ਤੇ ਪੰਜਾਬੋਂ ਬਾਹਰ ਹਜ਼ਾਰਾਂ ਡੇਰੇ ਕਾਇਮ ਕਰਕੇ ਅਧਿਆਤਮ ਵਿੱਦਿਆ ਦਾ ਪ੍ਰਵਾਹ ਚਲਾ ਦਿੱਤਾ। ਇਹਨਾਂ ਡੇਰਿਆਂ ਦੀ ਪੜ੍ਹਾਈ ਦਾ ਮਾਧਿਅਮ ਸਾਧੂਕੜੀ ਭਾਸ਼ਾ ਹੀ ਹੁੰਦਾ ਸੀ। ਇਸ ਲਈ ਇਸ ਵਿਚ ਹਰ ਇਕ ਗਿਆਨ ਅਭਿਲਾਖੀ ਦਾਖਲ ਹੋ ਕੇ ਵਿੱਦਿਆ ਗ੍ਰਹਿਣ ਕਰ ਸਕਦਾ ਸੀ। ਇਹਨਾਂ ਡੇਰਿਆਂ ਦਾ ਪ੍ਰਬੰਧ ਮੁਖੀ ਮਹੰਤ ਹੀ ਚਲਾਉਂਦਾ ਸੀ।

ਨਿਰਮਲ ਡੇਰਿਆਂ ਦੀ ਸਥਾਪਨਾ ਦੇ ਪ੍ਰਸੰਗ ਵਿਚ ਇਹ ਜਾਣ ਲੈਣਾ ਉਚਿਤ ਹੈ। ਪੰਜਾਬ ਵਿਚ ਸਭ ਤੋਂ ਪਹਿਲਾਂ ਨਿਰਮਲ ਡੇਰਾ ਸੰਨ 1750 ਈ. ਵਿਚ ਬੁੰਗਾ ਨਿਰਮਲਿਆਂ ਦੇ ਨਾਂ ਹੇਠ ਸੰਤ ਕੋਇਰ ਸਿੰਘ ਨੇ ਅੰਮ੍ਰਿਤਸਰ ਵਿਚ ਸਥਾਪਿਤ ਕੀਤਾ।[1] ਇਹਨੀਂ ਦਿਨੀਂ ਅੰਮ੍ਰਿਤਸਰ ਵਿਚ ਹੋਰ ਪ੍ਰਚਾਰਕ ਡੇਰਿਆਂ ਦਾ ਨਿਰਮਾਣ ਵੀ ਹੋ ਰਿਹਾ ਸੀ। ਜੇਹਾ ਕਿ ਸੋਢੀ ਸਿੱਖਾਂ ਨੇ 1747 ਵਿਚ ਇਕ ਬੁੰਗਾ ਬਣਾ ਲਿਆ। ਇਸੇ ਤਰ੍ਹਾਂ 1755 ਈ. ਵਿਚ ਉਦਾਸੀ ਸੰਤ ਸੰਤੋਖ ਦਾਸ ਨੇ ਵੀ ਇਥੇ ਇਕ ਬੁੰਗਾ ਬਣਾ ਲਿਆ ਸੀ। ਜ਼ਾਹਿਰ ਹੈ, ਨਿਰਮਲੇ, ਗੁਰੂ ਗੋਬਿੰਦ ਸਿੰਘ ਜੀ ਦੇ ਉਹ ਸਿੱਖ ਹਨ ਜਿਹਨਾਂ ਨਿਰਵਿਰਤੀ ਮਾਰਗ ਨੂੰ ਅਪਣਾ ਕੇ ਆਪਣੇ ਆਪ ਨੂੰ ਅਧਿਐਨ-ਅਧਿਆਪਨ ਤੱਕ ਸੀਮਤ ਰੱਖਿਆ ਸੀ ਪਰ ਈਸ਼ਵਰੀ ਬੰਦਗੀ ਤੇ ਚਿੰਤਨ ਇਹਨਾਂ ਦਾ ਪ੍ਰਮੁੱਖ ਵਿਹਾਰ ਸੀ। ਇਹਨਾਂ ਦੇ ਡੇਰਿਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ਼ਟ ਦੀ ਪਦਵੀ ਨੂੰ ਪ੍ਰਾਪਤ ਸਨ ਤੇ ਸਿਮਰਨ-ਸੇਵਾ ਤਥਾ ਗਿਆਨ ਚਿੰਤਨ ਦਾ ਆਦਾਨ-ਪ੍ਰਦਾਨ ਵਿਸ਼ੇਸ਼ ਕਰਕੇ ਹੁੰਦਾ ਰਿਹਾ ਹੈ ਤੇ ਅੱਜ ਵੀ ਹੈ।

ਨਿਰਮਲ ਸੰਪ੍ਰਦਾਇ ਦੇ ਵਿਸਤਾਰ ਦਾ ਇਹ ਦੂਸਰਾ ਚਰਣ ਹੈ ਜੋ ਪੱਕੇ ਪੈਰੀਂ ਪ੍ਰਚਾਰ ਅਤੇ ਅਧਿਆਤਮ ਦੇ ਰਾਹ 'ਤੇ ਤੁਰਨ ਲਗਾ। ਧਿਆਨ ਰਹੇ, ਇਹਨਾਂ ਨਿਰਮਲ ਡੇਰਿਆਂ ਤੇ ਅਖੰਡ ਭਾਰਤੀ ਅਧਿਆਤਮਕ ਗ੍ਰੰਥ ਵੀ ਪਠਨ-ਪਾਠਨ ਦਾ ਅੰਗ ਰਹੇ ਹਨ। ਸੰਕੇਤ ਕੀਤਾ ਜਾ ਚੁੱਕਾ ਹੈ ਕਿ ਦਸਮ ਪਾਤਸ਼ਾਹ ਨੇ ਦੋ ਤਰ੍ਹਾਂ ਦੇ ਖਾਲਸਿਆਂ ਦੀ ਵੰਡ ਆਪ ਹੀ ਕੀਤੀ ਸੀ ਇਸਦਾ ਜ਼ਿਕਰ ਇਕ ਤੋਂ ਵਧੀਕ ਨਿਰਮਲ-ਗ੍ਰੰਥਾਂ ਵਿਚ ਆਇਆ ਹੈ। ਮਸਲਨ

(ੳ) *ਇਹ ਬਿਧ ਪਾਂਚੋ ਸਿੰਘ ਕੋ, ਖੰਡੇ ਪਾਹੁਲ ਦੀਨ*
*ਪੰਚ ਕੋਸ਼ ਉਹ ਗਿਆਨ ਦੇ, ਨਿਰਮਲ ਪੰਥ ਸੁ ਕੀਨ*
(ਗੁ:ਪ੍ਰ: ਸੂਰਜ ਗ੍ਰੰਥ, ਰੁਤੀ ਅੰਸੂ 19)

ਭਾਈ ਸੰਤੋਖ ਸਿੰਘ ਜੀ ਨੇ ਇਸ ਦਾ ਸੰਕੇਤ ਕਈ ਵਾਰ ਕੀਤਾ ਹੈ:

(ਅ) *ਜੋਗ ਭੋਗ ਸੁ ਦੋਨੋਂ ਰੀਤ, ਭਈ ਨਿਰਮਲ ਪੰਥ ਕੋ ਚੀਤ*
*ਸਤਿਨਾਮ ਕੁ ਸੁਮਰਨ ਕਰਨੋ, ਏਹੀ ਯੋਗ ਇਕ ਲਿਵ ਕੋ ਵਰਨੋ*
*ਲਰਨ ਰਿਪਨ ਸੋ ਕਰਯੋ ਕਾਜ, ਏਹੀ ਭੋਗ ਕੋ ਦੀਏ ਸਮਾਜ*
*ਇਤਿਆਦਕ ਨਿਰਮਲ ਯਸ ਕੋ, ਬੰਦਹਿ ਸਤਿਗੁਰ ਪਾਏ ਪਰਸ ਕੋ*
*ਗੁਰ ਮਹਿਮਾ ਸਿਮਰਨ ਸਤਿਨਾਮੁ, ਹੌਮੈ ਤਿਆਗੈ ਮਨਿ ਬਿਸ੍ਰਾਮ*
*ਦਯਾ ਛਿਮਾ ਸੁਚ ਸੰਜਮ ਧੀਰਜ, ਧਰਮ ਪਰਾਇਣ ਸਾਚ ਸਬੀਰਜ*
*ਗੁਰਸਿਖੀ ਨਿਰਮਲ ਸੰਤੋਖ, ਸਦਾ ਗੁਰੂ ਕੇ ਰਹੈ ਭਰੋਸ* (ਰਾਸ 8, ਅੰਸੂ 35)

1 ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਨਿਰਮਲ ਸੰਪ੍ਰਦਾਇ।

(ੲ) ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ਼' ਵਿਚ ਗੁਰੂ ਜੀ ਵੱਲੋਂ ਨਿਰਮਲ ਪੰਥ ਨੂੰ ਸ਼ਾਸਤ੍ਰ ਅਤੇ ਖਾਲਸੇ ਨੂੰ ਸ਼ਸਤ੍ਰ ਧਾਰਨ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:

*ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ*
*ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਬਿਧਿ ਕੋ ਵਿਸਤਾਰ*
*ਏਕਨ ਕੇਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ*
*ਪਾਲਨ ਭੂਮੀ ਕੋ ਕਰਯੋ, ਦੁਸ਼ਟਨ ਮੂਲ ਉਖਾਰ*
*ਔਰਨ ਕੀ ਪਿਖ ਵਿਮਲ ਪਤਿ, ਦੀਨੋ ਪਰਮ ਵਿਵੇਕ*
*ਨਿਰਮਲ ਭਾਖੈ ਗਤ ਤਿਹ, ਹੇਰੈ ਬ੍ਰਹਮ ਸੁ ਏਕ*

(ਸ) ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਸੰਕੇਤ ਕੀਤਾ:

*ਪਢਿ ਨਿਗਮਾਗਮ ਗੁਰ ਢਿਗ ਆਏ, ਗੁਰਹਿ ਸੁਨਾਏ ਅਧਿਕ ਬਰ ਪਾਏ*
*ਖੁਸ਼ੀ ਹੋਇ ਗੁਰ ਐਸ ਉਚਾਰੀ, ਸਾਰ ਬਿਦਯਾ ਜਗ ਜੁਗ ਭਾਰੀ*
*ਸ਼ਸਤਰ ਏਕ ਸ਼ਾਸਤਰ ਦੂਜੀ, ਊਭੈ ਜਾਤਿ ਜਗ ਮਾਨੀ ਪੂਜੀ।*

(ਪੰਥ ਪ੍ਰਕਾਸ਼, ਪੰਨਾ 2789)

ਸਪਸ਼ਟ ਹੈ, ਇਕ ਗੁਟ ਸ਼ਸਤਰ ਧਾਰੀ ਹੋ ਕੇ ਧਰਮ ਯੁੱਧ ਲਈ ਤਿਆਰ ਬਰ ਤਿਆਰ ਰਹੇਗਾ। ਦੂਸਰਾ ਗੁੱਟ ਨਾਮ ਬਾਣੀ ਤੇ ਅਧਿਆਤਮਕ ਚਿੰਤਨ ਦਾ ਪ੍ਰਚਾਰ ਕਰਨ ਲਈ ਦੇਸ਼ਾਂ-ਦਿਸ਼ਾਂਤਰਾਂ ਵਿਚ ਚਲਾ ਜਾਏਗਾ। ਇਹਨਾਂ ਨੂੰ ਇਹੋ ਆਦੇਸ਼ ਸੀ। ਦਸਮ ਗੁਰੂ ਗੁਰੂ ਘਰ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ ਕਰਨਾ ਚਾਹੁੰਦੇ। ਇਸ ਲਈ ਨਿਰਮਲੇ ਸਾਧੂਆਂ ਨੂੰ ਭਗਵਾ ਭੇਸ ਧਾਰਨ ਦੀ ਖੁਲ੍ਹ ਦੇ ਦਿੱਤੀ। ਪਹਿਲਾਂ ਪਹਿਲ ਤਾਂ ਨਿਰਮਲ ਸੰਤ ਸਫੈਦ ਨਿਰਮਲ ਬਾਣਾ ਹੀ ਪਾਉਂਦੇ ਸਨ। ਫਿਰ ਇਹਨਾਂ ਨੂੰ ਇਹ ਆਗਿਆ ਮਿਲ ਗਈ ਕਿ ਚਾਹੇ ਸਫੈਦ ਭੇਸ ਰੱਖਣ ਜਾਂ ਭਗਵਾ ਦੋਵੇਂ ਦਰਕਾਰ ਸਨ। ਇਹਨਾਂ ਦੀ ਪੱਗ ਦਾ ਰੰਗ ਭਗਵਾ ਹੀ ਹੁੰਦਾ ਸੀ। ਆਪਣੇ ਇਸ ਭੇਖ ਕਾਰਣ ਇਹ ਨਿਰਮਲ ਸਾਧੂ ਹਰ ਥਾਂ ਪਹੁੰਚ ਗਏ। ਦੇਸ਼ ਦੇ ਕੋਨੇ-ਕੋਨੇ ਵਿਚ ਇਹਨਾਂ ਦਾ ਸਤਿਕਾਰ ਹੋਇਆ। ਇਹਨਾਂ ਦੀ ਰਸਨਾ ਵਿਚ ਇਤਨਾ ਰਸ ਸੀ ਕਿ ਲੋਕ ਬਦੋਬਦੀ ਇਹਨਾਂ ਨਾਲ ਜੁੜ ਜਾਂਦੇ ਸਨ। ਹੋਰ ਤਾਂ ਹੋਰ ਪੰਡਿਤ ਕਰਮ ਸਿੰਘ ਅਤੇ ਪੰਡਿਤ ਦਰਗਾਹ ਸਿੰਘ ਆਪਣੇ ਪ੍ਰਚੰਡ ਗਿਆਨ ਤੇ ਰਸੀਲੀ ਰਸਨਾ ਦੀ ਕਥਾ ਰਾਹੀਂ ਦਸਮ ਗੁਰੂ ਜੀ ਨਾਲ ਧੁਰ ਨਾਂਦੇੜ ਤੱਕ ਨਾਲ ਹੀ ਰਹੇ ਸਨ।

ਨਿਰਮਲ ਸੰਤਾਂ ਨੇ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚ ਤਾਂ ਪ੍ਰਚਾਰ ਦੇ ਡੇਰੇ ਬਣਾਏ ਹੀ ਸਨ। ਹੁਣ ਮੁਖੀ ਪੁੱਜੇ ਹੋਏ ਸੰਤ ਇਹ ਸੋਚਣ ਲੱਗ ਪਏ ਕਿ ਸਾਰੇ ਡੇਰੇਦਾਰਾਂ ਨੂੰ ਸਾਲ ਵਿਚ ਦੋ ਚਾਰ ਵਾਰ ਮਿਲਣਾ ਵੀ ਚਾਹੀਦਾ ਹੈ। ਜਿਥੇ ਇਹ ਇਕਠੇ ਹੋ ਕੇ ਹੋਰ ਗੰਭੀਰ ਵਿਚਾਰਾਂ ਕਰ ਸਕਦੇ ਹਨ। ਇਹਨਾਂ ਸਾਰਿਆਂ ਦੀ ਵਿਦਿਆ ਦੇ ਮੂਲ ਕੇਂਦਰ ਹਿੰਦੂ ਤੀਰਥ ਸਥਾਨ ਹੀ ਸਨ। ਇਸ ਲਈ ਇਹਨਾਂ ਵਿਚ ਸਨਾਤਨੀ ਵਿਚਾਰ ਤੇ ਰੀਤਾਂ ਰਸਮਾਂ ਵੀ ਕੰਮ ਕਰਦੀਆਂ ਸਨ। ਇਹ ਕੁੰਭ ਦੇ ਪੁਰਬਾਂ ਤੇ ਹਰਿਦੁਆਰ ਆਦਿ ਇਕਠੇ ਹੁੰਦੇ ਹੀ ਸਨ।

**ਨਿਰਮਲੇ ਅਖਾੜਿਆਂ ਦੀ ਸਥਾਪਤੀ**

ਹੁਣ ਸੋਚਣ ਲਗੇ ਕਿਉਂ ਨਾ ਅਖਾੜੇ ਸਥਾਪਿਤ ਕੀਤੇ ਜਾਣ ਜਿਥੇ ਸੰਤ ਜਨ ਆਪਣੀ ਵਿਦਵਤਾ ਦਾ ਘੋਲ ਵੀ ਕਰਨ ਤੇ ਪ੍ਰਚਾਰ ਵੀ। ਮਤਾਂ-ਮਤਾਂਤਰਾਂ ਦਾ ਗਿਆਨ ਤੇ ਗੁਰਮਤਿ ਗਿਆਨ ਦਾ ਅੰਤਰ-ਨਿਖੇੜ ਇਹਨਾਂ ਅਖਾੜਿਆਂ ਦਾ ਮੁਖ ਉਦੇਸ਼ ਜਾਪਦਾ ਹੈ। ਇਸ ਸੰਬੰਧ ਵਿਚ ਨਿਰਮਲੇ-ਮਹਾਂਪੁਰਖਾਂ ਦੀ ਪਹਿਲੀ ਇਕੱਤ੍ਰਤਾ ਸੰਨ 1759 ਈ. ਵਿਚ ਹੋਈ ਯਨੀ ਦਸਮ ਪਾਤਸ਼ਾਹ ਦੇ ਪ੍ਰਲੋਕ ਗਮਨ ਤੋਂ 51 ਸਾਲਾਂ ਬਾਅਦ। ਇਸ ਤੋਂ ਬਾਅਦ ਵਿਚਾਰ ਵਿਮਰਸ਼ ਤਾਂ

ਹੁੰਦਾ ਰਿਹਾ ਪਰ ਫੈਸਲਾ ਲਟਕਦਾ ਰਿਹਾ। ਅਖਾੜਾ ਇਕ ਤਰ੍ਹਾਂ ਕੇਂਦਰੀ-ਸੈਂਟਰ ਬਣਨਾ ਸੀ। ਇਸ ਲਈ ਵੱਡੀ ਜਗ੍ਹਾ ਵੀ ਚਾਹੀਦੀ ਸੀ ਤੇ ਆਣ-ਜਾਣ ਦੇ ਵਸੀਲਿਆਂ ਬਾਰੇ ਸੁਵਿਧਾ ਵੀ।

ਆਖਰ ਉਹ ਸ਼ੁਭ ਦਿਨ ਆ ਹੀ ਗਿਆ। ਲਗਭਗ ਸੌ ਸਾਲ ਬਾਅਦ ਸੰਨ 1862 ਈ. ਵਿਚ ਪਟਿਆਲੇ ਵਿਖੇ "ਧਰਮ ਧਜਾ" ਦੇ ਸਥਾਨ 'ਤੇ ਪੰਚਾਇਤੀ ਅਖਾੜਾ ਨਿਰਮਲਾ (ਸ੍ਰੀ ਨਿਰਮਲ ਪੰਚਾਇਤੀ ਅਖਾੜਾ) ਵਿਧੀਵਤ ਸਥਾਪਿਤ ਕੀਤਾ ਗਿਆ।

ਇਹ ਨਿਰਮਲ ਸੰਪ੍ਰਦਾਇ ਦੇ ਵਿਕਾਸ ਵਿਚ ਤੀਸਰਾ ਚਰਣ ਸੀ। ਇਸ ਚਰਣ ਤੇ ਪੁੱਜਣ ਲਈ ਤਕਰੀਬਨ ਇਕ ਸਦੀ ਲੱਗ ਗਈ। ਨਿਰਮਲ ਅਖਾੜੇ ਦੀ ਹੋਂਦ ਲਈ ਪਹਿਲੀ ਮੀਟਿੰਗ ਸੰਨ 1759 ਈ. ਵਿਚ ਹੋਈ ਸੀ ਤੇ ਇਸ ਦੀ ਸਥਾਪਨਾ ਕਾਫ਼ੀ ਸੋਚ ਵਿਚਾਰ ਤੋਂ ਬਾਅਦ ਸੰਨ 1762 ਈ. ਵਿਚ ਪਟਿਆਲੇ ਵਿਚ ਕੀਤੀ ਗਈ। ਇਸ ਸਮੇਂ ਨਿਰਮਲ ਸੰਪ੍ਰਦਾਇ ਦੇ ਵੱਡੇ-ਵੱਡੇ ਵਿਦਵਾਨ, ਮਹੰਤ, ਸੰਤ, ਵਿਰਕਤ, ਜਪੀ, ਤਪੀ ਸਾਰੇ ਮਹਾਂਪੁਰਖ ਇਕਠੇ ਹੋਏ। ਇਸ ਵੇਲੇ ਪੰਜਾਬ ਦੇ ਰਾਜਿਆਂ ਮਹਾਂਰਾਜਿਆਂ ਨੇ ਦਿਲ ਖੋਹਲ ਕੇ ਦਾਨ ਦਿੱਤੇ। ਇਸ ਨੂੰ ਦਸਮ ਗੁਰੂ ਦੀ ਥਾਪੀ ਜੁ ਸੀ। ਇਹ ਤੱਥ ਜਾਣਨ ਜੋਗ ਹੈ, ਉਸ ਸਮੇਂ ਪੰਜਾਬ ਵਿਚ ਰਿਆਸਤੀ ਰਾਜ ਸੀ। ਪਟਿਆਲਾ ਰਾਜ ਸ਼੍ਰੋਮਣੀ ਸੀ, ਮਹਾਰਾਜਾ ਨਾਭਾ ਤੇ ਮਹਾਰਾਜਾ ਜੀਂਦ ਯਨੀ ਤਿੰਨ ਰਾਜਾਂ ਦੇ ਰਾਜਿਆਂ ਨੇ ਨਾਲੇ ਨਕਦ ਧਨ ਰਾਸ਼ੀ ਦਾਨ ਵਿਚ ਦਿੱਤੀ, ਨਾਲੇ ਜ਼ਮੀਨਾਂ ਇਸ ਅਖਾੜੇ ਦੇ ਨਾਮ ਨਾਲ ਲੁਆ ਦਿੱਤੀਆਂ। ਇਹ ਦਰਅਸਲ, ਸਾਮੂਹਿਕ ਸੋਚ ਦਾ ਚਮਤਕਾਰ ਸੀ। ਨਿਰਮਲੇ ਦਰਵੇਸ਼ ਵਿਰਕਤ ਬਿਰਤੀ ਦੇ ਹੋਣ ਕਰਕੇ ਲੋਕ ਭਲਾਈ ਤੇ ਲੋਕ ਕਲਿਆਣ ਦੇ ਹਮੈਤੀ ਸੀ। ਦੁਨਿਆਵੀ ਵੈਭਵ ਉਹਨਾਂ ਨੂੰ ਭਰਮਾਉਂਦਾ ਨਹੀਂ ਸੀ। ਇਸ ਲਈ ਸਾਰੇ ਨਿੱਕੇ ਵੱਡੇ ਸੰਤ ਇਸ ਪੰਥਕ ਸੋਚ ਵਿਚ ਸ਼ਾਮਿਲ ਸਨ।

'ਨਿਰਮਲ ਪੰਚਾਇਤੀ ਅਖਾੜੇ' ਨੇ ਨਿਰਮਲੇ ਸੰਤਾਂ ਵਿਚ ਸਾਮੂਹਿਕ ਜਥੇਬੰਦੀ ਦੇ ਨਾਲ-ਨਾਲ ਇਕ ਨਿਸਚਿਤ ਨੇਮ-ਪ੍ਰਬੰਧ (ਕਾਰਯ-ਕ੍ਰਮ) ਜਾਂ ਸਿਸਟਮ ਨੂੰ ਜਨਮ ਦਿੱਤਾ। ਨਿਰਮਲ ਪੰਚਾਇਤੀ ਅਖਾੜਾ ਨਿਰਮਲਿਆਂ ਦੀ ਜਮਾਤ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਇਥੇ ਕੋਈ ਮੁਖੀ ਵੀ ਹੋਣਾ ਚਾਹੀਦਾ ਸੀ। ਉਸ ਮੁਖੀ ਲਈ ਕੋਈ ਕਾਇਦਾ-ਕਾਨੂੰਨ ਵੀ ਨਿਸਚਿਤ ਹੋਣਾ ਚਾਹੀਦਾ ਸੀ ਤਾਂ ਜੁ ਈਰਖਾ ਬਖੀਲੀ ਤੇ ਲਾਲਚ ਆਦਿ ਤੋਂ ਬਚਕੇ ਸਰਬ ਸਾਂਝੀਵਾਲਤਾ ਦੇ ਮਹੌਲ ਦੀ ਰੱਖਿਆ ਕੀਤੀ ਜਾ ਸਕੇ ਤੇ ਦਸਮ ਗੁਰੂ ਜੀ ਦੇ ਦਸੇ ਮਾਰਗ ਉਪਰ ਚਲਕੇ ਮਾਨਵ ਕਲਿਆਣ ਦੇ ਰਾਹ 'ਤੇ ਤੁਰਿਆ ਜਾ ਸਕੇ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਇਕ ਨੇਮਾਵਲੀ ਹੋਂਦ ਵਿਚ ਆਈ।

**ਨਿਰਮਲ ਅਖਾੜਿਆਂ ਦੀ ਨੇਮਾਵਲੀ ਤੇ ਪ੍ਰਚਾਰ**

ਨਿਰਮਲ ਪੰਚਾਇਤੀ ਅਖਾੜੇ ਦੇ ਮੁਖੀ ਸੰਤ ਮਹਿਤਾਬ ਸਿੰਘ ਜੀ ਨੂੰ ਪਹਿਲਾ 'ਸ੍ਰੀ ਮਹੰਤ' ਥਾਪਿਆ ਗਿਆ। ਨਾਲੇ, ਵਿਚਾਰ ਉਪਰੰਤ ਨਿਰਮਲ ਪੰਚਾਇਤੀ ਅਖਾੜੇ ਲਈ ਕੇਂਦਰੀ ਸਥਾਨ ਕਨਖਲ ਹਰਿਦੁਆਰ ਨੀਅਤ ਕੀਤਾ ਗਿਆ। ਇਸ ਕਾਰਜ ਵਾਸਤੇ ਮਹਾਰਾਜ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ ਗੰਗਾ ਦੇ ਕਿਨਾਰੇ 'ਤੇ ਮਹਾਰਾਜਾ ਕਰਮ ਸਿੰਘ ਵਾਲੀ ਹਵੇਲੀ ਦਾਨ ਵਿਚ ਦੇ ਦਿੱਤੀ ਤੇ ਨਾਲ ਹੀ ਧਰਮ-ਧਜਾ ਪਟਿਆਲਾ ਵਾਲਾ ਸਥਾਨ ਵੀ ਅਖਾੜੇ ਦੀ ਬ੍ਰਾਂਚ ਵਾਸਤੇ ਦੇ ਦਿੱਤਾ।[1]

'ਸ੍ਰੀ ਮਹੰਤ' ਦੀ ਪਦਵੀ ਦੀ ਅਉਧ ਅਜੀਵਨ ਕਾਲ ਰੱਖੀ ਗਈ। ਹੁਣ ਇਕ ਦੁਸਤੂਰ-ਲ-ਅਮਲ (ਉਰਦੂ ਵਿਚ) ਬਣਾਇਆ ਗਿਆ। ਇਸ ਦੀਆਂ 9 ਮਦਾਂ ਰੱਖੀਆਂ ਗਈਆਂ।

---

1 ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਨਿਰਮਲ ਸੰਪ੍ਰਦਾਇ, ਪੰਨਾ 182-183

ਇਹਨਾਂ ਅਨੁਸਾਰ 'ਸ੍ਰੀ ਮਹੰਤ' ਜੀ ਨਿਰਮਲ ਅਖਾੜੇ ਦਾ ਕਾਰ ਵਿਹਾਰ ਵੇਖਣਗੇ। ਇਥੇ ਇਕ ਖ਼ਾਸ ਮਨਜ਼ੂਰੀ ਇਸ ਗੱਲ ਦੀ ਵੀ ਮਿਲ ਗਈ ਜੋ ਸਾਧੂ, ਸੰਨਿਆਸੀ, ਬੈਰਾਗੀ, ਉਦਾਸੀ ਸ੍ਰੀ ਗੰਗਾ ਜੀ ਅਤੇ ਪ੍ਰਯਾਗ ਵਿਚ ਸਮੇਂ ਸਮੇਂ ਆਪਣੇ ਅਖਾੜਿਆਂ ਵਿਚ ਵਖ-ਵਖ ਭੰਡਾਰਾ ਕਰਦੇ ਸਨ, ਹੁਣ ਉਹ ਸਾਰੇ ਧਾਰਮਿਕ ਪਰਵਾਂ ਉੱਤੇ ਇਕਠੇ ਮਿਲਕੇ ਹਰਿਦੁਆਰ ਵਿਖੇ ਭੰਡਾਰਾ ਕਰ ਸਕਣਗੇ।

ਇਹ ਨਿਰਮਲ ਸੰਪ੍ਰਦਾਇ ਦੇ ਵਿਕਾਸ ਦਾ ਚੌਥਾ ਚਰਣ ਹੈ। ਜਦੋਂ ਸ੍ਰੀ ਮਹੰਤ ਜੀ ਨੂੰ 'ਪੰਚਾਇਤੀ ਨਿਰਮਲ ਅਖਾੜੇ' ਦੀ ਰਹੁ ਰੀਤ ਨਾਲ ਸੰਬੰਧਿਤ ਨੇਮਾਵਲੀ ਵੀ ਮਿਲ ਗਈ ਤੇ ਮਿਲ ਬੈਠ ਕੇ ਧਾਰਮਿਕ ਪੁਰਬਾਂ ਨੂੰ ਮਨਾਉਣ ਦੀ ਆਗਿਆ ਵੀ। ਇਥੇ ਹੀ ਇਕ ਹੋਰ ਮਹੱਤਵਪੂਰਨ ਸੰਸਥਾਂ ਦਾ ਨਿਰਮਾਣ ਹੋਇਆ- ਇਹ ਸੀ 'ਰੰਮਤਾ ਅਖਾੜਾ' ਇਹ ਅਖਾੜਾ ਦੇਸ ਬਦੇਸ ਵਿਚ ਵਿਚਰ ਕੇ ਨਾਮ ਬਾਣੀ ਦਾ ਅਭਿਆਸ ਤੇ ਪ੍ਰਚਾਰ ਦਾ ਕੰਮ ਕਰਦਾ ਸੀ। 'ਕੁੰਭ ਦੇ ਪੁਰਬਾਂ' ਉੱਤੇ ਹਜ਼ਾਰਾ ਲੋਕ 'ਸ੍ਰੀ ਨਿਰਮਲ ਅਖਾੜੇ' ਦੇ ਸਥਾਨ 'ਤੇ ਆ ਕੇ ਠਹਿਰਦੇ, ਭੋਜਨ ਆਦਿ ਦੀ ਸੁਵਿਧਾ ਪ੍ਰਾਪਤ ਕਰਦੇ। ਤੇ ਨਾਲ ਹੀ ਪੁੱਜੇ ਹੋਏ ਸਾਧੂਆਂ ਦੀ ਸੰਗਤ ਦਾ ਰਸ ਮਾਣਦੇ। ਕੁੰਭ ਦੇ ਮੇਲਿਆਂ ਤੇ ਸਾਧੂ ਜਨ ਇਸ਼ਨਾਨ ਦੀਆਂ ਸ਼ਾਹੀਆਂ ਯਨੀ ਸਵਾਰੀਆਂ ਬਹੁਤ ਹੀ ਸੋਹਣੇ ਢੰਗ ਨਾਲ ਸਜਾ ਕੇ ਲਿਆਉਂਦੇ ਤੇ ਅਖਾੜਿਆਂ ਦੇ ਮੁਖੀ ਇਸ਼ਨਾਨ ਆਦਿ ਕਰਦੇ।'ਸ੍ਰੀ ਮਹੰਤ' ਦੀ ਪਦਵੀ ਦੀ ਪਿਰਤ ਅਜ ਤਕ ਵੀ ਮੌਜੂਦ ਹੈ। ਹੁਣ ਤਕ ਦਸ 'ਸ੍ਰੀ ਮਹੰਤਾਂ' ਦੀ ਨਿਯੁਕਤੀ ਹੋ ਚੁੱਕੀ ਹੈ। ਨਿਰਮਲੇ ਮਹਾਂਪੁਰਖਾਂ ਨੇ ਮੰਡਲੀਆਂ ਦਾ ਨਿਰਮਾਣ ਵੀ ਕੀਤਾ। ਇਹ ਵਿੱਦਵਾਨ ਮਹਾਂਪੁਰਖਾਂ ਦਾ ਇਕ ਚਲਦਾ ਫਿਰਦਾ ਵਹੀਰ (ਧਾਰਮਿਕ ਜੱਥਾ) ਹੁੰਦਾ। ਇਸ ਦੇ ਮੁਖੀ ਨੂੰ ਮੰਡਲੇਸ਼ਵਰ ਜਾਂ ਮਾਂਹ ਮੰਡਲੇਸ਼ਵਰ ਕਿਹਾ ਜਾਂਦਾ। ਇਹ ਮੰਡਲੀਆਂ ਧਰਮ ਪ੍ਰਚਾਰ ਕਰਕੇ ਲੋਕਾਂ ਨੂੰ ਧਰਮ ਨਾਲ ਜੋੜਦੀਆਂ। ਡੇਰੇ, ਅਖਾੜੇ, ਰੰਮਤ ਅਖਾੜਾ ਤੇ ਮੰਡਲੀਆਂ ਸਭ ਦਾ ਉਦੇਸ਼ ਧਰਮ-ਪ੍ਰਚਾਰ ਹੀ ਸੀ।

### ਨਿਰਮਲੇ ਵਿਦਵਾਨ ਤੇ ਲੇਖਨ-ਕਾਰਜ

ਨਿਰਮਲ ਸੰਪ੍ਰਦਾਇ ਦੇ ਵਿਕਾਸ ਦਾ ਪੰਜਵਾਂ ਚਰਣ ਲੇਖਨ-ਕਾਰਜ ਨਾਲ ਸੰਬੰਧਿਤ ਹੈ। ਨਿਰਮਲੇ ਸੰਤਾਂ ਤੇ ਵਿਦਵਾਨਾਂ ਨੇ ਗੁਰਮਤਿ ਦੇ ਖੇਤਰ ਵਿਚ ਬੜਾ ਸ਼ਲਾਘਾਯੋਗ ਕਾਰਜ ਕੀਤਾ ਹੈ। ਇਹ ਇਹਨਾਂ ਦੀ ਹੀ ਮੁਸ਼ੱਕਤ ਸੀ ਕਿ ਗੁਰੂ ਘਰ ਵਿਚ ਅਧਿਆਤਮ ਚਿੰਤਨ ਇਕ ਸ਼ਕਤੀਸ਼ਾਲੀ ਅੰਗ ਬਣ ਗਿਆ। ਅੱਜ ਹਰ ਗੁਰਦੁਆਰੇ ਵਿਚ ਬਾਣੀ-ਵਿਚਾਰ ਅਤੇ ਕਥਾ-ਵਿਖਿਆਨ ਦੀ ਪਿਰਤ ਨਿਰਮਲ ਸੰਪ੍ਰਦਾਇ ਦੀ ਹੀ ਦੇਣ ਹੈ।

### ਨਿਰਮਲੇ ਸੰਤਾਂ ਦੀ ਸਾਹਿਤਕ ਦੇਣ

ਨਿਰਮਲੇ ਸੰਤਾਂ ਦੀ ਸਾਹਿਤਕ ਦੇਣ ਪੰਜਾਬੀ ਸਾਹਿਤ ਦਾ ਗੌਰਵ ਹੈ। ਇਥੇ ਇਹਨਾਂ ਵਿਦਵਾਨਾਂ ਦੇ ਵਿਅਕਤੀਗਤ ਲੇਖਨ-ਕਾਰਜ ਦੇ ਅਧਿਐਨ ਦਾ ਸਮਾਂ ਨਹੀਂ ਵਰਨਾ ਜਿਤਨਾ ਗਹਿਰਾ ਤੇ ਵੱਡਾ ਕਾਰਜ ਇਕ ਇਕ ਵਿਦਵਾਨ ਦਾ ਹੈ ਉਸ ਉਪਰ ਵੱਖੋ-ਵੱਖ ਪਰਚੇ ਲਿਖਵਾ ਕੇ ਉਹਨਾਂ ਦੇ ਯੋਗਦਾਨ ਦਾ ਮੁਲੰਕਣ ਕੀਤਾ ਜਾ ਸਕਦਾ ਹੈ। ਪਰ ਹਥਲੇ ਪਰਚੇ ਦੀ ਸੀਮਾ ਵਿਕਾਸ-ਕ੍ਰਮ ਨੂੰ ਜਾਨਣ ਵਲ ਰੁਚਿਤ ਹੈ, ਨਿਰਮਲੇ ਵਿਦਵਾਨਾਂ ਦੀ ਸਾਹਿਤਕ ਦੇਣ ਨੂੰ ਜਾਨਣ ਵੱਲ ਨਹੀਂ। ਹਾਲ ਹੀ ਘੜੀ ਇਹਨਾਂ ਨਾਮੀ ਵਿਦਵਾਨਾਂ ਦੇ ਕੁਝ ਕੁ ਨਾਮ ਜਾਣ ਲੈਣਾ ਹੀ ਸੰਗਤ ਪ੍ਰਤੀਤ ਹੋ ਰਿਹਾ ਹੈ। ਇਹ ਨਾਮ ਹਨ :

— ਪੰਡਿਤ ਗੁਲਾਬ ਸਿੰਘ
— ਪੰਡਿਤ ਤਾਰਾ ਸਿੰਘ ਨਰੋਤਮ
— ਮਹੰਤ ਗਣੇਸ਼ਾ ਸਿੰਘ
— ਪੰਡਿਤ ਦੇਵਾ ਸਿੰਘ

— ਪੰਡਿਤ ਗੋਬਿੰਦ ਸਿੰਘ ਜੀ
— ਪੰਡਿਤ ਈਸ਼ਰ ਸਿੰਘ
— ਸੰਤ ਟਹਿਲ ਸਿੰਘ
— ਮਹੰਤ ਦਿਆਲ ਸਿੰਘ
— ਪੰਡਿਤ ਸ਼ੇਰ ਸਿੰਘ
— ਗਿਆਨੀ ਗਿਆਨ ਸਿੰਘ
— ਗਿਆਨੀ ਬਚਨ ਸਿੰਘ

ਇਥੇ ਇਹ ਸਪਸ਼ਟ ਕਰਨਾ ਉਚਿਤ ਹੈ, ਨਿਰਮਲੇ ਵਿਦਵਾਨਾਂ ਦੀ ਸੂਚੀ ਖਾਸੀ ਲੰਮੀ ਹੈ ਤੇ ਅਧਿਐਨ-ਕਾਰਜ ਦੀ ਸੂਚੀ ਉਸ ਤੋਂ ਵੀ ਵਡੇਰੀ ਹੈ। ਬਹੁਤਾ ਕਰਕੇ ਇਹ ਧਰਮ-ਚਿੰਤਨ ਦੇ ਧੁਰੰਧਰ ਵਿਦਵਾਨ ਹੋਏ। ਇਹਨਾਂ ਦੇ ਚਿੰਤਨ ਦਾ ਇਕ ਖਾਸਾ ਹੈ ਇਹਨਾਂ ਦੀ ਮੂਲ ਟੇਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ ਪਰ ਭਾਰਤੀ ਅਧਿਆਤਮ ਚਿੰਤਨ ਤੇ ਪੌਰਾਣਿਕ ਸਾਹਿਤ ਦੇ ਹਵਾਲੇ ਵੀ ਇਹਨਾਂ ਦੇ ਅਧਿਐਨ ਦਾ ਅੰਗ ਹਨ।

**ਨਿਰਮਲੇ ਸੰਤਾਂ ਦੀ ਸਰਬ ਪੱਖੀ ਸੇਵਾ**

ਗੁਰਮਤਿ ਚਿੰਤਨ ਵਿਚ ਸੇਵਾ ਅਤੇ ਸਿਮਰਨ ਇਕੋ ਤੋਲ ਤੁਲੇ ਹਨ। ਇਥੋਂ ਹੀ ਸੇਧ ਲੈ ਕੇ ਇਹ ਸੰਤ ਜਨ ਅਧਿਐਨ ਦੇ ਨਾਲ-ਨਾਲ ਕਥਾ-ਵਿਖਿਆਨ ਤੇ ਰਾਗ ਕੀਰਤਨ ਵਲ ਉਚੇਚਾ ਧਿਆਨ ਦਿੰਦੇ ਸਨ। ਹੋਰ ਤਾਂ ਹੋਰ ਇਹਨਾਂ ਵਿਚੋਂ ਕਈ ਸੰਤ ਤਾਂ ਹੱਥਾਂ ਨਾਲ ਲਿਖ ਕੇ ਗੁਰਮੁਖੀ ਅੱਖਰਾਂ ਦੀਆਂ ਪੋਥੀਆਂ ਤਿਆਰ ਕਰਕੇ ਸੰਗਤ ਵਿਚ ਵੰਡ ਦਿੰਦੇ ਸਨ। ਇਹ ਵੀ ਗੁਰਮਤਿ ਪ੍ਰਚਾਰ ਦਾ ਹੀ ਇਕ ਅੰਗ ਸੀ। ਇਹ ਮਹਾਂਪੁਰਖ ਗੁਰਦੁਆਰਿਆਂ ਦੀ ਸੇਵਾ ਬੜੇ ਪਿਆਰ ਨਾਲ ਕਰਵਾਉਂਦੇ। ਸਾਧਾਰਣ ਸੰਗਤ ਗੁਰਦੁਆਰੇ ਨਾਲ ਜੁੜ ਕੇ ਜਿਥੇ ਸਤਿ ਸੰਗਤ ਵਿਚ ਆ ਕੇ ਕੀਰਤਨ, ਕਥਾ, ਵਿਖਿਆਨ ਸੁਣਦੀ ਉਥੇ ਬਾਣੀ-ਉਚਾਰਣ, ਬਾਣੀ-ਪਾਠ, ਬਾਣੀ-ਸ਼ਬਦਾਰਥ ਆਦਿ ਦੀ ਸੰਥਿਆ ਇਹ ਨਿਰਮਲੇ ਸੰਤ ਦਿੰਦੇ ਰਹਿੰਦੇ। ਆਮ ਸੰਗਤਾਂ ਨੂੰ ਨਾਲੋਂ-ਨਾਲ ਧਾਰਮਿਕ ਤੇ ਦਾਰਸ਼ਨਿਕ ਲੇਖ ਵੀ ਇਹਨਾਂ ਨਿਰਮਲੇ ਸੰਤਾਂ ਨੇ ਲਿਖ ਕੇ ਅਖਬਾਰਾਂ ਰਸਾਲਿਆਂ ਰਾਹੀਂ ਧਰਮ-ਚਿੰਤਨ ਨਾਲ ਜੋੜੀ ਰੱਖਿਆ। ਇਹ ਰਸਾਲੇ ਪੰਜਾਬੀ ਅਤੇ ਹਿੰਦੀ ਵਿਚ ਵੀ ਛਪਦੇ। ਨਿਰਮਲੇ ਸੰਪ੍ਰਦਾਇ ਦਾ ਪਹਿਲਾ ਰਸਾਲਾ 'ਨਿਰਮਲ ਪੱਤ੍ਰ' 1909 ਵਿਚ ਪ੍ਰਕਾਸ਼ਿਤ ਹੋਇਆ। ਇਸ ਸੰਪ੍ਰਦਾਇ ਦੇ ਹੁਣ ਤੱਕ ਬਾਰਾਂ ਰਸਾਲੇ ਛੱਪ ਕੇ ਸੰਗਤਾਂ ਦੇ ਹੱਥਾਂ ਤੱਕ ਪਹੁੰਚੇ ਹਨ। ਇਹਨਾਂ ਦੇ ਨਾਮ ਹਨ :

1. ਨਿਰਮਲ ਪੱਤ੍ਰ[1]
2. ਹਰਿਦੁਆਰ ਸਮਾਚਾਰ
3. ਨਿਰਮਲ ਗਜ਼ਟ
4. ਨਿਰਮਲ ਸਮਾਚਾਰ
5. ਨਿਰਮਲ ਪੱਤ੍ਰ
6. ਪੰਜਾਬੀ ਵੈਦ
7. ਨਿਰਮਲ ਉਦੇਸ਼
8. ਗੁਰਮਤਿ ਸਮਾਚਾਰ
9. ਪੰਜਾਬੀ ਪਰਵਾਨਾ
10. ਨਿਰਮਲ ਸੰਦੇਸ਼
11. ਨਿਰਮਲ ਪ੍ਰਕਾਸ਼
12. ਨਿਰਮਲ ਚਿੰਤਾਮਣੀ

ਨਿਰਮਲ ਸੰਤਾਂ ਦਾ ਅਧਿਐਨ ਜਿਥੇ[19] ਧਾਰਮਿਕ ਵਿਦਿਆ ਨਾਲ ਜੁੜਿਆ ਹੋਇਆ ਸੀ ਉਥੇ ਇਹਨਾਂ ਨੂੰ ਚੰਗੇ ਵੈਦ ਤੇ ਸਿਆਣੇ ਜੋਤਿਸ਼ ਆਚਾਰੀਆ ਵੀ ਬਣਾਉਂਦਾ ਸੀ। ਇਹ ਇਕ ਤਰ੍ਹਾਂ ਸਰਬ ਪੱਖੀ ਸੇਵਾ ਕਰਨ ਦੇ ਜੋਗ ਬਣਾਉਂਦਾ ਸੀ। ਨਿਰਮਲੇ ਸੰਤ ਤਨ, ਮਨ ਨਰੋਆ ਰੱਖਣ ਦੇ ਨਾਲ-ਨਾਲ ਲੋੜ ਪੈਣ 'ਤੇ ਕਾਰੋਬਾਰੀ ਵਿਦਿਆ ਜਿਵੇਂ ਵੈਦਗੀ ਅਤੇ ਜੋਤਿਸ਼ ਆਦਿ ਦੀ ਸਿੱਖਿਆ ਲਈ ਸੰਪੰਨ ਕਰਦਾ ਸੀ। ਇਸ ਤਰ੍ਹਾਂ ਇਕ ਸੰਤੁਲਿਤ ਮਨੁੱਖ ਤੇ ਸਮਾਜ ਦੀ ਸਿਰਜਣਾ ਕਰਨ ਵਿਚ ਨਿਰਮਲ ਸੰਪ੍ਰਦਾਇ ਨੇ ਵੱਡਾ ਪੁੰਨ ਕਮਾਇਆ।

ਨਿਰਮਲ ਸੰਪ੍ਰਦਾਇ ਦੇ ਵਿਕਾਸ-ਕ੍ਰਮ ਨੂੰ ਪੰਜ ਚਰਣਾਂ ਵਿਚ ਵਿਚਾਰਨ ਤੋਂ ਬਾਅਦ ਦਸਮ ਪਾਤਸ਼ਾਹ ਦੀ ਦਸਵੀਂ ਬਖਸ਼ੀਸ਼ ਉਪਰ ਧਿਆਨ ਟਿਕ ਜਾਂਦਾ ਹੈ। ਗਿਆਨੀ ਬਲਵੰਤ ਸਿੰਘ ਕੋਠਾਗੁਰੂ ਨੇ ਦਸਮ ਪਾਤਸ਼ਾਹ ਵੱਲੋਂ ਦਿੱਤੀਆਂ ਦਸ ਬਖਸ਼ੀਸ਼ਾਂ ਗਿਣਵਾਈਆਂ ਹਨ, ਜੋ ਉਹਨਾਂ ਸਮੇਂ ਸਮੇਂ ਆਪ ਸਿਰਜਿਤ ਖਾਲਸਾ ਤੇ ਨਿਰਮਲ-ਸੰਤਾਂ ਦੀ ਪਰਖ ਕਰਕੇ ਦਿੱਤੀਆਂ ਸਨ। ਇਥੇ ਸਾਰੀਆਂ ਨਾ ਗਿਣਵਾ ਕੇ ਦਸਵੀਂ ਬਖਸ਼ੀਸ਼ ਦਾ ਜ਼ਿਕਰ ਕਰਨਾ ਸੰਗਤ ਪ੍ਰਤੀਤ ਹੋ ਰਿਹਾ ਹੈ।

ਜਦੋਂ ਦਸਮ ਸਤਿਗੁਰੂ ਜੀ ਨੇ ਹਜ਼ੂਰ ਸਾਹਿਬ ਨਾਂਦੇੜ ਵਿਖੇ ਜੋਤੀ ਜੋਤ ਸਮਾਉਣ ਦਾ ਵਿਚਾਰ ਕੀਤਾ ਤਾਂ ਰਾਜ ਭਾਗ ਦੀ ਇੱਛਾ ਵਾਲੇ ਸ਼ਸਤ੍ਰਧਾਰੀ ਖ਼ਾਲਸੇ ਨੂੰ ਬੰਦਾ ਬਹਾਦਰ ਦੀ ਸਰਦਾਰੀ ਹੇਠ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਤੋਰ ਦਿੱਤਾ। ਇਸੇ ਇਕੱਠ ਵਿਚ ਭਾਈ ਕਰਮ ਸਿੰਘ, ਭਾਈ ਰਾਮ ਸਿੰਘ, ਭਾਈ ਗੰਡਾ ਸਿੰਘ, ਭਾਈ ਚੰਦਨ ਸਿੰਘ, ਭਾਈ ਸੰਤ ਸਿੰਘ, ਭਾਈ ਸੋਭਾ ਸਿੰਘ ਆਦਿ 25 ਨਾਮ ਅਭਿਆਸੀ ਵਿਦਵਾਨ ਨਿਰਮਲੇ ਵੀ ਮੌਜੂਦ ਸਨ। ਇਹਨਾਂ ਨੂੰ ਗੁਰੂ ਸਾਹਿਬ ਨੇ ਫੁਰਮਾਇਆ : "ਸਿੰਘੋ ! ਹੁਣ ਅਸੀਂ ਭਾਣਾ ਵਰਤਾਵਾਂਗੇ, ਤੁਸੀਂ ਸਾਰੇ ਸੰਤ ਦੇਸ਼ ਦੇ ਕੋਨੇ-ਕੋਨੇ ਵਿਚ ਚਲੇ ਜਾਉ। ਨਾਮ ਬਾਣੀ, ਕਥਾ ਕੀਰਤਨ ਦਾ ਪ੍ਰਵਾਹ ਚਲਾਉ ਗੁਰੂ ਨਾਨਕ ਦੀ ਸਿੱਖੀ ਦਾ ਸੰਦੇਸ਼ ਪਿੰਡ-ਪਿੰਡ ਘਰ-ਘਰ ਪਹੁੰਚਾਉ। ਸਿੰਘ ਧਰਮ ਦੀ ਰਖਿਆ ਕਰਨਗੇ। ਤੁਸੀਂ ਧਰਮ ਦਾ ਪ੍ਰਚਾਰ ਕਰੋ। ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ-ਸੰਗ ਰਹਿਣਗੇ। ਜਾਉ ! ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।"[1]

ਇਹ ਸੀ ਉਹ ਵਿਕਾਸ-ਕ੍ਰਮ ਜੋ ਨਿਰਮਲੇ ਸੰਤਾਂ ਨੇ ਦਸਮ ਪਾਤਸ਼ਾਹ ਦਾ ਹੁਕਮ ਮੰਨ ਕੇ ਭਾਰਤ ਦੇ ਕੋਨੇ-ਕੋਨੇ ਵਿਚ ਫੈਲਾ ਦਿੱਤਾ। ਇਹ ਗੁਰੂ ਦੇ ਹੁਕਮ ਤੇ ਗੁਰੂ ਦੀ ਅਦੁੱਤੀ ਸੋਚ ਦਾ ਹੀ ਪ੍ਰਤਾਪ ਸੀ ਕਿ ਕੁਲ ਆਲਮ ਸਿੱਖ ਧਰਮ ਦੀ ਵਿਲੱਖਣ ਹੋਂਦ, ਦਰਸ਼ਨ ਤੇ ਕੁਰਬਾਨੀਆਂ ਨੂੰ ਨਿਹਾਰ ਸਕਿਆ, ਸਮਝ-ਸਮਝਾ ਸਕਿਆ ਤੇ ਪਠਨ-ਪਾਠਨ ਦਾ ਅੰਗ ਬਣਾ ਸਕਿਆ। ਸਰਬ ਸਮਤਾ ਦੇ ਸੰਦੇਸ਼ ਦਾ ਅਮਲੀ ਰੂਪ ਬਾਬੇ ਨਾਨਕ ਤੋਂ ਤੁਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਪੁੱਜਾ ਤੇ ਦਸਮ ਗੁਰੂ ਤੱਕ ਪੰਥਕ ਜੀਵਨ ਦਾ ਲਾਜ਼ਮੀ ਅੰਗ ਬਣ ਨਿਬੜਿਆ। ਸਰਬ ਸਮਤਾ, ਸਰਬ ਰਸਤਾ, ਸਰਬ ਸਾਂਝੀਵਾਲਤਾ, ਸਰਬ ਸਾਹਿਤ ਅਧਿਐਨ ਦਾ ਪੈਗਾਮ ਇਹਨਾਂ ਨਿਰਮਲੇ ਸੰਤਾਂ ਨੇ ਆਪਣੇ ਅਮਲੀ ਜੀਵਨ ਰਾਹੀਂ ਦਿੱਤਾ। ਦਸਮ ਗੁਰੂ ਤੋਂ ਵਰੋਸਾਈ ਇਸ ਧਰਮ ਪਰਾਇਣ, ਚਿੰਤਨ ਸ਼ੀਲ ਸੰਤ-ਮੰਡਲੀ ਨੂੰ ਮੇਰਾ ਸ਼ਤ ਸ਼ਤ ਪ੍ਰਣਾਮ!

## ਸਾਰ

— ਗੁਰਬਾਣੀ ਵਿਆਖਿਆ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਤੋਂ ਹੀ ਆਰੰਭ ਹੋ ਗਈ ਸੀ।

— ਉਦਾਸੀ ਸੰਪ੍ਰਦਾਇ ਦੇ ਉਦਭਵ ਬਾਰੇ ਦੋ ਮਤ ਹਨ। ਪਹਿਲਾ ਗੁਰੂ ਨਾਨਕ ਦੇਵ ਜੀ,

1 ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਨਿਰਮਲ ਸੰਪ੍ਰਦਾਇ, ਪੰਨਾ 181-82.

ਦੂਜਾ ਬ੍ਰਹਮਾ ਜੀ ਦੇ ਸਪੁੱਤਰ।

— ਉਦਾਸੀ ਮਤ ਗੁਰੂ ਬਾਬੇ ਦੇ ਸਪੁੱਤਰ ਬਾਬਾ ਸ੍ਰੀ ਚੰਦ ਨਾਲ ਵਿਧੀ-ਵਤ ਸ਼ੁਰੂ ਹੋਇਆ। ਗੁਰ-ਇਤਿਹਾਸ ਇਸਦਾ ਸਾਖੀ ਹੈ।

— ਨਿਰਮਲ ਸੰਪ੍ਰਦਾਇ ਦਾ ਆਰੰਭ ਗੁਰੂ ਨਾਨਕ ਸਾਹਿਬ ਨੇ ਨਹੀਂ ਦਸਮ ਗੁਰੂ ਜੀ ਨੇ ਕੀਤਾ।

— ਸਿੱਕਾ ਸ਼ਬਦ ਅਤੇ ਪੰਥ ਸ਼ਬਦ ਨਾਲ ਅਪਵਾਦ ਹੋਣ ਕਰਕੇ ਹੀ ਇਹ ਗੁੰਝਲ ਪਈ ਹੈ।

— ਦਸਮ ਗੁਰੂ ਨੇ ਪੰਜ ਸਿਖਾਂ ਨੂੰ ਬਨਾਰਸ ਸੰਸਕ੍ਰਿਤ ਪੜ੍ਹਨ ਲਈ ਭੇਜਿਆ ਵਾਪਸ ਆ ਕੇ ਇਹਨਾਂ ਲਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਤੋਂ ਅੰਮ੍ਰਿਤ ਪਾਨ ਕੀਤਾ ਇਥੋਂ ਹੀ ਦੋ ਨਿਰਮਲ ਸੰਪਰਦਾਵਾਂ ਸ਼ੁਰੂ ਹੋ ਗਈਆਂ। ਭਾਈ ਦਇਆ ਸਿੰਘ ਵਾਲੀ ਤੇ ਭਾਈ ਧਰਮ ਸਿੰਘ ਵਾਲੀ।

— ਭਾਈ ਭਗੀਰਥ ਤੋਂ ਨਿਰਮਲ ਸੰਪ੍ਰਦਾਇ ਦਾ ਆਰੰਭ ਹੋਇਆ ਹੋਵੇ, ਅਪਵਾਦ ਜਨਕ ਹੈ।

— ਪਠਨ-ਪਾਠਨ ਦਾ ਮਾਹੌਲ ਦਸਮ ਗੁਰੂ ਜੀ ਨੇ ਤਿੰਨ ਵਾਰ ਪੈਦਾ ਕੀਤਾ। ਪਹਿਲਾ ਅਨੰਦ ਪੁਰ, ਦੂਜਾ ਪਾਉਂਟਾ ਸਾਹਿਬ, ਤੀਜਾ ਸਾਬੋ ਕੀ ਤਲਵੰਡੀ।

— ਨਿਰਮਲ ਸੰਪ੍ਰਦਾਇ ਦੇ ਵਿਕਾਸ-ਕ੍ਰਮ ਵਿਚ ਪਹਿਲਾ ਚਰਣ ਮੌਖਿਕਤਾ ਨਾਲ ਸੰਬੰਧਿਤ ਹੈ। ਇਸਦੇ ਵੀ ਦੋ ਖੰਡ ਹਨ। ਪਹਿਲਾ ਜਦੋਂ ਪੰਜ ਸਿੱਖ ਪੜ੍ਹਨ ਗਏ ਤੇ ਪੜ੍ਹਕੇ ਆਏ। ਦੂਜਾ ਜਦੋਂ ਦਸਮ ਗੁਰੂ ਜੀ ਨੇ ਖੁਦ ਆਪ ਭਾਈ ਮਨੀ ਸਿੰਘ ਨੂੰ ਅਰਥ ਸੁਣਾਏ ਤੇ ਸਿਖਾਏ।

— ਦੋ ਟਕਸਾਲਾਂ ਜੋ ਹੋਂਦ ਵਿਚ ਆਈਆਂ : ਪਹਿਲੀ ਦਮਦਮੀ ਟਕਸਾਲ ਤੇ ਦੂਜੀ ਸਤੋਵਾਲੀ ਗਲੀ ਵਿਚ ਮਾਤਾ ਸੁੰਦਰੀ ਜੀ ਦੇ ਆਦੇਸ਼ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਖੋਲ੍ਹੀ ਇਹ ਅਰਥ ਸੰਪ੍ਰਦਾਈ ਹੀ ਹਨ।

— ਵਿਸਤਾਰ-ਕ੍ਰਮ ਵਿਚ ਦੂਸਰਾ ਚਰਣ ਡੇਰਿਆਂ ਦਾ ਸਥਾਪਿਤ ਹੋਣਾ ਤੇ ਪਠਨ-ਪਾਠਨ ਦਾ ਬਕਾਇਦੀ ਨਾਲ ਚਾਲੂ ਹੋਣਾ।

— ਨਿਰਮਲੇ ਸੰਤਾਂ ਨੇ ਅਖਾੜੇ ਦੀ ਨੀਂਹ ਰੱਖੀ। ਇਸ ਸਮੇਂ ਰੰਮਤ ਅਖਾੜੇ ਅਤੇ ਪ੍ਰਚਾਰ ਮੰਡਲੀਆਂ ਵੀ ਹੋਂਦ ਵਿਚ ਆਈਆਂ। ਇਹ ਨਿਰਮਲ ਸੰਪ੍ਰਦਾਇ ਦਾ ਤੀਸਰਾ ਚਰਣ ਹੈ।

— ਇਸ ਸਮੇਂ ਪੰਚਾਇਤੀ ਨਿਰਮਲ ਅਖਾੜੇ ਦੀ ਨੀਂਹ ਰੱਖੀ, ਸ੍ਰੀ ਮਹੰਤ ਦੀ ਨਿਯੁਕਤੀ ਹੋਈ ਤੇ ਇਕ ਨਿਸ਼ਚਿਤ ਨੇਮਾਵਲੀ ਹੋਂਦ ਵਿਚ ਆਈ, ਇਹ ਚੌਥਾ ਚਰਣ ਹੈ।

— ਨਿਰਮਲ ਸੰਪ੍ਰਦਾਇ ਦੇ ਵਿਕਾਸ-ਕ੍ਰਮ ਦਾ ਪੰਜਵਾਂ ਚਰਣ ਲੇਖਨ ਕਾਰਜ ਨਾਲ ਸੰਬੰਧਿਤ ਹੈ, ਜਿਸ ਵਿਚ ਨਾਮੀ ਵਿਦਵਾਨ ਆਏ ਤੇ ਪੱਤਰਕਾਰੀ ਨੇ ਆਪਣੇ ਜੌਹਰ ਵਿਖਾਏ।

— ਨਿਰਮਲੇ ਸੰਤ ਦਸਮ ਗੁਰੂ ਦੇ ਹੁਕਮ ਅਨੁਸਾਰ ਭਾਰਤ ਦੇ ਕੋਨੇ-ਕੋਨੇ ਵਿਚ ਪਹੁੰਚ ਕੇ ਆਮ ਅਵਾਮ ਨੂੰ ਰੱਬੀ ਰਾਹ 'ਤੇ ਤੋਰਦੇ ਰਹੇ ਤੇ ਗੁਰੂ ਘਰ ਦੇ ਪ੍ਰਚਾਰ ਦੇ ਨਾਲ-ਨਾਲ ਸਰਬ ਪੱਖੀ ਸੇਵਾ ਵੱਲ ਵੀ ਧਿਆਨ ਦਿੱਤਾ।

## ਸਹਾਇਕ ਪੁਸਤਕ ਸੂਚੀ


1. ਈਸ਼ਰ ਸਿੰਘ ਨਾਰਾ, *ਇਤਿਹਾਸ ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀ ਸੰਪ੍ਰਦਾਇ।*
2. ਸਰਬਜਿੰਦਰ ਸਿੰਘ ਡਾ., *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ।*
3. ਸੰਤਰੇਣ ਪ੍ਰੇਮ ਸਿੰਘ, *ਗੁਰੂ ਨਾਨਕ ਵਿਜੈ ਗ੍ਰੰਥ।*
4. ਸੰਤੋਖ ਸਿੰਘ ਭਾਈ, *ਗੁਰ ਪ੍ਰਤਾਪ ਸੂਰਜ ਗ੍ਰੰਥ।*

5. ਕਾਹਨ ਸਿੰਘ, *ਮਹਾਨ ਕੋਸ਼।*
6. *ਗੁਰੂ ਗ੍ਰੰਥ ਸਾਹਿਬ*, ਭਾਈ ਚਤਰ ਸਿੰਘ ਜਵਾਹਰ ਸਿੰਘ।
7. *ਗੁਰੂ ਗ੍ਰੰਥ ਕੋਸ਼*, ਡਾ. ਚਰਨ ਸਿੰਘ।
8. ਗਿਆਨ ਸਿੰਘ ਗਿਆਨੀ, *ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ।*
9. ਗੁਰਦਾਸ ਭਾਈ, *41 ਵਾਰਾਂ ਭਾਈ ਗੁਰਦਾਸ।*
10. ਗੁਰਬਚਨ ਸਿੰਘ ਖਾਲਸਾ, *ਸ੍ਰੀ ਗੁਰਮੁਖ ਪ੍ਰਕਾਸ਼।*
11. ਜਸਬੀਰ ਸਿੰਘ ਸਾਬਰ, *ਗਿਆਨ ਰਤਨਾਵਲੀ।*
12. ਜਸਬੀਰ ਸਿੰਘ ਰਾਏ, *ਨਿਰਮਲ ਸੰਪ੍ਰਦਾਇ*, ਸੰਪਾ:, ਪ੍ਰੋ. ਪ੍ਰੀਤਮ ਸਿੰਘ।
13. ਪ੍ਰੀਤਮ ਸਿੰਘ (ਪ੍ਰੋ.), *ਨਿਰਮਲ ਸੰਪ੍ਰਦਾਇ।*
14. ਬਲਵੰਤ ਸਿੰਘ ਗਿਆਨੀ, *ਨਿਰਮਲ ਸੰਪ੍ਰਦਾਇ*, ਸੰਪਾ. ਡਾ. ਸਰਬਜਿੰਦਰ ਸਿੰਘ।
15. ਬਿਸ਼ਨ ਸਿੰਘ, *ਸਟੀਕ 41 ਵਾਰਾਂ ਭਾਈ ਗੁਰਦਾਸ।*
16. ਡਾ. ਰਤਨ ਸਿੰਘ ਜੱਗੀ, *ਸਾਹਿਤ ਕੋਸ਼, ਪਾਰਿਭਾਸ਼ਕ ਸ਼ਬਦਾਵਲੀ।*
17. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼।*

# ਨਿਰਮਲ ਸੰਪ੍ਰਦਾਇ

*ਗਿਆਨੀ ਬਲਵੰਤ ਸਿੰਘ ਕੋਠਾਗੁਰੂ**

*ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥* (ਭਾ. ਗੁ., ੧/੪੫)
*ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥* (ਪੰਨਾ ੧੪੦੯)

ਉੱਤਰੀ ਭਾਰਤ ਦੀਆਂ ਸੰਪ੍ਰਦਾਵਾਂ ਵਿਚ ਨਿਰਮਲ ਸੰਪ੍ਰਦਾਇ ਦਾ ਵਿਸ਼ੇਸ਼ ਸਥਾਨ ਹੈ। ਇਸ ਸੰਪ੍ਰਦਾਇ ਦੇ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸਿੱਖ ਇਤਿਹਾਸ ਵਿਚ ਜ਼ਿਕਰ ਆਇਆ ਹੈ। ਭਾਦਰੋਂ ਸੁਦੀ 13 ਸੰਮਤ 1564 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਾਲੀ ਵੇਈਂ ਵਿੱਚ ਇਸ਼ਨਾਨ ਕਰਨ ਸਮੇਂ ਚੁੱਭੀ ਲਾ ਕੇ ਸਚਖੰਡ ਵਿਚ ਪਹੁੰਚ ਗਏ। ਅਕਾਲ ਪੁਰਖ ਦੇ ਦਰ 'ਤੇ 'ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ' ਵਾਲਾ ਸ਼ਬਦ ਉਚਾਰਨ ਕਰਕੇ ਉਸਤਤੀ ਕੀਤੀ। ਇਸ ਸਮੇਂ ਅਕਾਲ ਪੁਰਖ ਨੇ ਮੂਲ ਮੰਤ੍ਰ ਬਖ਼ਸ਼ ਕੇ ਸਤਿਗੁਰੂ ਜੀ ਨੂੰ ਆਗਿਆ ਕੀਤੀ ਕਿ 'ਤਪ' ਰਹੇ ਸੰਸਾਰ ਨੂੰ ਨਾਮ ਜਪਾਓ, ਸਿਮਰਨ ਵਿਚ ਲਾਓ। ਸਤਿਗੁਰੂ ਜੀ ਨੇ ਵਾਹਿਗੁਰੂ ਦੇ 'ਨਾਮ' ਦਾ 'ਸੱਤਿ' ਦੇ ਆਧਾਰ 'ਤੇ ਰਾਜ ਕਾਇਮ ਕੀਤਾ। 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ' (ਪੰਨਾ ੯੬੬) 'ਸੱਚ' ਤੇ 'ਨਾਮ' ਬ੍ਰਹਿਮੰਡ ਰਚਨਾ ਤੋਂ ਵੀ ਪਹਿਲਾਂ ਸਨ, ਹੁਣ ਵੀ ਹਨ ਅਤੇ ਸਦੈਵ ਰਹਿਣਗੇ। ਗੁਰਬਾਣੀ ਦਾ ਫ਼ੁਰਮਾਨ ਹੈ: 'ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥' (ਪੰਨਾ ੧੨੪੮) ਇਸ ਸੱਚ ਦੇ ਰਾਜ ਦਾ ਨਿਰਮਲ ਪੰਥ ਸਿੱਕਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ, 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।' (ਭਾ. ਗੁਰ. 1/45) ਸੰਸਾਰੀ ਰਾਜਿਆਂ ਦੇ ਸਿੱਕੇ ਬੰਦ ਹੁੰਦੇ ਰਹਿੰਦੇ ਹਨ ਅਤੇ ਬਦਲਦੇ ਰਹਿੰਦੇ ਹਨ, ਨਵੇਂ ਚੱਲਦੇ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚ ਦੇ ਰਾਜ ਦਾ ਸਿੱਕਾ 'ਨਿਰਮਲ ਪੰਥ' ਸਦੈਵ ਸਥਿਰ ਰਹੇਗਾ, ਨਾ ਬਦਲੇਗਾ ਨਾ ਮਿਟੇਗਾ। ਇਸ ਭੇਖ ਦੀ ਮਰਯਾਦਾ ਅਨੁਸਾਰ ਚੱਲਣ ਵਾਲਿਆਂ ਦਾ ਜੀਵਨ ਲੋਕ-ਪ੍ਰਲੋਕ ਵਿਚ ਸਫ਼ਲ ਹੁੰਦਾ ਰਹੇਗਾ।

ਸਤਿਗੁਰੂ ਜੀ ਅਕਾਲ ਪੁਰਖ ਦੇ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਵੇਈਂ ਨਦੀ ਵਿਚੋਂ ਪ੍ਰਗਟ ਹੋਏ। ਸਤਿਗੁਰੂ ਜੀ ਦਾ ਅਨਨਯ ਸਿੱਖ ਭਾਈ ਭਾਗੀਰਥ ਸ਼ਰਧਾ ਪੂਰਵਕ ਤਿੰਨ ਦਿਨ ਤੋਂ ਸਤਿਗੁਰੂ ਜੀ ਦੇ ਦਰਸ਼ਨ ਲਈ ਇਕਾਗਰ ਚਿੱਤ ਨਦੀ ਕਿਨਾਰੇ ਖੜ੍ਹਾ ਰਿਹਾ। ਸਤਿਗੁਰੂ ਜੀ ਨੇ ਪ੍ਰਸੰਨਤਾ ਪੂਰਬਕ ਸ਼ਰਧਾ ਭਗਤੀ ਵੇਖ ਕੇ ਭਾਈ ਭਾਗੀਰਥ ਨੂੰ ਮੂਲ ਮੰਤ੍ਰ ਤੇ ਨਿਰਮਲ ਭੇਖ ਦੇ ਕੇ ਨਿਵਾਜਿਆਂ। ਇਸ ਤਰ੍ਹਾਂ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੋਇਆ ਹੈ। ਭਾਈ ਭਾਗੀਰਥ ਜੀ ਨੇ ਸਤਿਗੁਰੂ ਜੀ ਦੀ ਉਸਤਤੀ ਵਿਚ ਇਕ ਵਾਰ ਵੀ ਲਿਖੀ ਹੈ, ਜਿਸ ਵਿਚੋਂ ਕੁਝ ਪੰਕਤੀਆਂ ਅੰਕਿਤ ਕਰਦੇ ਹਾਂ:

* ਪਿੰਡ ਤੇ ਡਾਕ. ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ 151206

"ਬਾਬਾ ਬੇਂਈ ਨਾਇ ਕੈ ਸੱਚਖੰਡ ਮੇਂ ਪਹੁਤਾ ਜਾਈ।
ਬੇਂਈ ਵਿਚੋਂ ਨਿਕਲੇ ਰੰਗ ਮਜੀਠੀ ਬਸਨ ਧਰਾਈ।
ਬੈਠੇ ਕਬਰ ਸਥਾਨ ਮੇਂ ਦਰਸ਼ਨ ਕਉ ਉਲਟੀ ਲੋਕਾਈ।
ਵਾਹਿਗੁਰੂ ਸਤਿਨਾਮੁ ਦੈ, ਚਾਰਿ ਬੇਦ ਕਉ ਸਾਰਿ ਬਤਾਈ।
ਖੰਡ ਬ੍ਰਹਮੰਡੀ ਸੈਲ ਕਰ ਭਵ ਨਿਧ ਤਾਰੀ ਖਲਕ ਸਬਾਈ।
ਨਿਰਮਲ ਪੰਥੁ ਚਲਾਇਆ ਏਕ ਬਿਵੇਕ ਭਗਤਿ ਦ੍ਰਿੜਾਈ।
ਸਾਧਨ ਕਠਿਨ ਛਡਾਇ ਕੈ ਗੁਰ ਸਿਖੀ ਦੀ ਰੀਤਿ ਚਲਾਈ।
ਕਲਿਜੁਗ ਨਾਨਕ ਕਲਾ ਦਿਖਾਈ।" (ਵਾਰ ਪਉੜੀ ੩੨ਵੀਂ)

ਇਸ ਤਰ੍ਹਾਂ ਨਿਰਮਲ ਭੇਖ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ, ਜੋ ਦਸਮ ਪਾਤਸ਼ਾਹ ਤੱਕ ਵਿਧੀਵਤ ਦਸਾਂ ਸਤਿਗੁਰੂਆਂ ਦੀ ਆਗਿਆ ਅਨੁਸਾਰ ਦੇਸਾਂ-ਪ੍ਰਦੇਸਾਂ ਵਿਚ ਧਰਮ ਪ੍ਰਚਾਰ ਕਰਦਾ ਰਿਹਾ।

ਨਿਰਮਲ ਸ਼ਬਦ ਦਾ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਤਰ੍ਹਾਂ ਕੀਤਾ ਹੈ: ਅਵਿਦਿਆ, ਮੈਲ ਰਹਿਤ, ਨਿਰਮਲ ਧਰਮ, ਖ਼ਾਲਸਾ ਧਰਮ, ਸਿੱਖ ਧਰਮ। ਨਿਰਮਲ ਪੰਥ ਸਿੱਖ ਸੰਪ੍ਰਦਾਏ 'ਅਹਿਨਿਸ ਨਵਤਨ ਨਿਰਮਲਾ ਮੈਲ ਨ ਕਬਹੂ ਹੋਇ।' ਸਿੱਖ ਧਰਮ ਧਾਰਨ ਵਾਲਾ ਗੁਰੂ ਨਾਨਕ ਦਾ ਸਿੱਖ 'ਸਾਧ ਸੰਗ ਹੋਏ ਨਿਰਮਲਾ ਨਾਨਕ ਪ੍ਰਭ ਕੇ ਰੰਗ', 'ਸਬਦ ਰਤੇ ਸੇ ਨਿਰਮਲੇ।'

ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾ ਅਵਤਾਰ ਸਨ। ਹਿੰਦੂ ਧਰਮ ਦੀ ਰੱਖਿਆ, ਭਾਰਤੀ ਸੰਸਕ੍ਰਿਤੀ, ਸਭਿਆਚਾਰ ਦੀ ਰੱਖਿਆ ਦਾ ਉਪਦੇਸ਼ ਦਿੱਤਾ। ਆਪ ਇਸ ਕਾਰਜ ਦੀ ਪੂਰਤੀ ਵਾਸਤੇ ਮਨ, ਬਾਣੀ, ਕਰਮ ਕਰਕੇ ਦ੍ਰਿੜ੍ਹ ਹੋ ਗਏ। ਭਾਰਤੀਆਂ ਵਿਚ ਜੋ ਕਾਇਰਤਾ/ਨਿਪੁੰਸਕਤਾ ਘਰ ਕਰ ਚੁੱਕੀ ਸੀ, ਉਸ ਨੂੰ ਖ਼ਤਮ ਕਰਨ ਦਾ ਨਿਰਣੈ ਕਰਕੇ ਦੇਸ਼ ਦੀ ਜਨ-ਸਾਧਾਰਨ ਜਨਤਾ ਵਿਚ ਸ੍ਵੈ-ਵਿਸ਼ਵਾਸ, ਸ੍ਵੈਮਾਨ, ਦ੍ਰਿੜ੍ਹਤਾ, ਆਤਮ ਬਲ ਭਰਨ ਲਗੇ। ਭਾਰਤੀਆਂ ਵਿਚ ਅਣਖ-ਗ਼ੈਰਤ ਪੈਦਾ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ। ਇਸੇ ਕਾਰਜ ਨੂੰ ਅੱਗੇ ਤੋਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਚ ਸ਼ਾਸਤ੍ਰ ਅਤੇ ਸ਼ਸਤਰ ਦਾ ਏਕੀਕਰਨ ਕੀਤਾ। ਆਪ ਸ੍ਵਯੰ ਓਜ ਪੂਰਨ ਬਾਣੀ ਦਾ ਉਚਾਰਨ ਕਰਦੇ ਸਨ। ਆਪ ਜੀ ਦੇ ਦਰਬਾਰ ਵਿਚ ਬ੍ਰਜ ਭਾਸ਼ਾ, ਹਿੰਦੀ, ਪੰਜਾਬੀ, ਫ਼ਾਰਸੀ ਅਤੇ ਅਰਬੀ ਦੇ ਵਿਦਵਾਨ, ਆਲਮ ਫ਼ਾਜ਼ਲ ਮੌਜੂਦ ਸਨ ਪਰ ਆਪ ਪੁਰਾਤਨ ਭਾਰਤੀ ਦਰਸ਼ਨ, ਸਾਹਿੱਤ, ਕਾਵਿ, ਇਤਿਹਾਸ ਦੇ ਅਧਿਐਨ ਵਾਸਤੇ ਸੰਸਕ੍ਰਿਤ ਦਾ ਪੜ੍ਹਨਾ ਜ਼ਰੂਰੀ ਸਮਝਦੇ ਸਨ।

ਗੁਰੂ ਜੀ ਦੇ ਦਰਬਾਰ ਵਿਚ ਪੰਡਿਤ ਰਘੂਨਾਥ ਸੰਸਕ੍ਰਿਤ ਗ੍ਰੰਥਾਂ ਦੀ ਕਥਾ ਕਰਦਾ ਸੀ। ਸਤਿਗੁਰੂ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਸੰਸਕ੍ਰਿਤ ਵੀ ਪੜ੍ਹਾਇਆ ਕਰਨ। ਪਰ ਪੰਡਿਤ ਜੀ ਨੇ ਸਿੱਖਾਂ ਨੂੰ ਵਿੱਦਿਆ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਕਿ ਸਿੱਖ ਨੀਵੀਂ ਜਾਤੀ (ਸ਼ੂਦਾਂ) ਵਿਚੋਂ ਹਨ। ਬ੍ਰਾਹਮਣ ਨਹੀਂ ਹਨ ਅਤੇ ਨਾ ਹੀ ਕਸ਼ਤ੍ਰੀ ਹਨ। ਇਸ ਵਾਸਤੇ ਸਿੱਖ, ਦੇਵਭਾਸ਼ਾ (ਵੇਦ) ਬਾਣੀ ਪੜ੍ਹਨ ਦੇ ਅਧਿਕਾਰੀ ਨਹੀਂ ਹਨ।

ਸਤਿਗੁਰੂ ਜੀ ਨੇ ਪੰਡਿਤ ਰਘੂਨਾਥ ਦੀ ਇਹ ਨਿਰਾਰਥਕ ਤਰਕ ਸੁਣਕੇ ਫ਼ੁਰਮਾਇਆ, "ਪੰਡਿਤ ਜੀ, ਜਿਨ੍ਹਾਂ ਨੂੰ ਤੁਸੀਂ ਸ਼ੂਦ੍ਰ ਕਹਿੰਦੇ ਹੋ, ਇਨ੍ਹਾਂ ਸਿੱਖਾਂ ਦੇ ਚਰਨਾਂ ਵਿਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ, ਸ਼ਾਸਤ੍ਰ ਆਦਿ 14 ਵਿੱਦਿਆ ਪੜ੍ਹਨਗੇ। ਇਹ ਸਿੱਖ ਬ੍ਰਾਹਮਣਾਂ ਦੇ ਵਿਦਿਆ ਗੁਰੂ ਹੋਣਗੇ।" ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

"ਬੋਲੇ ਗੁਰ ਸੁਨਿ ਦੂਜ ਕੀ ਬਾਨੀ। ਹੇ ਦੂਜ ਮਹਾਂ ਮੂਢ ਅਭਿਮਾਨੀ॥

*ਜੋ ਬਿੱਦਿਆ ਪਢਿ ਤੂੰ ਗਰਬੈ ਹੈਂ। ਮਮ ਸਿੱਖਨ ਕੋ ਸੂਦਰ ਕੇਹੈਂ॥*
*ਇਨ ਹੀ ਮੇਰੇ ਸਿੱਖਨ ਤੈ ਲਖਿ। ਬਿਦਯਾ ਬੇਦ ਪਢੈਂਗੇ ਦੂਜ ਦਖ॥*
*ਨਿਗਮਾਗਮ ਲੌ ਚੌਦਯ ਬਿਦਯਾ। ਮੈਂ ਨਿਜ ਪੰਥੈ ਦਈ ਪ੍ਰਸਿੱਧਯਾ॥*
*ਜਿਨ ਕੋ ਤੂੰ ਸੂਦਰ ਬਤਰੈਹੈਂ। ਬਿਦਯਾ ਗੁਰੁ ਦਿੱਜਨ ਇਹ ਥੈਹੈਂ॥"*

(ਪੰਥ ਪ੍ਰਕਾਸ਼ ਪੰਨਾ ੨੨੮੭)

## ਪੰਜ ਸੰਤਾਂ ਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਭੇਜਣਾ

ਕੁਝ ਸਮੇਂ ਬਾਅਦ 1686 ਈ: ਨੂੰ ਸਤਿਗੁਰੂ ਜੀ ਨੇ ਵਿਸ਼ੇਸ਼ ਸਮਾਗਮ ਬੁਲਾਇਆ, ਜਿਸ ਵਿਚ ਦੂਰ-ਨੇੜੇ ਦੀ ਸਮੂਹ ਸੰਗਤ ਇਕੱਤਰ ਹੋਈ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਜੀ ਨੇ ਸਦ-ਉਪਦੇਸ਼ ਦਿੰਦੇ ਹੋਏ ਵਿਦਿਆ ਦੀ ਮਹਾਨਤਾ ਦੀ ਵਿਆਖਿਆ ਵੀ ਕੀਤੀ ਅਤੇ ਸਰਬੱਤ ਨੂੰ ਵਿਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ। ਨਾਲ ਹੀ ਗੁਰਬਾਣੀ ਅਤੇ ਭਾਸ਼ਾ ਦੇ ਪੰਜ ਪ੍ਰਸਿੱਧ ਵਿਦਵਾਨਾਂ ਨੂੰ ਆਵਾਜ਼ ਦੇ ਕੇ ਖੜ੍ਹੇ ਹੋਣ ਦਾ ਆਦੇਸ਼ ਦਿੱਤਾ। ਇਹ ਪੰਜੇ ਵਿਦਵਾਨ- ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੱਥ ਜੋੜ ਕੇ ਖੜ੍ਹੇ ਹੋ ਗਏ।

ਇਨ੍ਹਾਂ ਦੀ ਚੋਣ ਸਤਿਗੁਰੂ ਜੀ ਨੇ ਇਸ ਵਾਸਤੇ ਕੀਤੀ ਸੀ ਕਿ ਇਨ੍ਹਾਂ ਨੂੰ ਵਿਦਿਆ ਨਾਲ ਅਨੁਰਾਗ ਸੀ। ਬੁੱਧੀ ਸੂਖ਼ਮ ਸੀ, ਗ੍ਰੰਥਾਂ ਦੇ ਅਤਿ ਗੂੜ੍ਹ ਵਿਸ਼ਿਆਂ, ਪਦਾਰਥਾਂ ਨੂੰ ਸਮਝਣ ਦੀ ਸਮਰੱਥਾ ਰੱਖਦੇ ਸਨ। ਭਾਸ਼ਾ ਦੇ ਪਹਿਲਾਂ ਹੀ ਵਿਦਵਾਨ ਸਨ। ਨਵਯੁਵਕ ਸਨ, ਸੈਲਾਨੀ ਸੁਭਾਉ ਸੀ ਅਤੇ ਉੱਚੇ ਆਚਰਣ ਦੇ ਮਾਲਕ ਸਨ। ਸਤਿਗੁਰੂ ਜੀ ਦੇ ਆਗਿਆਕਾਰ ਸਨ। ਆਵਾਜ਼ਾ ਸੁਣ ਕੇ ਚਰਨਾਂ ਵਿਚ ਹਾਜ਼ਿਰ ਹੋ ਕੇ ਨਮਸਕਾਰ ਕਰਕੇ ਖੜ੍ਹੇ ਹੋ ਗਏ। ਦੀਵਾਨ ਖਚਾ-ਖਚ ਭਰਿਆ ਹੋਇਆ ਸੀ। ਸੰਗਤ ਸਾਹ ਰੋਕ ਕੇ ਹੁਕਮ ਸੁਣਨ ਵਾਸਤੇ ਕਾਹਲੀ ਸੀ।

ਸਤਿਗੁਰੂ ਜੀ ਨੇ ਫ਼ੁਰਮਾਇਆ, "ਤੁਹਾਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਜੀ ਨੂੰ ਭੇਜ ਰਹੇ ਹਾਂ। ਕਖਾਏ ਵਸਤਰ ਧਾਰਨ ਕਰਕੇ ਸੰਨਿਆਸੀ ਰੂਪ ਵਿਚ, ਵੇਦ/ਸ਼ਾਸਤ੍ਰਾਂ ਦੀ ਸੰਸਕ੍ਰਿਤੀ ਵਿਚ ਸਾਰੀ ਵਿਦਿਆ ਪ੍ਰਾਪਤ ਕਰੋ। ਅੱਜ ਹੀ ਸਾਰੀ ਤਿਆਰੀ ਕਰ ਕੇ ਅੰਮ੍ਰਿਤ ਵੇਲੇ ਯਾਤਰਾ ਆਰੰਭ ਦੇਣੀ, ਡੋਲਣਾ ਨਹੀਂ, ਸਤਿਗੁਰੂ ਅੰਗ-ਸੰਗ ਹਨ। ਜੋ ਵਿਦਿਆ ਜਨ-ਸਾਧਾਰਨ 12 ਵਰਸ਼ਾਂ ਵਿਚ ਪ੍ਰਾਪਤ ਕਰਦੇ ਹਨ, ਉਹ ਵਿਦਿਆ 12 ਮਹੀਨਿਆਂ ਵਿਚ ਪ੍ਰਾਪਤ ਕਰ ਲਵੋਗੇ। ਸਾਡੇ ਇਸ ਵਰਦਾਨ ਨਾਲ ਦੇਸ਼ ਦੇ ਧੁਰੰਧਰ ਪੰਡਿਤ ਬਣੋਗੇ। ਅੱਗੇ ਇਸ ਵਿਦਿਆ ਨੂੰ ਪੰਥ ਵਿਚ ਪ੍ਰਚਾਰਨਾ। ਜਿਸ ਤਰ੍ਹਾਂ ਦੀ ਤੁਹਾਡੀ ਨਿਰਮਲ ਬੁੱਧੀ ਹੈ, ਇਸ ਤਰ੍ਹਾਂ ਨਿਰਮਲੇ ਬਣ ਕੇ ਰਹਿਣਾ, ਜਾਓ !" ਪੰਜਾਂ ਦੇ ਸਿਰ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿਚ ਝੁਕ ਗਏ।

ਦੂਸਰੇ ਦਿਨ ਭਗਵੇਂ ਵਸਤਰ ਧਾਰਨ ਕਰਕੇ, ਗਾਤੀਆਂ ਲਾ ਕੇ, ਚਿੱਪੀਆਂ ਲੈ ਕੇ, ਪੰਜੇ ਸੰਤ ਕਾਸ਼ੀ ਜੀ ਜਾਣ ਵਾਸਤੇ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਸਤਿਗੁਰੂ ਜੀ ਵੇਖ ਕੇ ਪਰਮ ਪ੍ਰਸੰਨ ਹੋਏ ਅਤੇ ਅਨੇਕ ਆਸ਼ੀਰਵਾਦ ਦੇ ਕੇ ਕਾਸ਼ੀ ਜੀ ਨੂੰ ਜਾਣ ਦੀ ਇਸ ਤਰ੍ਹਾਂ ਆਗਿਆ ਕੀਤੀ ਤੇ ਫ਼ੁਰਮਾਇਆ:

*"ਜਾਓ ! ਮੇਰੇ ਲਾਲ ਪਾਲ ਕਰ ਹੈ ਅਕਾਲ ਥਾਰੀ,*
*ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ।*
*ਕਾਮ ਕ੍ਰੋਧ ਲੋਭ ਤਯਾਗ ਸਾਗ ਪਾਤ ਖਾਇ ਬਹ,*
*ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ।*
*ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ,*
*ਸੋਈ ਅਬ ਪ੍ਰਗਟੀ ਯੋ ਦੇਸ ਇਸ ਸਾਰੇ ਪੈ।*

*ਵਰਣ ਤੁਮਾਰੇ ਅਬ ਆਸ਼੍ਰਮ ਸੰਨਯਾਸ ਭਯੋ,*
*ਲਯੋ ਹੈ ਅਰੂਜ ਪਦ ਊਚ ਚੰਦ ਤਾਰੇ ਪੈ।"*

ਇਸ ਤਰ੍ਹਾਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਨਮਸਕਾਰ ਅਤੇ ਪਰਿਕ੍ਰਮਾ ਕਰਕੇ ਇਹ ਪੰਜੇ ਸੰਤ ਕਾਸ਼ੀ ਜੀ ਨੂੰ ਚਲੇ ਗਏ। ਕਾਸ਼ੀ ਜੀ ਪਹੁੰਚ ਕੇ ਜਤਨੇ ਬ੍ਰਾਹਮਣ ਦੇ ਬਟ (ਬੋਹੜ) ਹੇਠ ਜਾ ਕੇ ਆਸਨ ਲਾਏ, ਘਾਸ ਦੀ ਛੰਨ (ਛੱਪਰੀ) ਬਣਾ ਕੇ ਰਹਿਣ ਲੱਗੇ। ਇਹ ਜਤਨ ਮੱਠ ਪ੍ਰਸਿੱਧ ਨਾਉਂ 'ਚੇਤੰਨ ਮੱਠ' ਨਿਰਮਲ ਪੰਥ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ।

ਛੇਤੀ ਹੀ ਪੰਡਿਤ ਸਦਾ ਨੰਦ ਜੀ ਕੋਲ ਪੜ੍ਹਨ ਦਾ ਪ੍ਰਬੰਧ ਹੋ ਗਿਆ। ਪੰਡਿਤ ਸਦਾ ਨੰਦ ਜੀ ਕਾਸ਼ੀ ਦੇ ਮੰਨੇ-ਪ੍ਰਮੰਨੇ ਅਧਿਆਪਕ ਸਨ। ਸਤੋਗੁਣੀ, ਕੋਮਲ, ਨਿਮਰ ਸੁਭਾਅ ਸੀ। ਵਿਦਿਆਰਥੀਆਂ ਨਾਲ ਹਿਤ ਕਰਨ ਵਾਲੇ ਸਨ। ਜਿਸ ਤਰ੍ਹਾਂ ਦੇ ਯੋਗ ਅਧਿਆਪਕ ਸਨ, ਇਸੀ ਤਰ੍ਹਾਂ ਦੇ ਵਿਦਿਆ ਅਨੁਰਾਗੀ ਪੰਜੇ ਵਿਦਿਆਰਥੀ ਸਨ, ਜੋ ਅਮੋਲਕ ਸਮੇਂ ਨੂੰ ਵਿਦਿਆ ਅਧਿਐਨ ਵਿਚ ਬਤੀਤ ਕਰਦੇ ਸਨ। ਹਾਸ-ਬਿਲਾਸ, ਨ੍ਰਿਤ, ਗੀਤ ਵਿਚ ਸਮਾਂ ਲਾਉਣਾ ਘਾਤਕ ਸਮਝਦੇ ਸਨ। ਹਰ ਤਰ੍ਹਾਂ ਦੇ ਸੁੱਖ-ਸਵਾਦ ਤੋਂ ਦੂਰ ਰਹਿੰਦੇ ਸਨ। ਇਕਾਗਰ ਮਨ ਨਾਲ ਕੇਵਲ ਆਦਰਸ਼ ਮੁੱਖ ਰੱਖਿਆ ਸੀ ਕਿ ਵੱਧ ਤੋਂ ਵੱਧ ਵਿਦਿਆ ਅਧਿਐਨ ਕੀਤਾ ਜਾਵੇ।

ਕਾਸ਼ੀ ਵਿਚ ਇਹ ਪ੍ਰਸਿੱਧ ਹੋ ਗਈ ਕਿ ਨਵੇਂ ਆਏ ਪੰਜੇ ਪੰਜਾਬੀ ਸੰਤ ਕੋਈ ਚਮਤਕਾਰੀ ਵਿਅਕਤੀ ਸਨ। ਜੋ ਵਿਦਿਆ ਕਈ ਵਰਸ਼ਾਂ ਵਿਚ ਪੜ੍ਹੀ ਜਾ ਸਕਦੀ ਹੈ, ਉਹ ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਪ੍ਰਾਪਤ ਕਰ ਲਈ। ਇਸ ਦਾ ਕਾਰਣ ਇਹ ਸੀ - ਸਤਿਗੁਰੂ ਦਾ ਵਰਦਾਨ ਹੋਣਾ, ਵਿਦਿਆ ਦਾਤਾ ਦੇ ਪੜ੍ਹਾਉਣ ਦਾ ਢੰਗ, ਪੜ੍ਹਨ ਦਾ ਅਣਥੱਕ ਅਭਿਆਸ, ਧਰਮ ਪ੍ਰਚਾਰ ਦੀ ਲਗਨ, ਪੰਥ ਵਿਚ ਸੰਸਕ੍ਰਿਤ ਵਿਦਿਆ ਦੇ ਪਰਿਵ੍ਰਿਤ ਕਰਨ ਦਾ ਉਤਸ਼ਾਹ। ਇਸ ਕਰਕੇ ਇਹ ਪੰਜੇ ਸੰਤ ਵਿਆਕਰਣ, ਵੇਦ, ਵੇਦਾਂਗ, ਨਯਾਯ, ਵੇਦਾਂਤ ਆਦਿਕ ਸਰਵ ਵਿਦਿਆ ਦੇ ਪ੍ਰਕਾਂਡ ਪੰਡਿਤ ਬਣ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

*"ਪਹੁੰਚੇ ਕਾਂਸ਼ੀ ਪੁਰੀ ਉਦਾਰੇ। ਚੇਤਨ ਮਠ ਮੈਂ ਰਹੇ ਵਿਚਾਰੇ।*
*ਸਾਧ ਨਿਰਮਲੇ ਤਹਿ ਬਿਦਤਾਏ। ਵਿਦਯਾ ਪਢੀ ਅਧਿਕ ਮਨ ਲਾਏ।"*

ਸ੍ਰੀ ਅਨੰਦਪੁਰ ਸਾਹਿਬ ਬੈਕੁੰਠ ਧਾਮ ਬਣਿਆ ਹੋਇਆ ਹੈ। ਸੰਗਤਾਂ ਦੀ ਆਵਾਜਾਈ, ਸਤਿਗੁਰੂ ਜੀ ਦੇ ਦਰਸ਼ਨ, ਉਪਦੇਸ਼, ਕਥਾ-ਕੀਰਤਨ, ਕਵੀਆਂ ਦੀਆਂ ਨਵੀਆਂ-ਨਵੀਆਂ ਕਵਿਤਾਵਾਂ ਅਤੇ ਕਵੀ ਦਰਬਾਰ, ਅੰਮ੍ਰਿਤਧਾਰੀ ਸਿੰਘਾਂ ਦੇ ਜੰਗੀ ਅਭਿਆਸ, ਪਾਉਂਟਾ ਸਾਹਿਬ ਦੀ ਤਰ੍ਹਾਂ ਸ੍ਰੀ ਅਨੰਦਪੁਰ ਵੀ ਵਿਦਿਆ ਦਾ ਸੁਮੇਲ ਬਣਿਆ ਹੋਇਆ ਹੈ। ਇਕ ਦੂਸਰੇ ਪ੍ਰਤੀ ਪ੍ਰੇਮ, ਭਾਵ ਅਤੇ ਸ਼ਰਧਾ ਵੇਖਣ ਵਾਲੀ ਹੈ।

ਪਾਉਂਟਾ ਸਾਹਿਬ ਵਿਚ ਸੰਨ 1686 ਈ. ਨੂੰ ਪੰਜ ਸੰਤਾਂ- ਭਾਈ ਕਰਮ ਸਿੰਘ, ਭਾਈ ਰਾਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਸੈਣਾ ਜੀ ਦੀ ਚੋਣ ਹੋਈ ਸੀ। ਇਹ ਸਤਿਗੁਰੂ ਜੀ ਨੇ ਪਹਿਲੇ ਹੀ ਸੋਚ ਸਮਝ ਕੇ ਸੰਗਤ ਵਿਚੋਂ ਨਾਉਂ ਲੈ ਕੇ ਚੁਣੇ ਸਨ। ਇਹ ਉਨ੍ਹਾਂ ਵਿਅਕਤੀਆਂ ਦੀ ਚੋਣ ਕੀਤੀ ਸੀ ਜੋ ਵਿਵੇਕ ਬੁੱਧੀ ਵਾਲੇ ਸਨ, ਭਾਸ਼ਾ ਅਤੇ ਗੁਰਬਾਣੀ ਦੇ ਵਿਦਵਾਨ ਸਨ, ਜਿਨ੍ਹਾਂ ਨੂੰ ਪਠਨ-ਪਾਠਨ ਦਾ ਹੀ ਪ੍ਰੇਮ ਸੀ। ਵਿਦਿਆ ਅਨੁਰਾਗੀ ਹੋਣ ਕਰਕੇ ਸੰਸਕ੍ਰਿਤ (ਵੇਦ, ਵੇਦਾਂਤ, ਸ਼ਾਸਤ੍ਰ, ਵਿਆਕਰਣ, ਉਪਨਿਸ਼ਦ, ਪੁਰਾਣ, ਰਾਮਾਇਣ, ਮਹਾਂਭਾਰਤ) ਪੜ੍ਹਨ ਵਾਸਤੇ ਕਾਸ਼ੀ ਜੀ ਭੇਜਿਆ ਸੀ। ਇਨ੍ਹਾਂ ਪੰਜਾਂ ਦੀ ਘਾਲਣਾ ਵੀ ਪੰਜ ਪਿਆਰਿਆਂ ਵਰਗੀ ਮਹਾਨ ਹੈ, ਜੋ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਜੰਗਲਾਂ, ਪਹਾੜਾਂ, ਨਦੀਆਂ ਵਿਚ ਦੀ ਕਾਸ਼ੀ ਵਿਖੇ ਵਰਸ਼ਾਂ-ਬੱਧੀ ਗਰਮੀ, ਸਰਦੀ, ਭੁੱਖ, ਪਿਆਸ ਸਹਿੰਦੇ ਹੋਏ ਕੇਵਲ ਵਿਦਿਆ ਪ੍ਰਾਪਤ ਕਰਦੇ ਰਹੇ। ਇਨ੍ਹਾਂ ਪੰਜਾਂ ਨੂੰ ਵੀ ਸਤਿਗੁਰੂ ਜੀ ਨੇ ਪੰਜ ਪਿਆਰਿਆਂ ਦੀ ਤਰ੍ਹਾਂ ਪਰਮ ਸਤਿਕਾਰ ਦਿੱਤਾ।

ਪਾਉਂਟਾ ਸਾਹਿਬ ਦੀ ਚੋਣ ਤੋਂ 13 ਵਰਸ਼ ਮਗਰੋਂ ਸੰਨ 1699 ਈ: ਵਿਚ ਸ੍ਰੀ ਅਨੰਦਪੁਰ

26

ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਗਈ।

ਇਕਨਾਂ ਨੂੰ ਸ਼ਾਸਤ੍ਰ ਵਿਦਿਆ ਬਖ਼ਸ਼ੀ। ਧਰਮ ਦੇ ਉਪਦੇਸ਼ਕਾਂ ਨੂੰ ਸ਼ਾਸਤ੍ਰ ਵਿਚ ਨਿਪੁੰਨ ਕੀਤਾ ਅਤੇ ਧਰਮ ਦੇ ਰੱਖਿਅਕਾਂ ਨੂੰ ਸ਼ਸਤ੍ਰ ਵਿਚ ਪ੍ਰਵੀਨ ਕੀਤਾ। ਕਲਗੀਧਰ ਪਿਤਾ ਦੇ ਅਨੇਕ ਤਰ੍ਹਾਂ ਦੇ ਚਰਿਤ੍ਰ, ਅਨੰਦਪੁਰ ਦੀਆਂ ਰੌਣਕਾਂ, ਵਿਦਵਾਨਾਂ ਦੀਆਂ ਗੋਸ਼ਟੀਆਂ, ਕਵੀ ਦਰਬਾਰਾਂ ਦੇ ਸਮਾਚਾਰ ਸੁਣ ਕੇ ਪੰਜੇ ਸੰਤਾਂ ਦੇ ਮਨ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਕਾਹਲੇ ਹੋ ਗਏ। ਵਿਦਿਆ ਵਿਚ ਪੂਰਣਤਾ ਪ੍ਰਾਪਤ ਕਰ ਚੁੱਕੇ ਸਨ। ਇਸ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਪੁੱਜਣ ਦਾ ਨਿਰਣੈ ਕਰ ਲਿਆ। ਵਿਦਿਆ ਦਾਤਾ ਪੰਡਿਤ ਸਦਾ ਨੰਦ ਜੀ ਨੂੰ ਸਾਰੀ ਗੱਲ ਦੱਸ ਕੇ ਪੰਜਾਬ ਜਾਣ ਦੀ ਆਗਿਆ ਮੰਗੀ, ਜੋ ਪੰਡਿਤ ਜੀ ਨੇ ਸੁਹਰਸ਼ ਪ੍ਰਵਾਨ ਕੀਤੀ। ਸੰਤਾਂ ਦੇ 13 ਵਰਸ਼ ਦੇ ਨਿਵਾਸ ਨਾਲ ਚੇਤਨ ਮਠ ਨਿਰਮਲਿਆਂ ਦਾ ਆਸ਼ਰਮ ਪ੍ਰਸਿੱਧ ਹੋ ਚੁੱਕਾ ਸੀ। ਇਸ ਵਾਸਤੇ ਇਥੋਂ ਦਾ ਪ੍ਰਬੰਧ ਸੰਤ ਕਰਮ ਸਿੰਘ ਜੀ ਦੇ ਸ਼ਿਸ਼ ਸੰਤ ਜੈ ਰਾਮ ਜੀ ਨੂੰ ਸੰਭਾਲ ਕੇ ਵਿਦਿਆ ਦਾਤਾ ਨੂੰ ਨਮਸਕਾਰ, ਪਰਿਕ੍ਰਮਾ ਕਰਕੇ ਸਤਿਗੁਰੂ ਅੱਗੇ ਅਰਦਾਸ ਕਰਕੇ ਪੰਜਾਬ ਨੂੰ ਤੁਰ ਪਏ ਜੋ ਕਾਫ਼ੀ ਸਮੇਂ ਵਿਚ ਧੀਰੇ-ਧੀਰੇ ਚੱਲ ਕੇ ਅੰਮ੍ਰਿਤ ਵੇਲੇ ਸ੍ਰੀ ਅਨੰਦਪੁਰ ਸਾਹਿਬ ਪੁੱਜ ਗਏ।

ਸਤਿਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਹੈ। ਅਪਾਰ ਸੰਗਤ ਸਦ-ਉਪਦੇਸ਼ ਸ਼ਰਵਨ ਕਰ ਰਹੀ ਹੈ। ਪੰਜ ਪਿਆਰੇ ਮੰਚ ਦੇ ਨਜ਼ਦੀਕ ਸਤਿਗੁਰੂ ਜੀ ਦੇ ਚਰਨਾਂ ਵਿਚ ਸੁਸ਼ੋਭਿਤ ਹਨ। ਸੂਰਬੀਰ ਸ਼ਸਤ੍ਰਧਾਰੀ ਸਿੰਘ, 'ਬੀਰ ਆਸਨ' ਬੈਠੇ ਹਨ।

ਪੰਜੇ ਸੰਤ ਭਗਵੀਆਂ ਗਾਤੀਆਂ ਲਾਈ, ਪਊਏ ਪਹਿਨੀ, ਹੱਥ ਵਿਚ ਚਿੱਪੀਆਂ ਅਤੇ ਗ੍ਰੰਥ ਲਈ ਗੁਰੂ ਕਲਗੀਧਰ ਪਿਤਾ ਦੇ ਦਰਬਾਰ ਵਿਚ ਹਾਜ਼ਿਰ ਹੋਏ। ਦਾਤਨਾਂ, ਪੁਸ਼ਪੱਤਰ ਭੇਟ ਕਰਕੇ ਚਰਨਾਂ ਵਿਚ ਝੁਕ ਕੇ ਸ਼ਸ਼ਟਾਂਗ ਲੰਮੇ ਪੈ ਗਏ।

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* (ਪੰਨਾ ੨੫੬)

ਮੁੜ ਉੱਠਕੇ, ਹੱਥ ਜੋੜਕੇ ਇਕ ਸ੍ਵਰ ਸੰਸਕ੍ਰਿਤ ਵਿਚ ਉਸਤਤੀ ਕਰਨ ਲੱਗੇ।

ਕੁਝ ਦਿਨ ਤੋਂ ਉਪਰੰਤ ਪੰਜੇ ਨਿਰਮਲੇ ਸੰਤਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਕੇ ਅੰਮ੍ਰਿਤਪਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਗੁਰੂ ਜੀ ਸੁਣਕੇ ਪਰਮ ਪ੍ਰਸੰਨ ਹੋਏ। ਪੰਜ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਵਾਇਆ ਗਿਆ। ਇਸ ਸਮੇਂ ਕੁਝ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਪਿਆਰੇ ਨੇ, ਕੁਝ ਸੰਤਾਂ ਨੂੰ ਭਾਈ ਧਰਮ ਸਿੰਘ ਜੀ ਪਿਆਰੇ ਨੇ ਰਹਿਤ ਮਰਿਯਾਦਾ ਦਾ ਉਪਦੇਸ਼ ਅਤੇ ਗੁਰਮੰਤ੍ਰ ਦਿੱਤਾ। ਇਸ ਕਰਕੇ ਨਿਰਮਲ ਪੰਥ ਦੀਆਂ ਸਭ ਵੰਸ਼ਾਵਲੀਆਂ ਦੋਨਾਂ ਪਿਆਰਿਆਂ (ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ) ਨਾਲ ਜਾ ਕੇ ਮਿਲਦੀਆਂ ਹਨ।

ਭਾਈ ਰਾਮ ਕੋਇਰ ਜੀ ਵਾਲੀ ਸਾਖੀ ਵਿਚ ਕਥਨ ਕੀਤਾ ਗਿਆ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਵਿਚ ਲਿਖਿਆ ਹੈ:

*ਇਹ ਵਿਧ ਪਾਂਚੋ ਸਿੰਘ ਕੋ, ਖੰਡੇ ਪਹੁਲ ਦੀਨ।*
*ਪੰਚ ਕੋਸ਼ ਉਰ ਗਯਾਨ ਦੇ, ਨਿਰਮਲ ਪੰਥ ਸੁ ਕੀਨ।*

(ਗੁ.ਪ੍ਰ.ਸੂ., ਰੁਤ 1, ਅੰਸੂ 19)

ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ਼' ਵਿਚ ਗੁਰੂ ਜੀ ਵਲੋਂ ਨਿਰਮਲ ਪੰਥ ਨੂੰ ਸ਼ਾਸਤ੍ਰ ਅਤੇ ਖ਼ਾਲਸੇ ਨੂੰ ਸ਼ਸਤ੍ਰ ਧਾਰਨ ਕਰਨ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ:

*"ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ।*
*ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਬਿਧਿ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।*

ਪਾਲਨ ਭੂਮੀ ਕੋ ਕਰਯੋ, ਦੁਸ਼ਟਨ[27] ਮੂਲ ਉਖਾਰ।
ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।
ਨਿਰਮਲ ਭਾਖੈ ਜਗਤ ਤਿਹ, ਹੇਰੈ ਬ੍ਰਹਮ ਸੁ ਏਕ।"

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

"ਪਢਿ ਨਿਗਮਾਗਮ ਗੁਰੁ ਢਿਗ ਆਏ। ਗੁਰਹਿ ਸੁਨਾਇ ਅਧਿਕ ਬਰ ਪਾਏ॥
ਖੁਸ਼ੀ ਹੋਇ ਗੁਰੁ ਐਸ ਉਚਾਰੀ। ਸਾਰ ਬਿੱਦਯਾ ਜਗ ਜੁਗ ਭਾਰੀ॥
ਸ਼ੱਸਤਰ ਏਕ ਸ਼ਾਸਤਰ ਦੂਜੀ। ਉਭੇ ਜਾਤਿ ਜਗ ਮਾਨੀ ਪੂਜੀ॥
ਦੁਸ਼ਟ ਮੂਢ ਸ਼ਸਤ੍ਰੋਂ ਕਰ ਦਬ ਹੈ। ਸ਼ਾਸਤ੍ਰ ਤੈ ਕੋਵਿਦ ਬਸ ਫਬ ਹੈ॥
ਅੰਬੀਰੀ ਵਜੀਰੀ ਫਕੀਰੀ। ਦਾਨ ਦਹੀਰੀ ਸਭਿ ਤਦਬੀਰੀ॥
ਤਰਗਸ ਗੀਰੀ ਰਾਜ ਗਹੀਰੀ। ਹਮਰੇ ਪੰਥ ਵੀਚ ਸਭਿ ਥੀਰੀ॥
ਇਤਯਾਦਿਕ ਬਰ ਸਤਿਗੁਰੁ ਦੀਏ। ਜੋ ਸੁਨਿ ਸਿਖ ਸਭੈ ਖੁਸ਼ਿ ਥੀਏ॥"

(ਪੰਥ ਪ੍ਰਕਾਸ਼, ਪੰਨਾ 2789)

ਅਗੇ ਗਿਆਨੀ ਗਿਆਨ ਸਿੰਘ ਜੀ ਹੋਰ ਵਿਆਖਿਆ ਕਰਦੇ ਹਨ:

"ਸਿੱਖ ਦ੍ਵੈ ਬਿਧਿ ਸਭਿ ਤਿਨ ਕੇ ਥੀਏ। ਏਕ ਗ੍ਰਿਹਸਥੀ ਤਯਾਗੀ ਬੀਏ।
ਗ੍ਰੇਹੀ ਕੇਵਲ ਸਿੱਖ ਬਿਦਤਾਏ। ਤਯਾਗੀ ਸਿੱਖ ਨਿਰਮਲੇ ਗਾਏ।
ਸਾਧ ਨਿਰਮਲੇ ਵਹੀ ਅਪਾਰੇ। ਬਿਦਤੇ ਤਬਿ ਤੇ ਜਗਤ ਮਝਾਰੇ।
ਦਸੋਂ ਗੁਰੂ ਕੀ ਖਿਜ਼ਮਤ ਮੈਹੈਂ। ਰਹੇ ਸਦਾ ਗੁਰ ਪੰਥ ਮਧੈਹੈਂ।
ਪੈ ਪ੍ਰਵਿਰਤੀ ਅਧਿਕ ਨ ਧਾਰੀ। ਰਹੈ ਨਿਵਰਤੀ ਸੰਤ ਉਦਾਰੀ।"

(ਪੰਥ ਪ੍ਰਕਾਸ਼, ਪੰਨਾ 2785)

ਗੁਰ ਪ੍ਰਤਾਪ ਸੂਰਜ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

"ਜੋਗ ਭੋਗ ਸੁ ਦੋਨੋਂ ਰੀਤ। ਦਈ ਨਿਰਮਲ ਪੰਥ ਕੋ ਚੀਤ।
ਸਤਿਨਾਮੁ ਕੋ ਸੁਮਰਨ ਕਰਨੋ। ਏਹੀ ਯੋਗ ਇਕ ਲਿਵ ਕੋ ਵਰਨੋ।
ਲਰਨ ਰਿਪਨ ਸੋ ਕਰਯੋ ਕਾਜ। ਏਹੀ ਭੋਗ ਕੋ ਦੀਏ ਸਮਾਜ।
ਇਤਿਆਦਿਕ ਨਿਰਮਲ ਯਸ ਕੋ। ਬੰਦਹਿ ਸਤਿਗੁਰ ਪਾਏਂ ਪਰਸ ਕੋ।
ਗੁਰ ਮਹਿਮਾ ਸਿਮਰਨ ਸਤਿਨਾਮੂ। ਹੌਮੈ ਤਿਆਗੇ ਮਨ ਬਿਸ੍ਰਾਮੂ।
ਦਯਾ ਛਿਮਾ ਸੁਚ ਸੰਜਮ ਧੀਰਜ। ਧਰਮ ਪਰਾਇਣ ਸਾਂਚ ਸਬੀਰਜ।
ਗੁਰ ਸਿਖੀ ਨਿਰਮਲ ਸੰਤੋਖ। ਸਦਾ ਗੁਰੂ ਕੇ ਰਹੈ ਭਰੋਸ।"

(ਰਾਸ 8, ਅੰਸੂ 35)

ਅਰਥ ਸਪੱਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਨ ਅਵਤਾਰ ਸਨ, ਜਿਨ੍ਹਾਂ ਨੇ ਪੰਥ ਰਚ ਕੇ ਦੋ ਰੂਪਾਂ ਵਿਚ ਸੰਗਠਤ ਕੀਤਾ। ਇਕ ਜੱਥਾ ਸ਼ਸਤਰਾਂ ਦੁਆਰਾ ਧਰਮ ਦੀ ਰੱਖਿਆ ਕਰਨ ਵਾਸਤੇ ਜ਼ਾਲਮਾਂ ਨਾਲ ਸੰਗ੍ਰਾਮ ਲਈ ਨਿਯਤ ਕੀਤਾ। ਦੂਸਰੇ ਜਥੇ ਵਿਚ ਵਿਵੇਕ ਬੁੱਧੀ ਵਾਲੇ ਸ਼ਾਸਤਰਾਂ ਦੇ ਪਠਨ-ਪਾਠਨ ਵਿਚ ਲਾਏ ਜੋ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮ-ਬਾਣੀ, ਵਿਦਿਆ ਦਾ ਪ੍ਰਚਾਰ ਕਰਨ ਵਾਸਤੇ ਦੇਸਾਂ-ਦੇਸਾਂਤਰਾਂ ਵਿਚ ਚਲੇ ਗਏ ਅਤੇ ਸੰਸਾਰ ਵਿਚ 'ਨਿਰਮਲ ਪੰਥ' ਦੇ ਨਾਮ ਨਾਲ ਪ੍ਰਸਿੱਧ ਹੋਏ।

ਵਾਸਤਵ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਦਸਮ ਗੁਰੂ ਜੀ ਦੇ ਸਮੇਂ ਤੱਕ ਗੁਰਸਿੱਖੀ ਦੀ ਸੰਪ੍ਰਦਾਇ ਦਾ ਨਾਮ 'ਨਿਰਮਲ ਪੰਥ' ਹੀ ਪ੍ਰਸਿੱਧ ਸੀ। 'ਖ਼ਾਲਸਾ', 'ਸਹਿਜਧਾਰੀ', 'ਸਹਿਲੰਗ' ਆਦਿ ਉਪ-ਸ਼ਾਖਾਂ ਸਨ। ਸਤਿਗੁਰੂਆਂ ਦੇ ਸਮੇਂ ਵਿਚ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਜੋ ਸੰਗਤ ਸਤਿਗੁਰੂ ਜੀ ਦੇ ਸਿੱਧੀ ਅਧੀਨ ਸੀ, ਉਸ

ਨੂੰ 'ਖ਼ਾਲਸਾ' ਕਿਹਾ ਜਾਂਦਾ ਸੀ। ਮਸੰਦਾਂ ਦੇ ਅਧੀਨ ਸੰਗਤ ਨੂੰ 'ਸਹਿਲੰਗ' ਆਖਿਆ ਜਾਂਦਾ ਸੀ। ਪੂਰੇ ਪੰਥ ਦਾ ਨਾਉਂ 'ਨਿਰਮਲ ਪੰਥ' ਸੀ।

ਮਾਲ ਦੇ ਕਾਗ਼ਜ਼ਾਂ ਵਿਚ ਖ਼ਾਲਸਾ ਉਸ ਸੰਪਤੀ (ਜ਼ਮੀਨ) ਨੂੰ ਆਖਦੇ ਹਨ, ਜੋ ਸਿੱਧੀ ਸਮਰਾਟ ਤਥਾ ਕੇਂਦਰੀ ਸਰਕਾਰ ਦੀ ਹੋਵੇ। ਜਿਸ ਸੰਪਤੀ (ਜ਼ਮੀਨ) ਉੱਤੇ ਕਿਸੇ ਵਿਸਵੇਦਾਰ, ਜ਼ਿਮੀਂਦਾਰ, ਜਾਗੀਰਦਾਰ, ਮਨਸਬਦਾਰ ਅਤੇ ਕਿਸੇ ਵੀ ਅਨਯ ਵਿਅਕਤੀ ਦਾ ਕੋਈ ਅਧਿਕਾਰ ਨਾ ਹੋਵੇ। 'ਖ਼ਾਲਸਾ' ਸ਼ਬਦ ਛੇਵੇਂ ਪਾਤਸ਼ਾਹ ਦੇ ਸਮੇਂ ਵਿਚ ਪ੍ਰਚਲਤ ਸੀ। ਛੇਵੇਂ ਸਤਿਗੁਰੂ ਜੀ ਅਤੇ ਨੌਵੇਂ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਜ਼ਿਕਰ ਆਇਆ ਹੈ:

*ਪੂਰਬ ਦੀ ਸੰਗਤਿ ਗੁਰੂ ਕਾ ਖਾਲਸਾ ਹਇ।*

(ਛੇਵੀਂ ਪਾਤਸ਼ਾਹੀ ਹੁਕਮਨਾਮਾ 9, ਪੰਨਾ 15)

*ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।*

(ਪਾਤਸ਼ਾਹੀ 9ਵੀਂ ਹੁਕਮਨਾਮਾ 23, ਪੰਨਾ 27)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਸਮਾਪਤ ਕਰਕੇ ਗੁਰਸਿੱਖੀ ਨੂੰ ਸਿੱਧਾ ਆਪਣੇ ਨਾਲ ਜੋੜ ਲਿਆ। ਉਸ ਵੇਲੇ ਸਰਬੱਤ ਸੰਗਤ ਨੂੰ ਖ਼ਾਲਸੇ ਦੀ ਉਪਾਧੀ ਨਾਲ ਵਿਭੂਸ਼ਤ ਕੀਤਾ ਗਿਆ। ਇਸ ਵਾਸਤੇ ਦੂਜੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*

ਭਾਵ ਸਤਿਗੁਰੂ ਜੀ ਨੇ ਮਸੰਦਾਂ ਦੀ ਵਿਚੋਲਗੀ ਖ਼ਤਮ ਕਰਕੇ ਸਰਬੱਤ ਸੰਗਤ ਨੂੰ ਖ਼ਾਲਸਾ ਬਣਾ ਕੇ ਆਪਣੇ ਨਾਲ ਸਿੱਧਾ ਸੰਪਰਕ ਜੋੜ ਲਿਆ।

ਇਸ ਦੇ ਵਿਪ੍ਰੀਤ ਜਿਵੇਂ ਉਪਰ ਦੱਸਿਆ ਹੈ, ਗੁਰੂ ਕੀ ਸਿੱਖੀ ਦਾ ਨਾਉਂ 'ਨਿਰਮਲ ਪੰਥ' ਹੈ। ਨਿਰਮਲ ਦੇ ਅਰਥ ਹਨ- ਮਲ/ਅਵਿਦਿਆ/ਅਗਿਆਨ ਤੋਂ ਰਹਿਤ, ਸ੍ਰੇਸ਼ਟ, ਸਦਾਚਾਰੀ, ਪਾਵਨ ਆਤਮਾ, ਪਵਿੱਤਰ ਮਨ, ਬਾਣੀ ਵਾਲਾ ਵਿਅਕਤੀ। ਦਸਮ ਸਤਿਗੁਰੂ ਜੀ ਨੇ ਵੀ ਖ਼ਾਲਸੇ ਦੀ ਇਹੀ ਪਰਿਭਾਸ਼ਾ ਦਿੱਤੀ ਹੈ:

*ਜਾਗਤਿ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥*

ਸਤਿਗੁਰੂ ਜੀ ਦੇ ਕਥਨ ਅਨੁਸਾਰ 'ਖ਼ਾਲਸਾ' ਸ਼ਬਦ ਅਤੇ 'ਨਿਰਮਲ' ਸ਼ਬਦ ਵਿਚ ਭਾਸ਼ਾ-ਭੇਦ ਤੋਂ ਬਿਨਾਂ ਕੋਈ ਅੰਤਰ ਨਹੀਂ ਹੈ। ਦੋਨੋਂ ਸ਼ਬਦ ਹੀ ਸਮਾਨਾਰਥਕ ਹਨ। ਖ਼ਾਲਸਾ ਅਰਬੀ ਦਾ ਸ਼ਬਦ ਹੈ, ਜੋ ਅੱਗੇ ਫ਼ਾਰਸੀ ਵਿਚ ਪ੍ਰਵੇਸ਼ ਕਰ ਚੁੱਕਾ ਹੈ ਅਤੇ 'ਨਿਰਮਲ' ਸੰਸਕ੍ਰਿਤ ਦਾ। ਗੁਰੂ ਦਸਮ ਪਿਤਾ ਜੀ ਦੇ ਸਮੇਂ ਵਿਚ ਦੇਸ਼ ਦੀ ਰਾਜਕੀਯ ਭਾਸ਼ਾ ਫ਼ਾਰਸੀ ਸੀ। ਗੁਰੂ ਜੀ ਸ੍ਵਯੰ ਫ਼ਾਰਸੀ ਦੇ ਵਿਦਵਾਨ ਸਨ। ਇਸ ਵਾਸਤੇ ਸਮੂਹ ਸਿੱਖੀ ਨੂੰ 'ਖ਼ਾਲਸਾ' ਦੀ ਉਪਾਧੀ ਨਾਲ ਸਨਮਾਨਿਆ ਗਿਆ। ਨਿਰਮਲੇ ਸੰਤ ਸਤਿਗੁਰੂ ਜੀ ਦੇ ਆਸ਼ੀਰਵਾਦ ਨਾਲ ਸੰਸਕ੍ਰਿਤ, ਭਾਸ਼ਾ, ਸਾਹਿਤਯ, ਦਰਸ਼ਨ, ਭਾਰਤੀ ਇਤਿਹਾਸ, ਮਿਥਿਹਾਸ ਅਤੇ ਗੁਰਮਤਿ-ਗੁਰਬਾਣੀ ਦੇ ਵਿਦਵਾਨ ਰਹੇ ਹਨ। ਇਸ ਵਾਸਤੇ ਉਹ ਪੁਰਾਤਨ ਸੰਪ੍ਰਦਾਈ ਨਾਉਂ 'ਨਿਰਮਲ ਪੰਥ' ਨਾਲ ਹੀ ਪ੍ਰਸਿੱਧ ਰਹੇ ਹਨ, ਵਰਨਾ 'ਖ਼ਾਲਸਾ' ਨਿਰਮਲ ਪੰਥ ਦੀ ਉਪਸ਼ਾਖਾ ਸੀ। ਦਸਮ ਸਤਿਗੁਰੂ ਜੀ ਦੇ ਸਮੇਂ ਵਿਚ ਵਿਸ਼ਾਲਤਾ ਗ੍ਰਹਿਣ ਕਰ ਗਿਆ। ਸਾਡੇ ਇਸ ਵਿਚਾਰ ਦੀ ਪ੍ਰੋੜ੍ਹਤਾ ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ:

"ਸਿੱਖ ਧਰਮ ਵਿਚ ਇਸ ਤਰ੍ਹਾਂ ਭਾਵੇਂ ਪਹਿਲੇ ਪਹਿਲ 'ਖ਼ਾਲਸਾ ਪੰਥ' ਹੀ 'ਨਿਰਮਲ ਸੰਪ੍ਰਦਾਇ' ਸੀ। ਪਰ ਫੇਰ ਉਦਾਸ, ਸੰਨਿਆਸ, ਤਿਆਗ ਤੇ ਫ਼ਕੀਰਾਨਾ ਵਰਤੋਂ-ਵਿਹਾਰ ਰਾਹੀਂ

ਗੁਰਮਤਿ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦੂਰ-ਅੰਦੇਸ਼ੀ ਨਾਲ ਇਸ ਤਰੀਕੇ ਨੂੰ ਬਦਲ ਦਿੱਤਾ। ਨਿਰਮਲੇ ਸਿੰਘ ਖ਼ਾਲਸਾ ਪੰਥ ਦਾ ਹੀ ਅੰਗ ਬਣਾ ਦਿੱਤੇ। ਉਨ੍ਹਾਂ ਸਿੱਖਾਂ ਨੂੰ ਗੁਰੂ ਸਾਹਿਬ ਨੇ ਆਪਣੇ ਰਸਮ ਰਿਵਾਜ ਦੇ ਕਖਾਏ, ਮੰਜੀਠੀ, ਸੰਧੂਰੀ, ਗੇਰੂਏ ਜਾਂ ਸਫੇਦ ਵਸਤਰ ਪਹਿਨਣ ਦੀ ਖੁੱਲ੍ਹ ਦਿੱਤੀ।"

(ਨਿਰਮਲ ਸੰਪ੍ਰਦਾਇ, ਪੰਨਾ 149)

## ਦਸ ਬਖ਼ਸ਼ੀਸ਼ਾਂ

ਗੁਰੂ ਕਲਗੀਧਰ ਪਿਤਾ ਜੀ ਨੇ ਨਿਰਮਲੇ ਮਹਾਂਪੁਰਖਾਂ ਦੀ ਕਰਨੀ, ਘਾਲਣਾ, ਸਿਮਰਨ, ਜਪ, ਤਪ, ਵਿਦਿਆ, ਵਿਵੇਕ, ਸਬਰ, ਸੰਤੋਖ, ਤਿਆਗ ਵੇਖ ਕੇ ਸਮੇਂ-ਸਮੇਂ ਪ੍ਰਸੰਨਤਾ ਵਿਚ ਕਈ ਵਾਰ ਆਸ਼ੀਰਵਾਦ/ਵਰਦਾਨ ਬਖ਼ਸ਼ੇ ਹਨ, ਜਿਨ੍ਹਾਂ ਵਿਚੋਂ ਸਤਿਗੁਰੂ ਜੀ ਦੇ ਦਸ ਆਸ਼ੀਰਵਾਦ ਪ੍ਰਸਿੱਧ ਹਨ। ਇਨ੍ਹਾਂ ਨੂੰ ਨਿਰਮਲ ਭੇਖ ਵਿਚ ਦਸ ਬਖ਼ਸ਼ੀਸ਼ਾਂ ਕਿਹਾ ਜਾਂਦਾ ਹੈ। ਇਨ੍ਹਾਂ ਦਸ ਬਖ਼ਸ਼ੀਸ਼ਾਂ ਵਿਚੋਂ ਕਈ ਬਖ਼ਸ਼ੀਸ਼ਾਂ ਦਾ 'ਸਰਬ ਲੋਹ ਪ੍ਰਕਾਸ਼' ਗ੍ਰੰਥ ਵਿਚ ਵਿਸਤਾਰ ਪੂਰਵਕ ਵਰਣਨ ਆਇਆ ਹੈ।

**ਪਹਿਲੀ ਬਖ਼ਸ਼ੀਸ਼**

ਪੰਜੇ ਨਿਰਮਲੇ ਵਿਦਵਾਨ ਮਹਾਂਪੁਰਖਾਂ ਦਾ ਸਤੋਗੁਣੀ, ਸ਼ੀਲ ਸੁਭਾਅ, ਵਿਵੇਕ ਬੁੱਧੀ, ਗਿਆਨ, ਨਿਮਰਤਾ ਵੇਖ ਕੇ ਸਤਿਗੁਰੂ ਜੀ ਨੇ ਕ੍ਰਿਪਾ ਦੁਆਰਾ ਅਨੇਕ ਵਰਦਾਨ ਬਖ਼ਸ਼ਦਿਆਂ ਨੇ ਇਹ ਬਖ਼ਸ਼ੀਸ਼ ਬਖ਼ਸ਼ੀ।

*ਕਾਹੂੰ ਸੇ ਨ ਰਾਖੇ ਰਾਗ, ਦਵੈਖ ਹੂੰ ਨ ਕਾਹੂੰ ਸੰਗ,*
*ਲੋਕ ਕੁਲ ਲਾਜ ਖਟ ਖਟੋ ਜਿਨ ਨਾ ਕੋ ਹੈ।*
*ਨਿੰਮ੍ਰਤਾ ਸੋ ਭਰੇ ਰਿਦੇ ਨਿਪੁੰਨਤਾ ਧਰੇ ਰਰੇ,*
*ਰਾਮ ਕ੍ਰਿਸ਼ਨ ਹਰੇ ਪਾਰਬ੍ਰਹਮ ਬੋਧ ਜਾ ਕੋ ਹੈ।*
*ਨਿਗਮ ਪ੍ਰਵਾਹ ਨਿਤਯ ਜਿਨ ਕੇ ਨਿਹਾਲ ਸਿੰਘ,*
*ਗਿਰਾ ਗੁਰੂ ਗ੍ਰੰਥ ਕੀ ਮੈਂ ਜਾਂ ਕੋ ਪ੍ਰੇਮ ਬਾਕੋ ਹੈ।*
*ਨਿਤਾਪ੍ਰਤਿ ਨਿਰੋਪਾਧਿ ਅਹੰਬ੍ਰਹਮ ਬੋਧ ਜਾ ਕੇ,*
*ਦ੍ਵੈਤ ਮਲ ਕਟੀ ਨਿਰਮਲੇ ਨਾਮ ਯਾ ਕੋ ਹੈ।*

ਨਿਰਮਲ ਪੰਥ ਦੋ ਰੂਪਾਂ ਵਿਚ ਪ੍ਰਸਿੱਧ ਰਹੇਗਾ। ਭਗਤੀ ਮਾਰਗ ਦੁਆਰਾ ਅੰਤ੍ਰੀਵ ਗਿਆਨ ਦੀ ਖੜਗ ਹਾਸਲ ਕਰਕੇ, ਕਾਮ, ਕ੍ਰੋਧ, ਈਰਖਾ, ਲੋਭ, ਮੋਹ, ਅਹੰਕਾਰ, ਦ੍ਵੈਤ, ਅਸੁਰੀ, ਸੰਪ੍ਰਦਾ ਦਾ ਨਾਸ ਕਰੇਗਾ। ਜੋ ਕਿਸੇ ਨਾਲ ਵੀ ਰਾਗ ਦਵੈਸ਼ ਨਹੀਂ ਕਰੇਗਾ। ਸਾਰੀ ਮਨੁੱਖਤਾ ਨੂੰ ਨਿਮਰਤਾ ਪੂਰਵਕ ਨਾਮ ਬਾਣੀ ਨਾਲ ਜੋੜੇਗਾ। ਸਰਬੱਤ ਪ੍ਰਾਣੀ-ਮਾਤ੍ਰ ਨੂੰ ਆਪਣੀ ਹੀ ਆਤਮਾ ਮੰਨੇਗਾ ਅਤੇ ਮੰਨਨ ਕਰਵਾਏਗਾ। ਗਿਆਨ ਦੀ 'ਬਢਨੀ' ਦੁਆਰਾ ਕੂੜ ਕੇ ਕੂੜੇ ਨੂੰ ਸਾਫ਼ ਕਰੇਗਾ। ਇਹ ਵਰਦਾਨ ਗੁਰੂ ਕਲਗੀਧਰ ਸ੍ਵਾਮੀ ਨੇ ਬਖ਼ਸ਼ੇ।

**ਦੂਸਰੀ ਬਖ਼ਸ਼ੀਸ਼**

ਇਕ ਵਾਰ ਦਸਮ ਗੁਰੂ ਜੀ ਨੇ ਭਗਵੇਂ ਵਸਤਰ ਪਹਿਨ ਕੇ ਸਾਧੂ ਦਾ ਰੂਪ ਧਾਰਨ ਕਰਕੇ ਅਨੰਦਪੁਰ ਵਿਚ ਚੱਲ ਰਹੇ ਸਾਰੇ ਲੰਗਰਾਂ ਦੀ ਪਰਖ ਕੀਤੀ ਸੀ। ਦੂਸਰੇ ਦਿਨ ਭਗਵੇਂ ਵਸਤਰ ਨਿਰਮਲੇ ਸੰਤਾਂ ਨੂੰ ਬਖ਼ਸ਼ ਦਿੱਤੇ ਸਨ।

**ਤੀਸਰੀ ਬਖ਼ਸ਼ੀਸ਼**

ਇੱਕ ਵਾਰ ਕਲਗੀਧਰ ਸ੍ਵਾਮੀ ਨੇ ਕੜਾਹ ਪ੍ਰਸ਼ਾਦ ਦੀ ਦੇਗ ਦੇ ਕੜਾਹੇ ਕੱਢ ਕੇ ਸੰਗਤ ਨੂੰ ਲੁੱਟਣ ਦੀ ਆਗਿਆ ਕੀਤੀ। ਸੰਗਤ ਲੁੱਟਣ ਲੱਗੀ। ਕੁਝ ਸਿੰਘ ਆਰਾਮ ਨਾਲ ਸ਼ਾਂਤ, ਇਕਾਗਰ ਚਿੱਤ ਬੈਠੇ ਰਹੇ। ਗੁਰੂ ਜੀ ਨੇ ਪ੍ਰਸੰਨਤਾ ਨਾਲ ਫ਼ਰਮਾਇਆ, "ਨਿਰਮਲੇ ਸੰਤਾਂ ਨੇ ਸਿੱਖੀ (ਪੰਥ)

ਵਿਚ ਸੰਤੋਖ ਦਾ ਬੀਜ ਰੱਖ ਲਿਆ ਹੈ।"

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

*ਇਹੁ ਸੰਤੋਖੀ ਸਿਖ ਹਮਾਰੇ। ਸਤੋ ਗੁਨੀ ਗਯਾਨੀ ਸਵਿਚਾਰੇ॥*
*ਬੀਜ ਸਬਰ ਸੰਤੋਖਹਿ ਕੇਰਾ। ਪਰਖਯੋਂ ਹਮ ਇਨ ਰਖਯੋ ਬਧੇਰਾ॥*
*ਨਿਰਮਲ ਉਰ ਇਹੁ ਭਏ ਨਿਰਮਲੇ। ਹਰਿ ਗੁਰ ਭਗਤਿ ਬ੍ਰਿਕਤ ਪਿਰਮਿਲੇ॥*
*ਪੰਥ ਨਿਰਮਲਾ ਇਹੁ ਮਮ ਚਾਲੈ। ਪੂਜਨੀਯ ਸਭਿ ਹੇਤ ਬਿਸਾਲੈ॥*

(ਪੰਥ ਪ੍ਰਕਾਸ਼, ਪੰਨਾ 2790)

**ਚੌਥੀ ਬਖ਼ਸ਼ੀਸ਼**

ਇਕ ਦਿਨ ਦਸਮ ਪਾਤਸ਼ਾਹ ਨੇ ਅਨੰਦਪੁਰ ਦੇ ਸਾਰੇ ਸਿੱਖਾਂ ਦੇ ਡੇਰਿਆਂ ਦੀ ਅੰਮ੍ਰਿਤ ਵੇਲੇ ਗੁਪਤ ਪੜਤਾਲ ਕੀਤੀ। ਵੇਖਿਆ ਕੋਈ ਸੁੱਤਾ ਪਿਆ ਸੀ, ਕੋਈ ਗੱਪਾਂ ਮਾਰ ਰਿਹਾ ਸੀ। ਕੇਵਲ ਇਕ ਡੇਰੇ ਵਿਚ ਸਿੱਖ ਸਿਮਰਨ, ਨਿਤਨੇਮ, ਬਾਣੀ ਪੜ੍ਹਦੇ ਵੇਖੇ ਗਏ। ਬਾਅਦ ਵਿਚ ਗੁਰੂ ਜੀ ਨੇ ਦੀਵਾਨ ਵਿਚ ਕਿਹਾ, "ਅੱਜ ਅਸੀਂ ਆਲਸ ਤੋਂ ਰਹਿਤ ਕੇਵਲ ਨਿਰਮਲੇ ਸੰਤਾਂ ਨੂੰ ਵੇਖਿਆ ਹੈ; ਜੋ ਸਾਵਧਾਨ ਹੋ ਕੇ ਨਿਤਨੇਮ ਕਰਨ ਵਿਚ ਲੱਗੇ ਹੋਏ ਸਨ।"

**ਪੰਜਵੀਂ ਬਖ਼ਸ਼ੀਸ਼**

ਇਕ ਦਿਨ ਅਨੰਦਪੁਰ ਵਿਚ ਤਮਾਸ਼ੇ ਵਾਲੇ ਨੱਟ ਆਏ। ਸਭ ਤਮਾਸ਼ਾ ਵੇਖਣ ਗਏ। ਗੁਰੂ ਜੀ ਨੇ ਪੜਤਾਲ ਕੀਤੀ ਤਾਂ 17 ਨਿਰਮਲੇ ਸੰਤ ਆਪਣੇ ਪਠਨ-ਪਾਠਨ/ਅਧਿਐਨ, ਸਿਮਰਨ ਵਿਚ ਲੱਗੇ ਹੋਏ ਵੇਖੇ ਗਏ। ਸਤਿਗੁਰੂ ਜੀ ਨੇ ਫ਼ਰਮਾਇਆ, "ਜਗਤ ਤਮਾਸ਼ੇ ਨੂੰ ਅਸੱਤ ਮੰਨਣ ਵਾਲੇ ਕੇਵਲ ਨਿਰਮਲੇ ਸੰਤ ਹਨ ਜਿਨ੍ਹਾਂ ਦੇ ਮਨ ਇਕਾਗਰ ਹਨ। ਇਸ ਕਰਕੇ ਨਿਰਮਲੇ ਸੰਤਾਂ ਦੇ ਕਾਰਣ ਪੰਥ ਦੀ ਸਦਾ ਸ਼ੋਭਾ ਬਣੇਗੀ।"

**ਛੇਵੀਂ ਬਖ਼ਸ਼ੀਸ਼**

ਇੱਕ ਵਾਰ ਗੁਰੂ ਦਸਮ ਪਿਤਾ ਦੇ ਸੇਵਾਦਾਰ ਨਿਰਮਲੇ ਸੰਤ ਭਾਈ ਚੰਦਨ ਸਿੰਘ ਦਾ ਸਮਾਨ ਚੋਰ ਚੋਰੀ ਕਰਕੇ ਲੈ ਗਿਆ। ਪਰ ਛੇਤੀ ਫੜ ਲਿਆ ਗਿਆ ਅਤੇ ਸਤਿਗੁਰੂ ਜੀ ਦੇ ਹਾਜ਼ਿਰ ਕੀਤਾ ਗਿਆ। ਗੁਰੂ ਜੀ ਨੇ ਚੰਦਨ ਸਿੰਘ ਨੂੰ ਬੁਲਾ ਕੇ ਪੁੱਛਿਆ, "ਚੋਰ ਨੂੰ ਕੀ ਸਜ਼ਾ ਦਿੱਤੀ ਜਾਵੇ?" ਚੰਦਨ ਸਿੰਘ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਚੋਰ ਲੋੜਵੰਦ ਹੋਵੇਗਾ, ਇਸ ਨੂੰ ਪੁੱਛਕੇ ਇਸ ਦੀ ਹੋਰ ਲੋੜ ਵੀ ਪੂਰੀ ਕਰ ਦਿਉ ਪਰ ਅੱਗੇ ਨੂੰ ਚੋਰੀ ਨਾ ਕਰੇ।"

ਗੁਰੂ ਜੀ ਨੇ ਪ੍ਰਸੰਨ ਹੋ ਕੇ ਫ਼ੁਰਮਾਇਆ, "ਭਾਈ ਚੰਦਨ ਸਿੰਘ, ਤੂੰ ਤਾਂ ਬ੍ਰਹਮ ਗਿਆਨੀ ਨਿਰਮਲਾ ਸੰਤ ਹੈਂ। ਤੇਰੇ ਸ਼ੁਭ ਗੁਣ ਨਿਰਮਲ ਪੰਥ ਦੇ ਚਿੰਨ੍ਹ ਬਣਨਗੇ।"

**ਸੱਤਵੀਂ ਬਖ਼ਸ਼ੀਸ਼**

ਇੱਕ ਦਿਨ ਨਿਰਮਲੇ ਸੰਤ ਭਾਈ ਸੰਤ ਸਿੰਘ ਨੂੰ ਫੜ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਲਿਆਂਦਾ ਗਿਆ ਅਤੇ ਸ਼ਿਕਾਇਤ ਕੀਤੀ ਗਈ ਕਿ ਇਸ ਨੇ ਕੱਛ, ਕ੍ਰਿਪਾਨ ਆਦਿਕ ਕਕਾਰ ਤਿਆਗ ਦਿੱਤੇ ਹਨ। ਗੁਰੂ ਜੀ ਨੇ ਸੰਤ ਸਿੰਘ ਨੂੰ ਕਾਰਣ ਪੁੱਛਿਆ। ਉੱਤਰ ਵਿਚ ਸੰਤ ਸਿੰਘ ਨੇ ਕਿਹਾ, "ਮਹਾਰਾਜ ! ਆਪ ਜੀ ਦੇ ਸਦ ਉਪਦੇਸ਼ ਨੂੰ ਧਾਰਨ ਕਰਕੇ ਮੈਂ ਪੰਚ ਕੋਸ਼ ਤੋਂ ਅਸੰਗ ਹੋ ਰਿਹਾ ਹਾਂ, ਆਪ ਜੀ ਦੀ ਮਰਯਾਦਾ ਤਾਂ ਦੇਹ ਅਭਿਮਾਨੀ ਕਰਮਕਾਂਡੀ ਵਾਸਤੇ ਹੈ। ਜੇਕਰ ਆਪ ਜੀ ਦਾ ਸਿੱਖ ਬਣ ਕੇ ਅਸਥੂਲ ਕਰਮਕਾਂਡ ਦੇ ਬੰਧਨ ਨਾ ਟੁੱਟੇ ਤਾਂ ਯਮ ਦੇ ਬੰਧਨਾਂ ਤੋਂ ਜੀਵ ਕਿਵੇਂ ਮੁਕਤਿ ਹੋਵੇਗਾ?" ਗੁਰੂ ਨੇ ਹੱਸ ਕੇ ਸਿੱਖਾਂ ਨੂੰ ਫ਼ਰਮਾਇਆ, "ਤੁਸੀਂ ਤਾਂ ਨਿਰਮਲੇ ਸੰਤ ਦੀ ਸ਼ਿਕਾਇਤ ਕਰ ਦਿੱਤੀ। ਬ੍ਰਹਮ ਗਿਆਨੀ ਉਪਰ ਕਿਸੇ ਕਰਮਕਾਂਡ ਦਾ ਬੰਧਨ ਨਹੀਂ ਹੈ।"

**ਅੱਠਵੀਂ ਬਖ਼ਸ਼ੀਸ਼**

ਮਾਲਵੇ ਦੇ ਦੌਰੇ ਸਮੇਂ ਪਿੰਡ ਦੀਨੇ ਤੋਂ ਮੁਕਤਸਰ ਜਾਂਦੇ ਹੋਏ ਸਤਿਗੁਰੂ ਜੀ ਪਿੰਡ ਸਰਾਵਾਂ,

ਬਹਿਬਲ (ਜ਼ਿਲ੍ਹਾ ਫ਼ਰੀਦਕੋਟ) ਵਿਖੇ ਇਕ ਰਾਤ ਰਹੇ। ਇਲਾਕੇ ਵਿਚ ਕਾਲ ਪਿਆ ਹੋਇਆ ਸੀ। ਸਤਿਗੁਰੂ ਜੀ ਨੇ ਫ਼ੁਰਮਾਇਆ, "ਇਕੱਠਾ ਲੰਗਰ ਬਣਾਉਣ ਦੀ ਬਜਾਏ, ਪਿੰਡ ਵਾਲੇ ਦੋ-ਦੋ ਸਿੰਘਾਂ ਨੂੰ ਘਰ ਲੈ ਜਾ ਕੇ ਲੰਗਰ ਛਕਾ ਲਿਆਉਣ।" ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਅੰਤਰਜਾਮੀ ਸਤਿਗੁਰੂ ਜੀ ਆਏ ਸਿੰਘਾਂ ਨੂੰ ਪੁੱਛਣ ਲੱਗੇ ਕਿ ਸਿੰਘ ਕੀ-ਕੀ ਛਕ ਕੇ ਆਏ ਹਨ? ਕਿਸੇ ਨੇ ਕੜਾਹ ਪ੍ਰਸ਼ਾਦਿ, ਕਿਸੇ ਨੇ ਦੌੜਾਂ (ਪਰੌਂਠੇ), ਕਿਸੇ ਨੇ ਖਿਚੜੀ-ਦੁੱਧ, ਕਿਸੇ ਨੇ ਦਲੀਆ, ਕਿਸੇ ਨੇ ਬਾਜਰੇ ਦੇ, ਕਿਸੇ ਨੇ ਛੋਲਿਆਂ ਦੇ ਮਿੱਸੇ ਪ੍ਰਸ਼ਾਦੇ ਦੱਸੇ।

ਜਦੋਂ ਭਾਈ ਮੈਲਾਗਰ ਸਿੰਘ, ਭਾਈ ਗੱਜਾ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਪ੍ਰਸੰਨ ਮੁਖ ਕਿਹਾ "ਅਸੀਂ ਤਾਂ ਅਤੀ ਸਵਾਦਿਸ਼ਟ ਉੱਤਮ ਭੋਜਨ ਛਕਿਆ ਹੈ।" ਪਰ ਪਿੰਡ ਨਿਵਾਸੀ ਬੋਲੇ, "ਜਿਸ ਸਿੱਖ ਦੇ ਘਰ ਵਿਚ ਛਕਣ ਗਏ ਸਨ, ਉਸ ਦੇ ਘਰ ਤਾਂ ਖਾਣ ਵਾਸਤੇ ਕੁਝ ਵੀ ਨਹੀਂ। ਇਹ ਝੂਠ ਬੋਲ ਰਹੇ ਹਨ।" ਸਤਿਗੁਰੂ ਜੀ ਨੇ ਪਿੰਡ ਵਾਲੇ ਪ੍ਰੇਮੀ ਨੂੰ ਪੁੱਛਿਆ। ਉਹ ਰੁੱਧਾ ਕੰਠ ਹੋ ਕੇ ਚਰਨਾਂ ਵਿਚ ਢਹਿ ਪਿਆ ਅਤੇ ਬੋਲਿਆ, "ਸੱਚੇ ਪਾਤਸ਼ਾਹ! ਮੇਰੇ ਘਰ ਵਿਚ ਛਕਾਉਣ ਵਾਸਤੇ ਕੁਝ ਵੀ ਨਹੀਂ ਹੈ। ਇਨ੍ਹਾਂ ਸੰਤੋਖੀ ਸਿੱਖਾਂ ਅੱਗੇ ਪਾਣੀ ਵਿਚ ਭਿਉਂ ਕੇ ਜੰਡ ਫਲੀਆਂ ਅਤੇ ਸੁੱਕੀਆਂ ਪੀਲਾਂ ਰੱਖ ਦਿੱਤੀਆਂ ਸਨ। ਇਹੀ ਕੁਝ ਪ੍ਰੇਮ ਨਾਲ ਛਕ ਕੇ ਅਰਦਾਸ ਕਰਕੇ ਆ ਗਏ ਹਨ।"

ਸਤਿਗੁਰੂ ਜੀ ਅਤਿ ਪ੍ਰਸੰਨ ਹੋਏ, ਸ੍ਰੀ ਮੁਖਵਾਕ ਤੋਂ ਤਿੰਨ ਵਾਰ ਧੰਨ ਸਿੱਖੀ ! ਧੰਨ ਸਿੱਖੀ ! ਧੰਨ ਸਿੱਖੀ! ਕਿਹਾ। ਨਾਲ ਹੀ ਇਹ ਵੀ ਕਿਹਾ ਕਿ "ਜੋ ਸਭ ਤਰ੍ਹਾਂ ਦੇ ਪਦਾਰਥ ਹੁੰਦੇ ਹੋਏ ਬਿਹੰਗਮਾਂ (ਵਿਰਕਤ) ਸੰਤਾਂ/ਸਿੱਖਾਂ ਨੂੰ ਨਾ ਛਕਾਵੇ ਅਤੇ ਸਿੱਖ/ਸਾਧ ਗ਼ਰੀਬ ਸਿੱਖਾਂ ਕੋਲੋਂ ਸਵਾਦਿਸ਼ਟ ਪਦਾਰਥਾਂ ਦੀ ਮੰਗ ਕਰੇ, ਦੋਨਾਂ ਨੂੰ ਧਿਕਾਰ ਹੈ। ਸਖੀ ਸਿੱਖ ਉਹ ਹੈ ਜੋ ਵਿੱਤ ਅਨੁਸਾਰ ਗੁਰਸਿੱਖਾਂ ਦੀ ਸੇਵਾ ਕਰੇ। ਜਿਵੇਂ ਇਸ ਪਿੰਡ ਵਾਲੇ ਪ੍ਰੇਮੀ ਨੇ ਕੀਤੀ ਹੈ। ਸੰਤੋਖੀ ਸਿੱਖ ਉਹ ਹੈ ਜੋ ਰੁਖੇ-ਸੁਕੇ ਭੋਜਨ ਨੂੰ ਅੰਮ੍ਰਿਤ ਦੀ ਤਰ੍ਹਾਂ ਅਨੰਦ ਪੂਰਵਕ ਪ੍ਰਵਾਨ ਕਰੇ। ਜਿਵੇਂ ਭਾਈ ਮੈਲਾਗਰ ਸਿੰਘ, ਗੱਜਾ ਸਿੰਘ ਦੀ ਕਰਨੀ ਮਹਾਨ ਹੈ।" ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:

*ਗੁਰੂ ਕਰਯੋ ਸਿੱਖੀ ਧੰਨ ਧੰਨ ! ਦੇਖ ਭਾਉ ਕੋ ਭਏ ਪ੍ਰਸੰਨ।*
*ਐਸ ਸਿੱਖ ਵੀ ਵੀਚ ਪੰਥ ਸੁਹਾਏ ! ਸਤੀ ਦੇ ਸੰਤੋਖੀ ਖਾਏ।*

**ਨੌਵੀਂ ਬਖ਼ਸ਼ੀਸ਼**

ਇਕ ਵਾਰ ਗੁਰੂ ਕੀ ਕਾਸ਼ੀ ਤਲਵੰਡੀ ਸਾਬੋ 'ਚ ਦੀਵਾਨ ਵਿਚ ਬੈਠਿਆਂ ਸਤਿਗੁਰੂ ਜੀ ਨੇ ਆਪਣੇ ਚੋਜ (ਅਨੰਦ) ਵਿਚ ਫ਼ੁਰਮਾਇਆ, "ਸੰਗਤ ਵਿਚੋਂ ਜਿਸ ਪ੍ਰੇਮੀ ਨੂੰ ਜਿਸ ਇੱਛਾ ਦੀ ਲੋੜ ਹੈ, ਮੰਗ ਲਉ।" ਮੰਗਾਂ ਮੰਗਣ ਵਾਲਿਆਂ ਦਾ ਕੁਲਾਹਲ (ਕੁਰਲਾਹਟ) ਪੈ ਗਿਆ। ਕੋਈ ਪੁੱਤਰ ਮੰਗ ਰਿਹਾ ਹੈ, ਕੋਈ ਦੁੱਧ ਮੰਗ ਰਿਹਾ ਹੈ, ਕੋਈ ਧਨ ਮੰਗ ਰਿਹਾ ਹੈ। ਕੋਈ ਸੁੰਦਰ ਮੰਦਰ (ਕੋਠੀਆਂ) ਦੀ ਯਾਚਨਾ ਕਰ ਰਿਹਾ ਹੈ। ਮੰਗਾਂ ਮੰਗਣੇ ਦੀ ਹਰ ਇਕ ਵਿਚ ਕਾਹਲ ਹੈ। ਇਸ ਸਮੇਂ ਕੁਝ ਸਿੱਖ ਸ਼ਾਂਤ-ਚਿੱਤ ਨਿਸ਼ਚਿੰਤ ਬੈਠੇ ਸਨ। ਇਨ੍ਹਾਂ ਦੇ ਮਨ ਵਿਚ ਕਿਸੇ ਕਿਸਮ ਦੀ ਕੋਈ ਕਾਮਨਾ ਨਹੀਂ ਸੀ। ਸਤਿਗੁਰੂ ਜੀ ਨੇ ਸਾਰੀ ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਕੇ, ਸ਼ਾਂਤ-ਚਿੱਤ ਸਿੱਖਾਂ ਨੂੰ ਵੀ ਪੁੱਛਿਆ, "ਤੁਸੀਂ ਵੀ ਆਪਣੀ ਇੱਛਾ ਪ੍ਰਗਟ ਕਰੋ। ਸਾਰੀ ਸੰਗਤ ਮੰਗਾਂ ਮੰਗ ਰਹੀ ਹੈ।"

ਇਸ ਮੰਡਲੀ ਨੇ ਹੱਥ ਜੋੜ ਕੇ ਨਿਮਰਤਾ ਪੂਰਬਕ ਆਖਿਆ, "ਸੱਚੇ ਪਾਤਸ਼ਾਹ ! ਸਾਨੂੰ ਆਪ ਜੀ ਨੇ ਸਭ ਕੁਝ ਬਖ਼ਸ਼ਿਆ ਹੋਇਆ ਹੈ। ਸਾਡੇ 'ਤੇ ਆਪ ਜੀ ਦੀ ਕ੍ਰਿਪਾ ਹੈ। ਨਾਮ-ਬਾਣੀ, ਬ੍ਰਹਮ-ਵਿਦਿਆ ਆਪ ਜੀ ਨੇ ਬਖ਼ਸ਼ੀ ਹੋਈ ਹੈ। ਇਸ ਵਾਸਤੇ ਸੰਸਾਰੀ ਪਦਾਰਥਾਂ ਦੀ ਸਾਨੂੰ ਕੋਈ ਰੁਚੀ ਨਹੀਂ।"

ਸਤਿਗੁਰੂ ਜੀ ਨੇ ਪ੍ਰਸੰਨ ਮੁਖ ਫ਼ੁਰਮਾਇਆ, "ਸੰਸਾਰੀ ਪਦਾਰਥਾਂ ਦਾ ਤਿਆਗ ਕੇਵਲ ਸੰਤ ਹੀ ਕਰ ਸਕਦੇ ਹਨ। ਬ੍ਰਹਮ-ਵਿਦਿਆ ਦਾ ਆਨੰਦ ਵੀ ਕੇਵਲ ਨਿਰਮਲੇ ਸੰਤ ਹੀ ਲੈ ਸਕਦੇ ਹਨ।" ਪੰਡਿਤ ਨਿਹਾਲ ਸਿੰਘ ਜੀ ਨੇ ਕਿੰਨਾ ਸੁੰਦਰ ਲਿਖਿਆ ਹੈ:

"ਸ੍ਰੀ ਗੁਰੂ ਲਗਾਯੋ ਏਕ ਦਿਨ ਮੈਂ ਦੀਵਾਨ ਐਸੋ,
ਸਭ ਕੋ ਬੁਲਾਇ-ਕਹਯੋ ਮਾਂਗੇ ਜੋ ਰਿਦੇ ਭਲੇ।
ਕਾਹੂੰ ਧਨ, ਕਾਹੂੰ ਧਾਮ, ਕਾਹੂੰ ਅਸਵ, ਅਭਿਰਾਮ ਕਾਹੂ,
ਕਹਯੋ ਭੂਖਨ ਜਰਾਊ ਜੋ ਸਜੇ ਗਲੇ।
ਕਾਹੂੰ ਸ਼ਸਤ੍ਰ, ਕਾਹੂ ਬਸਤ੍ਰ, ਸੰਤ ਖੁਸ਼ੀ ਮ੍ਰਿਗਰਾਜ,
ਸਭ ਕੋ ਦਵਾਯੋ ਜੋ ਜੋ ਭਾਯੋ ਪ੍ਰੇਮ ਮੈ ਢਲੇ।
ਸੁਪਨ ਜਯੋ ਜਾਨਿ ਕੇ ਪਦਾਰਥ ਨ ਮਾਂਗੇ ਜਿਨੋਂ,
ਨਾਮ ਧਨ ਮਾਂਗਯੋ ਤਾ ਕੋ ਕਹਯੋ ਯੇ ਨਿਰਮਲੇ।"

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

"ਸੁਪਨ ਸਮਾਨ ਜਗ ਜਾਨ ਜਿਨੇ ਨਾਮ ਮਾਂਗਿਓ,
ਖੁਸ਼ੀ ਹੂਏ ਬੋਲੇ ਗੁਰ ਏਹੀ ਮੇਰੇ ਨਿਰਮਲੇ।"

ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਲਿਖਿਆ ਹੈ, "ਇਸ ਸਮੇਂ ਸਤਿਗੁਰੂ ਜੀ ਨੇ ਸਿੱਖਾਂ ਦੇ ਤਿੰਨ ਭੇਦ ਬਣਾ ਦਿੱਤੇ। ਸਿੰਘ, ਸਿੱਖ ਅਤੇ ਨਿਰਮਲੇ।" ਭਾਈ ਸੰਤੋਖ ਸਿੰਘ ਜੀ ਨੇ ਵੀ 'ਗੁਰ ਪ੍ਰਤਾਪ ਸੂਰਜ' ਵਿਚ ਅੰਕਤ ਕੀਤਾ ਹੈ:

"ਗੁਰ ਕਾ ਦਲ ਸ਼ੇਰ ਦਾ ਝੱਲ। ਕੋ ਘਾਲੇ ਕੋ ਪੈਥੇ ਮੱਲ।
ਕੋ ਜੂਝੇ ਕੋ ਸਿਮਰੇ ਨਾਮ। ਕੋ ਸੇਵੇ ਸਤ ਸੰਗ ਮਹਾਨ।੨੨।
ਲੂਟਹ ਜੂਝਹ ਸਿੰਘ ਕਹੀਜੇ। ਸਿਮਰਹਿ ਨਾਮ ਸੁ ਸਿੱਖ ਲਖੀਜੇ।
ਸਤ ਸੰਗਤ ਸੇਵੇ ਚਿਤ ਲਾਇ। ਤਾਂ ਤੇ ਨਿਰਮਲ ਨਾਮ ਸਦਾਇ।੨੩।"

**ਦਸਵੀਂ ਬਖ਼ਸ਼ੀਸ਼**

ਜਦੋਂ ਦਸਮ ਸਤਿਗੁਰੂ ਜੀ ਨੇ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੋਤੀ ਜੋਤ ਸਮਾਉਣ ਦਾ ਸੰਕਲਪ ਕੀਤਾ। ਰਾਜ ਭਾਗ ਦੀ ਇੱਛਾ ਵਾਲੇ ਸ਼ਸਤ੍ਰਧਾਰੀ ਖ਼ਾਲਸੇ ਨੂੰ ਬਾਬਾ ਬੰਦਾ ਸਿੰਘ ਜੀ ਦੀ ਜਥੇਦਾਰੀ ਹੇਠ ਜ਼ਾਲਮਾਂ ਨੂੰ ਸੋਧਨ ਵਾਸਤੇ ਪੰਜਾਬ ਨੂੰ ਤੋਰ ਦਿੱਤਾ। ਇਸ ਸਮੇਂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਚੰਦਨ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਦਰਗਾਹਾ ਸਿੰਘ ਜੀ, ਭਾਈ ਮਾਨ ਸਿੰਘ ਜੀ, ਭਾਈ ਗੱਜਾ ਸਿੰਘ ਜੀ, ਭਾਈ ਮੈਲਾਗਰ ਸਿੰਘ ਜੀ, ਭਾਈ ਕੇਸਰਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੈਣਾ ਸਿੰਘ ਜੀ, ਭਾਈ ਸੋਭਾ ਸਿੰਘ ਜੀ ਆਦਿ 25 ਨਾਮ ਅਭਿਆਸੀ ਵਿਦਵਾਨ ਨਿਰਮਲੇ ਸੰਤਾਂ ਨੂੰ ਫ਼ੁਰਮਾਇਆ, "ਸਿੰਘੋ! ਹੁਣ ਅਸੀਂ ਭਾਣਾ ਵਰਤਾਵਾਂਗੇ, ਤੁਸੀਂ ਸਾਰੇ ਸੰਤ ਦੇਸ਼ ਦੇ ਕੋਨੇ-ਕੋਨੇ ਵਿਚ ਚਲੇ ਜਾਉ। ਨਾਮ ਬਾਣੀ, ਕਥਾ-ਕੀਰਤਨ ਦਾ ਪ੍ਰਵਾਹ ਚਲਾਉ। ਗੁਰੂ ਨਾਨਕ ਦੀ ਸਿੱਖੀ ਦਾ ਪਿੰਡ-ਪਿੰਡ, ਘਰ-ਘਰ ਸੰਦੇਸ਼ ਪਹੁੰਚਾਉ। ਸਿੰਘ ਧਰਮ ਦੀ ਰੱਖਿਆ ਕਰਨਗੇ, ਤੁਸੀਂ ਧਰਮ ਦਾ ਪ੍ਰਚਾਰ ਕਰੋ। ਅੰਮ੍ਰਿਤ ਪ੍ਰਚਾਰ, ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ-ਸੰਗ ਰਹਿਣਗੇ। ਜਾਉ ! ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।"

ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਕਿੰਨੇ ਸੁੰਦਰ ਸ਼ਬਦਾਂ ਵਿਚ ਪ੍ਰੋੜ੍ਹਤਾ ਕਰਦੇ ਹਨ:

"ਨਿਰਮਲ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਵੇਖ ਕੇ ਕਿਸੇ ਤਰ੍ਹਾਂ ਨੁਕਤਾਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ ਤੇ ਉਨ੍ਹਾਂ ਦਾ ਇਹ ਭੇਖ ਅਸੂਲੀ ਤੌਰ 'ਤੇ ਨਿੰਦਣਯੋਗ ਨਹੀਂ ਮੰਨਿਆ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਰੱਖਣਾ ਸੀ। ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁੱਲ੍ਹ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਮੁੜਨ ਸਾਰ ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ ਅਤੇ ਫੇਰ ਅਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਜਾਣ ਸਮੇਂ ਦਮਦਮੇ ਤੋਂ ਨੰਦੇੜ

ਤੱਕ ਉਨ੍ਹਾਂ ਨੂੰ ਆਪਣੇ ਸੰਗ ਹੀ ਰਖਿਆ। ਪੰਡਿਤ ਕਰਮ ਸਿੰਘ, ਦਰਗਾਹ ਸਿੰਘ ਆਦਿ ਨਿਰਮਲੇ ਸਾਧੂ ਜਿਨ੍ਹਾਂ ਤੋਂ ਆਪ ਨਿਤਾਪ੍ਰਤਿ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨੰਦੇੜ) ਤਕ ਆਪਦੇ ਹਮ-ਰਕਾਬ ਰਹਿੰਦੇ ਰਹੇ।"

(ਨਿਰਮਲ ਸੰਪ੍ਰਦਾਇ, ਪੰਨਾ 149)

## ਨਿਰਮਲੇ ਪੰਚਾਇਤੀ ਅਖਾੜੇ ਦੀ ਸਥਾਪਨਾ

ਨਿਰਮਲੇ ਸੰਤ ਵਿਦਵਾਨ, ਨਿਮਰਤਾ ਵਾਲੇ, ਵਿਚਾਰਸ਼ੀਲ, ਵਿਵੇਕ ਬੁੱਧੀ ਵਾਲੇ ਹੁੰਦੇ ਹਨ। ਸਭ ਨੂੰ ਸਮ-ਦ੍ਰਿਸ਼ਟੀ ਵੇਖਦੇ ਹੋਏ ਸਿੱਖ ਪੰਥ ਅਤੇ ਹਿੰਦੂ ਧਰਮ ਦੇ ਗ੍ਰੰਥਾਂ, ਤੀਰਥਾਂ ਅਤੇ ਮਹਾਂਪੁਰਸ਼ਾਂ ਦਾ ਸਮ-ਦ੍ਰਿਸ਼ਟੀ ਨਾਲ ਸਤਿਕਾਰ ਕਰਦੇ ਹਨ। ਇਹ ਸੰਤ ਕਿਸੀ ਤਰ੍ਹਾਂ ਦੇ ਮਾਦਕ ਅਤੇ ਤਾਮਸੀ ਪਦਾਰਥਾਂ ਦਾ ਪ੍ਰਯੋਗ ਨਹੀਂ ਕਰਦੇ। ਪਵਿੱਤਰ ਜੀਵਨ ਵਾਲੇ, ਸਿਮਰਨ ਵਾਲੇ, ਪਰਉਪਕਾਰੀ ਹੁੰਦੇ ਹਨ। ਇਸ ਵਾਸਤੇ ਗੁਰਬਾਣੀ ਨੇ ਨਿਰਮਲੇ ਸੰਤਾਂ ਨੂੰ 'ਅਪਾਰ' ਕਿਹਾ ਹੈ। ਇਹ ਮਹਾਂਪੁਰਖ ਨਿਸ਼ਚੈ ਹੀ 'ਅਪਾਰ' ਹੁੰਦੇ ਹਨ।

ਕੁੰਭ ਪਰਵਾਂ 'ਤੇ ਧਰਮ ਪ੍ਰਚਾਰ, ਸਤਿਸੰਗ, ਵਿਸ਼੍ਰਾਮ ਅਤੇ ਭੋਜਨ ਦੇ ਵਾਸਤੇ ਨਿਰਮਲੇ ਸੰਤਾਂ ਵਲੋਂ 'ਅਖਾੜਾ' ਸਥਾਪਿਤ ਕਰਨ ਦਾ ਵਿਚਾਰ ਤਾਂ ਸੰਨ 1743 ਈ. ਵਿਚ ਹੀ ਬਣ ਚੁੱਕਿਆ ਸੀ, ਪਰੰਤੂ ਪਹਿਲੀ ਇਕੱਤ੍ਰਤਾ ਸੰਨ 1759 ਈ. ਵਿਚ ਕੀਤੀ ਗਈ ਸੀ। ਇਸ ਤੋਂ ਬਾਅਦ ਅਨੇਕ ਵਾਰ ਵਿਚਾਰ-ਵਿਮਰਸ਼ ਹੁੰਦਾ ਰਿਹਾ। ਅੰਤ ਦੁਆਦਸ਼ੀ ਦਿਨ ਸ਼ੁੱਕਰਵਾਰ ਸੰਨ 1862 ਈ: ਦੇ ਸ਼ੁਭ ਦਿਹਾੜੇ ਪਟਿਆਲਾ ਵਿਖੇ 'ਧਰਮ-ਧਜਾ' ਦੇ ਸਥਾਨ ਵਿਚ 'ਪੰਚਾਇਤੀ ਅਖਾੜਾ ਨਿਰਮਲਾ' (ਸ੍ਰੀ ਨਿਰਮਲ ਪੰਚਾਇਤੀ ਅਖਾੜਾ) ਵਿਧੀ-ਵਤ ਸਥਾਪਿਤ ਕੀਤਾ ਗਿਆ।

ਇਸ ਸਮੇਂ ਜਿਥੇ ਨਿਰਮਲ ਭੇਖ ਦੇ ਵੱਡੇ-ਵੱਡੇ ਵਿਦਵਾਨ, ਮਹੰਤ, ਸੰਤ, ਵਿਰੱਕਤ, ਜਪੀ, ਤਪੀ ਸਮੂੰਹ ਮਹਾਂਪੁਰਸ਼ ਇਕੱਤਰ ਹੋਏ, ਉਥੇ ਪੰਜਾਬ ਦੇ ਰਾਜਿਆਂ-ਮਹਾਰਾਜਿਆਂ ਨੇ ਵੀ ਪ੍ਰਸੰਨਤਾ ਪੂਰਬਕ ਧਨ-ਰਾਸ਼ੀ ਅਤੇ ਪਿੰਡ ਦਾਨ ਕੀਤੇ। ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ 82000/- ਰੁਪਏ ਨਕਦ ਅਤੇ ਭੈਣੀ, ਝੰਡੀ ਦੋ ਪਿੰਡ ਦਾਨ ਵਿਚ ਦਿੱਤੇ। ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਨਰੇਸ਼ ਨੇ 16000/- ਰੁਪਏ ਨਕਦ ਅਤੇ 'ਹਰੀਕਾ' ਪਿੰਡ ਦਾਨ ਵਿਚ ਦਿੱਤਾ। ਮਹਾਰਾਜਾ ਸਰੂਪ ਸਿੰਘ ਜੀ ਜੀਂਦਪਤੀ ਨੇ 20000/- ਰੁਪਏ ਨਗਦ, ਪਿੰਡ ਬਲਮਗੜ੍ਹ ਅਤੇ ਮੰਡਲਾਂਵਾਲਾ ਦੋ ਪਿੰਡ ਅਖਾੜੇ ਨੂੰ ਦਾਨ ਵਿਚ ਦਿੱਤੇ। ਇਸ ਤਰ੍ਹਾਂ ਹੀ ਹੋਰ ਰਾਜਿਆਂ, ਰਈਸਾਂ, ਸਰਦਾਰਾਂ ਨੇ ਇਸ ਕਾਰਜ ਲਈ ਦਿਲ ਖੋਲ੍ਹਕੇ ਖੁੱਲ੍ਹਾ ਦਾਨ ਦਿੱਤਾ। ਵਿਰੱਕਤ, ਸ਼੍ਰੋਮਣੀ, ਤਪੋਨਿਧੀ, ਬ੍ਰਹਮਗਿਆਨੀ ਸੰਤ ਬਾਬਾ ਮਹਿਤਾਬ ਸਿੰਘ ਜੀ ਨੂੰ ਪਹਿਲਾ 'ਸ੍ਰੀ ਮਹੰਤ' ਨਿਯਤ ਕੀਤਾ ਗਿਆ।

ਪੰਚਾਇਤੀ ਅਖਾੜਾ ਨਿਰਮਲਾ (ਸ੍ਰੀ ਨਿਰਮਲ ਪੰਚਾਇਤੀ ਅਖਾੜੇ) ਦਾ ਕੇਂਦਰੀ ਸਥਾਨ ਕਨਖਲ (ਹਰਿਦਵਾਰ) ਵਿਚ ਨਿਯਤ ਕੀਤਾ ਗਿਆ। ਇਸ ਕਾਰਜ ਵਾਸਤੇ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ ਗੰਗਾ ਨਦੀ ਦੇ ਕਿਨਾਰੇ 'ਤੇ ਮਹਾਰਾਜਾ ਕਰਮ ਸਿੰਘ ਵਾਲੀ ਹਵੇਲੀ ਦਾਨ ਵਿਚ ਦੇ ਦਿੱਤੀ। ਨਾਲ ਹੀ ਧਰਮ-ਧਜਾ ਪਟਿਆਲਾ ਵਾਲਾ ਸਥਾਨ ਵੀ ਅਖਾੜੇ ਦੀ ਬ੍ਰਾਂਚ ਵਾਸਤੇ ਦੇ ਦਿੱਤਾ। ਇਸ ਲੇਖ ਵਿਚ ਅਸੀਂ ਅੱਗੇ ਨੂੰ 'ਪੰਚਾਇਤੀ ਅਖਾੜਾ ਨਿਰਮਲਾ' ਦਾ ਨਾਮ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਕਨਖਲ (ਹਰਿਦਵਾਰ) ਲਿਖਾਂਗੇ।

'ਸ੍ਰੀ ਮਹੰਤ' ਦੀ ਪਦਵੀ ਆਜੀਵਨ ਬਣਾਈ ਗਈ ਅਤੇ ਉਨ੍ਹਾਂ ਦੇ ਅਧੀਨ ਚਾਰ ਮੁਖੀਏ ਮਹੰਤ, ਕੁਠਾਰੀ, ਪੁਜਾਰੀ ਅਤੇ ਕਾਰਬਾਰੀ ਇਤਿਆਦਿਕ ਅਨੇਕ ਪ੍ਰਬੰਧਕ ਨਿਯਤ ਕੀਤੇ ਗਏ। ਤਿੰਨਾਂ ਸਰਕਾਰਾਂ (ਪਟਿਆਲਾ, ਨਾਭਾ, ਜੀਂਦ) ਦੁਆਰਾ ਅਖਾੜੇ ਦਾ ਲਿਖਤੀ ਰੂਪ ਵਿਚ ਵਿਧਾਨ ਉਰਦੂ ਭਾਸ਼ਾ ਵਿਚ ਲਿਖਿਆ ਗਿਆ; ਜਿਸ ਦਾ ਨਾਮ 'ਮਸੌਦਾ ਦੁਸਤੂਰ-ਲ ਅਮਲ' ਹੈ, ਜਿਸ ਨੂੰ ਅਸੀਂ ਇਥੇ ਅੰਕਿਤ ਕਰਦੇ ਹਾਂ:

## ਮਸੌਦਾ ਦੂਸਤੂਰ-ਲ ਅਮਲ (ਉਰਦੂ ਵਿਚ)
### ਸਰਕਾਰੀ ਮੁਹਰ

ਮਹਾਤਮਾ ਭਾਈ ਮਹਿਤਾਬ ਸਿੰਘ ਜੀ ਨੇ ਸਰਕਾਰ ਸੇ ਇਸ ਤਰਹ ਪਰ ਬਿਆਨ ਦੀਆ ਕਿ ਸਾਧੂ, ਸੰਨਿਆਸੀ, ਬੈਰਾਗੀ, ਉਦਾਸੀ, ਸ੍ਰੀ ਗੰਗਾ ਜੀ ਔਰ ਪ੍ਰਯਾਗ ਵਗੈਰਾ ਪਰ ਬਮੌਕੇ ਮੇਲੇਹਾਇ ਅਪਨੇ ਅਖਾੜਿਆਂ ਮੇਂ ਜੁਦਾ ਜੁਦਾ ਭੰਡਾਰਾ ਕਰਤੇ ਹੈਂ ਚੂੰਕਿ ਇਸ ਭੰਡਾਰੇ ਕਰਨੇ ਦਾ ਪੁੰਨ ਔਰ ਧਰਮ ਬਹੁਤ ਹੈ, ਅਗਰ ਸਰਕਾਰ ਸੇ ਇਸ ਧਰਮ ਦੀ ਮਰਯਾਦਾ ਕਾਇਮ ਹੋ ਜਾਵੇ ਤੋਂ ਬਹੁਤ ਮੁਨਾਸਬ ਹੈ। ਚੁਨਾਂਚਿ ਸਰਕਾਰ ਕੋ ਯਿਹ ਹਦਾਇਤ ਭਾਈ ਸਾਹਿਬ ਮੌਸੂਫ਼ ਬਹੁਤ ਪਸੰਦ ਆਈ। ਲਿਹਾਜ਼ਾ ਸਕਰਾਰ ਸੇ ਵਾਸਤੇ ਮੁਸਰਫ਼ ਇਸ ਧਰਮ ਮਰਯਾਦਾ ਕੋ ਦੋ ਦਿਹ ਜਮਾ 4100 ਰੁਪੈ ਸਾਲ ਤਮਾਮ ਅਜ਼ ਰੂਇ ਸਨਦ ਅਲਹਿਦਾ ਮਿਤੀ ਸਉਣ ਸੁਦੀ 12 ਸਾਲ 1919 ਮਾਫ਼ ਵ ਮਰਕੂਉਲ-ਕਲਮ ਕੀਤੇ ਗਏ, ਔਰ ਚੂੰਕਿ ਕਾਇਮੀ ਇਸ ਮਰਯਾਦਾ ਕੀ ਬਾ-ਨਜ਼ਰ ਹੋਨੇ ਕਾਰ ਸਵਾਬ ਔਰ ਧਰਮ ਅਰਥ ਕੇ ਸਰਕਾਰ ਕੋ ਅਜ਼ ਤਹਿ ਦਿਲ ਮਨਜ਼ੂਰ ਹੈ। ਲਿਹਾਜ਼ਾ ਯਾਅਨੇ ਸਰਕਾਰ ਸੇ 82000 ਰੁਪੈ ਯਕਲਖ਼ਤ ਬਤੌਰ ਪੇਸ਼ਗੀ ਬ-ਅੰਦਾਜ਼ੇ ਆਮਦਨੀ 20 ਸਾਲ ਮੁਵਜ਼ਿਆਤਿ ਮਜ਼ਕੂਰ ਇਲਾਵਾ ਅਜ਼ ਆਮਦਨੀ ਦੇਹਾਂਤ ਮਜ਼ਕੂਰ ਦੀਆ ਜਾ ਕਰ ਬਾਇੱਤਿਫ਼ਾਕ ਵਾ ਸਲਾਹ ਚਾਚਾ ਸਾਹਿਬ ਰਾਜਾ ਸਰੂਪ ਸਿੰਘ ਸਾਹਿਬ ਬਹਾਦਰ ਵਾਲੀਇ ਜੀਂਦ ਵ ਬਰਾਦਰ ਅਜ਼ੀਜ਼ ਰਾਜਾ ਭਰਪੂਰ ਸਿੰਘ ਸਾਹਿਬ ਬਹਾਦਰ ਵਾਲੀਇ ਨਾਭਾ ਯਿਹ ਦਰੱਤੂਰੁਲ ਅਮਲ, ਵਾਸਤੇ ਅਮਲ ਦਰਾਮਦ ਆਇੰਦਾ, ਇਸ ਧਰਮ ਮਰਯਾਦਾ ਦੇ ਬਾਇੰਦਰਾਜ ਦਫ਼ਿਆਤਿ ਮੁਫ਼ਸਲਾ ਜ਼ੈਲ ਮੁਕਰੱਰ ਕੀਆ ਗਿਆ ਤਾਂਕਿ ਬਮੂਜਬ ਇਸ ਕੇ ਅਮਲ ਬਰਾਮਦ ਹੋਤਾ ਰਹੇ। ਇਸਕੇ ਖ਼ਿਲਾਫ਼ ਅਮਲ ਮੇਂ ਨਾ ਆਵੇ।

ਦਫ਼ਾ 1: ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਮਾਲਕ ਅਖਾੜੇ ਕੇ ਹੈਂ। ਉਨ ਕੇ ਪੀਛੇ ਸੇ ਇਨ ਕਾ ਜਾਨਸ਼ੀਨ ਮਾਲਕ ਹੋਗਾ।

ਦਫ਼ਾ 2: ਜੋ 82000/- ਰੁਪਏ ਬਤੌਰ ਪੇਸ਼ਗੀ ਫੀਸ ਸਾਲ ਬ ਨਜ਼ਰ ਇਜਰਾਏ ਕਾਰੋਬਾਰ ਧਰਮ ਅਰਥ ਅਖਾੜੇ ਧਰਮ ਧਜਾ ਸਿੱਖਾਨ ਵਾ ਸਾਧਾਨ ਨਿਰਮਲਾ ਪੰਥ ਗੁਰੂ ਖ਼ਾਲਸਾ ਜੀ ਦੀਏ ਗਏ ਹੈਂ, ਚਾਹੀਏ ਕਿ ਹਰ ਚਾਹਾਰ ਮਹੰਤਾਨ ਮੁਕਰਰਾ ਅਜ਼ ਆਮਦਨੀ ਸੂਦ ਵਾ ਤਜਾਰਤ ਵਗ਼ੈਰਾ ਬਿਉਪਾਰ ਉਸ ਕੇ ਯਾਨੀ ਕਾਰੋਬਾਰ ਮੁਤਲੱਕਾ, ਅਖਾੜਾ ਮੌਸੂਫ਼ ਵਾ ਤਾਮੀਰ ਮਕਾਨਾਤ ਜਾਰੀ ਰੱਖੇਂ ਔਰ ਜਮਾ ਅਸਲ ਸੇ ਸਰਫ਼ ਨਾ ਕਰੇਂ।

ਦਫ਼ਾ 3: ਬੰਦੋਬਸਤ ਵਾ ਨਿਗਾਹਦਾਸ਼ਤ ਖ਼ਜ਼ਾਨਾ ਅਖਾੜਾ ਜ਼ੁਮੇ ਹਰ ਏਕ ਪਰ ਅਖਾੜੇ ਕੇ ਰਹੇਗਾ, ਔਰ ਭਾਈ ਸਾਹਿਬ ਕੋ ਕੁੰਜੀ ਖ਼ਜ਼ਾਨੇ ਕੀ ਜਿਸ ਕੇ ਪਾਸ ਰਖਨੀ ਮਨਜ਼ੂਰ ਹੋਗੀ, ਉਸ ਕੇ ਪਾਸ ਰਹੇਗੀ।

ਦਫ਼ਾ 4: ਜਨਾਬ ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਕੋ ਅਖ਼ਤਿਆਰ ਹਾਸਿਲ ਹੈ ਕਿ ਅਪਨੀ ਮਰਜ਼ੀ ਔਰ ਸਲਾਹ ਸੇ ਬਦਲੀ ਸਦਲੀ ਮਹੰਤੋਂ ਕੀ ਕਰਤੇ ਰਹੇਂ।

ਦਫ਼ਾ 5: ਜੋ ਸਿੱਖ ਸਾਧ ਅਖਾੜੇ ਮੇਂ ਹੋਵੇ ਪਹਿਲੇ ਉਨ ਸੇ ਊਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਹਾਥ ਲਗਾਇਆ ਜਾਵੇ ਕਿ ਰੂਪਯਾ ਅਪਨੇ ਪਾਸ ਨਾ ਰਖੇ। ਜੋ ਜਿਸ ਕੇ ਪਾਸ ਹੋਵੇ ਖ਼ਜ਼ਾਨੇ ਮੇਂ ਦਾਖ਼ਿਲ ਕਰ ਦੇਵੇ।

ਦਫ਼ਾ 6: ਜੇ ਕੋਈ ਸਿੱਖ ਅੱਤਾ ਔਰ ਲਾਇਕ ਹੋਵੇ, ਭਾਈ ਸਾਹਿਬ ਉਸ ਕੋ ਅਹੁਦਾ ਮਹੰਤੀ ਔਰ ਦੂਸਰੇ ਕਾਰੋਬਾਰ ਅਖਾੜੇ ਪਰ ਮੁਕੱਰਰ ਕਰੇਂ। ਜੋ ਕੋਈ ਰਹਿਤਨਾਮੇ ਸੇ (ਭਾਵ ਅਖਾੜੇ ਦੀ ਰਹਿਤ ਮਰਯਾਦਾ ਤੋਂ) ਬਰਖ਼ਿਲਾਫ਼ ਹੋਵੇ ਵਾਸਤੇ ਮੌਕੂਫ਼ੀ ਔਰ ਸਜ਼ਾਇ ਉਸ ਕੀ ਕੇ ਭਾਈ ਸਾਹਿਬ ਕੋ ਅਖ਼ਤਿਆਰ ਹੈ।

ਦਫ਼ਾ 7: ਭਾਈ ਸਾਹਿਬ ਮੌਸੂਫ ਅਪਨੀ ਜ਼ਿੰਦਗੀ ਮੇਂ ਜਿਸ ਕੋ ਅਪਨੀ ਜਗ੍ਹਾ ਕਾਇਮ ਕੀਆ ਚਾਹੇਂ ਬ ਸਲਾਹ ਵ ਤਜਵੀਜ਼ ਤੀਨੋਂ ਸਰਕਾਰੋਂ ਕੋ ਮੁਕੱਰਰ ਕਰੇਂ।

ਦਫ਼ਾ 8: ਬਸੂਰਤੇ ਕਿ ਬਾਅਦ ਭਾਈ ਸਾਹਿਬ ਕੇ ਉਨਕਾ ਜਾਨਸ਼ੀਨ ਚਲਨ ਔਰ ਚਲਾ ਰਵੱਈਏ ਸੇ ਅੱਛਾ ਨਹੀਂ ਹੋਗਾ ਤੋਂ ਵਾਸਤੇ ਮੌਕੂਫ਼ੀ ਉਸ ਕੋ ਔਰ ਕਾਇਮ ਕਰਨੇ ਬਜਾਏ ਉਸ ਕੇ ਤੀਨੋਂ ਸਰਕਾਰੋਂ ਕੋ ਅਖ਼ਤਿਆਰ ਹਾਸਿਲ ਹੈ।

ਦਫ਼ਾ 9: ਦਰ ਬਾਬ ਬੰਦੋ-ਬਸਤ ਵਾ ਇਜ ਰਾਇ ਕਾਰੋਬਾਰ ਅਖਾੜੇ ਮਜ਼ਕਰ ਬਮੂਜਬ ਦਸਤੂਰ ਅਖਾੜਾ ਪੰਚਾਇਤੀ ਕੇ, ਅਮਲ ਦਰਆਮਦ ਹੋਤਾ ਰਹੇ। ਮਿਤੀ ਸਾਉਨ ਸੁਦੀ 12 ਬਾਰਾਂ, ਸਾਲ 1919 ਮੁਤਾਬਿਕ ਦਸ ਸਫ਼ਰ ਸੰਨ 1278 ਹਿਜਰੀ ਗੁਰੂ ਵਾਰ।

ਮੋਹਰ ਨਿਸ਼ਾਨੀ ਕੁਲਵੰਤ ਰਾਏ ਦੀਵਾਨ

ਦੇਸ ਵਿਚ ਧਰਮ ਪ੍ਰਚਾਰ ਵਾਸਤੇ 'ਰੰਮਤ ਅਖਾੜਾ' ਵੀ ਕਾਇਮ ਕੀਤਾ ਗਿਆ। ਸ੍ਰੀ ਨਿਰਮਲ ਪੰਚਾਇਤੀ ਅਖਾੜਾ ਸਥਾਪਨਾ ਦਿਵਸ ਤੋਂ ਲੈ ਕੇ ਅੱਜ ਤਕ ਧਰਮ ਪ੍ਰਚਾਰ ਕਰਦਾ ਆ ਰਿਹਾ ਹੈ। ਕੁੰਭ ਪਰਵਾਂ ਉੱਤੇ ਹਜ਼ਾਰਾਂ ਲੋਕ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਛਾਉਣੀ ਵਿਚ ਭੋਜਨ, ਭਜਨ ਅਤੇ ਵਿਸ਼ਰਾਮ ਕਰਦੇ ਹਨ। ਸਤਿਸੰਗ ਦੁਆਰਾ ਆਪਣੇ ਜੀਵਨ ਨੂੰ ਸਫ਼ਲ ਬਣਾਉਂਦੇ ਹਨ। ਅਖਾੜੇ ਦੀ ਪ੍ਰਵੇਸ਼ ਸ਼ਾਹੀ ਦੇਖਣ ਯੋਗ ਹੁੰਦੀ ਹੈ। ਇਸ਼ਨਾਨ ਦੀਆਂ ਸ਼ਾਹੀਆਂ ਵੀ ਖਟ-ਦਰਸ਼ਨ ਸਾਧੂ-ਸਮਾਜ ਨਾਲੋਂ ਪ੍ਰਭਾਵਸ਼ਾਲੀ ਹੁੰਦੀਆਂ ਹਨ। ਪਹਿਲੇ ਸ੍ਰੀ ਮਹੰਤ ਤੋਂ ਲੈ ਕੇ ਹੁਣ ਤੱਕ ਦਸ 'ਸ੍ਰੀ ਮਹੰਤ' ਇਸ ਪਦਵੀ 'ਤੇ ਵਿਭੂਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ:

**ਪਹਿਲੇ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ:** ਪਿੰਡ ਲੇਹਲ ਵੱਡੀ, ਜ਼ਿਲ੍ਹਾ ਸੰਗਰੂਰ, ਗੁਰੂ ਦਾ ਨਾਮ ਧਰਮ ਸਿੰਘ, ਜਨਮ ਸੰਨ 1821 ਈ., ਸੰਨ 1862 ਤੋਂ 1871 ਈ. ਤੱਕ 9 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 51 ਵਰਸ਼।

**ਦੂਸਰੇ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ:** ਜਨਮ 1818 ਈ., ਪਿੰਡ ਚੀਮਾ, ਜ਼ਿਲ੍ਹਾ ਸੰਗਰੂਰ, ਗੁਰੂ ਪੰਡਿਤ ਮਾਨ ਸਿੰਘ ਕਬੇਰੀਏ, ਸੰਨ 1871 ਤੋਂ ਸੰਨ 1896 ਈ. ਤੱਕ 25 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 78 ਵਰਸ਼ ਸੀ।

ਪੰਡਿਤ ਰਾਮ ਸਿੰਘ ਜੀ ਕਬੇਰ ਵਾਲਿਆਂ ਨੇ ਕ੍ਰਮਵਾਰ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਅਤੇ ਪੰਡਿਤ ਦੀਵਾਨ ਸਿੰਘ 'ਠੀਕਰੀਵਾਲਾ' ਨੂੰ ਨਾਇਬ ਸ੍ਰੀ ਮਹੰਤ ਬਣਾਇਆ ਸੀ। ਪੰਡਿਤ ਤਾਰਾ ਸਿੰਘ ਜੀ 'ਨਰੋਤਮ ਦਾ ਜਨਮ ਸੰਨ 1822 ਈ. ਪਿੰਡ ਕਾਰਵਾ, ਜ਼ਿਲ੍ਹਾ ਗੁਰਦਾਸਪੁਰ, ਗੁਰੂ ਗੁਲਾਬ ਸਿੰਘ ਜੀ ਸੰਨ 1875 ਈ. ਤੋਂ ਸੰਨ 1891 ਈ. ਤੱਕ 16 ਵਰਸ਼ ਨਾਇਬ ਸ੍ਰੀ ਮਹੰਤ ਰਹੇ। ਕੁਲ ਆਯੂ 69 ਵਰਸ਼ ਸੀ। ਪੰਡਿਤ ਦੀਵਾਨ ਸਿੰਘ ਜੀ ਦਾ ਜਨਮ 1833 ਈ. ਪਿੰਡ ਠੀਕਰੀਵਾਲਾ, ਗੁਰੂ ਹੀਰਾ ਸਿੰਘ ਸੰਨ 1891 ਈ. ਤੋਂ 1896 ਈ. ਤੱਕ ਪੰਜ ਵਰਸ਼ ਉਪ ਸ੍ਰੀ ਮਹੰਤ ਰਹੇ। ਕੁਲ ਆਯੂ 63 ਵਰਸ਼ ਸੀ।

**ਤੀਸਰੇ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਨਯਾਯਕ:** ਜਨਮ ਸੰਨ 1841 ਈ., ਪਿੰਡ ਕੱਲਾ ਜ਼ਿਲ੍ਹਾ ਅੰਮ੍ਰਿਤਸਰ, ਗੁਰੂ ਗੁਲਾਬ ਸਿੰਘ, ਸੰਨ 1896 ਤੋਂ ਸੰਨ 1905 ਈ. ਤੱਕ 9 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 68 ਵਰਸ਼ ਸੀ।

**ਚੌਥੇ ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ:** ਜਨਮ ਸੰਨ 1845 ਈ., ਪਿੰਡ ਸਰਲੀਆਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ, ਗੁਰੂ ਗੁਲਾਬ ਸਿੰਘ ਜੀ ਗਿੜਵੜੀ ਵਾਲੇ, ਸੰਨ 1905 ਈ. ਤੋਂ ਸੰਨ 1908 ਈ. ਤੱਕ 3 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 63 ਵਰਸ਼ ਸੀ।

**ਪੰਜਵੇਂ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ:** ਜਨਮ ਸੰਨ 1861 ਈ., ਪਿੰਡ ਹਰੀਕੇ ਕਲਾਂ, ਜ਼ਿਲ੍ਹਾ ਮੁਕਤਸਰ, ਗੁਰੂ ਮਸਤਾਨ ਸਿੰਘ, ਸੰਨ 1908 ਈ. ਤੋਂ ਸੰਨ 1927 ਈ. ਤੱਕ 19 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 66 ਵਰਸ਼ ਸੀ।

ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲਿਆਂ ਦੇ ਸਮੇਂ ਵਿਚ ਪੰਡਿਤ ਮੋਹਰ ਸਿੰਘ ਜੀ

ਪਟਿਆਲੇ ਵਾਲੇ ਉਪ ਸ੍ਰੀ ਮਹੰਤ ਰਹੇ, ਜਿਨ੍ਹਾਂ ਦਾ ਜਨਮ ਸੰਨ 1863 ਈ., ਸੰਨ 1920 ਤੋਂ ਸੰਨ 1927 ਤੱਕ 8 ਵਰਸ਼ ਉਪ ਸ੍ਰੀ ਮਹੰਤ ਰਹੇ। ਕੁਲ ਆਯੂ 64 ਵਰਸ਼ ਸੀ।

**ਛੇਵੇਂ ਸ੍ਰੀ ਮਹੰਤ ਪੰਡਿਤ ਦਯਾ ਸਿੰਘ ਜੀ ਉਗੋਵਾਲੇ:** ਜਨਮ 1868 ਈ. ਵਿਚ ਹੋਇਆ। ਪਿੰਡ ਹੀਰੋ ਖੁਰਦ, ਜ਼ਿਲ੍ਹਾ ਪਟਿਆਲਾ, ਗੁਰੂ ਮਲੂਕ ਸਿੰਘ। ਸੰਨ 1927 ਈ. ਤੋਂ ਸੰਨ 1929 ਈ. ਤੱਕ 3 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 61 ਵਰਸ਼ ਸੀ।

**ਸੱਤਵੇਂ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਂਸ਼ੀ ਵਾਲੇ:** ਜਨਮ ਸੰਨ 1876 ਈ., ਪਿੰਡ ਗੋਂਦਵਾਲ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ), ਗੁਰੂ ਮੱਖਨ ਸਿੰਘ। ਸੰਨ 1931 ਈ. ਤੋਂ ਸੰਨ 1934 ਈ. ਤੱਕ 4 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 59 ਵਰਸ਼ ਸੀ।

**ਅੱਠਵੇਂ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ:** ਜ਼ਨਮ ਸੰਨ 1886 ਈ., ਪਿੰਡ ਭਿੰਡਰ ਕਲ੍ਹਾਂ, ਜ਼ਿਲ੍ਹਾ ਮੋਗਾ, ਪਿਤਾ ਸ. ਨੱਥਾ ਸਿੰਘ, ਮਾਤਾ ਮਹਿਤਾਬ ਕੌਰ, ਗੁਰੂ ਭਗਤ ਸਿੰਘ, ਸੰਨ 1934 ਈ. ਤੋਂ ਸੰਨ 1986 ਈ. ਤੱਕ 51 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 100 ਵਰਸ਼ ਸੀ।

**ਨੌਵੇਂ ਸ੍ਰੀ ਮਹੰਤ ਪੰਡਿਤ ਬਲਵੀਰ ਸਿੰਘ ਜੀ ਸ਼ਾਸ਼ਤ੍ਰੀ ਪਟਨੇ ਵਾਲੇ:** ਜਨਮ ਸੰਨ 1925 ਈ. ਪਿੰਡ ਅਤੇ ਜ਼ਿਲ੍ਹਾ ਮੁਕਤਸਰ, ਪਿਤਾ ਸ. ਕਾਲਾ ਸਿੰਘ, ਮਾਤਾ ਪ੍ਰਤਾਪ ਕੌਰ, ਗੁਰੂ ਹਰਦੇਵ ਸਿੰਘ, ਸੰਨ 1986 ਤੋਂ ਸੰਨ 1993 ਈ. ਤੱਕ 7 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 68 ਵਰਸ਼ ਸੀ।

**ਦਸਵੇਂ ਸ੍ਰੀ ਮਹੰਤ ਪੰਡਿਤ ਗਿਆਨਦੇਵ ਸਿੰਘ ਜੀ (ਵਰਤਮਾਨ):** ਜਨਮ ਸੰਨ 1940 ਈ., ਪਿੰਡ ਬਹਿਲੋਲਪੁਰ, ਜ਼ਿਲ੍ਹਾ ਮੇਰਠ (ਯੂ.ਪੀ.), ਪਿਤਾ ਸ. ਦਰਿਆਵ ਸਿੰਘ, ਮਾਤਾ ਗੰਗਾਦੇਵੀ, ਗੁਰੂ ਸ੍ਵਾਮੀ ਲਾਲ ਸਿੰਘ, ਸੰਨ 1993 ਈ. ਤੋਂ ਸ੍ਰੀ ਮਹੰਤ ਦੀ ਪਦਵੀ 'ਤੇ ਵਿਭੂਸ਼ਿਤ ਹਨ।

ਆਪ ਜੀ ਦੇ ਸਮੇਂ ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਨਿਰਮਲ ਭੇਖ, ਖਟ-ਦਰਸ਼ਨ ਸਾਧੂ-ਸਮਾਜ ਵਿਚ ਮਹਾਨ ਸਤਿਕਾਰ ਪ੍ਰਾਪਤ ਕਰ ਰਿਹਾ ਹੈ। ਨਿਰਮਲ ਪੰਥ ਵਾਸਤੇ ਇਹ ਗੌਰਵ ਦੀ ਗੱਲ ਹੈ ਕਿ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਵਰਤਮਾਨ 'ਸ੍ਰੀ ਮਹੰਤ' ਪੂਰਵ ਮਹਾਂਪੁਰਖਾਂ ਦੀ ਤਰ੍ਹਾਂ ਤਪ-ਤੇਜ, ਪ੍ਰਤਾਪ ਵਾਲੇ, ਤਪੋਨਿਧੀ, ਜਤੇਂਦ੍ਰਯ, ਵਿਰੱਕਤ ਸ਼੍ਰੋਮਣੀ ਮਹਾਂਪੁਰਖ ਹਨ ਜਿਨ੍ਹਾਂ ਦਾ ਭਾਰਤੀ ਖਟ ਦਰਸ਼ਨ, ਸਾਧੂ ਸਮਾਜ ਵਿਚ ਪਰਮ ਸਤਿਕਾਰ ਹੈ ਅਤੇ ਸਰਵੋਪਰਿ ਸਥਾਨ ਹੈ। ਆਪ ਜੀ ਦੀ ਅਧਿਅਕਸ਼ਤਾ ਵਿਚ ਨਿਰਮਲ ਪੰਥ ਦਾ ਭਵਿੱਖ ਉੱਜਲ ਹੈ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

*"ਦਸਮ ਗੁਰੂ ਕੇ ਵਕਤ ਮੈਂ ਹੁਤੇ ਨਿਰਮਲੇ ਜੋਇ।*
*ਰਹਿਤੇ ਬਨੇ ਬਿਰਕਤ ਬਹੁ, ਮਿਲੇ ਪੰਥ ਮੈਂ ਸੋਇ॥*
*ਸਤੋ ਗੁਨੀ ਕਿਰਯਾ ਥੈ ਰਖਤੇ। ਹਰਿ ਗੁਰੁ ਭਗਤੀ ਕਾ ਰਸ ਚਖਤੇ॥*
*ਸ਼ਾਸਤ੍ਰ ਸਤਿ ਥੇ ਪਢਤੇ ਸੁਨਤੇ। ਚਰਚਾ ਗਯਾਨ ਬ੍ਰਹਮਾਤਮ ਧੁਨਤੇ॥*
*ਭਜਨ ਮਾਂਹਿ ਥੇ ਨਿਸ ਦਿਨ ਰਹਿਤੇ। ਸਤਿਗੁਰ ਤਿਨੈ ਨਿਰਮਲੇ ਕਹਿਤੇ॥*
*ਵੀਚ ਸਭਾ ਸੋ ਜਬੈ ਆਵਤੇ। ਆਏ ਨਿਰਮਲੇ ਸਭਿ ਬਤਾਵਤੇ॥*
*ਬ੍ਰਹਮ ਗਯਾਨ ਬਿਨ ਚਰਚਾ ਔਰੈਂ। ਗੁਰੁ ਭੀ ਤਬਿ ਨ ਚਲਾਤੇ ਗੌਰੈਂ॥*
*ਔਰ ਕਾਮ ਨਹਿੰ ਤਿਨੈ ਬਤਾਤੇ। ਬਿਦਯਾ ਪਢਨ ਪਢਾਨ ਰਖਾਤੇ॥"*

(ਪੰਥ ਪ੍ਰਕਾਸ਼, ਪੰਨਾ 2799)

ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਕਲਗੀਧਰ ਸ੍ਵਾਮੀ ਨੇ ਨਿਰਮਲੇ ਸੰਤਾਂ ਨੂੰ ਤੀਰਥਾਂ, ਸ਼ਹਿਰਾਂ, ਪਿੰਡਾਂ ਵਿਚ ਡੇਰੇ ਕਾਇਮ ਕਰਨ ਅਤੇ ਦੇਸ ਵਿਚ ਭ੍ਰਮਣ ਕਰਕੇ ਨਾਮ, ਬਾਣੀ, ਸਿੱਖੀ ਦਾ ਪ੍ਰਚਾਰ, ਅੰਮ੍ਰਿਤ ਸੰਚਾਰ ਦੁਆਰਾ ਸਰਬੱਤ ਪ੍ਰਾਣੀ ਮਾਤ੍ਰ ਨੂੰ

ਗੁਰੂ ਨਾਨਕ ਦੇਵ ਜੀ ਦੇ ਘਰ ਨਾਲ ਜੋੜਨ ਦੀ ਆਗਿਆ ਕੀਤੀ। ਗੁਰੂ ਜੀ ਦਾ ਆਦੇਸ਼ ਸੁਣ ਕੇ 25 ਨਿਰਮਲੇ ਸੰਤਾਂ ਦੀ ਸੰਤ ਮੰਡਲੀ ਸਤਿਗੁਰੂ ਜੀ ਦੀ ਉਸਤਤੀ ਕਰਕੇ, ਨਮਸਕਾਰ, ਅਰਦਾਸ ਕਰਕੇ, ਆਗਿਆ ਅਨੁਸਾਰ ਵੱਖ-ਵੱਖ ਇਲਾਕਿਆਂ ਅਤੇ ਤੀਰਥਾਂ ਉਪਰ ਚਲੀ ਗਈ। ਸੰਤ ਕਰਮ ਸਿੰਘ ਜੀ ਕਾਸ਼ੀ ਕੁਰੂਕਸ਼ੇਤਰ ਜਾ ਰਹੇ। ਸੰਤ ਪ੍ਰਕਾਸ਼ ਸਿੰਘ ਜੀ ਖਡੂਰ ਸਾਹਿਬ ਪਹੁੰਚ ਗਏ। ਸੰਤ ਕੋਇਰ ਸਿੰਘ ਜੀ ਅੰਮ੍ਰਿਤਸਰ ਚਲੇ ਗਏ। ਇਸ ਤਰ੍ਹਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਮੂਹ ਸੰਤ ਨਾਮ-ਬਾਣੀ, ਸਿੱਖੀ, ਅੰਮ੍ਰਿਤ ਪ੍ਰਚਾਰ ਵਾਸਤੇ ਸਾਰੇ ਦੇਸ ਵਿਚ ਖਿਲਰ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 1708 ਈ. ਵਿਚ ਜੋਤੀ ਜੋਤ ਸਮਾ ਗਏ। ਭਾਈ ਦਇਆ ਸਿੰਘ, ਭਾਈ ਸੰਤੋਖ ਸਿੰਘ ਆਦਿਕ ਕਾਫ਼ੀ ਸਿੰਘ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਚ ਗੁਰੂ ਜੀ ਦੇ ਸਥਾਨ ਦੀ ਸੇਵਾ-ਸੰਭਾਲ ਕਰਦੇ ਹੋਏ ਕਥਾ-ਕੀਰਤਨ ਅਤੇ ਲੰਗਰ ਦਾ ਪ੍ਰਵਾਹ ਚਲਾਉਂਦੇ ਰਹੇ। ਨਿਰਮਲੇ ਸੰਤ ਸਾਰੇ ਦੇਸ਼ ਵਿਚ ਗੁਰਬਾਣੀ, ਗੁਰਮਤਿ, ਸਿੱਖੀ ਦਾ ਪ੍ਰਚਾਰ, ਅੰਮ੍ਰਿਤ ਸੰਚਾਰ ਕਰਦੇ ਰਹੇ। ਗੁਰਮੁਖੀ ਪੜ੍ਹਾਉਣ ਦੀ, ਬਾਣੀ ਦੀਆਂ ਪੋਥੀਆਂ ਲਿਖਣ ਦੀ, ਸਤਿਗੁਰੂਆਂ ਦੇ ਉਪਕਾਰਾਂ ਦੀ, ਬੱਚਿਆਂ ਦੇ ਸਿਰਾਂ 'ਤੇ ਕੇਸ ਰਖਵਾਉਣ ਦੀ, ਪੰਥ ਦੇ ਸੰਘਰਸ਼ ਵਿਚ ਸਿੱਖ ਬੱਚਿਆਂ ਨੂੰ ਸ਼ਾਮਲ ਕਰਨ ਦੀ ਸੇਵਾ ਕਰਦੇ ਰਹੇ।

## ਨਿਰਮਲ ਪੰਥ ਦੀ ਰਹਿਤ ਮਰਯਾਦਾ

ਇਤਿਹਾਸ ਵਿਚ ਲਿਖਿਆ ਹੈ ਕਿ ਇਕ ਦਿਨ ਭਾਈ ਦਰਬਾਰਾ ਸਿੰਘ ਜੀ ਨੇ ਭਾਈ ਰਾਮ ਕੋਇਰ ਜੀ ਨੂੰ ਪ੍ਰਸ਼ਨ ਕੀਤਾ ਕਿ, "ਜੇਕਰ ਗੁਰੂ ਕੇ ਸਿੱਖ ਸੰਸਾਰ ਤੋਂ ਉਪਰਾਮ ਹੋ ਕੇ ਸਾਧੂ ਬਣਨਾ ਚਾਹੁਣ ਤਾਂ ਕਿਸ ਸੰਪ੍ਰਦਾਇ ਦਾ ਭੇਖ ਧਾਰਨ ਕਰਨ, ਜਿਸ ਨਾਲ ਗੁਰੂ ਕੇ ਸਿੱਖਾਂ ਦਾ ਸਿੱਖੀ ਸਿਦਕ ਵੀ ਬਣਿਆ ਰਹੇ।"

ਉੱਤਰ ਵਿਚ ਭਾਈ ਸਾਹਿਬ ਜੀ ਨੇ ਫ਼ੁਰਮਾਇਆ ਕਿ, "ਗੁਰੂ ਕੇ ਸਿੱਖਾਂ ਨੂੰ ਨਿਰਮਲ ਸੰਪ੍ਰਦਾਇ ਦੇ ਸਾਧੂ ਬਣਨਾ ਚਾਹੀਦਾ ਹੈ। ਨਿਰਮਲ ਪੰਥ ਦਸਾਂ ਸਤਿਗੁਰੂਆਂ ਨੂੰ ਈਸ਼ਵਰ ਦੀ ਜੋਤਿ ਮੰਨਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ। ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਨਾ ਜ਼ਰੂਰੀ ਮੰਨਦਾ ਹੈ। ਅੰਮ੍ਰਿਤਪਾਨ ਤੋਂ ਬਿਨਾਂ ਨਿਰਮਲਾ ਸੰਤ ਬਣ ਹੀ ਨਹੀਂ ਸਕਦਾ। ਗੁਰੂ ਕੇ ਗੁਰਦਵਾਰਿਆਂ, ਤੀਰਥਾਂ, ਬੁੰਗਿਆਂ, ਸ਼ਹੀਦ ਗੰਜਾਂ, ਅੰਗੀਠਿਆਂ, ਸਮਾਧਾਂ, ਤਖ਼ਤਾਂ, ਗੁਰਮਤਿਆਂ, ਹੁਕਮਨਾਮਿਆਂ ਦਾ ਪੂਰਨ ਸਤਿਕਾਰ ਕਰਦਾ ਹੈ। ਗੁਰਬਾਣੀ, ਕਥਾ-ਕੀਰਤਨ ਦਾ ਪ੍ਰਚਾਰ ਕਰਦਾ ਹੈ। ਜਨ-ਸਾਧਾਰਣ ਨੂੰ ਗੁਰੂ ਸਾਹਿਬਾਨ ਅਤੇ ਗੁਰੂ ਘਰ ਤੋਂ ਜਾਣੂ ਕਰਵਾ ਕੇ ਗੁਰੂ ਕੇ ਲੜ ਲਾਉਂਦਾ ਹੈ।"

ਮਾਸ, ਮਦਰਾ (ਸ਼ਰਾਬ, ਅਫ਼ੀਮ, ਸੁੱਖਾ/ਭੰਗ) ਆਦਿਕ ਮਾਦਕ ਪਦਾਰਥਾਂ ਅਤੇ ਪਰ-ਇਸਤ੍ਰੀ ਦਾ ਨਿਸ਼ੇਧ ਕਰਦਾ ਹੈ। ਹੋਰ ਭੇਖਾਂ ਦੀ ਤਰ੍ਹਾਂ ਨਿਰਮਲ ਪੰਥ ਵਿਚ ਅਗਿਆਨ ਅਤੇ ਅੰਧ-ਵਿਸ਼ਵਾਸ ਨਹੀਂ ਹੈ। ਉਦਾਸੀਆਂ, ਸੰਨਿਆਸੀਆਂ, ਬੈਰਾਗੀਆਂ, ਨਾਥਾਂ, ਜੋਗੀਆਂ, ਜੈਨੀਆਂ ਦੀ ਤਰ੍ਹਾਂ ਜਨ ਸਾਧਾਰਨ ਤੋਂ ਵੱਖਰਾ ਬਣ ਕੇ ਨਹੀਂ ਰਹਿੰਦਾ। ਸਿਰ-ਮੂੰਹ ਮੁੰਡਤ ਕਰਨਾ, ਵੱਡੀਆਂ-ਵੱਡੀਆਂ ਜਟਾਂ ਰੱਖਣੀਆਂ, ਸਰੀਰ ਤੇ ਸਵਾਹ ਮਲ ਕੇ ਰੱਖਣੀ, ਲਿੰਗ, ਕੰਨ ਆਦਿਕ ਛੇਦਨੇ ਨਿਰਮਲ ਪੰਥ ਵਿਚ ਨਹੀਂ ਹਨ। ਨਿਰਮਲੇ ਸੰਤ ਸੁਭਾਵਿਕ ਰੂਪ ਵਿਚ ਰਹਿੰਦੇ ਹਨ। ਸੁੰਦਰ ਵਸਤਰ ਪਹਿਨਦੇ ਹਨ। ਭਗਵੇਂ ਜਾਂ ਸਫ਼ੈਦ ਦਸਤਾਰੇ ਅਤੇ ਬਾਕੀ ਵਸਤਰ ਵੀ ਭਗਵੇਂ ਜਾਂ ਚਿੱਟੇ ਪਹਿਨਦੇ ਹਨ।

## ਨਿਰਮਲੇ ਮਹਾਂਪੁਰਖਾਂ ਦੀ ਸਰਵ-ਪੱਖੀ ਸੇਵਾ

ਨਿਰਮਲੇ ਸਤਿਪੁਰਸ਼ਾਂ ਨੇ ਸਤਿਗੁਰੂ ਜੀ ਦੇ ਆਦਰਸ਼ ਅਨੁਸਾਰ ਸੇਵਾ ਨੂੰ ਮੁੱਖ ਰੱਖਿਆ ਹੈ।

ਮਨੁੱਖਤਾ ਦੀ ਭਲਾਈ ਵਾਸਤੇ ਪਰਉਪਕਾਰ ਕਰ ਰਹੇ ਹਨ। ਜਨਤਾ ਜਨਾਰਦਨ ਦੀ ਆਤਮਿਕ ਅਤੇ ਸੰਸਾਰਕ ਅਗਵਾਈ ਕਰਕੇ ਸਦਮਾਰਗ ਪਾ ਰਹੇ ਹਨ। ਰੂੜ੍ਹੀਵਾਦੀ ਨਾ ਰਹਿ ਕੇ ਲੋੜ ਅਨੁਸਾਰ ਸਭ ਤਰ੍ਹਾਂ ਦੀ ਸੇਵਾ ਕਰ ਰਹੇ ਹਨ।

ਮੰਡਲੀਆਂ ਦੁਆਰਾ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਲੱਗੇ। ਛੋਟੇ-ਛੋਟੇ, ਵੱਡੇ-ਵੱਡੇ ਪਿੰਡਾਂ ਵਿਚ ਡੇਰੇ ਕਾਇਮ ਕਰਕੇ ਗਿਆਨ ਦਾ ਦੀਪਕ ਜਗਾਉਣ ਲੱਗੇ। ਪੇਂਡੂ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦੇਣ ਲੱਗੇ। ਗੁਰਮੁਖੀ ਵਿਦਿਆ ਪੜ੍ਹਾ ਕੇ ਗੁਰਬਾਣੀ ਦੇ ਪਾਠੀ ਅਤੇ ਗਿਆਨੀ ਬਣਾਉਣ ਲੱਗੇ। ਚਕਿਤਸਾ ਦੁਆਰਾ ਰੋਗਾਂ ਦਾ ਇਲਾਜ ਵੀ ਕਰਨ ਲੱਗੇ ਅਤੇ ਪੜ੍ਹਾਉਣ ਵੀ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਨਯ ਗ੍ਰੰਥ ਲਿਖ ਕੇ ਡੇਰਿਆਂ/ਧਰਮਸ਼ਾਲਾਵਾਂ ਵਿਚ ਸਥਾਪਨ ਕਰਨ ਲੱਗੇ। ਵੱਡੇ-ਵੱਡੇ ਤੀਰਥਾਂ, ਮੇਲਿਆਂ 'ਤੇ ਕਥਾ ਕੀਰਤਨ ਅਤੇ ਸ਼ਾਸਤ੍ਰਾਰਥ ਕਰਕੇ ਗੁਰਮਤਿ-ਗੁਰਬਾਣੀ ਨੂੰ ਸਰਵੋਪਰੀ ਪ੍ਰਸਿੱਧ ਕਰਨ ਲੱਗੇ। ਵਿਦਿਆਲਯ ਖੋਲ੍ਹ ਕੇ ਵਿਦਿਆ ਦਾਨ ਕਰਨ ਲੱਗੇ।

ਵੱਡੇ-ਵੱਡੇ ਗ੍ਰੰਥਾਂ ਦੀ ਰਚਨਾ ਕਰਕੇ ਗੁਰਮਤਿ ਸਿਧਾਂਤ ਦਾ ਨਿਰੂਪਨ ਕਰਨ ਲੱਗੇ। ਗੁਰਬਾਣੀ ਦੇ ਟੀਕੇ, ਕੋਸ਼, ਸਾਹਿਤਯ, ਦਰਸ਼ਨ, ਛੰਦ ਸ਼ਾਸਤ੍ਰ, ਇਤਿਹਾਸ ਦੇ ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ। ਕਈ ਅਸ਼ਰਧਕਾਂ ਵਲੋਂ ਗੁਰਮਤਿ ਦੇ ਖੰਡਨ ਵਿਚ ਲਿਖੇ ਗ੍ਰੰਥਾਂ ਦਾ ਖੰਡਨ ਕਰਕੇ, ਗੁਰਮਤਿ ਸਿਧਾਂਤਾਂ ਦਾ ਬਾ-ਦਲੀਲ ਮੰਡਨ ਕੀਤਾ। ਗ੍ਰੰਥ ਰਚਨਾ ਤੋਂ ਬਿਨਾਂ ਪੱਤਰਕਾਰੀ ਵਿਚ ਵੀ ਉੱਘਾ ਯੋਗਦਾਨ ਪਾਇਆ ਹੈ। ਅਖ਼ਬਾਰਾਂ ਦੁਆਰਾ ਉਲੇਖਨੀਯ ਪ੍ਰਚਾਰ ਕੀਤਾ ਹੈ।

ਹਰ ਪੰਥਕ ਕਾਰਜ ਵਿਚ ਅੱਗੇ ਹੋ ਕੇ ਹਿੱਸਾ ਪਾਉਂਦੇ ਰਹੇ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੇ ਨਿਰਮਲੇ ਸੰਤ ਹੀ ਹਨ। ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤਰਤਾ ਅੰਦੋਲਨ ਵਿਚ ਸਭ ਤੋਂ ਅੱਗੇ ਰਹੇ ਹਨ। ਨਿਰਮਲ ਭੇਖ ਦੀ ਦੇਸ਼ ਸੇਵਾ, ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਉਲੇਖਨੀਯ ਹੈ। ਇਨ੍ਹਾਂ ਮਹਾਂਪੁਰਖਾਂ ਦੇ ਸਰਵਪੱਖੀ ਨਿਸ਼ਕਾਮ ਪਰਉਪਕਾਰਾਂ ਦਾ ਸੰਖੇਪ ਸਾਰ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ।

## ਕਥਾ ਵਿਆਖਿਆਨ

ਨਿਰਮਲ ਭੇਖ ਵਿਚ ਬੜੇ-ਬੜੇ ਵਿਦਵਾਨ, ਕਥਾਕਾਰ, ਵਿਆਖਿਆਨਦਾਤਾ, ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਕਥਾ ਵਿਆਖਿਆਨ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਸਦ-ਮਾਰਗ ਪਾਇਆ। ਗੁਰਬਾਣੀ, ਗੁਰਸਿੱਖੀ ਨਾਲ ਜੋੜ ਕੇ ਲੋਕ-ਪ੍ਰਲੋਕ ਸਫਲੇ ਕੀਤੇ। ਭਾਵੇਂ ਕਥਾ, ਵਿਆਖਿਆਨ ਦੀ ਨਿਰਮਲ ਭੇਖ ਦੇ ਸਮੂਹ ਮਹਾਂਪੁਰਖਾਂ ਨੂੰ ਧੁਰ ਤੋਂ ਹੀ ਦਾਤ ਪ੍ਰਾਪਤ ਹੈ, ਪਰ ਕੁਝ ਅਜਿਹੇ ਅਲੌਕਿਕ, ਚਮਤਕਾਰੀ ਮਹਾਂਪੁਰਖ ਵੀ ਹੋਏ ਹਨ, ਜਿਨ੍ਹਾਂ ਦੇ ਪ੍ਰਵਚਨ ਦੀ ਸ਼ੈਲੀ, ਪਦ ਪਦਾਰਥਾਂ ਦਾ ਵਰਣਨ, ਪ੍ਰਮਾਣ/ਦ੍ਰਿਸ਼ਟਾਂਤ, ਸ਼ਬਦਾਵਲੀ ਅਪੂਰਵ ਸੀ। ਕਥਨ ਵਿਚ ਰਸ ਅਤੇ ਮਧੁਰਤਾ ਸੀ। ਪ੍ਰਵਚਨ ਯਥਾਰਥਕਤਾ ਅਤੇ ਆਪਣੇ ਸਿਧਾਂਤ ਨੂੰ ਸਿੱਧ ਕਰਨ ਦੀ ਸ਼ਕਤੀ ਸੀ।

ਪੰਡਿਤ ਹਰੀ ਸਿੰਘ ਜੀ ਕਥਾ ਵਾਲੇ, ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਰਿਸ਼ੀਕੇਸ਼, ਪੰਡਿਤ ਫੌਜਾ ਸਿੰਘ ਜੀ ਮੰਡੇਲੀ ਵਾਲੇ, ਪੰਡਿਤ ਕਾਲਾ ਸਿੰਘ ਜੀ ਮੰਡਲੇਸ਼ਵਰ, ਪੰਡਿਤ ਅਨੰਦ ਸਿੰਘ ਜੀ ਮੰਡਲੀ ਵਾਲੇ, ਗਿਆਨੀ ਸਰੋਵਰ ਸਿੰਘ ਜੀ, ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕੇ, ਮਹੰਤ ਹਾਕਮ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ ਅੰਮ੍ਰਿਤਸਰ, ਪੰਡਿਤ ਕਲਿਆਣ ਸਿੰਘ ਜੀ, ਪੰਡਿਤ ਹਰਦੇਵ ਸਿੰਘ ਜੀ ਵਿਰਕਤ ਕੁਟੀਆ ਕਨਖਲ, ਪੰਡਿਤ ਨਰੋਤਮ ਸਿੰਘ ਜੀ ਨਿਰਮਲ ਛੇੜ੍ਹ ਅੰਮ੍ਰਿਤਸਰ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਦਿਕ ਪ੍ਰਸਿੱਧ ਹੋਏ ਹਨ, ਜਿਨ੍ਹਾਂ ਦਾ ਪ੍ਰਭਾਵ ਹਾਲੀ ਤੱਕ ਸਰੋਤਿਆਂ ਦੇ ਮਨਾਂ ਉੱਤੇ ਸਮਾਇਆ ਹੋਇਆ ਹੈ।

ਪੰਡਿਤ ਹਰੀ ਸਿੰਘ ਜੀ (ਪੰਜਾਬ ਸਿੰਧ ਛੇੜ੍ਹ) ਪ੍ਰਸਿੱਧ ਕਥਾ ਵਾਲੇ, ਸੰਤ ਮੰਡਲੀ ਸਹਿਤ ਨੇਪਾਲ ਦੀ ਯਾਤ੍ਰਾ 'ਤੇ ਗਏ, ਜਿਨ੍ਹਾਂ ਵਿਚ ਪੰਡਿਤ ਈਸ਼ਰ ਸਿੰਘ ਜੀ ਦੋਧਰ ਵਾਲੇ ਵਰਗੇ ਵਿਰਕਤ,

ਵੀਤਰਾਗ, ਮਹਾਂਪੁਰਖ ਸ਼ਾਮਲ ਸਨ। ਇਕ ਦਿਨ ਨੇਪਾਲ ਸਮਰਾਟ ਨੇ ਖਟ ਦਰਸ਼ਨ ਸਾਧੂ ਸਮਾਜ ਨੂੰ ਰਾਜ ਪ੍ਰਸਾਦ ਵਿਚ ਬੁਲਾਇਆ। ਬਹੁਤ ਵੱਡੀ ਸਭਾ ਲੱਗੀ ਅਤੇ ਵੱਡੇ-ਵੱਡੇ ਵੀਤਰਾਗ ਮਹਾਤਮਾ ਉਪਸਥਿਤ ਹੋਏ। ਇਸ ਸਮੇਂ ਨੇਪਾਲ ਨਰੇਸ਼ ਨੇ ਉਪਦੇਸ਼ ਸ਼ਰਵਨ ਕਰਨ ਦੀ ਇੱਛਾ ਪ੍ਰਗਟ ਕੀਤੀ। ਸੰਤ ਸਤਿਨਾਮ ਸਿੰਘ ਜੀ ਦੇ ਕਹਿਣ 'ਤੇ ਪੰਡਿਤ ਹਰੀ ਸਿੰਘ ਜੀ ਨੇ ਪ੍ਰਵਚਨ ਕੀਤਾ, ਜਿਨ੍ਹਾਂ ਦੀ ਅੰਮ੍ਰਿਤਬਾਣੀ ਸੁਣ ਕੇ ਮਹਾਰਾਜਾ ਪਰਮ ਪ੍ਰਸੰਨ ਹੋਇਆ। ਗੁਰਬਾਣੀ, ਵੇਦ, ਉਪਨਿਸ਼ਦਾਂ, ਪੁਰਾਣਾਂ, ਸਿੰਮ੍ਰਤੀਆਂ ਦੇ ਪ੍ਰਮਾਣ/ਵਾਕਾਂ ਦੁਆਰਾ ਅੰਮ੍ਰਿਤਪਾਨ ਕਰਕੇ ਆਪ ਜੀ ਦਾ ਭਗਤ ਬਣ ਗਿਆ। ਦਸ ਹਜ਼ਾਰ ਰੁਪਏ ਭੇਟ ਕੀਤਾ, ਜਿਨ੍ਹਾਂ ਵੱਲ ਪੰਡਿਤ ਜੀ ਨੇ ਵੇਖਿਆ ਤੱਕ ਵੀ ਨਹੀਂ। ਇਸ ਸਮੇਂ ਆਪ ਜੀ ਨੇ ਰਾਜਧਾਨੀ ਕਠਮੰਡੂ ਵਿਚ ਗੁਰਦੁਆਰਾ ਸਾਹਿਬ ਕਾਇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤੇ।

ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਵੀ ਮਹਾਨ ਵਿਆਖਿਆਨ ਵਾਚਸਪਤੀ ਸਨ। ਸੰਮਤ 1977 ਬਿ. (1920 ਈ.) ਦੇ ਉਜੈਨ ਕੁੰਭ ਪਰਵ 'ਤੇ ਆਪ ਜੀ ਦਾ ਪ੍ਰਵਚਨ ਸੁਣ ਕੇ ਮਹਾਰਾਜਾ ਗਵਾਲੀਅਰ ਅਤਿਅੰਤ ਪ੍ਰਭਾਵਿਤ ਹੋਇਆ ਸੀ। ਨਿਮਰਤਾ ਪੂਰਬਕ ਨਿਮੰਤ੍ਰਣ ਦੇ ਕੇ ਗਣੇਸ਼ ਚੌਥ 'ਤੇ ਗਵਾਲੀਅਰ ਬੁਲਾਇਆ ਅਤੇ ਫੂਲ ਬਾਗ ਵਿਚ ਉਤਾਰਾ ਕੀਤਾ ਗਿਆ। ਖਟ-ਦਰਸ਼ਨ ਸਾਧੂ ਸਮਾਜ ਦਾ ਅਥਾਹ ਇਕੱਠ ਸੀ। ਗਣੇਸ਼ ਚੌਥ ਦੇ ਪਰਵ 'ਤੇ ਆਪ ਜੀ ਨੂੰ ਮਹਿਲਾਂ ਵਿਚ ਬੁਲਾਇਆ ਗਿਆ। ਖਟ-ਦਰਸ਼ਨ ਸਾਧੂ-ਸਮਾਜ ਵੀ ਪੁੱਜਿਆ ਹੋਇਆ ਸੀ ਪਰ ਸ੍ਰੀ ਮਹੰਤ ਜੀ ਨੂੰ ਮਹਾਰਾਜੇ ਨੇ ਆਪਣੇ ਦਰਬਾਰ ਉੱਚ ਆਸਨ ਉਪਰ ਬਿਠਾਇਆ। ਮਹਾਰਾਜੇ ਨੇ ਗਣੇਸ਼ ਜੀ ਦੀ ਮੂਰਤੀ ਅੱਗੇ ਆਪ ਕੀਰਤਨ ਕੀਤਾ।

ਸ੍ਰੀ ਮਹੰਤ ਜੀ ਮਹਾਰਾਜ ਦਾ ਵਿਦਵਤਾ ਭਰਿਆ ਵਿਆਖਿਆਨ ਹੋਇਆ, ਜਿਸਨੂੰ ਮਹਾਰਾਜਾ ਸੁਣ ਕੇ ਅਤੀ ਪ੍ਰਸੰਨ ਹੋਇਆ। ਨਾਲ ਹੀ ਇਕ ਦਿਨ ਹੋਰ ਕਥਾ ਸੁਣਨ ਦੀ ਬੇਨਤੀ ਕੀਤੀ। ਸ੍ਰੀ ਮਹੰਤ ਜੀ ਨੇ ਯੋਗ ਸਮਾਂ ਵੇਖ ਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਦਾ ਗਵਾਲੀਅਰ ਦੇ ਕਿਲ੍ਹੇ ਵਿਚ ਕਾਰਾਵਾਸ ਵਾਲਾ ਪ੍ਰਕਰਣ ਸੁਣਾਇਆ। ਮਹਾਰਾਜਾ ਸੁਣ ਕੇ ਇੰਨਾ ਪ੍ਰਸੰਨ ਹੋਇਆ ਕਿ ਫੂਲ ਬਾਗ ਵਿਚ ਗੁਰਦੁਆਰਾ ਸਥਾਪਨ ਕਰ ਦਿੱਤਾ। ਸ੍ਰੀ ਮਹੰਤ ਜੀ ਅਤੇ ਸੰਤ ਮੰਡਲੀ ਦੀ ਸਤਿਕਾਰ ਯੋਗ ਪੂਜਾ ਕਰਕੇ ਵਿਦਾਇਗੀ ਦਿੱਤੀ। ਇਕ ਹਜ਼ਾਰ ਰੁਪਏ ਸਾਲਾਨਾ ਪੂਜਾ ਨਿਯਤ ਕੀਤੀ।

ਪੰਡਿਤ ਨਾਰਾਇਣ ਸਿੰਘ ਜੀ ਦੀ ਕਥਾ ਸ਼ਰਵਣ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਪਹਿਲਾਂ ਹੀ ਆ ਕੇ ਬੈਠ ਜਾਂਦੇ ਸਨ। ਜੋ ਵੀ ਕਥਾ ਉਪਦੇਸ਼ ਸੁਣਦਾ ਸੀ, ਨਾਮ-ਬਾਣੀ, ਸਿੱਖੀ ਨਾਲ ਜੁੜ ਜਾਂਦਾ ਸੀ। ਸੁਆਮੀ ਲਾਲ ਸਿੰਘ ਜੀ (ਪ੍ਰਸਿੱਧ ਨਿਰਮਲ ਸਵਾਮੀ) ਜਦ ਵੇਦਾਂਤ ਉਪਰ ਪ੍ਰਵਚਨ ਕਰਦੇ ਸਨ, ਹਜ਼ਾਰਾਂ ਵਿਅਕਤੀਆਂ ਦੇ ਮਨ ਇਕਾਗਰਚਿੱਤ ਹੋ ਜਾਂਦੇ ਸਨ।

ਪੰਡਿਤ ਅਰਜਨ ਸਿੰਘ ਜੀ 'ਮੁਨੀ' ਸ਼ਾਸਤ੍ਰੀ ਵਿਆਕਰਣਾਚਾਰਯ, ਹਰਿਦਵਾਰ, ਪੰਡਿਤ ਹਕੀਕਤ ਸਿੰਘ ਜੀ ਅਰਵਿੰਦ ਰਤੋਵਾਲ, ਸ੍ਰੀ 108 ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਾਚਾਰਯ ਕਨਖਲ, ਪੰਡਿਤ ਬਲਬੀਰ ਸਿੰਘ ਜੀ 'ਵਿਯੋਗੀ' ਸੰਤਪੁਰਾ ਦਿੱਲੀ, ਮਹੰਤ ਬੁੱਢਾ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼, ਪੰਡਿਤ ਨਿੱਕਾ ਸਿੰਘ ਜੀ ਵਿਰਕਤ ਨਿਰਮਲ ਆਸ਼ਰਮ ਰਿਸ਼ੀਕੇਸ਼, ਮਹੰਤ ਬਿਸ਼ਨ ਸਿੰਘ ਜੀ 'ਕ੍ਰੀਟ' ਹਰਿਦਵਾਰ, ਗਿਆਨੀ ਜਗਤ ਸਿੰਘ ਜੀ ਅੰਬਾਲਾ, ਪੰਡਿਤ ਗੁਰਦੀਪ ਸਿੰਘ ਜੀ 'ਕੇਸਰੀ' ਵਾਰਾਣਸੀ ਆਦਿਕ ਅਨੇਕ ਮਹਾਂਪੁਰਖ ਮਹਾਨ ਵਿਆਖਿਆਨ ਵਾਚਸਪਤੀ ਹੋਏ ਹਨ।

### ਰਾਗ ਕੀਰਤਨ

ਸਾਹਿਤ ਅਤੇ ਸੰਗੀਤ ਵਿਦਵਤਾ ਦਾ ਚਿੰਨ੍ਹ ਮੰਨੇ ਹਨ। ਨਿਰਮਲੇ ਮਹਾਂਪੁਰਖ ਸਾਹਿਤਯ ਅਤੇ ਸੰਗੀਤ ਵਿਚ ਵੀ ਨਿਪੁੰਨ ਸਨ। ਸੰਗੀਤ, ਰਾਗ ਅਤੇ ਕੀਰਤਨ ਵਿਚ ਅਕਹਿ ਯੋਗਤਾ ਰੱਖਣ ਵਾਲੇ ਅਨੇਕ ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਰਾਗ ਅਤੇ ਕੀਰਤਨ ਦੁਆਰਾ ਨਾਮ ਬਾਣੀ ਦੀ ਸਾਰੇ ਦੇਸ

ਵਿਚ ਅੰਮ੍ਰਿਤ ਵਰਖਾ ਕੀਤੀ ਹੈ। ਮਹਾਂਪੁਰਖਾਂ ਦੀ ਰਾਗ/ਕੀਰਤਨ ਦੁਆਰਾ ਕੀਤੀ ਹੋਈ ਸੇਵਾ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹੈ।

ਸ੍ਰੀ ਮਾਨ ਸੰਤ ਬਾਬਾ ਮਿਸ਼ਰਾ ਸਿੰਘ ਜੀ (ਅੰਮ੍ਰਿਤਸਰ) ਪ੍ਰਸਿੱਧ ਰਾਗੀ ਅਤੇ ਕੀਰਤਨੀਏ ਹੋਏ ਹਨ। ਆਪ ਕਈ ਵਰਸ਼ ਸ੍ਰੀ ਹਰਿਮੰਦਰ ਸਾਹਿਬ ਜੀ, ਅੰਮ੍ਰਿਤਸਰ ਵਿਖੇ ਬਿਲਾਵਲ ਦੀ ਚੌਂਕੀ ਭਰਦੇ ਰਹੇ। ਆਪ ਨਿਰੇ ਰਾਗੀ ਹੀ ਨਹੀਂ ਸਨ, ਨਾਮ-ਬਾਣੀ ਦੇ ਅਭਿਆਸੀ, ਉੱਚ ਜੀਵਨ ਵਾਲੇ ਬ੍ਰਹਮਗਿਆਨੀ ਸਨ। ਇਸੇ ਵਾਸਤੇ ਆਪ ਜੀ ਦੇ ਕੀਰਤਨ ਵਿਚ ਰਸ ਅਤੇ ਮਧੁਰਤਾ ਸੀ। ਸ਼ਹਿਰ ਤੇ ਇਲਾਕੇ ਦੀ ਸੰਗਤ, ਡੇਰਿਆਂ ਦੇ ਮਹਾਂਪੁਰਖ, ਆਪ ਜੀ ਦਾ ਕੀਰਤਨ ਸਰਵਣ ਕਰਨ ਵਾਸਤੇ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਚ ਪਹੁੰਚ ਜਾਂਦੇ ਸਨ। ਆਪ ਜੀ ਦਾ ਡੇਰਾ ਕੀਰਤਨ ਦੀ ਟਕਸਾਲ ਦੇ ਰੂਪ ਵਿਚ ਪ੍ਰਸਿੱਧ ਹੈ। ਇਸ ਸਥਾਨ ਤੋਂ ਅਨੇਕਾਂ ਨੇ ਰਾਗ/ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਇਸ ਡੇਰੇ ਵਿਚ ਸੰਤ ਕਪੂਰ ਸਿੰਘ ਜੀ (ਜਨਮ ਪਿੰਡ ਕੈਰੋਂ ਜ਼ਿਲ੍ਹਾ ਅੰਮ੍ਰਿਤਸਰ) ਮਹਾਨ ਰਾਗੀ ਹੋਏ ਹਨ, ਜੋ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਚੌਂਕੀ ਭਰਦੇ ਸਨ। ਇਥੋਂ ਸੇਵਾ ਮੁਕਤ ਹੋਣ ਉਪਰੰਤ ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾਪਤੀ ਦੇ ਰਾਜ ਦਰਬਾਰ ਵਿਚ ਰਾਗੀ ਦੀ ਪਦਵੀ 'ਤੇ ਜਾ ਕੇ ਸੇਵਾ ਨਿਭਾਈ। ਆਪ ਜੀ ਨੇ ਰਾਗ ਵਿਦਿਆ ਉਪਰ ਇਕ ਗ੍ਰੰਥ ਵੀ ਲਿਖਿਆ ਹੈ। ਭਾਈ ਮੱਖਣ ਸਿੰਘ, ਭਾਈ ਜਵਾਹਰ ਸਿੰਘ, ਭਾਈ ਲਾਭ ਸਿੰਘ (ਤਿੰਨੇ ਪ੍ਰਗਯਾਚਖਸੂ) ਸੰਤ ਕਪੂਰ ਸਿੰਘ ਜੀ ਦੇ ਸ਼ਿਸ਼ ਸਨ।

ਭਾਈ ਮੱਖਣ ਸਿੰਘ ਜੀ ਨੇ 50 ਵਰਸ਼ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਆਸਾ ਦੀ ਵਾਰ ਦਾ ਕੀਰਤਨ ਕੀਤਾ। ਕੋਈ ਕਿੰਨੀ ਵੀ ਪੂਜਾ ਭੇਟਾ ਦੇਵੇ, ਆਪ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕੀਰਤਨ ਵਿਚ ਨਾਗਾ ਨਹੀਂ ਪਾਉਂਦੇ ਸਨ। ਤਾਊਸ ਵਜਾਉਣ ਵਿਚ ਆਪ ਜੀ ਪ੍ਰਵੀਨ ਸਨ।

ਪਿੰਡ ਦੌਧਰ ਜ਼ਿਲ੍ਹਾ ਮੋਗਾ ਵਿਚ ਮਹੰਤ ਵੀਰ ਸਿੰਘ ਜੀ ਰਾਗ ਦੇ ਮਹਾਨ ਵਿਦਵਾਨ ਅਤੇ ਗੁਰਮੁਖੀ ਦੇ ਲਿਖਾਰੀ ਸਨ। ਛੋਟੇ-ਛੋਟੇ ਨੇਤ੍ਰਹੀਨ ਬੱਚਿਆਂ ਨੂੰ ਪੜ੍ਹਾਉਂਦੇ, ਬਾਣੀ ਕੰਠਸਥ ਕਰਵਾਉਂਦੇ, ਰਾਗ ਸਿਖਾਉਂਦੇ, ਕੇਸੀ ਸ਼ਨਾਨ ਕਰਵਾਉਂਦੇ, ਵਸਤਰ ਧੋਂਦੇ, ਸੈਂਕੜੇ ਨੇਤ੍ਰਹੀਨ ਬੱਚਆਂ ਨੂੰ ਰਾਗ ਸਿਖਾ ਕੇ ਗੁਣਾਂ ਨਾਲ ਵਿਭੂਸ਼ਤ ਕਰ ਦਿੰਦੇ ਸਨ। ਸਭ ਵਾਸਤੇ ਲੰਗਰ, ਰਿਹਾਇਸ਼, ਵਸਤਰ ਅਨੇਕ ਤਰ੍ਹਾਂ ਦੇ ਸਾਜ਼ ਸਭ ਡੇਰੇ ਵੱਲੋਂ ਹੀ ਦਿੰਦੇ ਸਨ। ਮਹੰਤ ਮੰਗਲ ਸਿੰਘ ਜੀ ਵੀ ਇਸੇ ਪਰੰਪਰਾ ਨੂੰ ਨਿਭਾਉਂਦੇ ਰਹੇ। ਨੇਤ੍ਰਹੀਨ ਰਾਗੀਆਂ ਵਾਸਤੇ ਦੌਧਰ ਤੀਰਥ ਸਥਾਨ ਬਣ ਗਿਆ। ਨੇਤ੍ਰਹੀਨ ਰਾਗੀ ਭਾਵੇ ਦੇਸ਼ ਦੇ ਕਿਸੇ ਕੋਨੇ ਵਿਚ ਹੋਵੇ, ਦੌਧਰ ਦੇ ਨਾਮ ਤੋਂ ਅਵੱਸ਼ ਹੀ ਵਾਕਫ਼ ਹੋਵੇਗਾ। ਹਰ ਰਾਗੀ ਵਿਦਿਆਰਥੀ ਦੇ ਮਨ ਵਿਚ ਦੌਧਰ ਦੀ ਯਾਤਰਾ ਕਰਨ ਦੀ ਵੀ ਕਾਮਨਾ ਹੁੰਦੀ ਹੈ।

ਵੀਹਵੀਂ ਸਦੀ ਦੇ ਅਵਤਾਰ ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਲਿਆਂ ਨੇ ਕੀਰਤਨ ਦੀ ਅੰਮ੍ਰਿਤ ਵਰਖਾ ਨਾਲ, ਨਾਮ-ਬਾਣੀ, ਅੰਮ੍ਰਿਤ-ਪ੍ਰਚਾਰ, ਸਦ-ਉਪਦੇਸ਼ ਦੀ ਆਲੌਕਿਕ ਲਹਿਰ ਆਰੰਭ ਕੀਤੀ। ਜਿਥੇ ਵੀ ਆਪ ਜਾ ਪੁੱਜਦੇ, ਕੀਰਤਨ ਨੂੰ ਸਰਵਣ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਚਲੇ ਆਉਂਦੇ। ਅੰਮ੍ਰਿਤਪਾਨ ਕਰਕੇ, ਗੁਰਬਾਣੀ ਨਾਲ ਜੁੜ ਕੇ, ਜਨਮ ਸਫਲੇ ਕਰਕੇ ਵਾਪਸ ਜਾਂਦੇ ਸਨ। ਆਪ ਜੀ ਦੇ ਦਰਸ਼ਨ/ਕੀਰਤਨ ਦਾ ਪ੍ਰਭਾਵ ਕਲਮ ਅੰਕਿਤ ਕਰਨ ਤੋਂ ਅਸਮਰਥ ਹੈ।

ਮਹੰਤ ਗੱਜਾ ਸਿੰਘ ਜੀ ਗੁਰਦਵਾਰਾ ਗੁਰੂਸਰ (ਮਰ੍ਹਾਝ ਵਾਲੇ) ਆਪਣੇ ਸਮੇਂ ਦੇ ਆਲੌਕਿਕ ਸੰਗੀਤਕਾਰ ਹੋਏ ਹਨ। ਆਪ ਸੰਗੀਤ ਦੇ ਆਚਾਰਯ ਸਨ। ਸੰਗੀਤ ਦੀ ਦੁਨੀਆਂ ਦੇ ਪ੍ਰਧਾਨ ਪੁਰਸ਼ ਸਨ। ਦੇਸ਼ ਦੇ ਸੰਗੀਤਕਾਰ, ਨ੍ਰਿਤਕਾਰ ਅਤੇ ਰਾਗੀ ਆਪ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾਪਤੀ ਅਤੇ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਆਪ ਜੀ ਦੇ ਸ਼ਾਗਿਰਦ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਨੂੰ

ਸ਼ੁੱਧ ਰੂਪ ਵਿਚ ਸੰਭਾਲਣ ਵਾਸਤੇ ਸੁਰ-ਲਿੱਪੀਆਂ ਤਿਆਰ ਕੀਤੀਆਂ ਸਨ ਪਰ ਇਹ ਮਹਾਨ ਗ੍ਰੰਥ ਪ੍ਰਕਾਸ਼ਤ ਨਾ ਹੋ ਸਕਿਆ। ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਵਿਚ ਰਾਗ, ਸੰਗੀਤ ਬਾਰੇ ਜੋ ਜਾਣਕਾਰੀ ਹੈ, ਉਹ ਸਭ ਮਹੰਤ ਜੀ ਦੀ ਦੇਣ ਹੈ। ਪ੍ਰਸਿੱਧ ਨ੍ਰਤਕੀਆਂ- ਗੋਹਰਜਾਂ ਕਲਕਤੇ ਵਾਲੀ, ਰਾਮਪਿਆਰੀ ਬਨਾਰਸ ਵਾਲੀ, ਜਮਨਾ ਕਾਬਲ ਵਾਲੀ ਆਪ ਜੀ ਕੋਲ ਨੰਗੇ ਪੈਰੀਂ ਆਇਆ ਕਰਦੀਆਂ ਸਨ। ਆਪ ਜੈਸੇ ਮਹਾਨ ਪੁਰਖ ਸਦੀਆਂ ਬਾਅਦ ਪੈਦਾ ਹੁੰਦੇ ਹਨ।

**ਮੰਡਲੀਆਂ**

ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਵਿਦਿਆ, ਗੁਰਬਾਣੀ, ਧਰਮ ਪ੍ਰਚਾਰ ਦੇ ਵਾਸਤੇ ਮੰਡਲੀਆਂ ਦਾ ਨਿਰਮਾਣ ਕੀਤਾ ਹੈ, ਜੋ ਉੱਚ ਜੀਵਨ, ਤਪ, ਤੇਜ ਵਾਲੇ, ਤਿਆਗੀ, ਵੀਤ ਰਾਗ ਵਿਦਵਾਨ ਮਹਾਂਪੁਰਖਾਂ ਦਾ ਚੱਲਦਾ ਫਿਰਦਾ ਵਹੀਰ (ਧਰਮ ਪ੍ਰਚਾਰਕ ਜੱਥਾ) ਹੁੰਦਾ ਹੈ। ਮੰਡਲੀ ਦੇ ਮੁਖੀ ਨੂੰ 'ਮੰਡਲੇਸ਼ਵਰ' ਜਾਂ 'ਮਹਾਂ ਮੰਡਲੇਸ਼ਵਰ' ਕਿਹਾ ਜਾਂਦਾ ਹੈ।

ਬਹੁਤ ਸਾਰੇ ਨਿਰਮਲੇ ਮਹਾਂਪੁਰਖ ਸ੍ਵਾਮੀ ਜਵਾਲਾ ਦਾਸ ਜੀ ਦਾਦਾ ਵਾਲਿਆਂ ਦੀ ਮੰਡਲੀ ਵਿਚ ਰਹਿ ਕੇ ਪੜ੍ਹੇ ਸਨ, ਪਰ ਸ੍ਵਾਮੀ ਜਵਾਲਾ ਦਾਸ ਜੀ, ਸ੍ਰੀਮਾਨ ਪੰਡਿਤ ਫੌਜਾ ਸਿੰਘ ਜੀ (ਨਿਰਮਲੇ) ਦੀ ਮੰਡਲੀ ਵਿਚੋਂ ਪੜ੍ਹੇ ਸਨ। ਪੰਡਿਤ ਫੌਜਾ ਸਿੰਘ ਜੀ ਦੀ ਮੰਡਲੀ ਪ੍ਰਾਚੀਨ ਸੀ। ਇਸ ਤੋਂ ਬਿਨਾਂ ਪੰਡਿਤ ਕਾਲਾ ਸਿੰਘ ਜੀ, ਪੰਡਿਤ ਹਰੀ ਸਿੰਘ ਜੀ ਕਥਾ ਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਕੁਟੀਆ ਕਨਖਲ, ਪੰਡਿਤ ਬਾਬਾ ਪ੍ਰੇਮ ਸਿੰਘ ਜੀ ਝਾੜੀ ਰਿਸ਼ੀਕੇਸ਼ ਵਾਲੇ, ਪੰਡਿਤ ਈਸ਼ਰ ਸਿੰਘ ਜੀ ਦੌਧਰ ਵਾਲੇ, ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਹਰਿਦਵਾਰ ਵਾਲੇ, ਪੰਡਿਤ ਸ਼ਮੀਰ ਸਿੰਘ ਜੀ ਬਲੌਂਗੀ ਵਾਲੇ ਅਤੇ ਪੰਡਿਤ ਗੁਰਬਖ਼ਸ਼ ਸਿੰਘ ਜੀ ਨਾਗੋਕੇ ਦੀਆਂ ਮੰਡਲੀਆਂ ਪ੍ਰਸਿੱਧ ਰਹੀਆਂ ਹਨ।

**ਸ਼ਾਸਤ੍ਰਾਰਥ**

ਨਿਰਮਲ ਪੰਥ ਨੂੰ ਵਿਦਿਆ ਦਾ ਵਰਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ਿਆ ਹੈ। ਇਸ ਕਰਕੇ ਨਿਰਮਲੇ ਮਹਾਂਪੁਰਖ ਸੰਸਕ੍ਰਿਤ ਅਤੇ ਗੁਰਬਾਣੀ ਦੇ ਮਹਾਨ ਵਿਦਵਾਨ ਹੁੰਦੇ ਹਨ। ਧਰਮ, ਕਰਮ-ਕਾਂਡ, ਰਾਜਨੀਤੀ, ਸਾਹਿਤਯ, ਕਾਵਿ, ਵੇਦਾਂਤ, ਨਯਾਯ ਆਦਿਕ ਸਰਵ ਵਿਦਿਆ ਵਿਚ ਪ੍ਰਵੀਨ ਹੁੰਦੇ ਹਨ। ਇਸ ਵਾਸਤੇ ਜੇਕਰ ਕਿਸੇ ਵਿਪਕਸ਼ੀ ਨੇ ਸ਼ਾਸਤ੍ਰਾਰਥ ਕੀਤਾ ਤਾਂ ਵਿਜੈ ਦਾ ਸਿਹਰਾ ਨਿਰਮਲੇ ਸੰਤਾਂ ਦੇ ਸਿਰ 'ਤੇ ਹੀ ਬੱਝਿਆ। ਕਈ ਸ਼ਾਸਤ੍ਰਾਰਥ ਇਤਿਹਾਸ ਪ੍ਰਸਿੱਧ ਹਨ।

(1) ਇਕ ਵਾਰੀ ਕਾਸ਼ੀ ਜੀ ਵਿਚ ਦਿਗਯਵਿਜਈ ਵਿਦਵਾਨ ਪੰਡਿਤ ਆਇਆ। ਕਾਸ਼ੀ ਨੂੰ ਸ਼ਾਸਤ੍ਰਾਰਥ ਲਈ ਵੰਗਾਰਿਆ। ਕਾਸ਼ੀ ਦੇ ਸਮੂਹ ਵਿਦਵਾਨ ਇਕੱਠੇ ਹੋਏ। ਵਿਚਾਰ ਵਿਮਰਸ਼ ਕੀਤਾ ਗਿਆ ਕਿ ਆਏ ਹੋਏ ਪੰਡਿਤ ਨਾਲ ਕੌਣ ਸ਼ਾਸਤ੍ਰਾਰਥ ਕਰੇ? ਹਰ ਇਕ ਵਿਦਵਾਨ ਸ਼ਾਸਤ੍ਰਾਰਥ ਕਰਨ ਤੋਂ ਸੰਕੋਚ ਕਰ ਰਿਹਾ ਸੀ। ਇਸ ਸਮੇਂ ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਉਠੇ ਅਤੇ ਕਿਹਾ ਕਿ ਆਏ ਹੋਏ ਪੰਡਿਤ ਨੂੰ ਕਹੋ, "ਮੈਂ ਸ਼ਾਸਤ੍ਰਾਰਥ ਕਰਾਂਗਾ।" ਸਮੇਂ ਅਨੁਸਾਰ ਸ਼ਾਸਤ੍ਰਾਰਥ ਆਰੰਭ ਹੋਇਆ। ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ ਪ੍ਰਮਾਣ/ਦ੍ਰਿਸ਼ਟਾਂਤ ਚੱਲਦੇ ਰਹੇ। ਅੰਤ, ਦਿਗਯਵਿਜਈ ਪੰਡਿਤ ਨਿਰੁੱਤਰ ਹੋ ਗਿਆ। ਵਿਜੈ ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਦੀ ਹੋਈ। ਕਾਸ਼ੀ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ।

ਦੂਸਰੇ ਦਿਨ ਕਾਸ਼ੀ ਦੇ ਸਮੂਹ ਪੰਡਿਤ ਇਕੱਤਰ ਹੋਏ। ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿਚ ਪੰਡਿਤ ਸੱਦਾ ਸਿੰਘ ਜੀ ਦੀ ਭਰਪੂਰ ਉਸਤਤੀ ਕੀਤੀ ਗਈ। ਕਿਹਾ ਗਿਆ, "ਆਪ ਜੀ ਨੇ ਕਾਸ਼ੀ ਦਾ ਸਨਮਾਨ ਰੱਖ ਲਿਆ। ਇਸ ਵਾਸਤੇ ਕਾਸ਼ੀ ਦੇ ਸਮੂਹ ਵਰਗਾਂ ਦੇ ਵਿਦਵਾਨ ਇਕੱਤਰ ਹੋ ਕੇ ਆਪ ਜੀ ਨੂੰ ਸਤਿਕਾਰ ਯੋਗ ਉਪਾਧੀ (ਖ਼ਤਾਬ) ਨਾਲ ਵਿਭੂਸ਼ਤ ਕਰਨਾ ਚਾਹੁੰਦੇ ਹਨ। ਕੀ ਆਪ ਖ਼ੁਦ ਦੱਸ ਸਕਦੇ ਹੋ ਕਿ ਕਿਸ ਉਪਾਧੀ ਨਾਲ ਆਪ ਜੀ ਨੂੰ ਸਨਮਾਨਿਆ ਜਾਵੇ?" ਪੰਡਿਤ ਸੱਦਾ ਸਿੰਘ ਜੀ ਨੇ ਖੜ੍ਹੇ ਹੋ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ, "ਜੇ ਆਪ ਜੀ ਪ੍ਰਸੰਨ ਹੋ ਤਾਂ ਮੈਨੂੰ ਕੇਵਲ 'ਦੰਡੀ' ਦਾ ਹੀ ਸਨਮਾਨ (ਖ਼ਤਾਬ) ਦਿੱਤਾ ਜਾਵੇ।" ਸੋ ਆਪ ਜੀ ਨੂੰ ਏਹੀ

ਖ਼ਤਾਬ ਦਿੱਤਾ ਗਿਆ। ਪੰਡਿਤ ਸੱਦਾ ਸਿੰਘ ਜੀ 'ਦੰਡੀ' ਕਾਸ਼ੀ ਦੇ ਮਹਾਨ ਪੰਡਿਤ ਹੋਏ ਹਨ। ਆਪ ਜੀ ਨੇ ਵੇਦਾਂਤ ਦੇ ਪ੍ਰਸਿਧ ਗ੍ਰੰਥ 'ਅਦ੍ਵੈਤ ਸਿਧੀ' ਦਾ 'ਸੁਗਮ ਸਾਰ ਚੰਦ੍ਰਕਾ' ਟੀਕਾ ਕੀਤਾ ਹੈ, ਜਿਸ ਨੂੰ ਵਿਦਵਾਨ ਪੜ੍ਹ ਕੇ ਲਾਭ ਉਠਾਉਂਦੇ ਹਨ।

(2) ਪਹਿਲੀ ਵਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਤ੍ਰਿਯੰਬਕੇਸ਼੍ਵਰ (ਨਾਸਿਕ) ਕੁੰਭ ਪਰਵ 'ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਧਰਮ ਦਾ ਪ੍ਰਚਾਰ ਕਰਨ ਵਾਸਤੇ ਪੁਜਿਆ ਹੋਇਆ ਸੀ। ਕੁਝ ਅਨਯਮਤੀਆਂ ਦੀ ਪ੍ਰੇਰਨਾ ਨਾਲ ਪੁਜਾਰੀ ਬ੍ਰਾਹਮਣਾਂ ਨੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਸ਼ਨਾਨ ਤੇ ਪੂਜਾ ਨੂੰ ਰੋਕ ਦਿੱਤਾ। ਤ੍ਰਿਯੰਬਕੇਸ਼੍ਵਰ ਵਿਚ ਬਾਰਾਂ ਜੋਤ੍ਰਿਲਿੰਗਾਂ ਵਿਚ ਤ੍ਰਿਯੰਬਕੇਸ਼੍ਵਰ ਦਾ ਜੋਤ੍ਰਿਲਿੰਗ ਵੀ ਇਕ ਹੈ। ਇਥੋਂ ਹੀ ਗੁਦਾਵਰੀ ਨਦੀ ਪੈਦਾ ਹੁੰਦੀ ਹੈ। ਇਥੇ ਹੀ 'ਕੁਸ਼ਾਵ੍ਰਤ' ਸਰੋਵਰ ਹੈ, ਜਿਸ ਵਿਚ ਕੁੰਭ ਦਾ ਮੁੱਖ ਸ਼ਨਾਨ ਹੁੰਦਾ ਹੈ। ਕੁਸ਼ਾਵ੍ਰਤ ਦਾ ਸ਼ਨਾਨ ਅਤੇ ਤ੍ਰਿਯੰਬਕੇਸ਼੍ਵਰ ਦੀ ਪੂਜਾ ਬੱਸ ਏਹੀ ਕੁੰਭ ਦਾ ਮਹਾਤਮ ਹੈ। ਸ੍ਰੀ ਨਿਰਮਲ ਪੰਚਾਇਤੀ ਅਖਾੜੇ ਨੂੰ ਇਸੇ ਸ਼ਨਾਨ/ਪੂਜਾ ਤੋਂ ਰੋਕਿਆ ਗਿਆ ਸੀ ਅਤੇ ਕਿਹਾ ਗਿਆ ਸੀ ਕਿ "ਗੁਰੂ ਨਾਨਕ ਮਤਾਨੁਯਾਈ ਨਿਰਮਲੇ ਸੰਤ ਜਾਤੀਵਾਦ ਨੂੰ ਨਹੀਂ ਮੰਨਦੇ, ਸਭ ਊਚ-ਨੀਚ ਇਕਠੇ ਰਹਿੰਦੇ ਹਨ। ਇਸ ਵਾਸਤੇ ਨਾ ਸ਼ਨਾਨ ਕਰ ਸਕਦੇ ਹਨ ਨਾ ਪੂਜਾ ਕਰ ਸਕਦੇ ਹਨ।"

ਤ੍ਰਿਯੰਬਕੇਸ਼੍ਵਰ ਦੇ ਮੰਦਰ ਵਿਚ ਅਣਸੀਤਾ ਵਸਤਰ (ਚਾਦਰ) ਪਹਿਨ ਕੇ ਨੰਗੇ ਸਿਰ ਜਾਣ ਦਾ ਨਿਯਮ ਹੈ। ਵਸਤਰ ਵੀ ਰੇਸ਼ਮ ਜਾਂ ਉੱਨ ਦਾ ਹੋਣਾ ਚਾਹੀਦਾ ਹੈ। ਖੱਦਰ ਦਾ ਸੂਤੀ ਕੱਪੜਾ ਮੰਦਰ ਵਿਚ ਨਹੀਂ ਜਾ ਸਕਦਾ।

ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਮੁਖੀਆਂ ਨੇ ਕਿਹਾ, "ਅਸੀਂ ਗੁਰੂ ਨਾਨਕ ਪੰਥੀ ਸਾਧੂ ਹਾਂ, ਧਰਮ ਵਿਚ ਪੂਰਨ ਵਿਸ਼ਵਾਸ ਰੱਖਦੇ ਹਾਂ। ਵੇਦਾਂ/ਸ਼ਾਸਤ੍ਰਾਂ ਦਾ ਪਠਨ-ਪਾਠਨ ਅਤੇ ਸਤਿਕਾਰ ਕਰਦੇ ਹਾਂ। ਜੇਕਰ ਸਾਡੇ ਵਿਚ ਸ਼ਰਧਾ ਪ੍ਰੇਮ ਹੈ ਤਾਂ ਇੰਨੀ ਦੂਰ ਪੂਜਾ-ਸ਼ਨਾਨ ਵਾਸਤੇ ਆਏ ਹਾਂ।"

ਇਸ ਸਮੇਂ ਚਾਲੀ ਪੰਜਾਹ ਵਿਦਵਾਨ ਵਿਰਕਤ ਮਹਾਂਪੁਰਖ ਪੁਜਾਰੀਆਂ ਨਾਲ ਵਿਚਾਰ ਕਰ ਰਹੇ ਸਨ। ਨਿਰਮਲੇ ਸੰਤਾਂ ਨੇ ਕਿਹਾ ਕਿ ਸਾਡੇ ਨਾਲ ਸ਼ਾਸਤ੍ਰ ਅਨੁਸਾਰ ਵਿਚਾਰ ਕਰ ਲਵੋ। ਪੁਜਾਰੀਆਂ ਨੇ ਪੁੱਛਿਆ, "ਤੁਹਾਡਾ ਕਿਹੜਾ ਵਿਦਵਾਨ ਵਿਚਾਰ ਕਰੇਗਾ?" ਸੰਤਾਂ ਨੇ ਕਿਹਾ, "ਜਿਸ ਉਪਰ ਤੁਸੀਂ ਹੱਥ ਰੱਖ ਦੇਵੋਗੇ, ਉਹੀ ਗੱਲ ਕਰੇਗਾ।" ਪਿੱਛੇ ਬੈਠੇ ਸਨ ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ। ਪੁਜਾਰੀਆਂ ਨੇ ਇਨ੍ਹਾਂ ਦੇ ਉਪਰ ਹੀ ਹੱਥ ਰੱਖ ਦਿੱਤਾ ਕਿ "ਇਹ ਸੰਤ ਵਿਚਾਰ ਕਰ ਲੈਣ।" ਨਿਯਤ ਸਮੇਂ ਤੇ ਸ਼ਾਸਤ੍ਰਾਰਥ ਆਰੰਭ ਹੋ ਗਿਆ। ਦੱਖਣੀ ਭਾਰਤ ਦੇ ਬ੍ਰਾਹਮਣ, ਵਿਦਵਾਨ ਅਤੇ ਕਈ ਰਿਆਸਤਾਂ ਦੇ ਰਾਜੇ, ਮਹਾਰਾਜੇ, ਜੋ ਕੁੰਭ ਸ਼ਨਾਨ 'ਤੇ ਆਏ ਹੋਏ ਸਨ, ਸ਼ਾਸਤ੍ਰਾਰਥ ਸੁਣਨ ਵਾਸਤੇ ਸਭਾ ਵਿਚ ਆ ਕੇ ਬੈਠ ਗਏ। ਪੰਡਿਤ ਦੀਵਾਨ ਸਿੰਘ ਜੀ ਨੇ ਸੰਸਕ੍ਰਿਤ ਵਿਚ ਵਿਆਖਿਆਨ ਆਰੰਭ ਕੀਤਾ। ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਸਿਮ੍ਰਤੀਆਂ, ਪੁਰਾਣਾਂ, ਰਾਮਾਇਣ, ਮਹਾਂਭਾਰਤ ਦੇ ਪ੍ਰਮਾਣ/ਦ੍ਰਿਸ਼ਟਾਂਤ ਦੇ ਕੇ ਪੁਜਾਰੀਆਂ/ਬ੍ਰਾਹਮਣਾਂ ਦੇ ਖੋਖਲੇ ਕਰਮ-ਕਾਂਡ ਦੀਆਂ ਧੱਜੀਆਂ ਉਡਾ ਦਿੱਤੀਆਂ ਅਤੇ ਸਿੱਧ ਕਰ ਦਿੱਤਾ:

1. ਸਰਬਤ ਪ੍ਰਾਣੀ ਮਾਤ੍ਰ ਨੂੰ ਸ਼ਨਾਨ ਕਰਨ ਦਾ ਅਧਿਕਾਰ ਹੈ।
2. ਕੇਵਲ ਇਕੋ ਚਾਦਰ ਪਹਿਨ ਕੇ ਨੰਗੇ ਸਿਰ ਮੰਦਰ ਜਾਣ ਨਾਲ ਇਸ਼ਟ ਦਾ ਅਪਮਾਨ ਹੈ।

ਜਿਸ ਨੂੰ ਸਮੂਹ ਵਿਦਵਾਨਾਂ ਅਤੇ ਪੁਜਾਰੀਆਂ ਨੇ ਹੱਥ ਜੋੜ ਕੇ ਸਵੀਕਾਰ ਕੀਤਾ। ਸਾਰਿਆਂ ਨੇ ਪੰਡਿਤ ਦੀਵਾਨ ਸਿੰਘ ਜੀ ਅਤੇ ਨਿਰਮਲ ਭੇਖ ਦੀ ਪ੍ਰਸੰਸਾ ਕੀਤੀ। ਪਰਵਾਨ ਕੀਤਾ ਗਿਆ ਕਿ ਨਿਰਮਲ ਭੇਖ ਧਰਮ ਦੇ ਤਤ੍ਵ ਨੂੰ ਜਾਣਨ ਵਾਲਾ ਸਤਿਵਾਦੀ ਹੈ। ਸਤਿਗੁਰੂ ਨਾਨਕ ਦੇਵ ਜੀ ਪੂਰਣ ਅਵਤਾਰ ਹਨ। ਨਿਰਮਲ ਭੇਖ ਕੁਸ਼ਾਵ੍ਰਤ ਤੀਰਥ ਵਿਚ ਸ਼ਨਾਨ ਕਰਨ ਦਾ, ਤ੍ਰਿਯੰਬਕੇਸ਼੍ਵਰ ਦੇ ਮੰਦਰ ਵਿਚ ਸੂਤ ਦੇ ਸੀਤੇ ਵਸਤਰਾਂ, ਦਸਤਾਰਾਂ ਸਹਿਤ ਪੂਜਾ ਕਰਨ ਦਾ ਅਧਿਕਾਰੀ ਹੈ। ਵਿਧੀਵਤ ਲਿਖਤ ਕੀਤੀ ਗਈ, ਜਿਸ ਅਨੁਸਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਤ੍ਰਿਯੰਬਕੇਸ਼੍ਵਰ ਦੇ ਕੁੰਭ ਪਰਵ 'ਤੇ

ਵਸਤਰਾਂ ਸਹਿਤ ਪੂਜਾ ਕਰਦਾ ਹੈ। ਨਿਰਮਲ ਭੇਖ ਤੋਂ ਬਿਨਾਂ ਹੋਰ ਕਿਸੀ ਨੂੰ ਸੀਤੇ ਵਸਤਰਾਂ ਨਾਲ ਮੰਦਰ ਵਿਚ ਜਾਣ ਦੀ ਆਗਿਆ ਨਹੀਂ ਹੈ।

3. ਇਕ ਵਾਰ ਦਇਆਨੰਦ ਆਰੀਆ ਸਮਾਜੀ ਨੇ ਵੀ ਅੰਮ੍ਰਿਤਸਰ ਵਿਚ ਆ ਕੇ ਬੜੇ ਹੰਕਾਰ ਨਾਲ ਘੋਸ਼ਣਾ ਕੀਤੀ ਕਿ 'ਖ਼ਾਲਸਾ' ਸ਼ਬਦ ਦਾ ਕੋਈ ਵੀ ਯਥਾਰਥ ਅਰਥ ਨਹੀਂ ਹੈ। ਜੇ ਕੋਈ ਸਿੱਖ ਅਰਥ/ਵਿਆਖਿਆ ਕਰ ਦੇਵੇ, ਮੈਂ ਕੱਲ੍ਹ ਨੂੰ ਇਸੇ ਥਾਂ ਉਸ ਨਾਲ ਵਿਚਾਰ ਕਰਨ ਲਈ ਤਿਆਰ ਹਾਂ। ਨਾਲ ਹੀ ਹੰਕਾਰ ਨਾਲ ਕਿਹਾ, 'ਪਰ ਮੈਨੂੰ ਨਿਸ਼ਚੈ ਹੈ ਕਿ ਕਿਸੇ ਨੇ ਅਰਥ ਕਰਨ ਵਾਸਤੇ ਆਉਣਾ ਨਹੀਂ।'

ਇਸ ਇਕੱਠ ਵਿਚ ਪੰਡਿਤ ਠਾਕਰ ਨਿਹਾਲ ਸਿੰਘ ਜੀ ਥੋਹਾਖਾਲਸਾ ਵਾਲੇ ਵੀ ਬੈਠੇ ਸਨ। ਉਨ੍ਹਾਂ ਨੇ ਸੁਣ ਕੇ ਵਿਚਾਰ ਕੀਤਾ ਕਿ ਦਇਆਨੰਦ ਦਾ ਗਰਬ (ਹੰਕਾਰ) ਤੋੜਨਾ ਚਾਹੀਦਾ ਹੈ। ਇਹ ਪੂਰੇ ਸਿੱਖ ਪੰਥ ਨੂੰ ਵੰਗਾਰ ਰਿਹਾ ਹੈ। ਆਪ ਜੀ ਨੇ ਸੰਸਕ੍ਰਿਤ ਦੇ ਸੌ ਸ਼ਲੋਕਾਂ ਵਿਚ 'ਖ਼ਾਲਸਾ' ਸ਼ਬਦ ਦੀ ਵਿਆਖਿਆ, ਅਰਥ, ਮਹਾਨਤਾ, ਉਪਮਾ ਵਰਣਨ ਕਰਕੇ ਇਕ ਰਾਤ ਵਿਚ 'ਖ਼ਾਲਸਾ ਸ਼ਤਕ' ਗ੍ਰੰਥ ਲਿਖ ਦਿੱਤਾ।

ਪੰਡਿਤ ਜੀ ਨਿਯਤ ਸਮੇਂ 'ਤੇ ਦਇਆਨੰਦ ਦੇ ਇਕੱਠ ਵਿਚ ਪੁੱਜ ਗਏ। ਕਿਹਾ- "ਮੈਂ ਤੁਹਾਡੇ ਕਹਿਣ ਅਨੁਸਾਰ ਖ਼ਾਲਸਾ ਸ਼ਬਦ ਦੀ ਵਿਆਖਿਆ ਕਰਨ ਦੇ ਲਈ ਆਇਆ ਹਾਂ।"

ਦਇਆਨੰਦ ਨੇ ਸੋਚਿਆ ਇਹ ਸੰਤ ਪੰਜਾਬੀ ਬੋਲੀ ਵਿਚ ਇਕ ਦੋ ਗੱਲਾਂ ਕਹੇਗਾ, ਮੈਂ ਇਕ ਗੱਲ ਨਾਲ ਇਸ ਨੂੰ ਨਿਰੁੱਤਰ ਕਰ ਦੇਵਾਂਗਾ। ਇਹ ਸੋਚ ਕੇ ਦਇਆਨੰਦ ਵਿਅੰਗ ਨਾਲ ਬੋਲਿਆ, 'ਹਾਂ ! ਦੱਸੋ ਖ਼ਾਲਸੇ ਦਾ ਕੀ ਅਰਥ ਹੈ?'

ਬੱਸ ! ਫਿਰ ਕੀ ਸੀ, ਪੰਡਿਤ ਜੀ ਨੇ ਖ਼ਾਲਸਾ ਸ਼ਤਕ ਬੋਲਣਾ ਆਰੰਭ ਕਰ ਦਿੱਤਾ। ਧਾਰਾ ਵਾਹਕ ਸੰਸਕ੍ਰਿਤ ਵਿਚ ਖ਼ਾਲਸੇ ਦੀ ਵਿਆਖਿਆ ਹੋ ਰਹੀ ਸੀ। ਦਇਆਨੰਦ ਸੰਸਕ੍ਰਿਤ ਵਿਚ ਖ਼ਾਲਸਾ ਸ਼ਬਦ ਦੀ ਵਿਉਤਪਤੀ, ਪ੍ਰਮਾਣ/ਦ੍ਰਿਸ਼ਟਾਂਤ, ਉਪਮਾ, ਮਹਿਮਾ ਸੁਣ ਕੇ ਸ੍ਰੀਮਾਨ ਪੰਡਿਤ ਨਿਹਾਲ ਸਿੰਘ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਨਤਸਿਰ ਹੋ ਗਿਆ। ਪੰਡਿਤ ਜੀ ਦੀ ਜੈ-ਜੈ ਕਾਰ ਹੋ ਰਹੀ ਸੀ। ਦਇਆਨੰਦ ਸ਼ਰਮਿੰਦਾ ਹੋਇਆ ਕਹਿ ਰਿਹਾ ਸੀ, "ਮੈਨੂੰ ਪਤਾ ਨਹੀਂ ਸੀ ਕਿ ਸਿੱਖਾਂ ਵਿਚ ਵੀ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਹੁੰਦੇ ਹਨ।"

ਪੰਡਿਤ ਨਿਹਾਲ ਸਿੰਘ ਜੀ ਨੇ ਦਇਆਨੰਦ ਦਾ ਗਰਬ (ਹੰਕਾਰ) ਤੋੜ ਕੇ ਵਿਜੈ ਪ੍ਰਾਪਤ ਕੀਤੀ। ਇਸ ਤਰ੍ਹਾਂ ਸ਼ਾਸਤ੍ਰਾਰਥ ਦੁਆਰਾ 'ਖ਼ਾਲਸਾ ਸ਼ਤਕ' ਗ੍ਰੰਥ ਹੋਂਦ ਵਿਚ ਆਇਆ ਹੈ।

4. ਪੰਡਿਤ ਈਸ਼ਵਰ ਸਿੰਘ ਜੀ 'ਕਲਿਯੁਗ' ਸ਼ਾਸਤ੍ਰਾਰਥ ਕਰਨ ਵਿਚ ਬੜੀ ਪ੍ਰਸਿੱਧਤਾ ਰੱਖਦੇ ਸਨ। ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ਕਤੀ, ਬਲ-ਬੁੱਧੀ ਅਪੂਰਵ ਸੀ। ਹਾਜ਼ਿਰ ਜਵਾਬੀ ਕਮਾਲ ਦੀ ਸੀ। ਪ੍ਰਮਾਣ/ਦ੍ਰਿਸ਼ਟਾਂਤ ਅਕੱਟ ਹੁੰਦੇ ਸਨ। ਆਪ ਜੀ ਨਾਲ ਸ਼ਾਸਤ੍ਰਾਰਥ ਕਰਨ ਦਾ ਕੋਈ ਸਾਹਸ ਨਹੀਂ ਸੀ ਕਰ ਸਕਦਾ। ਖਟ ਦਰਸ਼ਨ ਸਾਧੂ ਸਮਾਜ ਦੇ ਵਿਦਵਾਨ ਆਪ ਜੀ ਦਾ ਨਾਮ ਸੁਣ ਕੇ ਕੰਬ ਉੱਠਦੇ ਸਨ। ਆਪ ਜੀ ਦੀ ਆਲੌਕਿਕ ਵਿਦਿਆ, ਦ੍ਰਿੜ੍ਹਤਾ, ਸ੍ਵੈਮਾਨ, ਸ੍ਵੈ-ਆਤਮ ਬਲ ਅਤੇ ਸ਼ਾਸਤ੍ਰਾਰਥ ਕਰਨ ਦੀ ਨਿਰਭੈਤਾ ਵੇਖ ਕੇ ਵਿਪਕਸ਼ੀਆਂ ਨੇ ਆਪ ਜੀ 'ਕਲਿਯੁਗ' ਅਤੇ 'ਭਯੰਕਰਾਚਾਰਯ' ਦੀਆਂ ਉਪਾਧੀਆਂ ਦਿੱਤੀਆਂ ਹੋਈਆਂ ਸਨ। ਨਿਰਮਲ ਭੇਖ ਵਿਚ ਵੀ ਆਪ ਜੀ ਨੂੰ 'ਕਲਿਯੁਗ' ਦੇ ਉਧਾਰਕ ਕਹਿ ਕੇ ਸਨਮਾਨਿਆ ਜਾਂਦਾ ਹੈ। ਆਪ ਜੀ ਦੇ ਹੇਠ ਲਿਖੇ ਸ਼ਾਸਤ੍ਰਾਰਥ ਪ੍ਰਸਿੱਧ ਹਨ, ਜਿਨ੍ਹਾਂ ਵਿਚ ਆਪ ਜੀ ਦੀ ਭਾਰੀ ਵਿਜੈ ਅਤੇ ਸਤਿਕਾਰ ਹੋਇਆ ਹੈ।

ਸੰਮਤ 1936 ਬਿ. (1879 ਈ.) ਨੂੰ ਕਾਸ਼ੀ ਵਿਚ ਖਟ-ਦਰਸ਼ਨ ਸਾਧੂ-ਸਮਾਜ ਨਾਲ ਤਿੰਨ ਦਿਨ ਬੰਬਈ ਸ਼ਹਿਰ ਦੇਵੀ ਦੇ ਮੰਦਰ ਨੇੜੇ ਧਰਮਸ਼ਾਲਾ ਵਿਖੇ ਦੋ ਦਿਨ, ਤ੍ਰਿਯੰਭਕ ਕੁੰਭ ਪਰਵ 'ਤੇ ਤਿੰਨ ਦਿਨ, ਨਾਸਿਰ ਸ਼ਹਿਰ ਵਿਚ ਦੋ ਦਿਨ, ਦਰਭੰਗਾ ਰਿਆਸਤ ਵਿਚ ਇਕ ਦਿਨ, ਡੁਮਰਾ ਰਿਆਸਤ ਵਿਚ ਰਾਮਨੌਮੀ ਅਤੇ ਕ੍ਰਿਸ਼ਨ ਜਨਮਅਸ਼ਟਮੀ ਨੂੰ ਕਈ ਵਾਰੀ, ਰਿਆਸਤ ਸੂਰਜਪੁਰ

ਅਤੇ ਬਖਰਾ ਵਿਚ ਵਿਜੈ ਦਸਮੀ ਸਮੇਂ, ਸੰਮਤ 1950 ਬਿ. (1893 ਈ.) ਨੂੰ ਰਿਆਸਤ ਮੰਡੀ ਵਿਚ ਕੀਤੇ ਸ਼ਾਸਤ੍ਰਾਰਥ ਪ੍ਰਸਿਧ ਹਨ।

ਇਸੀ ਤਰ੍ਹਾਂ ਨਾਭਾ, ਪਟਿਆਲਾ, ਜੀਂਦ ਦੇ ਸ਼ਾਸਤ੍ਰਾਰਥ ਪ੍ਰਸਿੱਧ ਹਨ, ਜਿਨ੍ਹਾਂ ਵਿਚ ਸਦਾ ਹੀ ਵਿਜੈ ਪ੍ਰਾਪਤ ਕਰਦੇ ਰਹੇ ਸਨ।

5. 'ਮੋਰ ਧੁਜ' ਸ਼ਹਿਰ ਦੇ ਰਾਜੇ ਸੈਨਪਾਲ ਨਾਲ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦਾ 'ਤਦਬੀਰ' ਅਤੇ 'ਤਕਦੀਰ' 'ਤੇ ਕਈ ਦਿਨ ਸ਼ਾਸਤ੍ਰਾਰਥ ਹੋਇਆ। ਅੰਤ ਵਿਜੈ ਗਿਆਨੀ ਜੀ ਦੀ ਹੋਈ। ਰਾਜਾ ਸੈਨਪਾਲ ਨੇ ਸਤਿਕਾਰ ਭਰੀ ਪੂਜਾ ਕਰਕੇ ਵਿਦਾਇਗੀ ਦਿੱਤੀ।

6. ਆਗਰੇ ਵਿਚ ਰਾਧਾ ਸੁਆਮੀ ਮੱਤ ਦੇ ਸੰਚਾਲਕ ਸ਼ਿਵਦਿਆਲ ਸਿੰਘ ਖੱਤ੍ਰੀ ਨਾਲ ਵੀ ਸ਼ਾਸਤ੍ਰਾਰਥ ਹੋਇਆ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਚਾ ਬੈਠਿਆ ਕਰਦਾ ਸੀ। ਹੁੱਕਾ ਪੀਂਦਾ ਸੀ। ਸੇਵਕਾਂ ਨੂੰ ਮੂੰਹ ਦੀ ਪੀਕ ਪਿਆਉਂਦਾ ਸੀ। ਗਿਆਨੀ ਜੀ ਨੇ ਅਜਿਹੇ ਕੁਕਰਮਾਂ ਤੋਂ ਰੋਕਿਆ। ਸ਼ਾਸਤ੍ਰਾਂ ਦੁਆਰਾ ਤੰਬਾਕੂ ਦੀ ਭ੍ਰਸ਼ਟਤਾ ਦੱਸੀ। ਗੁਰਬਾਣੀ ਦੇ ਗੌਰਵ ਤੋਂ ਜਾਣੂ ਕਰਵਾਇਆ। ਗੁਰਬਾਣੀ, ਇਤਿਹਾਸ ਦੀਆਂ ਦਲੀਲਾਂ ਦੇ-ਦੇ ਕੇ ਨਿਰੁੱਤਰ ਕੀਤਾ। ਸ਼ਿਵਦਿਆਲ ਸਿੰਘ ਨੇ ਸਾਰੇ ਔਗੁਣ ਛੱਡਣ ਦਾ ਪ੍ਰਣ ਕੀਤਾ ਅਤੇ ਹੁੱਕੇ ਦਾ ਤਿਆਗ ਕੀਤਾ। ਗੁਰਬਾਣੀ ਦਾ ਸਤਿਕਾਰ ਕਰਨ ਲੱਗਾ। ਸ਼ਿਵਦਿਆਲ ਸਿੰਘ ਜੀ ਦੇ ਜੀਵਨ ਵਿਚ ਆਏ ਪਰਿਵਰਤਨ ਨਾਲ ਸ਼ਹਿਰ ਵਿਚ ਗਿਆਨੀ ਜੀ ਦਾ ਪਰਮ ਸਤਿਕਾਰ ਹੋਇਆ।

7. ਪੰਡਿਤ ਮਹੇਸ਼ਰਾ ਸਿੰਘ ਜੀ ਸ਼ਾਸਤ੍ਰਾਰਥ ਕਰਨ ਵਿਚ ਅਦੁੱਤੀ ਯੋਗਤਾ ਰੱਖਦੇ ਸਨ। ਪ੍ਰਯਾਗ ਰਾਜ ਵਿਚ ਆਪ ਜੀ ਦਾ ਕੀਤਾ ਹੋਇਆ ਸ਼ਾਸਤ੍ਰਾਰਥ ਪ੍ਰਸਿੱਧ ਹੈ।

ਇਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਆਪਣੇ ਤਪ-ਤੇਜ, ਆਤਮਿਕ-ਸ਼ਕਤੀ, ਵਿਦਿਆ-ਬਲ ਅਤੇ ਸ਼ਬਦ ਨਾਲ ਸਭ ਨੂੰ ਨਿਵਾਇਆ ਹੈ।

### ਗੁਰਮੁਖੀ ਦਾ ਪ੍ਰਚਾਰ

ਨਿਰਮਲੇ ਮਹਾਂਪੁਰਖਾਂ ਨੇ ਪਿੰਡ-ਪਿੰਡ ਡੇਰੇ ਕਾਇਮ ਕਰਕੇ ਗੁਰਮੁਖੀ/ਗੁਰਬਾਣੀ ਦਾ ਅਕਹਿ ਪ੍ਰਚਾਰ ਕੀਤਾ ਹੈ। ਜਦੋਂ ਦੇਸ਼ ਵਿਚ ਸਕੂਲ ਨਹੀਂ ਸਨ ਤਾਂ ਉਸ ਵੇਲੇ ਮਹਾਂਪੁਰਖਾਂ ਦੇ ਡੇਰੇ ਹੀ ਸਕੂਲਾਂ/ਕਾਲਜਾਂ ਦਾ ਕੰਮ ਕਰਦੇ ਸਨ। ਪੜ੍ਹਾਈ ਕੇਵਲ ਗੁਰਮੁਖੀ ਲਿਪੀ ਵਿਚ ਹੀ ਕਰਵਾਈ ਜਾਂਦੀ ਸੀ। ਗੁਰਮੁਖੀ ਲਿਪੀ ਨੂੰ ਜੀਵਤ ਰੱਖਣ ਵਾਲੇ ਕੇਵਲ ਨਿਰਮਲੇ ਮਹਾਂਪੁਰਖ ਹੀ ਹਨ। ਉਸ ਸਮੇਂ ਮਹਾਂਪੁਰਖ ਗੁਰਮੁਖੀ ਪੜ੍ਹਾਉਂਦੇ ਵੀ ਸਨ ਅਤੇ ਗੁਰਮੁਖੀ ਦੀ ਲਿਖਾਈ ਵੀ ਕਰਦੇ ਸਨ। ਜੋ ਮੌਲਿਕ ਗ੍ਰੰਥ ਲਿਖਦਾ ਹੈ, ਉਸ ਨੂੰ ਲੇਖਕ ਕਿਹਾ ਜਾਂਦਾ ਹੈ। ਜੋ ਖ਼ੁਸ਼ਖ਼ਤ (ਸੁੰਦਰ ਲਿਖਾਈ) ਅੱਖਰਾਂ ਵਿਚ ਗ੍ਰੰਥਾਂ ਦੇ ਉਤਾਰੇ ਕਰਦੇ ਸਨ, ਉਨ੍ਹਾਂ ਨੂੰ 'ਲਿਖਾਰੀ' ਕਿਹਾ ਜਾਂਦਾ ਸੀ। ਇਹ ਲਿਖਾਰੀ ਇਕਾਗਰਚਿੱਤ ਵਾਲੇ ਸੰਤ ਹੀ ਹੁੰਦੇ ਸਨ। ਲਿਖਾਰੀਆਂ ਦਾ ਵਿਦਵਾਨ, ਸਾਹਿਤਯਕਾਰ ਅਤੇ ਸੰਗਤਾਂ ਅਤਿ ਸਤਿਕਾਰ ਕਰਦੀਆਂ ਸਨ। ਲਿਖਾਰੀਆਂ ਦਾ ਮੁੱਖ ਕੇਂਦਰ ਗੁਰੂਕਾਸ਼ੀ ਤਲਵੰਡੀ ਸਾਬੋ ਵਿਚ ਸੀ ਜਿਥੇ ਖ਼ੁਸ਼ਖ਼ਤ ਲਿਖਾਈ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਮਹਾਂਪੁਰਸ਼ ਕੇਵਲ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਦੀਆਂ ਪੋਥੀਆਂ ਅਤੇ ਧਾਰਮਿਕ ਗ੍ਰੰਥ ਹੀ ਲਿਖਿਆ ਕਰਦੇ ਸਨ।

1. ਤਪੋਨਿਧੀ ਸ੍ਵਾਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਬੀੜਾਂ ਲਿਖੀਆਂ ਸਨ। ਸ੍ਰੀਮਾਨ ਸੰਤ ਵਿਧਾਵਾ ਸਿੰਘ ਜੀ ਲਹਿਰਾਖਾਨਾ (ਜ਼ਿਲ੍ਹਾ ਬਠਿੰਡਾ) ਵਾਲਿਆਂ ਨੇ ਤਿੰਨ ਬੀੜਾਂ ਲਿਖੀਆਂ ਸਨ। ਇਹ ਮਹਾਂਪੁਰਖ ਜਪੁਜੀ, ਸੁਖਮਨੀ ਸਾਹਿਬ ਅਤੇ ਹੋਰ ਬਾਣੀਆਂ ਦੇ ਗੁਟਕੇ ਲਿਖ-ਲਿਖ ਕੇ ਵੰਡਿਆ ਕਰਦੇ ਸਨ।

ਪੰਜਾਬ ਵਿਚ ਜਿੰਨੇ ਨਵੇਂ ਗ੍ਰੰਥਾਂ ਦੀ ਰਚਨਾ ਹੁੰਦੀ ਸੀ, ਉਨ੍ਹਾਂ ਦੀ ਭਾਸ਼ਾ ਭਾਵੇਂ ਬ੍ਰਿਜ ਭਾਸ਼ਾ ਹੁੰਦੀ ਸੀ, ਪਰ ਲਿਪੀ ਗੁਰਮੁਖੀ ਹੁੰਦੀ ਸੀ। ਜਿਵੇਂ ਗੁਰਪ੍ਰਤਾਪ ਸੂਰਜ, ਮੋਕਸ਼ ਪੰਥ ਪ੍ਰਕਾਸ਼, ਅਧਿਆਤਮ ਰਾਮਾਇਣ, ਹਨੂੰਮਾਨ ਨਾਟਕ, ਗੰਗਯਤੀ ਨਿਦਾਨ, ਮੇਘ ਵਿਨੋਦ, ਪੰਥ ਪ੍ਰਕਾਸ਼ ਆਦਿ

ਅਨੇਕ ਗ੍ਰੰਥ ਹਨ। ਪੰਜਾਬ ਵਿਚ ਗੁਰਮੁਖੀ ਲਿਪੀ ਰਾਹੀਂ ਜਿੰਨਾ ਪ੍ਰਚਾਰ ਹਨੂੰਮਾਨ ਨਾਟਕ ਅਤੇ ਅਧਿਆਤਮ ਰਾਮਾਇਣ ਦਾ ਹੋਇਆ ਹੈ, ਉਨਾ ਤੁਲਸੀ ਰਾਮਾਇਣ ਦਾ ਨਹੀਂ।

2. ਗੁਰੂ ਕੀ ਕਾਸ਼ੀ ਤਲਵੰਡੀ ਸਾਬੋ ਵਿਚ ਲਿਖਾਰੀਆਂ ਦੀ ਮੁੱਖ ਟਕਸਾਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂਘਰ ਦੇ ਅਨਯ ਗ੍ਰੰਥ ਇਥੇ ਅਨੇਕ ਲਿਖਾਰੀ ਲਿਖਦੇ ਸਨ। ਗੁਰੂ ਕਾਸ਼ੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਗੁਰਮੁਖੀ ਨੂੰ 'ਦਮਦਮੀ ਗੁਰਮੁਖੀ' ਆਖਿਆ ਜਾਂਦਾ ਸੀ। ਦਮਦਮੀ ਗੁਰਮੁਖੀ, ਕਸ਼ਮੀਰੀ ਗੁਰਮੁਖੀ, ਅੰਮ੍ਰਿਤਸਰੀ ਗੁਰਮੁਖੀ ਦੇ ਪੁਰਾਤਨ ਲਿਖਤੀ ਨਮੂਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੇ 'ਮਹਾਨ ਕੋਸ਼' ਵਿਚ ਅੰਕਿਤ ਕੀਤੇ ਹਨ। ਸਾਰੀਆਂ ਗੁਰਮੁਖੀ ਲਿਪੀਆਂ 'ਚੋਂ ਦਮਦਮੀ ਗੁਰਮੁਖੀ ਸੁੰਦਰ ਤੇ ਸਪੱਸ਼ਟ ਸੀ। ਜਦ ਸੰਨ 1825 ਈ. ਵਿਚ ਲੁਧਿਆਣੇ ਗੁਰਮੁਖੀ ਦਾ ਛਾਪਾਖ਼ਾਨਾ ਲੱਗਿਆ ਤਾਂ ਸਾਰੀਆਂ ਗੁਰਮੁਖੀ ਲਿਪੀਆਂ ਦੇ ਨਮੂਨੇ ਇਕਠੇ ਕੀਤੇ ਗਏ ਕਿ ਕਿਹੜੇ ਅੱਖਰ ਸੁਖੈਨ, ਸੁੰਦਰ ਅਤੇ ਸਪੱਸ਼ਟ ਹਨ? ਲਿਪੀ ਵਿਗਿਆਨੀਆਂ ਦੀ ਕਾਫ਼ੀ ਸੋਚ ਵਿਚਾਰ ਤੋਂ ਮਗਰੋਂ ਦਮਦਮੀ ਗੁਰਮੁਖੀ ਦੇ ਨਮੂਨੇ ਤੇ ਅੱਖਰ ਢਾਲਣ ਦਾ ਫ਼ੈਸਲਾ ਹੋਇਆ। ਇਹ ਅੱਖਰ ਦਮਦਮਾ ਸਾਹਿਬ ਦੇ ਲਿਖਾਰੀਆਂ ਦੇ ਬੁੰਗੇ ਦੇ ਮਹੰਤ ਸੰਤ ਹੀਰਾ ਸਿੰਘ ਦੇ ਲਿਖੇ ਹੋਏ ਸਨ। ਫਾਊਂਡਰੀ ਵਿਚ ਅੱਖਰ ਢਾਲਣ ਦੀ ਪ੍ਰਵਾਨਗੀ ਸਮੇਂ ਮਹੰਤ ਹੀਰਾ ਸਿੰਘ ਜੀ ਨੂੰ ਲੁਧਿਆਣਾ ਵਿਖੇ ਬੁਲਾਇਆ ਗਿਆ। ਪੰਜ ਸੌ ਰੁਪਏ ਖਿੱਲਤ (ਸਿਰੋਪਾਉ) ਅਤੇ ਸਰਕਾਰ ਵਿਚ ਕੁਰਸੀ ਨਸ਼ੀਨੀ ਦਾ ਅਧਿਕਾਰ ਦਿੱਤਾ ਗਿਆ। ਸੰਤ ਨਿਰੰਕਾਰ ਸਿੰਘ (ਉਰਫ਼ ਕਿਸ਼ਨ ਸਿੰਘ) ਖ਼ੁਸ਼ ਨਵੀਸੀ/ਪੇਂਟਿੰਗ ਵਿਚ ਅਪੂਰਵ ਯੋਗਤਾ ਰੱਖਦੇ ਸਨ। ਆਪ ਜੀ ਨੇ ਗੁਰਮੁਖੀ ਲਿਪੀ ਦੇ ਡੇਢ ਸੌ ਮਨਮੋਹਨੇ ਅੱਖਰਾਂ ਦੇ ਨਮੂਨੇ ਤਿਆਰ ਕਰਕੇ ਪੰਜਾਬੀ ਦੀ ਛਪਾਈ ਵਿਚ ਕ੍ਰਾਂਤੀ ਲਿਆਂਦੀ। ਅੰਗਰੇਜ਼ੀ, ਗੁਜਰਾਤੀ, ਦੇਵਨਾਗਰੀ, ਅਰਬੀ, ਫ਼ਾਰਸੀ, ਉਰਦੂ, ਲੰਡੇ ਅਤੇ ਸਿੰਧੀ ਦੀਆਂ ਲਿਪੀਆਂ ਵਿਚ ਵੀ ਸਜਾਵਟ ਭਰੀ। ਆਪ ਜੀ ਨੇ ਗੁਰਬਾਣੀ ਦੇ ਵੀ ਕਈ ਟੀਕੇ ਕੀਤੇ ਹਨ।

**ਚਕਿਤਸਾ ਦੁਆਰਾ ਸੇਵਾ**

ਨਿਰਮਲ ਭੇਖ ਦੇ ਮਹਾਂਪੁਰਖ ਚਕਿਤਸਾ/ਸੇਵਾ ਕਰਨ ਵਿਚ ਵੀ ਪਿਛੇ ਨਹੀਂ ਹਨ। ਪੁਰਾਤਨ ਸਮੇਂ ਜਦ ਪਿੰਡਾਂ/ਸ਼ਹਿਰਾਂ ਵਿਚ ਹਸਪਤਾਲ ਨਹੀਂ ਸਨ, ਉਸ ਵੇਲੇ ਪਿੰਡਾਂ ਦੇ ਡੇਰਿਆਂ ਵਿਚ ਇਹ ਮਹਾਂਪੁਰਖ ਰੋਗੀਆਂ ਦਾ ਇਲਾਜ ਕਰਦੇ ਸਨ। ਦਵਾਈ ਮੁਫ਼ਤ ਦਿੱਤੀ ਜਾਂਦੀ ਸੀ, ਜਿਸ ਤੋਂ ਅਮੀਰ ਗ਼ਰੀਬ ਹਰ ਪ੍ਰਾਣੀ ਲਾਭ ਉਠਾਉਂਦੇ ਸਨ। ਆਯੁਰਵੈਦਿਕ ਵਿਦਿਆ ਨੂੰ ਜੀਵਤ ਰੱਖਣ ਵਾਲੇ ਹੀ ਨਿਰਮਲੇ ਮਹਾਂਪੁਰਖ ਹਨ। ਇਸਲਾਮੀ ਰਾਜ ਸਮੇਂ ਅਤੇ ਅੰਗਰੇਜ਼ੀ ਰਾਜਕਾਲ ਵਿਚ ਆਯੁਰਵੈਦਿਕ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਗਏ ਪਰ ਮਹਾਂਪੁਰਖ ਆਪਣੇ ਡੇਰਿਆਂ/ਆਸ਼ਰਮਾਂ ਵਿਚ ਆਯੁਰਵੈਦਿਕ ਵਿਦਿਆ ਦਾ ਪ੍ਰਚਾਰ ਵੀ ਕਰਦੇ ਰਹੇ, ਇਲਾਜ ਵੀ ਆਯੁਰਵੈਦਿਕ ਕਰਦੇ ਸਨ। ਨਵੇਂ ਵਿਦਿਆਰਥੀਆਂ ਨੂੰ ਆਯੁਰਵੈਦਿਕ ਵਿਦਿਆ ਪੜ੍ਹਾਉਂਦੇ ਵੀ ਸਨ। ਆਯੁਰਵੈਦਿਕ ਉਪਰ ਮੌਲਿਕ ਗ੍ਰੰਥ ਵੀ ਲਿਖਦੇ ਅਤੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕਰਦੇ ਸਨ। ਨਿਰਮਲ ਭੇਖ ਵਿਚ ਬੜੇ-ਬੜੇ ਪ੍ਰਸਿੱਧ ਚਮਤਕਾਰੀ ਵੈਦ ਹੋਏ ਹਨ।

1. ਪੰਡਿਤ ਸੰਪੂਰਨ ਸਿੰਘ ਜੀ ਆਨੰਦਪੁਰ ਵਾਲੇ ਪ੍ਰਸਿੱਧ ਵੈਦ ਸਨ। ਔਸ਼ਧੀ ਮੁਫ਼ਤ ਦਿੰਦੇ ਸਨ। ਗ਼ਰੀਬ ਪਹਾੜੀਆਂ ਦਾ ਔਸ਼ਧੀ ਵਾਸਤੇ ਤਾਂਤਾ ਲੱਗਾ ਰਹਿੰਦਾ ਸੀ। ਦਵਾਈ ਦਿੰਦੇ ਸਮੇਂ ਨਾਲ-ਨਾਲ ਗੁਰੂ ਕੇ ਉਪਕਾਰ, ਪ੍ਰਸੰਗ, ਗੁਰਬਾਣੀ ਦੇ ਅਰਥ ਸੁਣਾ ਕੇ ਜਨ-ਸਾਧਾਰਨ ਨੂੰ ਗੁਰੂਘਰ ਨਾਲ ਵੀ ਜੋੜਦੇ ਸਨ। ਉਦਾਸੀ, ਸੰਨਿਆਸੀ, ਬੈਰਾਗੀ, ਬ੍ਰਾਹਮਣ, ਸੇਵਾਪੰਥੀ, ਨਿਹੰਗ ਸਿੰਘ ਆਦਿਕ ਅਨੇਕ ਸੰਪ੍ਰਦਾਵਾਂ ਦੇ ਵਿਦਿਆਰਥੀ, ਆਯੁਰਵੈਦਿਕ, ਗੁਰਬਾਣੀ, ਵੇਦਾਂਤ ਅਤੇ ਸੰਸਕ੍ਰਿਤ ਪੜ੍ਹਦੇ ਸਨ। ਆਪ ਪੰਜਾਬ ਵਿਚ ਅਤਿਅੰਤ ਪ੍ਰਸਿੱਧ ਸਨ। ਰਾਜੇ-ਮਹਾਰਾਜੇ ਦਰਸ਼ਨਾਂ ਨੂੰ ਆਉਂਦੇ ਪਰ ਆਪ ਉਪਰਾਮ ਹੀ ਰਹਿੰਦੇ ਸਨ।

2. ਮਹੰਤ ਚੰਦਨ ਸਿੰਘ ਜੀ ਬ੍ਰਹਮਕੁਟੀ ਕਾਸ਼ੀ ਵਾਲੇ ਚਮਤਕਾਰੀ ਸਨ। ਚਕਿਤਸਾ ਵਿਚ

ਅਕਹਿ ਯੋਗਤਾ ਰੱਖਦੇ ਸਨ। ਨਾੜੀ ਪ੍ਰੀਖਿਆ ਦੇ ਅਪੂਰਵ ਗਿਆਤਾ ਸਨ। ਆਪ ਜੀ ਦੇ 'ਰਸ ਸੰਧੂਰ' ਦੀ ਘਰ-ਘਰ ਚਰਚਾ ਸੀ। 'ਰਸ ਸੰਧੂਰ' ਦੀ ਇਕ ਪੁੜੀ ਰੋਗੀ ਨੂੰ ਜੀਵਨ ਦੇ ਦਿੰਦੀ ਸੀ। ਆਪ ਜੀ ਨੂੰ 'ਰਸਾਇਣੀ ਕਿਹਾ ਜਾਂਦਾ ਸੀ। ਹਰ ਪਾਸਿਉਂ ਨਿਰਾਸ਼ ਹੋਏ ਰੋਗੀ ਇਥੋਂ ਸਵਸਥ ਪ੍ਰਾਪਤ ਕਰਦੇ ਸਨ। ਹਜ਼ਾਰਾਂ ਪ੍ਰਾਣੀਆਂ ਨੂੰ ਪ੍ਰਾਣ-ਦਾਨ ਦਿੱਤਾ। ਦੇਸ਼ ਦੇ ਪ੍ਰਤਿਸ਼ਠਤ ਵਿਅਕਤੀ ਚਰਨਾਂ ਵਿਚ ਨਤ-ਮਸਤਕ ਹੁੰਦੇ ਸਨ। ਆਪ ਜੀ ਦੇ ਤਪ-ਤਿਆਗ ਸਿਮਰਨ ਦਾ ਪ੍ਰਭਾਵ ਸੀ ਕਿ ਔਸ਼ਧੀ ਵਿਚ ਅੰਮ੍ਰਿਤ ਵਰਗੀ ਸ਼ਕਤੀ ਸੀ। 'ਚੰਦਣ ਔਸ਼ਧਾਲਯ' ਚੰਦਨ ਦੀ ਤਰ੍ਹਾਂ ਸੁਗੰਧੀ ਫੈਲਾ ਰਿਹਾ ਸੀ।

3. ਪੰਡਿਤ ਚੰਦਨ ਸਿੰਘ ਜੀ ਦੀ ਤਰ੍ਹਾਂ ਆਪ ਜੀ ਦੇ ਪੋਤਰੇ ਸ਼ਿਸ਼ ਪੰਡਿਤ ਬਸੰਤ ਸਿੰਘ ਜੀ ਵੈਦਰਤਨ ਵੀ ਚਮਤਕਾਰੀ ਚਕਿਤਸਕ ਸਨ। ਜਨ ਸਾਧਾਰਨ ਵਿਚ ਇਹ ਗੱਲ ਪ੍ਰਸਿੱਧ ਸੀ ਕਿ ਬਾਵਾ ਚੰਦਨ ਸਿੰਘ ਜੀ ਦੇ ਪੋਤਰੇ ਸ਼ਿਸ਼ ਵਿਚ ਮੁੜ ਬਾਵਾ ਜੀ ਦੀ ਜੋਤਿ ਪ੍ਰਗਟ ਹੋ ਗਈ ਹੈ। ਸੌ/ਡੇਢ ਸੌ ਵਿਅਕਤੀ ਰੋਜ਼ਾਨਾ ਮੁਫ਼ਤ ਔਸ਼ਧੀ ਲੈ ਕੇ ਸਵਸਥ ਹੁੰਦੇ ਸਨ। ਜੋ ਇਕ ਵੀ ਪੁੜੀ ਲੈ ਲੈਂਦਾ ਸੀ, ਰੋਗ ਤੋਂ ਮੁਕਤ ਹੋ ਜਾਂਦਾ ਸੀ। ਆਪ ਜੀ ਦੀ ਤਿਆਰ ਕੀਤੀ ਹੋਈ ਔਸ਼ਧੀ ਅੰਮ੍ਰਿਤ ਸਮਾਨ ਸੀ। ਜੋਤਿਸ਼ ਦੇ ਵੀ ਅਦੁੱਤੀ ਪੰਡਿਤ ਸਨ।

4. ਮਹੰਤ ਹੀਰਾ ਸਿੰਘ ਜੀ ਗੁਰੂਸਰ ਖੁਡਾ ਵਾਲੇ ਵੀ ਪ੍ਰਸਿੱਧ ਵੈਦ ਸਨ। ਇਲਾਜ ਵੀ ਕਰਦੇ ਸਨ ਤੇ ਪੜ੍ਹਾਉਂਦੇ ਵੀ ਸਨ।

ਇਸ ਡੇਰੇ ਵਿਚ ਮਹੰਤ ਗਣੇਸ਼ਾ ਸਿੰਘ ਜੀ ਮਹਾਨ ਵੈਦ ਹੋਏ ਹਨ, ਜੋ ਅਨੇਕ ਤਰ੍ਹਾਂ ਦੀਆਂ ਔਸ਼ਧੀਆਂ ਬਣਾਉਣ ਵਿਚ ਪ੍ਰਸਿੱਧ ਸਨ। ਰੋਗੀ ਆਪ ਜੀ ਦੀ ਔਸ਼ਧੀ ਨੂੰ ਸੰਜੀਵਨੀ ਮੰਨਦੇ ਸਨ। ਆਪ ਜੀ ਨੇ ਆਯੁਰਵੈਦਿਕ ਵਿਚ ਅਤਿਅੰਤ ਖੋਜ ਕੀਤੀ ਸੀ। ਆਯੁਰਵੈਦਿਕ ਦੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕੀਤੇ, ਜਿਨ੍ਹਾਂ ਵਿਚੋਂ 'ਮੇਘ ਬਿਨੋਦ-ਪ੍ਰਕਾਸ਼ ਸਟੀਕ', 'ਗੰਗਯਤੀਨਿਦਾਨ ਸਟੀਕ', 'ਵਿਆਸੀ ਵਿਨਾਸੀਕ ਸਟੀਕ' ਪ੍ਰਸਿੱਧ ਹਨ। ਬਹੁਤ ਸਾਰੇ ਆਯੁਰਵੈਦਿਕ ਦੇ ਮੌਲਿਕ ਗ੍ਰੰਥ ਵੀ ਅੰਕਿਤ ਕੀਤੇ, ਜਿਨ੍ਹਾਂ ਵਿਚ ਨਿਰਮਲ ਵੈਦ, ਵੈਦਿਕ ਭੰਡਾਰ, ਬਾਲ ਚਕਿਤਸਾ, ਇਸਤਰੀ ਚਕਿਤਸਾ, ਜੇਬੀ ਵੈਦ, ਵਰਣਨਯੋਗ ਹਨ। ਇਨ੍ਹਾਂ ਗ੍ਰੰਥਾਂ ਤੋਂ ਆਯੁਰਵੈਦਿਕ ਦੇ ਵਿਦਿਆਰਥੀ ਅਤਿਅੰਤ ਲਾਭ ਉਠਾ ਰਹੇ ਹਨ। ਮਹੰਤ ਗਣੇਸ਼ਾ ਸਿੰਘ ਜੀ ਨਿਰਮਲ ਭੇਖ ਵਿਚ ਸਰਵ-ਪੱਖੀ ਵਿਦਵਾਨ ਸਨ।

5. ਮਹੰਤ ਸੇਵਾ ਸਿੰਘ ਜੀ ਵੈਦਰਾਜ ਚਕਿਤਸਾ ਵਿਚ ਅਦੁੱਤੀ ਪ੍ਰਬੀਨਤਾ ਰੱਖਦੇ ਸਨ। ਚਕਿਤਸਾ ਇੰਨੀ ਦੀਰਘ ਦ੍ਰਿਸ਼ਟੀ ਨਾਲ ਪੜ੍ਹੀ, ਡਾਕਟਰ ਵੀ ਮਾਤ ਪਾ ਦਿੱਤੇ। ਦੇਸੀ ਅਤੇ ਵਿਦੇਸੀ ਦਵਾਈਆਂ ਦੇ ਨਵੇਂ-ਨਵੇਂ ਮਿਕਸ਼ਚਰ ਤਿਆਰ ਕੀਤੇ। ਬਾਹਰਲੇ ਮੁਲਕਾਂ ਵਿਚੋਂ ਡਾਕਟਰੀ ਦੇ ਸਾਰੇ ਕੀਮਤੀ ਔਜ਼ਾਰ ਮੰਗਵਾਏ। ਇਥੋਂ ਤੱਕ ਯੋਗਤਾ ਪ੍ਰਾਪਤ ਕੀਤੀ ਕਿ ਜਿਨ੍ਹਾਂ ਅੰਨ੍ਹਿਆਂ (ਨੇਤਰਹੀਨਾਂ) ਨੂੰ ਅੱਖਾਂ ਦੇ ਸਪੈਸ਼ਲਿਸਟ ਡਾਕਟਰਾਂ ਨੇ ਜਵਾਬ ਦੇ ਦਿੱਤੇ, ਉਨ੍ਹਾਂ ਦੇ ਅਸਾਧ ਰੋਗ ਆਪ ਜੀ ਦੀ ਔਸ਼ਧੀ ਨਾਲ ਕੱਟੇ ਗਏ। ਆਪ ਰੋਗੀਆਂ ਨੂੰ ਦਵਾਈ ਵੀ ਮੁਫ਼ਤ ਦਿੰਦੇ ਸਨ। ਖਾਣ ਵਾਸਤੇ ਕੋਲੋਂ ਖ਼ੁਰਾਕ ਵੀ ਦਿੰਦੇ ਸਨ।

6. ਪੰਡਿਤ ਤਾਰਾ ਸਿੰਘ ਜੀ ਖਡੂਰ ਸਾਹਿਬ ਵਾਲੇ ਨਾਮ ਰਸ ਵਿਚ ਰੰਗੇ ਹੋਏ ਇਕਾਗਰ-ਚਿੱਤ ਔਸ਼ਧੀ ਵੰਡਦੇ ਰਹਿੰਦੇ ਸਨ। ਮਰੀਜ਼ ਪੰਕਤੀਆਂ ਲਾਈ ਬੈਠੇ ਰਹਿੰਦੇ। ਆਪਣੀ ਵਾਰੀ ਦੀ ਉਡੀਕ ਕਰਕੇ ਰਹਿੰਦੇ ਸਨ। ਜੋ ਔਸ਼ਧੀ ਲੈ ਜਾਂਦਾ ਸੀ, ਹਰ ਤਰ੍ਹਾਂ ਦੇ ਰੋਗਾਂ ਤੋਂ ਮੁਕਤ ਹੋ ਜਾਂਦਾ ਸੀ। ਆਪ ਜੀ ਦੇ ਜੀਵਨ ਵਿਚ ਤਿੰਨ ਹੀ ਕੰਮ ਸਨ- ਨਾਮ ਜਪਣਾ, ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਾਉਣੀ ਅਤੇ ਰੋਗੀਆਂ ਨੂੰ ਦਵਾਈ ਦੇਣੀ। ਆਪ ਜੀਵਨ ਭਰ ਇਹ ਪਰਉਪਕਾਰ ਕਰਦੇ ਰਹੇ। ਆਪ ਜੀ ਦਾ ਇਲਾਕੇ ਵਿਚ ਅਤਿ ਪ੍ਰਭਾਵ ਸੀ।

ਆਪ ਜੀ ਦੇ ਉਤਰਾਧਿਕਾਰੀ ਪੰਡਿਤ ਸੁਰਜੀਤ ਸਿੰਘ ਜੀ ਇਸੇ ਪਰੰਪਰਾ ਅਨੁਸਾਰ ਸੇਵਾ ਕਰ ਰਹੇ ਹਨ।

7. ਪੰਡਿਤ ਤਾਰਾ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ, ਮਹੰਤ ਹਰੀ ਸਿੰਘ ਜੀ ਵੈਦਰਾਜ, ਗਲੀ ਬਾਗ ਵਾਲੀ ਅੰਮ੍ਰਿਤਸਰ (ਜੋ ਗਲਿਆਰੇ ਵਿਚ ਢਹਿ ਕੇ ਖ਼ਤਮ ਹੋ ਚੁੱਕੀ ਹੈ) ਉਲੇਖਨੀਯ ਚਕਿਤਸਕ ਹੋਏ ਹਨ।

8. ਪੰਡਿਤ ਨਿਹਾਲ ਸਿੰਘ ਜੀ ਵੀ ਕਾਸ਼ੀ ਵਿਚ ਪ੍ਰਸਿੱਧ ਵੈਦ ਸਨ। ਅਨੇਕ ਰੋਗੀ ਆਪ ਜੀ ਤੋਂ ਸਵਸਥ ਹੋਏ।

9. ਸੰਤ ਗੁਰਦਿੱਤ ਸਿੰਘ ਜੀ (ਸੰਪਾਦਕ ਨਿਰਮਲ ਪੱਤ੍ਰ) ਨੇ ਚਕਿਤਸਾ ਕੋਸ਼ 'ਲੰਲਮਭਾਵ ਚੰਦ੍ਰੋਦਯ ਟੀਕਾ' ਆਯੁਰਵੈਦਿਕ ਸੰਬੰਧੀ ਗ੍ਰੰਥ ਅੰਕਿਤ ਕੀਤੇ ਹਨ।

10. ਮਹੰਤ ਜੈ ਸਿੰਘ ਜੀ ਜੰਡਾਂਵਾਲਾ ਆਪਣੇ ਸਮੇਂ ਦੇ ਉਘੇ ਵੈਦ ਸਨ। ਰਿਆਸਤ ਫ਼ਰੀਦਕੋਟ ਦਾ ਰਾਜ ਪਰਿਵਾਰ ਆਪ ਜੀ ਦੀ ਔਸ਼ਧੀ 'ਤੇ ਵਿਸ਼ਵਾਸ ਰੱਖਦਾ ਸੀ। ਮਹਾਰਾਜਾ ਰਿਆਸਤ ਫ਼ਰੀਦਕੋਟ ਦੇ ਰਾਜ ਦਰਬਾਰ ਵਿਚ ਕੁਰਸੀ ਨਸ਼ੀਨ ਸਨ।

11. ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਘੋਲੀਏ ਵਾਲੇ ਆਯੁਰਵੈਦਿਕ ਵਿਚ ਪ੍ਰਸਿੱਧ ਸਨ। ਦਵਾਈ ਮੁਫ਼ਤ ਦਿੰਦੇ ਸਨ। ਨਾਮ ਸਿਮਰਨ ਵਾਲੇ ਪੰਥ ਵਿਚ ਸਤਿਕਾਰਯੋਗ ਮਹਾਂਪੁਰਖ ਸਨ।

## ਜੋਤਿਸ਼ ਵਿਗਿਆਨ

ਨਿਰਮਲੇ ਸੰਤ ਜੋਤਿਸ਼ ਵਿਗਿਆਨ ਦੇ ਵੀ ਮਹਾਨ ਵਿਦਵਾਨ ਹੋਏ ਹਨ। ਇਸ ਵਿਦਿਆ ਦਾ ਅਤੀ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਭਵਿਸ਼ ਸਬੰਧੀ ਜੋ ਵੀ ਦੱਸਦੇ ਸਨ, ਅੱਖਰ-ਅੱਖਰ ਸਤਿ ਹੁੰਦਾ ਸੀ। ਜੋਤਿਸ਼ ਅਤੇ ਸਮੁੰਦ੍ਰੀਕ ਦੋਵੇਂ ਮਿਲਦੀਆਂ ਜੁਲਦੀਆਂ ਹਨ। ਇਸ ਵਾਸਤੇ ਜੋਤਿਸ਼ ਵਿਗਿਆਨ ਵਿਚ ਇਕੱਠਾ ਹੀ ਵਰਣਨ ਕਰ ਰਹੇ ਹਾਂ।

1. ਠਾਕਰ ਨਿਹਾਲ ਸਿੰਘ ਜੀ ਥੋਹਾਖਾਲਸਾ ਵਾਲੇ ਮਹਾਨ ਵਿਦਵਾਨ ਹੋਏ ਹਨ। ਆਪ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ, ਰਾਗ ਦੇ ਧਨੀ, ਜੋਤਿਸ਼/ਸਮੁੰਦ੍ਰੀਕ ਦੇ ਵਿਸ਼ੇਸ਼ਗਯ ਸਨ। ਅਸੀਂ ਇਥੇ ਠਾਕਰ ਜੀ ਦੀ ਸਮੁੰਦ੍ਰੀਕ ਦੁਆਰਾ ਕੀਤੀ ਭਵਿਸ਼ਯਤ-ਬਾਣੀ ਅੰਕਿਤ ਕਰਦੇ ਹਾਂ, ਜਿਸ ਤੋਂ ਆਪ ਜੀ ਦੇ ਡੂੰਘੇ ਅਧਿਐਨ ਦਾ ਪਤਾ ਲੱਗਦਾ ਹੈ।

ਇਕ ਵਾਰ ਸ੍ਰੀਮਾਨ 108 ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਆਪ ਜੀ ਨੂੰ ਮਿਲਣ ਵਾਸਤੇ 'ਦੁੱਖ ਭੰਜਨੀ ਆਸ਼੍ਰਮ' ਥੋਹਾਖਾਲਸਾ ਵਿਖੇ ਆਏ। ਇਸ ਸਮੇਂ ਸ੍ਰੀ ਸੰਤ ਜੀ ਮਹਾਰਾਜ ਪ੍ਰਸਿੱਧ ਨਹੀਂ ਸਨ। ਪਿੰਡ ਕਨੇਹੇ ਵਿਚ ਸਿਮਰਨ/ਤਪ ਕਰ ਰਹੇ ਸਨ। ਪੈਰਾਂ ਤੋਂ ਨੰਗੇ ਸਨ, ਉਪਰ ਕਾਲੀ ਕੰਬਲੀ ਲਈ ਹੋਈ ਸੀ। ਸ਼ਿਸ਼ਟਾਚਾਰ ਤੋਂ ਬਾਅਦ ਦੋਵੇਂ ਮਹਾਂਪੁਰਖ ਗਿਆਨ ਗੋਸ਼ਟ ਦੁਆਰਾ ਆਤਮਿਕ ਆਨੰਦ ਲੈਣ ਲੱਗੇ। ਸ੍ਰੀ ਸੰਤ ਜੀ ਮਹਾਰਾਜ ਦੇ ਪੈਰ ਦੀ ਤਲੀ ਠਾਕੁਰ ਜੀ ਵੇਖ ਰਹੇ ਸਨ। ਪੈਰ ਦੀ ਰੇਖਾ ਨੂੰ ਠਾਕੁਰ ਜੀ ਨੇ ਸਪਸ਼ਟ ਪੜ੍ਹ ਲਿਆ। ਨਾਲ ਹੀ ਸੁਭਾਵਿਕ ਮੁਖ ਤੋਂ ਉਚਾਰਨ ਹੋ ਗਿਆ:

*"ਪਾਲਕੀਆਂ ਰਥੱ ਉਤੇ ਚੱਲਣਾ, ਰੇਖਾ ਪਈ ਬਤਾਂਦੀ।*
*ਓੜ੍ਹੀ ਕੰਬਲੀ, ਜੁੱਤੀ ਨਾਹੀਂ, ਸਮਝੀ ਗੱਲ ਨ ਜਾਂਦੀ।"*

ਭਵਿੱਖ ਵਿਚ ਠਾਕੁਰ ਜੀ ਦਾ ਇਹ ਕਥਨ ਅੱਖਰ-ਅੱਖਰ ਸਤਿ ਹੋਇਆ। ਜੋ ਸਤਿਕਾਰ ਦੇਸ ਅਤੇ ਪੰਥ ਵਿਚ ਸ੍ਰੀਮਾਨ 108 ਪੂਜਯ ਸੰਤ ਅੱਤਰ ਸਿੰਘ ਜੀ ਮਹਾਰਾਜ ਦਾ ਸੀ, ਉਹ ਸਰਵ ਪ੍ਰਸਿੱਧ ਹੈ।

2. ਬ੍ਰਹਮਕੁਟੀ ਕਾਸ਼ੀ ਦੇ ਮਹੰਤ, ਪੰਡਿਤ ਬਸੰਤ ਸਿੰਘ ਜੀ ਮਹਾਨ ਵੈਦ ਅਤੇ ਆਲੌਕਿਕ ਜੋਤਿਸ਼ੀ ਸਨ। ਵਿਦਵਾਨਾਂ ਅਤੇ ਜਨਤਾ ਵਲੋਂ 'ਜੋਤਿਸ਼ ਸਮਰਾਟ' ਕਹਿ ਕੇ ਸਨਮਾਨਿਆ ਜਾਂਦਾ ਸੀ। ਬਿਨਾਂ ਪ੍ਰਸ਼ਨ ਤੋਂ ਹੀ ਫਲ ਦੱਸ ਦਿੰਦੇ ਸਨ। ਕਾਸ਼ੀ ਦੇ ਅਪੂਰਵ ਭਵਿਸ਼ਯ ਵਕਤਾ ਸਨ। ਜਦੋਂ 'ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵਵਿਦਿਆਲਯ, ਵਾਰਾਣਸੀ' ਸਥਾਪਿਤ ਹੋਇਆ, ਆਪ ਜੀ ਨੇ ਨਿਯੁਕਤ ਹੋਣ ਵਾਲੇ ਆਚਾਰਯ ਦਾ ਨਾਮ, ਤਿਥਿ, ਵੇਤਨ, ਤਰੱਕੀ ਆਦਿ ਦਾ ਵਿਵਰਣ ਤਾਰੀਖ਼ਵਾਰ

ਲਿਖ ਕੇ ਦੇ ਦਿੱਤਾ ਸੀ, ਜੋ ਬਾਅਦ ਵਿਚ ਸੱਚ ਹੋਇਆ। ਵੱਡੇ-ਵੱਡੇ ਨੇਤਾਵਾਂ, ਵਿਦਵਾਨਾਂ ਦੀ ਬ੍ਰਹਮਕੁਟੀ ਵਿਚ ਜੋਤਿਸ਼ ਸਮਰਾਟ ਦੇ ਚਰਨਾਂ ਵਿਚ ਭੀੜ ਲੱਗੀ ਰਹਿੰਦੀ ਸੀ।

3. ਪ੍ਰਸਿੱਧ ਵੈਦ ਪੰਡਿਤ ਸੰਪੂਰਨ ਸਿੰਘ ਜੀ ਆਨੰਦਪੁਰ ਵਾਲੇ ਜੋਤਿਸ਼ ਵਿਦਿਆ ਵਿਚ ਵੀ ਪ੍ਰਬੀਨ ਸਨ।

4. ਪੰਡਿਤ ਮੰਗਲ ਸਿੰਘ ਜੀ ਪਟਿਆਲੇ ਵਾਲੇ ਜੋਤਿਸ਼ ਦੇ ਪੂਰਨ ਵਿਦਵਾਨ ਸਨ। ਆਪ ਜੀ ਨੇ ਜੋਤਿਸ਼ ਉਪਰ ਕਈ ਗ੍ਰੰਥ ਵੀ ਲਿਖੇ ਹਨ, ਜਿਨ੍ਹਾਂ ਵਿਚੋਂ 'ਮਹੂਰਤ ਚੰਦ੍ਰਕਾ' ਪ੍ਰਸਿੱਧ ਗ੍ਰੰਥ ਹੈ।

5. ਸੰਤ ਭਗਵਾਨ ਸਿੰਘ ਜੀ ਫੂਲਾਂ ਵਾਲੇ ਜੋਤਿਸ਼ ਵਿਗਿਆਨ ਦੇ ਮਹਾਨ ਵਿਦਵਾਨ ਸਨ। ਜੋਤਿਸ਼ ਵਿਦਿਆ ਦੇ ਕਾਰਣ ਆਪ ਜੀ ਦਾ ਸਾਰੇ ਪੰਜਾਬ ਵਿਚ ਸਤਿਕਾਰ ਸੀ। ਸ਼ਹਿਰੀ ਹਿੰਦੂ ਜਾਤੀ, ਆਰੀਆ ਸਮਾਜੀ ਵੀ ਪਰਮ ਸਤਿਕਾਰ ਕਰਦੇ ਸਨ। ਜੋਤਿਸ਼ ਦੁਆਰਾ ਆਪ ਸਰਬੱਤ ਦੀ ਮਨੋਕਾਮਨਾ ਪੂਰਨ ਕਰਦੇ ਸਨ। ਸ਼ਰਧਾਲੂਆਂ ਨੂੰ ਗੁਰੂ ਘਰ ਦਾ ਸਿੱਖ ਬਣਾਉਂਦੇ ਸਨ। ਕਿਹਾ ਕਰਦੇ ਸਨ, "ਸਭ ਮਨੋਕਾਮਨਾ ਗੁਰੂ ਨਾਨਕ ਦੇ ਘਰ ਤੋਂ ਪੂਰੀਆਂ ਹੁੰਦੀਆਂ ਹਨ।" ਇਸ ਤਰ੍ਹਾਂ ਸਭ ਨੂੰ ਗੁਰਬਾਣੀ ਨਾਲ ਜੋੜਦੇ ਸਨ। ਆਪ ਗੁਰਮਤਿ ਦੇ ਵਿਦਵਾਨ, ਕਥਾ ਵਾਚਕ, ਵਿਆਖਿਆਨਦਾਤਾ ਅਤੇ ਕਵੀ ਵੀ ਸਨ।

6. ਪੰਡਿਤ ਸੰਤ ਸਿੰਘ ਜੀ ਸ਼ਾਸਤ੍ਰੀ ਜੋਤਿਸ਼ਾਚਾਰਯ ਜੋਤਿਸ਼ ਦੇ ਅਪੂਰਵ ਗਿਆਤਾ ਸਨ। ਆਪ ਖਾਰਾ ਬਰਨਾਲਾ ਜ਼ਿਲ੍ਹਾ ਮਾਨਸਾ ਦੇ ਮਹੰਤ ਸਨ। ਵਿਚਾਰਸ਼ੀਲ ਵਿਦਵਾਨ ਸਨ।

7. ਸਾਂਈ ਲੋਕ ਸ੍ਰੀ ਸੰਤ ਸੁਖਾ ਸਿੰਘ ਜੀ ਗਲੀ ਬਾਗ ਵਾਲੀ ਅੰਮ੍ਰਿਤਸਰ ਵਾਲੇ ਜੋਤਿਸ਼ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਜੋਤਿਸ਼ ਉਪਰ ਇਕ ਗ੍ਰੰਥ ਵੀ ਲਿਖਿਆ ਹੈ। ਸ੍ਰੀ ਸੰਤ ਹਰੀ ਸਿੰਘ ਜੀ ਤਖ਼ਤੂਪੁਰਾ (ਜ਼ਿਲ੍ਹਾ ਫ਼ਰੀਦਕੋਟ) ਵਾਲੇ ਵੀ ਜੋਤਿਸ਼ ਵਿਦਿਆ ਵਿਚ ਨਿਪੁੰਨ ਸਨ। ਆਪ ਜੀ ਨੇ ਜੋਤਿਸ਼ ਉਪਰ ਇਕ ਗ੍ਰੰਥ ਲਿਖ ਕੇ ਪ੍ਰਕਾਸ਼ਤ ਕੀਤਾ ਹੈ।

8. ਸੰਤ ਭਗਵਾਨ ਸਿੰਘ ਜੀ ਜੋਤਿਸ਼ੀ ਪਿੰਡ ਮਾਹਲਾਕਲਾਂ ਜ਼ਿਲ੍ਹਾ ਫ਼ਰੀਦਕੋਟ ਵਾਲਿਆਂ ਨੇ 'ਸ੍ਰਿਸ਼ਟੀ ਦਰਪਨ' ਗ੍ਰੰਥ ਅੰਕਿਤ ਕੀਤਾ ਹੈ।

**ਯੋਗਾਭਿਆਸ**

ਯੋਗਾਭਿਆਸ ਬੜਾ ਕਠਿਨ ਸਾਧਨ ਹੈ। ਚਿੱਤ ਦੀਆਂ ਵ੍ਰਿਤੀਆਂ ਨੂੰ ਰੋਕ ਕੇ ਇਹ ਸਾਧਨ ਹੁੰਦਾ ਹੈ। ਮਨ ਨੂੰ ਇਕਾਗਰ ਕਰਨਾ ਪੈਂਦਾ ਹੈ। ਸਰੀਰ ਨੂੰ ਕਈ ਕਠਿਨ ਸਾਧਨ ਕਰਨੇ ਪੈਂਦੇ ਹਨ। ਸੰਸਾਰ ਦੇ ਤਮਾਸ਼ਿਆਂ ਦਾ ਤਿਆਗ ਕਰਨਾ ਪੈਂਦਾ ਹੈ। ਯੋਗਾਭਿਆਸ ਨਾਲ ਸਰੀਰ ਦੀ ਸ਼ੁੱਧੀ, ਆਯੂ ਦੀ ਵ੍ਰਿਧੀ, ਰੋਗ ਦੀ ਨਿਵ੍ਰਿਤੀ ਹੁੰਦੀ ਹੈ।

ਨਿਰਮਲ ਪੰਥ ਵਿਚ ਮਹਾਨ ਯੋਗਾਭਿਆਸੀ ਸੰਤ ਮੋਹਰ ਸਿੰਘ ਜੀ ਸਨ, ਜੋ ਸੈਂਕੜਿਆਂ ਨੂੰ ਯੋਗ ਦਾ ਅਭਿਆਸ ਕਰਵਾਉਂਦੇ ਸਨ। ਆਪ ਜੀ ਨੇ ਯੋਗ ਦੀ ਵਿਦਿਆ ਸੰਤ ਚੰਪਾ ਸਿੰਘ ਜੀ ਤੋਂ ਸਿੱਖੀ ਸੀ। ਪ੍ਰਾਣਾਯਾਮ ਦੇ ਪ੍ਰਕਾਰ, ਉਠਣ-ਬੈਠਣ ਦੀ ਕਿਰਿਆ, ਸਮੇਂ-ਕੁਸਮੇਂ ਦੇ ਪ੍ਰਕਾਰ, ਸਾਂਗੋ-ਪਾਂਗ ਸਿੱਖੇ। ਆਪ ਯੋਗੀਰਾਜ ਦੇ ਨਾਮ ਨਾਲ ਪ੍ਰਸਿੱਧ ਸਨ।

ਆਪ ਜੀ ਕੋਲ ਬਹੁਤ ਵਿਅਕਤੀ ਯੋਗ ਦੀ ਵਿਦਿਆ ਸਿੱਖਣ ਵਾਸਤੇ ਆਉਣ ਲੱਗੇ। ਆਪ 25 ਸੰਤਾਂ ਤੋਂ ਯੋਗਾਭਿਆਸ ਕਰਵਾਉਂਦੇ ਸਨ। 4-5 ਸੰਤਾਂ ਨੂੰ ਸੇਵਾ ਵਾਸਤੇ ਰੱਖਦੇ ਸਨ। ਅਗਲੇ ਮਹੀਨੇ ਪਹਿਲੇ ਸੇਵਾਦਾਰਾਂ ਨੂੰ ਅਭਿਆਸ ਵਿਚ ਲਾ ਕੇ ਸੇਵਾ ਲਈ ਹੋਰ ਕੱਢੇ ਜਾਂਦੇ ਸਨ। ਇਹ ਯੋਗ ਦਾ ਅਭਿਆਸ ਕ੍ਰਮਵਾਰ ਚਲਦਾ ਸੀ। ਅਨੇਕ ਸੰਤਾਂ ਨੇ ਯੋਗ ਦੀ ਕਿਰਿਆ ਸਿੱਖੀ। ਸਾਰੇ ਮੱਤਾਂ ਦੇ ਸੰਤ ਆ-ਆ ਕੇ ਯੋਗ ਵਿਦਿਆ ਸਿੱਖਦੇ ਸਨ। ਸੰਤ ਮੋਹਰ ਸਿੰਘ ਜੀ ਨੇ ਯੋਗ ਉਪਰ ਇਕ ਗ੍ਰੰਥ 'ਯੋਗ ਸਿੱਖਿਆ ਪ੍ਰਭਾਕਰ' ਲਿਖਿਆ ਹੈ, ਜੋ ਪੁਰਾਤਨ ਸਾਧ ਭਾਸ਼ਾ ਗੁਰਮੁਖੀ ਲਿਪੀ ਵਿਚ ਹੈ। ਸੰਤ ਮੋਹਰ ਸਿੰਘ ਜੀ 145 ਵਰਸ਼ ਦੀ ਆਯੂ ਵਿਚ ਬ੍ਰਹਮਲੀਨ ਹੋਏ ਸਨ।

ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਪੰਡਿਤ ਈਸ਼ਰ ਸਿੰਘ ਜੀ 'ਕਲਿਯੁਗ' ਵੀ ਯੋਗ ਸ਼ਾਸਤ੍ਰ ਦਾ ਅਦੁੱਤੀ ਗਿਆਨ ਰੱਖਦੇ ਸਨ। 'ਮੈਸਮਰੇਜ਼ਮ' ਦੇ ਵੀ ਵਿਸ਼ੇਸ਼ਗਯ ਸਨ।

**ਸਾਹਿਤਕ ਸੇਵਾ**

ਨਿਰਮਲੇ ਮਹਾਂਪੁਰਖਾਂ ਨੇ ਜੋ ਸਾਹਿਤ ਵਿਚ ਯੋਗਦਾਨ ਪਾਇਆ ਹੈ, ਉਸ ਦੀ ਜਿੰਨ੍ਹੀ ਵੀ ਪ੍ਰਸੰਸਾ ਕੀਤੀ ਜਾਂਵੇ, ਥੋੜ੍ਹੀ ਹੈ। ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ ਹੈ। ਭਾਵੇਂ ਗੁਰਬਾਣੀ ਪ੍ਰਚਾਰ, ਗੁਰੂ ਨਾਨਕ ਸਿਧਾਂਤ ਦੀ ਵਿਆਖਿਆ ਕਰਨੀ ਹੀ ਮੁੱਖ ਉਦੇਸ਼ ਰਿਹਾ ਹੈ, ਫਿਰ ਵੀ ਧਰਮ, ਕਰਮ-ਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼-ਸਾਹਿਤ, ਛੰਦ-ਸ਼ਾਸਤਰ, ਆਯੁਰਵੈਦਿਕ ਆਦਿਕ ਅਨੇਕਾਂ ਹੀ ਵਿਸ਼ਿਆਂ ਉਪਰ ਗ੍ਰੰਥ ਰਚਨਾ ਕੀਤੀ ਹੈ। ਇਨ੍ਹਾਂ ਮਹਾਂਪੁਰਖਾਂ ਦਾ ਮਨ ਕਿਸੇ ਭਾਸ਼ਾ ਜਾਂ ਵਿਸ਼ੇ ਪ੍ਰਤੀ ਸੰਕੀਰਣ ਨਹੀਂ ਸੀ। ਇਸ ਵਾਸਤੇ ਹਿੰਦੀ, ਬ੍ਰਿਜ ਭਾਸ਼ਾ, ਸੰਸਕ੍ਰਿਤ ਅਤੇ ਪੰਜਾਬੀ ਵਿਚ ਸਮਰੂਪ ਲਿਖਦੇ ਰਹੇ ਹਨ। ਜਿਵੇਂ ਕਿ ਉਪਰ ਦੱਸਿਆ ਹੈ ਗੁਰਮਤਿ ਦੀ ਵਿਆਖਿਆ ਨੂੰ ਹੀ ਮੁੱਖ ਰੱਖਿਆ ਹੈ, ਜਿਸ ਨਾਲ ਸਾਰੇ ਭਾਰਤ ਵਿਚ ਗੁਰਮਤਿ ਦਾ ਪ੍ਰਚਾਰ/ਗਿਆਨ ਹੋਇਆ ਹੈ। ਦਸਾਂ ਗੁਰੂਆਂ ਦੇ ਸਿਧਾਂਤ/ਉਪਕਾਰਾਂ ਨੂੰ ਘਰ-ਘਰ ਪਹੁੰਚਾਇਆ ਹੈ। ਮਹਾਨ ਲੇਖਕਾਂ ਵਿਚ ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ, ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ ਅਤੇ ਮਹੰਤ ਗਣੇਸ਼ਾ ਸਿੰਘ ਜੀ ਪ੍ਰਸਿੱਧ ਹਨ। ਅਸੀਂ ਨਿਰਮਲ ਭੇਖ ਦੀ ਮਹਾਨ ਸਾਹਿਤਕ ਰਚਨਾ ਦਾ ਦਿਗ-ਦਰਸ਼ਨ ਪਾਠਕਾਂ ਨੂੰ ਕਰਵਾਉਣ ਦਾ ਯਤਨ ਕਰਦੇ ਹਾਂ।

**ਪੰਡਿਤ ਗੁਲਾਬ ਸਿੰਘ ਜੀ**

ਆਪ ਨਿਰਮਲ ਪੰਥ ਵਿਚ ਮਹਾਨ ਵਿਦਵਾਨ ਹੋਏ ਹਨ। ਸੰਸਕ੍ਰਿਤ ਦੇ ਆਪ ਪ੍ਰਕਾਂਡ ਪੰਡਿਤ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਦੇਸ਼ ਅਨੁਸਾਰ ਆਪ ਜੀ ਨੇ ਸੰਸਕ੍ਰਿਤ ਗ੍ਰੰਥਾਂ ਨੂੰ ਬ੍ਰਿਜ ਭਾਸ਼ਾ, ਗੁਰਮੁਖੀ ਲਿਪੀ ਵਿਚ ਅੰਕਿਤ ਕਰਕੇ ਸਰਵ ਸਾਧਾਰਨ ਵਾਸਤੇ ਸੁਖੈਨ ਸਾਹਿਤ ਪੈਦਾ ਕਰਨ ਦਾ ਯਤਨ ਕੀਤਾ ਹੈ। ਸੰਸਕ੍ਰਿਤ ਅਨੁਵਾਦ ਤੋਂ ਉਨ੍ਹਾਂ ਦੀ ਅਪੂਰਵ ਪੰਡਿਤਾਈ ਦਾ ਪਤਾ ਲੱਗਦਾ ਹੈ। ਇਹ ਵੀ ਪਤਾ ਲੱਗਦਾ ਹੈ ਕਿ ਆਪ ਜੀ ਛੰਦ-ਸ਼ਾਸਤ੍ਰ, ਅਲੰਕਾਰ, ਸਾਹਿਤ ਦੇ ਅਦੁੱਤੀ ਗਿਆਤਾ ਸਨ। ਸਰਵਪੱਖੀ ਵਿਦਵਾਨ ਸਨ। ਆਪ ਜੀ ਦੇ ਲਿਖੇ ਚਾਰ ਗ੍ਰੰਥ ਉਪਲਬਧ ਹਨ:

| | |
|---|---|
| ਭਾਵੰਰਸਾਮ੍ਰਿਤ | 1834 ਬਿ. (1777 ਈ.) |
| ਮੋਕਸ਼ ਪੰਥ ਪ੍ਰਕਾਸ਼ | 1835 ਬਿ. (1778 ਈ.) |
| ਅਧਿਆਤਮ ਰਾਮਾਯਣ | 1836 ਬਿ. (1779 ਈ.) |
| ਪ੍ਰਬੋਧ ਚੰਦ੍ਰੋਦਯ ਨਾਟਕ | 1836 ਬਿ. (1779 ਈ.) |

ਇਹ ਗੱਲ ਵੀ ਪ੍ਰਸਿੱਧ ਹੈ ਕਿ ਆਪ ਜੀ ਨੇ ਹੋਰ ਵੀ ਕਈ ਗ੍ਰੰਥਾਂ ਦਾ ਅਨੁਵਾਦ ਕੀਤਾ ਸੀ। ਮੌਲਿਕ ਗ੍ਰੰਥ ਵੀ ਲਿਖੇ ਸਨ, ਜੋ ਈਰਖਾਵਾਦੀਆਂ ਨੇ ਸਾਰੇ ਖ਼ਤਮ ਕਰ ਦਿੱਤੇ। ਇਹ ਉਪਰੋਕਤ ਗ੍ਰੰਥ ਕਿਸੀ ਤਰ੍ਹਾਂ ਬਚ ਗਏ।

**ਮੋਕਸ਼ ਗ੍ਰੰਥ ਪ੍ਰਕਾਸ਼**

ਇਹ ਗ੍ਰੰਥ ਰਤਨ ਅੰਮ੍ਰਿਤਸਰ ਵਿਚ ਲਿਖਿਆ ਗਿਆ ਹੈ। ਇਹ ਭਾਰਤੀ ਦਰਸ਼ਨ ਸ਼ਾਸਤ੍ਰ ਦਾ ਪ੍ਰਮਾਣੀਕ ਗ੍ਰੰਥ ਹੈ। ਉੱਤਰੀ ਭਾਰਤ (ਸਾਹਿਤਯ) ਵਿਚ ਅਜਿਹਾ ਦੂਸਰਾ ਗ੍ਰੰਥ ਨਹੀਂ ਹੈ।

ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਨੇ ਇਸ ਗ੍ਰੰਥ ਬਾਰੇ ਰੌਚਿਕ ਉਥਾਨਕਾ ਲਿਖੀ ਹੈ ਅਤੇ ਦੱਸਿਆ ਹੈ ਕਿ 'ਮੋਕਸ਼ ਪੰਥ ਪ੍ਰਕਾਸ਼' ਦੇ ਲੇਖਕ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਦੇ ਮਹਾਂਪੁਰਖ (ਗੁਰਦੇਵ) ਬ੍ਰਹਮਗਿਆਨੀ ਪੰਡਿਤ ਮਾਨ ਸਿੰਘ ਜੀ ਦਸਮ ਗੁਰੂ ਜੀ ਦੇ ਹਜ਼ੂਰੀ ਸਿੱਖ ਸਨ, ਜੋ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਪਰਮਾਰਥ ਸਬੰਧੀ, ਗੁਰਬਾਣੀ ਦੇ ਅਰਥਾਂ ਸਬੰਧੀ ਸ਼ੰਕਾ

ਨਿਵ੍ਰਿਤ ਕਰਦੇ ਰਹਿੰਦੇ ਸਨ। ਕਈ ਵਾਰ ਬੜੇ ਰਹੱਸ ਭਰੇ ਪ੍ਰਸ਼ਨ ਕਰਦੇ ਸਨ। ਦਸਮ ਪਿਤਾ ਜੀ ਵੀ ਅਧਿਕਾਰੀ ਸਮਝ ਕੇ ਵਿਚਾਰ ਪੂਰਬਕ ਗੋਹਝ ਖੋਲ੍ਹ ਕੇ ਸ਼ੰਕਾ ਸਮਾਧਾਨ ਕਰਦੇ ਸਨ।

ਗੁਰੂ ਦਸਮ ਪਾਤਸ਼ਾਹ ਦੇ ਚਰਨਾਂ ਵਿਚ ਬੈਠ ਕੇ ਪ੍ਰਾਪਤ ਕੀਤਾ ਹੋਇਆ ਬ੍ਰਹਮਗਿਆਨ ਅੱਗੇ ਆਪਣੇ ਸ਼ਿਸ਼ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਨੂੰ ਮੌਖਿਕ ਰੂਪ ਵਿਚ ਬਖ਼ਸ਼ਿਆ। ਸਮਾਂ ਪਾ ਕੇ ਪੰਡਿਤ ਗੁਲਾਬ ਸਿੰਘ ਜੀ ਨੇ ਉਹੀ ਬ੍ਰਹਮਗਿਆਨ ਦਾ ਸੋਮਾ 'ਸ੍ਰੀ ਮੋਕਸ਼ ਗ੍ਰੰਥ ਪ੍ਰਕਾਸ਼' ਦੇ ਰੂਪ ਵਿਚ ਪ੍ਰਗਟ ਕੀਤਾ। ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਇਸ ਵਾਰਤਾ ਨੂੰ ਇਸ ਤਰ੍ਹਾਂ ਲਿਖਦੇ ਹਨ:

"ਏਕ ਸਮੇਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਕੇ ਹਜ਼ੂਰ ਦੀਵਾਨ ਕੇ ਸਮੇਂ ਸ੍ਰੀ ਭਾਈ ਮਾਨ ਸਿੰਘ ਨਿਰਮਲੇ ਅਪਨੇ ਗਰ ਮੇਂ ਅੰਚਰ ਡਾਰ ਕੇ ਬੜੀ ਨਿੰਮ੍ਰਤਾ ਪੂਰਬਕ ਪ੍ਰਣਾਮ ਕਰਕੇ ਸ੍ਰੀ ਸਤਿਗੁਰੂ ਜੀ ਕੇ ਸਨਮੁਖ ਤਤਪਰ ਹੋ ਕੇ ਠਾਂਢੇ ਹੋਤੇ ਪਏ। ਤਿਸੀ ਸਮੇਂ ਸਤਿਗੁਰੂ ਕ੍ਰਿਪਾਲੂ ਨੇ ਅੰਮ੍ਰਿਤ ਦ੍ਰਿਸ਼ਟੀ ਕਰਕੇ ਕ੍ਰਿਪਾਲਤਾ ਕੀ ਬਾਣੀ ਸੇ ਪੂਛਾ: ਜੋ ਹੇ ਮਾਨ ਸਿੰਘ ਕਹੂ ਕਯਾ ਕਹਯਾ ਚਾਹਤਾ ਹੈ। ਤਬ ਮਾਨ ਸਿੰਘ ਜੀ ਬੋਲੇ, ਹੇ ਸਤਿਗੁਰੋ ਗ੍ਰੰਥ ਜੁ ਕੇ ਮਾਰੂ ਰਾਗ ਮੈਂ ਜੋ ਪਹਿਲੇ ਮਹਲੇ ਕੇ ਸੋਲਹੇ ਹੈਨ। ਤਿਨ ਕੇ ਬੀਚ ਤੇ ਸਤਾਰਵੇਂ ਕੀ ਨਾਵੀਂ ਪੌੜੀ ਕੇ ਆਦਿ ਮੈਂ ਜੋ ਲਿਖੀ ਹੈ ਏ ਤੁਕ। ਸਾਮਬੇਦ ਰਿਗ ਯਜੁਰ ਅਥਰਬਣ ਇਸ ਤੁਕ ਕਾ ਜੋ ਅਸਲ ਤਾਤਪਰਯ ਹੈ ਸੋ ਕ੍ਰਿਪਾ ਕਰਕੇ ਲਿਖ ਬਖ਼ਸ਼ ਕੇ ਸਮਝਾਓ ਜੀ।

ਤਬ ਸ੍ਰੀ ਸਤਿਗੁਰੂ ਕਹਿਤੇ ਭਏ ਧੰਨ ਭਾਈ ਮਾਨ ਸਿੰਘ ਤੂੰ ਧੰਨ ਜਿਸ ਤੈਸੇ ਐਸਾ ਉਤਮ ਪ੍ਰਸ਼ਨ ਜੀਵੋਂ ਕੇ ਉਧਾਰ ਹੇਤ ਕੀਤਾ ਹੈ। ਇਸ ਤੇ ਤੇਰਾ ਵੱਡਾ ਜਸ ਹੋਵੇਗਾ। ਹੇ ਸਿੱਖ ਇਸ ਤੁਕ ਮੈਂ ਚਾਰੋਂ ਬੇਦੋਂ ਕੇ ਨਾਮ ਅਸਲ ਅਭਿਪ੍ਰਾਯ ਤੋਂ ਚਾਰੋ ਮਹਾਂਵਾਕ ਹੈ। ਐਸੇ ਕਹਿ ਕੇ ਕਾਗਦ ਕਲਮ ਦਵਾਤ ਮੰਗਵਾਇ ਵਾਰਤਕ ਰੂਪ ਛੰਦੋਗ ਆਦਿਕੋ ਕੇ ਪ੍ਰਮਾਣ ਸਮੇਤ ਲਿਖ ਬਖਸ਼ਤੇ ਭਏ ਅਤੇ ਫਰਮਾਤੇ ਭਏ ਜੋ ਕਿਸੇ ਏਕਾਂਤ ਸਮੇਂ ਹਮਾਰੀ ਰਸਨਾ ਤੇ ਇਸ ਵਾਰਤਕ ਕਾ ਅਰਥ ਸੁਣ ਭੀ ਲੈਣਾ।

ਤਬ ਮਾਨ ਸਿੰਘ ਜੀ ਨੇ ਸਤ ਬਚਨ ਕਹਯਾ। ਤਦਾ ਅਨੰਤ ਤੈਸੇ ਹੀ ਕਰਾ। ਸਤ੍ਰਯੋਪਦੇਸ ਰਿਦੈ ਮੈਂ ਧਾਰ। ਕਾਲਾਤ੍ਰ ਮੈਂ ਉਸੀ ਵਾਰਤਕ ਕਾ ਅਭਿਪ੍ਰਾਯ ਸ੍ਰੀ ਮਾਨ ਸਿੰਘ ਜੀ ਨੇ ਆਪਣੇ ਸੇਵਕ ਗੁਲਾਬ ਸਿੰਘ ਕੋ ਕਰ ਦੀਆ।"।

ਪ੍ਰੰਤੂ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਨੇ ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦਾ ਆਧਾਰ ਅੰਮ੍ਰਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਿਆ ਹੈ। ਇਸ ਵਾਸਤੇ ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦੇ ਆਰੰਭ ਵਿਚ ਫ਼ੁਰਮਾਇਆ ਹੈ ਕਿ ਜੋ ਅੰਮ੍ਰਿਤ ਬਚਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਉਨ੍ਹਾਂ ਦਾ ਅਸੀਂ ਵਿਸਤਾਰ ਵਿਆਖਿਆਨ ਕਰਦੇ ਹਾਂ। ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ:

*ਗੁਰੂ ਅਰਜੁਨ ਕਲਯਾਨ ਬਖਾਨ। ਭ੍ਰਮ ਭਯ ਮਿਟੇ ਸੁ ਬ੍ਰਹਮ ਗਯਾਨ।*
*ਉਤਮ ਪੰਥ ਗਯਾਨ ਜਗਸਾਰ। ਦੁਖ ਮੇਟਨ ਸੁਖ ਦੇਨ ਉਦਾਰ।੧੦।*
*ਬ੍ਰਹਮਾਦਿਕ ਚੀਟੀਂ ਲੌਂ ਜੇਤੇ। ਦੁਖ ਮੇਂ ਦਵੈਸ਼ ਕਰੇ ਸਭ ਤੇਤੇ।*
*ਸਦਾ ਜਿਹਾਸਾ ਦੁਖ ਕੀ ਕਰੇ। ਦੁਖ ਨਾਸ਼ਕ ਸਾਧਨ ਅਨੁਸਰੇ।੧੧।*
*ਸਕਲ ਦੁਖ ਕੋ ਕਾਰਣ ਦੇਹ। ਤਾਕੋ ਧਰਮਾ ਧਰਮ ਵਿਧੇਹ।*
*ਵਿਹਿਤ ਨਿਸ਼ਿਧ ਕਰਮ ਤਿਹ ਮੂਲ। ਰਾਗ ਦ੍ਵੈਸ਼ ਕਰਮਨ ਕੋ ਮੂਲ।੧੨।*
*ਭਲੇ ਬੁਰੇ ਅਧਯਾਸਹਿ ਜੋਈ। ਰਾਗ ਦ੍ਵੈਸ਼ ਕੋ ਕਾਰਣ ਸੋਈ।*
*ਸੋ ਜਹਿ ਕਹੋ ਬੁਰੋ ਅਪਰਾਧ। ਤਿਮਿਰ ਹੈਰ ਤੇ ਕਾਹੇ ਪ੍ਰਕਾਸ।੧੩।*

ਵਿਦਿਆਮੁਕਟਮਣੀ ਪੰਡਿਤ ਤਾਰਾ ਸਿੰਘ ਜੀ 'ਨਰੋਤਮ'

ਆਪ ਗੁਰਮਤਿ ਸਿਧਾਂਤ, ਗੁਰਮਤਿ ਦਰਸ਼ਨ, ਸਾਹਿਤਯ, ਇਤਿਹਾਸ, ਗੁਰਬਾਣੀ ਦੇ ਧੁਰੰਧਰ ਵਿਦਵਾਨ ਸਨ। ਗੁਰਮਤਿ ਦਰਸ਼ਨ/ਗੁਰਬਾਣੀ ਸਬੰਧੀ ਆਪ ਜੀ ਨੇ ਦੀਰਘ ਦ੍ਰਿਸ਼ਟੀ ਨਾਲ ਲਿਖਿਆ ਹੈ। ਜੋ ਕੁਝ ਵੀ ਆਪ ਜੀ ਨੇ ਲਿਖਿਆ ਹੈ, ਗੁਰਬਾਣੀ/ਗੁਰ-ਇਤਿਹਾਸ ਦੇ ਮਹੱਤਵ ਨੂੰ ਵਰਣਨ ਕਰਨ ਵਾਸਤੇ ਹੀ ਲਿਖਿਆ ਹੈ। ਆਪ ਪੰਥ ਵਿਚ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ 'ਸ੍ਰੀ ਗੁਰਮਤਿ ਨਿਰਣਯ ਸਾਗਰ' ਵਰਗਾ ਦਾਰਸ਼ਨਿਕ ਗ੍ਰੰਥ ਲਿਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ 'ਸ੍ਰੀ ਗੁਰੂ ਗਿਰਾਰਥ ਕੋਸ਼' ਲਿਖਿਆ ਅਤੇ ਦੇਸ ਦੇ ਸਾਰੇ ਗੁਰਦਵਾਰਿਆਂ ਦਾ ਇਤਿਹਾਸ 'ਗੁਰ ਤੀਰਥ ਸੰਗ੍ਰਹਿ' ਅੰਕਿਤ ਕੀਤਾ। ਆਪ ਗੁਰਬਾਣੀ ਦੇ ਸ਼ੁਧ ਸ਼ਾਸਤ੍ਰੀਯ ਅਰਥਾਂ ਦੇ ਸਮਰਥਕ ਸਨ। ਜਦੋਂ ਆਪ ਜੀ ਨੂੰ ਪਤਾ ਲੱਗਾ ਕਿ ਇਕ ਅੰਗਰੇਜ਼ ਵਿਦਵਾਨ 'ਟ੍ਰੰਪ' ਗੁਰਬਾਣੀ ਦੇ ਪੱਖਪਾਤੀ, ਅਸ਼ੁੱਧ ਅਰਥ ਕਰ ਰਿਹਾ ਹੈ ਤਾਂ ਆਪ ਜੀ ਨੇ ਇਸ ਦਾ ਵਿਰੋਧ ਕੀਤਾ। ਗੁਰਬਾਣੀ ਦੇ ਸ਼ੁੱਧ ਅਰਥ ਲਿਖਣ ਦਾ ਯਤਨ ਕੀਤਾ ਅਤੇ ਹੇਠ ਲਿਖੇ ਗ੍ਰੰਥ ਲਿਖੇ ਹਨ:

| | | |
|---|---|---|
| 1. | 'ਸ੍ਰੀ ਮੋਕਸ਼ ਪੰਥ ਪ੍ਰਕਾਸ਼' ਦਾ 'ਸੂਰਯ ਪ੍ਰਕਾਸ਼ ਵਿਵਰਣ' ਟੀਕਾ | ਸੰਮਤ 1922 (1865 ਈ.) |
| 2. | ਸੁਰਤਰੁ ਕੋਸ਼ | ਸੰਮਤ 1923 (1866 ਈ.) |
| 3. | ਸ੍ਰੀ ਗੁਰਮਤਿ ਨਿਰਣਯ ਸਾਗਰ | ਸੰਮਤ 1934 (1877 ਈ.) |
| 4. | ਅਕਾਲ ਮੂਰਤਿ ਪ੍ਰਦਰਸ਼ਨ | ਸੰਮਤ 1935 (1878 ਈ.) |
| 5. | ਟੀਕਾ ਗੁਰਭਾਵ ਦੀਪਕਾ | ਸੰਮਤ 1935 (1878 ਈ.) |
| 6. | ਟੀਕਾ ਗੁਰਭਾਵ ਦੀਪਕਾ (ਜਪੁ, ਰਹਿਰਾਸ ਆਦਿਕ) | ਸੰਮਤ 1937 (1880 ਈ.) |
| 7. | ਭਗਤ ਬਾਣੀ ਕਾ ਟੀਕਾ | ਸੰਮਤ 1939 (1882 ਈ.) |
| 8. | ਗੁਰਤੀਰਥ ਸੰਗ੍ਰਹਿ | ਸੰਮਤ 1940 (1883 ਈ.) |
| 9. | ਸ੍ਰੀ ਰਾਗ ਟੀਕਾ | ਸੰਮਤ 1942 (1885 ਈ.) |
| 10. | ਗੁਰ ਗਿਰਾਰਥ ਕੋਸ਼ (ਦੋ ਭਾਗ) | ਸੰਮਤ 1946 (1889 ਈ.) |

ਗਿਆਨੀ ਗਿਆਨ ਸਿੰਘ ਜੀ

ਗਿਆਨੀ ਗਿਆਨ ਸਿੰਘ ਜੀ ਧੁਰੰਧਰ ਵਿਦਵਾਨ, ਮਹਾਨ ਕਵੀ ਅਤੇ ਪ੍ਰਸਿੱਧ ਇਤਿਹਾਸਕਾਰ ਸਨ। ਆਪ ਜੀ ਨੇ ਬ੍ਰਿਜ ਭਾਸ਼ਾ ਵਿਚ ਪ੍ਰਸਿੱਧ ਗ੍ਰੰਥ 'ਪੰਥ ਪ੍ਰਕਾਸ਼ ਮਹਾਂਕਾਵਿ' ਲਿਖਿਆ ਹੈ। ਪੰਜਾਬੀ ਵਾਰਤਕ ਵਿਚ 'ਤਵਾਰੀਖ਼ ਗੁਰੂ ਖ਼ਾਲਸਾ' ਅੰਕਿਤ ਕੀਤੀ ਹੈ। ਨਵੀਨ ਪੰਜਾਬੀ ਵਾਰਤਕ ਦੇ ਆਪ ਜੀ ਮੋਢੀ ਸਨ ਜੋ ਨਿਖਰਵੀਂ ਸ਼ੁੱਧ ਰੂਪ ਵਿਚ ਬਾ-ਤਰਤੀਬ ਲਿਖੀ ਹੈ, ਜਿਸ ਨਾਲ ਜਨ-ਸਾਧਾਰਨ ਅਤੇ ਸੰਗਤਾਂ ਨੂੰ ਅਤੀ ਲਾਭ ਪਹੁੰਚਿਆ ਹੈ। ਆਪ ਜੀ ਦੀ ਵਾਰਤਕ ਵਿਚ ਆਧੁਨਿਕ ਸ਼ੈਲੀ ਦੇ ਸਾਰੇ ਲਕਸ਼ਣ ਵਿਦਮਾਨਿਤ ਹਨ। ਵਾਰਤਕ ਸ਼ੈਲੀ ਸਰਵ ਗੁਣ ਭਰਪੂਰ ਹੈ, ਜਿਸ ਵਿਚ ਸਿੱਖ ਇਤਿਹਾਸ ਨੂੰ ਵੇਰਵੇ ਸਹਿਤ ਅੰਕਿਤ ਕੀਤਾ ਹੈ। ਹਰ ਘਟਨਾ ਨੂੰ ਵਿਚਾਰ, ਤੋਲ ਕੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਦਾ ਦੇਸ਼ਾਟਨ ਕੀਤਾ, ਪਰ ਸਤਿਗੁਰੂ ਜੀ ਦੇ ਉਪਕਾਰਾਂ/ਗੁਰਦੁਆਰਿਆਂ ਦਾ ਪੁਰਾਣੇ ਗ੍ਰੰਥਾਂ/ਜਨਮ ਸਾਖੀਆਂ ਵਿਚ ਬਹੁਤ ਘੱਟ ਵਰਣਨ ਆਇਆ ਹੈ। ਗਿਆਨੀ ਗਿਆਨ ਸਿੰਘ ਜੀ ਨੇ ਸੂਰੇ ਦੇਸ਼ ਦਾ ਭ੍ਰਮਣ ਕਰਕੇ, ਅਨੇਕ ਅਕਹਿ, ਅਸਹਿ ਕਸ਼ਟ ਸਹਿ ਕੇ ਸਤਿਗੁਰੂ ਜੀ ਦੇ ਸਮੂਹ ਸਥਾਨਾਂ 'ਤੇ ਪਹੁੰਚਣ ਦਾ ਯਤਨ ਕੀਤਾ ਅਤੇ ਬਾ-ਤਰਤੀਬ ਭੂਗੋਲਿਕ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਲਿਖੀ। ਨਾਲ ਹੀ ਭਾਰਤ ਦੀਆਂ ਅਨੇਕ ਜਾਤੀਆਂ ਦੇ ਰਸਮੋਂ ਰਿਵਾਜਾਂ, ਧਾਰਮਿਕ ਵਿਸ਼ਵਾਸਾਂ ਦਾ ਖੋਜ-ਪੂਰਤ ਵਰਣਨ ਕੀਤਾ ਹੈ। ਮੁੱਖ ਗੱਲ ਇਹ ਹੈ ਕਿ ਗਿਆਨੀ ਜੀ ਅੰਧ-ਵਿਸ਼ਵਾਸੀ ਨਹੀਂ ਸਨ। ਭਾਰਤ ਵਿਚ ਧਰਮ ਦੇ ਨਾਮ

ਹੇਠ ਹੋ ਰਹੀਆਂ ਅਨੇਕ ਕੁਰੀਤੀਆਂ ਦਾ ਡਟ ਕੇ ਖੰਡਨ ਕੀਤਾ ਹੈ। ਅੰਧ-ਵਿਸ਼ਵਾਸ 'ਤੇ ਆਪ ਜੀ ਦੀ ਕਲਮ ਤਿੱਖੀ/ਤੇਜ਼ ਹੋ ਕੇ ਚੱਲੀ ਹੈ। ਗਿਆਨੀ ਜੀ ਬ੍ਰਿਜ ਭਾਸ਼ਾ ਦੇ ਅੰਤਮ ਕਵੀ ਅਤੇ ਨਵੀਨ ਪੰਜਾਬੀ ਵਾਰਤਕ ਦੇ ਪਹਿਲੇ ਲੇਖਕ ਹਨ। ਪੰਜਾਬੀ ਵਿਚ ਫੁਟ ਨੋਟ, ਟਿੱਪਣੀਆਂ ਦੀ ਪ੍ਰੰਪਰਾ ਵੀ ਆਪ ਜੀ ਨੇ ਤੋਰੀ ਹੈ।

ਆਪ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਦੇਸ਼ ਦੇ ਪੁਸਤਕਾਲਯ ਫੋਲ-ਫੋਲ ਕੇ ਗੁਰ-ਇਤਿਹਾਸ ਦਾ ਮਸਾਲਾ ਇਕੱਤਰ ਕੀਤਾ। ਬਿਰਧਾਂ ਤੋਂ ਖੋਜ ਕੀਤੀ। ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਕਾਲ ਆਪ ਜੀ ਨੇ ਅੱਖੀਂ ਵੇਖਿਆ ਸੀ। ਇਸ ਤਰ੍ਹਾਂ ਆਪ ਜੀ ਨੇ ਇੱਕ-ਇੱਕ ਵਾਰਤਾ ਨੂੰ ਦਲੀਲ ਦੀ ਕਸਵੱਟੀ 'ਤੇ ਪਰਖ ਕੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1921 ਈ. ਤੱਕ ਦਾ ਇਤਿਹਾਸ ਆਪ ਜੀ ਨੇ ਅੰਕਿਤ ਕੀਤਾ ਹੈ। ਪਹਿਲੀ ਵਾਰ ਸਾਰੀਆਂ ਸਿੱਖ ਸੰਪਰਦਾਵਾਂ ਦਾ ਇਤਿਹਾਸ ਕਾਨੀ-ਬੱਧ ਕੀਤਾ। ਭਾਵੇਂ ਈਰਖਾਵਾਦੀਆਂ ਨੇ ਗਿਆਨੀ ਜੀ ਦੀਆਂ ਲਿਖਤਾਂ ਨੂੰ ਤਰੋੜ-ਮਰੋੜ ਕੇ ਬਹੁਤ ਮਿਲਾਵਟਾਂ ਭਰ ਦਿੱਤੀਆਂ, ਫਿਰ ਵੀ ਵਰਤਮਾਨ ਇਤਿਹਾਸਕਾਰਾਂ ਨੂੰ ਗਿਆਨੀ ਜੀ ਦੇ ਇਤਿਹਾਸ ਤੋਂ ਸੇਧ ਮਿਲਦੀ ਹੈ। ਕੋਈ ਵੀ ਇਤਿਹਾਸਕਾਰ ਗਿਆਨੀ ਜੀ ਦੀਆਂ ਲਿਖਤਾਂ ਵਾਚੇ ਬਿਨਾਂ ਲਿਖਣ ਦਾ ਦਾਅਵਾ ਨਹੀਂ ਕਰ ਸਕਦਾ। ਇਤਿਹਾਸ ਦੇ ਵਿਦਿਆਰਥੀ ਗਿਆਨੀ ਜੀ ਦੇ ਸਦਾ ਰਿਣੀ ਰਹਿਣਗੇ।

ਗਿਆਨੀ ਜੀ ਨੇ ਹੇਠ ਲਿਖੇ 35 ਗ੍ਰੰਥ ਲਿਖੇ ਹਨ, ਜਿਨ੍ਹਾਂ ਵਿਚੋਂ 26 ਗ੍ਰੰਥ ਪੰਜਾਬੀ ਵਿਚ ਅਤੇ 9 ਗ੍ਰੰਥ ਉਰਦੂ ਵਿਚ ਹਨ। ਆਪ ਜੀ ਵੱਲੋਂ ਕੀਤੀ ਸਾਹਿਤਕ ਸੇਵਾ ਇਸ ਪ੍ਰਕਾਰ ਹੈ:

| | | | |
|---|---|---|---|
| 1. | ਸ੍ਰੀ ਗੁਰੂ ਪੰਥ ਪ੍ਰਕਾਸ਼ | 1881 ਨੂੰ ਪੱਥਰ ਦੇ ਛਾਪੇ ਵਿਚ ਦਿੱਲੀ ਵਿਖੇ ਛਪਿਆ। | |
| 2. | ਤਵਾਰੀਖ਼ ਗੁਰੂ ਖ਼ਾਲਸਾ | 1891 ਵਿਚ ਛਪੀ | (ਭਾਗ ਪਹਿਲਾ) |
| 3. | ਸ਼ਮਸ਼ੇਰ ਖ਼ਾਲਸਾ | 1892 ਵਿਚ ਛਪਿਆ | (ਭਾਗ ਦੂਜਾ) |
| 4. | ਰਾਜ ਖ਼ਾਲਸਾ | 1894 ਵਿਚ ਛਪਿਆ | (ਭਾਗ ਤੀਜਾ) |
| 5. | ਸਰਦਾਰ ਖ਼ਾਲਸਾ | ਗੁੰਮ ਹੋ ਗਿਆ ਹੈ। | (ਭਾਗ ਚੌਥਾ) |
| 6. | ਪੰਥ ਖ਼ਾਲਸਾ | ਗੁੰਮ ਹੋ ਗਿਆ ਹੈ | (ਭਾਗ ਪੰਜਵਾਂ) |
| 7. | ਨਿਰਮਲ ਪੰਥ ਪ੍ਰਦੀਪਕਾ | 1891 ਵਿਚ ਛਪਿਆ | |
| 8. | ਖ਼ਾਲਸਾ ਪਤਤ ਪਾਵਨ | 1892 ਵਿਚ ਛਪਿਆ | |
| 9. | ਸੂਰਜ ਪ੍ਰਕਾਸ਼ | | (ਤਿੰਨ ਭਾਗ) |
| 10. | ਗੁਰਧਾਮ ਸੰਗ੍ਰਹਿ | 1927 ਵਿਚ ਛਪਿਆ | |
| 11. | ਕਥਾ ਪੂਰਨਮਾਸ਼ੀ | | |
| 12. | ਰਿਪਦਮਨ ਪ੍ਰਕਾਸ਼- | 1919 ਵਿਚ ਛਪਿਆ | (ਪੰਜ ਭਾਗ) |
| 13. | ਭੁਪਿੰਦਰਾ ਨੰਦ | 1917 ਵਿਚ ਛਪਿਆ | |
| 14. | ਤਵਾਰੀਖ਼ ਅੰਮ੍ਰਿਤਸਰ | 1919 ਵਿਚ ਛਪੀ | |
| 15. | ਤਵਾਰੀਖ਼ ਲਾਹੌਰ | | |
| 16. | ਗੁਰਪੁਰਬ ਪ੍ਰਕਾਸ਼ | 1883 ਈ. | |
| 17. | ਇਤਿਹਾਸ ਰਿਆਸਤ ਬਾਗੜੀਆਂ | | 1917 ਵਿਚ ਛਪੀ |
| 18. | ਅੰਮ੍ਰਿਤ ਪ੍ਰਕਾਸ਼ | | |
| 19. | ਨੀਤੀ ਪ੍ਰਕਾਸ਼ | | |
| 20. | ਅਨਿਕ ਪ੍ਰਕਾਰ | | |
| 21. | ਦੋਹਾਵਲੀ | | |
| 22. | ਪ੍ਰਸ਼ਨੋਤਰੀ | | |

23. ਭੇਖ ਪ੍ਰਭਾਕਰ
24. ਪੰਜਾਬੀ ਸੀਹਰਫ਼ੀ
25. ਨਿਰਮਲ ਪੰਥ ਗੁਰੂ ਪ੍ਰਣਾਲਕਾ ਵ੍ਰਿਕਸ਼
26. ਇਕ ਆਯੁਰਵੈਦਿਕ ਗ੍ਰੰਥ
27. ਸ੍ਵੈ ਜੀਵਨ ਕਥਾ

ਆਪ ਜੀ ਵੱਲੋਂ ਉਰਦੂ ਵਿਚ ਲਿਖੇ ਗ੍ਰੰਥਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਤਵਾਰੀਖ਼ ਗੁਰੂ ਖ਼ਾਲਸਾ (ਹਿੱਸਾ ਪਹਿਲਾ)
2. ਸ਼ਮਸ਼ੇਰ ਖ਼ਾਲਸਾ (ਹਿੱਸਾ ਦੂਜਾ)
3. ਰਾਜ ਖ਼ਾਲਸਾ (ਹਿੱਸਾ ਤੀਜਾ)
4. ਸਰਦਾਰ ਖ਼ਾਲਸਾ (ਹਿੱਸਾ ਚੌਥਾ)
5. ਪੰਥ ਖ਼ਾਲਸਾ (ਹਿੱਸਾ ਪੰਜਵਾਂ)
6. ਤਵਾਰੀਖ਼ ਸ੍ਰੀ ਅੰਮ੍ਰਿਤਸਰ
7. ਗੁਰਧਾਮ ਸੰਗ੍ਰਹਿ
8. ਤਵਾਰੀਖ਼ ਲਾਹੌਰ
9. ਸਵਾਨਹਿ ਉਮਰੀ ਗਿਆਨੀ ਗਿਆਨ ਸਿੰਘ

ਇਸ ਤਰ੍ਹਾਂ ਆਪ ਜੀਵਨ ਭਰ ਸਤਿਗੁਰਾਂ ਦੇ ਉਪਕਾਰ ਅਤੇ ਸਿੱਖ ਪੰਥ ਦਾ ਯਸ਼ ਵਰਣਨ ਕਰਦੇ ਰਹੇ। ਆਪ ਜੀ ਨੇ ਸਿੱਖ ਪੰਥ ਸਬੰਧੀ ਬਹੁਤ ਹੀ ਬਾਰੀਕੀ ਅਤੇ ਵਿਵੇਕ ਬੁੱਧੀ ਨਾਲ ਲਿਖਿਆ ਹੈ। ਕਵਿਤਾ ਵਿਚ ਆਪ ਜੀ ਨੇ ਅਨੇਕ ਤਰ੍ਹਾਂ ਦੇ ਚਮਤਕਾਰ ਵਿਖਾਏ ਹਨ। ਆਪ ਜੀ ਨੂੰ ਕਵਿਤਾ ਦੀ ਦਾਤ ਧੁਰ ਦਰਗਾਹੋਂ ਮਿਲੀ ਹੋਈ ਸੀ। ਛੰਦ, ਸ਼ਾਸਤ੍ਰ, ਸਾਹਿਤਯ ਦੇ ਸਰਵ ਗੁਣ ਸੰਪੰਨ ਵਿਦਵਾਨ ਸਨ। ਭਾਰਤੀਯ ਇਤਿਹਾਸ, ਸਾਹਿਤਯ, ਦਰਸ਼ਨ ਦੇ ਅਦੁੱਤੀ ਗਿਆਤਾ ਸਨ।

**ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ**

ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਅਣਥੱਕ ਲੇਖਕ, ਸੰਪਾਦਕ ਅਤੇ ਟੀਕਾਕਾਰ ਸਨ। ਸਰਵਪੱਖੀ ਗਿਆਨ ਦੇ ਸਵਾਮੀ ਸਨ। ਆਪ ਜੀ ਨੇ ਇਤਿਹਾਸ, ਸਾਹਿਤਯ, ਵੇਦਾਂਤ, ਆਯੁਰਵੈਦਿਕ ਉਪਰ ਵੀ ਅਨੇਕ ਗ੍ਰੰਥਾਂ ਦੀ ਰਚਨਾ ਅਤੇ ਅਨੇਕ ਟੀਕੇ ਕੀਤੇ ਹਨ। ਆਪ ਆਪਣੀ ਸਾਹਿਤਕ ਰਚਨਾ ਦੇ ਕਾਰਣ ਸਦਾ ਅਮਰ ਰਹਿਣਗੇ। 'ਭਾਰਤ ਮੱਤ ਦਰਪਨ' ਆਪ ਜੀ ਦੀ ਪੰਜਾਬੀ ਸਾਹਿਤ ਵਿਚ ਵਿਲੱਖਸ਼ਣ ਪੁਸਤਕ ਹੈ, ਜਿਸ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਦਾ ਗਿਆਨ/ਅਧਿਐਨ ਕਿੰਨਾ ਮਹਾਨ ਅਤੇ ਵਿਸ਼ਾਲ ਸੀ। ਇਸ ਤੋਂ ਬਿਨਾਂ ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ:

1. ਭਾਰਤ ਮੱਤ ਦਰਪਨ
2. ਇਤਿਹਾਸ ਨਿਰਮਲ ਭੇਖ
3. ਗ੍ਰੰਥ ਸਾਖੀ ਪ੍ਰਮਾਨ
4. ਨਿਰਮਲ ਪ੍ਰਬੋਧ
5. ਨਿਰਮਲ ਵੈਦ
6. ਵੈਦਿਕ ਭੰਡਾਰ
7. ਦਰਬਾਰ ਗਾਈਡ
8. ਨਨਕਾਣਾ ਸਾਹਿਬ ਗਾਈਡ
9. ਇਸਤ੍ਰੀ ਚਕਿਤਸਾ
10. ਖ਼ਾਲਸਾ ਵਿਵਾਹ ਪਧਤਿ
13. ਅਧਿਆਤਮਿ ਪ੍ਰਕਾਸ਼ ਸਟੀਕ
14. ਸਟੀਕ ਪੰਜ ਗ੍ਰੰਥੀ
15. ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ
16. ਸੁਖਮਨੀ ਸਾਹਿਬ ਸਟੀਕ
17. ਜਪੁ ਜੀ ਸਟੀਕ
18. ਮੇਘ ਬਿਨੋਦ ਪ੍ਰਕਾਸ਼ ਸਟੀਕ
19. ਗੰਗਯਤੀ ਨਿਦਾਨ ਸਟੀਕ
20. ਰਹਿਰਾਸ ਸਟੀਕ
21. ਵਿਆਧੀ ਵਿਨਾਸ਼ਕ ਟੀਕਾ
22. ਬਾਲ ਚਕਿਤਸਾ

11. ਸੰਧਯਾ ਵਿਧੀ
12. ਜੇਬੀ ਵੈਦ
23. ਸੂਰ ਦਰਪਨ

### ਮਹਿਮਾਸ਼ਾਹੀ ਸੰਪ੍ਰਦਾਇ ਦਾ ਸਾਹਿਤ

ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਜਿਥੇ ਨਾਮ-ਬਾਣੀ, ਕਥਾ-ਕੀਰਤਨ, ਸੇਵਾ-ਸਿਮਰਨ, ਧਰਮ-ਪ੍ਰਚਾਰ, ਵਿਦਿਆ-ਪ੍ਰਚਾਰ ਵਿਚ ਅਕਹਿ ਹਿੱਸਾ ਪਾਇਆ ਹੈ, ਉਥੇ ਬਹੁਤ ਸਾਰੀ ਕਵਿਤਾ/ਬਾਣੀ ਦੀ ਰਚਨਾ ਵੀ ਕੀਤੀ ਹੈ। ਭਾਵੇਂ ਨਿਰਮਲੇ ਸੰਤ ਕਾਵਿ ਦੀ ਰਚਨਾ ਬ੍ਰਿਜ ਭਾਸ਼ਾ ਵਿਚ ਕਰਦੇ ਸਨ, ਪਰ ਮਹਿਮਾਸ਼ਾਹੀ ਸੰਤਾਂ ਨੇ ਠੇਠ ਪੰਜਾਬੀ ਵਿਚ ਲਿਖਿਆ ਹੈ, ਜੋ ਗੁਰਬਾਣੀ ਦੀ ਸ਼ੈਲੀ ਦੇ ਨੇੜੇ ਹੈ। ਜਿਵੇਂ ਸਮਕਾਲੀ ਸੂਫ਼ੀ ਪੰਜਾਬੀ ਕਵੀ ਸੀਹਰਫ਼ੀ, ਪੈਂਤੀਸ ਅੱਖਰੀ, ਪੱਟੀ, ਸਤਿਵਾਰੇ, ਬਾਰਾਂਮਾਹੇ, ਕਾਫ਼ੀ, ਦਵੈਯਾ, ਬੈਂਤ ਆਦਿਕ ਰੂਪ/ਛੰਦ ਵਰਤਦੇ ਸਨ। ਮਹਿਮਾਸ਼ਾਹੀ ਸੰਤਾਂ ਨੇ ਵੀ ਸਾਰੇ ਰੂਪ/ਛੰਦ ਵਰਤੇ ਹਨ। ਇਸ ਤੋਂ ਇਲਾਵਾ ਕਾਫ਼ੀ ਰਚਨਾ ਅਨੇਕ ਰਾਗਾਂ ਵਿਚ ਵੀ ਕੀਤੀ ਹੈ। ਮਹਿਮਾਸ਼ਾਹੀ ਸੰਤਾਂ ਦਾ ਇਹ ਅਧਿਆਤਮਿਕ ਸੰਗ੍ਰਹਿ ਇਕ ਪਾਵਨ ਅਪ੍ਰਕਾਸ਼ਤ ਗ੍ਰੰਥ ਵਿਚ ਸੁਰੱਖਿਅਤ ਹੈ, ਜਿਸ ਵਿਚ ਹੇਠ ਲਿਖੇ 8 ਮਹਾਂਪੁਰਖਾਂ ਦੀ ਰਚਨਾ ਸ਼ਾਮਲ ਹੈ, ਜਿਸਨੂੰ ਮਹਿਮਾਸ਼ਾਹੀ ਆਪਣਾ ਧਾਰਮਿਕ (ਇਸ਼ਟ) ਗ੍ਰੰਥ ਮੰਨਦੇ ਹਨ:

1. ਸ੍ਰੀ ਸੰਤ ਮੋਹਰ ਸਿੰਘ ਜੀ ਮਹਿਮਾਸ਼ਾਹ
2. ਸ੍ਰੀ ਸੰਤ ਬੀਰ ਸਿੰਘ ਜੀ 'ਰੰਗਰੇਜ'
3. ਸੰਤ ਖੂਬ ਦਿਆਲ ਸਿੰਘ ਜੀ
4. ਸ੍ਰੀ ਸੰਤ ਮਨਮਸਤਾਨ ਸਿੰਘ ਜੀ
5. ਸੰਤ ਭੁਪਾਲ ਸਿੰਘ ਜੀ
6. ਸੰਤ ਮਾਨ ਸਿੰਘ ਜੀ
7. ਸੰਤ ਖੁਸ਼ਹਾਲ ਸਿੰਘ ਜੀ
8. ਸੰਤ ਬੇਪ੍ਰਵਾਹ ਜੀ।

ਇਹ ਗ੍ਰੰਥ ਮਹਿਮਾਸ਼ਾਹੀਆਂ ਦੇ ਕਿਸੇ ਡੇਰੇ ਵਿਚ ਵੀ ਨਹੀਂ ਹੈ ਇਸ ਦੀ ਇਕ ਪ੍ਰਤੀ ਪ੍ਰੋ. ਪ੍ਰੀਤਮ ਸਿੰਘ ਜੀ ਲੋਅਰ ਮਾਲ, ਪਟਿਆਲਾ ਵਾਲਿਆਂ ਕੋਲ ਸੁਰੱਖਿਅਤ ਹੈ।

### ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ

ਸੰਤ ਵਿਹਾਰ ਵਿੰਦ੍ਰਾਵਨ ਸਿੰਘ ਜੀ ਨੇ 'ਗ੍ਰੰਥ ਵਿਹਾਰ ਵ੍ਰਿੰਦਾਵਨ' ਪੰਜ ਸੌ ਪੰਨੇ ਤੋਂ ਉਪਰ ਲਿਖਿਆ ਹੈ, ਜਿਸ ਨੂੰ ਆਪ ਜੀ ਨੇ ਸ੍ਵਯੰ 'ਸ਼ਾਂਤ ਵੇਦ' ਕਿਹਾ ਹੈ। ਇਸ ਦੀ ਸਾਰੀ ਬਾਣੀ, ਗੁਰਬਾਣੀ ਵਿਚ ਭਿੱਜੀ ਹੋਈ ਸਾਤ੍ਵਕ ਗੁਣ ਭਰਪੂਰ, ਸੁਰੀਲੀ ਤੇ ਮਧੁਰ ਹੈ। ਸੱਚਮੁੱਚ ਹੀ ਸ਼ਾਂਤੀ ਦੀ ਖਾਣ ਹੈ। ਇਸ ਗ੍ਰੰਥ ਦੇ ਸੱਤਵੇਂ ਸੰਸਕਰਣ ਦੇ ਪੰਨਾ 454 ਤੱਕ ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਦੀ ਬਾਣੀ ਸਮਾਪਤ ਹੁੰਦੀ ਹੈ। ਅੱਗੇ ਇਤਿਹਾਸਕ ਹਾਲਤ 'ਵਿਹਾਰ ਵ੍ਰਿੰਦਾਵਨ ਨਾਨਕਸ਼ਾਹੀ ਅਖਾੜੇ' ਦੇ ਸ੍ਰੀ ਮਹੰਤ ਸੰਤ ਅਟਲ ਸਿੰਘ ਜੀ ਦੀ ਲੇਖਨੀ ਅੰਕਤ ਹੈ। ਸੰਤ ਅਟਲ ਸਿੰਘ ਜੀ ਨੇ 'ਅਵਧ ਅਖਬਾਰ' (ਮਾਰਚ 1870) ਲਖਨਊ ਦੀ ਖ਼ਬਰ ਵਾਲਾ ਵਿਗਿਆਪਨ ਵੀ ਪ੍ਰਕਾਸ਼ਿਤ ਕੀਤਾ, ਜਿਸ ਵਿਚ ਅਖਾੜੇ ਦਾ ਪ੍ਰਯਾਗ ਕੁੰਭ 'ਤੇ ਜਾਣਾ ਅੰਕਤ ਹੈ। ਇਹ ਗ੍ਰੰਥ ਕਵਿਤਾ ਵਿਚ ਹੈ, ਕਿਤੇ-ਕਿਤੇ ਵਾਰਤਕ ਵੀ ਲਿਖੀ ਹੈ। ਭਾਸ਼ਾ 'ਤੇ ਉਰਦੂ ਦਾ ਪ੍ਰਭਾਵ ਹੈ। ਸ਼ੈਲੀ ਅਤੇ ਆਰੰਭ ਇਸ ਤਰ੍ਹਾਂ ਹੈ:

*ੴ ਸਤਿਨਾਮੁ ਗੁਰਪ੍ਰਸਾਦਿ ਵਾਹਿਗੁਰੂ। ਅਗੇ ਮੰਗਲ ਹੈ।*
*'ਕਰੋਂ ਬੰਦਨਾ ਦੰਡਵਤ, ਨਾਨਕ ਸ਼ਾਹ ਮਹਿਬੂਬ।*
*ਦਸੋਂ ਦਿਸੋਂ ਮੈਂ ਰਮਿ ਰਹੇ, ਵਿਆਪਕ ਜਲ ਥਲ ਦੂਬ।*
*ਵ੍ਰਿੰਦਾਵਨ ਜਹਿ ਪ੍ਰਗਟੇ, ਸਤਿਗੁਰ ਨਾਨਕ ਸ਼ਾਹ।*
*ਸਹਜੇ ਉਨਕੀ ਬਨ ਗਈ, ਸ਼ਬਦ ਰਹੇ ਲਿਵਲਾਹ।'* (ਪੰਨਾ ੧)

ਇਸ ਗ੍ਰੰਥ ਦੇ ਪੰਜ ਭਾਗ ਹਨ ਅਤੇ ਹਰ ਭਾਗ ਦਾ ਆਰੰਭ ੴ ਸਤਿਗੁਰ ਪ੍ਰਸਾਦਿ। ਨਾਲ ਹੁੰਦਾ ਹੈ। ਅੱਗੇ ਦੋਹਰਾ ਹੈ:

*'ਵਾਹਿਗੁਰੂ ਜੋ ਚਿੱਤ ਧਰੈਂ, ਸੋ ਨਰ ਬੜੇ ਕੁਲੀਨ।*
*ਯਾ ਜਗ ਮੈਂ ਨਿਰਭੈ ਰਹੈਂ, ਪਾਵੈਂ ਮੁਕਤਿ ਪ੍ਰਬੀਨ।'* (ਪੰਨਾ 2)

ਪੰਨਾ 7 ਤੋਂ 13 ਤੱਕ 'ਵਾਹਿਗੁਰੂ ਨਾਮਾ' ਆਰੰਭ ਹੁੰਦਾ ਹੈ, ਜਿਸ ਦੇ 18 ਛੰਦ ਹਨ। ਸਮਧਿਆ ਪੂਰਤੀ ਇਨ੍ਹਾਂ ਪੰਕਤੀਆਂ ਨਾਲ ਹੁੰਦੀ ਹੈ:

*'ਸਬ ਕਾਮ ਤਿਆਗ ਜਪ ਨਾਮ ਵਿਸ੍ਵੰਭਰ, ਵਾਹਿਗੁਰੂ ਕਹੁ ਬ੍ਰਿੰਦਾਵਨ।*
*ਬਸ ਮੁਕਤਿ ਮਿਲੈ ਸੁਖ ਚੈਨ ਬੜੇ, ਅਰੁ ਪਾਕ ਰਹੈ ਸਾਰ ਤਨ ਮਨ।'*

ਗਜ਼ਲ- ਜਿਸ ਦੇ ਆਰੰਭਕ ਸ਼ਬਦ ਹਨ:

*'ਗੁਰੂ ਤੇਗ ਬਹਾਦਰ ਨੇ ਬਨਾਏ ਹੈਂ ਸਬੀ ਕਾਮ।*
*ਕਾਟੇ ਜਗਤ ਫੰਦ ਲਗਾਇਆ ਹੈ ਗੁਰੂ ਨਾਮ।'*

**ਵਾਰਤਕ ਦਾ ਨਮੂਨਾ**

'ਗੁਰੂ ਨਾਨਕ ਸ਼ਾਹ ਕੀ ਬਾਣੀ ਕਾ ਬ੍ਰਿਤਾਂਤ ਕਹੋ ਸੋ ਸੁਨੋ-ਗੁਰੂ ਨਾਨਕ ਸ਼ਾਹ ਫ਼ਕੀਰ ਹਿੰਦੂ ਕੇ ਗੁਰੂ ਔਰ ਮੁਸਲਮਾਨ ਕੇ ਪੀਰ। ਧਨਯ ! ਧਨਯ !! ਧਨਯ !!! ਕਿਆ ਬਾਣੀ ਹੈ ਸਰਬਤ ਕਾ ਘੁੱਟ ਹੈ ! ਪੜ੍ਹਤੇ ਹੀ ਸ਼ਾਂਤ ਪ੍ਰਾਪਤ ਹੋਤੀ ਹੈ। ਤੀਨੋਂ ਤਾਪੋਂ ਕਾ ਨਾਸ ਕਰਨੇ ਵਾਲੀ ਹੈ। ਔਰ ਬਾਣੀ ਮੇਂ ਕਿਸੀ ਕੀ ਨਿੰਦਾ ਨਹੀਂ ਕੇਵਲ ਮਾਲਿਕ ਕੀ ਓਰ ਅਨੁਰਾਗ ਸੁਰਤ ਸ਼ਬਦ ਦਾ ਮੂਲ ਔਰ ਗਯਾਨ ਹੈ। ਪਹਿਲੇ ਸੁਖਮਨੀ ਸਾਹਿਬ ਕਾ ਪਾਠ ਕਰੋ ਕਿਆ ਅਨਮੋਲ ਪਦਾਰਥ ਹੈ। ਮਹਾਰਾਜ ਸਤਯ ਹੈ ! ਐਸੀ ਹੀ ਪ੍ਰਸੰਸਾ ਸਾਰੇ ਸੁਨੀ ਹੈ ਔਰ ਮੈਨੇ ਦੇਖਾ ਹੈ ਕਿ ਸਾਧੂ ਬ੍ਰਾਹਮਣ ਉਪਾਸ਼ਕ ਗਿਆਨੀ ਸਬ ਗੁਰੂ ਕੀ ਬਾਣੀ ਕਾ ਪਾਠ ਕਰਤੇ ਹੈਂ।'

**ਸੁਧਰਮ ਮਾਰਗ ਗ੍ਰੰਥ**

ਇਸ ਗ੍ਰੰਥ ਵਿਚ ਗੁਰਮਤਿ, ਗੁਰਬਾਣੀ, ਗੁਰਸਿੱਖੀ ਰਹਿਤ ਮਰਿਯਾਦਾ ਬਾਰੇ ਵਿਸਤਾਰ ਪੂਰਵਕ ਵਿਆਖਿਆ ਕੀਤੀ ਗਈ ਹੈ। ਵਾਸਤਵ ਵਿਚ ਇਹ ਇਕ ਰਹਿਤਨਾਮਾ ਹੈ। ਇਸ ਗ੍ਰੰਥ ਦੇ ਪੜ੍ਹਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਿਸੇ ਵਿਦਵਾਨ ਨਿਰਮਲੇ ਸੰਤ ਨੇ ਲਿਖਿਆ ਹੈ। ਪ੍ਰਸਿੱਧ ਇਤਿਹਾਸ ਖੋਜੀ ਸ. ਰਣਧੀਰ ਸਿੰਘ ਜੀ ਨੇ ਇਸ ਗ੍ਰੰਥ ਦਾ ਲੇਖਕ ਸੰਤ ਰੂਪ ਸਿੰਘ ਜੀ ਨਿਰਮਲੇ ਨੂੰ ਮੰਨਿਆ ਹੈ। ਇਸ ਵਿਚ ਨਿਰਮਲੇ ਸੰਤਾਂ ਦੇ ਭੋਜਨ ਖਾਣ ਦਾ ਢੰਗ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਹੈ। ਇਹ ਗ੍ਰੰਥ 1858 ਈ. ਵਿਚ ਲਿਖਿਆ ਗਿਆ ਹੈ। ਇਸ ਗ੍ਰੰਥ ਦੀ ਬੋਲੀ ਪੰਜਾਬੀ ਹੈ, ਜਿਸ 'ਤੇ ਬ੍ਰਿਜ ਭਾਸ਼ਾ ਦਾ ਪ੍ਰਭਾਵ ਹੈ। ਸ਼ੈਲੀ ਦਾ ਨਮੂਨਾ ਇਹ ਹੈ:

> "ਸਿੱਖੀ ਪੰਜ ਤਰ੍ਹਾਂ ਦੀ ਹੈ ਇਕ ਧੰਦੇ ਦੀ ਜੋ ਲੋਗ ਨਿਗੁਰਾ ਨ ਕਹੈ ਦੂਸਰੀ ਦੇਖਾ ਦੇਖੀ ਜੋ ਪਦਾਰਥ ਬਹੁਤ ਹੋਣ ਵਾਸਤੇ ਤੀਸਰੀ ਹਿਰਸੀ ਬਹੁਤ ਜੋ ਕਰਨ ਸੋ ਕਰਨਾ........ਪੰਜਵੀਂ ਸਿਦਕ ਦੀ ਭਾਵ ਗੁਰੂ ਪੂਰਣ ਥੀਂ ਪੂਰਣ ਜਪਣਾ ਆਸ ਬਾਣੀ ਭਜਨ ਕਰਨਾ ਰਿਦੇ ਸੁਧ ਰੱਖਣਾ।"
>
> ਪ੍ਰਸ਼ਾਦ ਵੰਡ ਖਾਵੇ, ਸੁਰਮਾ ਦਿਨ ਨ ਪਾਵੇ, ਨੰਗਾ ਰਾਤੀਂ ਨ ਸਵੇਂ ਗੁਰਸਿੱਖਾਂ ਦਾ ਭੋਜਨ ਖਾਵੇ-ਜੂਠਾ ਖਾਣਾ ਨਹੀਂ, ਜਿਉਂ ਸੋਚ ਰਖੋ ਤਿਉਂ ਚੰਗੀ ਹੈ।

ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ 'ਸ੍ਰੀ ਬੀਰਮ੍ਰਿਗੇਸ ਗੁਰ ਬਿਲਾਸ ਦੇਵਤਰੂ' ਵੱਡ ਆਕਾਰੀ ਗ੍ਰੰਥ ਲਿਖਿਆ ਹੈ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਬਾਬਾ ਤੀਰ ਸਿੰਘ ਜੀ ਨੌਰੰਗਾਬਾਦ ਵਾਲੇ ਅਤੇ ਬਾਬਾ ਖ਼ੁਦਾ ਸਿੰਘ ਜੀ ਆਦਿ ਮਹਾਂਪੁਰਖਾਂ ਦੇ ਜੀਵਨ, ਉਪਕਾਰ ਅੰਕਿਤ ਹਨ ਜੋ ਵਾਰਤਕ ਤੇ ਕਵਿਤਾ ਦਾ ਉੱਤਮ ਨਮੂਨਾ ਹੈ।

ਇਹ ਗ੍ਰੰਥ ਕ੍ਰਾਊਨ ਦੋਵਰਕੀ ਸਾਈਜ਼ ਦੇ ਸ੍ਰੀ ਰਾਮਪੁਰੀ ਕਾਗ਼ਜ਼ ਉੱਤੇ ਗੁਰਮੁਖੀ ਲਿਪੀ ਵਿਚ 18 ਪੁਆਇੰਟ ਦੇ ਆਕਾਰ ਵਿਚ ਚਾਰ ਵੱਡੀਆਂ ਜਿਲਦਾਂ 2188 ਪੰਨਿਆਂ ਵਿਚ ਛਪ ਚੁੱਕਾ ਹੈ।

ਸੰਤ ਟਹਿਲ ਸਿੰਘ ਜੀ ਆਪ ਜੀ ਪੰਡਿਤ ਸ਼ੇਰਾ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਸ਼ਿਸ਼ ਸਨ ਅਤੇ ਪ੍ਰਸਿੱਧ ਵਿਦਵਾਨ, ਲੇਖਕ, ਕਵੀ ਸਨ। ਆਪ ਜੀ ਨੇ ਤਿੰਨ ਗ੍ਰੰਥਾਂ ਦੀ ਰਚਨਾ ਕੀਤੀ ਹੈ:

1. ਅਲੰਕਾਰ ਸਾਗਰਸੁਧਾ 2. ਬਾਰਾਂ ਮਾਹ 3. ਕਬਿੱਤ ਸਵੈਯੇ

ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲੇ: ਆਪ ਜੀ ਨੇ ਪੂਰੇ ਨਿਰਮਲ ਭੇਖ ਦਾ ਇਤਿਹਾਸ ਲਿਖ ਕੇ ਮਹਾਨ ਉਪਕਾਰ ਕੀਤਾ ਹੈ। ਇਸ ਗ੍ਰੰਥ ਦੇ ਚਾਰ ਭਾਗ ਹਨ। ਪਹਿਲਾ ਭਾਗ 511 ਪੰਨੇ ਦਾ ਸੰਮਤ 2009 ਬਿ. ਵਿਚ, ਦੂਜਾ ਭਾਗ 512 ਪੰਨੇ ਦਾ ਸੰਮਤ 2020 ਬਿ. ਵਿਚ, ਤੀਜਾ ਭਾਗ 555 ਪੰਨੇ ਦਾ ਹੈ। ਚੌਥਾ ਭਾਗ 588 ਪੰਨੇ ਦਾ ਰੀਪਬਲਿਕ ਪ੍ਰਿੰਟਿਗ ਪ੍ਰੈਸ, ਅੰਮ੍ਰਿਤਸਰ ਵਿਚੋਂ ਸੰਨ 1965 ਵਿਚ ਪ੍ਰਕਾਸ਼ਤ ਕੀਤਾ। ਨਿਰਮਲ ਭੇਖ ਉਪਰ ਇਕ ਹੋਰ ਖੋਜ ਪੂਰਤ ਗ੍ਰੰਥ 'ਗੁਰੂ ਨਾਨਕ ਦਾ ਨਿਰਮਲ ਪੰਥ' ਕਿਰਪਾ ਰਾਮ ਪ੍ਰੈਸ, ਲਾਹੌਰ ਤੋਂ 1935 ਵਿਚ ਛਪਿਆ ਹੈ। 'ਰਿਸ਼ੀਕੇਸ਼ ਭੂਸ਼ਨ' ਪ੍ਰਸਿੱਧ ਵਿਰਕਤ ਸ੍ਰੀਮਾਨ ਸਵਾਮੀ ਹੀਰਾ ਲਾਲ ਜੀ ਦਾ ਜੀਵਨ ਪੰਜਾਬੀ ਭਾਸ਼ਾ ਵਿਚ 1924 ਈ. ਵਿਚ ਪ੍ਰਕਾਸ਼ਤ ਕੀਤਾ ਸੀ। ਮਹੰਤ ਦਿਆਲ ਸਿੰਘ ਜੀ ਦੀ ਭੇਖ ਸਬੰਧੀ ਸਾਹਿਤਕ ਸੇਵਾ ਵਰਣਨ ਯੋਗ ਹੈ।

ਸੰਤ ਨਿਹਾਲ ਸਿੰਘ ਜੀ ਕਵੀਂਦਰ- ਪੰਡਿਤ ਨਿਹਾਲ ਸਿੰਘ ਜੀ ਨਾਮ ਦੇ ਕਈ ਵਿਦਵਾਨ ਸੰਤ ਹੋਏ ਹਨ। ਅਸੀਂ ਪ੍ਰਕਰਣ ਅਨੁਸਾਰ ਸਾਰਿਆਂ ਦਾ ਵਰਣਨ ਕੀਤਾ ਹੈ। ਸੰਤ ਨਿਹਾਲ ਸਿੰਘ ਜੀ ਕਵੀਂਦਰ ਦਾ ਨਿਵਾਸ ਸੇਹਲਾਂ ਵਾਲੇ ਬੁੰਗੇ ਅੰਮ੍ਰਿਤਸਰ ਵਿਚ ਸੀ। ਆਪ ਜੀ ਇਤਿਹਾਸ, ਮਿਥਿਹਾਸ, ਵੇਦਾਂਤ, ਗੁਰਬਾਣੀ, ਛੰਦ ਸ਼ਾਸਤ੍ਰ, ਹਿੰਦੀ, ਪੰਜਾਬੀ, ਬ੍ਰਿਜ ਭਾਸ਼ਾ ਅਤੇ ਸੰਸਕ੍ਰਿਤ ਦੇ ਪੰਡਿਤ ਸਨ। ਆਪ ਜੀ ਨੇ 12 ਰਚਨਾਵਾਂ 'ਕਵੀਂਦਰ ਪ੍ਰਕਾਸ਼' ਗ੍ਰੰਥ ਵਿਚ ਸੰਗ੍ਰਹਿ ਕੀਤੀਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਕਵੀਂਦਰ ਪ੍ਰਕਾਸ਼, 2. ਸ੍ਰੀ ਵੇਦਾਂਤੀ ਬਾਰਾਂਮਾਹ, 3. ਖੋੜਸ ਤਿਥਾਂ ਵੇਦਾਂਤੀ, 4. ਸ੍ਰੀ ਮਹਾਂਵਾਕ ਪ੍ਰਕਾਸ਼ ਗ੍ਰੰਥ, 5. ਸ੍ਰੀ ਭਵਸਾਗਰ ਸੇਤ, 6. ਸ੍ਰੀ ਦੋਹਰਾ ਭੇਦਾਵਲੀ, 7. ਸਤਵਾਰ ਵੇਦਾਂਤੀ, 8. ਸੁਧਾਸਰੀ ਸ਼ਤਕ ਪਚੀਸਾ, 9. ਸ੍ਰੀ ਮੁਹਰਾਨੀ ਕੀ ਦੋਹਾਵਲੀ, 10. ਸ੍ਰੀ ਵਰਣੀ ਸਵੱਯੇ ਭੇਦਾਵਲੀ, 11. ਸ੍ਰੀ ਕਵੀਂਦਰ ਕਬਿਤਾਵਲੀ, 12. ਨ੍ਰਿਪ ਵਾਕ ਆਦਿਕ ਪ੍ਰਸਿੱਧ ਹਨ।

ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਧੁਰੰਧਰ ਵਿਦਵਾਨ ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਆਸ਼ਰਮ ਹਰਿਦਵਾਰ ਵਾਲਿਆਂ ਨੇ 1. ਅਧਿਯਾਤਮ ਅਨੁਭਵ ਵਿਵੇਕ, 2. ਜਪੁ ਪ੍ਰਦੀਪ, 3. ਸਿਧ ਗੋਸਟ, 4. ਸੁਪਨ ਵਿਚਾਰ, 5. ਫਨਾਹ ਦਾ ਮਕਾਨ, 6. ਮ੍ਰਿਤਯੂ ਚਿੰਨ੍ਹ ਪ੍ਰਦੀਪਕਾ, 7. ਪੈਂਤੀਸ ਅਖਰੀ, 8. ਗੁਰਬਾਣੀ ਦੇ ਕਠਿਨ ਪਦਾਂ ਦੇ ਪਰਿਆਏ ਆਦਿਕ 8 ਗ੍ਰੰਥ ਲਿਖੇ ਹਨ।

ਕਵੀਰਾਜ ਹਰਿਭਜਨ ਸਿੰਘ ਜੀ ਸੰਸਕ੍ਰਿਤ, ਬ੍ਰਿਜਭਾਸ਼ਾ, ਸੰਤ ਭਾਸ਼ਾ, ਹਿੰਦੀ, ਪੰਜਾਬੀ ਦੇ ਮਹਾਨ ਵਿਦਵਾਨ ਅਤੇ ਅਦੁੱਤੀ ਕਵੀ ਸਨ। ਬ੍ਰਿਜ ਭਾਸ਼ਾ ਵਿਚ ਉਚ ਪੱਧਰ ਦੀ ਕਵਿਤਾ ਲਿਖਦੇ ਸਨ। ਆਪ ਜੀ ਨੇ 6 ਗ੍ਰੰਥਾਂ ਦੀ ਰਚਨਾ ਕੀਤੀ ਹੈ:

1. ਅਸਟਾਂਗ ਯੋਗ, 2. ਤਤ੍ਵ ਪ੍ਰਬੋਧ, 3. ਅਦ੍ਵੈਤਾਮ੍ਰਿਤ ਗ੍ਰੰਥ ਭਾਖਾ (ਅਪ੍ਰਕਾਸ਼ਤ), 4. ਜਪੁਜੀ ਕੀ ਸਰਲ ਬੋਧ ਟੀਕਾ, 5. ਸ੍ਰੀ ਗੁਰੂ ਚਰਿਤ੍ਰ ਚੰਦ੍ਰਕਾ (ਅਪ੍ਰਕਾਸ਼ਤ), 6. ਸ੍ਰੀ ਗੁਰੂ ਪ੍ਰਤਾਪ ਸੂਰਜ ਦੇ ਸਮਸਤ ਮੰਗਲ ਸਟੀਕ। ਇਹ ਗ੍ਰੰਥ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚ ਜੁਲਾਈ 1927 ਨੂੰ ਪ੍ਰਕਾਸ਼ਤ ਹੋਇਆ।

ਸੰਤ ਗੁਰਦਿਤ ਸਿੰਘ ਜੀ ਆਲੋ ਮੁਹਾਲ ਵਾਲੇ ਪ੍ਰਸਿੱਧ ਲੇਖਕ, ਅਨੁਵਾਦਕ ਅਤੇ ਵੈਦ ਸਨ। ਨਿਰਮਲ ਭੇਖ ਵਿਚ 'ਨਿਰਮਲ ਪਤ੍ਰ' ਅਖ਼ਬਾਰ ਕੱਢਣ ਵਾਲੇ ਪਹਿਲੇ ਪੱਤਰਕਾਰ ਸਨ। ਆਪ ਜੀ ਨੇ ਕੁਰਾਨ ਦਾ ਪੰਜਾਬੀ ਅਨੁਵਾਦ ਵੀ ਕੀਤਾ, ਜੋ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚ 1911 ਵਿਚ ਪ੍ਰਕਾਸ਼ਤ ਹੋਇਆ। ਦੋ ਗ੍ਰੰਥ ਆਯੁਰਵੈਦਿਕ ਦੇ ਚਕਿਤਸਾ ਕੋਸ਼ (ਚਾਰ ਭਾਗ) ਅਤੇ ਲੋਲਮਭਾਵ ਚੰਦ੍ਰੋਦਯ ਦਾ ਟੀਕਾ (ਦੋਨੋਂ ਭਾਗ 1888 ਵਿਚ ਪ੍ਰਕਾਸ਼ਤ ਕੀਤੇ।)

ਪੰਡਿਤ ਆਤਮਾ ਸਿੰਘ ਜੀ ਸ਼ਾਹ ਵਾਲਿਆਂ ਨੇ ਅਭੇਦ ਮੰਡਨ, ਹਰਿਭਜਨਾਵਲੀ, ਸਵਾਮੀ ਦਯਾਨੰਦ ਦਾ ਮੱਤ ਔਰ ਅਦ੍ਵੈਤ ਸਿਧੀ, ਤਿੰਨ ਰਚਨਾਵਾਂ ਕੀਤੀਆਂ।

ਸੰਤ ਨਿਰੰਕਾਰ ਸਿੰਘ (ਉਰਫ਼ ਕਿਸ਼ਨ ਸਿੰਘ) ਨੇ 1. ਬਾਵਨ ਅਖਰੀ (ਟੀਕਾ ਕਲਿਆਣ ਮਾਰਗ), 2. ਜਪੁਜੀ ਸਾਹਿਬ ਸਟੀਕ (1951), 3. ਟੀਕਾ ਜੈਤਸਰੀ ਦੀ ਵਾਰ, 4. ਟੀਕਾ ਰਾਇ ਬਲਵੰਡ ਤੇ ਸਤੇ ਡੂਮ ਦੀ ਵਾਰ, 5. ਪਦ ਅਰਥ ਵਿਚਾਰ ਸਾਗਰ ਲਿਖੇ।

ਸੰਤ ਮੰਗਲ ਸਿੰਘ ਜੀ ਪਟਿਆਲੇ ਵਾਲਿਆਂ ਨੇ ਜੋਤਿਸ਼ ਦਾ ਵੱਡ-ਆਕਾਰੀ ਗ੍ਰੰਥ 'ਮਹੂਰਤ ਚੰਦ੍ਰਕਾ' 765 ਪੰਨੇ ਦਾ ਲਿਖਿਆ।

*ਨਾਮ ਮੁਹੂਰਤ ਚੰਦ੍ਰਿਕਾ, ਸੁਗਮ ਵਾਰਤਿਕ ਗ੍ਰੰਥ।*
*ਭਾਖਾ ਮੰਗਲ ਸਿੰਘ ਕ੍ਰਿਤ, ਸਾਧ ਨਿਰਮਲੇ ਪੰਥ।*

ਮਹੰਤ ਬਿਸ਼ਨ ਸਿੰਘ ਜੀ 'ਕ੍ਰੀਟ' ਮਹਾਨ ਕਵੀ ਅਤੇ ਕਲਮ ਦੇ ਧਨੀ ਸਨ। ਆਪ ਜੀ ਦੀ ਪ੍ਰਤਿਭਾ ਬੁਧੀ ਕਮਾਲ ਦੀ ਸੀ। ਆਪ ਜੀ ਨੇ ਵਾਰਤਕ ਅਤੇ ਕਵਿਤਾ ਵਿਚ 9 ਪੁਸਤਕਾਂ ਲਿਖੀਆਂ ਹਨ:

1. ਦੇਸ ਜਗਾਵਾਂ, 2. ਜੀਵਨ ਫੁਹਾਰ (1949 ਈ.), 3. ਨੂਰੀ ਝਲਕਾਂ (1932), 4. ਜ਼ਿੰਦਗੀ ਦੇ ਮੋੜ (1980), 5. ਬਿਖਰੇ ਮੋਤੀ (1980), 6. ਮਿਠਾ ਨਾਨਕ (1982), 7. ਲੰਘਦੇ ਜਾਂਦੇ ਕਾਫ਼ਲੇ, 8. ਨੂਰੀ ਜੀਵਨ (ਜੀਵਨੀ), 9. ਅੰਮ੍ਰਿਤ ਬਚਨ ਤੇ ਸੰਤ ਦਰਸ਼ਨ।

ਬਾਬਾ ਜਵੰਤ ਸਿੰਘ ਜੀ ਪਿੰਡ ਖੁਬਾਸਪੁਰ ਜ਼ਿਲ੍ਹਾ ਅੰਮ੍ਰਿਤਸਰ ਵਾਲਿਆਂ ਨੇ 1. ਬ੍ਰਹਮ ਨਿਕਟਾਵਲੀ, 2. ਨਾਮਾਵਲੀ, 3. ਪ੍ਰਿਯਾਯ ਵੈਰਾਗਸ਼ਤਕ, 4. ਨਾਮ ਮੰਜਰੀ- ਚਾਰ ਗ੍ਰੰਥ ਲਿਖੇ ਹਨ।

ਗਿਆਨੀ ਤੇਜਾ ਸਿੰਘ ਜੀ ਵੈਦਸ਼ਾਸਤ੍ਰੀ (ਸ਼ਿਸ਼ ਸੰਤ ਹਰਨਾਮ ਸਿੰਘ ਲਾਇਲਪੁਰ ਵਾਲੇ) ਨੇ 1. ਚਾਨਕਾ ਰਾਜਨੀਤੀ, 2. ਜੀਵਨ ਧਨੰਤ੍ਰੀ, 3. ਦਸਮੇਸ਼ ਉਦੇਸ਼, 4. ਇਸਤ੍ਰੀ ਜੀਵਨ, 5. ਰੂਪਦੀਪ ਪਿੰਗਲ ਸਟੀਕ, ਪੰਜ ਗ੍ਰੰਥ ਅੰਕਤ ਕੀਤੇ। ਗਿਆਨੀ ਜੀ ਦਾ ਨਿਵਾਸ ਅੰਮ੍ਰਿਤਸਰ ਵਿਚ ਸੀ।

ਸੰਤ ਨਿਹਾਲ ਸਿੰਘ ਜੀ ਵੈਦ ਕਾਸ਼ੀ ਵਾਲੇ (ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਦੇ ਸ਼ਿਸ਼) ਵੈਦਯ ਅਤੇ ਆਯੁਰਵੈਦਿਕ ਗ੍ਰੰਥਾਂ ਦੇ ਲੇਖਕ ਸਨ। ਆਪ ਜੀ ਨੇ ਹੇਠ ਲਿਖੇ ਗ੍ਰੰਥ ਲਿਖੇ ਹਨ:

1. ਚਾਰ ਨਾਰ ਕੀ ਚੌਂਕੜੀ, 2. ਚਾਰ ਬਾਲ ਕੀ ਚੌਂਕੜੀ, 3. ਚਾਰ ਮਰਦ ਕੀ ਚੌਂਕੜੀ, 4. ਚਾਰ ਫ਼ਕੀਰੋਂ ਕੀ ਚੌਂਕੜੀ, 5. ਨਿਹਾਲ ਸਿੰਘ ਸੰਹਤ ਅਪ੍ਰਕਾਸ਼ਤ ਗ੍ਰੰਥ ਵੀ ਆਪ ਜੀ ਨੇ ਲਿਖਿਆ ਹੈ।

ਸੰਤ ਗਿਆਨੀ ਕਰਤਾਰ ਸਿੰਘ ਜੀ ਵੈਦਰਾਜ ਪਿੰਡ ਚਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਨੇ 'ਗੁਰਮਤਿ ਸਾਰ ਸੰਗ੍ਰਹਿ' (ਜਿਸ ਵਿਚ ਵੱਖ-ਵੱਖ ਲੇਖ ਹਨ) ਪ੍ਰਕਾਸ਼ਤ ਕੀਤਾ ਹੈ।

ਪੰਡਿਤ ਨਾਨੂ ਸਿੰਘ ਜੀ ਨੇ ਗੁਰੂ ਗ੍ਰੰਥ ਸਟੀਕ, ਅਧਯਾਤਮ ਰਾਮਾਯਣ, ਇਕਾਦਸ਼ੀ ਮਹਾਤਮ, ਗਿਆਨ ਨਾਟਕ 'ਤੇ ਕੰਮ ਕੀਤਾ ਹੈ।

ਸ੍ਰੀ ਸੰਤ ਬਖ਼ਸ਼ੀਸ਼ ਸਿੰਘ ਜੀ ਚੌਕ ਬਾਬਾ ਸਾਹਿਬ, ਅੰਮ੍ਰਿਤਸਰ ਨੇ 'ਪ੍ਰਯਾਯ ਸ੍ਰੀ ਦਸਮ ਗ੍ਰੰਥ' ਲਿਖੇ ਹਨ।

ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ 'ਨਾਰਾਇਣ ਹਰੀ ਉਪਦੇਸ਼' ਵੱਡ-ਆਕਾਰੀ ਗ੍ਰੰਥ ਲਿਖਿਆ ਹੈ। ਇਸ ਗ੍ਰੰਥ ਵਿਚ ਆਪ ਜੀ ਨੇ ਆਪਣੇ ਪੂਜਯ ਮਹਾਂਪੁਰਖ ਸ੍ਰੀਮਾਨ ਪੰਡਿਤ ਨਾਰਾਇਣ ਸਿੰਘ ਜੀ ਦਾ ਜੀਵਨ ਚਰਿਤ੍ਰ/ਉਪਦੇਸ਼ ਅੰਕਿਤ ਕੀਤੇ ਹਨ। ਇਹ ਗ੍ਰੰਥ ਸ਼ੁਭ ਉਪਦੇਸ਼ਾਂ ਦਾ ਖ਼ਜ਼ਾਨਾ ਅਤੇ ਪਦ/ਪਦਾਰਥਾਂ ਦਾ ਭੰਡਾਰ ਹੈ। ਹਿੰਦੀ ਅਤੇ ਪੰਜਾਬੀ ਵਿਚ ਪ੍ਰਕਾਸ਼ਿਤ ਹੋਇਆ ਹੈ।

ਸੰਤ ਕਰਮ ਸਿੰਘ ਜੀ ਨੇ 'ਸਦ ਸੁਖ ਪ੍ਰਕਾਸ਼', 'ਸ੍ਰੀ ਗੁਰੂ ਬੰਸ ਚੰਦ੍ਰੋਦੈ', 'ਹਰਿ ਅਦ੍ਰਿਸ਼ਟ' ਤਿੰਨ ਗ੍ਰੰਥ ਲਿਖੇ ਹਨ, ਜੋ ਅਪ੍ਰਕਾਸ਼ਤ ਹਨ।

ਸ੍ਰੀ ਸੰਤ ਲਾਲ ਸਿੰਘ ਜੀ 'ਨਰੋਤਮ' ਨੇ ਸ੍ਰੀ ਗੁਰੂ ਭਗਤਮਾਲਾ, ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਹਿਮਾਪ੍ਰਕਾਸ਼, ਬਾਰਾਮਾਹ, ਸਲੋਕ ਸਹਸਕ੍ਰਿਤੀ ਟੀਕਾ, ਗਿਣਤੀ ਸ਼ਬਦੋਂ ਕੀ, ਪ੍ਰਲੋਕ ਝਾਤੀ, ਸੰਤ ਮਹਾਤਮ, ਬਚਨ ਪ੍ਰਕਾਸ਼, ਬਾਰਾਂਮਾਹ ਤੁਖਾਰੀ ਸਟੀਕ (ਗੁਰਬਖਸ਼ ਪ੍ਰੈਸ, ਲਾਹੌਰ ਤੋਂ 1908 ਈ. ਵਿਚ 10 ਗ੍ਰੰਥ ਪ੍ਰਕਾਸ਼ਿਤ ਕੀਤੇ)।

ਸੰਤ ਦਲ ਸਿੰਘ ਜੀ ਨੇ 'ਹਜ਼ਾਰੇ ਦੇ ਸ਼ਬਦ' (ਟੀਕਾ) 1900 ਈ., 'ਗਉੜੀ ਰਾਗ ਸਟੀਕ' 1902 ਈ., 'ਟੀਕਾ ਸੁਖਮਨੀ ਸਾਹਿਬ' 1919 ਈ., 'ਟੀਕਾ ਪੈਂਤੀਸ ਅਖਰੀ' ਸੰਨ 1899 ਈ. 'ਬਾਵਨਅਖਰੀ ਭਾਵਅਰਥ ਪ੍ਰਦਰਸ਼ਨੀ' ਆਦਿ ਗੁਰਬਾਣੀ ਦੇ ਟੀਕੇ ਕੀਤੇ ਹਨ।

ਸੰਤ ਹਰੀ ਸਿੰਘ ਹੋਤੀਮਰਦਾਨ ਨੇ 'ਖ਼ਾਲਸਾ ਸਤੋਤ੍ਰ ਗੁਰਮੰਤ੍ਰ ਮਹਾਤਮ' (ਸੰਨ 1948 ਈ.) ਵਿਚ ਲਿਖਿਆ।

ਸੰਤ ਗੁਰਮੁਖ ਸਿੰਘ ਜੀ ਹੋਤੀਮਰਦਾਨ ਨੇ 'ਸ੍ਰੀ ਗੁਰੂ ਗ੍ਰੰਥਕੋਸ਼' ਸਮੇਤ ਬਾਣੀ ਬਿਓਰਾ ਅਤੇ 'ਸ੍ਰੀ ਗੁਰੂ ਗ੍ਰੰਥ ਬਾਲਬੋਧਨੀ' ਗੁਰਬਾਣੀ ਦੀ ਵਿਆਖਿਆ ਤੇ ਗ੍ਰੰਥ ਲਿਖੇ ਹਨ।

ਸੰਤ ਝੰਡਾ ਸਿੰਘ ਜੀ ਨੇ 'ਪਾਹੁਲ ਕੀ ਮ੍ਰਿਯਾਦਾ ਕਾ ਗ੍ਰੰਥ' ਲਿਖ ਕੇ ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ ਦੀ ਵਿਆਖਿਆ ਕੀਤੀ ਹੈ।

ਸੰਤ ਸੰਗਤ ਸਿੰਘ ਜੀ ਪਿੰਡ ਤੋਲੇਵਾਲ (ਜ਼ਿਲ੍ਹਾ ਸੰਗਰੂਰ) ਵਾਲਿਆਂ ਨੇ ਛੰਦ ਸ਼ਾਸਤ੍ਰ ਦਾ ਅਪੂਰਵ ਗ੍ਰੰਥ 'ਪਿੰਗਲ ਪ੍ਰਸਤਾਰ' ਲਿਖਿਆ, ਜਿਸ ਵਿਚ ਛੰਦਾਂ ਦੇ ਪ੍ਰਸਤਾਰ ਬਣਾਉਣ ਦੀ ਵਿਸਤਾਰ ਪੂਰਵਕ ਵਿਆਖਿਆ ਕੀਤੀ ਹੈ। ਪੰਜਾਬੀ ਵਿਚ ਇਹ ਗ੍ਰੰਥ ਸ਼ਾਸਤ੍ਰ ਦਾ ਮਹਾਨ ਗ੍ਰੰਥ ਹੈ। ਸੰਤ ਸੰਗਤ ਸਿੰਘ ਜੀ ਦਾ ਦੂਸਰਾ ਗ੍ਰੰਥ 'ਗ੍ਰੰਥ ਮਤ ਸੰਗ੍ਰਹਿ' ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ।

ਪੰਡਿਤ ਸ਼ਯਾਮ ਸਿੰਘ ਜੀ ਡੇਰਾ ਮੰਗਵਾਲ (ਜ਼ਿਲ੍ਹਾ ਜਿਹਲਮ, ਹੁਣ ਪਾਕਿਸਤਾਨ) ਵਾਲਿਆਂ ਨੇ 'ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ' ਲਿਖੇ ਜੋ 'ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, ਅੰਮ੍ਰਿਤਸਰ' ਤੋਂ 1906 ਈ. ਵਿਚ ਪ੍ਰਕਾਸ਼ਿਤ ਹੋਏ ਸਨ।

ਸੰਤ ਤਾਰਾ ਸਿੰਘ ਜੀ ਲਾਹੌਰ ਵਾਲਿਆਂ ਨੇ 'ਨਿਰਮਲ ਪ੍ਰਭਾਕਰ' ਅਤੇ 'ਮਲੇਛ ਮੱਤ ਖੰਡਨ' ਦੋ ਗ੍ਰੰਥ ਲਿਖੇ। ਗਿਆਨੀ ਬੁਧ ਸਿੰਘ ਜੀ ਨੇ 'ਜਪੁਜੀ ਸਾਹਿਬ ਸਟੀਕ' 1905 ਈ. ਵਿਚ ਅੰਮ੍ਰਿਤਸਰ ਤੋਂ ਛਾਪਿਆ। ਸੰਤ ਬੁਧ ਸਿੰਘ ਜੀ ਲਾਹੌਰ ਵਾਲਿਆਂ ਨੇ 'ਸ਼ਿੰਗਾਰਸ਼ਤਕ' ਦਾ ਅਨੁਵਾਦ ਕੀਤਾ ਜੋ "ਕਾਰੋਨੇਸ਼ਨ ਪ੍ਰਿੰਟਿਗ ਵਰਕਸ ਪ੍ਰੈਸ, ਅੰਮ੍ਰਿਤਸਰ" ਤੋਂ 1921 ਈ. ਵਿਚ ਛਪਿਆ।

ਮਹੰਤ ਪ੍ਰਤਾਪ ਸਿੰਘ ਜੀ ਭਿਖੀ-ਖਟੜਾ ਵਾਲਿਆਂ ਨੇ 'ਗੰਗਯਤੀ ਨਿਦਾਨ' ਦਾ ਟੀਕਾ 'ਤ੍ਰਿਕਾਲ ਦਰਪਨ', 'ਯੋਗਨਿਧੀ' (ਗੁਰਮਤਿ ਪ੍ਰੈਸ, ਅੰਮ੍ਰਿਤਸਰ 1928 ਈ.), 'ਕ੍ਰਸ਼ਤਾ ਪ੍ਰਬੋਧ', 'ਰਸ ਮੰਜਰੀ' (ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ 1927 ਈ.) ਪੰਜ ਗ੍ਰੰਥ ਲਿਖੇ ਹਨ।

ਸੰਤ ਟਹਿਲ ਸਿੰਘ ਜੀ ਲੰਮੇਜਗੀਰ ਵਾਲਿਆਂ ਨੇ 'ਗੁਰੂਗਿਰਾ ਰਾਗਮਾਲਾ ਮੰਡਲ ਪ੍ਰਬੋਧ' ਗ੍ਰੰਥ ਲਿਖ ਕੇ ਗੁਰਬਖ਼ਸ਼ ਪ੍ਰੈਸ, ਲਾਹੌਰ ਤੋਂ 1903 ਈ. ਵਿਚ ਪ੍ਰਕਾਸ਼ਿਤ ਕੀਤਾ, ਜਿਸ ਵਿਚ ਰਾਗਮਾਲਾ ਨੂੰ ਪ੍ਰਮਾਣਾਂ ਦੁਆਰਾ ਗੁਰਬਾਣੀ ਸਿੱਧ ਕੀਤਾ ਹੈ।

ਸੰਤ ਨਿਹਾਲ ਸਿੰਘ ਜੀ ਗੋਬਿੰਦਮੰਦਰ ਲਾਹੌਰ ਵਾਲਿਆਂ ਨੇ ਤਿੰਨ ਗ੍ਰੰਥ 'ਅਕਾਲ ਨਾਟਕ', 'ਸਿਖੀ ਪ੍ਰਭਾਕਰ', 'ਨਿਰਮਲ ਪ੍ਰਭਾਕਰ' ਲਿਖੇ ਹਨ।

ਆਪ ਮਹਾਨ ਵਿਦਵਾਨ ਸਨ। ਕਵਿਤਾ ਉੱਚ ਪੱਧਰ ਦੀ ਹੈ। ਛੰਦ ਸ਼ਾਸਤ੍ਰ ਦਾ ਆਪ ਨੂੰ ਪੂਰਨ ਗਿਆਨ ਹੈ। ਪੁਰਾਤਨ ਸਿੱਖ ਸੰਗਤਾਂ ਵਿਚ ਆਪ ਜੀ ਦੀ ਕਵਿਤਾ ਦਾ ਅਤੀ ਸਤਿਕਾਰ ਸੀ।

## ਸ੍ਰੀਮਾਨ ਪੰਡਿਤ ਗੋਬਿੰਦ ਸਿੰਘ ਜੀ

ਆਪ ਧੁਰੰਧਰ ਵਿਦਵਾਨ ਹੋਏ ਹਨ। ਗੁਰਮਤਿ, ਵੇਦਾਂਤ, ਇਤਿਹਾਸ, ਮਿਥਿਹਾਸ ਅਤੇ

ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਨ। ਆਪ ਜੀ ਨੇ ਕਈ ਗ੍ਰੰਥ ਅੰਕਿਤ ਕੀਤੇ ਹਨ, ਜੋ ਹੇਠ ਲਿਖੇ ਅਨੁਸਾਰ ਹਨ:

1. ਨਯਾਯ ਮੁਕਤਾਵਲੀ

ਆਪ ਜੀ ਨੇ ਇਸ ਪੁਸਤਕ ਦਾ ਹਿੰਦੀ ਟੀਕਾ ਲਿਖ ਕੇ ਥੋੜ੍ਹੀ ਸੰਸਕ੍ਰਿਤ ਪੜ੍ਹੇ ਜਾਂ ਕੇਵਲ ਹਿੰਦੀ ਪੜ੍ਹੇ ਵਿਅਕਤੀਆਂ ਉੱਤੇ ਉਪਕਾਰ ਕੀਤਾ ਹੈ। ਆਪ ਲਿਖਣ ਸਮੇਂ ਆਪਣੀ ਬੁੱਧੀ ਦੀ ਕਸਵੱਟੀ ਨਾਲ ਪਰਖ-ਪੜਚੋਲ ਕਰਕੇ ਲਿਖਦੇ ਸਨ, ਮੱਖੀ ਤੇ ਮੱਖੀ ਨਹੀਂ ਸਨ ਮਾਰਦੇ। ਇਸ ਵਾਸਤੇ 'ਨਯਾਯ ਮੁਕਤਾਵਲੀ' ਦੀ ਭੂਮਿਕਾ ਵਿਚ ਸਵਾਮੀ ਸ਼ੰਕਰਾਚਾਰਯ 'ਤੇ ਤਿੱਖੀ ਆਲੋਚਨਾ ਕੀਤੀ ਹੈ। ਭਗਵਾਨ ਸ਼ੰਕਰ ਨੇ ਦੂਸਰੇ ਪੰਜ ਸ਼ਾਸਤ੍ਰਾਂ (ਨਯਾਯ, ਵੈਸ਼ੇਸ਼ਿਕ, ਸਾਂਖਯ, ਯੋਗ, ਪੂਰਵ ਮੀਮਾਂਸਾ) ਨੂੰ ਅਵੈਦਿਕ ਸਿੱਧ ਕਰਨ ਦਾ ਯਤਨ ਕੀਤਾ ਹੈ, ਵੇਦ ਵਿਰੋਧੀ ਦੱਸਿਆ ਹੈ। ਸ਼ਾਸਤ੍ਰਾਂ ਦੇ ਲੇਖਕ ਰਿਸ਼ੀਆਂ ਉਪਰ ਹਾਸਭਰੀ ਤਰਕ ਕੀਤੀ ਹੈ।

ਆਪ ਜੀ ਨੇ ਦ੍ਰਿੜ੍ਹਤਾ ਨਾਲ ਸ਼ੰਕਰ ਦਾ ਖੰਡਨ ਕੀਤਾ ਹੈ। ਦੱਸਿਆ ਹੈ ਕਿ ਪਹਿਲੇ ਕਿਸੇ ਵੀ ਦਰਸ਼ਨ ਲੇਖਕ ਨੇ ਦੂਸਰੇ ਦਰਸ਼ਨਕਾਰ ਦਾ ਖੰਡਨ ਨਹੀਂ ਕੀਤਾ ਸੀ ਬਲਕਿ ਪਰਸਪਰ ਪੂਰਤੀ ਕਰਦੇ ਰਹੇ ਹਨ। ਸਾਂਖਯ ਸ਼ਾਸਤ੍ਰ ਦੇ ਲੇਖਕ ਕਪਲ ਜੀ ਨੇ 'ਤਤ੍ਹ ਸੰਖਯਾਨ' ਨੂੰ ਮੋਕਸ਼ ਦਾ ਮਾਰਗ ਮੰਨਿਆ ਹੈ। 'ਯੋਗ ਸ਼ਾਸਤ੍ਰ' ਚਿੱਤ ਸ਼ੁੱਧੀ ਦੁਆਰਾ ਗਿਆਨ ਦਾ ਸਹਾਇਕ ਹੈ। 'ਮੀਮਾਂਸਾ ਸ਼ਾਸਤ੍ਰ' ਨਿਸ਼ਕਾਮ ਕਰਮ ਅਤੇ ਚਿੱਤ ਦੀ ਸ਼ੁੱਧੀ ਦਵਾਰਾ ਗਿਆਨ ਦਾ ਸਹਾਇਕ ਹੈ। ਛੇ ਸ਼ਾਸਤ੍ਰਕਾਰ ਪਰਸਪਰ ਸਮਰਥਕ ਹਨ, ਵਿਰੋਧੀ ਨਹੀ। ਸਭ ਤੋਂ ਪਹਿਲਾਂ ਵਿਗਿਆਨ ਭਿਖਸ਼ੂ ਨੇ ਵੇਦਾਂਤ ਦਾ ਖੰਡਨ ਕੀਤਾ ਹੈ। ਇਸ ਤੋਂ ਮਗਰੋਂ ਸ਼ੰਕਰ ਨੇ ਪੰਜਾਂ ਸ਼ਾਸਤ੍ਰਾਂ ਦਾ (ਵੇਦਾਂਤ ਛੱਡ ਕੇ) ਖੰਡਨ ਕਰਕੇ ਸਭ ਨੂੰ ਅਵੈਦਿਕ ਆਖ ਕੇ ਭੰਡਿਆ ਹੈ। ਦੂਜੇ ਪੰਜੇ ਸ਼ਾਸਤ੍ਰ (ਨਯਾਯ, ਵੈਸ਼ੇਸ਼ਿਕ, ਸਾਂਖਯ, ਯੋਗ, ਪੂਰਵ ਮੀਮਾਂਸਾ) ਜੀਵ ਨੂੰ ਨਾਨਾ ਮੰਨਦੇ ਹਨ। ਇਸ ਦੇ ਵਿਪ੍ਰੀਤ ਸ਼ੰਕਰ ਨੇ ਇਕ ਮੰਨਿਆ ਹੈ। ਪੰਡਿਤ ਗੋਬਿੰਦ ਸਿੰਘ ਜੀ ਨੇ ਛੇ ਸ਼ਾਸਤ੍ਰਾਂ ਦਾ ਦੀਰਘ-ਦ੍ਰਿਸ਼ਟੀ ਨਾਲ ਅਧਿਐਨ ਕਰਕੇ ਆਪਣਾ ਮੱਤ ਦੱਸਿਆ ਕਿ 'ਬ੍ਰਹਮ ਸੂਤ੍ਰ' ਵਿਚ ਵਿਆਸ ਜੀ ਨੇ ਕਿਤੇ ਵੀ ਸਪੱਸ਼ਟ 'ਏਕਾਤਮਵਾਦ' ਦਾ ਜ਼ਿਕਰ ਨਹੀਂ ਕੀਤਾ। ਇਹ ਕੇਵਲ ਸ਼ੰਕਰ ਦੇ ਦਿਮਾਗ਼ ਦੀ ਦੇਣ ਹੈ। ਆਪ ਜੀ ਨੇ ਸ਼ੰਕਰ ਦੇ ਸਿਧਾਂਤ ਵਿਰੁੱਧ ਪ੍ਰਮਾਣ ਦੇ ਕੇ 'ਏਕਾਤਮਵਾਦ' ਅਸਥਿਰ ਹੈ। ਨਯਾਯ ਮੁਕਤਾਵਲੀ ਦਾ ਟੀਕਾ ਸੰਨ 1831 ਈ. ਵਿਚ ਪ੍ਰਕਾਸ਼ਿਤ ਹੋਇਆ ਸੀ।

2. ਵੇਦਾਂਤ ਪਰਿਭਾਸ਼ਾ

ਵੇਦਾਂਤ ਪਰਿਭਾਸ਼ਾ ਦੇ ਟੀਕੇ ਦਾ ਏਹੀ ਉਦੇਸ਼ ਹੈ ਕਿ ਆਰੰਭਕ ਵਿਦਿਆ ਦੇ ਵਿਦਿਆਰਥੀ ਵੇਦਾਂਤ ਦੀ ਪਰਿਭਾਸ਼ਾ ਤੋਂ ਜਾਣੂ ਹੋ ਜਾਣ ਅਤੇ ਸੁਗਮਤਾ ਨਾਲ ਅਧਿਐਨ ਕਰ ਸਕਣ। ਉਪਰ ਲਿਖ ਆਏ ਹਾਂ ਕਿ ਆਪ ਜੀ ਨੇ 'ਨਯਾਯ ਮੁਕਤਾਵਲੀ' ਵਿਚ ਸਵਾਮੀ ਸ਼ੰਕਰਾਚਾਰਯ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਇਸੀ ਤਰ੍ਹਾਂ ਵੇਦਾਂਤ ਪਰਿਭਾਸ਼ਾ ਵਿਚ ਛੇ ਸ਼ਾਸਤ੍ਰਾਂ ਦੇ ਕਰਤਾ ਰਿਸ਼ੀਆਂ ਅਤੇ ਭਾਸ਼ਕਾਰ ਆਚਾਰਯਾਂ ਦਾ ਨਿਰਭੈ ਹੋ ਕੇ ਬਾ-ਦਲੀਲ ਖੰਡਨ ਕੀਤਾ ਹੈ। ਆਪ ਜੀ ਨੇ ਲਿਖਿਆ ਹੈ ਕਿ ਜਦ 'ਸਤਜ' ਇਕ ਹੈ, ਫਿਰ ਉਸ ਦੇ ਭਿੰਨ-ਭਿੰਨ ਰਸਤੇ ਦਸਣੇ ਠੀਕ ਨਹੀਂ ਹਨ।

ਅੱਗੇ ਲਿਖਿਆ ਹੈ ਕਿ ਇਕ ਉਹ ਦਰਸ਼ਨਕਾਰ ਹਨ ਜੋ 'ਸ਼ਬਦ ਪ੍ਰਮਾਣ' ਨੂੰ 'ਧੁਰਵਾ' ਨਹੀਂ ਮੰਨਦੇ, ਜਿਵੇਂ 'ਚਾਰਵਾਕ', ਬੋਧ, ਜੈਨ ਵਿਚਾਰਾਂ ਵਾਲੇ ਹਨ।

ਦੂਸਰੇ 'ਸ਼ਬਦ ਪ੍ਰਮਾਣ' ਨੂੰ ਆਧਾਰ ਮੰਨਣ ਵਾਲੇ ਨਯਾਯ ਦੇ ਲੇਖਕ ਗੋਤਮ ਰਿਸ਼ੀ, ਵੈਸ਼ੇਸ਼ਿਕ ਸ਼ਾਸਤ੍ਰ ਦੇ ਕਰਤਾ ਰਿਸ਼ੀ ਕਣਾਦ, ਸਾਂਖਯ ਸ਼ਾਸਤ੍ਰ ਦੇ ਕਰਤਾ ਰਿਸ਼ੀ ਕਪਲ, ਯੋਗ ਸ਼ਾਸਤ੍ਰ ਦੇ ਕਰਤਾ ਪਤੰਜਲੀ, ਪੂਰਵ ਮੀਮਾਂਸਾ ਦੇ ਲੇਖਕ ਜੈਮਿਨੀ ਅਤੇ ਉੱਤਰ ਮੀਮਾਂਸਾ ਦੇ ਲੇਖਕ ਬਦਰਾਇਣ ਰਿਸ਼ੀ ਹਨ। ਸ਼ਬਦ ਪ੍ਰਮਾਣਾਂ ਨੂੰ ਮੰਨਣ ਵਾਲੇ ਰਿਸ਼ੀਆਂ ਵਿਚ ਵੀ ਵਿਚਾਰਾਂ ਦੀ ਸਾਂਝ ਨਹੀਂ ਹੈ।

ਅੱਗੇ ਭਾਸ਼ਕਾਰ ਆਚਾਰਯ ਵੀ ਭਿੰਨਤਾ ਰੱਖਦੇ ਹਨ। ਜਿਵੇਂ ਬਦਰਾਇਣ ਰਿਸ਼ੀ ਦੇ 'ਬ੍ਰਹਮ

ਸੂਤ੍ਰ' ਉਪਰ ਸ਼ੰਕਰਾਚਾਰਯ ਦਾ 'ਅਦ੍ਵੈਤਵਾਦ', ਰਾਮਾਨੁਜਾਚਾਰਯ ਦਾ 'ਵਿਸ਼ਸਟਾਦ੍ਵੈਤਵਾਦ'। ਮਧਵ ਦਾ 'ਦ੍ਵੈਤਵਾਦ', ਨਿੰਬਾਰਕਾਚਾਰਯ ਦਾ 'ਦ੍ਵੈਤਾਦ੍ਵੈਤਵਾਦ', ਬਲਭਾਚਾਰਯ ਦਾ 'ਸ਼ੁੱਧ ਦ੍ਵੈਤਵਾਦ' ਪ੍ਰਸਿੱਧ ਹਨ। ਪੰਡਿਤ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਇਹ ਸਾਰੇ ਰਿਸ਼ੀ ਅਤੇ ਆਚਾਰਯ ਇਕ ਮਤ ਕਹਿੰਦੇ ਹਨ ਕਿ ਭ੍ਰਾਂਤੀ ਖ਼ਤਮ ਕਰਨ ਵਾਸਤੇ ਇਹ ਸ਼ਾਸਤ੍ਰ ਰਚੇ ਹਨ। ਵਾਸਤਵ ਵਿਚ ਸਾਰੇ ਰਿਸ਼ੀ ਅਤੇ ਆਚਾਰਯ ਭ੍ਰਾਂਤੀ ਪਾ ਰਹੇ ਹਨ। ਕਿਸ ਰਿਸ਼ੀ/ਆਚਾਰਯ ਦੇ ਸ਼ਾਸਤ੍ਰ ਨੂੰ ਸ਼ਬਦ ਪ੍ਰਮਾਣ ਮੰਨਿਆ ਜਾਵੇ?

ਪੰਡਿਤ ਗੋਬਿੰਦ ਸਿੰਘ ਜੀ ਨੇ ਇਕ ਪ੍ਰਮਾਣ ਦਿੱਤਾ ਹੈ ਕਿ ਇਕ ਬਾਲਕ ਜੰਗਲ ਵਿਚ ਰਸਤਾ ਭੁੱਲ ਗਿਆ ਹੋਵੇ, ਉਥੇ ਦਸ ਵਿਅਕਤੀ ਆ ਕੇ ਉਸ ਨੂੰ ਦਸ ਹੀ ਦਿਸ਼ਾਵਾਂ ਵੱਲ ਘਰ/ਪਿੰਡ ਦਾ ਰਸਤਾ ਦੱਸਣ ਤਾਂ ਉਹ ਬਾਲਕ ਸੋਚੇਗਾ ਕਿ ਇਹ ਵਿਅਕਤੀ ਜਾਂ ਬੁਧੀਹੀਨ ਹਨ ਜਾਂ ਠੱਗ ਹਨ, ਕਿਉਂਕਿ ਘਰ ਦਾ ਰਸਤਾ ਤਾਂ ਇਕੋ ਦਿਸ਼ਾ ਵੱਲ ਹੋ ਸਕਦਾ ਹੈ। ਦਸਾਂ ਦਿਸ਼ਾਵਾਂ ਵੱਲ ਤਾਂ ਹੋ ਨਹੀਂ ਸਕਦਾ। ਇਹ ਸਥਿਤੀ ਸ਼ਾਸਤ੍ਰਕਾਰ ਰਿਸ਼ੀਆਂ ਅਤੇ ਸ਼ਾਸਤ੍ਰਾਂ ਦੇ ਭਾਸ਼ਕਾਰ ਆਚਾਰਯਾਂ ਦੀ ਹੈ। ਆਪ ਜੀ ਨੇ ਕਟਾਖਸ਼ਯ ਕੱਸਦੇ ਹੋਏ ਫ਼ੁਰਮਾਇਆ ਹੈ, "ਸ਼ਤ ਸੁਬੋਧ ਕੀ ਏਕ ਮਤਿ ਔਰ ਮੂਰਖ ਆਪੋ ਅਪਨੀ"। ਸੈਂਕੜੇ ਬੁਧੀਮਾਨਾਂ ਦਾ ਇਕ ਹੀ ਵਿਚਾਰ ਹੁੰਦਾ ਹੈ। ਮੂਰਖਾਂ ਦਾ ਇਕ ਹੀ ਵਿਸ਼ੇ 'ਤੇ ਭਿੰਨ-ਭਿੰਨ ਨਿਰਣੈ ਹੁੰਦਾ ਹੈ। "ਸੋ ਵਿਚਾਰਸ਼ੀਲ ਪੁਰਸ਼ ਵਿਚਾਰ ਕਰਨ ਕਿ ਸਾਡੇ ਸੰਪ੍ਰਦਾਇ ਪ੍ਰਵਰਤਕ ਆਚਾਰਯ ਲੋਗੋਂ ਕੀ ਕਿਸ ਕੋਟੀ ਮੇਂ ਗਣਨਾ ਹੋਨੀ ਚਾਹੀਏ।"

ਇਸ ਤਰ੍ਹਾਂ ਆਪ ਜੀ ਨੇ 'ਵੇਦਾਂਤ ਪਰਿਭਾਸ਼ਾ' ਦੀ ਟੀਕਾ ਵਿਚ ਨਿਰਭੈ 'ਸਿੰਘ ਨਾਦ' ਆਵਾਜ਼ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ ਹੈ। ਫਿਰ ਵੀ ਆਪ ਜੀ ਨੇ ਪ੍ਰਸਤਾਵਨਾ ਦੇ ਅੰਤ ਵਿਚ ਸਵਾਮੀ ਸ਼ੰਕਰਾਚਾਰਯ ਜੀ ਦੀ ਬਹੁਤ ਪ੍ਰਸੰਸਾ ਕੀਤੀ ਹੈ। ਅਨਯ ਆਚਾਰਯਾਂ ਦੇ ਮੁਕਾਬਲੇ ਵਿਚ ਸ਼ੰਕਰ ਅਤੇ ਉਸਦੀ ਸ਼ਿਸ਼ ਮੰਡਲੀ ਨੂੰ ਮਹਾਨ ਦੱਸਿਆ ਹੈ।

ਵੇਦਾਂਤ ਪਰਿਭਾਸ਼ਾ ਦਾ ਟੀਕਾ ਸੰਮਤ 1979 ਬਿ. ਵਿਚ "ਲਕਸ਼ਮੀ ਵੈਂਕਟੇਸ਼੍ਵਰ ਪ੍ਰੈਸ ਕਲਿਆਣ ਬੰਬਈ" ਤੋਂ ਪ੍ਰਕਾਸ਼ਿਤ ਹੋਇਆ ਹੈ।

3. ਇਤਿਹਾਸ ਗੁਰੂ ਖ਼ਾਲਸਾ

ਇਹ ਗ੍ਰੰਥ ਰਤਨ ਅਤਿਅੰਤ ਖੋਜ ਨਾਲ ਲਿਖਿਆ ਹੈ। ਇਸ ਗ੍ਰੰਥ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਭਾਰਤ ਦੇ ਇਤਿਹਾਸ, ਮਿਥਿਹਾਸ ਦਾ ਕਿੰਨੀ ਦੀਰਘ-ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਮਿਥਿਹਾਸ ਨੂੰ ਇਤਿਹਾਸ ਤੋਂ ਵੱਖ ਕਰਨ ਦੀ ਮਹਾਨ ਬੁੱਧੀ ਰੱਖਦੇ ਸਨ। ਇਤਿਹਾਸ 'ਗੁਰੂ ਖ਼ਾਲਸਾ' ਤੋਂ ਇਹ ਵੀ ਪਤਾ ਲੱਗਦਾ ਹੈ ਕਿ ਆਪ ਜੀ ਨੇ ਪ੍ਰਾਚੀਨ ਮੁਸਲਮਾਨ ਇਤਿਹਾਸਕਾਰਾਂ ਦੀਆਂ ਫ਼ਾਰਸੀ/ਉਰਦੂ ਤਾਰੀਖ਼ਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਸੀ। ਗੁਰੂ ਘਰ ਵਿਚ ਆਪ ਜੀ ਦੀ ਅਗਾਧ ਸ਼ਰਧਾ ਸੀ। ਇਸ ਗੱਲ ਦਾ ਪਤਾ 'ਨਯਾਯ ਮੁਕਤਾਵਲੀ' ਸਟੀਕ ਅਤੇ 'ਵੇਦਾਂਤ ਪਰਿਭਾਸ਼ਾ' ਸਟੀਕ ਤੋਂ ਲੱਗਦਾ ਹੈ। ਦੋਨਾਂ ਟੀਕਿਆਂ ਵਿਚ ਆਪ ਹਰ ਪ੍ਰਕਰਣ ਦੇ ਆਰੰਭ ਵਿਚ ਸੰਸਕ੍ਰਿਤ ਸਲੋਕਾਂ ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਮੰਗਲ ਕਰਦੇ ਹਨ।

4. ਵੈਰਾਗ ਸ਼ਤਕ ਉਪਰ ਵੀ ਟਿੱਪਣੀ ਕੀਤੀ ਹੈ।

5. ਉਦਯੋਗ ਤਥਾ ਪ੍ਰਾਰਬਧ ਮੌਲਿਕ ਗ੍ਰੰਥ ਲਿਖਿਆ ਹੈ।

ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਚੇਤਨਮਠ ਕਾਸ਼ੀ ਵਾਲਿਆਂ ਨੇ 1767 ਈ. ਵਿਚ 'ਅਦ੍ਵੈਤਸਿਧੀ' ਦੀ 'ਸੁਗਮਸਾਰ ਚੰਦ੍ਰਕਾ' ਟੀਕਾ ਕੀਤੀ ਹੈ, ਜੋ ਵੇਦਾਂਤ ਦਾ ਅਪੂਰਵ ਗ੍ਰੰਥ ਹੈ।

ਸ੍ਰੀਮਾਨ ਪੰਡਿਤ ਨਿਹਾਲ ਸਿੰਘ ਜੀ ਨੇ 1795 ਈ. ਵਿਚ ਜਪੁਜੀ ਦਾ 'ਜਪੁ ਗੂੜਾਰਥ ਦੀਪਕਾ' ਸੰਸਕ੍ਰਿਤ ਟੀਕਾ ਕੀਤਾ, ਜਿਸ ਵਿਚ ਗੁਰਬਾਣੀ ਦੇ ਸਿਧਾਂਤ ਨੂੰ ਸਪਸ਼ਟ ਕਰਨ ਅਤੇ ਵੇਦਾਂ, ਉਪਨਿਸ਼ਦਾਂ, ਸ਼ਾਸਤ੍ਰਾਂ ਦੇ ਪ੍ਰਮਾਣ/ਦ੍ਰਿਸ਼ਟਾਂਤ ਦੇ ਕੇ ਗੁਰਬਾਣੀ ਨੂੰ ਸਰਵ ਸ੍ਰੇਸ਼ਟ ਮੋਕਸ਼ ਦਾਇਨੀ ਸਿੱਧ ਕੀਤਾ ਹੈ।

ਵਿਦਿਆ ਦਿਵਾਕਰ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨਯਾਯਕ ਨੇ ਦੋ ਗ੍ਰੰਥ ਲਿਖੇ ਹਨ-ਆਸ਼੍ਰਮ ਧਰਮ ਰਹਸਯ ਅਤੇ ਅਭਾਵ ਰਹਸਯ। (ਅਭਾਵ ਰਹਸਯ ਵਿਚ ਵਿਚਾਰ ਸਾਗਰ ਦੇ ਲੇਖਕ ਸਵਾਮੀ ਨਿਸ਼ਚਲਦਾਸ ਦੇ ਭੁਲੇਖਿਆਂ ਦਾ ਖੰਡਨ ਕੀਤਾ ਹੈ।)

ਪੰਡਿਤ ਮੰਗਲ ਸਿੰਘ ਜੀ ਕਾਸ਼ੀ ਵਾਲਿਆਂ ਨੇ ਵੀ ਨਯਾਯ ਉਪਰ 'ਅਭਾਵ ਰਹਸਯ' ਨਾਮੀ ਗ੍ਰੰਥ ਲਿਖਿਆ ਹੈ।

ਪੰਜਾਬ ਤੋਂ ਬਾਹਰ ਗੁਰਮਤਿ ਦੀ ਵਿਸ਼ੇਸ਼ਤਾ ਦੱਸਣ ਵਾਸਤੇ ਪੰਡਿਤ ਕੌਰ ਸਿੰਘ ਜੀ ਨੇ 'ਗੁਰੂ ਕੌਮਦੀ' ਸੰਸਕ੍ਰਿਤ ਗ੍ਰੰਥ ਲਿਖਿਆ।

ਪੰਡਿਤ ਬਾਬਾ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ 'ਸ੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰਮ' ਅਤੇ 'ਗੁਰੂ ਸਤੋਤ੍ਰ ਤ੍ਰਯਮ' ਸੰਸਕ੍ਰਿਤ ਵਿਚ ਦੋ ਲਘੂ ਗ੍ਰੰਥ ਅੰਕਿਤ ਕੀਤੇ ਹਨ।

ਪੰਡਿਤ ਤਾਰਾ ਸਿੰਘ ਜੀ ਤਰਨਤਾਰਨ ਵਾਲਿਆਂ ਨੇ ਸੰਸਕ੍ਰਿਤ ਵਿਚ 'ਮੁਮਖਸ਼ੂ ਬੋਧਨ ਪ੍ਰਕਾਸ਼' ਵੇਦਾਂਤ ਦਾ ਅਦਭੁਤ ਗ੍ਰੰਥ ਲਿਖਿਆ ਹੈ।

ਸ੍ਰੀ ਪੰਡਿਤ ਹਰੀ ਸਿੰਘ ਜੀ ਵਿਰਕਤ ਪੰਜਾਬ ਸਿੰਧ ਛੇਤਰ ਰਿਸ਼ੀਕੇਸ਼ ਵਾਲਿਆਂ ਨੇ ਹਿੰਦੀ ਵਿਚ 'ਅਦ੍ਵੈਤਾਨੁਭਵ ਪ੍ਰਕਾਸ਼' ਅੰਕਿਤ ਕੀਤਾ ਹੈ।

ਸ੍ਰੀ ਪੰਡਿਤ ਗਿਆਨ ਸਿੰਘ ਜੀ ਨੇ 'ਰਿਸ਼ੀ ਨਿਰਮਲ ਗਯਾਨ' ਅਤੇ 'ਗੁਰੂ ਨਾਨਕ ਨਿਰਮਲ ਪੱਧਤੀ' ਦੋ ਗ੍ਰੰਥ ਲਿਖੇ ਹਨ।

ਸੰਤ ਮੱਖਨ ਸਿੰਘ ਜੀ ਸ਼ਾਹਪੁਰ ਨੇ 'ਨਾਨਕ ਪ੍ਰਕਾਸ਼' ਦਾ ਹਿੰਦੀ ਅਨੁਵਾਦ ਲਿਖ ਕੇ ਪ੍ਰਕਾਸ਼ਿਤ ਕੀਤਾ ਹੈ।

ਸ਼੍ਰੀਮਾਨ ਪੰਡਿਤ ਬੁਧ ਸਿੰਘ ਜੀ ਨੇ 'ਨਯਾਯ ਦਰਸ਼ਨ' ਦੇ ਗ੍ਰੰਥ 'ਤਰਕ ਸੰਗ੍ਰਹਿ' ਦਾ ਸੰਸਕ੍ਰਿਤ ਵਿਚ 'ਪਦ ਕ੍ਰਿਤਯ' ਕੀਤਾ ਹੈ। ਇਹ ਟੀਕਾ ਸੰਸਕ੍ਰਿਤ ਦੇ ਵਿਦਵਾਨਾਂ ਵਿਚ ਸਰਵ ਪ੍ਰਿਯ ਹੈ, ਜੋ ਪੰਡਿਤ ਚਦ੍ਰਜ ਸਿੰਘ ਦੇ ਟੀਕੇ ਦੇ ਨਾਮ ਨਾਲ ਵਿਖਿਆਤ ਹੈ।[2] ਦੂਸਰਾ ਗ੍ਰੰਥ 'ਪ੍ਰਸਤਾਰ ਪ੍ਰਭਾਕਰ' ਲਿਖਿਆ ਹੈ।

**ਪੰਡਿਤ ਅਰਜਨ ਸਿੰਘ ਜੀ 'ਮੁਨੀ':** ਪੰਡਿਤ ਅਰਜਨ ਸਿੰਘ ਜੀ 'ਮੁਨੀ' ਸ਼ਾਸਤ੍ਰੀ, ਵਿਆਕਰਣਾਚਾਰਯ (ਪ੍ਰੇਮ ਸਦਨ ਨਿਰਮਲ ਛਾਉਣੀ ਹਰਿਦਵਾਰ) ਨੇ ਹਿੰਦੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਆਰੰਭ ਕੀਤਾ ਸੀ, ਉਸ ਦੇ ਦੋ ਭਾਗ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਕਰ ਕਮਲਾਂ ਵਿਚ ਪੁੱਜ ਚੁੱਕੇ ਹਨ। ਮੁਨੀ ਜੀ ਦੇ ਯੁਵਾ ਅਵਸਥਾ ਵਿਚ ਬੈਕੁੰਠ ਗਮਨ ਕਰ ਜਾਣ ਦੇ ਕਾਰਨ ਇਹ ਟੀਕਾ ਸੰਪੂਰਨ ਨਾ ਹੋ ਸਕਿਆ, ਵਰਨਾ ਇਹ ਟੀਕਾ ਗਿਆਨ ਵਿਚ ਵਾਧਾ ਕਰਨ ਵਾਲਾ ਸੀ। ਇਸ ਟੀਕੇ ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਨਵੇਂ-ਨਵੇਂ ਰਹੱਸਯ ਪ੍ਰਗਟ ਕੀਤੇ ਸਨ।

ਇਹ ਸ਼ੰਕਾ ਆਮ ਚੱਲਦੀ ਰਹਿੰਦੀ ਹੈ ਕਿ ਪਾਠ 'ਇਕ ਓਅੰਕਾਰ' ਹੈ ਜਾਂ 'ਅਉਮ' ਹੈ। ਮੁਨੀ ਜੀ ਨੇ ਇਸ ਨਿਰਣੈ ਨੂੰ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਗੀਤਾ, ਵਿਆਕਰਣ, ਗੁਰਬਾਣੀ ਅਤੇ ਭਾਈ ਗੁਰਦਾਸ ਜੀ ਆਦਿਕ ਗੁਰੂ ਘਰ ਦੇ ਗ੍ਰੰਥਾਂ, ਸਿਧਾਂਤ ਦਵਾਰਾ '੧ਓ ਇਕ ਓਅੰਕਾਰ' ਪਾਠ ਸਿੱਧ ਕਰਕੇ ਸ਼ੰਕਾ ਨਿਵ੍ਰਿਤ ਕਰ ਦਿੱਤੀ ਹੈ।

ਪੰਡਿਤ ਗੁਰਦਿੱਤ ਸਿੰਘ ਜੀ ਨੇ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਵਿਚ ਇਹ ਗ੍ਰੰਥ ਲਿਖੇ ਹਨ:

1. ਜਪੁਜੀ ਸਟੀਕ (ਹਿੰਦੀ), 2. ਗੁਰੂਗਿਰਾ ਰੂਪਾਂਤਰ (ਕਾਵਿ ਵਿਚ ਮੂਲ ਸਹਿਤ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਦਾ ਸੰਸਕ੍ਰਿਤ ਟੀਕਾ) 1935 ਈ. ਨੂੰ ਲਾਹੌਰ ਤੋਂ ਛਪਿਆ। 3. ਗੁਰਮਤਿ ਸਿਧਾਂਤ ਸਾਰ (ਹਿੰਦੀ, ਪੰਜਾਬੀ), 4. ਵੇਦਾਂਤ ਸਿਧਾਂਤ ਮੁਕਤਾਵਲੀ (ਹਿੰਦੀ ਭਾਸ਼ਾ ਟੀਕਾ), 5. ਨੈਸ਼ਕ੍ਰਮਜ ਸਿਧੀ (ਵੇਦਾਂਤ ਦੇ ਗ੍ਰੰਥ ਦਾ ਟੀਕਾ), 6. ਗੁਰੂ ਨਾਨਕ ਅਸ਼ਟਕ (ਸੰਸਕ੍ਰਿਤ ਸ਼ਲੋਕਾਂ ਵਿਚ

ਉਸਤਤੀ), 7. ਸ੍ਰੀਮਦ ਗੁਰੂ ਗੋਬਿੰਦ ਸਿੰਘ ਅਸ਼ਟਕੰ, 8. ਰਾਮਾਸ਼ਤਕ (ਰਾਮ ਸਤੋਤ੍ਰ ਸੰਸਕ੍ਰਿਤ), 9. ਜੀਵਨ ਚਰਿਤ੍ਰ ਪੰਡਿਤ ਹਰੀ ਸਿੰਘ ਜੀ (ਪ੍ਰਵਚਨਾਂ/ਪ੍ਰਮਾਣਾਂ ਸਹਿਤ)।

**ਪੰਡਿਤ ਈਸ਼੍ਵਰ ਸਿੰਘ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ:**

1. ਗੁਰਮਤ ਦਿਗ ਵਿਜਯ, 2. ਬੁਧੀ ਬਾਰਧ, 3. ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ ਵਿਚ), 4. ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ ਵਿਚ), 5. ਸ੍ਵੈ-ਸੁਪਨ ਨਾਟਕ।

ਆਪ ਜੀ ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਦੀ ਭੂਮਿਕਾ ਵਿਚ ਗ੍ਰੰਥ ਲਿਖਣ ਦਾ ਕਾਰਨ ਦੱਸਦੇ ਹੋਏ ਲਿਖਦੇ ਹਨ ਕਿ ਹਿੰਦੂ ਧਰਮ, ਬ੍ਰਾਹਮਣਾਂ, ਸੰਨਿਆਸੀਆਂ, ਬੈਰਾਗੀਆਂ ਆਦਿਕ ਵਿਦਵਾਨ ਪੰਡਿਤਾਂ ਵਿਚ ਇਹ ਕਿੰਤੂ ਉੱਠਦਾ ਰਹਿੰਦਾ ਸੀ ਕਿ 'ਵਾਹਿਗੁਰੂ' ਮੰਤ੍ਰ ਮੋਕਸ਼ਦਾਤਾ ਨਹੀਂ ਹੈ। ਮੋਕਸ਼ ਪ੍ਰਾਪਤੀ ਕ੍ਰਿਸ਼ਨਾਦਿਕ ਮੰਤ੍ਰਾਂ ਦਵਾਰਾ ਹੀ ਹੋ ਸਕਦੀ ਹੈ। ਇਸ ਵਿਸ਼ੇ 'ਤੇ ਆਪ ਜੀ ਨਾਲ ਵਿਪਕਸ਼ੀਆਂ ਦੇ ਕਾਸ਼ੀ, ਨਾਸਿਕ, ਅਯੁਧਿਆ, ਪ੍ਰਯਾਗਰਾਜ, ਤੀਰਥਾਂ, ਕੁੰਭ ਪਰਵਾਂ ਉਪਰ ਸ਼ਾਸਤ੍ਰਾਰਥ ਹੋਏ। ਸ਼ਾਸਤ੍ਰਾਰਥ ਸਮੇਂ ਆਪ ਜੀ ਨੇ ਵਾਹਿਗੁਰੂ ਮੰਤ੍ਰ ਨੂੰ ਸਰਵ ਸ਼ਿਰੋਮਣੀ ਤਾਰਕ (ਮੋਕਸ਼ਦਾਤਾ) ਸਿੱਧ ਕਰਕੇ ਵਿਪਕਸ਼ੀਆਂ ਦੇ ਕਿੰਤੂ-ਪ੍ਰੰਤੂ ਨੂੰ ਖ਼ਤਮ ਕਰ ਦਿੱਤਾ। ਆਪ ਜੀ ਨੇ ਇਕ ਯੁਕਤੀ ਵਾਕ ਕਿਹਾ ਹੈ ਕਿ ਰਾਮ ਨੌਮੀ ਨੂੰ ਸ੍ਰੀ ਰਾਮ ਚੰਦ੍ਰ ਜੀ ਦਾ ਜਨਮ ਹੋਇਆ ਸੀ। ਭਾਦਰੋਂ ਦੀ ਅਸ਼ਟਮੀ ਨੂੰ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ ਸੀ। ਕਿੰਤੂ ਜਿਸਦਾ ਜਨਮ ਨਹੀਂ, ਵੰਸ਼ ਨਹੀਂ, ਜੋ ਮਰਨ ਵਿਚ ਨਹੀਂ ਆਉਂਦਾ, ਜੋ ਸਦੈਵ ਹੈ, ਸੋ 'ਵਾਹਿਗੁਰੂ'। ਇਸ ਮੰਤ੍ਰ ਦਾ ਇਹ ਅਰਥ ਹੈ।

ਅਸੀਂ ਪੰਡਿਤ ਜੀ ਦੇ ਸ੍ਵੈ ਕਥਨ ਕੀਤੇ ਸਮੁੱਚੇ ਅਨੁਵਾਦ ਵਿਚੋਂ ਵਿਚਾਰ ਪਾਠਕਾਂ ਦੇ ਸਮੁੱਖ ਰੱਖਦੇ ਹਾਂ ਜਿਸ ਨਾਲ ਪਾਠਕਾਂ ਨੂੰ ਪੰਡਿਤ ਜੀ ਦੀ ਸੰਤ ਭਾਸ਼ਾ/ਸ਼ੈਲੀ ਦਾ ਪਤਾ ਲੱਗੇਗਾ:

> "ਵਾਹਿਗੁਰੂ ਮੰਤ੍ਰ ਕੇ ਸਿਧਾਂਤ ਵਿਚਾਰ ਕੋ ਨਿਰੂਪਨ ਕਰਤੇ ਹੈਂ। ਸੋ ਨਯਾਯ, ਵਿਆਕਰਣ, ਵੇਦਾਂਤ। ਇਨ ਤੀਨੋਂ ਕੇ ਵਿਚਾਰ ਕੋ ਲੇਕਰ। ਸੋ ਇਸੀ ਵਾਸਤੇ ਇਸ ਮੰਤ੍ਰ ਦਾ ਅਰਥ ਬਹੁਤ ਕਠਨ ਹੈ। ਇਸ ਮੰਤ੍ਰ ਕੇ ਚਾਰੋਂ ਅਖਰੋਂ ਕੇ ਵੀਚ ਮੇਂ ਧਾਤੂ ਪ੍ਰਤੇ ਪਦ ਅਰਥ ਗਿਆਨ ਯਿਹ ਪਾਂਚੋ ਪਾਂਚ ਸੌ ਮੇਂ ਹੈਂ ਸੋ ਹਮ ਨੇ ਆਪਣੇ ਬਨਾਏ ਹੂਏ ਉਸ ਸੰਸਕ੍ਰਿਤ ਗ੍ਰੰਥ ਕੀ ਰਚਨਾ ਨਿਬੰਧਨ ਕਰੀ ਹੈ ਸੋ ਇਸੀ ਵਾਸਤੇ ਇਸ ਗ੍ਰੰਥ ਮੇਂ ਬੁੱਧੀ ਬਲ ਕੀ ਬਹੁਤ ਜ਼ਰੂਰਤ ਹੈ। ਸੋ ਈਹਾਂ ਗੁਰਮੁਖੀ ਵਿਦਿਆ ਕੇ ਵੀਚ ਬਹੁਤ ਸੁਗਮ ਅਰਥ ਕਰਕੇ ਲਿਖਾ ਹੈ। ਤਬ ਭੀ ਫਲਤ ਅਰਥ ਬਹੁਤ ਕਠਿਨ ਹੈ। ਕਿਉਂਕਿ ਵਾਹਿਗੁਰੂ ਮੰਤ੍ਰ ਦਾ ਅਰਥ ਵਿਦਿਆ ਕਾ ਖ਼ਜ਼ਾਨਾ ਹੈ।"

ਅੱਗੇ ਆਪ ਲਿਖਦੇ ਹਨ:

> "ਵਾਹਿਗੁਰੂ ਇਸ ਮੰਤ੍ਰ ਕੇ ਵੀਚ ਮੇਂ ਏਕ ਏਕ ਅੱਖਰ ਕੇ ਜੁਦੇ ਜੁਦੇ ਅਨੇਕ ਹੀ ਪਦ ਹੈਂ। ਉਨ ਅਨੇਕ ਪਦੋਂ ਕੇ ਅਨੰਤ ਹੀ ਅਰਥ ਹੈਂ। ਔਰ ਅਨੰਤ ਹੀ ਅਰਥੋਂ ਮੇਂ ਗਿਆਨ ਹੈ ਔਰ ਬੇਅੰਤ ਹੀ ਧਾਤੂਆਂ ਹੈਂ, ਬਿਅੰਤ ਹੀ ਪ੍ਰਤੇ ਹੈਂ। ਔਰ ਧਾਤੂ ਪ੍ਰਤਿਓ ਕੇ ਅਰਥ ਭੀ ਬਹੁਤ ਪ੍ਰਕਾਰੋਂ ਸੇ ਹੈਂ, ਇਸ ਲੀਏ ਵਾਹਿਗੁਰੂ ਮੰਤ੍ਰ ਮੇਂ ਵਿਚਾਰ ਵ੍ਰਿਤੀਨਿਰੋਧ ਕਰਕੇ ਹੀ ਕਰਣਾ ਯਥਾਰਥ ਹੈ।"

## ਗੁਰਮਤਿ ਦਿਗਵਿਜਯ

ਗੁਰਮਤਿ ਦਿਗਵਿਜਯ ਵਿਚ ਗੁਰਮਤਿ ਸਿਧਾਂਤ ਦੀ ਵਿਸ਼ੇਸ਼ਤਾ ਰੌਚਿਕ ਸ਼ੈਲੀ ਵਿਚ ਵਰਣਨ ਕੀਤੀ ਹੈ, ਜੋ ਸੰਨ 1903 ਈ. ਵਿਚ ਲਿਖਿਆ ਗਿਆ। ਗੁਰੂ ਮੰਤ੍ਰਾਰ ਪ੍ਰਕਾਸ਼ (ਸੰਸਕ੍ਰਿਤ) ਸੰਨ 1906 ਈ. ਵਿਚ ਅੰਕਿਤ ਕੀਤਾ। ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ) ਸੰਨ 1909 ਈ. ਵਿਚ ਲਿਖਿਆ। ਸ੍ਵੈ-ਸੁਪਨ ਨਾਟਕ ਵਿਚ ਆਪ ਜੀ ਦੀ ਸ੍ਵੈ-ਜੀਵਨੀ ਸੰਖੇਪ ਰੂਪ ਵਿਚ ਲਿਖੀ ਗਈ ਹੈ। ਇਹ ਸਾਰੇ ਗ੍ਰੰਥ "ਬਾਂਬੇ ਮਸ਼ੀਨ ਪ੍ਰੈਸ, ਲਾਹੌਰ" ਤੋਂ ਸੰਨ 1910 ਈ. ਵਿਚ ਪ੍ਰਕਾਸ਼ਿਤ ਕੀਤੇ ਗਏ ਹਨ।

**ਸ੍ਰੀਮਾਨ 108 ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਚਾਰਯ** ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ਼ਬਦਾਰਥ ਦਾ ਹਿੰਦੀ ਟੀਕਾ (ਅਨੁਵਾਦ) ਕੀਤਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਿੰਦੀ ਪਾਠਕਾਂ ਵਾਸਤੇ ਆਪ ਜੀ ਤੋਂ ਉਚੇਚੇ ਤਿਆਰ ਕਰਵਾਇਆ ਹੈ। ਸ਼ਬਦਾਰਥ ਦਾ ਪ੍ਰਥਮ ਸੰਚਯ (ਪਹਿਲੀ ਜਿਲਦ) 1966 ਈ. ਵਿਚ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਸੀ। ਇਸ ਗ੍ਰੰਥ ਵਿਚ ਛੇ ਪੰਨੇ ਦੀ ਭੂਮਿਕਾ ਪੜ੍ਹਨ ਯੋਗ ਹੈ।

**ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ'** ਨੇ 'ਆਤਮ ਸਰਤਾ' ਹਿੰਦੀ ਵਿਚ ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਦੀ ਜੀਵਨ ਕਥਾਂ ਅੰਕਿਤ ਕੀਤੀ ਹੈ। ਅਰਵਿੰਦ ਜੀ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ, ਗੁਰਮਤਿ/ਗੁਰਬਾਣੀ ਦੇ ਮਹਾਨ ਗਿਆਨੀ ਸਨ। ਆਤਮ ਸਰਤਾ ਰੌਚਕ ਵਿਦਵਤਾ ਭਰਪੂਰ ਅਨੇਕ ਪਦ-ਪਦਾਰਥਾਂ ਦਾ ਸੰਗ੍ਰਹਿ ਹੈ।

**ਪੰਡਿਤ ਆਤਮਦੇਵ ਸਿੰਘ** ਜੀ ਲਾਹੌਰ ਵਾਲਿਆਂ ਨੇ 'ਅਭੇਦਾ ਖੰਡ ਚੰਦ੍ਰਮਾ' ਸੰਸਕ੍ਰਿਤ ਵਿਚ 'ਮਿਤ੍ਰ ਵਿਲਾਸ ਪ੍ਰੈਸ ਲਾਹੌਰ' ਤੋਂ ਸੰਨ 1884 ਈ. ਵਿਚ ਲਿਖ ਕੇ ਛਪਵਾਇਆ।

**ਪੰਡਿਤ ਹਰਿ ਸਿੰਘ ਜੀ 'ਨਰੋਤਮ'** ਕਾਸ਼ੀ ਵਾਲਿਆਂ ਨੇ 'ਸ਼੍ਰੀ ਗੁਰੂਸਿਧਾਂਤ ਪਾਰਿਜਾਤ' ਗੁਰਮਤਿ/ਗੁਰਬਾਣੀ ਦੀ ਵਿਆਖਿਆ ਵਾਸਤੇ ਸੰਸਕ੍ਰਿਤ ਵਿਚ ਲਿਖਿਆ। ਇਸ ਸੰਸਕ੍ਰਿਤ ਗ੍ਰੰਥ ਦਾ ਹਿੰਦੀ ਅਨੁਵਾਦ ਆਪ ਜੀ ਦੇ ਪੋਤੇ ਸ਼ਿਸ਼ ਸ੍ਰੀ ਸੰਤ ਠਾਕਰ ਸਿੰਘ ਜੀ 'ਪਥਿਕ' ਬ੍ਰਹਮਕੁਟੀ ਕਾਸ਼ੀ ਵਾਲਿਆਂ ਨੇ ਕੀਤਾ ਸੀ, ਜੋ ਛਪ ਨਹੀਂ ਸਕਿਆ।

**ਪੰਡਿਤ ਸਾਧੂ ਸਿੰਘ** ਜੀ ਪੀਲੀਭੀਤ ਵਾਲੇ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਸਨ। ਆਪ ਜੀ ਨੇ ਜਪੁਜੀ ਦਾ ਹਿੰਦੀ ਟੀਕਾ ਉਨ੍ਹੀਵੀਂ ਸਦੀ ਦੇ ਅੰਤ ਵਿਚ ਕੀਤਾ ਸੀ। ਇਸ ਟੀਕੇ ਵਿਚ ਪ੍ਰੋੜ੍ਹਤਾ ਵਾਸਤੇ ਵੇਦਾਂ, ਉਪਨਿਸ਼ਦਾਂ, ਸ਼ਰੁਤੀਆਂ, ਸਮ੍ਰਿਤੀਆਂ ਦੇ ਅਨੇਕ ਪ੍ਰਮਾਣ ਦਿੱਤੇ ਹਨ। ਜਪੁਜੀ ਤੋਂ ਬਿਨਾਂ 'ਗੁਰੂ ਗ੍ਰੰਥ ਪ੍ਰਦੀਪ' ਗ੍ਰੰਥ ਵੀ ਲਿਖਿਆ। ਇਸ ਦੇ ਆਰੰਭ ਵਿਚ ਵੀ ਜਪੁਜੀ ਸਾਹਿਬ ਦੀ ਵਿਸਤਾਰ ਪੂਰਵਕ ਵਿਆਖਿਆ ਹੈ। ਇਹ ਗ੍ਰੰਥ ਸੰਨ 1906 ਈ. ਵਿਚ ਪ੍ਰਕਾਸ਼ਿਤ ਹੋਇਆ ਸੀ।

**ਵੇਦਾਂਤ ਕੇਸਰੀ ਸ੍ਵਾਮੀ ਲਾਲ ਸਿੰਘ** ਜੀ (ਪ੍ਰਸਿੱਧ ਨਿਰਮਲ ਸਵਾਮੀ) ਅੰਮ੍ਰਿਤਸਰ ਵਾਲਿਆਂ ਨੇ ਵੀ ਜਪੁਜੀ ਦਾ ਹਿੰਦੀ ਵਿਚ ਮਨੋਹਰ ਟੀਕਾ ਕੀਤਾ ਹੈ, ਜਿਸ ਵਿਚ ਅਨੇਕਾਂ ਪ੍ਰਮਾਣ/ਦ੍ਰਿਸ਼ਟਾਂਤ ਦੇ ਕੇ ਗੁਰਬਾਣੀ ਦੇ ਗੌਰਵ ਨੂੰ ਪ੍ਰਗਟ ਕੀਤਾ ਹੈ।

**ਸਵਾਮੀ ਗਿਆਨੀ ਚੰਦਾ ਸਿੰਘ** ਜੀ ਖਟਸ਼ਾਸਤ੍ਰੀ ਨਿਰਮਲ ਆਸ਼ਰਮ ਰਿਸ਼ੀਕੇਸ਼ ਵਾਲਿਆਂ ਨੇ ਹਿੰਦੀ ਭਾਸ਼ਾ ਵਿਚ 'ਕਥਾ ਵਿਖਿਆਨ ਭੰਡਾਰ' ਲਿਖਿਆ ਹੈ, ਜੋ ਸੱਚਮੁਚ ਹੀ ਗਿਆਨ ਦਾ ਭੰਡਾਰ ਹੈ। ਕਥਾਵਾਚਕਾਂ, ਲੈਕਚਰਾਰਾਂ ਵਾਸਤੇ ਅਦੁਤੀ ਸੰਗ੍ਰਹਿ ਹੈ। ਇਸ ਗ੍ਰੰਥ ਵਿਚ 58 ਵਿਸ਼ਿਆਂ 'ਤੇ ਵਿਦਵਤਾ ਭਰੇ ਭਿੰਨ-ਭਿੰਨ ਤਰ੍ਹਾਂ ਦੇ ਲੇਖ ਹਨ।

### ਪੱਤਰਕਾਰੀ ਵਿਚ ਯੋਗਦਾਨ

ਜਿਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਸਾਹਿਤ-ਸੇਵਾ ਕਰਨ ਵਿਚ ਅਣਥੱਕ ਘਾਲਣਾ ਘਾਲੀ ਹੈ। ਇਸੀ ਤਰ੍ਹਾਂ ਪੱਤਰਕਾਰੀ ਵਿਚ ਅਗਰਗਾਮੀ ਰਹੇ ਹਨ। ਵੀਹਵੀਂ ਸਦੀ ਵਿਚ ਜਦੋਂ ਅਖ਼ਬਾਰ ਪ੍ਰਚਾਰ ਦਾ ਮੁੱਖ ਸਾਧਨ ਬਣ ਗਏ ਤਾਂ ਨਿਰਮਲੇ ਸੰਤਾਂ ਨੇ ਗ੍ਰੰਥ ਰਚਨਾ ਦੇ ਨਾਲ-ਨਾਲ ਸੰਪ੍ਰਦਾਈ ਅਤੇ ਧਰਮ ਪ੍ਰਚਾਰ ਵਾਸਤੇ ਅਖ਼ਬਾਰ ਵੀ ਜਾਰੀ ਕੀਤੇ, ਜਿਨ੍ਹਾਂ ਵਿਚ ਭੇਖ ਸਬੰਧੀ ਖ਼ਬਰਾਂ ਪ੍ਰਕਾਸ਼ਿਤ ਹੁੰਦੀਆਂ ਸਨ। ਵਿਦਵਾਨਾਂ ਦੇ ਧਾਰਮਿਕ ਅਤੇ ਦਾਰਸ਼ਨਿਕ ਲੇਖ ਵੀ ਹੁੰਦੇ ਸਨ। ਨਿਰਮਲ ਭੇਖ ਦੇ ਸਾਰੇ ਅਖ਼ਬਾਰ ਸਪਤਾਹਿਕ ਜਾਂ ਮਾਸਿਕ ਨਿਕਲਦੇ ਰਹੇ ਹਨ ਜੋ ਪੰਜਾਬੀ ਅਤੇ ਹਿੰਦੀ ਵਿਚ ਛਪਦੇ ਰਹੇ ਹਨ। ਹੁਣ ਤੱਕ ਨਿਕਲੇ ਅਖ਼ਬਾਰ ਇਸ ਤਰ੍ਹਾਂ ਹਨ:

1. ਨਿਰਮਲ ਪੱਤ੍ਰ — ਸੰਪਾਦਕ ਵੈਦ ਸੰਤ ਗੁਰਦਿੱਤ ਸਿੰਘ ਆਲੋਮੁਹਾਰ, ਅੰਮ੍ਰਿਤਸਰ, 1909-1915 ਈ.।
2. ਹਰਿਦਵਾਰ ਸਮਾਚਾਰ — ਸੰਪਾਦਕ ਪੰਡਿਤ ਮਾਨ ਸਿੰਘ ਜੀ ਸ਼ਾਸਤ੍ਰੀ, ਗੁਰਦਵਾਰਾ ਗਿਆਨ ਗੋਦੜੀ, ਹਰਿਦਵਾਰ, 1927 ਈ.।

| | |
|---|---|
| 3. ਨਿਰਮਲ ਗਜ਼ਟ | ਸੰਪਾਦਕ ਸਵਾਮੀ ਸੰਤ ਸਿੰਘ ਜੀ, ਸ੍ਰੀ ਗੁਰੂ ਨਾਨਕ ਆਸ਼ਰਮ, ਹਰਿਦਵਾਰ। |
| 4. ਨਿਰਮਲ ਸਮਾਚਾਰ | ਸੰਪਾਦਕ ਮਹੰਤ ਕਿਸ਼ਨ ਸਿੰਘ ਜੀ ਡੇਰਾ ਵਰਪਾਲ, ਅੰਮ੍ਰਿਤਸਰ 1932 ਈ.। |
| 5. ਨਿਰਮਲ ਪੱਤ੍ਰ | ਮੁੱਖ ਸੰਪਾਦਕ ਮਹੰਤ ਦਿਆਲ ਸਿੰਘ ਜੀ, ਸੰਪਾਦਕ ਗਿਆਨੀ ਬਿਸ਼ਨ ਸਿੰਘ 'ਕ੍ਰੀਟ' ਅੰਮ੍ਰਿਤਸਰ 1937-1948 ਈ.। |
| 6. ਪੰਜਾਬੀ ਵੈਦ | ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗ ਵਾਲੀ, ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ, 1950-53 ਈ.। |
| 7. ਨਿਰਮਲ ਉਦੇਸ਼ | ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗ ਵਾਲੀ, ਅੰਮ੍ਰਿਤਸਰ, 3 ਨਵੰਬਰ, 1960 ਈ.। |
| 8. ਗੁਰਮਤਿ ਸਮਾਚਾਰ | ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾਕਲਾਂ ਵਾਲੇ, ਲੁਧਿਆਣਾ ਤੋਂ ਕੱਢਦੇ ਸਨ। |
| 9. ਪੰਜਾਬੀ ਪਰਵਾਨਾ | ਮੁੱਖ ਸੰਪਾਦਕ ਸੰਤ ਦਿਆਲ ਸਿੰਘ ਜੀ ਪਰਵਾਨਾ, ਸੰਪਾਦਕ ਗਿਆਨੀ ਬਲਵੰਤ ਸਿੰਘ ਜੀ, ਕੋਠਾ ਗੁਰੂ, ਇਹ ਮਾਸਕ ਪੱਤਰ 1952 ਈ. ਨੂੰ ਕੋਟਕਪੂਰਾ ਤੋਂ ਚਾਲੂ ਕੀਤਾ ਗਿਆ। |
| 10. ਨਿਰਮਲ ਸੰਦੇਸ਼ | ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ, ਸੰਪਦਾਕ ਪੰਡਿਤ ਤੇਜਿੰਦਰ ਸਿੰਘ ਜੀ ਸ਼ਾਸਤ੍ਰੀ, ਪਿੰਡ ਕਾਉਂਕੇਕਲਾਂ, ਜ਼ਿਲ੍ਹਾ ਲੁਧਿਆਣਾ। |
| 11. ਨਿਰਮਲ ਪ੍ਰਕਾਸ਼ | ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ ਜੀ ਕਾਉਂਕੇ ਕਲਾਂ, ਜ਼ਿਲ੍ਹਾ ਲੁਧਿਆਣਾ। |
| 12. ਨਿਰਮਲ ਚਿੰਤਾਮਣੀ | ਮੁੱਖ ਸੰਪਾਦਕ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਉਪ-ਸੰਪਾਦਕ ਗਿਆਨੀ ਕੌਰ ਸਿੰਘ ਕੋਠਾ ਗੁਰੂ ਨੇ ਪਿੰਡ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਤੋਂ ਜਾਰੀ ਕੀਤਾ। |

## ਗੁਰਦਵਾਰਿਆਂ ਦੀ ਕਾਰ-ਸੇਵਾ

ਸੇਵਾ ਸਿਮਰਨ ਨੂੰ ਸਿੱਖੀ ਵਿਚ ਸਰਵੋਪਰੀ ਮੰਨਿਆ ਜਾਂਦਾ ਹੈ। ਸਿਮਰਨ ਤੋਂ ਬਾਅਦ ਸੇਵਾ ਉੱਤਮ ਸਮਝੀ ਗਈ ਹੈ। ਗੁਰਦਵਾਰਿਆਂ ਦੀ ਕਾਰ-ਸੇਵਾ ਨੂੰ ਤਾਂ ਹੋਰ ਵੀ ਸ਼੍ਰੇਸ਼ਟ ਮੰਨਿਆ ਗਿਆ ਹੈ। ਮਹਾਂਪੁਰਖ ਗੁਰਦਵਾਰਿਆਂ ਦੀ ਸੇਵਾ ਸਦੀਆਂ ਤੋਂ ਕਰਦੇ ਆ ਰਹੇ ਹਨ। ਸਾਰੇ ਸੰਸਾਰ ਦੇ ਇਤਿਹਾਸਕ ਗੁਰਦਵਾਰਿਆਂ ਦੀ ਨਿਸ਼ਾਨ-ਦੇਹੀ ਕਰਨ ਵਾਲੇ ਸੰਤ ਹੀ ਹਨ। ਗੁਰਦਵਾਰਿਆਂ ਦੀਆਂ ਸੁੰਦਰ ਤੋਂ ਸੁੰਦਰ ਇਮਾਰਤਾਂ ਦੀ ਉਸਾਰੀ ਵੀ ਸੰਤਾਂ ਨੇ ਹੀ ਕਰਵਾਈ ਹੈ।

ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਖ਼ਾਲਸਾ ਪੰਥ ਜੰਗਲਾਂ/ਪਹਾੜਾਂ ਵਿਚ ਰਹਿੰਦਾ ਸੀ, ਉਸ ਵੇਲੇ ਗੁਰਦੁਆਰਿਆਂ ਵਿਚ ਧੂਪ-ਦੀਪ-ਜੋਤਿ ਸੰਤ ਹੀ ਕਰਦੇ ਸਨ। ਸੇਵਾ-ਸੰਭਾਲ ਦਾ ਭਾਰ ਸੰਤਾਂ ਨੇ ਚੁੱਕਿਆ ਹੋਇਆ ਸੀ।

ਮਹਾਂਪੁਰਖ ਗੁਰਦਵਾਰਿਆਂ ਦੀ ਅਕਥਨੀਯ ਸੇਵਾ ਕਰਦੇ ਰਹੇ ਹਨ। ਵੀਹਵੀਂ ਸਦੀ ਵਿਚ ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਨੇ ਗੁਰੂਕਾਂਸ਼ੀ ਦਮਦਮਾ ਸਾਹਿਬ ਦੇ ਗੁਰੂਸਰ ਸਰੋਵਰ ਦੀ ਕਾਰ-ਸੇਵਾ ਕਰਕੇ ਇਕ ਤਰ੍ਹਾਂ ਸੇਵਾ ਦਾ ਆਰੰਭ ਕੀਤਾ। ਇਸ ਤੋਂ ਬਾਅਦ ਅਨੇਕ ਮਹਾਂਪੁਰਖ ਗੁਰਦਵਾਰਿਆਂ ਦੀਆਂ ਇਮਾਰਤਾਂ, ਸਰੋਵਰ, ਹੰਸਲੀਆਂ ਦੀ ਸੇਵਾ ਕਰਨ ਲੱਗੇ।

ਸ੍ਰੀਮਾਨ ਸੰਤ ਹਰੀ ਸਿੰਘ ਜੀ ਕਹਾਰਪੁਰੀਆ ਨੇ ਤਖ਼ਤ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ) ਦੀ ਸ਼ਾਨਦਾਰ ਇਮਾਰਤ ਬਣਾਈ ਅਤੇ ਹੋਰ ਗੁਰ ਅਸਥਾਨਾਂ ਦਾ ਨਵ-ਨਿਰਮਾਣ ਵੀ ਕੀਤਾ।

ਸ੍ਰੀਮਾਨ ਸੰਤ ਜੈਮਲ ਸਿੰਘ ਜੀ ਭੂਰੀ ਵਾਲੇ (ਤਪੋਬਨ ਅੰਮ੍ਰਿਤਸਰ) ਵਾਲਿਆਂ ਨੇ ਕਿੰਨੇ ਹੀ

ਗੁਰਦਵਾਰਿਆਂ ਦੀ ਸੇਵਾ ਕੀਤੀ ਹੈ। ਦਰਸ਼ਨੀ ਇਮਾਰਤਾਂ ਬਣਾਈਆਂ, ਸਰੋਵਰ ਬਣਵਾਏ। ਆਪ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪਰਿਕ੍ਰਮਾ ਵਿਚ ਹਰ ਸਮੇਂ ਝਾੜੂ ਦੀ ਅਣਥੱਕ ਸੇਵਾ ਕਰਦੇ ਸਨ। ਜਦ ਪਰਿਕ੍ਰਮਾ ਖੁੱਲ੍ਹੀ ਕਰਨ ਦਾ ਵਿਚਾਰ ਬਣਿਆ ਤਾਂ ਇਹ ਸੇਵਾ ਦੋ ਸਤਿਪੁਰਖਾਂ ਨੂੰ ਦਿੱਤੀ ਗਈ। ਸੰਤ ਗੁਰਮੁਖ ਸਿੰਘ ਜੀ ਜਿਨ੍ਹਾਂ ਨੇ ਘੰਟਾ ਘਰ ਦੀ ਪਰਿਕ੍ਰਮਾ ਤਿਆਰ ਕਰਵਾਈ ਹੈ। ਦੂਜੇ ਭੂਰੀ ਵਾਲੇ ਮਹਾਂਪੁਰਖ ਸਨ, ਜਿਨ੍ਹਾਂ ਨੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦ ਗੰਜ ਵਾਲਾ ਪਾਸਾ ਤਿਆਰ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਧਾਮ ਦੀ ਦਰਸ਼ਨੀ ਪਰਿਕ੍ਰਮਾ ਬਣਾ ਕੇ ਆਪ ਜੀ ਵੀ ਅਮਰ ਹੋ ਗਏ।

ਆਪ ਜੀ ਦੇ ਉਤਰਾਧਿਕਾਰੀ ਸ੍ਰੀਮਾਨ ਮਹੰਤ ਗੁਰਦਿਆਲ ਸਿੰਘ ਜੀ ਨੇ ਆਪ ਜੀ ਦੀ ਆਰੰਭ ਕੀਤੀ ਹੋਈ ਸੇਵਾ ਨੂੰ ਜਾਰੀ ਰੱਖਿਆ। ਅਨੇਕ ਸਥਾਨਾਂ ਦੀ ਸੇਵਾ ਕੀਤੀ। ਸਪਤ ਸਰੋਵਰ ਹਰਿਦਵਾਰ ਵਿਚ 'ਨਾਨਕਪੁਰਾ' ਆਸ਼ਰਮ ਕਾਇਮ ਕੀਤਾ। ਗੁਰਦੁਆਰਾ ਤੀਸਰੀ ਪਾਤਸ਼ਾਹੀ ਡੇਰਾ ਬਾਬਾ ਦਰਗਾਹਾ ਸਿੰਘ ਕਨਖਲ ਦੇ ਨਾਲ ਗੰਗਾ ਜੀ ਤੇ ਫਰਸ਼ ਲਾ ਕੇ ਪਉੜੀਆਂ ਬਣਵਾਈਆਂ, ਜਿਸ ਨਾਲ ਗੁਰਦੁਆਰਾ ਸਾਹਿਬ ਅਤੇ ਗੰਗਾ ਜੀ ਦੇ ਸੁਹੱਪਣ ਵਿਚ ਅਕਹਿ ਵਾਧਾ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਗੰਗਾ ਦੀ ਬਾੜ੍ਹ ਤੋਂ ਸੁਰੱਖਿਅਤ ਹੋ ਗਈ ਹੈ। ਆਪ ਜੀ ਦੀ ਇਸ ਸੇਵਾ ਨੂੰ ਆਪ ਜੀ ਦੇ ਉਤਰਾਧਿਕਾਰੀ ਸੰਤ ਕਸ਼ਮੀਰ ਸਿੰਘ ਜੀ ਉਸੀ ਤਰ੍ਹਾਂ ਅੱਗੇ ਤੋਰ ਰਹੇ ਹਨ।

ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਛੱਤ 'ਤੇ ਸੋਨਾ ਲਾਉਣ ਦੀ ਸੇਵਾ ਕੀਤੀ। ਪਟਨਾ ਸਾਹਿਬ ਅਤੇ ਗੋਇੰਦਵਾਲ ਆਦਿਕ ਅਨੇਕ ਅਸਥਾਨਾਂ ਦੀ ਸੇਵਾ ਕਰਵਾਈ।

ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਨੇ ਗੁਰਦੁਆਰਾ ਬਾਲਲੀਲ੍ਹਾ ਬੜੀ ਸੰਗਤ ਦੀ ਭਵ-ਇਮਾਰਤ ਬਣਾਈ ਹੈ, ਜੋ ਪਟਨਾ ਸਾਹਿਬ ਵਿਚ ਖ਼ਾਲਸਾ ਪੰਥ ਦੇ ਗੌਰਵ ਨੂੰ ਪ੍ਰਗਟ ਕਰ ਰਹੀ ਹੈ।

ਸ੍ਰੀਮਾਨ ਮਹੰਤ ਦੀਦਾਰ ਸਿੰਘ ਜੀ ਨੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੀ ਇਲਾਹਾਬਾਦ ਵਿਚ ਦਰਸ਼ਨੀ ਬਿਲਡਿੰਗ ਦਾ ਨਿਰਮਾਣ ਕੀਤਾ ਹੈ। ਸ੍ਰੀਮਾਨ ਮਹੰਤ ਦੇਵਾ ਸਿੰਘ ਜੀ ਨਿਰਮਲ ਬਾਗ ਹਰਿਦਵਾਰ ਵਾਲਿਆਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਜੀ ਵਿਚ ਉਪਰਲੀ ਛੱਤ ਦੇ ਜੰਗਲਿਆਂ (ਜਿਨ੍ਹਾਂ ਵਿਚ ਪ੍ਰੇਮੀ ਬੈਠ ਕੇ ਕੀਰਤਨ ਦਾ ਆਨੰਦ ਪ੍ਰਾਪਤ ਕਰਦੇ ਹਨ) ਵਿਚ ਸੋਨਾ ਲਵਾਉਣ ਦੀ ਉਲੇਖਨੀਯ ਸੇਵਾ ਕੀਤੀ ਹੈ। ਆਪ ਜੀ ਨੇ ਸ੍ਰੀ ਅਕਾਲ ਤਖ਼ਤ ਦੀ ਪਹਿਲੀ ਇਮਾਰਤ ਵਿਚ (ਜੋ 1984 ਈ. ਦੇ ਆਕ੍ਰਮਣ ਸਮੇਂ ਢਹਿ ਗਈ) ਕੋਠਾ ਸਾਹਿਬ ਅਤੇ ਮੂਹਰੇ ਬਰਾਮਦੇ ਵਿਚ ਵੀ ਸੋਨੇ ਦੀ ਮਨੋਹਰ ਚਿਤ੍ਰਕਾਰੀ ਕੀਤੀ ਸੀ। ਮਹੰਤ ਨਿਰੰਜਨ ਸਿੰਘ, ਗਿਆਨੀ ਨਿਰਮਲ ਅਖਾੜਾ ਮਹੰਤ ਮੂਲ ਸਿੰਘ, ਸੰਤ ਐਵਿਨਿਊ ਜੀ.ਟੀ. ਰੋਡ, ਅੰਮ੍ਰਿਤਸਰ ਵਾਲਿਆਂ ਨੇ ਇਲਾਹਾਬਾਦ ਪੀਲੀ ਕੋਠੀ, ਤ੍ਰਿਯੰਬਕੇਸ਼ਵਰ (ਨਾਸਿਕ) ਅਤੇ ਉਜੈਨ ਵਿਚ ਸੁੰਦਰ ਗੁਰ ਅਸਥਾਨ ਬਣਾਏ ਹਨ।

ਇਸ ਤਰ੍ਹਾਂ ਨਿਰਮਲ ਭੇਖ ਦੇ ਮਹਾਂਪੁਰਖ ਗੁਰੂਘਰ ਦੀ ਕਾਰ ਸੇਵਾ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।

## ਤੇਗ ਦੇ ਧਨੀ

ਸ਼ਾਸਤ੍ਰ ਵਿਦਿਆ ਵਿਚ ਤਾਂ ਨਿਰਮਲੇ ਮਹਾਂਪੁਰਖ ਪੂਰਣ ਹਨ ਹੀ ਪਰ ਸ਼ਸਤ੍ਰ ਵਿਦਿਆ ਵੀ ਘੱਟ ਨਹੀਂ ਹਨ। ਲੋੜ ਅਨੁਸਾਰ ਸ਼ਾਸਤ੍ਰ ਅਤੇ ਸ਼ਸਤ੍ਰ ਦੀ ਵਰਤੋਂ ਕਰਦੇ ਰਹੇ ਹਨ। ਇਸ ਤਰ੍ਹਾਂ ਧਰਮ ਅਤੇ ਦੇਸ ਸੇਵਾ ਕਰਨ ਵਿਚ ਤਤਪਰ ਰਹੇ ਹਨ। ਸ਼ਬਦ ਵੇਦੀ ਬਾਣ ਮਾਰਨ ਵਾਲੇ ਕੇਵਲ ਇਹੀ ਮਹਾਂਪੁਰਖ ਹੋਏ ਹਨ। ਇਸ ਵਿਦਿਆ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਬਾਬਾ ਦਰਗਾਹਾ ਸਿੰਘ ਜੀ ਦਾ ਨਾਂ ਸਭ ਤੋਂ ਉਪਰ ਹੈ। ਬਾਬਾ ਦਰਗਾਹਾ ਸਿੰਘ ਜੀ ਕਲਗੀਧਰ ਪਿਤਾ

ਦੇ ਹਜ਼ੂਰੀ ਸਿੱਖ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਆਪ ਜੀ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਵਿਦਿਆ ਪ੍ਰਾਪਤ ਕੀਤੀ ਸੀ। ਨੰਦੇੜ/ਦੱਖਣ ਤੱਕ ਸਤਿਗੁਰੂ ਜੀ ਦੇ ਹਮਸਫ਼ਰ ਰਹੇ। ਇਥੇ ਸਤਿਗੁਰੂ ਜੀ ਨੇ ਆਗਿਆ ਕਰੀ ਕਿ ਹਰਿਦਵਾਰ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦਵਾਰਾ ਪ੍ਰਗਟ ਕਰੋ। ਆਗਿਆ ਅਨੁਸਾਰ ਸੰਨ 1710 ਈ. ਵਿਚ ਦਸਮ ਸਤਿਗੁਰੂ ਜੀ ਤੋਂ ਦੋ ਵਰਸ਼ ਮਗਰੋਂ ਕਨਖਲ ਆ ਰਹੇ ਸਨ। ਆਪ ਜੀ ਨਾਲ ਕਾਫ਼ੀ ਵਿਰਕਤ ਸੰਤ ਸਨ, ਜਿਨ੍ਹਾਂ ਵਾਸਤੇ ਛੰਨਾਂ (ਛਪਰੀਆਂ) ਪਾਈਆਂ ਗਈਆਂ ਅਤੇ ਆਪ ਬਾਬਾ ਜੀ ਗੰਗਾ ਜੀ ਕਿਨਾਰੇ ਪਿੱਪਲ ਦੇ ਬ੍ਰਿਛ ਹੇਠਾਂ ਰਹਿੰਦੇ ਸਨ।

ਇਕ ਵਾਰ ਨਜੀਬਾਬਾਦ ਦੇ ਰੁਹੇਲਿਆਂ ਨੇ ਜਵਾਲਾਪੁਰ ਦੇ ਨਵਾਬ ਰਾਏ ਅਹਿਮਦ (ਰਾਜਪੂਤ) ਉੱਤੇ ਗੰਗਾ ਜੀ ਦੇ ਪਾਰ ਤੋਂ ਹਮਲਾ ਕਰ ਦਿੱਤਾ। ਆਕ੍ਰਮਣ ਸੁਣ ਕੇ ਨਵਾਬ ਘਬਰਾ ਗਿਆ ਅਤੇ ਬਾਬਾ ਦਰਗਾਹਾ ਸਿੰਘ ਜੀ ਦੇ ਚਰਨਾਂ ਵਿਚ ਸਹਾਇਤਾ ਲਈ ਬੇਨਤੀ ਕੀਤੀ। ਬਾਬਾ ਜੀ ਬੇਨਤੀ ਮੰਨ ਕੇ ਦ੍ਰਿੜਤਾ ਨਾਲ ਮੋਰਚੇ 'ਤੇ ਡਟ ਗਏ। ਸ਼ਬਦ ਵੈਦੀ ਬਾਣ ਮਾਰਨ ਵਿਚ ਆਪ ਪ੍ਰਬੀਨ ਸਨ। ਗੰਗਾ ਪਾਰ ਤੋਂ ਕੋਲਾਹਲ ਮਚਾਉਂਦੇ ਰੁਹੇਲੇ ਬਾਬਾ ਜੀ ਦੇ ਤੀਰਾਂ ਨੇ ਪੁੱਠੇ ਪਿਛਾਂਹ ਮੋੜ ਦਿੱਤੇ। ਬਾਬਾ ਜੀ ਦੀ ਬਹਾਦਰੀ ਦਾ ਪੰਚਪੁਰੀ 'ਤੇ ਸਿੱਕਾ ਬੈਠ ਗਿਆ। ਨਵਾਬ ਰਾਏ ਅਹਿਮਦ ਬਾਬਾ ਜੀ ਦਾ ਭਗਤ ਬਣ ਗਿਆ। ਅਨੇਕ ਤਰ੍ਹਾਂ ਦੇ ਪਦਾਰਥ/ਉਪਹਾਰ ਲੈ ਕੇ ਬਾਬਾ ਜੀ ਦੇ ਚਰਨਾਂ ਵਿਚ ਨਤ ਮਸਤਕ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਦਵਾਰੇ ਵਾਸਤੇ ਚੌਫੇਰੇ ਦੀ ਜ਼ਮੀਨ ਦਾ ਪਟਾ ਲਿਖ ਕੇ ਬਾਬਾ ਜੀ ਦੀ ਭੇਟ ਕੀਤਾ, ਜੋ ਮਗਰੋਂ 'ਬਾੜਾ ਬਾਬਾ ਦਰਗਾਹਾ ਸਿੰਘ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਇਸੀ ਤਰ੍ਹਾਂ ਸੰਤ ਅਘੜ ਸਿੰਘ ਜੀ ਕਬੇਰੀਏ, ਠਾਕੁਰ ਰੋਚਾ ਸਿੰਘ ਜੀ, ਸ੍ਰੀ ਸੰਤ ਮੇਲਾ ਸਿੰਘ ਜੀ, ਸੰਤ ਬਹਾਦਰ ਸਿੰਘ ਜੀ, ਸੰਤ ਹਕੀਕਤ ਸਿੰਘ ਜੀ ਨੰਗਾਲੀ ਸਾਹਿਬ (ਪੁੰਛ), ਸੰਤ ਬੁੱਲਾ ਸਿੰਘ ਖੰਡੂਰ ਸਾਹਿਬ ਵਾਲੇ ਤੇਗ ਦੇ ਧਨੀ ਹੋਏ ਹਨ। ਜਿਥੇ ਵੀ ਧਰਮ, ਸਿੱਖੀ, ਆਨ-ਸ਼ਾਨ ਦਾ ਵਿਰੋਧ ਹੋਇਆ, ਇਨ੍ਹਾਂ ਮਹਾਂਪੁਰਖਾਂ ਦੀ ਤੇਗ ਨੇ ਗੁਰੂ ਕੇ ਨਿੰਦਕਾਂ ਨੂੰ ਸਿੱਧੇ ਤੁਰਨ ਲਾਇਆ।

ਮਹਾਰਾਜਾ ਰਣਜੀਤ ਸਿੰਘ ਜੀ ਤੋਂ ਮਗਰੋਂ ਡੋਗਰਿਆਂ ਨੇ ਜੋ ਧਾਂਦਲੀ ਮਚਾਈ ਸੀ, ਉਸ ਨੂੰ ਕੇਵਲ ਬਾਬਾ ਬੀਰ ਸਿੰਘ ਜੀ ਹੀ ਸਮਝਦੇ ਸਨ। ਆਪ ਸਿੱਖ ਰਾਜ ਦੇ ਸ਼ੁਭਚਿੰਤਕ ਸਨ। ਸਿੱਖ ਰਾਜ ਦੇ ਹਿਤੈਸ਼ੀਆਂ ਨੂੰ ਸਮੇਂ-ਸਮੇਂ ਸੂਚਿਤ ਕਰ ਰਹੇ ਸਨ। ਇਸ ਵਾਸਤੇ ਡੋਗਰਿਆਂ ਨੇ ਬਾਬਾ ਬੀਰ ਸਿੰਘ ਜੀ ਨੂੰ ਸ਼ਹੀਦ ਕਰਵਾ ਦਿੱਤਾ। ਡੋਗਰਿਆਂ ਦੀ ਗਦਾਰੀ ਦੇ ਕਾਰਨ ਸਿੱਖ ਰਾਜ ਦਾ ਪਤਨ ਹੋ ਗਿਆ। ਮੁੜ ਸਵਤੰਤ੍ਰਤਾ ਪ੍ਰਾਪਤ ਕਰਨ ਵਾਸਤੇ ਬਾਬਾ ਬੀਰ ਸਿੰਘ ਜੀ ਦੇ ਉਤਰਾਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਮੈਦਾਨ ਵਿਚ ਆਏ।

ਅੰਗਰੇਜ਼ਾਂ ਦੇ ਵਿਰੁੱਧ ਸੰਗਠਨ ਕਰਨਾ ਆਰੰਭ ਕਰ ਦਿੱਤਾ। ਸ਼ਸਤਰ ਧਾਰਨ ਕਰ ਲਏ, ਇਨਕਲਾਬੀ ਨੇਤਾ ਬਣ ਗਏ। ਸੰਨ 1845-46 ਈ. ਅਤੇ ਸੰਨ 1848-49 ਈ. ਦੀਆਂ ਲੜਾਈਆਂ ਵਿਚ ਸਤਲੁਜ ਕਿਨਾਰੇ ਅਤੇ ਗੁਜਰਾਤ ਵਿਚ ਸਿੱਖ ਫ਼ੌਜਾਂ ਦੀ ਅਗਵਾਈ ਕੀਤੀ।

ਭਾਰਤ ਵਿਚ ਸਵਤੰਤ੍ਰਤਾ ਸੰਗਰਾਮ ਆਰੰਭ ਕਰਨ ਵਾਲਾ ਨਿਰਮਲਾ ਸੰਤ ਬਾਬਾ ਮਹਾਰਾਜ ਸਿੰਘ ਜੀ ਹੈ, ਜੋ ਸਾਰੇ ਸੁੱਖ ਆਰਾਮ ਛੱਡ ਕੇ ਜੰਗਲਾਂ ਵਿਚ ਆਸਣ ਲਾ ਬੈਠਾ। ਆਜ਼ਾਦੀ ਦੀ ਜੋਤਿ ਜਗਾਉਣ ਵਾਲਾ ਇਹ ਮਹਾਨ ਸੰਗ੍ਰਾਮੀ ਅੰਗਰੇਜ਼ਾਂ ਨੇ ਆਦਮਪੁਰ (ਜ਼ਿਲ੍ਹਾ ਜਲੰਧਰ) ਵਿਚ ਗ੍ਰਿਫ਼ਤਾਰ ਕਰ ਲਿਆ ਅਤੇ ਸਿੰਘਾਪੁਰ ਦੀ ਜੇਲ੍ਹ ਵਿਚ ਲੈ ਜਾ ਕੇ ਬੰਦ ਕਰ ਦਿੱਤਾ ਜੋ 7 ਵਰਸ਼ ਅਸਹਿ ਤਸੀਹੇ ਸਹਿ-ਸਹਿ ਕੇ 5 ਜੁਲਾਈ, 1856 ਈ. ਵਿਚ ਸੱਚਖੰਡ ਸਿਧਾਰ ਗਿਆ।

ਇਸ ਸਮੇਂ ਬਾਬਾ ਜੀ ਨਾਲ ਹੇਠ ਲਿਖੇ ਮਹਾਂਪੁਰਖ (ਡੇਰਾ ਨੌਰੰਗਾਬਾਦ ਵਿਚੋਂ) ਗ੍ਰਿਫ਼ਤਾਰ ਕੀਤੇ ਗਏ ਸਨ:

1. ਸੰਤ ਖੜਕ ਸਿੰਘ ਜੀ (ਜੋ ਬਾਬਾ ਜੀ ਦੇ ਨਾਲ ਸਿੰਘਾਪੁਰ ਦੀ ਜੇਲ੍ਹ ਵਿਚ ਰਹੇ)। 2. ਬਾਬਾ ਖੁਦਾ ਸਿੰਘ ਜੀ, 3. ਮਾਤਾ ਚੰਦ ਕੌਰ ਜੀ (ਸੁਪਤਨੀ ਬਾਬਾ ਖੁਦਾ ਸਿੰਘ ਜੀ), 4. ਮਹੰਤ ਪ੍ਰੇਮ ਸਿੰਘ

ਜੀ, 5. ਸੰਤ ਰਾਮ ਸਿੰਘ ਜੀ ਵਿਰਕਤ, 6. ਸੰਤ ਸੇਵਾ ਸਿੰਘ ਜੀ, 7. ਸੰਤ ਹਜ਼ੂਰਾ ਸਿੰਘ ਜੀ, 8. ਸੰਤ ਸਰਮੁੱਖ ਸਿੰਘ ਜੀ।

**ਮਹਾਰਾਣੀ ਜਿੰਦਾ ਨੂੰ ਨੇਪਾਲ ਵਿਚ ਪਹੁੰਚਾਣ ਵਾਲੇ ਵੀ ਨਿਰਮਲੇ ਸੰਤ ਹਨ**

ਸ੍ਰੀਮਾਨ ਬਾਬਾ ਮਹਾਰਾਜ ਸਿੰਘ ਜੀ ਸਿੱਖ ਰਾਜ ਨੂੰ ਸਥਿਰ ਰੱਖਣ ਦੇ ਹਮਾਇਤੀ ਯੋਧੇ, ਸਵਤੰਤ੍ਰਤਾ ਸੰਗ੍ਰਾਮੀ, ਅੰਗਰੇਜ਼ਾਂ ਦੇ ਕੱਟੜ ਵਿਰੋਧੀ ਅਤੇ ਭਾਰਤ ਦੀ ਆਜ਼ਾਦੀ ਦੇ ਪਹਿਲੇ ਨਾਇਕ ਸਨ। ਭਾਵੇਂ ਆਪ ਨੂੰ ਜਲਾਵਤਨ ਕਰਕੇ ਸਿੰਘਾਪੁਰ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜਿੱਥੇ ਆਪ ਅਨੇਕ ਤਸੀਹੇ ਸਹਿੰਦੇ ਹੋਏ 7 ਸਾਲ ਜੇਲ੍ਹ ਵਿਚ ਰਹਿ ਕੇ 5 ਜੁਲਾਈ, 1856 ਈ. ਵਿਚ ਸੱਚਖੰਡ ਸਿਧਾਰ ਗਏ। ਆਪ ਜੀ ਦੀ ਜਗਾਈ ਆਜ਼ਾਦੀ ਦੀ ਜੋਤਿ ਹੋਰ ਵੀ ਤੇਜ਼ ਹੋ ਕੇ ਜਾਗਣ ਲੱਗੀ। ਬਾਬਾ ਜੀ ਬੜੇ ਨਿਪੁੰਨ, ਵਿਵਹਾਰ ਕੁਸ਼ਲ ਅਤੇ ਜਥੇਬੰਦਕ ਸਨ। ਆਪ ਜੀ ਨੇ ਸ੍ਰੀ ਸੰਤ ਰਾਮ ਸਿੰਘ ਜੀ ਵਿਰਕਤ ਦੀ ਪ੍ਰਧਾਨਗੀ ਹੇਠ ਅੱਠ ਸੰਤਾਂ ਦਾ ਇਕ ਜੱਥਾ ਇਸ ਵਾਸਤੇ ਬਣਾਇਆ ਸੀ ਕਿ ਮਹਾਰਾਜਾ ਦਲੀਪ ਸਿੰਘ ਜੀ ਨੂੰ ਚੁੱਕ ਕੇ ਆਪਣੇ ਕਬਜ਼ੇ ਵਿਚ ਕੀਤਾ ਜਾਵੇ ਅਤੇ ਮਹਾਰਾਜਾ ਦਲੀਪ ਸਿੰਘ ਜੀ ਦੇ ਨਾਂ ਹੇਠ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਦਾ ਸੰਘਰਸ਼ ਤੇਜ਼ ਕੀਤਾ ਜਾਵੇ। ਖ਼ਾਸ-ਖ਼ਾਸ ਆਦਮੀਆਂ ਦੇ ਨਾਉਂ ਚਿੱਠੀਆਂ ਲਿਖ ਕੇ ਖ਼ਰਚ ਵਾਸਤੇ 1100 (ਯਾਰਾਂ ਸੌ) ਰੁਪਏ ਦੇ ਕੇ ਲਾਹੌਰ ਨੂੰ ਤੋਰਿਆ ਗਿਆ, ਜੋ ਲਾਹੌਰ ਜਾ ਕੇ ਇਕ ਧਰਮਸਾਲਾ ਵਿਚ ਠਹਿਰੇ। ਸ਼ੱਕ ਦੀ ਹਾਲਤ ਵਿਚ ਧਰਮਸਾਲਾ ਦੀ ਤਲਾਸ਼ੀ ਹੋਈ ਅਤੇ ਅੱਠੇ ਸੰਤ ਗ੍ਰਿਫ਼ਤਾਰ ਕੀਤੇ ਗਏ।

ਇਸੇ ਤਰ੍ਹਾਂ ਬਾਬਾ ਮਹਾਰਾਜ ਸਿੰਘ ਜੀ ਦੀ ਸਕੀਮ ਅਨੁਸਾਰ ਦੂਸਰਾ ਜੱਥਾ ਤਿਆਰ ਕੀਤਾ ਗਿਆ ਸੀ ਕਿ ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ਾਂ ਦੇ ਕਬਜ਼ੇ ਵਿਚੋਂ ਸਵਤੰਤਰ ਕੀਤਾ ਜਾਵੇ। ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ ਨੇ ਪਹਿਲਾਂ ਸ਼ੇਖੂਪੁਰੇ ਦੇ ਕਿਲ੍ਹੇ ਵਿਚ, ਮਗਰੋਂ 'ਚੁਨਾਰ' ਦੇ ਕਿਲ੍ਹੇ (ਉੱਤਰ ਪ੍ਰਦੇਸ਼) ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਮਹਾਰਾਣੀ ਚੁਨਾਰ ਦੇ ਕਿਲ੍ਹੇ ਵਿਚੋਂ ਦੌੜ ਕੇ ਨੇਪਾਲ ਚਲੀ ਗਈ।

ਮਹਾਰਾਣੀ ਨੇਪਾਲ ਕਿਵੇਂ ਪਹੁੰਚੀ? ਇਸ ਸਾਰੇ ਕਾਰਜ ਪਿੱਛੇ ਨਿਰਮਲੇ ਸੰਤਾਂ ਦਾ ਉਹ ਜੱਥਾ ਕੰਮ ਕਰ ਰਿਹਾ ਸੀ, ਜਿਸ ਦੀ ਡਿਊਟੀ ਬਾਬਾ ਮਹਾਰਾਜ ਸਿੰਘ ਜੀ ਨੇ ਲਾਈ ਸੀ। ਇਹ ਬੜੀ ਰੋਚਕ ਕਹਾਣੀ ਹੈ, ਜੋ ਹਾਲ ਤੱਕ ਪ੍ਰਕਾਸ਼ ਵਿਚ ਨਹੀਂ ਆਈ।

ਮਹਾਰਾਣੀ ਨੂੰ ਚੁਨਾਰ ਦੇ ਕਿਲ੍ਹੇ 'ਚੋਂ ਕੱਢਣ ਵਾਲੇ ਪੰਜ ਨਿਰਮਲੇ ਸੰਤ- ਰਣਜੋਧ ਸਿੰਘ, ਰਣਵੀਰ ਸਿੰਘ, ਰਣਵਿਜੈ ਸਿੰਘ, ਰਣਵਿਕ੍ਰਮ ਸਿੰਘ ਸਨ। ਇਸ ਕਾਰਜ ਨੂੰ ਅਮਲੀ ਰੂਪ ਦੇਣ ਵਾਸਤੇ ਕਈ ਮਹੀਨੇ ਵਿਚਾਰ-ਵਿਮਰਸ਼ ਹੁੰਦਾ ਰਿਹਾ। ਸਾਰੀ ਯੋਜਨਾ ਤਿਆਰ ਕੀਤੀ ਗਈ। ਮਹਾਰਾਣੀ ਨੂੰ ਅਤੇ ਦਾਸੀ ਨੂੰ ਪੂਰੀ ਟ੍ਰੇਨਿੰਗ ਦਿੱਤੀ ਗਈ। ਰਸਤੇ ਦਾ, ਨਦੀਆਂ ਦਾ, ਕਿਸ਼ਤੀਆਂ ਦਾ ਨਿਰਣੈ ਕੀਤਾ ਗਿਆ। ਮਹਾਰਾਣੀ ਦੇ ਦੌੜਨ ਬਾਅਦ ਤੁਰੰਤ ਸੰਭਾਲ ਦਾ ਪ੍ਰਬੰਧ ਕੀਤਾ ਗਿਆ। ਮਹਾਰਾਣੀ ਦਾ ਭੇਸ ਬਦਲਿਆ ਗਿਆ। ਸਫ਼ਰ ਵਿਚ ਦੋ ਸੰਤ 5-6 ਮੀਲ ਅੱਗੇ-ਅੱਗੇ ਜਾਂਦੇ ਸਨ ਅਤੇ ਸਾਰੇ ਖ਼ਤਰੇ ਅਤੇ ਰਸਤੇ ਦਾ ਨਿਰਣੈ ਕਰਦੇ ਸਨ। ਦੋ ਸੰਤ ਮਹਾਰਾਣੀ ਦੇ ਨਾਲ ਸਨ। ਇਕ ਸੰਤ 5-6 ਮੀਲ ਪਿੱਛੇ ਰਹਿ ਕੇ ਹਾਲਾਤ 'ਤੇ ਨਿਗਾਹ ਰੱਖ ਰਿਹਾ ਸੀ। ਇਹ ਯਤਨ ਸਫ਼ਲ ਹੋਇਆ, ਮਹਾਰਾਣੀ ਹਿੰਦੁਸਤਾਨ ਦੀ ਸੀਮਾ ਪਾਰ ਕਰਕੇ, ਨੇਪਾਲ ਵਿਚ ਚਲੀ ਗਈ ਅਤੇ ਕਠਮੰਡੂ ਪਹੁੰਚ ਗਈ। ਨੇਪਾਲ ਨਰੇਸ਼ ਨੂੰ ਮਿਲ ਕੇ ਰਾਜਸੀ ਸ਼ਰਣ ਮੰਗੀ ਗਈ, ਜੋ ਨੇਪਾਲ ਨਰੇਸ਼ ਨੇ ਸਵੀਕਾਰ ਕਰਕੇ ਮਹਾਰਾਣੀ ਨੂੰ ਰਾਜਸੀ ਸ਼ਰਣ ਦੇ ਕੇ ਥਾਪਾਥਲੀ ਦੇ ਰਾਣਾਵਾਂ ਦੇ ਮਹੱਲ ਵਿਚ ਰਹਿਣ ਦੀ ਆਗਿਆ ਦੇ ਦਿੱਤੀ।

ਮਹਾਰਾਣੀ ਨੂੰ ਸੁਰੱਖਿਅਤ ਸਥਾਨ 'ਤੇ ਪਹੁੰਚਾ ਕੇ ਮਹਾਰਾਣੀ ਨਾਲ ਆਏ ਸਾਰੇ ਸੰਤ ਪੱਛਮੀ ਨੇਪਾਲ ਦੇ 'ਮੁਕਤੀ ਨਾਥ' ਅਤੇ 'ਪਵਿੱਤਰ ਗੰਡਕੀ' ਦੇ ਉਦਗਮ ਸਥਾਨ ਵੱਲ ਚਲੇ ਗਏ।

## ਗਊ ਰੱਖਿਆ ਅਤੇ ਦੇਸ ਸੇਵਾ

ਜਿਥੇ ਵੀ ਆਨ-ਸ਼ਾਨ, ਅਣਖ-ਗੈਰਤ, ਧਰਮ ਤੇ ਹਮਲਾ ਹੋਇਆ, ਨਿਰਮਲੇ ਮਹਾਂਪੁਰਖ ਮੈਦਾਨ ਵਿਚ ਡਟ ਗਏ। ਧਰਮ ਅਤੇ ਦੇਸ ਦੀ ਆਜ਼ਾਦੀ ਖ਼ਾਤਰ ਆਪਣਾ ਆਪ ਵਾਰ ਦਿੱਤਾ। ਅਜਿਹੀਆਂ ਅਨੇਕ ਘਟਨਾਵਾਂ ਪ੍ਰਸਿੱਧ ਹਨ।

ਇਕ ਵਾਰ ਕਾਸ਼ੀ ਜੀ (ਵਾਰਾਣਸੀ) ਵਿਚ ਅੰਗਰੇਜ਼ ਸਰਕਾਰ ਦੇ ਵਿਰੁਧ ਜਲੂਸ ਨਿਕਲਿਆ, ਜਿਸਦੀ ਅਗਵਾਈ ਨਿਰਮਲ ਭੇਖ ਦੇ ਸੰਤਾਂ ਨੇ ਕੀਤੀ। ਇਸ ਸਮੇਂ ਨਿਰਮਲ ਭੇਖ ਦੇ ਸੰਤ ਨਰੇਂਦਰ ਸਿੰਘ ਜੀ (ਸ਼ਿਸ਼ ਸ੍ਰੀਮਾਨ ਮਹੰਤ ਗਨੇਸ਼ਾ ਸਿੰਘ ਜੀ ਡੇਰਾ ਅੰਤਰਜਾਮੀਆਂ, ਅੰਮ੍ਰਿਤਸਰ) ਚੌਂਕ ਗਦੌਲੀਆਂ ਕਾਸ਼ੀ ਵਿਚ ਸਰਕਾਰ ਵਿਰੁੱਧ ਵਿਆਖਿਆਨ ਦਿੰਦੇ ਹੋਏ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ।

ਬ੍ਰਹਮਕੁਟੀ (ਕਾਸ਼ੀ) ਦੇ ਮਹੰਤ ਪੰਡਿਤ ਬਸੰਤ ਸਿੰਘ ਜੀ ਮਹਾਨ ਦੇਸ ਭਗਤ ਸਨ। ਬ੍ਰਹਮਕੁਟੀ ਦੇਸ-ਭਗਤਾਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ। ਸ੍ਰੀ ਜੈ ਪ੍ਰਕਾਸ਼ ਨਾਰਾਇਣ ਨੇ ਬ੍ਰਹਮਕੁਟੀ ਵਿਚ ਕਾਫ਼ੀ ਸਮਾਂ ਅਗਿਆਤਵਾਸ ਕੀਤਾ ਸੀ। ਅੰਗਰੇਜ਼ ਸਰਕਾਰ ਦੇ ਵਿਰੁਧ ਜੋ ਕਾਸ਼ੀ ਦੇ ਇਲਾਕੇ ਵਾਸਤੇ ਸਾਹਿਤ ਪ੍ਰਕਾਸ਼ਿਤ ਹੁੰਦਾ ਸੀ, ਉਹ ਬ੍ਰਹਮਕੁਟੀ ਵਿਚ ਹੀ ਛਪਦਾ ਸੀ।

ਮਹੰਤ ਸਾਧੂ ਸਿੰਘ ਜੀ ਕਨਖਲ ਵਾਲੇ ਕਾਂਗਰਸ ਅੰਦੋਲਨ ਵਿਚ 9 ਮਹੀਨੇ ਜੇਲ੍ਹ ਵਿਚ ਰਹੇ ਸਨ।

ਸੰਮਤ 1975 ਬਿ. ਵਿਚ ਹਰਿਦਵਾਰ ਦੇ ਨਜ਼ਦੀਕ ਪਿੰਡ ਕਟਾਰਪੁਰ ਵਿਚ ਮੁਸਲਮਾਨਾਂ ਨੇ ਗਊਬੱਧ ਕਰਨ ਦਾ ਐਲਾਨ ਕੀਤਾ। ਗੁਰਦੁਆਰਾ ਪਾਤਸ਼ਾਹੀ ਤੀਸਰੀ, ਡੇਰਾ ਬਾਬਾ ਦਰਗਾਹਾ ਸਿੰਘ ਜੀ ਦੇ ਮਹੰਤ ਹਰਨਾਮ ਸਿੰਘ ਜੀ ਨੇ ਆਪਣਾ ਧਰਮ ਜਾਣ ਕੇ ਗਊ ਰੱਖਿਆ ਵਾਸਤੇ ਦ੍ਰਿੜ੍ਹ ਨਿਸਚੈ ਕਰ ਲਿਆ। ਨਿਯਤ ਸਮੇਂ 'ਤੇ ਦੋਨਾਂ ਪਾਸਿਆਂ ਤੋਂ ਇਕੱਠ ਹੋ ਗਿਆ। ਮੁਸਲਮਾਨ ਗਊਬੱਧ ਲਈ ਦ੍ਰਿੜ੍ਹ ਸਨ। ਮਹੰਤ ਹਰਨਾਮ ਸਿੰਘ ਜੀ ਨੇ ਬਹੁਤ ਸਮਝਾਇਆ, ਪਰ ਮੁਸਲਮਾਨ ਆਪਣੀ ਜ਼ਿੱਦ 'ਤੇ ਅੜੇ ਰਹੇ ਅੰਤ ਲੜਾਈ ਹੋਈ, ਗਊਆਂ ਛੁਡਾਈਆਂ ਗਈਆਂ। ਮਹੰਤ ਜੀ ਕਤਲ ਕੇਸ ਵਿਚ ਗ੍ਰਿਫ਼ਤਾਰ ਕਰ ਲਏ। 4-5 ਸਾਲ ਮੁਕੱਦਮਾ ਚੱਲਿਆ। 8 ਅਗਸਤ, 1919 ਈ. ਨੂੰ ਮਹੰਤ ਜੀ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ, ਜੋ ਅਪੀਲ ਕਰਨ ਨਾਲ ਉਮਰ ਕੈਦ ਵਿਚ ਬਦਲ ਗਈ। 8 ਵਰਸ਼ ਲਖਨਊ ਤੇ ਇਲਾਹਾਬਾਦ ਦੀਆਂ ਜੇਲ੍ਹਾਂ ਵਿਚ ਸਜ਼ਾ ਭੁਗਤ ਕੇ 28 ਦਸੰਬਰ, 1926 ਈ. ਰਿਹਾਅ ਹੋਏ।

ਇਸ ਤਰ੍ਹਾਂ ਧਰਮ, ਸੱਤ, ਗਊ, ਗ਼ਰੀਬ ਦੀ ਖ਼ਾਤਰ ਇਹ ਮਹਾਂਪੁਰਖ ਆਪਣੇ ਪ੍ਰਾਣਾਂ ਤੱਕ ਵੀ ਵਾਰਦੇ ਆਏ ਹਨ।

ਅਸੀਂ ਉਪਰ ਵਿਸਤਾਰ ਪੂਰਬਕ ਲਿਖ ਆਏ ਹਾਂ ਕਿ ਨਿਰਮਲੇ ਸੰਤਾਂ ਨੇ ਹਰ ਲਹਿਰ, ਹਰ ਅੰਦੋਲਨ ਵਿਚ ਯੋਗਦਾਨ ਪਾਇਆ ਹੈ। ਪੰਥ ਦੇ ਹਰ ਕਾਰਜ ਵਿਚ ਅਗਰਗਾਮੀ ਰਹੇ ਹਨ। ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ, ਜਾਇਦਾਦਾਂ ਜ਼ਬਤ ਕਰਾਈਆਂ, ਜੇਲ੍ਹਾਂ ਕੱਟੀਆਂ, ਅਨੇਕ ਤਰ੍ਹਾਂ ਦੇ ਅਕਹਿ/ਅਸਹਿ ਤਸੀਹੇ ਸਹੇ। ਨਿਰਮਲੇ ਮਹਾਂਪੁਰਖਾਂ ਦੇ ਤਪ-ਤਿਆਗ, ਵਿਦਵਤਾ, ਧਰਮ-ਪ੍ਰਚਾਰ, ਪੰਥਕ ਪਿਆਰ ਤੋਂ ਪ੍ਰਭਾਵਿਕ ਹੋ ਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਰਮਲ ਭੇਖ ਦੇ ਮਹਾਂਪੁਰਖ ਗੁਰਮਤਿ ਦੇ ਮਹਾਨ ਵਿਦਵਾਨ, ਕੁਰਬਾਣੀ ਦੇ ਪੁੰਜ, ਮਹੰਤ ਮੂਲ ਸਿੰਘ ਜੀ ਨੂੰ ਆਨਰੇਰੀ ਹੈਡ ਗ੍ਰੰਥੀ ਦੀ ਪਦਵੀ 'ਤੇ ਵਿਭੂਸ਼ਤ ਕੀਤਾ, ਜੋ ਜੀਵਨ ਭਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਨਿਸ਼ੁਲਕ ਸੇਵਾ ਕਰਦੇ ਰਹੇ। ਮਹੰਤ ਹਾਕਮ ਸਿੰਘ ਜੀ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ ਵਾਲੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਹੇ। ਅਨੇਕ ਸੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੀਂਦੇ ਰਹੇ। ਭਵਿਸ਼ਤ ਵਿਚ ਵੀ ਨਿਰਮਲ ਭੇਖ ਦੇ ਮਹਾਂਪੁਰਖ ਗੁਰਮਤਿ, ਧਰਮ, ਨਾਮ, ਬਾਣੀ, ਸਿੱਖੀ ਪ੍ਰਚਾਰ ਦੀ ਗੁਰੂ

ਕਲਗੀਧਰ ਸੁਾਮੀ ਦੀ ਬਖ਼ਸ਼ੀ ਸੇਵਾ, ਦੇਸ਼ ਦੇ ਕੋਨੇ-ਕੋਨੇ ਪ੍ਰਚਾਰ ਕੇ ਗੁਰੂ ਨਾਨਕ ਦੇਵ ਜੀ ਦੇ ਘਰ ਦੀਆਂ ਖੁਸ਼ੀਆਂ ਲੈ ਰਹੇ ਹਨ। ਸਤਿਗੁਰੂ ਜੀ ਦੀ ਨਦਰ-ਨਿਹਾਲਤਾ,ਸਦ ਗੁਣਾਂ ਦੇ ਕਾਰਨ ਨਿਰਮਲ ਪੰਥ ਦਾ ਭਵਿੱਸ਼ਜ ਉੱਜਲ ਹੈ।

## ਉਪ ਸੰਹਾਰ

ਨਿਰਮਲ ਪੰਥ ਦੀਆਂ 33-34 ਸ਼ਾਖਾਂ ਹਨ, ਜਿਨ੍ਹਾਂ ਨੂੰ ਨਿਰਮਲ ਪੰਥ ਦੀ ਪਰਿਭਾਸ਼ਾ ਵਿਚ ਸੰਪ੍ਰਦਾਇ ਕਿਹਾ ਜਾਂਦਾ ਹੈ। ਕੁਝ ਸੰਪ੍ਰਦਾਵਾਂ ਭਾਈ ਦਇਆ ਸਿੰਘ ਜੀ (ਪਿਆਰੇ) ਤੋਂ, ਕੁਝ ਭਾਈ ਧਰਮ ਸਿੰਘ ਜੀ (ਪਿਆਰੇ) ਤੋਂ ਚਲੀਆਂ ਮੰਨੀਆਂ ਜਾਂਦੀਆਂ ਹਨ। ਨਿਰਮਲ ਪੰਥ ਦੇ ਇਤਿਹਾਸ ਅਨੁਸਾਰ ਕਾਸ਼ੀ ਤੋਂ ਵਿਦਿਆ ਪ੍ਰਾਪਤ ਕਰਕੇ ਪੰਜ ਨਿਰਮਲੇ ਸੰਤ 1699 ਈ. ਵਿਚ ਗੁਰੂ ਕਲਗੀਧਰ ਸੁਾਮੀ ਦੇ ਚਰਨ ਕਮਲਾਂ ਵਿਚ ਪੁੱਜੇ। ਇਨ੍ਹਾਂ ਦੇ ਆਉਣ ਤੋਂ ਪਹਿਲਾਂ ਵੈਸਾਖੀ ਦੇ ਪਰਵ 'ਤੇ ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਦੀ ਸੀਸ ਭੇਟ ਪਰਖ ਦੁਆਰਾ ਅੰਮ੍ਰਿਤ ਦੀ ਮਰਯਾਦਾ ਚਾਲੂ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਚੁੱਕੇ ਸਨ। ਸੰਗਤਾਂ ਨੂੰ ਦੀਵਾਨ ਵਿਚ ਪ੍ਰਤਿ ਦਿਨ ਅੰਮ੍ਰਿਤ ਛਕਣ ਦਾ ਉਪਦੇਸ਼ ਦਿੰਦੇ ਸਨ।

ਸਤਿਗੁਰੂ ਜੀ ਦਾ ਉਪਦੇਸ਼ ਸ਼ਰਵਣ ਕਰਕੇ ਪੰਜੇ ਨਿਰਮਲੇ ਸੰਤਾਂ ਨੇ ਵੀ ਅੰਮ੍ਰਿਤ ਪਾਨ ਦੀ ਪ੍ਰਾਪਤੀ ਲਈ ਬੇਨਤੀ ਕੀਤੀ। ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਦਇਆ ਸਿੰਘ ਜੀ ਪਿਆਰੇ ਅਤੇ ਭਾਈ ਧਰਮ ਸਿੰਘ ਜੀ ਪਿਆਰੇ ਨੇ ਪੰਜਾਂ ਪਿਆਰਿਆਂ ਦੁਆਰਾ ਪੰਜਾਂ ਨਿਰਮਲੇ ਸੰਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਇਸ ਸਮੇਂ ਗੁਰੂ ਜੀ ਦੀ ਆਗਿਆ ਅਨੁਸਾਰ ਕੁਝ ਨਿਰਮਲੇ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਨੇ ਅਤੇ ਕੁਝ ਨੂੰ ਭਾਈ ਧਰਮ ਸਿੰਘ ਜੀ ਨੇ ਰਹਿਤ ਮਰਯਾਦਾ ਦੱਸੀ ਅਤੇ ਗੁਰਮੰਤ੍ਰ ਦਾ ਉਪਦੇਸ਼ ਦਿੱਤਾ। ਇਸ ਕਰਕੇ ਨਿਰਮਲ ਪੰਥ ਦੀਆਂ ਸਮੂਹ ਸ਼ਾਖਾਂ (ਸੰਪ੍ਰਦਾਵਾਂ) ਇਨ੍ਹਾਂ ਦੋਹਾਂ ਪਿਆਰਿਆਂ ਨਾਲ ਜਾ ਕੇ ਮਿਲਦੀਆਂ ਹਨ। ਕੁਝ ਸ਼ਾਖ਼ਾਂ (ਸੰਪ੍ਰਦਾਵਾਂ) ਅਜਿਹੀਆਂ ਵੀ ਹਨ, ਜੋ ਦਸਮ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਦਾ ਅਨਜ ਤਪ-ਤੇਜ਼ ਵਾਲੇ ਨਾਮ ਅਭਿਆਸੀ ਮਹਾਂਪੁਰਖਾਂ ਤੋਂ ਆਰੰਭ ਹੋਈਆਂ ਹਨ। ਇਹ ਸੰਪ੍ਰਦਾਵਾਂ ਪਿੰਡਾਂ, ਸ਼ਹਿਰਾਂ, ਤੀਰਥਾਂ, ਨਦੀਆਂ ਜਾਂ ਮਹਾਂਪੁਰਖਾਂ ਦੇ ਨਾਵਾਂ 'ਤੇ ਪ੍ਰਚਲਤ ਸਨ। ਇਨ੍ਹਾਂ ਸਾਰੀਆਂ ਸੰਪ੍ਰਦਾਵਾਂ ਦੇ ਹਜ਼ਾਰਾਂ ਡੇਰੇ, ਆਸ਼ਰਮ ਹਨ। ਅਸੀਂ ਸੰਖੇਪ ਵਿਚ ਸਾਰੀਆਂ ਸੰਪ੍ਰਦਾਵਾਂ ਦੇ ਕੇਵਲ ਨਾਉਂ ਅੰਕਿਤ ਕਰਦੇ ਹਾਂ। ਭਾਈ ਦਇਆ ਸਿੰਘ ਜੀ ਪਿਆਰੇ ਨਾਲ ਸੰਬੰਧਿਤ ਸੰਪ੍ਰਦਾਵਾਂ ਇਹ ਹਨ:

1. ਨੌਰੰਗਾਬਾਦ, 2. ਆਯੁਧਿਆ, 3. ਰਾਮ ਤੀਰਥ, 4. ਗਿੜਵੜੀ, 5. ਮੰਗਵਾਲ, 6. ਦੁਭੇਰਨ, 7. ਕਾਦੀਆਂ, 8. ਮਹਿਮਾ ਸ਼ਾਹ, 9. ਡਰੋਲੀ, 10. ਮੁਕਤਿਸਰ, 11. ਦੌਧਰ, 12. ਸੇਖਵਾਂ, 13. ਗੁਰੂਸਰ, 14. ਜਲਾਲ।

ਭਾਈ ਧਰਮ ਸਿੰਘ ਜੀ ਪਿਆਰੇ ਨਾਲ ਸੰਬੰਧਿ ਸੰਪਰਦਾਵਾਂ:

1. ਠਾਕਰ ਦਿਆਲ ਸਿੰਘ ਜੀ, 2. ਨੰਗਾਲੀ ਸਾਹਿਬ, 3. ਖਡੂਰ ਸਾਹਿਬ, 4. ਬਾਲੌਂਗੀ, 5. ਕਾਸ਼ੀ, 6. ਕਬੇਰ, 7. ਕਟਈ (ਅੰਤਰਜਾਮੀ), 8. ਗੰਧੀਆਂ, 9. ਠੀਕਰੀਵਾਲਾ, 10. ਬਰਨਾਲਾ।

ਹੋਰ ਸੰਪਰਦਾਵਾਂ- ਦਮਦਮਾ ਸਾਹਿਬ, ਪੰਡੋਰੀ, ਨਿੱਝਰਾਂ, ਭਾਈ ਕੋਇਰ ਸਿੰਘ, ਬਾਬਾ ਕੂਮਾ ਸਿੰਘ, ਬਹਾਲ ਸਿੰਘ ਬਿਹਾਰ ਬਿੰਦ੍ਰਾਵਨ ਆਦਿਕ ਪ੍ਰਸਿੱਧ ਹਨ।

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਸਾਰੀਆਂ ਸੰਪ੍ਰਦਾਵਾਂ ਦੀ 'ਨਿਰਮਲ ਪੰਥ ਗੁਰਪ੍ਰਣਾਲਕਾ (ਵੰਸਾਵਲੀ)' ਵੀ ਤਿਆਰ ਕੀਤੀ ਸੀ।

## ਹਵਾਲੇ ਤੇ ਟਿੱਪਣੀਆਂ

1. ਸ੍ਰੀ ਸੰਤ ਮਾਨ ਸਿੰਘ ਜੀ ਸ੍ਰੀ ਦਸਮ ਪਿਤਾ ਜੀ ਦੇ ਹਜ਼ੂਰੀ ਸਿੱਖ ਸਨ। ਇਸ ਗੱਲ ਨੂੰ ਸ੍ਰੀ ਸੰਤ੍ਰ ਨਿਹਾਲ ਸਿੰਘ ਜੀ ਕਵੀਂਦ੍ਰ ਇਕ ਹੋਰ ਪ੍ਰਮਾਣ ਨਾਲ ਸਿੱਧ ਕਰਦੇ ਹਨ:

   "ਮੇਖ ਪੰਥ ਬਨੇ ਕਾ ਸੰਮਤ ਅਠਾਰਾ ਸੈਂ ਪੈਂਤੀ ਏਕਾਅਰਥ ਨਿਕਸ੍ਯੋ। ਅਤੇ ਸਤਾਰਾ ਸੈਂ ਪਹਿਠੇ ਮੈਂ ਗੁਰੂ ਗੋਬਿੰਦ ਸਿੰਘ ਜੀ ਵਿਦੇਹ ਮੋਖ ਹੋਣਾ ਹੂਆ ਹੈ। ਯਾਤੈ ਪੈਂਤੀਂ ਔ ਪੈਂਤੀ ਸੱਤਰ ਬਰਖ ਗੁਰੂ ਜੀ ਤੇ ਪੀਛੇ ਮੇਖ ਪੰਥ ਬਨਾ ਹੈ। ਸੋ ਸੁਤਰ ਬਰਖ ਏਕ ਪੁਰਖ ਕੀ ਆਯੂ ਮੈਂ ਤੋਂ ਕਿਛ ਭੀ ਸੰਦੇਹ ਨਹੀਂ। ਸੋ ਇਨ ਸਤਰ ਬਰਖਨ ਮੈਂ ਹੀ ਦੋਇ ਹੂਏ ਹੈਂ ਏਕ ਮਾਨ ਸਿੰਘ ਜੀ ਦੂਜੇ ਗੁਲਾਬ ਸਿੰਘ ਤੋਂ ਜ਼ਰੂਰੀ ਹੀ ਗੁਰੂ ਕੇ ਹਜ਼ੂਰੀ ਸਿੰਘਨ ਕੇ ਬੀਚ ਏ ਭਏ ਹੈਂ।" (ਕਵੀਂਦ੍ਰ ਪ੍ਰਕਾਸ਼, ਪੱਤਰਾ 49)

2. ਇਹ ਟੀਕਾ ਪੰਡਿਤ ਚੰਦ੍ਰਜ ਸਿੰਘ ਟੀਕਾਕਾਰ ਦੇ ਨਾਮ ਨਾਲ ਸਰਵ ਪ੍ਰਸਿਧ ਹੈ। ਚੰਦ੍ਰਜ ਸਿੰਘ, ਪੰਡਿਤ ਬੁਧ ਸਿੰਘ ਜੀ ਦਾ ਉਪਨਾਮ ਸੀ। ਪੁਰਾਨਕ ਮਿਥਿਹਾਸ ਦੇ ਆਧਾਰ 'ਤੇ 'ਬੁੱਧ' ਤੋਂ 'ਚੰਦ੍ਰਜ' ਨਾਮ ਬਣਾਇਆ ਹੈ। ਪੁਰਾਣਾਂ ਅਨੁਸਾਰ 'ਚੰਦ੍ਰਮਾ' 'ਬੁੱਧ' ਦਾ ਪਿਤਾ ਹੈ। 'ਚੰਦ੍ਰਜ' ਸ਼ਬਦ ਦਾ ਅਰਥ ਹੈ 'ਚੰਦ੍ਰਮਾ' ਦਾ ਪੁੱਤਰ; ਚੰਦ੍ਰਮਾ ਦਾ ਪੁੱਤਰ ਬੁੱਧ ਸੀ। ਇਸ ਤਰ੍ਹਾਂ ਕੂਟ ਭਾਸ਼ਾ ਅਨੁਸਾਰ ਪੰਡਿਤ ਜੀ ਨੇ ਇਹ ਉਪਨਾਮ ਧਾਰਨ ਕੀਤਾ ਹੈ।

# ਨਿਰਮਲ ਸੰਪਰਦਾਇ ਦਾ ਆਰੰਭ ਤੇ ਵਿਕਾਸ

*ਸੰਤ ਤੇਜਾ ਸਿੰਘ ਐਮ.ਏ.**

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਇਨ੍ਹਾਂ ਦਾ ਜਨਮ ੧੪੬੯ ਈਸਵੀ ੧੫੨੬ ਬਿਕਰਮੀ ਸੰਮਤ ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਪੱਛਮੀ ਪੰਜਾਬ (ਮੌਜੂਦਾ ਪਾਕਿਸਤਾਨ) ਦੀ ਧਰਤੀ 'ਤੇ ਹੋਇਆ। ਆਪ ਜੀ ਦੇ ਅਵਤਾਰ ਧਾਰਨ ਸਮੇਂ ਆਤਮਕ ਖੋਜੀ ਲੋਕ ਬ੍ਰਹਮ ਦੀ ਹੋਂਦ ਨੂੰ ਨਾ ਮੰਨ ਕੇ ਕਰਮ ਕਾਂਡ, ਉਪਾਸਨਾ ਕਾਂਡ, ਭਗਤੀ ਕਾਂਡ, ਗਿਆਨ ਕਾਂਡ ਆਦਿ ਚੱਕਰਾਂ ਵਿਚ ਹੀ ਫਸੇ ਹੋਏ ਸਨ। ਦ੍ਵੈਤ ਵਾਦ-ਅਦ੍ਵੈਤਵਾਦ, ਦ੍ਵੈਤਾ-ਦਵੈਤ ਆਦਿ ਵਾਦਾਂ ਦੇ ਚੱਕਰਾਂ ਵਿਚ ਹੀ ਉਲਝੇ ਹੋਏ ਸਨ। ਇਨ੍ਹਾਂ ਵਿਚ ਜੀਵ ਈਸ਼ਵਰ ਦਾ ਭੇਦ, ਜੀਵ-ਪ੍ਰਾਕਿਰਤੀ ਦਾ ਭੇਦ, ਜੀਵ-ਜੀਵ ਦਾ ਭੇਦ, ਪ੍ਰਾਕਿਰਤੀ ਤੇ ਈਸ਼ਵਰ ਦਾ ਭੇਦ, ਈਸ਼ਵਰ, ਬ੍ਰਹਮ ਤਤ੍ਵ ਜੀਵ ਤਤ੍ਵ-ਅਵਿਦਿਆ-ਮਾਇਆ-ਸ੍ਰਿਸ਼ਟੀ ਦੀ ਰਚਨਾ ਸੰਬੰਧੀ ਭੇਦ-ਬੰਧ ਮੋਖਸ਼ ਸਬੰਧੀ ਨਾਨਾ ਪ੍ਰਕਾਰ ਦੀ ਭਿੰਨਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਧ ਅਦ੍ਵੈਤ ਸਿਧਾਂਤ ਹੀ ਅਪਨਾਇਆ। ਇਸੇ ਦਾ ਹੀ ਆਪਣੀਆਂ ਚਾਰ ਵੱਡੀਆਂ ਉਦਾਸੀਆਂ ਵਿਚ ਭਾਰਤ ਅਤੇ ਗਵਾਂਢੀ ਦੇਸਾਂ ਵਿਚ ਜਿੱਥੇ ਤੱਕ ਸੌਖਾ ਜਾਇਆ ਜਾ ਸਕਦਾ ਸੀ, ਜਾ ਕੇ ਡੱਟ ਕੇ ਪ੍ਰਚਾਰ ਕੀਤਾ। ਸ੍ਰੀ ਗੁਰੂ ਜੀ ਨੂੰ ਉਸ ਸਮੇਂ ਸੁੱਧ ਅਦਵੈਤਵਾਦ ਨੂੰ ਸਮਝਾਉਣ ਲਈ ਬਹੁਤ ਯਤਨ ਕਰਨਾ ਪਿਆ ਤੇ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਇਹ ਜੀਵ ਅਗਿਆਨ ਦੇ ਵਸ ਹੋ ਕੇ ਅਨੇਕਾਂ ਵਾਰ ਜਨਮ ਮਰਣ ਦੇ ਦੁੱਖ ਵਿਚ ਪੈਂਦਾ ਹੈ। ਜਦ ਤੱਕ ਇਸ ਦਾ ਪ੍ਰਭੂ ਪਰਮਾਤਮਾ ਨਾਲ ਮਿਲਾਪ ਨਹੀਂ ਹੋ ਜਾਂਦਾ, ਉਸ ਸਮੇਂ ਤੱਕ ਇਹ ਜਨਮਦਾ ਮਰਦਾ ਰਹਿੰਦਾ ਹੈ। ਗੁਰੂ ਜੀ ਦਾ ਅਦਵੈਤ ਸਿਧਾਂਤ ਜੀਵ ਨੂੰ ਬ੍ਰਹਮ ਨਾਲ ਅਭੇਦ ਕਰਕੇ ਹਮੇਸ਼ਾਂ ਲਈ ਜਨਮ ਮਰਨ ਦੇ ਦੁਖ ਤੋਂ ਮੁਕਤ ਕਰਨ ਦਾ ਸੀ। ਜੀਵ ਬ੍ਰਹਮ ਦੀ ਏਕਤਾ ਹੋਣ ਤੇ ਹੀ ਜੀਵ ਜਨਮਾਂ-ਜਨਮਾਂਤਰਾਂ ਦੇ ਦੁੱਖਾਂ ਤੋਂ ਮੁਕਤ ਹੋ ਸਕਦਾ ਹੈ। ਗੁਰੂ ਵਾਕ ਹੈ:-

*ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥* (ਗੁਰੂ ਗ੍ਰੰਥ ਸਾਹਿਬ ਪੰਨਾ ੫੯੯)

*ਜੋਤੀ ਜੋਤਿ ਰਲੀ ਸੰਪੂਰਣ ਥੀਆ ਰਾਮ॥* (ਗੁਰੂ ਗ੍ਰੰਥ ਸਾਹਿਬ ਪੰਨਾ ੮੪੬)

ਉਪਰੋਕਤ ਸਿਧਾਂਤ ਦੇ ਪ੍ਰਚਾਰ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਦੇ ਪਿਛੋਂ ਸਿੱਖ ਜਗਤ ਵਿਚ ਕਈ ਸੰਪਰਦਾਵਾਂ ਚਲੀਆਂ, ਜਿਨ੍ਹਾਂ ਨੇ ਗੁਰੂ ਬਾਣੀ-ਗੁਰਮਤਿ ਸਿਧਾਂਤ ਨੂੰ ਦੇਸ-ਪ੍ਰਦੇਸ ਵਿਚ ਜਨ ਸਧਾਰਣ ਤੱਕ ਪਹੁੰਚਾਇਆ। ਸਿੱਖ ਜਗਤ ਨਾਲ ਸੰਬੰਧਿਤ ਸੰਪਰਦਾਵਾਂ-ਨਿਰਮਲੇ, ਸੇਵਾ ਪੰਥੀ ਅੱਡਣਸ਼ਾਹੀ, ਮਹਿਮੇਸ਼ਾਹੀ, ਉਦਾਸੀ, ਨਿਹੰਗ ਸਿੰਘ ਆਦਿ ਹਨ।

ਉਪਰੋਕਤ ਪ੍ਰਮੁੱਖ ਸੰਪਰਦਾਵਾਂ ਵਿਚੋਂ ਨਿਰਮਲ ਭੇਖ ਸਿੱਖ ਪੰਥ ਦੀ ਮੁੱਖ ਤੇ ਪ੍ਰਸਿੱਧ ਸੰਪਰਦਾ

---

* ਗੁਰੂ ਸਰ ਖੁੱਡਾ

ਹੈ। ਇਸ ਸੰਪਰਦਾ ਦੇ ਮੁੱਖ ਰੁਝੇਵੇਂ ਵੇਦਾਂ ਸ਼ਾਸ਼ਤਰਾਂ ਦਾ ਗਿਆਨ-ਭਾਰਤੀ ਦਰਸ਼ਨ ਦਾ ਡੂੰਘਾ ਅਧਿਐਨ-ਆਯੁਰਵੈਦਿਕ ਦਾ ਵਿਸ਼ੇਸ਼ ਗਿਆਨ ਪ੍ਰਾਪਤ ਕਰਕੇ ਉਸ ਦੁਆਰਾ ਜਨਤਾ ਜਨਾਰਦਨ ਦੇ ਸਰੀਰਕ ਰੋਗਾਂ ਦੀ ਨਵਿਰਤੀ ਕਰਨਾ-ਵਿਦਿਆ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ-ਗੁਰਬਾਣੀ ਦੀ ਵਿਆਖਿਆ ਤੇ ਪ੍ਰਚਾਰ ਕਰਨਾ-ਪੜ੍ਹਨਾ ਤੇ ਪੜ੍ਹਾਉਣ ਆਦਿ ਹਨ।

## ਸੰਪਰਦਾਇ ਕੀ ਹੈ?

ਸੰਪਰਦਾਇ ਦੇ ਅਰਥ: ਸੰਪਰਦਾ ਸ਼ਬਦ ਦਾ ਮੂਲ ਧਾਤੂ "ਦ" ਸ਼ਬਦ ਹੈ। ਜਿਸਦਾ ਅਰਥ ਹੈ ਦੇਣਾ, ਇਸੇ ਅੱਖਰ ਦੇ ਅਗੇਤਰ ਵਿਚ ਦੋ ਸ਼ਬਦ 'ਸੰ' ਅਤੇ 'ਪ੍ਰ' ਵਰਤੇ ਹਨ। ਉਪਰੋਕਤ ਤਿੰਨਾਂ ਅੱਖਰਾਂ ਦਾ ਮੇਲ ਬਣਿਆ ਸੰਪ੍ਰਦਾ। ਪੂਰਣ ਅੱਖਰ ਦਾ ਅਰਥ ਹੋਇਆ ਕਿ ਸੰਸਕ੍ਰਿਤੀ ਵਿਚ ਜੋ ਕੁਝ ਗ੍ਰਹਿਣ ਕੀਤਾ, ਉਹ ਦੂਜਿਆਂ ਨੂੰ ਦੇਣਾ।[1]

੧. *ਨਾਨਕ ਧੂੜ ਮੰਗੇ ਤਿਸ ਗੁਰ ਸਿਖ ਕੀ ਜੋ ਆਪ ਜਪੈ ਅਵਰਹ ਨਾਮ ਜਪਾਵੈ॥*

(ਮਹਲਾ ੪, ਪੰਨਾ ੩੦੫-੦੬)

੨. *ਸਾਜਨ ਸੰਤ ਕਰਹੁ ਇਹੁ ਕਾਮ॥ ਆਨ ਤਿਆਗਿ ਜਪਹੁ ਹਰਿ ਨਾਮ॥*
*ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥*

(ਮਹਲਾ ੫ ਪੰਨਾ ੨੯੦)

ਸਿੱਖ ਧਰਮ ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚ ਇਕ ਨਵੀਨ ਤੇ ਆਧੁਨਿਕ ਯੁੱਗ ਦਾ ਸ੍ਰੇਸ਼ਟ ਧਰਮ ਹੈ। ਇਸ ਧਰਮ ਨੇ ਖਤ੍ਰੀ-ਬ੍ਰਾਹਮਣ-ਸੂਦ-ਵੈਸ ਉਪਦੇਸ ਚਹੁ ਵਰਣਾਂ ਕੋ ਸਾਂਝਾ ਕਰਨਾ ਦਰਸਾਇਆ। ਸਰਬੱਤ ਦਾ ਭਲਾ ਮੰਗਣਾ, ਸਿੱਖ ਦੀ ਅਰਦਾਸ ਦਾ ਹਿੱਸਾ ਹੈ। ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਵਾਹਰਾ ਜੀਓ ਦੀ ਬੁਲੰਦ ਅਵਾਜ਼ ਉਠਾਈ। ਜਾਤੀ ਬੰਧਨ ਤੋੜਨਾ-ਸਤੀ ਦੀ ਰਸਮ ਦਾ ਵਿਰੋਧ-ਇਸਤਰੀ ਦੀ ਸਵੈ-ਮਾਣਤਾ ਨੂੰ ਮਾਣ ਦੇ ਕੇ "ਸੋ ਕਿਓ ਮੰਦਾ ਆਖੀਐ ਜਿਤ ਜੰਮੈ ਰਾਜਾਨ", ਇਸਤਰੀ ਜਾਤੀ ਦੇ ਹੱਕ ਵਿਚ ਭਰਪੂਰ ਅਵਾਜ਼ ਉਠਾਈ। ਇਸ ਤਰ੍ਹਾਂ ਸਿੱਖ ਧਰਮ ਮਨੁੱਖੀ ਸਵੈ-ਮਾਣ ਤੇ ਔਰਤ ਨੂੰ ਉੱਪਰ ਉਠਾਣ ਦੀ ਕੋਸ਼ਿਸ਼ ਕਰਦਾ ਹੈ। ਇਹ ਧਰਮ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਪਰਚਾਰਿਆ ਗਿਆ।

ਭਾਈ ਕਾਹਨ ਸਿੰਘ ਨਾਭਾ ਨੇ ਸੰਪਰਦਾਇ ਦੇ ਕਈ ਅਰਥ ਕੀਤੇ ਹਨ। ਜਿਵੇਂ (੧) ਦੇਣ ਵਾਲਾ, (੨) ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤ, (੩) ਪਰੰਪਰਾ ਤੋਂ ਚਲੀ ਧਰਮ ਰੀਤ, (੪) ਗੁਰੂ ਚੇਲੇ ਦੀ ਪੱਧਤੀ, (੫) ਗੁਰ ਉਪਦੇਸ਼ ਧਾਰਨ ਵਾਲੀ ਜਮਾਤ। ਸੋ ਨਿਰਮਲੇ ਸੰਤ ਗੁਰੂ ਨਾਨਕ ਦੇਵ ਜੀ ਦਾ ਗੁਰ ਉਪਦੇਸ ਧਾਰਨ ਕਰਨ ਵਾਲੀ ਸੰਪਰਦਾ ਹੈ।

"ਡਾ. ਸਰਬਜਿੰਦਰ ਸਿੰਘ ਜੀ ਦਾ ਵਿਚਾਰ ਹੈ ਕਿ "ਹਰ ਧਰਮ ਵਿਚ ਅਨੇਕਾਂ ਸੰਪਰਦਾਵਾਂ ਹੋ ਸਕਦੀਆਂ ਹਨ, ਪਰ ਇਕ ਗੱਲ ਨੂੰ ਸਮਝ ਲੈਣਾ ਬੇਹੱਦ ਜ਼ਰੂਰੀ ਹੈ ਕਿ ਹਰ ਸੰਪਰਦਾਇ ਜਿਸ ਧਰਮ ਨਾਲ ਸੰਬੰਧਿਤ ਹੋਵੇਗੀ, ਉਸ ਦੇ ਮੂਲ ਸਿਧਾਂਤ ਨਾਲ ਜੁੜੇ ਰਹਿਣਾ ਉਸ ਲਈ ਲਾਜ਼ਮੀ ਹੁੰਦਾ ਹੈ।" "ਉਪਰੋਕਤ ਕਹੀਆਂ ਸੰਪਰਦਾਵਾਂ ਵਿਚੋਂ ਨਿਰਮਲ ਸੰਪਰਦਾਇ ਸਿੱਖ ਧਰਮ ਦੀ ਪਹਿਲੀ ਤੇ ਪ੍ਰਸਿੱਧ ਸੰਪਰਦਾਇ ਹੈ।"

ਜਨਮ:- ਨਿਰਮਲ ਸੰਪਰਦਾਇ ਦੇ ਜਨਮ ਬਾਰੇ ਦੋ ਧਾਰਨਾਵਾਂ ਪ੍ਰਸਿੱਧ ਹਨ। ਪਹਿਲੀ ਧਾਰਨਾ ਅਨੁਸਾਰ ਇਹ ਸੰਪਰਦਾ-ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਰੂਪ ਸਿੱਖ ਪੰਥ ਦੇ ਜਿਹੜੇ ਮੁਢਲੇ ਸਿਧਾਂਤ ਕਾਇਮ ਕੀਤੇ, ਉਨ੍ਹਾਂ ਨੂੰ ਪਹਿਲਾਂ ਪਹਿਲ

---

1. ਸਰਬਜਿੰਦਰ ਸਿੰਘ: ਵਿਸ਼ਵ ਧਰਮ ਸੰਪ੍ਰਦਾਇ ਪੰਨਾ 1.

ਜਿਨ੍ਹਾਂ ਸਤਪੁਰਖਾਂ ਨੇ ਧਾਰਣ ਕੀਤਾ, ਜੀਵਨ ਵਿਚ ਉਤਾਰਿਆ, ਅਸਲ ਵਿਚ ਉਹ ਹੀ ਨਿਰਮਲੇ ਸੰਤ, ਨਿਰਮਲ ਸੰਪਰਦਾਇ ਕਹੀ ਜਾਣ ਲੱਗੀ। ਹਰ ਧਰਮ ਤੇ ਉਸਦੀਆਂ ਵਿਕਸਤ ਹੋਣ ਵਾਲੀਆਂ ਸੰਪਰਦਾਵਾਂ ਪਹਿਲਾਂ ਪਹਿਲ ਛੋਟੇ ਰੂਪ ਵਿਚ ਹੀ ਹੁੰਦੀਆਂ ਹਨ। ਸਮਾਂ ਪਾ ਕੇ ਇਨ੍ਹਾਂ ਦਾ ਪ੍ਰਚਾਰ ਤੇ ਪ੍ਰਸਾਰ ਹੋ ਜਾਂਦਾ ਹੈ। ਸ੍ਰੀ ਗੁਰੂ ਜੀ ਦੇ ਧਰਮ ਦੀ ਧਾਰਨੀ ਨਿਰਮਲ ਸੰਪਰਦਾਇ ਦੇ ਸੰਤ ਥੋੜ੍ਹੀ ਗਿਣਤੀ ਵਿਚ ਸਨ, ਪਰ ਨਿਯਮਾਂ ਦੇ ਪੱਕੇ ਧਾਰਨੀ ਸਨ। ਇਸੇ ਸੰਪਰਦਾਇ ਨਾਲ ਸੰਬੰਧਿਤ ਸੰਤ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਤੱਕ ਕਾਫ਼ੀ ਪ੍ਰਸਿੱਧ ਹੋ ਚੁੱਕੇ ਹਨ, ਜਿਵੇਂ:- ਭੱਟਾਂ ਨੇ ਸ਼ਬਦ ਕਹੇ ਹਨ।

*ਨਿਰਮਲ ਭੇਖ ਅਪਾਰ ਤਾਸ ਬਿਨ ਅਵਰ ਨਾ ਕੋਈ॥*
*ਮਨ ਬਚ ਜਿਨ ਜਾਣਿਅਉ ਭਯਉ ਤਿਹ ਸਮਸਰਿ ਸੋਈ॥*

ਇਸ ਸੰਪਰਦਾਇ ਲਈ ਭੱਟਾਂ ਨੇ ਭੇਖ ਸ਼ਬਦ ਵਰਤਿਆ ਤੇ ਨਾਲ ਹੀ ਇਸ ਨੂੰ ਅਪਾਰ (ਪਾਰਾ-ਵਾਰ) ਤੋਂ ਰਹਿਤ ਕਿਹਾ ਹੈ। ਇਸੇ ਕਾਲ ਵਿਚ ਭਾਈ ਗੁਰਦਾਸ ਜੀ ਨੇ ਨਿਰਮਲ ਭੇਖ ਬਾਰੇ ਬੜੇ ਵੱਡਮੁੱਲੇ ਸ਼ਬਦ ਕਹੇ ਹਨ:-

*ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ॥*

ਨਿਰਮਲ ਸ਼ਬਦ ਦੀ ਵਿਉਂਤਪਤੀ ਇਸ ਤਰ੍ਹਾਂ ਹੈ:

ਨਿ: ਵਿਸ਼ੇਸ਼ਣ, ਉਪਦ੍ਰਵੇਣ-ਰਹਿਤਾ, ਸਰਬ ਹਿਤਕਾਰੀ, ਧਰਮੋਪਦੇਸ ਵਕਤਾ, ਨਿਰਮਲਾ ਇਤੀ ਸੁਧਾ:-

ਉਪਰੋਕਤ ਭੱਟਾਂ ਦੇ ਸਵੈਯਾਂ ਵਿਚ, ਭਾਈ ਗੁਰਦਾਸ ਜੀ ਦੀ ਵਾਰ ਵਿਚ ਦੋ ਸ਼ਬਦ ਨਿਰਮਲ ਪੇਖ ਅਤੇ ਨਿਰਮਲ ਪੰਥ ਵਰਤੇ ਹਨ। ਜਿਹੜੇ ਦੋਨੋਂ ਹੀ ਇਕ ਖ਼ਾਸ ਭੇਖ ਅਤੇ ਖ਼ਾਸ ਪੰਥ ਦੇ ਜਣਾਇਕ ਹਨ।

ਗਿ: ਗਿਆਨ ਸਿੰਘ ਜੀ ਨੇ ਨਿਰਮਲ ਪੰਥ ਪ੍ਰਦੀਪਕਾ ਵਿਚ, ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਨੇ ਨਿਰਮਲ ਭੇਖ ਭੂਸ਼ਣ ਵਿਚ ਤੇ ਨਿਰਮਲ ਇਤਿਹਾਸ, ਮਹੰਤ ਦਇਆ ਸਿੰਘ ਜੀ ਨੇ, ਨਿਰਮਲ ਭੇਖ ਸੰਪਰਦਾਇ ਨੂੰ ਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਾ ਦੁਆਰਾ ਰਚਿਆ ਨਿਰਮਲ ਪੰਥ ਬੋਧ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚੱਲੀ ਹੋਈ ਸਾਬਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਮਾਣ ਵਰਤੇ ਹਨ। ਜੇ ਗਹੁ ਨਾਲ ਪੜ੍ਹੀਏ ਤਾਂ ਗੁਰਬਾਣੀ ਵਿਚ ਆਏ ਸ਼ਬਦ ਨਿਰਮਲ, ਨਿਰਮਲੇ-ਸੰਤ ਨਿਰਮਲ, ਜਨ ਨਿਰਮਲ ਲਗ-ਪਗ ੧੨੨ ਵਾਰ ਆਏ ਹਨ। ਅਰਥ ਪਰੰਪਰਾ ਅਨੁਸਾਰ ਜਾਂ ਪ੍ਰਸੰਗ ਦੇ ਸੰਦਰਭ ਵਿਚ ਵਿਚਾਰਨ ਤੋਂ ਪਤਾ ਚਲਦਾ ਹੈ ਕਿ ਗੁਰਬਾਣੀ ਵਿਚ ਆਏ ਉਪਰੋਕਤ ਸਬਦ-ਨਿਰਮਲ ਭੇਖ, ਨਿਰਮਲ ਪੰਥ ਜਾਂ ਨਿਰਮਲ ਸੰਪਰਦਾਇ ਨੂੰ ਸਿੱਧ ਨਹੀਂ ਕਰਦੇ। ਇਹ ਵੱਖਰੀ ਗੱਲ ਹੈ ਕਿ ਨਿਰਮਲ ਸ਼ਬਦ ਦੇ ਅਰਥ ਅਨੁਸਾਰ ਵਾ ਗੁਰਬਾਣੀ ਅਨੁਸਾਰ ਜਿਸ ਪੁਰਖ ਨੇ ਜੀਵਨ ਬਣਾ ਲਿਆ ਹੈ। ਉਹ ਨਿਰਮਲ ਜਾਂ ਨਿਰਮਲ ਦਾ ਬਹੁ ਬਚਨ ਨਿਰਮਲੇ ਹੀ ਹਨ। ਜਿਵੇਂ:-

*੧. ਨਾਨਕ ਸੰਤ ਨਿਰਮਲ ਭਏ ਜਿਨ ਮਨ ਵਸਿਆ ਸੋਇ॥*
*੨. ਨਾਨਕ ਨਾਮ ਰਤੇ, ਸੇ ਨਿਰਮਲੇ, ਸਾਚੇ ਰਹੇ ਸਮਾਇ॥*

ਨਿਰਮਲ ਭੇਖ ਦੇ ਆਰੰਭ ਬਾਰੇ ਕਾਫ਼ੀ ਮਤ ਭੇਦ ਹੈ। ਕਿਸੇ ਕੌਮ-ਧਰਮ ਜਾਂ ਸੰਪਰਦਾਇ ਦੇ ਆਰੰਭ ਬਾਰੇ ਠੋਸ ਪਰਮਾਣਾਂ ਦੀ ਘਾਟ ਕਾਰਨ-ਲਿਖਤੀ ਪਰਮਾਣ ਨਾ ਹੋਣ ਤੇ ਕਿਆਸ ਅਰਾਈਆਂ ਕਾਰਨ ਮਤਭੇਦ ਖੜ੍ਹੇ ਹੋ ਜਾਂਦੇ ਹਨ। ਨਿਰਮਲ ਸੰਪਰਦਾਇ ਦੇ ਸਾਧੂ ਆਪਣਾ ਆਚਾਰਯਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਮੰਨਦੇ ਹਨ। ਆਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਜਿਹੜਾ ਵੇਸ ਧਾਰਣ ਕੀਤਾ ਸੀ, ਉਹ ਹੀ ਵੇਸ ਜਿਹਨਾਂ ਧਾਰਨ ਕੀਤਾ

ਤੇ-ਆਪਣੇ ਜੀਵਨ ਵਿਚ ਗੁਰੂ ਜੀ ਦੇ ਸਿਧਾਂਤਾਂ ਨੂੰ ਅਪਣਾਇਆ, ਅਸਲ ਵਿਚ ਉਹ ਹੀ ਨਿਰਮਲੇ ਸੰਤ ਕਹਾਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਿਰਮਲ ਭੇਖ ਦਾ ਮੋਢੀ ਸਾਬਤ ਕਰਨ ਲਈ ਤੇ ਨਿਰਮਲ ਭੇਖ ਦੀ ਪੁਰਾਤਨਤਾ ਨੂੰ ਸਿੱਧ ਕਰਨ ਲਈ ਗਿਆਨੀ-ਗਿਆਨ ਸਿੰਘ ਜੀ ਦੀ ਰਚਿਤ ਪੁਸਤਕ-ਨਿਰਮਲ ਪ੍ਰਦੀਪਕਾ ਵਿਚ ਦਿੱਤੇ ਪ੍ਰਮਾਣਾਂ ਨੂੰ ਹੀ ਆਧਾਰ ਮੰਨਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭੀ ਸਾਧੂਆਂ ਦੀਆਂ ਬਹੁਤ ਸਾਰੀਆਂ ਸੰਪਰਦਾਵਾਂ ਪ੍ਰਚਲਤ ਹੋਣਗੀਆਂ, ਜਿਵੇਂ:- ਸੰਨਿਆਸੀ-ਵੈਰਾਗੀ-ਨਾਥ ਆਦਿ। ੧੪੬੯ ਈਸਵੀ ਵਿਚ ਜਨਮ ਲੈਣ ਤੋਂ ੧੪੯੬ ਤੱਕ ੨੭ ਸਾਲਾਂ ਵਿਚ ਬਹੁਤ ਸਾਰੇ ਸਾਧੂਆਂ ਨਾਲ ਭੇਟ ਤੇ ਵਿਚਾਰ ਵਟਾਂਦਰਾ ਹੋਇਆ ਹੋਵੇਗਾ। ਜਿਵੇਂ ਚੂਹੜਕਾਣੇ ਦੀ ਧਰਤੀ ਤੇ ਸਾਧੂਆਂ ਨੂੰ ਲੰਗਰ ਛਕਾ ਕੇ ਸੱਚਾ ਸੌਦਾ ਕਰਨ ਵੇਲੇ ਮੇਲ ਮਿਲਾਪ ਹੋਇਆ ਸੀ। ਸ੍ਰੀ ਗੁਰੂ ਜੀ ਦੇ ਸ਼ੁੱਧ ਸਿਧਾਂਤਾਂ ਵਾਲੇ ਨਿਰਮਲ ਵੀਚਾਰਾਂ ਨੂੰ ਧਾਰਣ ਕਰਨ ਵਾਲੇ ਹੀ ਨਿਰਮਲ ਪੰਥੀ ਕਹਾਏ। ਅਜੋਕੇ ਸਮੇਂ ਵਿਚ ਸਾਧੂਆਂ ਦੀ ਵੇਸ-ਭੂਸ਼ਾ ਵੱਖਰੀ ਹੈ-ਵੀਚਾਰਾਂ ਵਿਚ ਭਿੰਨਤਾ ਹੈ-ਪ੍ਰਚਾਰ ਕਰਨ, ਚੇਲਾ ਕਰਨ-ਪੂਜਾ ਪ੍ਰਤਿਸ਼ਠਾ ਕਰਨ ਆਦਿ ਵਿਚ ਵੱਖਰਾਪਨ ਹੈ। ਸ੍ਰੀ ਗੁਰੂ ਜੀ ਨੇ ਨਾਥਾਂ, ਯੋਗੀਆਂ, ਸੰਨਿਆਸੀ-ਵੈਰਾਗੀਆਂ ਆਦਿ ਦੇ ਮੱਤਾਂ ਨਾਲੋਂ ਆਪਣਾ ਵੱਖਰਾ ਮੱਤ ਚਲਾਇਆ, ਜਿਸਨੂੰ ਨਿਰਮਲ ਮੱਤ, ਨਿਰਮਲ ਪੰਥ-ਨਿਰਮਲ ਭੇਖ ਕਿਹਾ ਗਿਆ।

ਗੁਰੂ ਜੀ ਨੇ ਗੁਰਮਤਿ ਦੇ ਨਿਰਮਲ ਸਿਧਾਂਤਾਂ ਦੇ ਪ੍ਰਚਾਰ ਹਿਤ ਚਾਰ ਵੱਡੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਦੂਰ ਦੁਰਾਡੇ ਜਾ ਕੇ ਇਸ ਨਿਰਮਲ ਮੱਤ ਦਾ ਗਾਡੀ ਰਸਤਾ ਪ੍ਰਚਲਤ ਕੀਤਾ। ਜਗਯ ਆਦਿ ਤੇ ਯੋਗ ਦੇ ਕਠਿਨ ਸਾਧਨ ਤਿਆਗ ਕੇ ਬਿਬੇਕ ਸਹਿਤ ਭਗਤੀ ਨੂੰ ਦ੍ਰਿੜ ਕਰਵਾਇਆ। ਸਭ ਤੋਂ ਸ੍ਰੇਸ਼ਟ ਪ੍ਰਮੇਸ਼ਰ ਦਾ ਨਾਮ ਜਪਣਾ ਦਸਿਆ।

ਸਿੱਖ ਪੰਥ ਦੀਆਂ ਪ੍ਰਸਿੱਧ ਇਤਿਹਾਸਕ ਪੁਸਤਕਾਂ ਨਾਨਕ ਪ੍ਰਕਾਸ਼, ਨਾਨਕ ਚੰਦ੍ਰਦੋਯ, ਜਨਮ ਸਾਖੀਆਂ, ਪੰਥ ਪ੍ਰਕਾਸ਼-ਸੂਰਜ ਪ੍ਰਕਾਸ਼, ਇਤਿਹਾਸ ਗੁਰੂ ਖ਼ਾਲਸਾ-ਤਵਾਰੀਖ਼ ਗੁਰੂ ਖ਼ਾਲਸਾ ਆਦਿ ਵਿਚ ਗੁਰੂ ਜੀ ਦਾ ਸੰਤ ਭੇਖ ਦੱਸਿਆ ਹੈ। ਗੋਸ਼ਟਾਂ ਵਿਚ ਗੁਰੂ ਜੀ ਆਪਣਾ ਨਿਰਮਲ ਭੇਖ, ਨਿਰਮਲ ਮੱਤ ਹੀ ਬਿਆਨ ਕਰਦੇ ਹਨ। ਉਦਾਹਰਣ ਵਜੋਂ:- ਮੱਕੇ ਦੀ ਗੋਸ਼ਟ ਵਿਚ

੧. *ਕਲਿਯੁਗ ਨਾਨਕ ਨਿਰਮਲਾ, ਪੰਥ ਚਲਾਇਓ ਆਇ॥*
*ਵੇਦ ਕਤੇਬੋਂ ਬਾਹਰੇ, ਜਪਦੇ ਏਕ ਖੁਦਾਇ॥*

੨. *ਕਲਿਯੁਗ ਨਾਨਕ ਨਿਰਮਲਾ, ਗੁਰ ਚੇਲਾ ਪ੍ਰਵਾਨ॥*

੩. *ਸਾਂਤਿ ਸਰੂਪੀ ਸਤਿਗੁਰ ਧਰ ਕਰ ਨਿਰਮਲ ਭੇਖ॥*
*ਪੰਥ ਚਲਾਇਓ ਆਪਣਾ ਦਾਇਕ ਮੁਕਤ ਵਿਸੇਖ॥*

ਨਾਨਕ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਸਤਿਗੁਰੂ ਜੀ ਦਾ ਪਹਿਰਾਵਾ ਇਸ ਤਰ੍ਹਾਂ ਵਰਨਨ ਕੀਤਾ ਹੈ:-

*ਸਿਰ ਪਰ ਨੁਕਲ ਯੁਗਲ ਗਜ, ਗਲ ਖਫਨੀ ਵਰਚੀਰ।* (ਅਧਯਾਇ ੩੪ਵਾਂ, ੩੦ ਪੂ)
*ਸੰਭਿਆਨਾ ਭਗਵਾ ਸਜੇ, ਧਾਰਿਓ ਭੇਖ ਸਰੀਰ॥*

ਸਿਰ ਪਰ ਦੋ ਗਜ਼ ਦਾ ਚਗੂਟਾ, ਗਲ ਵਿਚ ਮਾਲਾ, ਮਲ-ਮਲ ਦੀ ਖਫਨੀ, ਭਗਵੇਂ ਰੰਗ ਦੀ ਚਾਦਰ ਨਿਰਮਲਿਆਂ ਦਾ ਭੇਖ ਹੈ।

ਜੇਕਰ ਗਹੁ ਨਾਲ ਵੀਚਾਰਿਆ ਜਾਵੇ ਤਾਂ ਇਸ ਸਿਟੇ ਤੇ ਪਹੁੰਚਾਂਗੇ ਕਿ ਕੋਈ ਵੀ ਸੰਪਰਦਾ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਵੇ, ਉਹ ਇਕ ਦਮ ਹੋਂਦ ਵਿਚ ਆ ਕੇ ਵਿਸ਼ਾਲ ਰੂਪ ਧਾਰਣ ਨਹੀਂ ਕਰਦੀ। ਉਸ ਨੂੰ ਪੈਦਾ ਹੋਣ ਤੋਂ ਵਿਕਸਤ ਹੋਣ ਤੱਕ ਬੜਾ ਲੰਮਾ ਸਮਾਂ ਲੱਗਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਮਿਥੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਸਾਜਣ ਤੱਕ ੨੦੩ ਸਾਲ ਬਣਦੇ ਹਨ। ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ

ਗੁਰਤਾ ਗੱਦੀ ਤੱਕ ਦਾ ਸਮਾਂ ਗਿਣੀਏ ਤਾਂ ੨੩੯ ਸਾਲ ਬਣਦੇ ਹਨ। ਇਸ ਸਮੇਂ ਵਿਚ ਸਿੱਖ ਧਰਮ ਵਿਚ ਵੱਖ-ਵੱਖ ਸੰਪਰਦਾਵਾਂ ਦਾ ਜਨਮ ਹੋਇਆ। ਨਿਰਮਲ ਸੰਪਰਦਾਇ ਚੂੰਕਿ ਸ੍ਰੀ ਗੁਰੂ ਜੀ ਦੇ ਮੁੱਢਲੇ ਸਿਧਾਂਤਾਂ ਨੂੰ ਧਾਰਨ ਕਰਨ ਵਾਲੀ ਹੈ। ਇਸ ਲਈ ਸ੍ਰੀ ਗੁਰੂ ਜੀ ਦੀ ਨਾਦੀ-ਮੁੱਖ ਤੇ ਪਹਿਲੀ ਇਹ ਸੰਪਰਦਾਇ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਇਹ ਸੰਪਰਦਾਇ ਕਾਫ਼ੀ ਪ੍ਰਸਿੱਧ ਹੋ ਚੁੱਕੀ ਹੋਵੇਗੀ। ਤਾਂ ਹੀ ਇਸ ਸੰਪਰਦਾਇ ਲਈ ਭੱਟਾਂ ਨੇ ਨਿਰਮਲ ਭੇਖ ਅਪਾਰ ਸ਼ਬਦ ਵਰਤਿਆ ਹੈ ਤੇ ਭਾਈ ਗੁਰਦਾਸ ਜੀ ਨੇ ਨਿਰਮਲ ਪੰਥ ਸ਼ਬਦ ਵਰਤਿਆ ਹੈ। ਭਾਈ ਭਗੀਰਥ ਜੀ ਨੇ ਇਕ ਵਾਰ ਗੁਰੂ ਜੀ ਦੀ ਵਡਿਆਈ ਵਿਚ ਲਿਖੀ ਹੈ। ਉਸ ਦੀਆਂ ਕੁਝ ਪੰਗਤੀਆਂ ਇਹ ਹਨ:-

*ਬਾਬਾ ਵੇਈਂ ਨਾਇ ਕੈ ਸਚਖੰਡ ਮਹਿ ਪਹੁਤਾ ਜਾਈ।*
*ਵੇਈਂ ਵਿਚੋਂ ਨਿਕਲੇ ਰੰਗ ਮਜੀਠੀ ਬਸਨ ਧਰਾਈ।*
*ਬੈਠੇ ਕਬਰ ਸਥਾਨ ਮੇਂ ਦਰਸ਼ਨ ਕੋ ਉਲਟੀ ਲੋਕਾਈ।*
*ਵਾਹਿਗੁਰੂ ਸਤਿਨਾਮ ਦੈ ਚਾਰ ਵੇਦ ਕੋ ਸਾਰ ਬਤਾਈ।*
*ਖੰਡ ਬ੍ਰਹਿਮੰਡੀ ਸੈਲ ਕਰ ਭਵ ਨਿਧ ਤਾਰੀ ਖਲਕ ਸਬਾਈ।*
*ਨਿਰਮਲ ਪੰਥ ਚਲਾਇਆ ਏਕ ਵਿਵੇਕ ਭਗਤ ਦ੍ਰਿੜਾਈ।*
*ਸਾਧਨ ਕਠਿਨ ਛੁਡਾਇ ਕੈ ਗੁਰ ਸਿਖੀ ਦੀ ਰੀਤ ਚਲਾਈ।*
*ਕਲਯੁਗ ਨਾਨਕ ਕਲਾ ਦਿਖਾਈ।* (ਵਾਰ ਪਉੜੀ ੩੩ਵੀਂ)

ਧਰਮ ਇਕ ਹੁੰਦਾ ਹੈ ਤੇ ਉਸਦਾ ਵੱਖ-ਵੱਖ ਢੰਗ ਨਾਲ ਪ੍ਰਚਾਰ ਕਰਨ ਵਾਲੀਆਂ ਸ਼੍ਰੇਣੀਆਂ ਜਾਂ ਜਮਾਤਾਂ (ਸੰਪਰਦਾਵਾਂ) ਕਈ ਹੋ ਸਕਦੀਆਂ ਹਨ। ਪ੍ਰਚਾਰ ਦੇ ਢੰਗ ਵਿਚ ਵਖਰੇਵਾਂ ਹੋ ਸਕਦਾ ਹੈ, ਪਰ ਜਿਹੜੀ ਸੰਪਰਦਾ ਕਿਸੇ ਧਰਮ ਨਾਲ ਸੰਬੰਧਿਤ ਹੁੰਦੀ ਹੈ, ਉਹ ਉਸ ਦੇ ਮੂਲ ਸਿਧਾਂਤ ਨਾਲ ਜੁੜੀ ਰਹਿੰਦੀ ਹੈ। ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚ ਵੀ ਵੱਖ-ਵੱਖ ਸੰਪਰਦਾਵਾਂ ਚਲਦੀਆਂ ਹਨ। ਉਹ ਆਪਣੇ ਆਪਣੇ ਧਰਮ ਦੇ ਮੂਲ ਸਿਧਾਂਤ ਨਾਲ ਹੀ ਜੁੜੀਆਂ ਹੋਈਆਂ ਹਨ। ਸਿੱਖ ਧਰਮ ਲੰਮੇ ਸਮੇਂ ਵਿਚ ਰਾਜਨੀਤਿਕ-ਸਮਾਜਿਕ-ਧਾਰਮਿਕ-ਆਰਥਿਕ ਪਰਸਥਿਤੀਆਂ ਵਿਚੋਂ ਦੀ ਲੰਘਿਆ ਹੈ। ਇਸ ਵਿਚ ਵੀ ਕਈ ਸੰਪਰਦਾਵਾਂ ਨੇ ਜਨਮ ਲਿਆ ਹੈ। ਨਿਰਮਲੇ, ਸੇਵਾ ਪੰਥੀ-ਨਿਹੰਗ ਆਦਿ ਮੂਲ ਰੂਪ ਵਿਚ ਸਾਰੀਆਂ ਸੰਪਰਦਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੀਆਂ ਹਨ ਤੇ ਦਸਾਂ ਗੁਰੂਆਂ ਤੇ ਪੂਰਣ ਵਿਸ਼ਵਾਸ ਰੱਖਦੀਆਂ ਹਨ।

ਪਹਿਲੇ ਵੀਚਾਰ ਦੀ ਪੁਸ਼ਟੀ ਇਤਿਹਾਸਕ ਤਿੱਥਾਂ ਤੇ ਤੱਥਾਂ ਦੁਆਰਾ ਪੁਖਤਾ ਰੂਪ ਵਿਚ ਨਹੀਂ ਹੁੰਦੀ।

੨. ਦੂਜੇ ਵਿਚਾਰ ਦੀ ਪੁਸ਼ਟੀ ਇਤਿਹਾਸਕ ਤੌਰ ਤੇ ਹੁੰਦੀ ਹੈ। ਸੰਮਤ ੧੭੪੨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਤੋਂ ਰਾਜਾ ਨਾਹਨ ਦੀ ਧਰਤੀ 'ਤੇ ਜਮਨਾ ਦਰਿਆ ਦੇ ਕੰਢੇ ਪਾਉਂ ਟਿਕਾਇਆ, ਉਹ ਜਗਹ ਹੀ ਪਾਂਵਟਾ ਸ਼ਹਿਰ ਕਰ ਕੇ ਪ੍ਰਸਿੱਧ ਹੈ। ਇਸ ਇਕਾਂਤ ਤੇ ਸੁੰਦਰ ਪ੍ਰਕਿਰਤੀ ਦੀ ਗੋਦ ਵਿਚ ਬੈਠ ਕੇ ਗੁਰੂ ਜੀ ਨੇ ਧਾਰਮਿਕ ਦੀਵਾਨ ਸਜਾਏ। ਜੰਗੀ ਮਸ਼ਕਾਂ ਕਰਾਈਆਂ। ਸਾਹਿਤ ਰਚਨਾਵਾਂ ਕੀਤੀਆਂ। ਉੱਥੇ ਗੁਰੂ ਜੀ ਨੇ ਆਉਣ ਵਾਲੇ ਭਵਿੱਖ ਬਾਰੇ ਡੂੰਘੀ ਵਿਚਾਰ ਨਾਲ ਸੋਚਿਆ। ਸਿੱਖ ਪੰਥ ਨੂੰ ਕਿਵੇਂ ਪੁਖਤਾ ਰੂਪ ਵਿਚ ਕਾਇਮ ਕੀਤਾ ਜਾਵੇ। ਇਸ ਵਿਚਾਰ ਅਨੁਸਾਰ ਗੁਰੂ ਜੀ ਨੇ ੧੭੪੩ ਸੰਮਤ ਨੂੰ ੫ ਸਿੱਖਾਂ ਨੂੰ ਪੁਰਾਤਨ ਸਮੇਂ ਚੋਂ ਚਲੇ ਆ ਰਹੇ ਵਿਦਿਆ ਦੇ ਕੇਂਦਰ ਬਨਾਰਸ (ਕਾਂਸ਼ੀ) ਵਿਚ ਵਿਦਿਆ ਪੜ੍ਹਨ ਲਈ ਭੇਜਿਆ। ਅੰਮ੍ਰਿਤ ਵੇਲੇ ਸਜੇ ਦੀਵਾਨ ਵਿਚੋਂ ਪੰਜਾਂ ਸਿੱਖਾਂ ਨੂੰ ਆਵਾਜ਼ ਦੇ ਕੇ ਤੇ ਨਾਂ ਲੈ ਕੇ ਆਪਣੇ ਪਾਸ ਬੁਲਾਇਆ। ਭਾਈ ਕਰਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸਹਿਣਾ ਸਿੰਘ ਜੀ, ਭਾਈ ਰਾਮ ਸਿੰਘ ਜੀ ਗੁਰੂ ਜੀ ਦੀ ਆਵਾਜ਼ ਸੁਣ ਕੇ ਪਾਸ ਆਏ ਤੇ ਹੱਥ ਜੋੜ ਕੇ ਹੁਕਮ ਦੀ ਉਡੀਕ ਕਰਨ ਲੱਗੇ। ਮਹਾਰਾਜ ਜੀ ਨੇ ਬਚਨ ਕੀਤਾ ਕਿ ਤੁਹਾਨੂੰ ਪੰਜਾਂ ਨੂੰ ਬਨਾਰਸ ਵਿਖੇ ਸੰਸਕ੍ਰਿਤ ਦੀ

ਵਿਦਿਆ ਪੜ੍ਹਨ ਲਈ ਭੇਜ ਰਹੇ ਹਾਂ। ਉਸ ਸਮੇਂ ਇਨ੍ਹਾਂ ਪੰਜਾਂ ਸਿੱਖਾਂ ਨੂੰ ਗੇਰਵੇ ਬਸਤਰ ਪੁਆ ਕੇ ਸੰਨਿਆਸੀ ਰੂਪ ਵਿਚ ਹੱਥ ਵਿਚ ਮਾਲਾ ਤੇ ਚਿੱਪੀ (ਸਾਧੂਆਂ ਦਾ ਵਿਸ਼ੇਸ਼ ਪਾਤਰ ਹੈ) ਦੇ ਕੇ ਆਖਿਆ, ਜਾਉ ਮੇਰੇ ਲਾਲ ਤੁਸੀਂ ਬਨਾਰਸ ਵਿਖੇ ਜਾ ਕੇ ਬੇਦਾਂ, ਸ਼ਾਸ਼ਤਰਾਂ, ਪੁਰਾਣਾਂ ਦਾ ਅਧਿਐਨ ਕਰ ਕੇ ਆਉ। ਗੁਰੂ ਜੀ ਦੀ ਪਰਖ ਵਿਚ ਆਏ ਪੰਜੇ ਸੰਤ ਤੀਖਣ ਬੁੱਧੀ ਦੇ ਮਾਲਕ, ਗੁਰੂ ਦਾ ਹੁਕਮ ਮੰਨਣ ਵਾਲੇ, ਮਨ, ਇੰਦ੍ਰਿਆਂ ਦੇ ਜਿਤੇਂਦਰ, ਵਿਦਿਆ ਅਨੁਰਾਗੀ, ਸਾਹਸੀ, ਉਦਮੀ ਤੇ ਉੱਚੇ ਚਰਿੱਤਰ ਦੇ ਧਾਰਨੀ ਸਨ। ਜਦੋਂ ਪੰਜੇ ਸੰਤ ਕਾਂਸ਼ੀ ਜਾਣ ਦੀ ਆਗਿਆ ਪ੍ਰਾਪਤ ਕਰਨ ਲਈ, ਗੁਰੂ ਜੀ ਦੀ ਸ਼ਰਨ ਵਿਚ ਗਏ ਤਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤੇ।

*ਜਾਉ ਮੇਰੇ ਲਾਲ ਪਾਲ ਕਰ ਹੈ ਅਕਾਲ ਥਾਰੀ।*
*ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ।*
*ਕਾਮ ਕ੍ਰੋਧ ਲੋਭ ਤਿਆਗ ਸਾਗ ਪਾਤ ਖਾਇ ਬਹੁ*
*ਬਟ ਹੂੰ ਕੀ ਛਾਇਆ ਅਥਾ ਸੂਨੇ ਘਰ ਢਾਰੇ ਪੈ।*
*ਬ੍ਰਹਮਚਾਰੀ ਰੀਤ ਜੋਈ ਹੋਈ ਬਿਪਰੀਤ ਸੋਈ।*
*ਸੋਈ ਅਬ ਪ੍ਰਗਟੀਓ ਦੇਸ ਇਸ ਸਾਰੇ ਪੈ।*
*ਵਰਨ ਤੁਮਾਰੇ ਅਬ ਆਸ਼ਰਮ ਸੰਨਿਆਸ ਭਇਓ।*
*ਲਇਓ ਹੈ ਅਰੂਜ ਪਦ ਊਚ ਚੰਦ ਤਾਰੇ ਪੈ।*

ਜਿਸ ਸਥਾਨ ਤੇ ਇਹ ਪੰਜੇ ਸੰਤ ਬੋਹੜ ਦੇ ਦਰਖਤ ਹੇਠਾਂ ਕੱਖਾਂ ਦੀਆਂ ਛੱਪਰੀਆਂ ਬਣਾ ਕੇ ਰਹੇ ਸਨ, ਉਸ ਦਾ ਨਾਂ ਨਿਰਮਲ ਚੇਤਨ ਮੱਠ ਹੈ। ਅੱਜ ਵੀ ਇਸ ਜਗ੍ਹਾ ਤੇ ਰਹਿ ਕੇ ਨਿਰਮਲੇ ਸੰਤ ਵੇਦਾਂ ਸ਼ਾਸ਼ਤਰਾਂ ਦਾ ਡੂੰਘਾ ਅਧਿਐਨ ਕਰਦੇ ਹਨ। ਇਹ ਨਿਰਮਲ ਭੇਖ ਦਾ ਬਨਾਰਸ ਵਿਚ ਪ੍ਰਸਿੱਧ ਸਥਾਨ ਹੈ। ਇਨ੍ਹਾਂ ਪੰਜਾਂ ਨੇ ਪੰਡਿਤ ਸਦਾ ਨੰਦ ਜੀ ਜਿਹੜੇ ਉਸ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ, ਉਨ੍ਹਾਂ ਕੋਲੋਂ ਸੰਸਕ੍ਰਿਤ ਦੀ ਵਿਦਿਆ ਪੜ੍ਹੀ। ਦਿਨ ਪਰ ਰਾਤ ਦੀ ਲਗਨ, ਮੇਹਨਤ ਤੇ ਵਿਦਿਆ ਪ੍ਰਤੀ ਪ੍ਰੇਮ ਹੋਣ ਕਰਕੇ ਗੁਰੂ ਜੀ ਦੀ ਬਖਸ਼ਿਸ਼ ਦੇ ਪਾਤਰ ਬਣ ਕੇ ਲੰਮੇ ਸਮੇਂ ਵਿਚ ਪੜ੍ਹੀ ਜਾਣ ਵਾਲੀ ਵਿਦਿਆ ਥੋੜ੍ਹੇ ਸਮੇਂ ਵਿਚ ਹੀ ਹਾਸਿਲ ਕਰ ਲਈ। ਇਨ੍ਹਾਂ ਨੇ ਵੇਦ, ਵੇਦਾਂਗ, ਵਿਆਕਰਣ, ਉਪਨਿਸ਼ਦਾਂ, ਨਿਆਇ, ਯੋਗ, ਸ਼ਾਂਖ ਸ਼ਾਸ਼ਤਰ ਦਾ ਡੂੰਘਾ ਅਧਿਐਨ ਕੀਤਾ। ਇਸ ਤਰ੍ਹਾਂ ਸੰਸਕ੍ਰਿਤ ਦੇ ਪ੍ਰਕਾਂਡ ਵਿਦਵਾਨ ਬਣ ਕੇ ਗੁਰੂ ਜੀ ਦੀ ਸਰਣ ਵਿਚ ਆਏ। ਇਹ ਪੰਜ ਸੰਤ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪਹਿਲੇ ਨਾਦੀ ਪੁੱਤਰ ਕਹਾਏ। ਗੁਰੂ ਜੀ ਦੇ ਹੁਕਮ ਨਾਲ ਇਨ੍ਹਾਂ ਨੇ ਦੇਸ ਪ੍ਰਦੇਸ ਤੇ ਵਿਖੜੇ ਇਲਾਕਿਆਂ ਵਿਚ ਜਾ ਕੇ ਗੁਰਬਾਣੀ, ਸੰਗੀਤ, ਵੇਦਾਂ-ਸ਼ਾਸ਼ਤਰਾਂ ਦਾ ਗਿਆਨ ਤੇ ਗੁਰਮਤਿ ਵਿਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ।

ਕੁਝ ਸਮਾਂ ਇਸ ਤਰ੍ਹਾਂ ਵਿਰੱਕਤ ਰੂਪ ਵਿਚ ਪ੍ਰਚਾਰ ਕਰਨ ਤੋਂ ਬਾਅਦ ਨਿਰਮਲੇ ਮਹਾਂਪੁਰਖਾਂ ਨੇ ਵਿਦਿਆ ਤੇ ਨਾਮ ਬਾਣੀ ਦਾ ਅਭਿਆਸ ਕਰਨ ਲਈ ਨਿਰਮਲ ਸਥਾਨ, ਡੇਰੇ, ਆਸ਼ਰਮ, ਕੁਟੀਆ ਆਦਿ ਕਾਇਮ ਕਰ ਲਏ। ਸਤਿਗੁਰੂ ਜੀ ਨੇ ਖ਼ਾਲਸਾ ਪੰਥ ਠੀਕ ੧੩ ਸਾਲ ਬਾਅਦ ਸੰਮਤ ੧੭੫੬, ਈਸਵੀ ੧੬੯੯ ਵੈਸਾਖੀ ਦੇ ਦਿਹਾੜੇ ਕੇਸਗੜ੍ਹ ਦੇ ਖੁੱਲ੍ਹੇ ਮੈਦਾਨ ਵਿਚ ਸੰਗਤਾਂ ਦੇ ਬਹੁਤ ਵੱਡੇ ਇਕੱਠ ਵਿਚੋਂ ਵੱਖਰੇ ਤੇ ਅਲੌਕਿਕ ਢੰਗ ਨਾਲ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਕਾਇਮ ਕੀਤਾ, ਇਹ ਖ਼ਾਲਸਾ ਪੰਥ ਗੁਰੂ ਜੀ ਦਾ ਦੂਜਾ ਨਾਦੀ ਪੁੱਤਰ ਕਹਾਇਆ। ਜਿਸਨੂੰ ਫ਼ੌਜੀ ਸਿਖਲਾਈ ਦੇ ਕੇ ਧਰਮ, ਕੌਮ ਤੇ ਦੇਸ਼ ਦੀ ਰਾਖੀ ਲਈ ਜੰਗਜੂ ਸਿਖਿਆ ਦਿੱਤੀ। ਪਹਿਲੇ ਨਾਦੀ ਪੁੱਤਰ ਨੂੰ ਸ਼ਾਸਤਰ ਪੜ੍ਹਾ ਕੇ ਅਗਿਆਨ ਦੇ ਖ਼ਿਲਾਫ਼ ਲੜਨ ਲਈ ਕਿਹਾ। ਦੂਸਰੇ ਨਾਦੀ ਪੁੱਤਰ ਨੂੰ ਸ਼ਸ਼ਤਰਧਾਰੀ ਬਣਾ ਕੇ ਜ਼ੁਲਮ ਦਾ ਖ਼ਾਤਮਾ ਤੇ ਧਰਮ ਦੀ ਰੱਖਿਆ ਕਰਨ ਲਈ ਕਾਇਮ ਕੀਤਾ। ਇਸ ਸਬੰਧ ਵਿਚ ਪੰਡਿਤ ਗੁਲਾਬ ਸਿੰਘ ਜੀ ਨੇ ਮੋਖਸ਼ ਪੰਥ ਨਾਮੀ ਗ੍ਰੰਥ ਵਿਚ ਬੜਾ ਸੁੰਦਰ ਕਵਿਤਾ ਦਾ ਬੰਦ ਲਿਖਿਆ ਹੈ:-

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਣ ਹਰੀ ਅਵਤਾਰ।*
*ਰਚਿਓ ਪੰਥ ਭਵ ਮੇ ਪ੍ਰਗਟ ਦੋ ਬਿਧਿ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਦੈ ਭੁਜ ਬਲ ਬਹੁ ਵਿਸਤਾਰ।*
*ਪਾਲਨ ਭੂਮੀ ਕੋ ਕਰੋ ਦੁਸਟਨ ਮੂਲ ਉਖਾਰ।*
*ਔਰਨ ਕੀ ਪਿਖ ਵਿਮਲ ਮਤ ਦੀਨੋਂ ਪਰਮ ਵਿਵੇਕ।*
*ਨਿਰਮਲ ਭਾਖੈ ਜਗਤ ਤਿ ਹੇਰੈ ਬ੍ਰਹਮ ਸੋ ਏਕ।*

ਇਹ ਗ੍ਰੰਥ ਪੰਡਿਤ ਜੀ ਦੁਆਰਾ ੧੭੭੮ ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ੭੦ ਸਾਲ ਬਾਅਦ ਲਿਖਿਆ ਗਿਆ। ਗੁਰੂ ਜੀ ਨੇ ਪੰਥ ਦੇ ਦੋ ਵਿਭਾਗ ਬਣਾਏ। ਇਕਨਾ ਨੂੰ ਵਿਦਿਆ ਪੜ੍ਹਾ ਕੇ ਅਗਿਆਨ ਖ਼ਿਲਾਫ਼ ਲੜਨ ਲਈ ਤਿਆਰ ਕੀਤਾ ਤੇ ਦੂਜਿਆਂ ਨੂੰ ਜ਼ੁਲਮ ਵਿਰੁੱਧ ਹੱਥ ਵਿਚ ਤਲਵਾਰ ਦੇ ਕੇ ਲੜਨ ਲਈ ਚੁਣਿਆ। ਪਹਿਲਾ ਪੰਥ ਦਾ ਹਿੱਸਾ ਵਿਵੇਕ ਤੇ ਸੂਖਸ਼ਮ ਬੁੱਧੀ ਵਾਲਾ, ਵੇਦਾਂ ਸ਼ਾਸ਼ਤਰਾਂ ਦਾ ਗਿਆਤਾ, ਗੁਰਬਾਣੀ ਦਾ ਡੂੰਘਾ ਅਧਿਐਨ ਕਰਨ ਵਾਲਾ ਤੇ ਸੰਜਮੀ ਜੀਵਨ ਵਾਲਾ ਸੀ। ਇਸੇ ਨੂੰ ਹੀ ਨਿਰਮਲ ਪੰਥ ਕਿਹਾ ਜਾਣ ਲੱਗਾ ਤੇ ਦੂਸਰੇ ਸ਼ਸ਼ਤਰਧਾਰੀ ਨੂੰ ਖ਼ਾਲਸਾ ਪੰਥ ਦੇ ਨਾਂ ਨਾਲ ਪੁਕਾਰਿਆ ਗਿਆ।

ਇਕ ਦਲੀਲ ਅਨੁਸਾਰ ਪਹਿਲੇ ਪਹਿਲ ਖ਼ਾਲਸਾ ਪੰਥ ਨੂੰ ਹੀ ਨਿਰਮਲ ਪੰਥ ਕਿਹਾ ਜਾਂਦਾ ਸੀ। ਬਾਅਦ ਵਿਚ ਸੰਨਿਆਸ ਧਾਰਨ ਕਰਨ ਵਾਲੇ, ਸੰਤੋਖ ਧਾਰਨ ਕਰਨ ਵਾਲੇ ਤੇ ਦਿਨ ਪਰ ਰਾਤ ਨਾਮ ਅਭਿਆਸ ਵਿਚ ਰਤੇ ਹੋਏ ਸਤਪੁਰਖਾਂ ਨੂੰ ਨਿਰਮਲੇ ਕਿਹਾ ਜਾਣ ਲੱਗਾ। ਗੁਰੂ ਜੀ ਦੇ ਹੁਕਮ ਅਨੁਸਾਰ ਨਿਰਮਲੇ ਸੰਤ ਕਖਾਇ-ਗੇਰਵੇ-ਭਗਵੇ ਤੇ ਸਫੇਦ ਬਸਤਰ ਪਹਿਨੇ ਹਨ। ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ ਨਿਰਮਲ ਸੰਪਰਦਾਇ ਪੰਨਾ ੧੪੯ ਤੇ ਬੜਾ ਸੁੰਦਰ ਤੇ ਭਾਵ ਪੂਰਤ ਵਿਚਾਰ ਦਿੰਦੇ ਹਨ:- "ਨਿਰਮਲ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਦੇਖ ਕੇ ਕਿਸੇ ਤਰ੍ਹਾਂ ਦੀ ਨੁਕਤਾ ਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ ਤੇ ਉਨ੍ਹਾਂ ਦਾ ਇਹ ਭੇਖ ਅਸੂਲੀ ਤੌਰ ਤੇ ਨਿੰਦਣ ਯੋਗ ਨਹੀਂ ਮੰਨਿਆ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ ਰੱਖਣਾ, ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁੱਲ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਮੁੜਨ ਸਾਰ ਦੇਸ ਦੇ ਹਰੇਕ ਇਲਾਕੇ ਵਿਚ ਭੇਜਿਆ। ਅਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਵਿਚ ਜਾਣ ਦੇ ਸਮੇਂ ਦਮਦਮੇ ਤੋਂ ਨਾਂਦੇੜ ਤੱਕ ਉਨ੍ਹਾਂ ਨੂੰ ਆਪਣੇ ਅੰਗ-ਸੰਗ ਹੀ ਰੱਖਿਆ। ਪੰਡਿਤ ਕਰਮ ਸਿੰਘ ਜੀ, ਬਾਬਾ ਦਰਗਾਹਾ ਸਿੰਘ ਆਦਿ ਨਿਰਮਲੇ ਸਾਧੂ ਜਿਨਾਂ ਤੋਂ ਆਪ ਨਿਤਾ ਪ੍ਰਤੀ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ ਨਾਂਦੇੜ ਤੱਕ ਆਪਦੇ ਹਮ ਰਕਾਬ ਰਹਿੰਦੇ ਰਹੇ।"

ਇਕ ਹੋਰ ਵਿਚਾਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਪੁੱਜਣ ਸਮੇਂ ਪੰਜਾਂ ਪਿਆਰਿਆਂ ਵਿਚੋਂ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਸਮੇਤ ਹੋਰ ਬਹੁਤ ਸਾਰੇ ਸਹਿਜਧਾਰੀ ਸਿੱਖ ਗੁਰੂ ਜੀ ਨਾਲ ਆਏ ਸਨ। ੧੭੦੮ ਵਿਚ ਗੁਰੂ ਜੀ ਜੋਤੀ ਜੋਤਿ ਸਮਾ ਗਏ। ਉਸ ਸਮੇਂ ਸਿੱਖਾਂ ਤੇ ਸਹਿਜਧਾਰੀ ਸਿੱਖਾਂ ਦੇ ਮਨਾਂ ਵਿਚ ਬਹੁਤ ਵੈਰਾਗ ਆ ਗਿਆ। ਉਨ੍ਹਾਂ ਵਿਚੋਂ ਕੁਝ ਪੰਜਾਬ, ਹਰਿਦੁਆਰ, ਰਾਜਸਥਾਨ ਵੱਲ ਆ ਗਏ ਅਤੇ ਕੁਝ ਨਾਂਦੇੜ ਸਾਹਿਬ ਵਿਖੇ ਰਹਿ ਗਏ। ਬਹੁਤ ਸਾਰੇ ਵੈਰਾਗ ਅਵਸਥਾ ਵਿਚ ਫੌਜੀ ਬਾਣਾ ਤਿਆਗ ਕੇ ਕਖਾਇ, ਗੇਰਵੇ ਬਸਤਰ ਪਹਿਨ ਕੇ ਨਿਰਮਲੇ ਸਾਧੂ ਬਣ ਗਏ। ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ:-

*ਤਬ ਦਯਾ ਸਿੰਘ, ਉਸ਼ਨਾਕ, ਸੈਣਾ ਸਿੰਘ ਵੀਰ ਮ੍ਰਿਗੇਸ਼ ਜੂ।*
*ਸਿੰਘ ਕਰਮ, ਗੰਡਾ ਹਰੀ, ਗਰਜਾ, ਰਾਮ ਸਿੰਘ ਮਹੇਸ਼ ਜੂ।*
*ਇਤਯਾਦਿ ਸਿੰਘ ਬਹੁ ਸ਼ਸਤ੍ਰ ਤਜ ਕੈ, ਬਸਤ੍ਰ ਧਾਰਿ ਕਖਾਇ ਹੈ।*

*ਬਨਿ ਜਗਤ ਤੇ ਬਿਰਕਤ ਭਗਤ ਸੁ ਸੰਤ ਨਿਰਮਲ ਥਾਇ ਹੈ।*
*ਵੈਰਾਗ ਧਰਿ ਬੇਲਾਗ ਹ੍ਵੈ, ਬਡ ਭਾਗ ਵਿਚਰਿ ਸੁਤੰਤ੍ਰੈ।*
*ਹਰਿਦ੍ਵਾਰ, ਕਾਂਸੀ, ਕੁਰੂਖੇਤ੍ਰ ਆਦਿ ਛੇਤ੍ਰ ਅੰਤ੍ਰੈ।*
*ਨਿਗਮਾਗਮ ਪਢਿ ਦਿਨ ਬਿਤੈ ਕੈ ਭਏ ਜੀਵਨ ਮੋਖ ਹੈ।*
*ਕਿਛੁ ਰਹੇ ਤਹਿ ਸੰਤੋਖ ਸਿੰਘ ਲੌ, ਧਾਰਿ ਉਹ ਸੰਤੋਖ ਹੈ।*
*ਕਿਛ ਬਹੇ ਧਰਿ ਅਵਧੂਤ ਬ੍ਰਿਤੀ, ਤਟ ਗੁਦਾਵਰਿ ਹੀ ਤਹੀ।*
*ਕਿਛ ਭਏ ਮਸਤ ਕ੍ਰਿਤ ਤਜਿ, ਵਸਤੂ ਪਾਈ ਸ੍ਵੈ ਸਹੀ।*
*ਦਰਬਾਰ ਸਿੰਘ ਦੀਵਾਨ ਲਾਂਗਰੀ, ਹਰੀ ਸਿੰਘ ਸੁਜਾਨ ਜੋ।*
*ਕ੍ਰਿਪਾਲ ਸਿੰਘ ਦਰਗਾਹ ਦੇਵ ਸਿੰਘ ਮਾਨ ਰੁ ਗਯਾਨ ਲੋ।*

(ਸ੍ਰੀ ਗੁਰੂ ਪੰਥ ਪ੍ਰਕਾਸ਼ ਸੰਪਾਦਕ ਗਿ. ਕ੍ਰਿਪਾਲ ਸਿੰਘ ਜੀ)

ਦੂਜੇ ਵੀਚਾਰ ਦੀ ਪੁਸ਼ਟੀ ਇਤਿਹਾਸਕ ਤੌਰ ਤੇ ਹੁੰਦੀ ਹੈ। ੧੬੯੯ ਈਸਵੀ ਨੂੰ ਖ਼ਾਲਸਾ ਸਾਜਣ ਸਮੇਂ ਪੰਜਾਂ ਪਿਆਰਿਆਂ- ਭਾਈ ਦਇਆ ਰਾਮ ਜੀ, ਭਾਈ ਧਰਮ ਚੰਦ ਜੀ, ਭਾਈ ਹਿੰਮਤ ਰਾਮ ਜੀ, ਭਾਈ ਮੋਹਕਮ ਚੰਦ ਜੀ, ਭਾਈ ਸਾਹਿਬ ਚੰਦ ਜੀ ਪੰਜੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਤੋਂ ਅੰਮ੍ਰਿਤ ਛਕਣ ਵਾਲੇ ਨਿਰਮਲੇ ਸੰਤ ਹੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਾਂਤਮਈ ਪ੍ਰਵਾਰ ਪਿੱਛੋਂ ੨੦੩ ਸਾਲ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਧੋਇ (ਚਰਣਾਮਿ) ਸੰਸਕਾਰ ਬਦਲ ਕੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਗੁਰ ਸਿੱਖਾਂ ਨੂੰ ਛਕਾਇਆ। ਸਾਧੂ, ਵਿਰੱਕਤਾਂ ਛਕਿਆ, ਨਿਰਮਲੇ ਕਹਾਏ ਤੇ ਗ੍ਰੇਹੀਆਂ ਨੇ ਛਕਿਆ ਸਿੱਖ ਕਹੇ ਜਾਣ ਲੱਗੇ। ਪੰਜ ਪਿਆਰੇ ਨਿਰਮਲੇ ਸੰਤ ਹੀ ਸਨ। ਪੰਜਾਂ ਪਿਆਰਿਆਂ ਦੀ ਚੋਣ ਵਿਚ ਵੀ ਵਿਵੇਕੀ-ਬੁੱਧੀਮਾਨ-ਤਿਆਗੀ-ਸੰਸਾਰ ਨੂੰ ਨਾਸ਼ਮਾਨ ਸਮਝਣ ਵਾਲੇ ਗੁਰੂ ਸ਼ਬਦ ਗੁਰੂ ਸ਼ਬਦ ਦੇ ਧਾਰਨੀ ਨਿਰਮਲੇ ਸੰਤਾਂ ਨੇ ਹੀ ਆਪਣੇ ਆਪ ਨੂੰ ਗੁਰੂ ਸਾਹਿਬ ਅੱਗੇ ਭੇਟ ਕੀਤਾ। ਜਿਹੜਾ ਆਦਮੀ ਘਰੋਂ ੨-੩ ਦਿਨ ਦਾ ਮੇਲਾ ਵੇਖਣ ਗਿਆ ਹੋਵੇ, ਉਹ ਕਦੇ ਵੀ ਸਿਰ ਦੇਣ ਵਾਲੀ ਪ੍ਰੀਖਿਆ ਵਿਚ ਨਹੀਂ ਪੈਂਦਾ ਹੈ। ਗੁਰੂ ਜੀ ਦਾ ਹੁਕਮ ਮੰਨ ਕੇ ਉਨ੍ਹਾਂ ਪੰਜ ਨਿਰਮਲੇ ਸੰਤਾਂ ਨੇ ਸਤਿਗੁਰੂ ਜੀ ਤੋਂ ਅੰਮ੍ਰਿਤ ਪਾਨ ਕਰਕੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੁਹਕਮ ਸਿੰਘ ਜੀ ਤੇ ਭਾਈ ਸਾਹਿਬ ਸਿੰਘ ਜੀ ਨੇ ਆਪਣਾ ਆਪ ਗੁਰੂ ਜੀ ਨੂੰ ਸਮਰਪਿਤ ਕਰ ਦਿੱਤਾ। ਗੁਰੂ ਜੀ ਨੇ ਉਪਰੋਕਤ ਪੰਜਾਂ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾਕੇ ਪੰਜਾਂ ਪਿਆਰਿਆਂ ਦਾ ਨਾਂ ਦਿੱਤਾ। ਇਸ ਤਰ੍ਹਾ ਖ਼ਾਲਸਾ ਪੰਥ ਦਾ ਆਰੰਭ ਹੋਇਆ। ਪੰਜਾਂ ਪਿਆਰਿਆਂ ਦਾ ਕੋਈ ਅੰਸ ਵੰਸ਼ ਤੇ ਪਰਿਵਾਰ ਆਦਿ ਨਹੀਂ ਮਿਲਦੇ। ਇਹ ਪੰਜੇ ਬਿਰੱਕਤ ਨਿਰਮਲੇ ਸੰਤ ਹੀ ਸਨ।

*ਇਹ ਬਿਧਿ ਪਾਂਚੋ ਸਿੰਘ ਕੋ ਖੰਡੇ ਪਾਹੁਲ ਦੀਨ।*
*ਪੰਚ ਕੋਸ ਉਹ ਗਯਾਨ ਦੇ, ਨਿਰਮਲ ਪੰਥ ਸੋ ਕੀਨ॥*

ਸੂਰਜ ਪ੍ਰਕਾਸ ਰੁੱਤ ੧ ਅੱਸੂ ੧੯ (ਪੰਨਾ ੪੫)

**ਪਟਿਆਂ ਦੁਆਰਾ ਪੁਰਾਤਨਤਾ:-** ਪਹਿਲਾਂ ਪਹਿਲ ਨਿਰਮਲੇ ਵਿਰੱਕਤ ਸਾਧੂ ਜ਼ਿਆਦਾ ਕਰਕੇ ਦੇਸ ਭ੍ਰਮਣ ਹੀ ਕਰਦੇ ਸਨ, ਜਾਂ ਤੀਰਥਾਂ ਦੀ ਯਾਤਰਾ ਹੀ ਕਰਦੇ ਸਨ ਪਰ ਕੁਝ ਸਮੇਂ ਬਾਅਦ ਜਥੇਬੰਦਕ ਤੌਰ ਤੇ ਜਾਂ ਵਿਰੱਕਤ ਜੀਵਨ ਛੱਡ ਕੇ, ਡੇਰੇ ਧਰਮਸਾਲਾ ਬਣਾ ਕੇ ਪੱਕੇ ਤੌਰ ਤੇ ਰਹਿਣ ਲੱਗੇ। ਸਭ ਤੋਂ ਪਹਿਲਾਂ ਸਥਾਨ ੧੭੪੩ ਸੰਮਤ ਨੂੰ ਚੇਤਨ ਮੱਠ ਬਨਾਰਸ ਵਿਚ ਜਿੱਥੇ ਪੰਜ ਨਿਰਮਲੇ ਸੰਤਾਂ ਨੇ ਨਿਵਾਸ ਕੀਤਾ ਤੇ ਲੰਮਾ ਸਮਾਂ ਵਿਦਿਆ ਪੜ੍ਹੀ, ਨਿਰਮਲਿਆਂ ਦਾ ਪਹਿਲਾ ਨਿਰਮਲ ਆਸ਼ਰਮ ਕਾਇਮ ਹੋਇਆ। ਸ੍ਰੀ ਗੁਰੂ ਗੋਬਿੰਦ ਸਾਹਬਿ ਜੀ ਮਹਾਰਾਜ ਜੀ ਪਿੱਛੋਂ ਤਾਂ ਡੇਰੇ ਬਣਾ ਕੇ ਬੈਠਣ ਦੇ ਇਤਿਹਾਸਕ ਸਬੂਤ ਮਿਲਦੇ ਹਨ। ਜਿਵੇਂ ਸ੍ਰੀ ਗੁਰੂ ਜੀ ਨੇ ੧੭੦੮ ਈਸਵੀ ਵਿਚ ਸਚਖੰਡ ਜਾਣਾ ਕੀਤਾ ਤੇ ੧੭੧੦ ਈਸਵੀ ਵਿਚ ਬਾਬਾ ਦਰਗਾਹਾ ਸਿੰਘ ਜੀ ਨੇ ਕਨਖਲ ਵਿਚ

ਨਿਵਾਸ ਕੀਤਾ ਤੇ ੧੭੨੬ ਈਸਵੀ ਵਿਚ ਰਾਇ ਅਹਮਦ ਨੇ ਬਹੁਤ ਸਾਰੀ ਜ਼ਮੀਨ ਦਾ ਪਟਾ ਲਿਖ ਕੇ ਬਾਬਾ ਦਰਗਾਹਾ ਸਿੰਘ ਨੂੰ ਦਿੱਤਾ। ੧੭੪੩ ਈਸਵੀ ਨੂੰ ਪੰਡਿਤ ਮਾਨ ਸਿੰਘ ਨੇ ਕੁਰੂਕਸ਼ੇਤਰ ਵਿਚ ਧਰਮ ਅਰਥ ਜ਼ਮੀਨ ਪਟੇ ਉੱਤੇ ਲਈ। ੧੭੫੨ ਈਸਵੀ ਵਿਚ ਮਹਾਰਾਜਾ ਆਲਾ ਸਿੰਘ ਦੀ ਪੁੱਤਰੀ ਬੀਬੀ ਪ੍ਰਧਾਨ ਕੌਰ ਨੇ ਪੰਡਿਤ ਨਿੱਕਾ ਸਿੰਘ ਨੂੰ ੩੦ ਪਿੰਡਾਂ ਦਾ ਪਟਾ ਲਿਖ ਕੇ ਦਿੱਤਾ। ਇਸ ਤਰ੍ਹਾਂ ਬਹੁਤ ਸਾਰੇ ਸਰਦਾਰਾਂ, ਜਾਗੀਰਦਾਰਾਂ-ਰਾਜਿਆਂ ਨੇ ਨਿਰਮਲੇ ਸੰਤਾਂ ਨੂੰ ਜ਼ਮੀਨਾਂ ਦੇ ਪਟੇ ਲਿਖ ਕੇ ਦਿੱਤੇ।

ਪਹਿਲਾਂ ਪਹਿਲ ਨਿਰਮਲੇ ਸੰਤ ਵਿਵੇਕੀ ਸਨ। ਇਹ ਮਕਾਨ-ਡੇਰੇ ਜਾਂ ਸਥਾਨ ਆਦਿ ਬਣਾ ਕੇ ਨਹੀਂ ਬੈਠਦੇ ਸਨ। ਦੇਸ-ਪ੍ਰਦੇਸ ਵਿਚ ਕੁੰਭਾਂ, ਮੇਲਿਆਂ, ਤੀਰਥਾਂ ਤੇ ਪੇਂਡੂ, ਦਿਹਾਤੀ ਜੰਤਾ ਵਿਚ ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਪੈਸਾ ਇਕੱਠਾ ਕਰਨਾ, ਜ਼ਮੀਨ ਖਰੀਦਣੀ-ਮਕਾਨ ਬਣਾਉਣ ਨੂੰ ਬੰਧਨ ਸਮਝਦੇ ਸਨ। ਇਹ ਹੀ ਕਾਰਣ ਹੈ ਕਿ ਨਿਰਮਲੇ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਲੰਮੇ ਸਮੇਂ ਤੱਕ ਬਿਹੰਗਮ ਵਿਰੱਕਤ ਹੀ ਵਿਚਰਦੇ ਰਹੇ। ਨਵਿਰਤੀ ਪੱਖ ਵਿਚ ਹੀ ਰਹੇ। ਸੰਸਾਰੀ ਕਾਰ ਵਿਹਾਰ ਤੋਂ ਨਿਰਲੇਪ ਰਹਿ ਕੇ ਆਤਮਕ ਚਿੰਤਨ ਤੇ ਪੜ੍ਹਨ ਪੜ੍ਹਾਉਣ ਵਿਚ ਹੀ ਲੀਨ ਰਹਿੰਦੇ ਸਨ।

੧੮੨੧ ਈਸਵੀ ਨੂੰ ਸ. ਅਮਰ ਸਿੰਘ ਬੱਗੋ ਨੇ ਪੁਰਾਣੇ ਸੁਜਾਨਪੁਰ ਦਾ ਪਟਾ ਪੰਡਿਤ ਲੱਖਾ ਸਿੰਘ ਨਿਰਮਲੇ ਨੂੰ ਲਿਖ ਕੇ ਦਿੱਤਾ। ਪੰਡਿਤ ਜੀ ਨੇ ਨਾ ਲਿਆ। ਸ. ਗੁੱਜਰ ਸਿੰਘ ਗੁਜਰਾਤ ਵਾਲੇ ਨੇ ਸੰਤ ਸੂਬਾ ਸਿੰਘ ਨਿਰਮਲੇ ਨੂੰ ਪਰਗਨਾ ਮੀਰਪੁਰ ਦਾ ਧਰਮ ਅਰਥ ਦਿੱਤਾ- ਸੰਤਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ੧੮੨੩ ਈਸਵੀ ਨੂੰ ਸਦਾ ਸਿੰਘ ਬਾੜ ਵਾਲੀਏ ਨਕਈ ਨੇ ਸੰਤ ਭਾਗ ਸਿੰਘ ਨੂੰ ੭ ਪਿੰਡਾਂ ਦਾ ਪਟਾ ਸ. ਜੈ ਸਿੰਘ ਘਨਈਏ ਨੇ ੧੮੪੬ ਵਿਚ ਸੰਤ ਦਰਗਾਹਾ ਸਿੰਘ ਨੂੰ ੮ ਪਿੰਡਾਂ ਦਾ ਪਟਾ ਲਿਖ ਦਿੱਤਾ। ਪਰ ਸੰਤਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ।

**ਪੁਸਤਕਾਂ ਦੁਆਰਾ ਪੁਰਾਤਨਤਾ:-** ਨਿਰਮਲੇ ਮਹਾਂਪੁਰਖਾਂ ਨੇ ਪੁਸਤਕਾਂ ਰਚੀਆਂ ਜਿਨਾਂ ਦੁਆਰਾ ਨਿਰਮਲ ਭੇਖ ਦੇ ਮਹਾਂਪੁਰਖਾਂ ਦੀ ਹੋਂਦ ਦਾ ਪਤਾ ਲਗਦਾ ਹੈ। ਜਿਵੇਂ:-

੧੭੫੩ ਈਸਵੀ ਵਿਚ ਕਰਮ ਵਿਪਾਕ (ਪੰਡਿਤ ਗੁਲਾਬ ਸਿੰਘ ਜੀ)

੧੭੬੦ ਈਸਵੀ ਵਿਚ ਪ੍ਰਬੋਧ ਚੰਦ੍ਰ ਨਾਟਕ (ਪੰਡਿਤ ਗੁਲਾਬ ਸਿੰਘ ਜੀ)

੧੭੬੭ ਈਸਵੀ ਵਿਚ ਅਦਵੈਤ ਸਿੱਧੀ ਦੀ ਸੁਗਮ ਸਾਰ ਚੰਦ੍ਰਿਕਾ (ਪੰਡਿਤ ਸਦਾ ਸਿੰਘ ਜੀ ਚੇਤਨ ਮਠ ਕਾਂਸੀ)

੧੭੭੮ ਈਸਵੀ ਵਿਚ ਮੋਖਸ਼ ਪੰਥ (ਪੰਡਿਤ ਗੁਲਾਬ ਸਿੰਘ ਜੀ)

ਇਹ ਰਚਨਾਵਾਂ ਸਿੱਖ ਮਿਸਲਾਂ ਦੇ ਸਮੇਂ ਦੀਆਂ ਹਨ ਸੋ ਪ੍ਰਮਾਣਿਕ ਤੌਰ ਤੇ ਨਿਰਮਲਿਆਂ ਮਹਾਂਪੁਰਖਾਂ ਦੀ ਹੋਂਦ ੧੭੧੦ ਤੋਂ ਹੀ ਪ੍ਰਗਟ ਹੋਣੀ ਸ਼ੁਰੂ ਹੋਈ ਹੈ।

ਸਚ ਦਾ ਉਪਦੇਸ਼ ਸੁਣਨ ਵਾਲੇ ਨੂੰ ਬਿਬੇਕਬੁੱਧੀ ਦੀ ਲੋੜ ਹੈ। ਆਤਮ ਤਤਵ ਦੇ ਉਪਦੇਸ਼ ਨੂੰ ਇਕ ਦਮ ਸਮਝ ਲੈਣਾ ਬੜਾ ਕਠਿਨ ਹੈ। ਇਸ ਮੰਜ਼ਲ ਤੇ ਪੁੱਜਣ ਨਹੀ ਪਹਿਲਾਂ ਕਰਮ ਅਭਿਆਸ ਦੀ ਲੋੜ ਹੈ। ਤੀਰਥ, ਬ੍ਰਤ-ਨੇਮ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਉਸ ਪਿੱਛੋਂ ਬਿਬੇਕ-ਵੈਰਾਗ-ਖਟ ਸੰਪਤੀ-ਮੋਖਸ਼ ਸਾਧਨਾ ਸਹਿਤ ਬਿਬੇਕ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ। ਫਿਰ ਜੀਵ ਸ੍ਰਵਣ-ਮੰਨਨ ਤੇ ਨਿਧਿਆਸਨ ਕਰਦਾ ਹੈ। ਫਿਰ ਉਸਦੀ ਬੁੱਧੀ ਸਥਿਰ ਹੁੰਦੀ ਹੈ। ਇਸ ਸਥਿਰ ਅਵਸਥਾ ਨੂੰ ਪ੍ਰਾਪਤ ਕਰਕੇ ਉਤਮ ਅਧਿਕਾਰੀ ਆਤਮ ਤਤਵ ਪ੍ਰਾਪਤ ਕਰ ਸਕਦਾ ਹੈ। ਇਹ ਹੀ ਉਤਮ ਅਧਿਕਾਰੀ ਹੈ ਤੇ ਮਹਾਂਵਾਕਯ ਦੇ ਸੁਣਨ ਨਾਲ ਹੀ ਇਸਨੂੰ ਅਪਰੋਖ ਗਿਆਨ ਹੁੰਦਾ ਹੈ।

ਵਿਦਵਾਨ ਪੁਰਖਾਂ ਨੇ ਅਧਿਕਾਰੀ ੪ ਪ੍ਰਕਾਰ ਦੇ ਗਿਣੇ ਹਨ। ਉਤਮ-ਮਧਮ-ਕਨਿਸ਼ਟ ਤੇ ਪਾਮਰ। ਪਾਮਰ ਉਪਦੇਸ ਦਾ ਅਧਿਕਾਰੀ ਨਹੀਂ। ਕਨਿਸ਼ਟ ਨੂੰ ਯਤਨ ਕਰਕੇ ਪਰਮਾਤਮਾ ਵੱਲ ਜੋੜਿਆ ਜਾ ਸਕਦਾ ਹੈ। ਮੱਧਮ ਅਧਿਕਾਰੀ ਰਸਤੇ ਵੱਲ ਜਾ ਰਿਹਾ ਹੈ। ਉਸਨੂੰ ਥੋੜ੍ਹੀ ਸਹਾਇਤਾ ਦੀ ਲੋੜ ਹੈ। ਮੰਜਿਲ ਤੇ ਪਹੁੰਚ ਜਾਵੇਗਾ। ਉਤਮ ਅਧਿਕਾਰੀ ਨੂੰ ਕੇਵਲ ਮਹਾਂਵਾਕ ਦੁਆਰਾ ਹੀ

ਅਪਰੋਖ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸੋ ਗੁਰੂ ਨਾਨਕ ਦੇਵ ਜੀ ਨੇ ਕਿਵ ਸਚਿਆਰਾ ਹੋਈਐ, ਉਤਮ ਅਧਿਕਾਰੀ ਬਣਨ ਵਾਸਤੇ ਕਿਹਾ ਹੈ। ਪਹਿਲੋ ਪਹਿਲ ਜਿਨਾਂ ਬਿਬੇਕ ਬੁੱਧੀ ਵਾਲੇ ਪੁਰਖਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਉਪਦੇਸ਼ ਨੂੰ ਸੁਣਿਆ ਤੇ ਜੀਵਨ ਵਿਚ ਧਾਰਣ ਕੀਤਾ ਉਹ ਹੀ ਨਿਰਮਲੇ ਸੰਤ ਸਨ। ਇਹ ਇਕ ਦਲੀਲ ਹੈ। ਠੋਸ ਨਿਰਣਾ ਨਹੀਂ ਹੈ।

**ਨਿਰਮਲਾ ਕਉਣ ਹੈ:-** ਭਾਵੇਂ ਨਿਰਮਲ ਸੰਪਰਦਾਇ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਮੰਨਿਆ ਜਾਵੇ ਤੇ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਮੰਨਿਆ ਜਾਵੇ ਪਰ ਇਕ ਗੱਲ ਪ੍ਰਤੱਖ ਤੇ ਸਪੱਸ਼ਟ ਹੈ ਕਿ ਨਿਰਮਲੇ ਰਾਗ ਦਵੈਸ਼ ਤੋਂ ਪਿਆਰੇ ਬਿਬੇਕ-ਵੈਰਾਗ ਦੇ ਧਾਰਣੀ ਸਮ-ਦਮ-ਸ਼ਰਧਾ ਸੰਪੰਨ ਰਹਿ ਕੇ ਸਾਦੇ ਗੇਰਵੇ ਬਸਤਰ ਪਹਿਨ ਕੇ ਸ਼ਾਂਤ ਚਿਤ ਰਹਿ ਕੇ ਨਾਮ ਤੇ ਗੁਰਬਾਣੀ ਦਾ ਅਭਿਆਸ ਕਰਦੇ ਹਨ। ਨਾਲ ਨਾਲ ਗੁਰਬਾਣੀ, ਗੁਰਮਤਿ ਤੇ ਬੇਦਾਂ ਸ਼ਾਸਤਰਾਂ ਦਾ ਅਭਿਆਸ ਤੇ ਅਧਿਐਨ ਬੜੀ ਗਹਿਰਾਈ ਨਾਲ ਕਰਦੇ ਹਨ। ਸਿੱਖ ਪੰਥ ਦੀ ਇਕ ਵਿਦਵਾਨ ਸ਼ਾਖਾ ਹੈ। ਵੈਰਾਗੀ-ਤਿਆਗੀ ਜੀਵਨ ਵਿਚ ਰਹਿ ਕੇ ਸਿੱਖ ਜਗਤ ਦੀ ਚਲਦੀ ਫਿਰਦੀ ਯੂਨੀਵਰਸਿਟੀ ਹੈ। ਗੁਰਮਤਿ ਦੇ ਅਸਲ ਮਿਸ਼ਨਰੀ ਹਨ। ਜਿਨਾਂ ਨੇ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਮੁਫ਼ਤ ਗੁਰਬਾਣੀ-ਗੁਰਮਤਿ ਤੇ ਬੇਦਾਂ ਸ਼ਾਸ਼ਤਰਾਂ ਦਾ ਪ੍ਰਚਾਰ- ਪਿੰਡਾਂ ਨਗਰਾਂ-ਵਿਚ ਦੂਰ ਦੁਰਾਡੇ ਜਾ ਕੇ ਨਿਰਮਲ ਪੰਚਾਇਤੀ ਅਖਾੜੇ ਦੇ ਰੂਪ ਵਿਚ ਕੀਤਾ।

**ਤਰੱਕੀ:-** ਜਿਹਾ ਕਿ ਪਿਛੇ ਵੀਚਾਰ ਕੀਤੀ ਗਈ ਹੈ ਕਿ ਨਿਰਮਲਿਆਂ ਦਾ ਪਹਿਲਾ ਸਥਾਨ ਸੰਮਤ ੧੭੪੩ ਨੂੰ ਬਨਾਰਸ ਵਿਖੇ ਚੇਤਨ ਮੁੱਠ ਜਿੱਥੇ ਨਿਰਮਲਿਆਂ ਨੇ ਲੰਮਾ ਸਮਾਂ ਬੋਹੜ ਦੇ ਦਰੱਖਤ ਹੇਠਾਂ ਕੱਖਾਂ ਦੀਆਂ ਛਪਰੀਆਂ ਪਾ ਕੇ ਵਿਦਿਆ ਪੜ੍ਹੀ, ਉੱਥੇ ਕਾਇਮ ਹੋਇਆ। ਇਸ ਪਿਛੋਂ ੧੭੭੦ ਵਿਚ ਬਾਬਾ ਦਰਗਾਹਾ ਸਿੰਘ ਜੀ ਨੇ ਪਹਿਲਾ ਡੇਰਾ ਕਨਖਲ (ਹਰਿਦੁਆਰ) ਵਿਖੇ ਬੰਨਿਆ। ਫਿਰ ੪੦ ਕੁ ਸਾਲ ਬਾਅਦ ਸੰਤ ਕੁਇਰ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਬੁੰਗਾ ਨਿਰਮਲਿਆਂ ਕਾਇਮ ਕੀਤਾ। ਇਸ ਤਰ੍ਹਾਂ ਨਿਰਮਲੇ ਸੰਤ ਤੀਰਥ ਅਸਥਾਨਾਂ-ਸ਼ਹਿਰਾਂ-ਪਿੰਡਾਂ ਵਿਚ ਡੇਰੇ-ਕੁਟੀਆ-ਧਰਮਸ਼ਾਲਾ ਬਣਾ ਕੇ ਪੱਕੇ ਤੌਰ ਤੇ ਰਹਿਣ ਲੱਗ ਪਏ। ਜਿੱਥੇ ਆਪ ਪ੍ਰਮੇਸ਼ਰ ਦਾ ਨਾਮ ਜਪਦੇ ਸਨ, ਉੱਥੇ ਲੋਕਾਂ ਨੂੰ ਵੀ ਪ੍ਰਮੇਸ਼ਰ ਨਾਲ ਜੋੜਨ ਲੱਗ ਪਏ। ਲੋਕਾਂ ਨੂੰ ਗੁਰਬਾਣੀ ਦਾ ਗਿਆਨ-ਕਥਾ-ਕੀਰਤਨ ਤੇ ਵਖਿਆਨ ਦੁਆਰਾ ਗੁਰਮਤਿ ਦਾ ਪ੍ਰਚਾਰ ਕਰਨ ਲੱਗ ਪਏ। ਵਿਦਿਆ ਪੜ੍ਹਾਉਣ ਲੱਗ ਪਏ। ਡੇਰੇ ਧਰਮਸ਼ਾਲਾ ਵਿਚ ਆਏ ਗਏ ਜੀਵ ਮਾਤਰ ਨੂੰ ਜਿੱਥੇ ਰੋਟੀ-ਕਪੜਾ ਆਦਿ ਰਹਿਣ ਲਈ ਦਿੰਦੇ ਸਨ, ਉੱਥੇ ਉਸਨੂੰ ਗੁਰਬਾਣੀ ਦਾ ਉਪਦੇਸ਼ ਭੀ ਕਰਦੇ ਸਨ।

**ਅਖਾੜੇ ਦੁਆਰਾ:-** ਅਰੰਭ ਵਿਚ ਨਿਰਮਲੇ ਸੰਤ ਵਧੇਰੇ ਕਰਕੇ ਇਕਲੌ ਇਕਲੇ ਬਿਰੱਕਤ ਰੂਪ ਵਿਚ ਦੇਸ਼ ਵਿਚ ਵਿਚਰਦੇ ਸਨ। ਇਹ ਹਿੰਦੂ ਮਤ ਦੁਆਰਾ ਪ੍ਰਚਲਤ ਕੁੰਭ ਪਰਵਾਂ ਤੇ ਇਲਾਹਾਬਾਦ, ਹਰੀਦੁਆਰ, ਨਾਸਿਕ ਤੇ ਉਜੈਨ ਆਦਿ ੧੨ ਸਾਲਾਂ ਬਾਅਦ ਲਗਣ ਵਾਲੇ ਮੇਲਿਆਂ 'ਤੇ ਜਾਂਦੇ। ਲੰਗਰ ਛਕਣ ਲਈ ਨਿਰਮਲੇ ਸੰਤ ਜਦੋਂ ਦੂਸਰੇ ਮੱਤਾਂ ਦੇ ਲੰਗਰਾਂ ਵਿਚ ਜਾਂਦੇ ਤਾਂ ਕੁਝ ਹੰਕਾਰ ਅਤੇ ਜਾਂ ਆਪਣੇ ਮੁਤੱਸਵੀ ਸੁਭਾਅ ਅਨੁਸਾਰ ਨਿਰਮਲੇ ਸੰਤਾਂ ਨੂੰ ਕੈਂਚੀ ਦਿਖਾਉਂਦੇ ਤੇ ਕਹਿੰਦੇ ਕਿ ਚੋਟੀ ਦਿਉ ਤੇ ਰੋਟੀ ਲਵੋ। ਭਾਵ ਕੇਸ ਕਟਾਉ ਤੇ ਰੋਟੀ ਲੈ ਲਵੋ। ਇਸ ਬੇਇਜ਼ਤੀ ਨੂੰ ਨਾ ਸਹਾਰਦੇ ਹੋਏ ਨਿਰਮਲੇ ਸੰਤ ਇਕਠੇ ਹੋਣ ਲੱਗੇ। ੧੭੪੩ ਈਸਵੀ ਦੀ ਬੈਠਕ ਵਿਚ ਇਸ ਸੰਬੰਧੀ ਵੀਚਾਰਾਂ ਹੋਈਆਂ, ਜਿਸ ਵਿਚ ਪੱਕੇ ਤੌਰ ਤੇ ਜਮਾਤ ਰੂਪ ਵਿਚ ਇਕਠੇ ਹੋ ਕੇ ਕੁੰਭਾਂ ਤੇ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ। ਇਨ੍ਹਾਂ ਦੇ ਇਸ ਵੀਚਾਰ ਨੂੰ ਪੁਖਤਾ ਬਲ ਉਸ ਸਮੇਂ ਮਿਲਿਆ ਜਦੋਂ ੧੮੬੨ ਈਸਵੀ ਨੂੰ ਪਟਿਆਲਾ ਵਿਖੇ ਧਰਮ ਧੁਜਾ ਦੇ ਸਥਾਨ ਤੇ ਪੰਚਾਇਤੀ ਅਖਾੜਾ ਨਿਰਮਲਾ ਪੱਕੇ ਤੌਰ 'ਤੇ ਸਥਾਪਿਤ ਕੀਤਾ ਗਿਆ। ਇਸ ਸਮੇਂ ਨਿਰਮਲ ਭੇਖ ਦੇ ਮਹਾਨ ਵਿਦਵਾਨ, ਵਿਰੱਕਤ, ਡੇਰੇਦਾਰ ਸੰਤ ਮਹੰਤ, ਜਪੀ, ਤਪੀ, ਉਦਾਰ ਚਿੱਤ ਮਹਾਂਪੁਰਖ ਹਾਜ਼ਰ ਹੋਏ, ਉੱਥੇ ਪੰਜਾਬ ਦੇ ਰਾਜੇ ਮਹਾਰਾਜਿਆਂ ਦੇ ਦਿਲ ਖੋਲ੍ਹ ਕੇ ਮਾਇਆ ਦਿੱਤੀ- ਜਾਗੀਰਾਂ ਦਿੱਤੀਆਂ-ਹਾਥੀ-ਰੱਥ-ਘੋੜੇ-ਨਕਦ

ਮਾਇਆ ਅਤੇ ਹੋਰ ਸਾਜ਼ੋ ਸਮਾਨ ਦਿੱਤਾ। ਗੁਰਮਤਿ ਪ੍ਰਚਾਰ ਲਈ ਵਿਰੱਕਤ-ਤਿਆਗੀ-ਵੈਰਾਗੀ-ਵਿਦਵਾਨ ਮਹਾਂਪੁਰਖਾਂ ਦੀ ਚਲਦੀ ਫਿਰਦੀ ਇਕ ਯੂਨੀਵਰਸਿਟੀ ਸਥਾਪਿਤ ਕੀਤੀ। ਜਿਸਨੇ ਗੁਰਬਾਣੀ-ਗੁਰਮਤਿ ਸਬੰਧੀ ਪ੍ਰਚਾਰ ਦੇਸ਼ ਦੇ ਕੋਨੇ-ਕੋਨੇ ਵਿਚ ਨਗਰ-ਸ਼ਹਿਰਾਂ-ਪਿੰਡਾਂ ਤੇ ਦੂਰ ਦੁਰਾਡੇ ਪਹਾੜਾਂ ਵਿਚ ਜਾ ਕੇ ਬਿਨਾਂ ਕਿਸੇ ਉਜਰਤ ਲਿਆਂ ਕੀਤਾ ਤੇ ਅੱਜ ਵੀ ਦੇਸ ਵਿਦੇਸ ਵਿਚ ਕਰ ਰਹੇ ਹਨ। ਅੱਜ ਮੀਡੀਆ-ਅਖ਼ਬਾਰਾਂ-ਪਰੈਸ-ਰੇਡੀਓ-ਟੀ.ਵੀ., ਇੰਟਰਨੈੱਟ-ਵੈਬਸਾਈਟ ਤੇ ਵੱਖ-ਵੱਖ ਢੰਗ ਪ੍ਰਚਾਰ ਦੇ ਹਨ। ਪਰ ਉਸ ਸਮੇਂ ਐਸਾ ਕੋਈ ਸਾਧਨ ਨਹੀਂ ਸੀ। ਨਦੀਆਂ ਤੇ ਪੁਲ ਨਹੀਂ ਸਨ। ਸੜਕਾਂ ਨਹੀਂ ਸਨ। ਗ਼ਰੀਬੀ ਭੀ ਸੀ। ਬੜੇ ਵਿਖੜੇ ਪੈਂਡੇ ਰਸਤੇ, ਗਰਮੀ, ਸਰਦੀ ਸਫ਼ਰ ਦੇ ਨਾਨਾ ਪ੍ਰਕਾਰ ਦੇ ਦੁੱਖ ਸਹਿ ਕੇ ਨਿਰਮਲੇ ਮਹਾਂਪੁਰਖਾਂ ਨੇ ਗੁਰਮਤਿ ਦਾ ਪ੍ਰਚਾਰ ਕੀਤਾ।

ਲਗਭਗ ੧੮੬੨ ਈਸਵੀ ਤੋਂ ਲੈ ਕੇ ੧੯੮੪ ਈਸਵੀ ਤੱਕ ੧੨੨ ਸਾਲ ਇਸ ਅਖਾੜਾ ਦੀ ਰਮਤ ਨੇ ਬੜਾ ਡੱਟ ਕੇ ਪ੍ਰਚਾਰ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੧੯੨੬ ਈਸਵੀ ਵਿਚ ਗੁਰਦੁਆਰਾ ਐਕਟ ਬਣਨ ਨਾਲ ਹੀ ਪੱਕੇ ਤੌਰ ਤੇ ਹੋਂਦ ਵਿਚ ਆਈ ਹੈ। ਸਿਰਫ਼ ੮੩ ਸਾਲ ਦਾ ਸਮਾਂ ਹੀ ਹੋਇਆ ਹੈ। ਇਹ ਹੀ ਰਮਤ ਨਿਰਮਲ ਪੰਚਾਇਤੀ ਅਖਾੜਾ ਹਿੰਦੂ ਮਤ ਦੇ ਤੀਰਥਾਂ ਤੇ ਕੁੰਭ ਪਰਵਾਂ ਤੇ ਜਾਣ ਵਾਲੇ ਯਾਤਰੀਆਂ ਨੂੰ ਲੰਗਰ-ਰਿਹਾਇਸ਼ ਲਈ ਤੰਬੂ, ਸਿਹਤਯਾਬੀ ਲਈ ਦਵਾ ਦਾਰੂ ਤੇ ਆਤਮਕ ਦ੍ਰਿੜਤਾ ਲਈ ਭਜਨ ਤੇ ਗੁਰਬਾਣੀ ਦੀ ਕਥਾ ਵਾਰਤਾ ਸੁਣਾ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਆਏ ਹਨ। ਸੁਸਾਇਟੀ ਐਕਟ ਦੇ ਨਿਯਮਾਂ ਅਨੁਸਾਰ ਇਹ ਰਜਿ: ਸਭਾ ਹੈ। ਰਾਜਿਆਂ ਮਹਾਰਾਜਿਆਂ ਨੇ ਅਖਾੜਾ ਕਾਇਮੀ ਸਮੇਂ ਮਸੌਦਾ ਦੁਸਤੂਰਲ ਅਮਲ ਆਦਿ ਲਿਖ ਕੇ ਨਿਰਮਲ ਪੰਚਾਇਤੀ ਅਖਾੜੇ ਦੀ ਕਾਇਮੀ ਕੀਤੀ ਤੇ ਉਸ ਸਮੇਂ ਵਿਚ ਗੁਰਸਿੱਖੀ ਦੇ ਪ੍ਰਚਾਰ ਦਾ ਬਹੁਤ ਵਧੀਆ ਢੰਗ ਅਪਣਾਇਆ ਤੇ ਪ੍ਰਚਾਰ ਕਰਵਾਇਆ। ਅਜੋਕੇ ਸਮੇਂ ਵਿਚ ਵੀ ਨਿਰਮਲ ਪੰਚਾਇਤੀ ਅਖਾੜਾ ਵੱਖ-ਵੱਖ ਤੀਰਥਾਂ ਤੇ ਜਾ ਕੇ, ਨਗਰਾਂ, ਸ਼ਹਿਰਾਂ ਤੇ ਪਿੰਡਾਂ ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਹਨ।

## ਨਿਰਮਲੇ ਸੰਤ ਦੀ ਰਹਿਤ ਮਰਯਾਦਾ

ਕਿਸੇ ਵੀ ਸਭਾ-ਸਮਾਜ-ਸੰਪਰਦਾਇ-ਭੇਖ ਆਦਿ ਦੇ ਚੰਗੇ ਨਿਯਮਾਂ ਨਾਲ ਰਹਿਤ ਦੀ ਮਰਯਾਦਾ ਦੀ ਪਾਲਣਾ ਕਰਕੇ ਨਾਲ ਹੀ ਉਸ ਸਮਾਜ ਜਾਂ ਸੰਪਰਦਾਇ ਦਾ ਅਸਲੀ ਮਹੱਤਵ ਪਹਿਚਾਨਿਆ ਜਾ ਸਕਦਾ ਹੈ। ਨਿਰਮਲੇ ਸੰਤਾਂ ਦੀ ਰਹਿਤ ਮਰਯਾਦਾ ਬੜੀ ਸਾਦਾ-ਸਰਲ ਤੇ ਧਰਮ ਅਨੁਸਾਰ ਹੈ। ਜਿਵੇਂ ਨਿਰਮਲ ਭੇਖ-ਦਸਾਂ ਗੁਰੂਆਂ ਨੂੰ ਈਸ਼ਵਰੀ ਜੋਤਿ ਸਵੀਕਾਰ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦਾ ਹੈ। ਅੰਮ੍ਰਿਤਪਾਨ ਕਰਦਾ ਹੈ। ਤੀਰਥਾਂ, ਗੁਰਦੁਆਰਿਆਂ, ਝੰਡਿਆਂ-ਬੁੰਗਿਆਂ-ਸਮਾਧਾਂ-ਤਖ਼ਤਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ-ਮਤਿਆਂ ਦਾ ਸਤਿਕਾਰ ਕਰਦਾ ਹੈ। ਸਾਦੇ ਗੇਰਵੇ ਜਾਂ ਸਫੇਦ ਬਸਤਰ ਪਹਿਨਦਾ ਹੈ। ਮਾਸ ਮਦਰਾ ਤੇ ਹਰ ਕਿਸਮ ਦੇ ਨਸ਼ੇ ਦਾ ਪ੍ਰਹੇਜ਼ ਕਰਦਾ ਹੈ। ਭੇਖ ਵਿਚ ਇਸਤਰੀ ਵਿਵਰਜਿਤ ਹੈ (ਪਰ ਹੁਣ ਸਮੇਂ ਅਨੁਸਾਰ ਬਦਲਾਵ ਆ ਗਿਆ ਹੈ)। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨਦਾ ਹੋਇਆ, ਹਰ ਧਰਮਾਂ ਦੇ ਗ੍ਰੰਥਾਂ ਦਾ ਡੂੰਘਾ ਅਧਿਐਨ ਤੇ ਸਤਿਕਾਰ ਕਰਦਾ ਹੈ। ਨੌਕਰੀ ਨਹੀਂ ਕਰਦਾ। ਸਮਾਜ ਵਿਚ ਹੀ ਵਿਚਰਦਾ ਹੈ। ਅਨਮਤਾਂ ਦੀ ਤਰ੍ਹਾਂ ਸਮਾਜ ਨਾਲੋਂ ਭਿੰਨ ਨਹੀਂ ਰਹਿੰਦਾ। ਖ਼ਾਸ ਕਰ ਵਿਰੱਕਤ ਸਾਧੂਆਂ ਦੀ ਕਿਰਿਆ ਤਾਂ ਬਹੁਤ ਸਾਦਾ ਹੈ, ਉਹ ਕਿਸੇ ਤੇ ਵਿਸ਼ੇਸ਼ ਭਾਰ ਨਹੀਂ ਬਣਦੇ, ਤਿਆਗ, ਵੈਰਾਗ ਵਾਲਾ ਸਾਦਾ ਜੀਵਨ ਬਤੀਤ ਕਰਦੇ ਹਨ ਤੇ ਪਰਮਾਤਮਾ ਦਾ ਨਾਮ ਆਪ ਜਪਦੇ ਹਨ ਤੇ ਦੂਜਿਆਂ ਨੂੰ ਪਰਮੇਸ਼ਰ ਦੇ ਨਾਮ ਤੇ ਗੁਰਬਾਣੀ ਨਾਲ ਜੋੜਦੇ ਹਨ।

ਜਿਵੇਂ ਉਪਰ ਜ਼ਿਕਰ ਕੀਤਾ ਹੈ ਨਿਰਮਲ ਸੰਪਰਦਾਇ ਦੇ ਸਾਧੂ ਆਪਣੇ ਡੇਰੇ, ਆਸ਼ਰਮ-ਕੁਟੀਆ-ਧਰਮਸ਼ਾਲਾ ਆਦਿ ਬਣਾ ਕੇ ਪੱਕੇ ਤੌਰ ਤੇ ਪਿੰਡਾਂ ਤੇ ਸ਼ਹਿਰਾਂ ਵਿਚ ਖ਼ਾਸ ਕਰਕੇ ਧਾਰਮਿਕ

ਸਥਾਨ ਤੇ ਰਹਿਣ ਲੱਗ ਪਏ ਹਨ। ਆਪਣੇ ਸਥਾਨਾਂ ਤੇ ਬੈਠ ਕਰਕੇ ਵਿਦਿਆਰਥੀਆਂ ਤੇ ਜਗਿਆਸੂਆਂ ਨੂੰ ਵਿਦਿਆ-ਰਾਗ-ਕੀਰਤਨ-ਗੁਰਬਾਣੀ ਦਾ ਸ਼ੁੱਧ ਪਾਠ ਅਰਥਾਂ ਸਮੇਤ-ਸਿੱਖ ਇਤਿਹਾਸ ਦੀ ਵਾਕਫ਼ੀਅਤ ਤੇ ਆਯੁਰਵੈਦਿਕ ਦੀ ਵਿਦਿਆ ਗ੍ਰਹਿਣ ਕਰਕੇ ਸਰੀਰਿਕ ਰੋਗਾਂ ਨਾਲ ਪੀੜਤ ਲੋਕਾਂ ਦਾ ਇਲਾਜ ਭੀ ਕਰਨ ਲੱਗ ਪਏ ਹਨ। ਭਾਸ਼ਾ ਦੇ ਪੁਸਤਕ ਵੇਦਾਂਤ ਨਾਲ ਸੰਬੰਧਿਤ-ਸਾਰਕੁਤਾਵਲੀ, ਅਧਿਆਤਮ ਪ੍ਰਕਾਸ਼, ਵੈਰਾਗ ਸ਼ਤਕ-ਵੀਚਾਰ ਸਾਗਰ-ਮੋਖ਼ਸ਼ ਪੰਥ-ਵਿਰਤੀ ਪ੍ਰਭਾਕਰ ਆਦਿ ਪੜ੍ਹਾਉਂਦੇ ਹਨ। ਵਿਰੱਕਤ ਰਹਿ ਕੇ ਭ੍ਰਮਣ ਕਰਦਿਆਂ ਸਾਹਿਤ ਦੀ ਰਚਨਾ ਨਹੀਂ ਸੀ ਹੋ ਸਕਦੀ। ਇਸ ਲਈ ਸਥਾਨ ਧਾਰੀ ਹੋਣ ਤੇ ਸਾਹਿਤ ਦੀ ਰਚਨਾ ਭੀ ਕੀਤੀ ਗਈ। ਰਾਹਗੀਰਾਂ ਤੇ ਲੋੜਵੰਦਾਂ ਨੂੰ ਕਪੜਾ-ਰੋਟੀ ਤੇ ਰਾਤ ਵਿਸ਼ਰਾਮ ਕਰਨ ਲਈ ਜਗਹ ਆਦਿ ਭੀ ਪ੍ਰਦਾਨ ਕਰਨ ਲੱਗ ਪਏ।

ਪ੍ਰੈੱਸ ਦੀ ਹੋਂਦ ਨਹੀਂ ਸੀ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ-ਗੁਰਬਾਣੀ ਦੇ ਗੁਟਕੇ-ਪੋਥੀਆਂ ਆਦਿ ਪ੍ਰਚਾਰ ਹਿੱਤ ਤੇ ਪੜ੍ਹਨ ਪੜ੍ਹਾਉਣ ਲਈ ਲਿਖ ਕੇ ਮੁਫ਼ਤ ਲੋਕਾਂ ਵਿਚ ਵੰਡਣ ਲੱਗ ਪਏ। ਉਸ ਸਮੇਂ ਸਿੱਖ ਮਿਸ਼ਨਰੀ ਪ੍ਰਚਾਰਕ ਨਹੀਂ ਸਨ। ਮੀਡੀਆ ਭੀ ਨਹੀਂ ਸੀ। ਸ਼੍ਰੋਮਣੀ ਕਮੇਟੀ ਭੀ ਹੋਂਦ ਵਿਚ ਨਹੀਂ ਸੀ। ਅਖ਼ਬਾਰਾਂ ਦੀ ਘਾਟ ਸੀ। ਗ਼ਰੀਬੀ ਭੀ ਸੀ-ਪਰ ਸਾਰਾ ਕੁਝ ਹੁੰਦਿਆਂ ਭੀ ਨਿਰਮਲੇ ਸੰਤਾਂ ਨੇ ਗੁਰਬਾਣੀ ਤੇ ਗੁਰਮਤਿ ਦਾ ਪ੍ਰਚਾਰ ਦੇਸ ਵਿਦੇਸ਼ ਵਿਚ ਤੇ ਦੂਰ-ਦੁਰਾਡੇ ਜੰਗਲੀ-ਵਿਖੜੇ ਪਹਾੜੀ ਰਸਤਿਆਂ, ਦਰਿਆਵਾਂ-ਸਮੁੰਦਰਾਂ ਤੋਂ ਪਾਰ ਜਾ ਕੇ ਕੇਵਲ ਲੋੜ ਮਾਤਰ ਕਪੜਾ ਤੇ ਦੋ ਪਰਸ਼ਾਦੇ ਮੰਗ ਕੇ ਖਾ ਕੇ ਕੀਤਾ। ਅੱਜ ਦੀ ਸਿੱਖੀ ਦੀ ਹੋਂਦ ਪ੍ਰਚਾਰ ਤੇ ਪ੍ਰਸਾਰ ਸਾਰਾ ਨਿਰਮਲੇ ਤੇ ਉਦਾਸੀ-ਸੇਵਾ ਪੰਥੀ ਆਦਿ ਸੰਪਰਦਾਵਾਂ ਦੁਆਰਾ ਕੀਤੀ ਹੋਈ ਕੁਰਬਾਨੀ ਦਾ ਫਲ ਹੀ ਹੈ।

## ਵਿਦਿਅਕ ਖੇਤਰ

**ਵਿਦਿਅਕ ਖੇਤਰ:-** ਪਹਿਲੇ ਪਹਿਲ ਜਦੋਂ ਸਕੂਲ ਕਾਲਿਜ ਨਹੀਂ ਸਨ। ਉਸ ਸਮੇਂ ਹਰ ਤਰ੍ਹਾਂ ਦੀ ਵਿਦਿਆ-ਧਾਰਮਿਕ-ਰਾਜਨੀਤਿਕ-ਅਧਿਆਤਮਿਕ-ਸੰਗੀਤ ਵਿਦਿਆ-ਆਯੁਰਵੈਦਿਕ ਦਾ ਗਿਆਨ ਆਦਿ ਸਾਰਾ ਕੁਝ ਨਿਰਮਲਿਆਂ ਮਹਾਂਪੁਰਖਾਂ ਦੇ ਡੇਰਿਆਂ-ਧਰਮਸ਼ਾਲਾਂ ਵਿਚ ਹੀ ਦਿੱਤਾ ਜਾਂਦਾ ਸੀ। ਉਸ ਸਮੇਂ ਦੇ ਵਿਦਵਾਨਾਂ ਨੇ ਖ਼ਾਸ ਕਰਕੇ ਧਾਰਮਿਕ ਖੇਤਰ ਵਿਚ ਬਹੁਤ ਸਾਰੇ ਧਰਮ ਦੇ ਗ੍ਰੰਥਾਂ ਦੇ ਸੰਸਕ੍ਰਿਤ ਭਾਸ਼ਾ ਵਿਚੋਂ ਉਲੱਥੇ ਕੀਤੇ ਤੇ ਆਪਣੇ ਅਨੁਭਵ ਅਨੁਸਾਰ ਮੌਲਿਕ ਗ੍ਰੰਥਾਂ ਦੀ ਰਚਨਾ ਭੀ ਕੀਤੀ। ਵਿਦਿਆ ਦੇ ਪ੍ਰਸਾਰ ਵਾਸਤੇ ਦਮਦਮੀ ਟਕਸਾਲ, ਅਮੀਰ ਟਕਸਾਲ ਆਦਿ ਟਕਸਾਲਾਂ ਖੋਲ੍ਹੀਆਂ ਗਈਆਂ। ਜਿਨ੍ਹਾਂ ਵਿਚ ਵਿਦਿਆਰਥੀ-ਸੰਜਮੀ ਜੀਵਨ ਜਿਓ ਕੇ ਤੇ ਵਿਦਿਆ ਦੇ ਪ੍ਰਕਾਂਡ ਵਿਦਵਾਨ ਬਣ ਕੇ ਸਮਾਜ ਦੀ ਸੇਵਾ ਕਰਨ ਲਈ ਵਿਚਰਦੇ ਸਨ। ਆਧੁਨਿਕ ਸਮੇਂ ਵਿਚ ਭੀ ਬਹੁਤ ਸਾਰੇ ਨਿਰਮਲੇ ਮਹਾਂਪੁਰਖਾਂ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਪ੍ਰਾਇਮਰੀ ਵਿਦਿਆ ਤੋਂ ਲੈ ਕੇ ਕੇ ਤੇ ਪੋਸਟ ਗ੍ਰੈਜੂਏਟ-ਮਾਸਟਰ ਡਿਗਰੀ ਤੱਕ ਦੇ ਸਕੂਲ ਕਾਲਿਜ ਖੋਲ੍ਹੇ ਹਨ। ਕਈ ਜਗਹ-ਨਰ੍ਹਸਿੰਗ ਕੋਰਸ ਤੇ ਹੋਰ ਬਹੁਤ ਸਾਰੇ ਤਜਾਰਤੀ ਸਿੱਖਿਆ ਦੇਣ ਲਈ ਵੱਖ-ਵੱਖ ਡਿਗਰੀਆਂ ਪ੍ਰਾਪਤ ਕਰਨ ਲਈ ਕਾਲਿਜ ਤੇ ਵਿਦਿਅਕ ਅਦਾਰੇ ਖੋਲ੍ਹੇ ਹਨ, ਜਿਹੜੇ ਸਰਕਾਰੀ ਅਦਾਰਿਆਂ ਨਾਲੋਂ ਭੀ ਵਧੀਆ ਵਿਦਿਆ ਤੇ ਉੱਚ ਪਾਏ ਦੀਆਂ ਡਿਗਰੀਆਂ ਵਿਦਿਆਰਥੀਆਂ ਨੂੰ ਦੇ ਰਹੇ ਹਨ।

**ਸਾਹਿਤਕ ਦੇਣ:-** ਪੁਰਾਤਨ ਸਮੇਂ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਬਹੁਤ ਸਾਰੇ ਨਿਰਮਲੇ ਮਹਾਂਪੁਰਖਾਂ ਨੇ ਧਾਰਮਿਕ-ਗ੍ਰੰਥਾਂ ਦੀ ਰਚਨਾ ਕੀਤੀ। ਦੂਸਰੀਆਂ ਸੰਸਕ੍ਰਿਤ ਤੇ ਹਿੰਦੀ ਭਾਸ਼ਾ ਵਿਚੋਂ ਵਧੀਆ ਕਿਤਾਬਾਂ ਦਾ ਤਰਜਮਾ ਪੰਜਾਬੀ ਭਾਸ਼ਾ ਵਿਚ ਕਰ ਕੇ ਸਮਾਜ ਦੀ ਸਹਿਤਕ ਪੱਖੋਂ ਵਡਮੁਲੀ ਸੇਵਾ ਕੀਤੀ ਹੈ। ਸਾਹਿਤ ਤੋਂ ਬਿਨਾਂ ਸੰਗੀਤ ਵਿਦਿਆ ਦੇ ਖੇਤਰ ਵਿਚ-ਆਯੁਰਵੈਦਿਕ ਪੈਥੀ (ਸਰੀਰਕ ਇਲਾਜ) ਲਈ ਭੀ ਬਹੁਤ ਵਧੀਆ ਪੁਸਤਕਾਂ ਰਚੀਆਂ ਤੇ ਨਾਲ ਹੀ ਪੰਜਾਬੀ ਵਿਚ ਉਲੱਥੇ

ਕੀਤੇ ਮਿਲਦੇ ਹਨ। ਉਪਰੋਕਤ ਸਾਰਿਆਂ ਖੇਤਰਾਂ ਵਿਚ ਸਤਪੁਰਖਾਂ ਨੇ ਸਾਹਿਤ ਦੀ ਰਚਨਾ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਹੈ। ਹੁਣ ਦੇ ਆਧੁਨਿਕ ਸਮੇਂ ਵਿਚ ਭੀ ਸਾਹਿਤ ਦੀ ਰਚਨਾ ਕੀਤੀ ਜਾ ਰਹੀ ਹੈ।

**ਇਤਿਹਾਸਕ ਗੁਰ ਅਸਥਾਨਾਂ ਦੀ ਸੇਵਾ:-** ਨਿਰਮਲ ਸੰਪਰਦਾਇ ਦੇ ਮਹਾਂਪੁਰਖ ਗੁਰੂ ਘਰ ਨੂੰ ਸਮਰਪਿਤ ਹਨ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਤੇ ਇਤਿਹਾਸਿਕ ਗੁਰਦੁਆਰਿਆਂ ਦਾ ਨਿਰਮਾਣ ਕਰਵਾਉਂਦੇ ਸਨ। ਅੱਜ ਵੀ ਤੀਸਰੀ ਪਾਤਸ਼ਾਹੀ ਗੁਰਦੁਆਰਾ ਕਨਖਲ ਹਰੀਦੁਆਰ-ਬਾਲ ਲੀਲਾ ਗੁਰਦੁਆਰਾ ਸ੍ਰੀ ਪਟਨਾ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਅਹੀਆਪੁਰ ਇਲਾਹਾਬਾਦ ਦੀ ਸੇਵਾ ਸੰਭਾਲ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਹੀ ਕਰ ਰਿਹਾ ਹੈ। ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਨੇ ਗੁਰੂ ਕੀ ਕਾਂਸੀ, ਦਮਦਮਾ ਸਾਹਿਬ ਦੇ ਸਰੋਵਰ ਦੀ ਸੇਵਾ ਕਰਵਾਈ। ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਨੇ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਦੀ ਸੇਵਾ ਕਰਵਾਈ। ਸੰਤ ਜੈਮਲ ਸਿੰਘ ਜੀ ਭੂਰੀ ਵਾਲਿਆਂ ਨੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਤੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੀ ਸੇਵਾ ਕਰਵਾਈ। ਅੱਜ ਵੀ ਸੰਤ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਸੇਵਾ ਕਰਵਾ ਰਹੇ ਹਨ। ਸੰਤ ਬਾਬਾ ਸੇਵਾ ਸਿੰਘ ਜੀ ਦੁਆਰਾ ਅਰੰਭੀ ਹੋਈ ਕਿਲ੍ਹਾ ਅਨੰਦਗੜ੍ਹ, ਅਨੰਦਪੁਰ ਸਾਹਿਬ, ਗੁਰੂ ਕਾ ਲਾਹੌਰ ਤੇ ਲਗਭਗ ਤੇ ੪੫ ਗੁਰਦੁਆਰਿਆਂ ਦੀ ਸੇਵਾ ਸੰਭਾਲ ਸੰਤ ਬਾਬਾ ਲਾਭ ਸਿੰਘ ਜੀ ਬਾਖ਼ੂਬੀ ਕਰ ਰਹੇ ਹਨ। ਸੰਤ ਬਾਬਾ ਕਰਤਾਰ ਸਿੰਘ ਜੀ ਠੱਢਾ ਟਿੱਬਾ ਵਾਲਿਆਂ ਨੇ ਹਰਿਮੰਦਰ, ਪਟਨਾ ਸਾਹਿਬ, ਗੋਇੰਦਵਾਲ ਸਾਹਿਬ, ਸਚਖੰਡ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਛਤ ਤੇ ਸ਼ੋਨਾ ਲਾਉਣ ਦੀ ਸੇਵਾ ਕੀਤੀ ਹੈ। ਪੰਡਿਤ ਬਲਵੀਰ ਸਿੰਘ ਜੀ ਨੇ ਬਾਲ ਲੀਲਾ ਪਟਨਾ ਸਾਹਿਬ ਗੁਰਦੁਆਰੇ ਦੀ ਸੇਵਾ ਕਰਵਾਈ। ਗਿਆਨੀ ਦੀਦਾਰ ਸਿੰਘ ਜੀ ਨੇ ੯ਵੀਂ ਪਾਤਸ਼ਾਹੀ ਗੁਰਦੁਆਰਾ ਇਲਾਹਾਬਾਦ ਦੀ ਸੇਵਾ ਕੀਤੀ। ਅੱਜ ਵੀ ਬਹੁਤ ਸਾਰੇ ਸੇਵਾ ਪੰਥੀ ਤੇ ਨਿਰਮਲੇ ਸੰਤ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਕਰਵਾ ਰਹੇ ਹਨ। ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਲੰਬਾ ਸਮਾਂ ਇਕ ਨਿਰਮਲੇ ਸੰਤ ਨੇ ਕੀਤੀ। ਉਸ ਪਿਛੋਂ ਇਕ ਉਦਾਸੀ ਸੰਤ ਨੇ ਲੰਮਾ ਸਮਾਂ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੀ ਸੇਵਾ ਵਿਚ ਹਿੱਸਾ ਪਾਇਆ। ਬਾਅਦ ਵਿਚ ਦੋਨੋਂ ਸੰਪਰਦਾਵਾਂ ਦੇ ਮਹਾਂਪੁਰਖਾਂ ਨੇ ਗ੍ਰਿਹਸਥੀ ਜੀਵਨ ਕਰ ਲਿਆ। ਉਨ੍ਹਾਂ ਦੋਹਾਂ ਦੇ ਅੰਸ ਵੰਸ ਅੱਜ ਵੀ ਸਚਖੰਡ ਦੀ ਸੇਵਾ ਵਿਚ ਹਨ। ਸਹੀ ਅਰਥਾਂ ਵਿਚ ਸ੍ਰੀਮਾਨ ੧੦੮ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਗੁਰ ਤੀਰਥ ਸੰਗ੍ਰਹਿ ਪੁਸਤਕ ਲਿਖ ਕੇ ਬਹੁਤ ਸਾਰੇ ਗੁਰੂ ਧਾਮਾਂ ਦੀ ਜਾਣਕਾਰੀ ਸਿੱਖ ਸੰਗਤਾਂ ਨੂੰ ਦਿੱਤੀ ਤੇ ਉਨ੍ਹਾਂ ਦੀ ਸੇਵਾ ਸੰਭਾਲ ਸਿੱਖ ਸੰਗਤਾਂ ਪਾਸੋਂ ਕਰਵਾਈ।

**ਤਿਆਗ:-** ਗੁਰਮਤਿ ਦਾ ਭਾਵ ਪ੍ਰਚਾਰ ਕਰਦਿਆਂ-ਮਿਸ਼ਨਰੀ ਬਣ ਕੇ ਪ੍ਰਚਾਰ ਕੀਤਾ। ਕਿਸੇ ਪਾਸੋਂ ਕੋਈ ਉਜਰਤ ਨਹੀਂ ਲਈ ਸਗੋਂ ਨਿਰਵਾਹ ਮਾਤਰ ੨ ਪ੍ਰਸ਼ਾਦੇ ਲੈ ਕੇ ਤੇ ਲੋੜ ਮਾਤਰ ਬਸਤਰ ਲੈ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਤੇ ਅੱਜ ਭੀ ਕਰਦੇ ਹਨ। ਕੁੰਭਾਂ ਦੇ ਮੇਲਿਆਂ ਤੇ ਅਨ ਮਤਾਂ-ਮਤਾਂਤਰਾਂ ਦੇ ਮੁਕਾਬਲੇ ਤੇ ਜਾ ਕੇ ਆਪਣੇ ਪਾਸੋਂ ਲੱਖਾਂ ਰੁਪੈ ਖ਼ਰਚ ਕੇ ਸ਼ਿਵਰ ਲਾ ਕੇ ਪ੍ਰਚਾਰ ਕਰਦੇ ਹਨ। ਕੁੰਭ ਤੇ ਆਏ ਸ਼ਰਧਾਲੂ ਨੂੰ ਰੋਟੀ-ਕਪੜਾ-ਰਿਹਾਇਸ਼ ਤੇ ਕਥਾ ਕੀਰਤਨ ਸੁਣਨ ਨੂੰ ਮਿਲਦਾ ਹੈ ਤੇ ਜੀਵਨ ਦਾ ਲਾਭ ਪ੍ਰਾਪਤ ਕਰਦਾ ਹੈ।

ਸਿੱਖ ਧਰਮ ਦੇ ਪਵਿੱਤਰ ਗੁਰਧਾਮਾਂ ਤੇ ਭਾਰਤ ਦੇ ਹਿੰਦੂ ਮਤ ਦੇ ਵੱਡੇ-ਵੱਡੇ ਤੀਰਥ ਅਸਥਾਨਾਂ ਦੇ ਕੰਢੇ ਸਥਾਨ-ਡੇਰੇ ਆਸ਼ਰਮ ਬਣਾ ਕੇ ਗੁਰਮਤਿ ਪ੍ਰਚਾਰ ਦੇ ਕੇਂਦਰ ਕਾਇਮ ਕੀਤੇ। ਜਿਵੇਂ ਨਿਰਮਲ ਪੰਚਾਇਤੀ ਅਖਾੜੇ ਦੇ-ਹਰੀਦੁਆਰ-ਇਲਾਹਾਬਾਦ-ਉਜੈਨ ਤੇ ਨਾਸਿਕ ਬਨਾਰਸ ਆਦਿ ਸਥਾਨ ਤੇ ਭਗਤੀ ਤੇ ਗੁਰਮਤਿ ਪ੍ਰਚਾਰ ਦੇ ਕੇਂਦਰ ਕਾਇਮ ਹਨ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਅਤੇ ਸ੍ਰੀ ਤਰਨਤਾਰਨ ਸਰੋਵਰ ਦੇ ਆਸ ਪਾਸ ਬਹੁਤ ਸਾਰੇ ਮਹਾਂਪੁਰਖਾਂ ਦੇ ਡੇਰੇ ਆਸ਼ਰਮ ਕਾਇਮ ਹਨ।

ਇਸ ਤਰ੍ਹਾਂ ਅਰੰਭ ਵਿਚ ਜਿਹੜੇ ਨਿਰਮਲੇ ਮਹਾਂਪੁਰਖ ਇਕੱਲੇ-ਇਕੱਲੇ ਵਿਰੱਕਤ ਰੂਪ ਵਿਚ ਵਿਚਰਦੇ ਸੀ। ਉਹ ੧੭੧੦ ਤੋਂ ਪਿਛੋਂ ਪਿੰਡਾਂ, ਸ਼ਹਿਰਾਂ ਤੇ ਇਤਿਹਾਸਕ ਤੀਰਥਾਂ ਦੇ ਕੰਢੇ ਆਸ਼ਰਮ ਬਣਾ ਕੇ ਇਕ ਜਗਹ ਸਥਿਤ ਹੋ ਕੇ ਹਰ ਖੇਤਰ ਵਿਚ ਜਨਤਾ-ਜਨਾਰਦਨ ਦੀ ਸੇਵਾ ਕਰਨ ਲੱਗ ਪਏ ਤੇ ਨਿਰਮਲੇ ਮਹਾਂਪੁਰਖਾਂ ਦੀ ਹੋਂਦ ਭੀ ਕਾਇਮ ਹੋ ਗਈ। ਇਕ ਸ਼੍ਰੇਣੀ ਇਕ ਜਮਾਤ ਤੇ ਇਕ ਸੰਪਰਦਾਇ ਹੌਲੀ ਹੌਲੀ ਵੱਡਾ ਬੋਹੜ ਦਾ ਬ੍ਰਿਖ ਬਣ ਗਿਆ। ਜਿਸਨੇ ਹਰ ਖੇਤਰ ਵਿਚ ਵੱਡਮੁੱਲੀਆਂ ਸੇਵਾਵਾਂ ਨਿਭਾਈਆਂ ਹਨ। ਅਜੋਕੇ ਸਮੇਂ ਵਿਚ ਭਾਵੇਂ ਕਾਫ਼ੀ ਗਿਰਾਵਟ ਆਈ ਹੈ, ਫਿਰ ਭੀ ਬਹੁਤ ਅਸਥਾਨਾਂ ਡੇਰਿਆਂ ਵਿਚ ਸੇਵਾਵਾਂ ਅਜੇ ਭੀ ਜਾਰੀ ਹਨ।

**ਵੈਦਿਕ:-** ਜਿਸ ਸਮੇਂ ਐਲੋਪੈਥੀ ਦਾ ਇਲਾਜ ਨਹੀਂ ਸੀ, ਡਾ. ਨਹੀਂ ਸਨ। ਹਸਪਤਾਲ ਨਹੀਂ ਸਨ, ਉਸ ਸਮੇਂ ਨਿਰਮਲੇ ਸੰਤ ਦੇਸੀ ਜੜੀ ਬੂਟੀਆਂ ਨਾਲ ਸਧਾਰਨ ਤੋਂ ਭਿਆਨਕ ਰੋਗਾਂ ਦਾ ਇਲਾਜ ਕਰਦੇ ਸਨ। ਦਵਾਈ ਮੁਫ਼ਤ ਦਿੱਤੀ ਜਾਂਦੀ ਸੀ। ਪੁਰਾਤਨ ਸਮੇਂ ਤੋਂ ਹੁਣ ਤੱਕ ਨਿਰਮਲੇ ਸੰਤ ਆਯੁਰਵੈਦਿਕ ਪ੍ਰਨਾਲੀ ਨਾਲ ਲੋਕਾਂ ਦਾ ਇਲਾਜ ਕਰਦੇ ਹਨ। ਪੁਰਾਤਨ ਸਮੇਂ ਵਿਚ ਪੰਡਿਤ ਸੰਪੂਰਨ ਸਿੰਘ ਜੀ, ਮਹੰਤ ਚੰਦਨ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ, ਮਹੰਤ ਹੀਰਾ ਸਿੰਘ ਜੀ, ਮਹੰਤ ਹਮੀਰ ਸਿੰਘ ਜੀ, ਮਹੰਤ ਲਾਲ ਸਿੰਘ ਜੀ ਗੁਰੂ ਸਰ ਖੁਡਾ ਵਾਲੇ ਆਯੁਰਵੈਦਿਕ ਦੁਆਰਾ ਹਜ਼ਾਰਾਂ ਪ੍ਰਾਣੀਆਂ ਦਾ ਇਲਾਜ ਕਰਦੇ ਸਨ। ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਨੇ ਵੈਦਿਕ ਭੰਡਾਰ ਚਲਾਕੇ ਤੇ ਬਹੁਤ ਸਾਰੀਆਂ ਵੈਦਿਕ ਦੀਆਂ ਪੁਸਤਕਾਂ ਦਾ ਉਲੱਥਾ ਤੇ ਮੌਲਿਕ ਪੁਸਤਕਾਂ ਲਿਖਕੇ ਜਨਤਾ ਦੀ ਸੇਵਾ ਵਿਚ ਯੋਗਦਾਨ ਪਾਇਆ। ਇਸੇ ਤਰ੍ਹਾਂ ਮਹੰਤ ਸੇਵਾ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ, ਮਹੰਤ ਸੁਰਜੀਤ ਸਿੰਘ ਜੀ ਖਡੂਰ ਸਾਹਿਬ ਵਾਲੇ, ਮਹੰਤ ਜੈ ਸਿੰਘ ਜੀ ਜੰਡਾ ਵਾਲੇ, ਮਹੰਤ ਸਾਮ ਸਿੰਘ ਜੀ ਭਗਤਾ, ਸੰਤ ਗਲਾਬ ਸਿੰਘ ਜੀ ਘੋਲੀਏ ਵਾਲੇ, ਮਹੰਤ ਨਿਹਾਲ ਸਿੰਘ ਜੀ, ਮਹੰਤ ਹਰੀ ਸਿੰਘ ਜੀ ਆਦਿ ਪੁਰਾਤਨ ਬਹੁਤ ਪ੍ਰਸਿੱਧ ਵੈਦ ਹੋਏ ਹਨ। ਜਿਨ੍ਹਾਂ ਆਪਣੇ ਸਮੇਂ ਵਿਚ ਹਜ਼ਾਰਾਂ ਵੈਦ ਬਣਾਏ ਅਤੇ ਲੱਖਾਂ ਪ੍ਰਾਣੀਆਂ ਦਾ ਇਲਾਜ ਕੀਤਾ। ਅਜੋਕੇ ਸਮੇਂ ਵਿਚ ਭੀ ਲੇਖਕ (ਮਹੰਤ ਤੇਜਾ ਸਿੰਘ ਜੀ), ਮਹੰਤ ਰਾਮ ਸਿੰਘ ਜੀ ਸਮਾਧਾ, ਮਹੰਤ ਰਵੇਲ ਸਿੰਘ ਜੀ, ਮਹੰਤ ਹਰਮੀਤ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ ਅਤੇ ਹੋਰ ਮਹੰਤ ਸੰਤ ਆਪਣੇ-ਆਪਣੇ ਸਥਾਨਾਂ ਵਿਚ ਆਯੁਰਵੈਦਿਕ ਦੀਆਂ ਜੜ੍ਹੀਆਂ ਬੂਟੀਆਂ ਨਾਲ ਇਲਾਜ ਕਰਕੇ ਹਨ।

**ਕਥਾ ਕੀਰਤਨ:-** ਨਿਰਮਲੇ ਸੰਤਾਂ ਨੇ ਬਹੁਪਖੀ ਵਿਕਾਸ ਕੀਤਾ। ਇਹ ਸਫ਼ਲ ਵੈਦ-ਕਥਾਕਾਰ-ਸਾਹਿਤਕਾਰ-ਉਲੱਥਾਕਾਰ-ਕਵੀ-ਕੀਰਤਨੀਏ-ਮੋਰਚਿਆਂ ਵਿਚ ਮੋਹਰੀ-ਸੰਤ ਭਗਵਾਨ ਸਿੰਘ ਜੀ ਰੇਰੂ ਵਾਲੇ, ਸੰਤ ਬਚਿੱਤਰ ਸਿੰਘ ਜੀ ਨੰਗਾਲੀ (ਜੇ ਐਂਡ ਕੇ), ਸੰਤ ਬਾਬਾ ਪ੍ਰੇਮ ਸਿੰਘ ਜੀ ਮਰਾਲੇ ਵਾਲੇ, ਸੰਤ ਬਾਬਾ ਹਰਨਾਮ ਸਿੰਘ ਜੀ ਬੇਗੋਵਾਲ ਵਾਲੇ, ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਸਫ਼ਲ ਰਾਜਨੀਤਿਕ ਰਹੇ ਹਨ। ਪੁਰਾਤਨ ਸਮੇਂ ਵਿਚ ਨਿਰਮਲੇ ਪੰਥ ਵਿਚ ਪ੍ਰਸਿੱਧ ਕਥਾਕਾਰ ਵਿਆਖਿਆਨਕਾਰ ਹੋਏ ਹਨ ਜਿਨਾਂ ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਕਥਾ ਵਿਖਿਆਨ ਦੁਆਰਾ ਗੁਰਮਤਿ ਦਾ ਪ੍ਰਚਾਰ ਕੀਤਾ। ਪੰਡਿਤ ਹਰੀ ਸਿੰਘ ਜੀ ਪੰਡਿਤ ਕਾਲਾ ਸਿੰਘ ਜੀ, ਪੰਡਿਤ ਅਨੰਦ ਸਿੰਘ ਜੀ, ਪੰਡਿਤ ਈਸਰ ਸਿੰਘ ਜੀ ਕਲਯੁਗ, ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ, ਪੰਡਿਤ ਨਾਰਾਇਣ ਸਿੰਘ ਜੀ ਕਥਾ ਵਾਚਕ, ਪੰਡਿਤ ਹਰੀ ਸਿੰਘ ਜੀ ਪੰਜਾਬ ਸਿੰਧ ਬੈਂਕ ਵਾਲੇ, ਪੰਡਿਤ ਅਰਜਨ ਮੁਨੀ ਜੀ, ਸ੍ਰੀ ਮਹੰਤ ਪੰਡਿਤ ਬਲਵੀਰ ਸਿੰਘ ਜੀ, ਪੰਡਿਤ ਕਰਤਾਰ ਸਿੰਘ ਜੀ, ਪੰਡਿਤ ਗੁਰਦੀਪ ਸਿੰਘ ਜੀ ਕੇਸਰੀ, ਪੰਡਿਤ ਬਲਵੀਰ ਸਿੰਘ ਜੀ ਵਿਯੋਗੀ, ਮਹੰਤ ਬਿਸ਼ਨ ਸਿੰਘ ਜੀ ਕ੍ਰੀਟ, ਪੰਡਿਤ ਹਕੀਕਤ ਸਿੰਘ ਜੀ ਅਰਬਿੰਦ, ਮਹੰਤ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲੇ ਆਦਿ ਮਹਾਨ ਕਥਾਕਾਰ ਹੋਏ ਹਨ। ਆਪਣੇ ਸਮੇਂ ਵਿਚ ਜਿਨਾਂ ਨੇ ਰਾਜਿਆਂ ਮਹਾਰਾਜਿਆਂ ਨੂੰ ਵੀ ਗੁਰਮਤਿ ਤੇ ਗੁਰਬਾਨੀ ਦ੍ਰਿੜ ਕਰਵਾਈ। ਅਜੋਕੇ ਸਮੇਂ ਵਿਚ ਸ੍ਰੀਮਾਨ ਮਹੰਤ ਸਾਧੂ ਸਿੰਘ ਜੀ ਸ਼ਾਸ਼ਤਰੀ-ਮਹੰਤ ਜਗਦੇਵ ਸਿੰਘ ਜੀ ਮੋਨੀ-ਸੰਤ ਮੁਖ਼ਤਿਆਰ ਸਿੰਘ ਜੀ ਸਾਰੰਗ-ਸ੍ਰੀਮਾਨ ਮਹੰਤ

ਤੇਜਾ ਸਿੰਘ ਜੀ, ਸ਼ਾਸ਼ਤਰੀ ਜੈਲ ਸਿੰਘ ਜੀ, ਸ੍ਰੀਮਾਨ ਮਹੰਤ ਦਰਸ਼ਨ ਸਿੰਘ ਜੀ ਪੰਜਗਰਾਈਆਂ- ਸ੍ਰੀਮਾਨ ਮਹੰਤ ਪ੍ਰਦੀਪ ਹਰੀ ਜੀ- ਸੁਆਮੀ ਸਤਿ ਪ੍ਰੀਤ ਹਰੀ ਜੀ-ਸੁਆਮੀ ਪ੍ਰੀਤਮ ਜਿਓਤੀ ਜੀ, ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਕਾ ਆਦਿ ਪ੍ਰਸਿੱਧ ਕਥਾਕਾਰ ਹਨ। ਜਿਹੜੇ ਗੁਰਮਤਿ ਦਾ ਪ੍ਰਚਾਰ ਕਥਾ ਵਖਿਆਨ ਦੁਆਰਾ ਕਰ ਰਹੇ ਹਨ।

ਕੀਰਤਨ:- ਪ੍ਰਚਾਰ ਦੇ ਸਾਧਨਾਂ ਵਿਚ ਕੀਰਤਨ ਪ੍ਰਚਾਰ ਦਾ ਇਕ ਢੰਗ ਹੈ। ਸੁੰਦਰ ਅਵਾਜ਼ ਨਾਲ ਸਾਜਾਂ ਦੀ ਧੁਨੀ ਵਿਚ ਸਰੋਤਿਆਂ ਨੂੰ ਮੰਤ੍ਰ ਮੁਗਧ ਕਰਕੇ ਪ੍ਰਚਾਰ ਕਰਨਾ। ਸੰਤ ਬਾਬਾ ਮਿਸਰਾ ਸਿੰਘ ਜੀ ਅੰਮ੍ਰਿਤਸਰ, ਸੰਤ ਮੱਖਣ ਸਿੰਘ ਜੀ, ਮਹੰਤ ਵੀਰ ਸਿੰਘ ਜੀ ਦੌਧਰ ਵਾਲੇ, ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਮਹੰਤ ਗੱਜਾ ਸਿੰਘ ਜੀ, ਮਹੰਤ ਦਰਸਨ ਸਿੰਘ ਜੀ ਜਲੰਧਰ- ਮਹੰਤ ਕਰਤਾਰ ਸਿੰਘ ਜੀ ਪਠਲਾਵਾ ਆਦਿ ਮਹਾਂਪੁਰਖ ਕੀਰਤਨ ਦੇ ਧਨੀ ਸਨ। ਅੱਜ ਵੀ ਨਿਰਮਲੇ ਸੰਤ ਕੀਰਤਨ ਦੁਆਰਾ ਭੀ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਹਨ। ਸ੍ਰੀ ਮਾਨ ਮਹੰਤ ਸੁਖਵੰਤ ਸਿੰਘ ਜੀ, ਸ੍ਰੀਮਾਨ ਗੁਰਵਿੰਦਰ ਪਾਲ ਸਿੰਘ ਜੀ, ਸ੍ਰੀਮਾਨ ਮਹੰਤ ਤੇਜਾ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ ਮਹਿਲ ਕਲਾਂ ਸੰਤ ਰਾਮ ਸਿੰਘ ਜੀ ਸੀਗੜਾਵਾਲੇ ਕੀਰਤਨ ਦੁਆਰਾ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ।

ਮੰਡਲੀਆਂ:- ਜਿਥੇ ਡੇਰਿਆਂ ਵਿਚ ਬੈਠ ਕੇ ਨਿਰਮਲ ਆਸ਼ਰਮਾਂ ਵਿਚ ਰਹਿ ਕੇ ਤੇ ਅਖਾੜਾ ਕਾਇਮ ਕਰਨ ਪਿਛੋਂ ਅਖਾੜੇ ਨੇ ਗੁਰਸਿੱਖੀ ਦਾ ਪ੍ਰਚਾਰ ਕੀਤਾ। ਉਥੇ ਵਿਰੱਕਤ ਮੰਡਲੀਆਂ ਨੇ ਧਰਮ ਪ੍ਰਚਾਰ ਵਿਚ ਬੜਾ ਵੱਡਾ ਯੋਗਦਾਨ ਪਾਇਆ। ਇਨ੍ਹਾਂ ਮੰਡਲੀਆਂ ਵਿਚ ੧੦-੧੫ ਤੋਂ ਵੱਧ ੫੦-੬੦ ਸਾਧੂ ਮਹਾਂਪੁਰਖ ਇਕਠੇ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਿਚਰਦੇ ਸਨ ਤੇ ਨਾਲ ਨਾਲ ਹੀ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਇਨ੍ਹਾਂ ਦੁਆਰਾ ਹੀ ਧਾਰਮਿਕ ਵਿਦਿਆ ਦੇ ਕੇਂਦਰ ਡੇਰੇ-ਆਸ਼ਰਮ ਕਾਇਮ ਹੋਏ-ਪਿੰਡ ਪਿੰਡ ਪ੍ਰਚਾਰ ਹੋਇਆ। ਪੇਂਡੂ ਬੱਚਿਆਂ ਤੇ ਗੁਰਬਾਣੀ ਪ੍ਰੇਮੀਆਂ ਨੂੰ ਗੁਰਬਾਣੀ ਪੜ੍ਹਾਉਣੀ, ਕੰਠ ਕਰਾਉਣੀ, ਵਿਦਿਆ ਦਾ ਪਸਾਰ ਕਰਨਾ ਇਨ੍ਹਾਂ ਸੰਤ ਮੰਡਲੀਆਂ ਦਾ ਮੁੱਖ ਉਦੇਸ਼ ਸੀ।

ਪੁਰਾਤਨ ਸਮੇਂ ਵਿਚ ਨਿਰਮਲੇ ਮਹਾਂਪੁਰਖ ੨੫-੩੦ ਤੋਂ ੭੦-੮੦ ਦੀ ਗਿਣਤੀ ਵਿਚ ਮੰਡਲੀਆਂ ਦੇ ਰੂਪ ਵਿਚ ਪ੍ਰਚਾਰ ਕਰਦੇ ਸਨ। ਨਾਲ ਹੀ ਦੇਸ਼ ਭ੍ਰਮਣ ਕਰਦੇ ਸਨ ਤੇ ਦੇਸ਼ ਦੇ ਵੱਖ- ਵੱਖ ਹਿੱਸਿਆਂ ਵਿਚ ਪ੍ਰਚਾਰ ਕਰਦੇ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਗੁਰਬਾਣੀ ਤੇ ਸ਼ਾਸ਼ਤਰ ਦਾ ਅਧਿਆਨ ਕਰਵਾਉਂਦੇ ਸਨ। ਮੰਡਲੀ ਦਾ ਇਕ ਮੰਡਲੇਸ਼ਵਰ ਹੁੰਦਾ ਸੀ। ਪੁਰਾਤਨ ਸਮੇਂ ਵਿਚ ਪੰਡਿਤ ਜਵਾਲਾ ਦਾਸ ਜੀ ਦੀ ਮੰਡਲੀ-ਪੰਡਿਤ ਫੌਜਾ ਸਿੰਘ ਜੀ, ਪੰਡਿਤ ਈਸ਼ਰ ਸਿੰਘ ਜੀ, ਪੰਡਿਤ ਸਮੀਰ ਸਿੰਘ ਜੀ ਦੀ ਮੰਡਲੀ। ਆਧੁਨਿਕ ਸਮੇਂ ਵਿਚ ਸ੍ਰੀਮਾਨ ੧੦੮ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਸਿੰਘ ਜੀ ਜਿਥੇ ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਦੀ ਜ਼ਿੰਮੇਵਾਰੀ ਨਿਰਮਲ ਭੇਖ ਦੇ ਮੁੱਖੀ ਵਜੋਂ ਨਿਭਾ ਰਹੇ ਹਨ ਉੱਥੇ ਮੰਡਲੀ ਫੇਰ ਕੇ ੩੦-੪੦ ਸਾਧੂਆਂ ਸਮੇਤ ਦੇਸ਼ ਭ੍ਰਮਣ ਕਰਕੇ ਪ੍ਰਚਾਰ ਕਰ ਰਹੇ ਹਨ।

## ਪੱਤਰਕਾਰੀ ਵਿਚ ਨਿਰਮਲੇ ਸੰਤ

ਕਿਸੇ ਧਰਮ ਦੇ ਪ੍ਰਚਾਰ ਪਾਸਾਰ ਲਈ ਪੱਤਰਕਾਰੀ ਦਾ ਵੱਡਾ ਯੋਗਦਾਨ ਹੁੰਦਾ ਹੈ। ਨਿਰਮਲ ਸੰਪਰਦਾਇ ਦੇ ਮਹਾਂਪੁਰਖਾਂ ਨੇ ਭੀ ਸਮੇਂ ਸਮੇਂ ਹਿੰਦੀ-ਪੰਜਾਬੀ ਅਖ਼ਬਾਰ ਤੇ ਪਤ੍ਰਿਕਾਵਾਂ ਪ੍ਰਕਾਸ਼ਤ ਕੀਤੀਆਂ ਹਨ। ਜਿਵੇਂ:

(੧) ਨਿਰਮਲ ਪੱਤਰ:- ਇਸਦੇ ਸੰਪਾਦਕ ਵੈਦ ਸੰਤ ਗੁਰਦਿੱਤ ਸਿੰਘ ਜੀ ਅਲੋਮੁਹਾਰ ਅੰਮ੍ਰਿਤਸਰ ਵਾਲੇ ਸਨ। ਇਹ ੧੯੦੯ ਤੋਂ ੧੯੧੫ ਤੱਕ ਛਪਦਾ ਰਿਹਾ।

(੨) ਹਰਿਦਵਾਰ ਸਮਾਚਾਰ:- ਇਸਦੇ ਸੰਪਾਦਕ ਪੰਡਿਤ ਮਾਨ ਸਿੰਘ ਜੀ ਸ਼ਾਸ਼ਤ੍ਰੀ ਗਿਆਨ ਗੋਦੜੀ ਹਰੀਦੁਆਰ ਵਾਲੇ ਸਨ।

(੩) ਨਿਰਮਲਾ ਗਜ਼ਟ:- ਗੁਰੂ ਨਾਨਕ ਆਸ਼ਰਮ ਹਰੀਦੁਆਰ ਵਾਲੇ ਇਸਦੇ ਸੰਪਾਦਕ ਸਨ।

(੪) ਨਿਰਮਲ ਸ਼ਮਾਚਾਰ:- ਮਹੰਤ ਕਿਸ਼ਨ ਸਿੰਘ ਜੀ ਵਰਪਾਲਾਂ ਵਾਲੇ ੧੯੩੨ ਵਿਚ ਸੰਪਾਦਕ ਸਨ।

(੫) ਨਿਰਮਲ ਪੱਤਰ:- ਇਹ ਪੇਪਰ ੧੯੩੭ ਤੋਂ ੧੯੪੯ ਤੱਕ ਛਪਿਆ। ਮੁੱਖ ਸੰਪਾਦਕ ਮਹੰਤ ਦਿਆਲ ਸਿੰਘ ਜੀ ਤੇ ਗਿ. ਬਿਸ਼ਨ ਸਿੰਘ ਜੀ ਕ੍ਰੀਟ ਸਨ।

(੬) ਪੰਜਾਬੀ ਵੈਦ:- ਸੰਪਾਦਕ ਮਹੰਤ ਹਰੀ ਸਿੰਘ ਜੀ ਅੰਮ੍ਰਿਤਸਰ

(੭) ਨਿਰਮਲ ਉਦੇਸ਼:- ਸੰਪਾਦਕ ਮਹੰਤ ਹਰੀ ਸਿੰਘ ਜੀ ਅੰਮ੍ਰਿਤਸਰ

(੮) ਗੁਰਮਤਿ ਸਮਾਚਾਰ:- ਇਹ ਪੇਪਰ ਲੁਧਿਆਣੇ ਤੋਂ ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲਾਂ ਵਾਲੇ ਕਢਦੇ ਰਹੇ।

(੯) ਪੰਜਾਬੀ ਪਰਵਾਨਾ:- ਮਹੰਤ ਦਿਆਲ ਸਿੰਘ ਜੀ ਮੁਖ ਸੰਪਾਦਕ ਸਨ ਤੇ ਗਿ. ਬਲਵੰਤ ਸਿੰਘ ਗੁਰੂ ਕਾ ਕੋਠਾ ਸੰਪਾਦਕ ਸਨ।

(੧੦) ਨਿਰਮਲ ਸੰਦੇਸ਼:- ਮਹੰਤ ਪ੍ਰਤਾਪ ਸਿੰਘ ਜੀ ਕਾਉਂਕੇ ਕਲਾਂ ਮੁੱਖ ਸੰਪਾਦਕ ਤੇ ਸੰਤ ਤੇਜਿੰਦਰ ਸਿੰਘ ਜੀ ਸ਼ਾਸ਼ਤਰੀ ਜੀ ਸੰਪਾਦਕ ਰਹੇ।

(੧੧) ਨਿਰਮਲ ਪ੍ਰਕਾਸ਼:- ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ ਜੀ ਤੇ ਸੰਪਾਦਕ ਮਹੰਤ ਤੇਜਾ ਸਿੰਘ ਖੁੱਡਾ।

(੧੨) ਨਿਰਮਲ ਚਿੰਤਾਮਣੀ:- ਮੁੱਖ ਸੰਪਾਦਕ ਗਿ. ਬਲਵੰਤ ਸਿੰਘ ਜੀ ਤੇ ਸਹਾਇਕ ਸੰਪਾਦਕ ਗਿ. ਕੇਰ ਸਿੰਘ ਜੀ ਗੁਰੂ ਕਾ ਕੋਠਾ ਸਨ।

(੧੩) ਨਿਰਮਲ ਮਾਰਗ:- ਸ਼੍ਰੀਮਾਨ ਮਹੰਤ ਬਾਬਾ ਭਗਵੰਤ ਭਜਨ ਸਿੰਘ ਜੀ ਦਕੋਹਾ ਵਾਲੇ।

(੧੪) ਨਿਰਮਲ ਦਰਸਨ:- ਮੁੱਖ ਸੰਪਾਦਕ ਮਹੰਤ ਤੇਜਾ ਸਿੰਘ ਜੀ ਤੇ ਸੰਪਾਦਕ ਮਹੰਤ ਸੁਖਵੰਤ ਸਿੰਘ ਜੀ ਹਨ ਇਹ ਪੱਤਰ ਮੌਕੇ ਤੇ ਮਹੀਨੇ ਵਾਰ ਦੇ ਰੂਪ ਵਿਚ ਨਿਕਲ ਰਿਹਾ ਹੈ। ਇਸ ਤਰ੍ਹਾਂ ਸਮੇਂ-ਸਮੇਂ ਤੇ ਨਿਰਮਲੇ ਵਿਦਵਾਨ ਸੰਤਾਂ ਮਹਾਂਪੁਰਖਾਂ ਦੁਆਰਾ ਪੱਤਰਕਾਰੀ ਭੀ ਪ੍ਰਚਾਰ ਤੇ ਆਪਣੀ ਸੰਪਰਦਾਇ ਦਾ ਵਾਧਾ ਕੀਤਾ ਜਾਂਦਾ ਰਿਹਾ ਹੈ।

## ਡੇਰੇ

ਪਹਿਲੇ ਪਹਿਲ ਇਹ ਡੇਰੇ ਧਰਮਸ਼ਾਲ ਪ੍ਰਚਾਰ ਦਾ ਸੋਮਾ ਸਨ। ਮੱਧ ਕਾਲ ਵਿਚ ਇਸ ਵਿਚ ਜਾਗੀਰਦਾਰੀ ਰੁਚੀਆਂ ਭਾਰੂ ਹੋ ਗਈਆਂ। ਇਹ ਪਹਿਲਾਂ ਤਿਆਗੀ, ਵੈਰਾਗੀਆਂ, ਵਿਰੱਕਤ ਰਹਿ ਕੇ ਨਾਮ ਸਿਮਰਨ ਕਰਨ ਵਾਲਿਆਂ ਆਪ ਜਪਣ ਤੇ ਦੂਸਰਿਆਂ ਨੂੰ ਨਾਮ ਜਪਾਉਣ ਦੇ ਸਥਾਨ ਸਨ। ਪਰ ਆਧੁਨਿਕ ਸਮੇਂ ਵਿਚ ਅਮੀਰੀ ਠਾਠ-ਮਾਇਆ ਦਾ ਪ੍ਰਭਾਵ ਸ਼ਾਹੀ ਠਾਠ ਤੇ ਸਮੇਂ ਸਮੇਂ ਤੇ ਦੀਵਾਨ ਲਾਉਣ ਦੇ ਕਾਰਜ ਹੀ ਰਹਿ ਗਏ। ਵਿਦਿਆ ਬਿਲਕੁਲ ਖ਼ਤਮ ਹੋ ਗਈ। ਵਿਦਿਆ ਪੜ੍ਹਾਉਣ ਵਾਲਾ ਕੋਈ ਨਹੀਂ, ਜੇ ਕਿਤੇ ਪੜ੍ਹਾਉਣ ਵਾਲਾ ਹੈ ਤਾਂ ਉਥੇ ਪੜ੍ਹਨ ਵਾਲਾ ਨਹੀਂ ਹੈ। ਅੱਗੇ ਸੇਵਾ ਸਿਮਰਨ ਵਾਲਾ ਅਧਿਕਾਰੀ ਸੀ, ਪਰ ਹੁਣ ਦੇ ਯੁੱਗ ਵਿਚ ਵੱਡਾ ਲੜਕਾ ਮੁੱਖ ਸੇਵਾਦਾਰ ਤੇ ਚਾਚਾ ਭਤੀਜਾ ਤੇ ਭਾਣਜਾ ਬਾਦ ਨੇ, ਇਹ ਜਗਹ ਸਾਂਭ ਲਈ ਹੈ। ਸੇਵਾ, ਧਿਆਨ, ਸਿਮਰਨ, ਵਿਦਿਆ ਦਾ ਲਗ-ਪਗ ਭੋਗ ਹੀ ਪੈ ਗਿਆ ਹੈ।

ਅਖਾੜੇ ਦੀ ਸਥਾਪਨਾ ਤੇ ਅਖਾੜਾ ਦੀ ਰਮਤ ਗੁਰਮਤ ਪ੍ਰਚਾਰ ਵਾਸਤੇ ਕੀਤੀ ਗਈ ਸੀ। ਅਰੰਭ ਵਿਚ ਬਹੁਤ ਸਾਰੇ ਵਿਦਵਾਨ-ਸੰਤ-ਮਹੰਤ ਸੇਵਾ-ਸਿਮਰਨ ਵਿਦਿਆ ਪੜ੍ਹਨ ਵਿਚ ਰੁਚੀ ਰਖਦੇ

87

ਸਨ ਤੇ ਆਪਣੀਆਂ ਸੇਵਾਵਾਂ ਅਖਾੜੇ ਦੀ ਸੇਵਾ ਪ੍ਰਤੀ ਸਮਰਪਿਤ ਕਰਦੇ ਸਨ। ਪਰ ਆਧੁਨਿਕ ਸਮੇਂ ਵਿਚ ਰਮਤ ਬੰਦ ਹੋ ਗਈ ਹੈ। ਕੋਈ ਸੰਤ-ਮਹੰਤ ਆਪਣੀਆਂ ਸੇਵਾਵਾਂ ਅਖਾੜੇ ਪ੍ਰਤੀ ਸਮਰਪਣ ਨਹੀਂ ਕਰਨੀਆਂ ਚਾਹੁੰਦਾ। ਪੱਕੀ ਗੱਲ ਤਾਂ ਇਹ ਹੈ ਕਿ ਆਧੁਨਿਕ ਸਮੇਂ ਵਿਚ ਕੋਈ ਸੰਤ ਸ਼੍ਰੇਣੀ ਵਿਚ ਆਉਣ ਨੂੰ ਤਿਆਰ ਹੀ ਨਹੀਂ। ਵਿਦਿਆ ਪੜ੍ਹਨਾ ਹੀ ਨਹੀਂ ਚਾਹੁੰਦੇ-ਸੇਵਾ, ਸਿਮਰਨ ਦੀ ਔਖੀ ਘਾਟੀ ਕੋਈ ਨਹੀਂ ਚੜ੍ਹਨਾ ਚਾਹੁੰਦਾ ਹੈ। ਸਭ ਮਾਇਆ ਧਾਰੀ ਬਣਨਾ ਚਾਹੁੰਦਾ ਹਨ। ਮਾਇਆ ਦੇ ਸੁੱਖ ਹੀ ਚਾਹੁੰਦਾ ਹੈ। ਵਿਦਿਆ ਨਹੀਂ-ਸੇਵਾ ਸਿਮਰਨ ਦੀ ਘਾਟ ਕਰਕੇ ਇੰਦ੍ਰਿਆਂ ਦਾ ਭੀ ਸੰਜਮ ਨਹੀਂ ਹੈ। ਮਾਇਆਵਾਦੀ ਵਿਚਾਰ ਹੋਣ ਕਰਕੇ ਮਾਇਆ ਦੇ ਪ੍ਰਭਾਵ ਨੇ ਸਾਰਾ ਕੁਝ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਮੌਜੂਦਾ ਨਿਰਮਲ ਭੇਖ ਦੇ ਮੁਖੀਆਂ, ਜ਼ਿੰਮੇਵਾਰ, ਪ੍ਰਤਿਸ਼ਠਿਤ ਮਹਾਂਪੁਰਸ਼ਾਂ ਨੂੰ ਨਿਰਮਲ ਭੇਖ ਦੀ ਤਰਸਯੋਗ ਹਾਲਤ ਬਾਰੇ ਗੰਭੀਰਤਾ ਨਾਲ ਸੋਚਣਾ ਤੇ ਵਿਚਾਰਨਾ ਪਵੇਗਾ। ਨਿਰਮਲ ਭੇਖ ਦੇ ਨਿਯਮਾਂ ਅਨੁਸਾਰ ਨਿਯਮਬੱਧ ਹੋ ਕੇ ਨਿਰਮਲ ਭੇਖ ਦੀ ਤਰੱਕੀ ਵਿਚ ਹਰ ਨਿਰਮਲੇ ਸੰਤ ਨੂੰ ਆਪਣਾ ਆਪਣਾ ਯੋਗਦਾਨ ਪਾਉਣਾ ਪਵੇਗਾ।

# ਗੁਰਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦਾ ਯੋਗਦਾਨ

*ਗੁਰਮੇਲ ਸਿੰਘ (ਡਾ.)**


## ਤਤ-ਸਾਰ

ਸਾਡੇ ਕਾਰਜ ਦੀ ਸਮਸਿਆ ਦਾ ਘੇਰਾ ਬਾਣੀ-ਵਿਆਖਿਆ ਦੇ ਅਕਾਦਮਿਕ-ਅਨੁਸ਼ਾਸ਼ਨ ਦਾ ਨਾਮਕਰਨ/ਸਿਰਲੇਖ ਨਿਰਧਾਰਤ ਕਰਨਾ, ਉਸਦੀ ਪਰਿਭਾਸ਼ਾ ਅਤੇ ਵਿਆਖਿਆ ਦੇ ਨਿਰਮਲੇ-ਸਕੂਲ ਦੁਆਰਾ ਕੀਤੇ ਕਾਰਜਾਂ ਵਿਚ ਪ੍ਰਾਪਤ ਹੁੰਦੀਆਂ ਵਿਆਖਿਅਕ-ਜੁਗਤਾਂ/ਵਿਧੀਆਂ ਆਦਿ ਦੀ ਤਲਾਸ਼ ਕਰਕੇ, ਗੁਰਬਾਣੀ ਦੇ ਵਿਆਖਿਆ-ਅਨੁਸ਼ਾਸ਼ਨ ਵਿਚ ਪਾਏ ਸੁਚੇਤ/ਅਚੇਤ ਯੋਗਦਾਨ ਦਾ ਵੇਰਵਾ ਹਾਸਿਲ ਕਰਨਾ ਹੈ। ਇਥੇ ਫ਼ਿਲਹਾਲ ਕਿਸੇ ਹੋਰ ਸ਼ਬਦ/ਸਮਾਸ ਦੀ ਗ਼ੈਰ-ਹਾਜ਼ਰੀ/ਪਹੁੰਚ ਵਿਚ ਬਾਣੀ-ਅਰਥਾਉਣ ਦੇ ਨਿਯਮਾਂ ਦੀ ਨਿਯਮਬੱਧ-ਪ੍ਰਣਾਲੀ ਲਈ ਗੁਰਬਾਣੀ ਵਿਆਖਿਆ-ਪਧਤੀ ਨਾਮਕਰਨ ਅਪਣਾਇਆ ਗਿਆ ਹੈ। ਇਸ ਦੀ ਪਰਿਭਾਸ਼ਾ ਹੈ: ਗੁਰਬਾਣੀ ਵਿਆਖਿਆ-ਪਧਤੀ, (ਸਿੱਖ) ਵਿਚਾਰ-ਪ੍ਰਬੰਧ ਨੂੰ ਸੰਕੇਤਕ/ਸੇਧਤ ਇਕ ਸਿਧਾਂਤਕ ਤੇ ਅਕਾਦਮਿਕ ਅਨੁਸ਼ਾਸ਼ਨ ਦਾ ਸੰਕਲਪ ਹੈ, ਜਿਹੜਾ ਕਿਸੇ ਵੀ ਢੰਗ (ਸ਼ਬਦਾਰਥ; ਭਾਵਾਰਥ; ਟੀਕਾ; ਭਾਸ਼; ਵਿਆਖਿਆ; ਸਿਧਾਂਤੀਕਰਣ; ਖੋਜ; ਅਧਿਐਨ ਆਦਿ) ਰਾਹੀਂ ਬਾਣੀ-ਅਰਥਾਉਣ ਦੇ ਨਿਯਮਾਂ; ਸਿਧਾਂਤਾਂ; ਜੁਗਤਾਂ; ਵਿਧੀਆਂ ਆਦਿ ਦੀ ਬਾਣੀ-ਸੰਦਰਭ ਵਿਚ ਸਿਰਜਣਾ ਕਰਦਾ ਹੈ।

ਉਕਤ ਅਕਾਦਮਿਕ-ਅਨੁਸ਼ਾਸ਼ਨ ਵਿਚ ਸਹਾਇਕ ਤੱਤਾਂ ਨੂੰ, ਜਿਹੜੇ ਨਿਰਮਲਾ-ਸਕੂਲ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਹੁੰਦੇ ਹਨ, ਤਿੰਨ ਤਰ੍ਹਾਂ ਦੇ ਹਨ:

(1) ਸਿਧਾਂਤਕ (ਮੂਲਮੰਤ੍ਰ ਗੁਰਮਤਿ ਧਾਰਾ ਦਾ ਕੇਂਦਰ, ਜਪੁ ਜੀ ਸਿੱਖ-ਸਿਧਾਂਤਾਂ ਦਾ ਕੇਂਦਰ, ਇਤਿਹਾਸ ਤੇ ਸਿਧਾਂਤ ਦਾ ਸੁਮੇਲ, ਪਰੰਪਰਾ ਦੀ ਸਮਝ, ਬਾਣੀ ਸਰੂਪ, ਵਿਆਕਰਣ/ਪਿੰਗਲ ਦੀ ਮਹਤਾ ਆਦਿ)

(2) ਆਚਰਣਿਕ (ਤਿਆਗੀ, ਸੰਤੋਖੀ, ਸਤੋਗੁਣੀ, ਸਬਰ, ਵਿਚਾਰਵਾਨ, ਵ੍ਰਿਤੀਨਿਰੋਧਕ, ਦ੍ਰਿੜਤਾ ਆਦਿ)

(3) ਵਿਹਾਰਿਕ/ਵਿਧਾਗਤ (ਮੰਡਲੀਆਂ, ਗੋਸ਼ਟਾਂ, ਡੇਰੇ ਜਾਂ ਅਖਾੜੇ ਆਦਿ)

ਜਦੋਂ ਵੀ ਗੁਰਬਾਣੀ ਵਿਆਖਿਆ-ਪਧਤੀ ਦਾ ਇਕ ਮੌਲਿਕ ਤੇ ਸੁਤੰਤਰ ਸਕੂਲ ਸਿਰਜਿਆ ਗਿਆ ਤਾਂ ਉਸ ਦੀ ਉਸਾਰੀ ਵਿਚ ਨਿਰਮਲਾ-ਸਕੂਲ ਵਲੋਂ ਅਵਚੇਤਨ ਸੰਕੇਤਕ ਬਹੁ-ਅਨੁਸ਼ਾਸ਼ਨੀ ਸਿਧਾਂਤਕ/ਵਿਹਾਰਕ ਪਹੁੰਚ ਮਹਤਾਪੂਰਨ ਰੋਲ ਅਦਾ ਕਰੇਗੀ।


* ਲੈਕਚਰਾਰ (ਐਡ.) ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ।

## ਸਮਸਿਆ ਦੀ ਪਛਾਣ

ਬਾਣੀ-ਅਰਥਾਉਣ ਦੀ ਕੋਈ ਨਿਯਮਬਧ ਸੇਧ ਲਈ, ਇਕ ਅਕਾਦਮਿਕ-ਪਹੁੰਚ ਵਜੋਂ ਕੀਤੇ ਗਏ ਕਾਰਜ ਦੀ ਫ਼ਿਲਹਾਲ ਸਾਡੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ, ਭਾਵੇਂ ਮੁੱਢਲੇ ਜਿਹੇ ਤੌਰ 'ਤੇ ਬਾਣੀ-ਅਧਿਐਨ; ਅਧਿਆਪਨ; ਖੋਜ ਜਾਂ ਬਾਣੀ-ਅਰਥਾਉਣ ਦੇ ਢੰਗਾਂ ਬਾਰੇ ਕੁਝ 'ਵਿਚਾਰ; ਲਛਣ; ਤਰੀਕੇ ਜਾਂ ਮੁਖ ਸ਼ਰਤਾਂ' ਆਦਿ ਦੇ ਵੇਰਵੇ ਮਿਲ ਜਾਂਦੇ ਹਨ।[1] ਹਥਲੇ ਕਾਰਜ ਦੀ ਸਮਸਿਆ ਦਾ ਘੇਰਾ ਬਾਣੀ- ਵਿਆਖਿਆ ਦੇ ਅਕਾਦਮਿਕ ਅਨੁਸ਼ਾਸ਼ਨ (academic-discipline) ਦਾ ਨਾਮਕਰਨ/ਸਿਰਲੇਖ, ਉਸਦੀ ਪਰਿਭਾਸ਼ਾ ਤੇ ਵਿਆਖਿਆ ਦੇ ਨਿਰਮਲੇ-ਸਕੂਲ ਦੁਆਰਾ ਕੀਤੇ ਕਾਰਜਾਂ ਵਿਚ ਪ੍ਰਾਪਤ ਹੁੰਦੀਆਂ ਵਿਆਖਿਅਕ-ਜੁਗਤਾਂ, ਵਿਧੀਆਂ ਆਦਿ ਦੀ ਤਲਾਸ਼ ਕਰਕੇ, ਗੁਰਬਾਣੀ ਦੇ ਵਿਆਖਿਆ-ਅਨੁਸ਼ਾਸ਼ਨ ਵਿਚ ਪਾਏ ਸੁਚੇਤ/ਅਚੇਤ ਯੋਗਦਾਨ ਦਾ ਵੇਰਵਾ ਹਾਸਿਲ ਕਰਨਾ ਹੈ।

## ਨਾਮਕਰਨ

ਬਾਣੀ ਅਰਥਾਉਣ ਦੀ ਨਿਯਮਬੱਧ-ਪ੍ਰਣਾਲੀ ਜਾਂ ਅਨੁਸ਼ਾਸ਼ਨ ਨੂੰ ਢੁਕਵਾਂ ਨਾਂ ਦੇਣ ਦੀ ਪ੍ਰਕ੍ਰਿਆ ਲਈ ਸਾਨੂੰ ਆਮ-ਸੂਝ ਵਿਚੋਂ ਕਈ ਸਿਧਾਂਤਕ/ਵਿਹਾਰਕ ਨਾਮ (noun) ਪ੍ਰਾਪਤ ਹੁੰਦੇ ਹਨ, ਜਿਵੇਂ: ਗੁਰਬਾਣੀ ਵਿਆਖਿਆ-ਵਿਧੀ; ਜੁਗਤ; ਸਿਧਾਂਤ; ਸ਼ਾਸ਼ਤਰ; ਵਿਗਿਆਨ ਜਾਂ ਪਧਤੀ ਆਦਿ। ਇਹ ਸਿਧਾਂਤਕ ਸ਼ਬਦ/ਸੰਕਲਪ, ਬਾਣੀ ਦੇ ਅਧਿਐਨ; ਅਧਿਆਪਨ; ਖੋਜ; ਸਿਧਾਂਤੀਕਰਨ ਆਦਿ ਦੀਆਂ ਵਿਭਿੰਨ ਵੰਨਗੀਆਂ ਨੂੰ ਸੂਚਿਤ ਕਰਦੇ ਹਨ, ਜਿਵੇਂ: 'ਵਿਧੀ', ਉਨ੍ਹਾਂ 'ਢੰਗਾਂ' ਨੂੰ ਸੰਕੇਤ ਕਰਦਾ ਹੈ ਜਿਹੜੇ 'ਸਰੂਪ' (nature) ਨਾਲੋਂ, 'ਆਰੂਪ' (formation) ਨੂੰ ਵਧੇਰੇ ਸੰਬੋਧਨ ਹਨ। 'ਜੁਗਤ' ਵੀ 'ਵਿਧੀ' ਨਾਲ ਮਿਲਦਾ-ਜੁਲਦਾ ਸ਼ਬਦ ਹੈ। 'ਸਿਧਾਂਤ' ਧਰਮ-ਸ਼ਾਸ਼ਤਰੀ (theological) ਜਾਂ ਦਾਰਸ਼ਨਿਕ (philosophical) ਸੰਕਲਪਾਂ ਦੇ ਪ੍ਰਗਟਾਉਣ ਤੇ ਸੂਤਰੀ-ਕਰਣ (formulation) ਨੂੰ ਵਧੇਰੇ ਸੰਬੋਧਤ ਹੈ। ਵਿਆਖਿਆ-ਸ਼ਾਸ਼ਤਰ, ਪਛਮ ਦੇ Hermeneutics[2] ਅਨੁਸ਼ਾਸ਼ਤ-ਸ਼ਬਦ ਦਾ ਸਾਡੀਆਂ ਭਾਸ਼ਾਵਾਂ ਵਿਚ ਪਰਿਆਇਵਾਚੀ ਰੂਪ ਦੇ ਤੌਰ 'ਤੇ ਵਰਤੋਂ ਅਧੀਨ ਹੈ। ਵਿਗਿਆਨ, ਇਕ ਨਿਸ਼ਚਿਤ ਅਨੁਸ਼ਾਸ਼ਨ ਨਾਲੋਂ ਗਿਆਨ-ਵਿਗਿਆਨ ਦੀ ਦੁਨੀਆ ਵਿਚ ਵਰਤਿਆ ਜਾਂਦਾ ਵਿਸ਼ਾਲ ਘੇਰੇ ਤੇ ਅਰਥਾਂ ਦਾ ਲਖਾਇਕ ਹੈ। ਇਸ ਤਰ੍ਹਾਂ ਉਕਤ ਸ਼ਬਦ-ਸੰਕਲਪ ਬਾਣੀ-ਸਰੂਪ ਤੇ ਉਸ ਉਤੇ ਉਸਰੇ ਵਿਸ਼ਾਲ ਅਧਿਐਨ ਨੂੰ ਨਿਯਮਤ ਅਨੁਸ਼ਾਸ਼ਨ ਵਿਚ ਬੰਨ੍ਹਣ ਤੋਂ ਅਸਮਰਥ ਜਾਪਦੇ ਹਨ। ਇਥੇ ਅਸੀਂ ਫ਼ਿਲਹਾਲ ਕਿਸੇ ਹੋਰ ਸ਼ਬਦ/ਸਮਾਸ ਦੀ ਗ਼ੈਰ-ਹਾਜ਼ਰੀ/ਪਹੁੰਚ ਵਿਚ ਬਾਣੀ-ਅਰਥਾਉਣ ਦੇ ਨਿਯਮਾਂ ਦੀ ਨਿਯਮਬਧ-ਪ੍ਰਣਾਲੀ ਲਈ ਗੁਰਬਾਣੀ ਵਿਆਖਿਆ-ਪਧਤੀ ਨਾਮਕਰਨ ਅਪਣਾ ਰਹੇ ਹਾਂ। ਇਸ ਦੀ ਪੁਸ਼ਟੀ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਹੈ:

*ਜਗ ਅਉਰੁ ਨ ਜਾਹਿ....*
*ਤਿਨ ਕੇ ਦੁਖ ਕੋਟਿਕ ਦੂਰਿ ਗਏ*
*ਮਥੁਰਾ ਜਿਨੁ ਅੰਮ੍ਰਿਤ ਨਾਮੁ ਪੀਅਉ॥*
*ਇਹ ਪਧਤਿ ਤੇ ਮਤ ਚੂਕਹਿ ਰੇ ਮਨ*
*ਭੇਦੁ ਬਿਭੇਦੁ ਨ ਜਾਨ ਬੀਅਉ॥*
*ਪਰਤਛਿ ਰਿਦੈ ਗੁਰ ਅਰਜੁਨ ਕੈ*
*ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥*[3]

ਭਟ ਮਥਰਾ ਜੀ ਦੇ ਉਕਤ ਸਵਈਏ ਵਿਚੋਂ 'ਪਧਤਿ' ਦੇ ਅਰਥ, *ਸ਼ਬਦਾਰਥ* ਦੇ ਕਰਤਿਆਂ ਨੇ 'ਰਾਹ; ਨੇਮ' ਕੀਤੇ ਹਨ।[4] ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਪਧਤਿ' ਦੇ ਕਈ ਅਰਥ (ਢੰਗ, ਤਰੀਕਾ, ਰੀਤੀ-ਰਿਵਾਜ ਆਦਿ) ਕਰਕੇ, ਇਕ ਅਰਥ 'ਧਰਮ ਦੇ ਸੰਸਕਾਰ; ਨਿਯਮਾਂ ਦੀ ਪੋਥੀ' ਵੀ ਕੀਤੇ ਹਨ।[5] ਭਟ ਮਥਰਾ ਜੀ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਿਤ ਮਾਰਗ; ਨੇਮ ਦੇ

(ਬਾਣੀ/ਸ਼ਬਦ ਰੂਪ ਵਿਚ) ਦੈਵੀ 'ਨਿਯਮਾਂ ਦੀ ਪੋਥੀ' ਤੋਂ ਏਧਰ-ਓਧਰ ਜਾਣ ਤੋਂ ਵਰਜਦਿਆਂ, ਇਸ ਦੀ ਅਮਰ-ਅਟਲਤਾ ਦੀ ਦੈਵੀ-ਸ਼ਾਖ ਭਰਦੇ ਹਨ, ਜਿਸ ਵਿਚ 'ਭੇਦ-ਵਿਭੇਦ' ਦੀ ਕੋਈ ਸਮਸਿਆ ਪੈਦਾ ਨਹੀਂ ਹੁੰਦੀ। ਫਰੀਦਕੋਟੀ ਟੀਕੇ ਨੇ 'ਗੁਰ ਪਧਤੀ' ਸਮਾਸ ਦੁਆਰਾ ਬਾਣੀ-ਸਿਧਾਂਤ ਵੱਲ ਇਸ਼ਾਰਾ ਕਰਕੇ[੯], ਇਸ ਤੱਥ ਨੂੰ ਹੋਰ (ਅਵਚੇਤਨ) ਬਲ ਬਖਸ਼ਿਆ ਹੈ ਕਿ (ਗੁਰਬਾਣੀ ਵਿਆਖਿਆ) 'ਪਧਤੀ' ਇਕ ਅਜਿਹਾ (ਅਕਾਦਮਿਕ) ਅਨੁਸ਼ਾਸ਼ਨ ਹੈ, ਜਿਸ ਵਿਚ ਬਾਣੀ-ਅਰਥਾਉਣ ਦੀ 'ਗੁਰ-ਪਧਤੀ/ਸਿਧਾਂਤ' ਦੱਸੇ ਗਏ ਹਨ। ਜੋ ਸਾਰ ਵਜੋਂ ਅਸੀਂ ਬਾਣੀ-ਅਰਥਾਉਣ ਦੇ ਸਿਧਾਂਤਾਂ/ਜੁਗਤਾਂ ਨੂੰ ਦਸਣ/ਸਿਖਾਉਣ ਵਾਲੇ 'ਵਿਗਿਆਨ' ਲਈ ਫਿਲਹਾਲ **ਗੁਰਬਾਣੀ ਵਿਆਖਿਆ-ਪਧਤੀ** ਸਿਰਲੇਖ ਵਰਤ ਰਹੇ ਹਾਂ।

**ਪਰਿਭਾਸ਼ਾ**

ਗੁਰਬਾਣੀ ਵਿਆਖਿਆ-ਪਧਤੀ ਦੇ ਕੁਝ ਮੁੱਢਲੇ ਲੱਛਣਾਂ ਦਾ ਜ਼ਿਕਰ ਉਪਰ ਆ ਚੁਕਿਆ ਹੈ। ਇਥੇ ਅਸੀਂ ਇਸ ਦੇ ਸੰਕਲਪ; ਘੇਰੇ ਤੇ ਸੀਮਾਵਾਂ ਆਦਿ ਨੂੰ ਧਿਆਨ ਵਿਚ ਰੱਖ ਕੇ, ਇਸ ਤਰ੍ਹਾਂ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ:

> *ਗੁਰਬਾਣੀ ਵਿਆਖਿਆ-ਪਧਤੀ, (ਸਿੱਖ) ਵਿਚਾਰ-ਪ੍ਰਬੰਧ (the Sikh school of thought) ਨੂੰ ਸੰਕੇਤਕ/ਸੇਧਤ ਇਕ ਸਿਧਾਂਤਕ ਤੇ ਅਕਾਦਮਿਕ ਅਨੁਸ਼ਾਸ਼ਨ ਦਾ ਸੰਕਲਪ ਹੈ, ਜਿਹੜਾ ਕਿਸੇ ਵੀ ਢੰਗ (ਸ਼ਬਦਾਰਥ; ਭਾਵਾਰਥ; ਟੀਕਾ; ਭਾਸ਼; ਵਿਆਖਿਆ; ਸਿਧਾਂਤੀਕਰਣ; ਖੋਜ; ਅਧਿਐਨ ਆਦਿ) ਰਾਹੀਂ ਬਾਣੀ-ਅਰਥਾਉਣ ਦੇ ਨਿਯਮਾਂ; ਸਿਧਾਂਤਾਂ; ਜੁਗਤਾਂ; ਵਿਧੀਆਂ ਆਦਿ ਦੀ ਬਾਣੀ-ਸੰਦਰਭ ਵਿਚ ਸਿਰਜਣਾ ਕਰਦਾ ਹੈ।*

ਉਕਤ ਪਰਿਭਾਸ਼ਾ ਰਾਹੀਂ ਸੰਕੇਤਕ ਗੁਰਬਾਣੀ ਵਿਆਖਿਆ-ਪਧਤੀ ਸਿਰਜਣਾ ਵਿਚ ਨਿਰਮਲਾ ਸਕੂਲ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਸੇਧਾਂ ਦੀ ਤਲਾਸ਼ ਕਰਨਾ ਤੇ ਕੁਝ ਧਾਰਨਾਵਾਂ ਬਨਾਉਣੀਆਂ ਹੀ ਹਥਲੇ ਪਰਚੇ ਦਾ ਮੁਖ ਉਦੇਸ਼ ਹੈ।

## II

ਵਿਆਖਿਆ ਦੇ ਨਿਰਮਲੇ ਸਕੂਲ ਦੀਆਂ ਅਨੇਕਾਂ ਲਘੂ ਤੇ ਵਡ-ਅਕਾਰੀ ਵਿਆਖਿਆਤਮਕ ਰਚਨਾਵਾਂ ਵਿਚ ਸਾਨੂੰ ਵਿਆਖਿਆ ਦੇ ਜਿਹੜੇ ਸਿਧਾਂਤ; ਢੰਗ ਜਾਂ ਜੁਗਤਾਂ ਪ੍ਰਾਪਤ ਹਨ, ਉਹ ਨਿਰਸੰਦੇਹ ਕਿਸੇ ਅਕਾਦਮਿਕ-ਸ਼ਾਸ਼ਤਰ ਦੀ ਸਿਰਜਣਾ ਦੇ ਸੁਚੇਤ ਜਤਨਾਂ ਦੀਆਂ ਲਖਾਇਕ ਨਹੀਂ ਤੇ ਨਾ ਹੀ ਉਹ ਕਿਸੇ ਵਿਧੀ-ਵਧ ਤਰੀਕੇ ਨਾਲ ਪ੍ਰਾਪਤ ਹਨ, ਬਲਕਿ ਉਹ ਪਰੰਪਰਿਕ ਤਰੀਕੇ ਨਾਲ ਟੀਕਿਆਂ ਦੀਆਂ ਭੂਮਿਕਾਵਾਂ/ਉਥਾਨਕਾਵਾਂ; ਕੋਸ਼-ਅੰਦਰਾਜ਼ਾਂ; ਟਿੱਪਣੀਆਂ; ਖੰਡਨ-ਮੰਡਲ ਵਿਸਤਾਰਾਂ; ਰਚਨਾਵਾਂ ਦੇ ਸਮੁੱਚੇ ਸਰੂਪ ਤੇ ਸੇਧਾਂ ਆਦਿ ਵਿਚੋਂ ਕਿਸੇ ਸੰਦਰਭ ਰਾਹੀਂ ਪ੍ਰਾਪਤ ਹੁੰਦੀਆਂ ਹਨ, ਪਰ ਇਨ੍ਹਾਂ ਦੀ ਮਹਤਾ ਤੋਂ ਕਦਾਚਿਤ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ, ਕਿਉਂਕਿ ਪ੍ਰਾਪਤ ਜੁਗਤਾਂ ਬਾਣੀ-ਆਰਥਾਉਣ ਲਈ ਸਿੱਖ-ਪਧਤੀ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਉਂਦੀਆਂ ਹਨ। ਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਸਹਾਇਕ ਸਿਧਾਂਤਾਂ/ਵਿਧੀਆਂ ਦੀ ਨਿਸ਼ਾਨਦੇਹੀ ਲਈ ਅਸੀਂ ਕੁਝ ਚੋਣਵੀਆਂ ਰਚਨਾਵਾਂ ਉਤੇ ਹੀ ਧਿਆਨ ਕੇਂਦਰਿਤ ਕੀਤਾ ਹੈ, ਜਿਹੜੀਆਂ ਨਿਰਮਲਾ ਸਕੂਲ ਦੀ ਵਿਆਖਿਆਕਾਰੀ ਵਿਚ ਆਮ-ਵਿਖਿਆਤ ਹਨ ਤੇ ਪ੍ਰਤੀਨਿਧ ਕਹੀਆਂ ਜਾ ਸਕਦੀਆਂ ਹਨ।

ਸਰੂਪ ਤੇ ਵਰਗ ਦ੍ਰਿਸ਼ਟੀ ਤੋਂ ਅਰਥਾਉਣ-ਪ੍ਰਕ੍ਰਿਆ ਦੇ ਅਕਾਦਮਿਕ ਅਨੁਸ਼ਾਸ਼ਨ ਵਿਚ ਸਹਾਇਕ ਤੱਤਾਂ ਨੂੰ, ਜਿਹੜੇ ਨਿਰਮਲਾ-ਸਕੂਲ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਹੁੰਦੇ ਹਨ, ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

(1) ਆਰਥਾਉਣ ਦੇ ਅਕਾਦਮਿਕ-ਅਨੁਸ਼ਾਸ਼ਨ ਵਿਚ ਸਹਾਇਕ ਤਤ (ਸਿਧਾਂਤਕ)

(2) ਵਿਅਕਤਿਤ੍ਵ ਵਿਗਾਸ ਲਈ ਜਾਂ ਅਰਥਾਉਣ-ਪ੍ਰਕ੍ਰਿਆ ਲਈ ਆਚਰਨਿਕ ਯੋਗਤਾ ਬਾਰੇ ਜੁਗਤਾਂ

(3) ਵਿਹਾਰਿਕ/ਵਿਧਾਗਤ ਜੁਗਤਾਂ

ਅਗਲੇ ਪੰਨਿਆਂ ਉਤੇ ਅਸੀਂ ਉਕਤ ਪ੍ਰਕਾਰ ਦੀਆਂ ਵਿਧੀਆਂ/ਜੁਗਤਾਂ ਦੀ ਵਿਆਖਿਆ, ਉਦਾਹਰਨਾਂ ਸਮੇਤ ਕਰਨ ਦੀ ਕੋਸ਼ਿਸ਼, ਵਿਹਾਰਕ ਦ੍ਰਿਸ਼ਟੀ ਤੋਂ ਕਰ ਰਹੇ ਹਾਂ।

**I ਅਕਾਦਮਿਕ ਅਨੁਸ਼ਾਸ਼ਨ ਵਿਚ ਸਹਾਇਕ ਸਿਧਾਂਤਕ ਤਤ**

(1) ਮੂਲਮੰਤ੍ਰ ਗੁਰਮਤਿ ਧਾਰਾ ਦਾ ਕੇਂਦਰ

ਨਿਰਮਲੇ ਸਕੂਲ ਨੇ ਸਮੁਚੀ ਗੁਰਮਤਿ ਧਾਰਾ ਦਾ ਕੇਂਦਰ ਮੂਲਮੰਤ੍ਰ ਨੂੰ ਮੰਨਿਆ ਹੈ। ਇਸ ਕਿਸਮ ਦੀ ਪੁਸ਼ਟੀ ਇਸ ਸਕੂਲ ਦੁਆਰਾ ਸਿਧੀਆਂ ਰਚਿਤ ਮੂਲਮੰਤ੍ਰ ਸਬੰਧੀ ਰਚਨਾਵਾਂ ਤੋਂ ਇਲਾਵਾ ਟੀਕਿਆਂ ਦੀਆਂ ਭੂਮਿਕਾਵਾਂ ਤੋਂ ਹੋ ਜਾਂਦੀ ਹੈ।[7] ਇਸ ਸਕੂਲ ਦੀ ਅਵਚੇਤਨ ਜਾਂ ਚੇਤਨ, ਇਹ ਧਾਰਨਾ ਬਣਦੀ ਹੈ ਕਿ ਗੁਰਬਾਣੀ-ਅਰਥਾਉਣ ਪ੍ਰਕ੍ਰਿਆ, ਮੂਲਮੰਤ੍ਰ ਦੇ ਸਿਧਾਂਤ ਦੀ ਪੈਰਵੀ ਕਰੇ। ਜਿਹੜੀ ਅਰਥ-ਪ੍ਰਕ੍ਰਿਆ/ਪ੍ਰਣਾਲੀ ਮੂਲਮੰਤ੍ਰ ਦੇ ਸਿਧਾਂਤ ਤੋਂ ਪਰ੍ਹੇ ਹੈ, ਉਹ ਗੁਰਮਤਿ ਅਨੁਸਾਰੀ ਨਹੀਂ। ਮੂਲਮੰਤ੍ਰ ਵਾਲੇ ਇਕ ਰੱਬਤਾ (੧ੴ) ਦੇ ਸਿਧਾਂਤ ਨੂੰ ਪੰਡਿਤ ਗੁਲਾਬ ਸਿੰਘ ਨਿਰਮਲਾ ਨੇ *ਮੋਕਸ਼ ਪੰਥ ਪ੍ਰਕਾਸ਼* (1777 ਈ.) ਵਿਚ 'ਹੇਰੈ ਬ੍ਰਹਮ ਸੁ ਏਕ' ਰਾਹੀਂ ਪੁਸ਼ਟ ਕਰਕੇ ਉਕਤ ਤੱਥ ਦੀ ਹਾਮੀ ਭਰੀ ਹੈ, ਜਿਸ ਰਾਹੀਂ ਅਸੀਂ 'ਗੁਰਬਾਣੀ ਵਿਆਖਿਆ-ਪਧਤੀ' ਲਈ ਇਕ ਮੁਲਵਾਂਨ ਸਿਧਾਂਤ ਪ੍ਰਾਪਤ ਕਰ ਲੈਂਦੇ ਹਾਂ। ਭਾਵੇਂ ਇਹ ਪਹਿਲੂ ਵੀ ਦਿਲਚਸਪੀ ਤੋਂ ਖਾਲੀ ਨਹੀਂ ਕਿ ਇਸ ਸਕੂਲ ਦੀਆਂ ਬਹੁਤੀਆਂ ਟੀਕਾਵਾਂ/ਰਚਨਾਵਾਂ ਉਕਤ ਸਿਧਾਂਤ ਉਤੇ ਕੇਂਦਰਤ ਨਹੀਂ।[8] ਪਰ ਸਾਡਾ ਸਰੋਕਾਰ ਤਾਂ ਠੀਕ ਦਿਸ਼ਾ ਤੇ ਸਿਧਾਂਤ ਪ੍ਰਾਪਤ ਕਰਨ ਦਾ ਹੈ।

(2) ਜਪੁ ਜੀ, ਸਿੱਖ-ਸਿਧਾਂਤਾਂ ਦਾ ਕੇਂਦਰ

ਨਿਰਮਲਾ ਸਕੂਲ ਦੇ ਹਰ ਕਹਿੰਦੇ-ਕਹਾਉਂਦੇ ਸਾਧੂ ਨੇ *ਜਪੁ ਜੀ* ਦਾ ਟੀਕਾ ਜ਼ਰੂਰ ਕੀਤਾ ਹੈ; ਸੈਂਕੜਿਆਂ ਦੀ ਗਿਣਤੀ ਵਿਚ ਪ੍ਰਾਪਤ ਜਪੁ-ਟੀਕੇ ਇਸ ਤੱਥ ਦਾ ਪ੍ਰਮਾਣ ਹਨ।[9] *ਜਪੁ ਜੀ* ਦਾ ਟੀਕਾ, ਸ਼ਾਇਦ ਨਿਰਮਲੇ ਜਾਂ ਹੋਰ ਸੰਪਰਦਾਈ-ਸਾਧੂਆਂ ਦਾ ਵਿਦਵਤਾ/ਪੰਡਿਤਾਈ-ਚਿੰਨ੍ਹ ਹੈ। ਉਕਤ ਤਥ ਤੋਂ ਇਹ ਧਾਰਨਾ ਬਣਦੀ ਹੈ ਕਿ ਨਿਰਮਲੇ ਜਪੁ ਜੀ ਨੂੰ ਸਿੱਖ ਦਾਰਸ਼ਨਿਕ ਦ੍ਰਿਸ਼ਟੀ ਤੋਂ ਕੇਂਦਰੀ ਮਹਤਾ ਦਿੰਦੇ ਰਹੇ ਹਨ ਤੇ ਇਸੇ ਰੌਸ਼ਨੀ ਵਿਚ ਜਪੁ ਜੀ ਦੀ ਦਾਰਸ਼ਨਿਕਤਾ ਸਮਝਣਾ; ਗੁਰਬਾਣੀ ਵਿਆਖਿਆ-ਪਧਤੀ ਦਾ ਇਕ ਅਹਿਮ ਅਸੂਲ ਬਣ ਜਾਂਦਾ ਹੈ।

(3) ਇਤਿਹਾਸ ਤੇ ਸਿਧਾਂਤ ਦਾ ਸੁਮੇਲ

ਨਿਰਮਲੇ ਸਾਧੂਆਂ ਦੀਆਂ ਰਚਨਾਵਾਂ/ਟੀਕਾਵਾਂ ਵਿਚ ਇਤਿਹਾਸ ਤੇ ਸਿਧਾਂਤ ਦਾ ਸੁਮੇਲ ਮਿਲਦਾ ਹੈ। ਇਸ ਤਥ ਦਾ ਪੁਖਤਾ ਸਬੂਤ ਸਾਨੂੰ 'ਸਾਖੀ ਪ੍ਰਮਾਣ' ਜੁਗਤ ਵਿਚੋਂ ਮਿਲ ਜਾਂਦਾ ਹੈ। ਇਸ ਤੋਂ ਇਹ ਮਾਣਤਾ ਬਣਦੀ ਹੈ ਕਿ ਗੁਰਬਾਣੀ ਦੀ ਸਮਝ, (ਸਿੱਖ) ਇਤਿਹਾਸ ਬਿਨਾਂ ਸੰਭਵ ਨਹੀਂ। ਇਤਿਹਾਸ ਪੱਛਮੀ ਦ੍ਰਿਸ਼ਟੀਕੋਣ ਵਿਚ ਇਕ ਸ੍ਵੈ-ਸ਼ਾਸ਼ਤ ਅਨੁਸ਼ਾਸ਼ਨ ਹੈ, ਪਰ ਸਾਡੀ ਦ੍ਰਿਸ਼ਟੀ ਵਿਚ ਇਹ ਮੀਰੀ-ਪੀਰੀ ਦਾ ਦੋ-ਧਾਰਾ ਖੰਡਾ ਹੈ: ਇਕ ਸਿਧਾਂਤ ਦਾ ਤੇ ਦੂਸਰਾ ਇਤਿਹਾਸ ਦਾ। ਅੰਮ੍ਰਿਤਸਰ ਵਿਚ ਠਾਕੁਰਾਂ ਦੇ ਡੇਰੇ ਨਿਵਾਸ ਕਰਦੇ ਨਿਰਮਲੇ ਸਾਧੂ ਸੰਤ ਆਤਮਾ ਸਿੰਘ ਨੇ 1893 ਈ. ਵਿਚ *ਸਾਖੀ ਪ੍ਰਮਾਣ* ਵਡਅਕਾਰੀ ਗ੍ਰੰਥ ਲਿਖ ਕੇ ਉਕਤ ਤਥ ਨੂੰ ਪ੍ਰਮਾਣਿਤ ਕੀਤਾ ਹੈ। ਸੰਤ ਵਸਾਖਾ ਸਿੰਘ ਜੀ ਦਾ ਤਿੰਨ ਭਾਗਾਂ ਵਿਚ ਵਡ-ਅਕਾਰੀ ਗ੍ਰੰਥ, *ਮਾਲਵਾ ਇਤਿਹਾਸ* (ਕਿਸ਼ਨਪੁਰ, 1954) ਇਸ ਤਥ ਦੀ ਹੋਰ ਪੁਸ਼ਟੀ ਹੈ।

(4) ਪਰੰਪਰਾ ਦੀ ਸਮਝ

ਪਰੰਪਰਾ ਦੀ ਸਮਝ ਵਿਚ ਨਿਰਮਲਾ ਸਕੂਲ ਵਿਸ਼ੇਸ਼ ਕਰ ਭਾਰਤੀ ਤੇ ਇਸੇ ਸੰਦਰਭ ਵਿਚ ਵੇਦਿਕ ਪਰੰਪਰਾ ਨੂੰ ਸ਼ਾਮਿਲ ਕਰਦਾ ਹੈ। ਇਸ ਵਿਚ ਵੇਦ; ਉਪਨਿਸ਼ਦ; ਗੀਤਾ; ਖਟ-ਦਰਸ਼ਨ ਤੇ

ਵਿਸ਼ੇਸ਼ ਕਰ ਵੇਦਾਂਤ ਇਸ ਸਕੂਲ ਦੀ ਮੁਖ-ਧਾਰਾ ਵਿਚ ਸ਼ਾਮਿਲ ਹੈ। ਇਸ ਸੰਦਰਭ ਵਿਚ ਇਹ ਸਿਧਾਂਤ 'ਗੁਰਬਾਣੀ ਵਿਆਖਿਆ-ਪਧਤੀ' ਦੀ ਸਿਰਜਣਾ ਦਾ ਹਿੱਸਾ ਬਣਦਾ ਹੈ ਕਿ ਪਰੰਪਰਾ ਦੇ ਅਧਿਐਨ ਬਿਨਾਂ ਗੁਰਬਾਣੀ-ਅਰਥਾਉਣ ਦੀ ਪ੍ਰਕ੍ਰਿਆ ਸੰਭਵ ਨਹੀਂ। ਇਸ ਵਿਚਾਰ ਦੀ ਉਦਾਹਰਣ ਇਸ ਸਕੂਲ ਦੀ ਕਿਸੇ ਰਚਨਾ ਵਿਚੋਂ ਵੀ ਆਸਾਨੀ ਨਾਲ ਖੋਜੀ ਜਾ ਸਕਦੀ ਹੈ ਤੇ ਸਿੱਧੇ ਰੂਪ ਵਿਚ ਵਿਦਵਾਨਾਂ ਦੁਆਰਾ ਅਜਿਹੀਆਂ ਰਚਨਾਵਾਂ ਕੀਤੀਆਂ ਮਿਲ ਜਾਂਦੀਆਂ ਹਨ, ਜਿਵੇਂ ਉਦਾਹਰਣ ਮਾਤਰ ਲਈ ਸੰਤ ਨਿਹਾਲ ਸਿੰਘ ਕਵੀਂਦ੍ਰ ਨੇ ਲਗਪਗ (12) ਗ੍ਰੰਥ ਰਚੇ, ਜਿਨ੍ਹਾਂ ਵਿਚੋਂ ਤਿੰਨ:

- ਖੋੜਸ ਤਿਥਾਂ ਵੇਦਾਂਤੀ (16 ਪਦਾਂ ਵਿਚ ਵੇਦਾਂਤ ਵਿਆਖਿਆ)
- ਸਤਵਾਰ ਵੇਦਾਂਤੀ (ਹਫ਼ਤੇ ਦੀ ਸੱਤ ਦਿਨਾਂ ਆਧਾਰਿਤ ਵੇਦਾਂਤ ਵਿਆਖਿਆ) ਤੇ
- ਸ੍ਰੀ ਭਵਸਾਗਰ ਸੇਤੁ

*ਸ੍ਰੀ ਭਵਸਾਗਰ ਸੇਤੁ* (1847 ਈ.) ਦੀ ਰਚਨਾ ਤਾਂ ਗੁਰਬਾਣੀ ਦੀ ਪੜਚੋਲ, ਵੇਦਾਂਤ ਅਨੁਸਾਰ ਕਰਨ ਲਈ ਹੀ ਕੀਤੀ ਗਈ।

ਗੁਰਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦੀ ਉਕਤ ਮਾਨਤਾ (ਪਰੰਪਰਾ ਦੀ ਸਮਝ) ਬਹੁਤ ਮੁਲਵਾਨ ਦੇਣ ਹੈ, ਪਰ ਇਸ ਦੀਆਂ ਸੀਮਾਵਾਂ ਹਨ, ਇਹ ਧਾਰਾ ਕੇਵਲ ਵੇਦਿਕ ਤੇ ਅੱਗੇ ਖਟ-ਸਕੂਲਾਂ ਵਿਚੋਂ ਕੇਵਲ ਵੇਦਾਂਤ ਤਕ ਹੀ ਸੀਮਿਤ ਹੈ, ਜਦ ਕਿ ਪਰੰਪਰਾ ਦੀ ਸਮਝ ਵਿਚ ਜੈਨ; ਬੁਧ; ਸਿਧ; ਨਾਥ ਆਦਿ ਪਰੰਪਰਾਵਾਂ ਤੋਂ ਬਿਨਾਂ ਸਾਮੀ ਪਰੰਪਰਾਵਾਂ (ਖ਼ਾਸਕਰ ਸੂਫ਼ੀ, ਇਸਲਾਮ ਆਦਿ) ਦੀ ਸਮਝ ਵੀ ਸ਼ਾਮਿਲ ਹੈ; ਕਿਉਂਕਿ ਗੁਰਬਾਣੀ ਵਿਚ ਉਕਤ ਸਭ ਦੇ ਸੰਦਰਭ ਪ੍ਰਾਪਤ ਹਨ।

(5) ਬਾਣੀ ਸਰੂਪ

ਨਿਰਮਲਾ ਸਕੂਲ ਦੀ ਵੱਡੀ ਮਾਨਤਾ ਬਾਣੀ ਦਾ ਸੁਭਾਅ ਜਾਂ ਪ੍ਰਕਿਰਤੀ ਦੀ ਸਮਝ ਹਾਸਿਲ ਕਰਨਾ ਹੈ। ਇਸ ਸਕੂਲ ਦੀ ਸੁਚੇਤ ਮਾਨਤਾ ਹੈ ਕਿ ਬਾਣੀ ਕੋਈ ਸਾਧਾਰਨ ਕਾਵਿ-ਰਚਨਾ ਨਹੀਂ, ਸਗੋਂ ਬ੍ਰਹਮ ਗਿਆਨ ਹੈ ਤੇ ਇਸ ਦੀ ਅਰਥਾਉਣ ਪ੍ਰਕ੍ਰਿਆ ਹਰ ਆਮ-ਖ਼ਾਸ ਦਾ ਕੰਮ/ਵਸ ਨਹੀਂ। ਇਸੇ ਸੰਦਰਭ ਵਿਚ ਹੀ ਉਹ ਕਈ ਪ੍ਰਕਾਰ ਦੀਆਂ ਵਿਅਕਤੀਗਤ ਸੰਸਥਾਈ ਮਾਨਤਾਵਾਂ (ਜਿਨ੍ਹਾਂ ਦਾ ਜ਼ਿਕਰ ਅਸੀਂ ਅੱਗੇ ਚਲ ਕੇ ਕਰਾਂਗੇ) ਦੀ ਨਿਯਮਾਵਲੀ ਨੂੰ ਅਮਲਾਉਣ ਦੀ ਸ਼ਰਤ ਲਾਉਂਦੇ ਹਨ। ਕਾਵਿ-ਵਾਰਤਕ ਵਿਚ ਪ੍ਰਕਾਸ਼ਿਤ ਵਡ-ਅਕਾਰੀ ਗ੍ਰੰਥ, *ਗ੍ਰੰਥ ਵਿਹਾਰ ਵ੍ਰਿੰਦਾਵਨ*, ਜਿਹੜਾ 1870 ਈ. ਵਿਚ ਲਖਨਊ ਤੋਂ ਪ੍ਰਕਾਸ਼ਿਤ ਹੋਇਆ, ਵਿਚ ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਤੇ ਸੰਤ ਅਟਲ ਸਿੰਘ ਜੀ ਦੇ ਅਜਿਹੇ ਵਿਚਾਰਾਂ ਨੂੰ ਵੇਖਿਆ ਜਾ ਸਕਦਾ ਹੈ।

(6) ਫੁਟਕਲ

ਉਕਤ ਮੁਖ ਪ੍ਰਾਪਤ ਧਾਰਨਾਵਾਂ/ਸਿਧਾਂਤਾਂ ਤੋਂ ਬਿਨਾਂ ਇਸ ਸਕੂਲ ਨੇ ਬਾਣੀ-ਅਰਥਾਉਣ ਦੀ ਪ੍ਰਕ੍ਰਿਆ ਵਿਚ *ਵ੍ਰਿਆਕਰਣ ਦੀ ਮਹਤਾ:* ਜਿਵੇਂ ਪੰਡਿਤ ਅਰਜਨ ਸਿੰਘ ਜੀ ਮੁਨੀ, ਪ੍ਰੇਮਸਦਨ ਨਿਰਮਲ ਛਾਉਣੀ ਹਰਿਦ੍ਵਾਰ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਿੰਦੀ ਟੀਕੇ (ਅਧੂਰਾ, ਸਿਰਫ਼ ੨ ਭਾਗ) ਦੀ ਭੂਮਿਕਾ ਵਿਚ 'ੴ' ਦਾ ਪਾਠ 'ਇਕ ਓਅੰਕਾਰ' (ਉਚਾਰਣ) ਸਿਧ ਕਰਨ ਲਈ ਵਿਆਕਰਣ ਦੀ ਖੁਲ੍ਹੀ ਸਹਾਇਤਾ ਲਈ; ਜਾਂ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਅੰਮ੍ਰਿਤਸਰ ਵਿਚ ਗੁਰਬਾਣੀ; ਗੁਰ-ਇਤਿਹਾਸ ਤੇ ਅਧਿਐਨ ਉਪਰੰਤ ਵਾਰਾਣਸੀ ਵਿਚ ਪਾਨਣੀ ਤੇ ਸਾਰਸੁਤ ਵਿਆਕਰਣ ਦੀ ਵਿਧੀ ਪੂਰਬਕ ਸਿਖਲਾਈ ਲਈ। ਪਿੰਗਲ ਦੀ ਮਹਤਾ: ਜਿਵੇਂ ਗਿ. ਤੇਜਾ ਸਿੰਘ ਜੀ (ਵੈਦ ਸ਼ਾਸ਼ਤਰੀ) ਨੇ *ਰੂਪਦੀਪ ਪਿੰਗਲ ਸਟੀਕ* ਵਿਚ ਇਸ ਮਾਨਤਾ ਨੂੰ ਦਰਸਾਇਆ ਹੈ। ਜੋਤਿਸ਼-ਵਿਦਿਆ ਦੀ ਮਹਤਾ: ਜਿਵੇਂ ਸੰਤ ਮੰਗਲ ਸਿੰਘ ਜੀ (ਪਟਿਆਲੇ ਵਾਲਿਆਂ) ਮਹੂਰਤ ਚੰਦ੍ਰਿਕਾ, ਲਗਪਗ 800 ਪੰਨਿਆਂ ਦਾ ਜੋਤਿਸ਼ ਗ੍ਰੰਥ ਲਿਖ ਕੇ ਉਕਤ ਮਤ ਦੀ ਪੁਸ਼ਟੀ ਕੀਤੀ। ਇਥੇ ਧਿਆਨ ਰਹੇ ਕਿ ਡਾ. ਬਲਬੀਰ ਸਿੰਘ ਜੀ (ਦੇਹਰਾਦੂਨ) ਨੇ ਜੋਤਿਸ਼-ਵਿਦਿਆ ਦੀ ਸਮਝ ਰਾਹੀਂ

ਹੀ ਬਾਣੀ ਦੇ ਇਕ ਹਵਾਲੇ 'ਨਾਵਣੁ ਪੁਰਬੁ ਅਭੀਚ'[10] ਨਾਲ ਗੁਰੂ ਅਮਰਦਾਸ ਜੀ ਦੀ ਯਾਤਰਾ ਦਾ ਸੰਨ/ਸੰਮਤ ਲਭ ਲਿਆ ਸੀ।[11] *ਬਾਣੀ ਉਚਾਰਣ; ਪਾਠ-ਕਰਨ ਦੀ ਜੁਗਤਿ; ਭੂਗੋਲ ਦੀ ਸਮਝ; ਪ੍ਰਮਾਣ-ਦ੍ਰਿਸ਼ਟਾਂਤ ਦੀ ਮਹਤਾ; ਮੂਲ ਭਾਸ਼ਾ ਤੇ ਲੋਕ ਭਾਸ਼ਾ ਦੀ ਸਮਝ; ਪੂਰਬ ਪ੍ਰਮਾਨਿਕ ਵਿਚਾਰਾਂ ਦੀ ਮਾਣਤਾ*[12]*; ਰਾਗ ਵਿਦਿਆ ਦੀ ਸਮਝ; ਸ਼ਾਸਤ੍ਰੀ ਗਿਆਨ; ਕਾਵਿ-ਸ਼ਾਸਤ੍ਰੀ ਗਿਆਨ*[13]*; ਭਾਸ਼ਾਵਾਂ (ਵਿਸ਼ੇਸ਼ਕਰ ਸੰਸਕ੍ਰਿਤ) ਦੀ ਗਹਿਰੀ ਸਮਝ; ਮਿਥ/ਲੋਕਧਾਰਾ; ਸ਼ਬਦਾਰਥ/ਪ੍ਰਸੰਗਾਰਥ ਅਰਥ ਦੀਆਂ ਵਿਧੀਆਂ; ਸੰਵਾਦ,*[14] *ਸਿੱਖ ਪਰੰਪਰਾਵਾਂ/ਰੀਤਾਂ/ਸੰਸਥਾਵਾਂ ਦੀ ਸਮਝ; ਦੰਦ ਕਥਾਵਾਂ; ਰਸ; ਸ਼ਬਦਾਂ ਦੀ ਪ੍ਰਕਿਰਤੀ; ਸੰਖਿਅਕ ਸ਼ਬਦਾਂ ਦੀ ਸਮਝ; ਗੁਰਬਾਣੀ ਸੰਪਾਦਨ ਦੇ ਇਤਿਹਾਸ ਤੇ ਕਲਾ ਦਾ ਗਿਆਨ; ਬਾਣੀਕਾਰਾਂ ਦੇ ਧਾਰਮਿਕ/ਸਮਾਜਿਕ ਪਿਛੋਕੜ* ਆਦਿ ਅਨੇਕਾਂ ਸਿਧਾਂਤਕ ਵਿਚਾਰ ਪ੍ਰਾਪਤ ਹਨ, ਜਿਨ੍ਹਾਂ ਬਾਰੇ ਅਨੇਕਾਂ ਵਿਚਾਰ ਨਿਰਮਲਾ-ਸਕੂਲ ਦੀਆਂ ਲਿਖਤਾਂ ਵਿਚੋਂ ਮਿਲ ਜਾਂਦੇ ਹਨ। ਇਹ ਸਭ 'ਗੁਰਬਾਣੀ ਵਿਆਖਿਆ-ਪਧਤੀ' ਦੇ ਸਕੂਲ ਨੂੰ ਸਿਰਜਣ ਲਈ ਲੋੜੀਂਦੀਆਂ ਅੰਤਰ-ਅਨੁਸ਼ਾਸ਼ਨੀ ਦ੍ਰਿਸ਼ਟੀਆਂ (inter-disciplinary approaches) ਜਾਂ ਸੰਦ ਹਨ।

**II ਆਚਰਨਿਕ ਜੁਗਤਾਂ**

ਨਿਰਮਲਾ ਸਕੂਲ ਬਾਣੀ-ਅਰਥਾਉਣ ਪ੍ਰਕ੍ਰਿਆ ਵਿਚ ਕੇਵਲ ਪੰਡਤਾਈ ਜਾਂ ਅਕਾਦਮਿਕ ਵਿਦਿਆ (ਭਾਸ਼ਾ; ਪਿੰਗਲ; ਵਿਆਕਰਣ; ਪਰੰਪਰਾ ਆਦਿ) ਨੂੰ ਹੀ ਮਾਨਤਾ ਨਹੀਂ ਦਿੰਦਾ, ਸਗੋਂ ਇਸ ਸਕੂਲ ਦੀ ਨਿਯਮਾਵਲੀ ਵਿਚ ਸਭ ਤੋਂ ਪਹਿਲਤਾ ਵਿਅਕਤੀਗਤ ਆਚਰਣ ਬਣਦਾ ਹੈ। ਜਿਵੇਂ ਕਿ ਪਹਿਲਾਂ ਸੰਕੇਤ ਆ ਚੁੱਕਿਆ ਹੈ ਕਿ ਨਿਰਮਲੇ ਸਾਧੂਆਂ ਅਨੁਸਾਰ ਬਾਣੀ ਬ੍ਰਹਮ ਗਿਆਨ ਹੈ, ਸਾਧਾਰਨ ਕਾਵਿ-ਰਚਨਾ ਨਹੀਂ, ਇਸ ਲਈ 'ਪ੍ਰਥਮੇ ਮਨ ਪ੍ਰਬੋਧ' ਕੇ ਹੀ ਇਧਰ ਪੈਰ ਪਾਇਆ ਜਾ ਸਕਦਾ ਹੈ। ਆਮ ਸੰਸਾਰੀ ਝੰਮੇਲਿਆਂ ਵਿਚ ਗ੍ਰਸਤ, ਹਉਮੈਵਾਦੀ, ਜ਼ਿੰਮੇਵਾਰੀਆਂ ਦੀ ਪੰਡ ਸਿਰ 'ਤੇ ਚੁੱਕੀ ਫਿਰਦੇ ਲੋਕ ਇਧਰ ਜੇਕਰ ਹੌਂਸਲਾ ਕਰਨਗੇ ਵੀ, ਤਾਂ ਬਹੁਤੀ ਸਫ਼ਲਤਾ ਹਾਸਿਲ ਨਹੀਂ ਕਰ ਸਕਣਗੇ। ਇਸ ਸੰਦਰਭ ਵਿਚ ਇਹ ਸਕੂਲ, ਬਾਣੀ-ਅਧਿਐਨ, ਅਧਿਆਪਨ ਕਰਨ ਵਾਲੇ ਜਾਂ ਵਿਆਖਿਆਕਾਰਾਂ ਤੋਂ ਇਕ ਵਿਸ਼ੇਸ਼ ਪ੍ਰਕਾਰ ਦੀ ਜੀਵਨ-ਜਗਤੀ ਤਥਾ ਵਿਹਾਰ ਦੀ ਮੰਗ ਕਰਦਾ ਹੈ। ਇਸ ਵਿਚ ਕੁਝ ਨਿਮਨ ਵਿਹਾਰ-ਜੁਗਤਾਂ ਸ਼ਾਮਿਲ ਹਨ:

(1) ਗਿ. ਗਿਆਨ ਸਿੰਘ ਜੀ, ਨਿਰਮਲਾ-ਸਾਧੂ ਦੇ ਲਛਣਾਂ ਤੇ ਆਚਰਣ ਦਾ ਮੁਖ ਗੁਣ ਉਸ ਦਾ 'ਤਿਆਗੀ' ਹੋਣਾ ਦਸਦੇ ਹਨ (ਤਯਾਗੀ ਸਿਖ ਨਿਰਮਲੇ ਗਾਏ)।[15] ਇਹ ਤਥ/ਨਿਯਮ ਬਾਣੀ-ਅਰਥਾਉਣ ਪ੍ਰਕ੍ਰਿਆ ਵਿਚ ਲੱਗੇ ਹਰ ਉਸ ਸ਼ਖਸ਼ ਲਈ ਲਾਜ਼ਮੀ ਹੈ ਜਿਹੜਾ ਇਸ ਖੇਤਰ ਵਿਚ ਪੈਰ ਪਾਉਣਾ ਚਾਹੁੰਦਾ ਹੈ, ਪਰ ਧਿਆਨ ਰਹੇ ਇਥੇ 'ਤਯਾਗ' ਗ੍ਰਿਹਸਥ ਜਾਂ ਸੰਸਾਰ ਦਾ ਨਹੀਂ, ਫਜ਼ੂਲ ਵਾਸ਼ਨਾਵਾਂ (ਮਾਇਆ/ਹਉਮੈ ਦੀਆਂ) ਪੰਡਾਂ ਦਾ ਹੈ।

(2) ਗਿ. ਗਿਆਨ ਸਿੰਘ ਜੀ ਹੀ ਦਸਮ ਪਾਤਸ਼ਾਹ ਹਜ਼ੂਰ ਦੇ ਮੁਖਾਰਬਿੰਦ ਰਾਹੀਂ (ਨਿਰਮਲੇ) ਵਿਦਵਾਨਾਂ ਦੇ ਹੋਰ ਗੁਣਾਂ ਵਿਚ ਸੰਤੋਖੀ; ਸਤੋਗੁਣੀ; ਸਬਰ; ਵਿਚਾਰਵਾਨ (ਸਵਿਚਾਰੇ) ਆਦਿ ਵਿਹਾਰ ਨੂੰ ਸ਼ਾਮਿਲ ਕਰਦੇ ਹਨ।[16]

(3) ਭਾਈ ਸੰਤੋਖ ਸਿੰਘ ਜੀ ਨੇ ਸਤ-ਸੰਗਤਿ ਤੇ ਸੇਵਾ, ਇਸ ਵਿਦਵਤਾ ਮੰਡਲੀ ਦਾ ਇਕ ਹੋਰ ਮਹਾਂਗੁਣ ਜ਼ਰੂਰੀ ਕਰਾਰ ਦਿੱਤਾ ਹੈ।[17]

(4) ਲਗਪਗ ਹਰ ਪੁਰਾਤਨ ਤੇ ਵੱਡੇ ਸਾਧੂ ਦਾ ਜੇਕਰ ਜੀਵਨ-ਵਿਹਾਰ ਵੇਖਿਆ ਜਾਵੇ ਤਾਂ ਸਾਨੂੰ ਦੋ-ਤਿੰਨ ਗੱਲਾਂ ਸੂਰਜਵਤ ਰੌਸ਼ਨ ਹੁੰਦੀਆਂ ਹਨ: ਪਹਿਲੀ ਵਿਦਵਾਨ ਆਮ (ਫ਼ਜ਼ੂਲ) ਗਲਬਾਤਾਂ ਵਿਚ ਵਾਧੂ ਸਮਾਂ ਖ਼ਰਚ ਨਹੀਂ ਕਰਦੇ, ਉਹ ਜਾਂ ਤਾਂ ਸੇਵਾ ਕਰਦੇ ਹਨ[18] ਜਾਂ ਸਿਮਰਨ ਤੇ ਜਾਂ ਲਿਖਣ/ਪੜ੍ਹਨ ਵਿਚ ਰੁਚਿਤ ਹੁੰਦੇ ਹਨ। ਗੁਰਬਾਣੀ ਅਧਿਐਨ; ਅਧਿਅਪਨ ਤੇ ਖੋਜ ਵੱਲ ਜੁੜੇ ਵਿਦਵਾਨਾਂ ਲਈ ਇਸ ਤੋਂ ਉਪਰ ਹੋਰ ਕੋਈ ਸੁਨੈਹਰੀ ਅਸੂਲ ਸ਼ਾਇਦ ਹੀ ਹੋਵੇ।

(5) ਪੰਡਿਤ ਈਸ਼੍ਵਰ ਸਿੰਘ ਜੀ ਕਾਸ਼ੀ ਵਾਲੇ, ਜਿਨ੍ਹਾਂ ਪੰਜ ਦੇ ਕਰੀਬ ਅਤਿਅੰਤ ਮਹਤਾ ਵਾਲੇ ਗ੍ਰੰਥਾਂ ਦੀ ਰਚਨਾ ਕੀਤੀ[19], ਆਪਣੇ ਮਹਤਾਯੋਗ ਗ੍ਰੰਥ *ਵਾਹਿਗੁਰੂ ਮੰਤ੍ਰਾਰਥ* ਵਿਚ 'ਵਾਹਿਗੁਰੂ' ਪਦ ਦੇ ਅਰਥ ਕਰਦਿਆਂ ਇਕ ਬੜੇ ਹੀ ਨਿਗਰ ਸਿਧਾਂਤ ਵੱਲ ਸੰਕੇਤ ਕਰਦੇ ਹਨ, ਜਿਸ ਨੂੰ ਉਨ੍ਹਾਂ 'ਵ੍ਰਿਤੀਨਿਰੋਧ' ਸਮਾਸ ਰਾਹੀਂ ਪ੍ਰਗਟ ਕੀਤਾ ਹੈ। ਇਸ ਸਮਾਸ ਦਾ ਸਿੱਧਾ ਤੇ ਸੌਖਾ ਅਰਥ 'ਮਨ-ਚਿਤ ਦੀ ਇਕਾਗਰਤਾ' ਬਣਦਾ ਹੈ। ਇਸ ਤੋਂ ਇਹ ਨਿਯਮ ਬਣਦਾ ਹੈ ਕਿ ਬਾਣੀ-ਅਰਥਾਉਣ ਦੀ ਪ੍ਰਕ੍ਰਿਆ 'ਇਕਾਗਰ ਚਿਤ' ਵਾਲੇ ਪੁਰਸ਼ਾਂ ਦਾ ਕੰਮ ਹੈ, (ਮਾਇਆ/ਹਉਮੈ/ਬੈਂਕ ਅਕਾਉਂਟਾਂ ਵਿਚ) 'ਮਨ ਕੀਆ ਮਤੀ ਖਿੰਡੀਆ'[20] ਵਾਲੇ ਲੋਕਾਂ ਨੂੰ ਇਧਰ ਸੋਚ-ਵਿਚਾਰ ਕੇ ਹੀ ਪੈਰ ਪਾਉਣਾ ਚਾਹੀਦਾ ਹੈ। ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਨੇ 'ਧਯਾਨ ਪੂਰਵਕ ਅਧਿਐਨ' ਵਾਕਾਂਸ਼ ਵਰਤਿਆ ਹੈ।[21]

(6) ਪੰਡਿਤ ਤਾਰਾ ਸਿੰਘ ਜੀ ਨਰੋਤਮ ਉਕਤ ਸੰਦਰਭ ਵਿਚ ਹੀ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਬਾਣੀ-ਅਰਥਾਉਣ ਪ੍ਰਕ੍ਰਿਆ ਨੂੰ (ਟੀਕਾਕਾਰੀ ਦੇ ਵਿਸ਼ੇਸ਼ ਪ੍ਰਸੰਗ ਵਿਚ) ਇਕ ਬਹੁਤ ਹੀ ਜ਼ਿੰਮੇਵਾਰੀ ਤੇ ਦ੍ਰਿੜਤਾ ਵਾਲਾ ਸੰਕਲਪ ਤਥਾ ਕਾਰਜ ਦਸਦੇ ਹਨ।[22] ਇਹ ਕਾਰਜ ਕੋਈ ਗ਼ੈਰ-ਜ਼ਿੰਮੇਵਾਰਾਨਾਂ ਨਹੀਂ, ਦੂਜੇ ਸ਼ਬਦਾਂ ਵਿਚ (ਪੰਡਿਤ ਜੀ ਦੀ ਨਜ਼ਰ ਵਿਚ) ਇਸ ਕਾਰਜ ਵਿਚ ਇਕ ਪੰਥਕ ਭਾਵਨਾ ਤੇ ਜ਼ਿੰਮੇਵਾਰੀ ਹੈ, ਇਹ ਨਿਰੋਲ ਵਿਅਕਤੀਗਤ ਜਾਂ ਅਕਾਦਮਿਕ ਮਸਲਾ ਨਹੀਂ।

ਉਕਤ ਤੋਂ ਬਿਨਾਂ ਹੋਰ ਵੀ ਨਿਯਮ ਤਥਾ ਉਪਦੇਸ਼ ਪ੍ਰਾਪਤ ਹਨ, ਜਿਹੜੇ ਇਸ ਖੇਤਰ ਵਿਚ ਪੈਣ ਵਾਲਿਆਂ ਲਈ ਜ਼ਰੂਰੀ ਹਨ। ਇਨ੍ਹਾਂ ਵਿਚਾਰਾਂ ਦਾ ਸਾਰ-ਤਤ ਇਹ ਹੈ ਕਿ 'ਗੁਰਬਾਣੀ ਵਿਆਖਿਆ-ਪਧਤੀ' ਦਾ ਸਕੂਲ, ਕੇਵਲ ਅਕਾਦਮਿਕ ਯੋਗਤਾ ਦੀ ਮੰਗ ਹੀ ਨਹੀਂ ਕਰਦਾ, ਆਚਰਣਿਕ ਯੋਗਤਾ ਦੀ ਮੰਗ ਵੀ ਕਰਦਾ ਹੈ, ਜਿਵੇਂ ਕਿ ਨਿਰਮਲਾ ਸਕੂਲ ਨੇ ਦਿਸ਼ਾ ਨਿਰਦੇਸ਼ ਦਿੱਤਾ ਹੈ।

**III ਵਿਹਾਰਕ ਤੇ ਵਿਧਾਗਤ ਜੁਗਤਾਂ**

ਗੁਰਬਾਣੀ ਵਿਆਖਿਆ-ਪਧਤੀ ਦੇ ਨਿਰਮਾਣ ਲਈ ਨਿਰਮਲਾ ਸਕੂਲ ਵਲੋਂ ਵਰਤੋਂ ਅਧੀਨ ਕੀਤੀਆਂ ਵਿਚਾਰਾਧੀਨ ਜੁਗਤਾਂ ਵੀ ਮਹਤਾਯੋਗ ਹਨ। ਇਹ ਜਿਥੇ ਨਿਰਮਾਣ ਅਧੀਨ ਸੰਕਲਪ ਦਾ ਘੇਰਾ (scope) ਵਿਸਤਾਰਤ ਕਰਦੀਆਂ ਹਨ, ਉਥੇ ਬਾਣੀ-ਅਰਥਾਉਣ ਪ੍ਰਕ੍ਰਿਆ ਦੇ ਅਨੇਕ-ਮੁੱਖ ਢੰਗਾਂ ਵੱਲ ਵੀ ਸੰਕੇਤ ਕਰਦੀਆਂ ਹਨ। ਉਦਾਹਰਣ ਲਈ ਨਿਰਮਲਾ ਸਕੂਲ ਦੀ ਪ੍ਰਾਪਤ ਬਾਣੀ ਵਿਆਖਿਆਕਾਰੀ ਸਾਨੂੰ ਟੀਕਾ, ਭਾਸ਼, ਸ਼ਬਦਾਰਥ, ਕੋਸ਼, ਉਥਾਨਕਾ ਆਦਿ ਰੂਪਾਂ ਵਿਚ ਪ੍ਰਾਪਤ ਹੈ।[23] ਇਹ ਵਿਸਤਾਰ ਤੇ ਸੰਖੇਪ; ਗੂੜ੍ਹ ਤੇ ਸਰਲ, ਪੰਜਾਬੀ (ਗੁਰਮੁਖੀ) ਤੇ ਬ੍ਰਜ/ਸੰਸਕ੍ਰਿਤ ਆਦਿ ਭਾਸ਼ਾਵਾਂ/ਰੂਪਾਂ ਵਿਚ ਹੈ। ਉਦੇਸ਼ ਪਖੋਂ ਇਹ ਬਾਣੀ ਗੌਰਵ ਨੂੰ ਸਮਰਪਿਤ ਹੈ ਤੇ ਇਸ ਦੀ ਮੁਖ (ਸੁਚੇਤ/ਅਚੇਤ) ਪਹੁੰਚ ਤੁਲਨਾਤਮਿਕ ਹੈ।[24] ਕਥਾ-ਵਿਧੀ, ਲੋਕਾਂ ਤੱਕ ਲਿਜਾਣ ਲਈ ਮੁਖ ਸੰਚਾਰ-ਜੁਗਤ ਹੈ। ਅਜਿਹਾ ਕੁਝ 'ਗੁਰਬਾਣੀ ਵਿਆਖਿਆ-ਪਧਤੀ' ਦੀ ਉਸਾਰੀ ਲਈ ਅਤਿਅੰਤ ਸਮਝਗੋਚਰਾ ਤੇ ਲੋੜੀਂਦਾ ਹੈ।

ਸੰਸਥਾਈ ਵਿਹਾਰਕਤਾ ਵਿਚੋਂ ਮੰਡਲੀਆਂ, ਸੰਵਾਦ (ਜਿਵੇਂ ਆਧੁਨਿਕ ਸੈਮੀਨਾਰ; ਗੋਸ਼ਟੀਆਂ ਆਦਿ), ਅਖਾੜੇ, ਕਮੇਟੀਆਂ ਆਦਿ ਜਤਨਾਂ ਰਾਹੀਂ ਬਾਣੀ-ਅਰਥਾਉਣ ਪ੍ਰਕ੍ਰਿਆ ਵੀ ਇਕ ਅਹਿਮ ਜੁਗਤ ਹੈ[25], ਕਿਉਂਕਿ ਬਾਣੀ-ਅਧਿਐਨ ਕਿਸੇ 'ਕੱਲੇ-ਕਹਿਰੇ ਵਿਅਕਤੀ ਜਾਂ ਸੰਸਥਾ ਦਾ ਕੰਮ/ਹੌਂਸਲਾ ਨਹੀਂ। ਇਸ ਸਬੰਧੀ ਵੱਡੇ ਸੰਸਥਈ ਜਤਨਾਂ ਦੀ ਲੋੜ ਹੁੰਦੀ ਹੈ, ਜਿਵੇਂ ਨਿਰਮਲਾ ਸਕੂਲ ਉਪਰ ਵਰਣਿਤ ਸੰਸਥਾਈ ਜੁਗਤਾਂ ਨੇ ਸੰਗਠਿਤ ਹੋ ਕੇ ਕਾਰਜ ਕੀਤੇ।

**ਸਾਰ**

ਉਪਰੋਕਤ ਸੰਖੇਪ ਵਿਚਾਰ ਚਰਚਾ ਤੋਂ ਬਾਅਦ ਇਹ ਵਿਚਾਰ ਫਿਰ ਦੁਹਰਾਉਣਾ ਉਚਿਤ ਜਾਪਦਾ ਹੈ ਕਿ ਜਦੋਂ ਵੀ ਗੁਰਬਾਣੀ ਵਿਆਖਿਆ-ਪਧਤੀ ਦਾ ਇਕ ਮੌਲਿਕ ਤੇ ਸੁਤੰਤਰ ਸਕੂਲ ਸਿਰਜਿਆ ਗਿਆ ਤਾਂ ਉਸ ਦੀ ਉਸਾਰੀ ਵਿਚ ਨਿਰਮਲਾ-ਸਕੂਲ ਵਲੋਂ ਅਵਚੇਤਨ ਸੰਕੇਤਕ ਬਹੁ-

ਅਨੁਸ਼ਾਸ਼ਨੀ ਸਿਧਾਂਤਕ/ਵਿਹਾਰਕ ਪਹੁੰਚ ਮਹਤਾਪੂਰਨ ਰੋਲ ਅਦਾ ਕਰੇਗੀ ਤੇ ਨਿਰਮਲਾ-ਸਕੂਲ ਵਲੋਂ ਚੇਤਨ/ਅਵਚੇਤਨ ਦਿੱਤੀਆਂ ਧਾਰਨਾਵਾਂ (ਜਿੰਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਹਥਲੇ ਪਰਚੇ ਵਿਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ) ਦਾ ਮਹਤਾਪੂਰਨ ਰੋਲ ਹੋਵੇਗਾ। ਇਸ ਗੱਲ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਨਿਰਮਲਾ ਜਾਂ ਬਾਣੀ-ਵਿਆਖਿਆ ਦੇ ਹੋਰ ਸਕੂਲਾਂ ਦੀ ਮਦਦ ਨਾਲ ਹੀ ਗੁਰਬਾਣੀ ਵਿਆਖਿਆ-ਪਧਤੀ ਦਾ ਸ੍ਵੈ-ਸ਼ਾਸ਼ਤ ਅਨੁਸ਼ਾਸ਼ਨ ਸਿਰਜਿਆ ਜਾ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ

1. see: Daljeet Singh, 'Skih Theory of Evolution: Haumain and Problem of Hermeneutics', in *Sikhism: Its Philosophy and History,* (eds.), Kharak Singhh, Daljeet Singh, Chandigarh, 1997, pp. 83-4.
2. ਇਸ ਦੀ ਨਿਰੁਕਤੀ (etymology) ਗਰੀਕ ਦੇ god Hermes ਨਾਲ ਸੰਬੰਧਿਤ ਹੈ ਤੇ ਇਹ *theory of understanding* ਹੈ see: Mircea Eliade, *The Encyclopaedia of Religion*, vol. 6, P. 279; James Hestings (ed.) *Encyclopaedia of Religion and Ethics,* vol. vii, New York, 1964, p. 392.
3. *ਗੁਰੂ ਗ੍ਰੰਥ ਸਾਹਿਬ*, ੧੪੦੯.
4. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਗ 4, ਪੰਨਾ ੧੪੦੯, ਨੋਟ ੫.
5. *ਮਹਾਨ ਕੋਸ਼*, ਪੰਨਾ 742, (ਨੈਸ਼ਨਲ ਬੁਕ ਸ਼ਾਪ ਦੀ 12ਵੀਂ ਐਡੀਸ਼ਨ, 2006)
6. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ)*, ਜਿ. ੪, ਪਟਿਆਲਾ, 1992 (ਚੌਥੀ ਵਾਰ) ਪੰਨਾ ੨੮੭੬.
7. ਜਿਵੇਂ ਉਦਾਹਰਣ ਲਈ ਗਿ. ਮੁਖਤਿਆਰ ਸਿੰਘ ਸਾਰੰਗ (ਰੋਪੜ) ਦੀ *ਮੂਲਮੰਤ੍ਰ ਤਤ ਨਿਰਣੈ* ਵੇਖੀ ਜਾ ਸਕਦੀ ਹੈ ਜਾਂ ਪੰਡਿਤ ਅਰਜਨ ਸਿੰਘ ਮੁਨੀ ਦੇ ਹਿੰਦੀ ਵਿਚ ਟੀਕੇ ਦੀ ਭੂਮਿਕਾ।
8. ਇਹ ੧ਓ ਦੇ ਅਰਥ ਅਕਸਰ ਪਰੰਪਰਾ ਦੇ 'ਤ੍ਰੈ-ਦੇਵੀ' ਕਰ ਦਿੰਦੇ ਹਨ। ਵਿਸਤਾਰ ਲਈ ਵੇਖੋ: Prof. Pritam Singh, 'The Interpretations of Mool Mantra', in *Exploring Some Sikh Themes,* Singh Bros., Amritsar, 2006, p. 37.
9. ਵੇਖੋ: ਡਾ. ਜੋਗਿੰਦਰ ਸਿੰਘ, ਜਪੁਜੀ ਦੇ ਟੀਕੇ: ਸਮੀਖਿਆਤਮਕ ਅਧਿਅਨ, ਪਟਿਆਲਾ, 1981; Kirpal Singh, *Guru Nanak Jaupuji: A Descriptive Bibliography,* Pbi. Uni. Pta., 1990; ਨਰੇਂਦਰਪਾਲ ਸਿੰਘ ਕਪੂਰ, *ਸੰਤ ਕਾਵਯ ਜਪੁ ਜੀ ਔਰ ਟੀਕਾ ਪਰੰਪਰਾ*, ਕੁਰਕਸ਼ੇਤਰ, 2003 (ਹਿੰਦੀ) ਆਦਿ।
10. *ਗੁਰੂ ਗ੍ਰੰਥ ਸਾਹਿਬ*, ੧੧੧੬.
11. Dr. Balbir Singh ਜੀ ਨੇ L.D. Kannu Pillai ਦੀ *An Indian Ephimeris,* ਜਿਲਦ 5 ਦੇ ਆਧਾਰ 'ਤੇ 26 ਜਨਵਰੀ, 1553 ਈ. ਨੂੰ ਗੁਰੂ ਜੀ ਦਾ ਕੁਰਕਸ਼ੇਤਰ ਜਾਣਾ ਸਿਧ ਕੀਤਾ: 'Date of the visit of Guru Amardas to Kurukshetra' *The Punjab Past and Present,* vol. viii, Part-1. April, 1974, pp. 342-45; ਜਿਸ ਦੀ ਪੁਸ਼ਟੀ ਡਾ. ਫੌਜਾ ਸਿੰਘ ਜੀ ਨੇ ਕੀਤੀ, ਵੇਖੋ: Fauja Singh, *Guru Amar Das: Life and Teachings (Guru Amar Das Quin centenary memorial volume)* Sterling Pub., New Delhi, 1979.
12. ਪੰਡਿਤ ਦੇਵਾ ਸਿੰਘ ਜੀ ਨੇ (ਦੇਵਪੁਰਾ ਆਸ਼ਰਮ, ਹਰਿਦਵਾਰ) *ਗੁਰਬਾਣੀ ਦੇ ਕਠਨ ਪਦਾਂ ਦੇ ਪਰਿਯਾਏ*, ਬਾਲਾ ਮੁਕੰਦ ਪ੍ਰੈਸ, ਲਾਹੌਰ, 1899, ਵਿਚ 'ਭਗਉਤੀ' ਦੇ 'ਪਾਰਬ੍ਰਹਮ', ਉਕਤ ਦ੍ਰਿਸ਼ਟੀ ਵਿਚ, ਅਰਥ

ਕਰਦੇ ਸਿੱਧ ਕੀਤਾ ਕਿ ਪੰਥ ਵਿਚ ਪ੍ਰਚਲਿਤ ਤੇ ਪ੍ਰਵਾਨਿਤ ਪੂਰਬ ਵਿਚਾਰਾਂ ਅਨੁਸਾਰ ਹੀ ਅਰਥ ਕਰਨੇ ਚਾਹੀਦੇ ਹਨ ਤੇ ਸਬੰਧਤ ਪੰਥ ਦੀ ਮੁਖ-ਧਾਰਾ ਤੋਂ ਪਰ੍ਹੇ ਜਾਣਾ ਠੀਕ ਨਹੀਂ ਹੁੰਦਾ।

13. ਇਸ ਤਥ ਦੀ ਖ਼ੂਬਸੂਰਤ ਮਿਸਾਲ ਲਈ ਭਾਈ ਸੰਤੋਖ ਸਿੰਘ ਜੀ ਦੇ *ਗਰਬ ਗੰਜਨੀ ਟੀਕਾ ਸ੍ਰੀ ਜਪੁ ਜੀ ਸਾਹਿਬ* ਵਿਚੋਂ ਵੇਖੀ ਜਾ ਸਕਦੀ ਹੈ।

14. ਸਾਧੂ ਦੇਵਾ ਸਿੰਘ ਨਿਰਮਲੇ ਦਾ *ਸਿਧ ਗੋਸ੍ਟ ਸਟੀਕ*, ਅਕਾਲ ਪ੍ਰੈਸ ਲਾਹੌਰ, 1898; 'ਸੰਵਦ' ਲਈ ਵੇਖਿਆ ਜਾ ਸਕਦਾ ਹੈ।

15. ਗਿਆਨੀ ਗਿਆਨ ਸਿੰਘ ਜੀ ਰਚਿਤ *ਨਿਰਮਲ ਪੰਥ ਪ੍ਰਦੀਪਕਾ*, ਨਿਰਮਲ ਪੰਚੈਤੀ ਅਖਾੜਾ, ਕਨਖਲ (ਸਹਾਰਨਪੁਰ), 1962 (ਦੂਜੀ ਵਾਰ, ਪਹਿਲੀ ਵਾਰ 1891 ਸਿਆਲਕੋਟ) ਵਿਚ ਅਖਾੜਿਆਂ ਵਿਚ ਰਹਿਣ ਵਾਲੇ ਸਾਧੂਆਂ ਬਾਬਤ, ਜਿਹੜੇ 12 ਮੁਖ ਨਿਯਮ ਦਸੇ ਹਨ (ਪੰਨੇ ੭੫-੮) ਉਨ੍ਹਾਂ ਵਿਚ ਉਕਤ ਨਿਯਮ ਆ ਜਾਂਦੇ ਹਨ।

16. ਉਹੀ।

17. ਉਧਰਿਤ: ਗਿ. ਬਲਵੰਤ ਸਿੰਘ ਕੋਠਾਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਕਨਖਲ, 2009, ਪੰਨਾ 34.

18. ਸੰਤ ਦਿਆਲ ਸਿੰਘ ਜੀ (ਲਾਹੌਰ ਵਾਲਿਆਂ) ਦੀ ਲਗਪਗ 19 ਵਰ੍ਹੇ ਦੀ ਮਿਹਨਤ ਨਾਲ ਤਿਆਰ ਹੋਏ ਗ੍ਰੰਥ *ਨਿਰਮਲ ਪੰਥ ਦਾ ਇਤਿਹਾਸ* (ਦੋ ਭਾਗ), ਅੰਮ੍ਰਿਤਸਰ 2009 (ਦੂਜੀ ਵਾਰ, ਪਹਿਲੀ ਵਾਰ 1951) ਵਿਚ ਸੈਂਕੜੇ ਸਾਧੂਆਂ ਦੇ ਜੀਵਨ-ਬਿਰਤਾਂਤ ਉਕਤ ਮਤ ਦੀ ਪੁਸ਼ਟੀ ਲਈ ਵੇਖੇ ਜਾ ਸਕਦੇ ਹਨ।

19. (1) ਗੁਰਮੰਤਿ ਦਿਗਵਿਜਯ, (2) ਬੁਧੀ ਬਾਰਧਿ, (3) ਵਾਹਿਗੁਰੂ ਮੰਤ੍ਰਾਰਥ, (4) ਗੁਰੂ ਮੰਤ੍ਰਾਰਥ (ਸੰਸਕ੍ਰਿਤ), (5) ਸ੍ਵੈ ਸੁਪਨ ਨਾਟਕ। ਨੋਟ: ਇਹ ਗ੍ਰੰਥ 'ਪੰਡਿਤ ਈਸ਼ਰ ਸਿੰਘ ਗ੍ਰੰਥਾਵਲੀ' ਦੇ ਸਿਰਲੇਖ ਹੇਠ ਗਿ. ਬਲਵੰਤ ਸਿੰਘ ਕੋਠਾਗੁਰੂ ਜੀ ਨੇ ਛਾਪ ਦਿੱਤੇ ਹਨ।

20. ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥ *ਗੁਰੂ ਗ੍ਰੰਥ ਸਾਹਿਬ*, ੧੪੫.

21. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (ਹਿੰਦੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1966 ਦੀ ਭੂਮਿਕਾ।

22. *ਸ੍ਰੀ ਗੁਰਮਤਿ ਨਿਰਣੈ ਸਾਗਰ*, ਕਨਖਲ, 1979 (ਦੂਜੀ ਵਾਰ), ਭੂਮਿਕਾ।

23. ਜਿਵੇਂ: ਗਿ. ਅਤਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਯ*, ਸੰਗਰੂਰ 1909; ਸੰਤ ਸੁਤੇ ਪ੍ਰਕਾਸ਼, *ਪ੍ਰਯਾਯ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ* (2 ਭਾਗ), ਅੰਮ੍ਰਿਤਸਰ, 1898; ਗੁਰਮੁਖ ਸਿੰਘ ਨਿਰਮਲਾ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥਮਾਲਾ*, ਅੰਮ੍ਰਿਤਸਰ, 1945; ਪ੍ਰਤਾਪ ਸਿੰਘ, *ਅਨੇਕ ਅਰਥੀ ਨਾਮਾਵਲੀ ਕੋਸ਼*, ਅੰਮ੍ਰਿਤਸਰ, 1916 ਆਦਿ।

24. ਖ਼ਾਸ ਕਰ ਭਾਰਤੀ ਪਰੰਪਰਾ ਦੇ ਸੰਦਰਭ ਵਿਚ। ਪੰਡਿਤ ਤਾਰਾ ਸਿੰਘ ਨਰੋਤਮ ਦੀ ਰਚਨਾ *ਸ੍ਰੀ ਗੁਰਮਤਿ ਨਿਰਣੈ ਸਾਗਰ*, ਕਨਖਲ, 1979 (ਦੂਜੀ ਵਾਰ), ਇਸ ਤਥ ਦੀ ਖ਼ੂਬਸੂਰਤ ਉਦਾਹਰਨ ਹੈ।

25. ਅਰਜਨ ਸਿੰਘ ਮੁਨੀ ਦਾ *ਇਤਿਹਾਸ ਨਿਰਮਲ ਪੰਚਾਇਤੀ ਅਖਾੜਾ*, ਕਨਖਲ, 1952, ਅਖਾੜਿਆਂ ਲਈ ਵੇਖਿਆ ਜਾ ਸਕਦਾ ਹੈ। ਹੋਰ ਵੇਖੋ: ਰਜਿੰਦਰ ਸਿੰਘ ਸ਼ਾਸ਼ਤਰੀ, 'ਨਿਰਮਲੇ ਸੰਤਾਂ ਦੇ ਡੇਰੇ', *ਪੰਜਾਬੀ ਦੁਨੀਆ*, ਮਈ, 1977.

# ਨਿਰਮਲਾ ਸੰਪਰਦਾਇ ਦਾ ਗੁਰਬਾਣੀ ਵਿਆਖਿਆ ਵਿਚ ਯੋਗਦਾਨ

*ਅਮਰਜੀਤ ਕੌਰ*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਟੀਕਾਕਾਰੀ ਤੇ ਵਿਆਖਿਆਕਾਰੀ ਦਾ ਬੜਾ ਲੰਬਾ ਇਤਿਹਾਸ ਹੈ ਅਤੇ ਇਸ ਵਿਚ ਹੋਈ ਪ੍ਰਾਪਤੀ ਦਾ ਬੜਾ ਮਹਾਨ ਆਕਾਰ ਹੈ। ਟੀਕਾਕਾਰੀ ਵਿਚ ਕੋਸ਼ਕਾਰੀ, ਪ੍ਰਯਾਯੇ, ਨਿਰੁਕਤ ਆਦਿ ਵੀ ਸਮਿਲਤ ਹੋ ਜਾਂਦੇ ਹਨ। ਬਾਣੀ ਦੀ ਟੀਕਾਕਾਰੀ ਵਿਚ ਇਹ ਸਾਰੇ ਵਰਗ ਸ਼ਾਮਲ ਹੋ ਗਏ ਹਨ ਕਿਉਂਕਿ ਬਹੁਤ ਟੀਕਿਆਂ ਵਿਚ ਕੋਸ਼ੀ ਅਰਥ, ਪ੍ਰਯਾਯੇ, ਨਿਰੁਕਤ, ਟੀਕਾ, ਭਾਵਾਰਥ, ਵਿਆਖਿਆ, ਸਿਧਾਂਤ ਵਿਚਾਰ, ਸਾਰ ਆਦਿ ਮਿਲੇ ਹੋਏ ਹਨ।[1] ਪਿਆਰ ਸਿੰਘ ਅਨੁਸਾਰ ਪੰਜਾਬੀ ਵਿਚ ਵਿਆਖਿਆਤਮਕ ਸਾਹਿਤ ਲਈ ਵਰਤੇ ਜਾਂਦੇ ਚਾਰ ਪਦ ਨਿਸ਼ਚਿਤ ਕੀਤੇ ਗਏ ਹਨ: ਪਦਾਰਥ, ਪਰਮਾਰਥ, ਟੀਕਾ ਤੇ ਵਿਆਖਿਆ।[2] ਉਂਜ ਪੰਜਾਬੀ ਸਾਹਿਤ ਵਿਚ ਟੀਕਾ, ਵਿਆਖਿਆ, ਭਾਸ਼ ਆਦਿ ਦੀ ਸੂਖਮ ਭਿੰਨਤਾ ਵਲ ਬਹੁਤ ਧਿਆਨ ਨਾ ਦੇ ਕੇ ਸਭ ਲਈ ਟੀਕਾ ਸ਼ਬਦ ਹੀ ਵਰਤਿਆ ਜਾਂਦਾ ਹੈ ਅਤੇ ਇਨ੍ਹਾਂ ਟੀਕਿਆਂ ਵਿਚ ਉਪਰਲੀਆਂ ਸਾਰੀਆਂ ਸ਼ੈਲੀਆਂ ਦਾ ਮਿਲਗੋਭਾ ਵੇਖਿਆ ਜਾ ਸਕਦਾ ਹੈ।[3]

ਗੁਰਬਾਣੀ ਦੀ ਉਚਾਰਣ ਪ੍ਰਕਿਰਿਆ ਦੇ ਨਾਲ ਹੀ ਗੁਰਬਾਣੀ ਰਾਹੀਂ ਗੁਰਬਾਣੀ ਦੀ ਵਿਆਖਿਆ ਦਾ ਕਾਰਜ ਵੀ ਸੁਤੇ ਸਿੱਧ ਆਰੰਭ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਅਨੇਕ ਭੇਖਾਂ ਦੇ ਸਾਧੂਆਂ, ਜੋਗੀਆਂ, ਮਹੰਤਾਂ ਨੂੰ ਮਿਲਣ ਸਮੇਂ ਉਨ੍ਹਾਂ ਨੂੰ ਆਪਣੀ ਬਾਣੀ ਦੇ ਸਿਧਾਂਤ ਸਮਝਾਏ ਅਤੇ ਕਰਤਾਰਪੁਰ ਵਾਸ ਦੇ ਸਮੇਂ ਅਨੇਕ ਲੋਕਾਂ ਨਾਲ ਚਰਚਾ ਕਰਦਿਆਂ ਬਾਣੀ ਦੀ ਅਨੇਕ ਪ੍ਰਕਰਣਾਂ ਵਿਚ ਵਿਆਖਿਆ ਕੀਤੀ। ਆਪ ਦੇ ਉਤਰਾਧਿਕਾਰੀ ਗੁਰੂ-ਸਾਹਿਬਾਨ ਨੇ ਆਪ ਦੀ ਰਚੀ ਬਾਣੀ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਇਕ ਗੁਰਬਾਣੀ ਵਿਆਖਿਆ ਪ੍ਰਣਾਲੀ ਕਾਇਮ ਹੋ ਗਈ। ਇਹ ਸਰਵੋਤਮ ਵਿਆਖਿਆ ਪ੍ਰਣਾਲੀ ਸੀ। ਡਾ. ਤਾਰਨ ਸਿੰਘ ਨੇ ਇਸ ਵਿਆਖਿਆ ਨੂੰ ਸਹਿਜ ਪ੍ਰਣਾਲੀ ਦਾ ਨਾਂ ਦਿੱਤਾ ਹੈ।[4]

ਸਿੱਖ ਇਤਿਹਾਸ ਦੇ ਮੁੱਢਲੇ ਸੋਮਿਆਂ ਅੰਦਰ ਪ੍ਰਾਪਤ ਸੰਕੇਤਾਂ ਅਨੁਸਾਰ ਗੁਰੂ ਸਾਹਿਬਾਨ ਜਗਿਆਸੂਆਂ ਨੂੰ ਗੁਰਬਾਣੀ ਦੀ ਕਥਾ-ਵਿਆਖਿਆ ਸ੍ਰਵਣ ਕਰਵਾਉਂਦੇ ਰਹੇ ਹਨ। ਇਸ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਮਦਮਾ ਸਾਹਿਬ ਦੇ ਅਸਥਾਨ 'ਤੇ ਸਮੁਚੀ ਗੁਰਬਾਣੀ ਦੀ ਸੰਥਿਆ ਤੇ ਕਥਾ ਵਿਚਾਰ ਕੀਤੇ ਜਾਣ ਦੀ ਰਵਾਇਤ ਸਿੱਖ ਪੰਥ ਵਿਚ ਪ੍ਰਚਲਤ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਇਸ ਸਮੇਂ ਦੌਰਾਨ ਗੁਰਬਾਣੀ ਵਿਆਖਿਆ ਲਈ ਹੋਏ ਯਤਨਾਂ ਵਿਚ ਭਾਈ ਗੁਰਦਾਸ ਜੀ ਦਾ ਭਰਪੂਰ ਯੋਗਦਾਨ ਹੈ ਜਿਸ ਕਰਕੇ ਉਹਨਾਂ ਦੀਆਂ ਰਚਨਾਵਾਂ ਨੂੰ "ਗੁਰਬਾਣੀ ਦੀ ਕੁੰਜੀ" ਹੋਣ ਦਾ ਮਾਣ ਪ੍ਰਾਪਤ ਹੋਇਆ। ਇਸ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਭਾਈ ਗੁਰਦਾਸ ਸ਼ਾਇਦ ਪਹਿਲਾ ਵਿਦਵਾਨ ਹੈ ਜਿਸ ਨੇ ਗੁਰਬਾਣੀ ਦੀਆਂ ਅਨੇਕਾਂ ਗੁੰਝਲਦਾਰ ਤੁਕਾਂ ਦੇ ਅਰਥ

ਆਪਣੀਆਂ ਵਾਰਾਂ ਵਿਚ ਛੰਦਬਧ ਕਰਕੇ ਦਿੱਤੇ ਜਿਸ ਤੋਂ ਅਸੀਂ ਇਸ ਗੁਹਜ ਨੂੰ ਸਮਝਣ ਵਿਚ ਕੁਝ ਕੁਝ ਸਹਾਇਤਾ ਲੈ ਸਕਦੇ ਹਾਂ। ਇਸ ਦੇ ਨਾਲ ਹੀ ਗੁਰੂ ਅਰਜਨ ਸਾਹਿਬ ਦ ਭਤੀਜੇ ਸੋਢੀ ਮਿਹਰਵਾਨ (1581-1640 ਈ.) ਅਤੇ ਪੋਤੇ ਹਰਿ ਜੀ (1696 ਈ. ਦੇਹਾਂਤ) ਨੇ ਗੁਰੂ ਨਾਨਕ ਸਾਹਿਬ ਦੀਆਂ ਗੋਸਟਾਂ ਵਿਚ ਅਨੇਕਾਂ ਸ਼ਬਦਾਂ ਦੇ ਅਰਥ ਲਿਖ ਕੇ ਕਈ ਖ਼ਾਸ ਬਾਣੀਆਂ ਜਿਵੇਂ ਕਿ ਜਪੁ, ਓਅੰਕਾਰ, ਪਟੀ ਤੇ ਸਿਧਗੋਸਟਿ ਆਦਿ ਦੇ 'ਪਰਮਾਰਥ' ਰਚ ਕੇ ਟੀਕਾਕਾਰੀ ਦੀ ਬੁਨਿਆਦ ਰੱਖੀ।[5]

ਪੰਜਾਬੀ ਵਿਚ ਟੀਕੇ ਰਚਣ ਦੀ ਪ੍ਰੇਰਣਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਤੋਂ ਮਿਲੀ ਪ੍ਰਤੀਤ ਹੁੰਦੀ ਹੈ। ਜ਼ਿਆਦਾਤਰ ਟੀਕੇ ਗੁਰਬਾਣੀ ਦੀ ਵਿਆਖਿਆ ਸੰਬੰਧੀ ਹੀ ਲਿਖੇ ਗਏ ਹਨ। ਭਾਵਨਾ ਅਤੇ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੀ ਟੀਕਾਕਾਰੀ ਦੇ ਵੀ ਅਗੋਂ ਕਈ ਸਕੂਲ ਹੋ ਗਏ ਜਿਵੇਂ ਕਿ ਸੰਪ੍ਰਦਾਈ ਜਾਂ ਗਿਆਨੀ ਸ਼ਾਖਾ, ਮੀਣੇ ਸੋਢੀਆਂ ਵਾਲੀ ਸ਼ਾਖਾ, ਨਿਰਮਲੇ ਸਾਧਾਂ ਦੀ ਸ਼ਾਖਾ ਅਤੇ ਆਧੁਨਿਕ-ਵਿਦਵਾਨਾਂ ਦੀ ਸ਼ਾਖਾ ਆਦਿ।[6]

ਇਥੇ ਗੁਰਬਾਣੀ ਟੀਕਾਕਾਰੀ ਤੇ ਵਿਆਖਿਆਕਾਰੀ ਵਿਚ ਯੋਗਦਾਨ ਪਾਉਣ ਵਾਲੀ ਸ਼ਾਖਾ ਨਿਰਮਲੇ ਸੰਪਰਦਾਇ ਬਾਰੇ ਚਰਚਾ ਕੀਤੀ ਜਾ ਰਹੀ ਹੈ। ਨਿਰਮਲੇ ਸੰਪਰਦਾ ਵਲੋਂ ਟੀਕਾ ਸਾਹਿਤ ਵਿਚ ਪਾਇਆ ਯੋਗਦਾਨ ਬੜਾ ਮਹੱਤਤਾ ਭਰਪੂਰ ਹੈ। ਇਹ ਸੰਪਰਦਾ ਵਿਦਵਾਨਾਂ ਦੇ ਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ 'ਚ ਹੋਂਦ ਵਿਚ ਆਈ।[7] ਰਤਨ ਸਿੰਘ ਜੱਗੀ ਅਨੁਸਾਰ ਇਸ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਤੋਂ ਤੁਰਤ ਬਾਅਦ ਹੋਇਆ।[8] ਇਸ ਪ੍ਰਣਾਲੀ ਨੇ ਗੁਰਬਾਣੀ ਟੀਕਾਕਾਰੀ ਦੀ ਵਿਚਾਰਧਾਰਾ ਤੇ ਰੂਪ ਦੋਹਾਂ ਵਿਚ ਪਰਿਵਰਤਨ ਲਿਆਂਦਾ।[9] ਨਿਰਮਲ ਸੰਪਰਦਾ ਦੇ ਵਿਦਵਾਨਾਂ ਦੁਆਰਾ ਕੀਤੀ ਵਿਆਖਿਆ ਸ਼ੈਲੀ ਦਾ ਹੋਰ ਸ਼ਾਖਾਵਾਂ ਦੇ ਵਿਦਵਾਨਾਂ ਉੱਤੇ ਵੀ ਪ੍ਰਭਾਵ ਪਿਆ। ਇਸ ਦੇ ਕਾਰਨਾਂ ਸੰਬੰਧੀ ਜ਼ਿਕਰ ਕਰਦੇ ਹੋਏ ਬਲਬੀਰ ਸਿੰਘ ਨੰਦਾ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਸਮੇਂ ਗਿਆਨੀ ਸੰਪ੍ਰਦਾਇ ਉਤੇ ਉਦਾਸੀ ਤੇ ਨਿਰਮਲੇ ਸੰਤਾਂ ਦੀ ਟੀਕਾਕਾਰੀ ਦਾ ਪ੍ਰਭਾਵ ਇਸ ਲਈ ਪਿਆ ਕਿਉਂਕਿ ਸਿੱਖ ਰਾਜ ਦੇ ਕਾਇਮ ਹੋਣ ਉਪਰੰਤ ਨਿਰਮਲੇ ਤੇ ਉਦਾਸੀ ਸੰਤਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਰਦਾਰਾਂ ਨੇ ਇਨ੍ਹਾਂ ਨੂੰ ਜਾਗੀਰਾਂ ਤੇ ਧੰਨ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਸੰਪ੍ਰਦਾਇ ਦੇ ਅਰਥ ਜੋ ਭਾਈ ਮਨੀ ਸਿੰਘ ਵਾਲੇ ਅਰਥਾਂ ਦੀਆਂ ਪ੍ਰਵ੍ਰਿੱਤੀਆਂ ਨੂੰ ਲੈ ਕੇ ਹੁਣ ਤੱਕ ਚਲੇ ਆ ਰਹੇ ਸਨ, ਹੋਰ ਮਹਾਤਮਾ ਦਾ ਸਤਿਕਾਰ ਅਤੇ ਆਪਣੀ ਬੇਕਦਰੀ ਕਾਰਣ, ਨਿਰਮਲੇ ਤੇ ਉਦਾਸੀ ਸੰਤਾਂ ਦੀ ਟੀਕਾਕਾਰੀ ਦੀਆਂ ਪ੍ਰਵ੍ਰਿੱਤੀਆਂ ਨੂੰ ਗ੍ਰਹਿਣ ਕਰ ਗਏ।[10] ਇਸ ਸ਼ਾਖਾ ਦੇ ਵਿਦਵਾਨਾਂ ਵਿਚੋਂ ਭਾਈ ਸੰਤੋਖ ਸਿੰਘ, ਪੰਡਤ ਤਾਰਾ ਸਿੰਘ ਨਰੋਤਮ, ਪੰਡਤ ਗੁਲਾਬ ਸਿੰਘ, ਪੰਡਤ ਨਿਹਾਲ ਸਿੰਘ, ਸੰਤ ਦੇਵਾ ਸਿੰਘ, ਸੰਤ ਲਾਲ ਸਿੰਘ ਨਰੋਤਮ, ਸੰਤ ਸੰਪੂਰਣ ਸਿੰਘ ਆਦਿ ਦੇ ਨਾਂ ਵਰਨਨੋਗ ਹਨ।

ਭਾਈ ਸੰਤੋਖ ਸਿੰਘ ਦਾ ਜਨਮ 1787 ਈ. ਨੂੰ ਨੂਰਦੀਨ ਦੀ ਸਰਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਬ੍ਰਜ, ਸੰਸਕ੍ਰਿਤ, ਕਾਵਿ ਪਿੰਗਲ, ਵੇਦਾਂ ਸ਼ਾਸਤ੍ਰਾਂ ਦੇ ਪੂਰੇ ਗਿਆਤਾ ਸਨ। ਭਾਈ ਸੰਤੋਖ ਸਿੰਘ ਨੇ 1886 ਈ. ਵਿਚ ਜਪੁ ਜੀ ਸਾਹਿਬ ਦਾ ਗਰਬ ਗੰਜਨੀ ਟੀਕਾ ਕੀਤਾ। ਟੀਕੇ ਵਿਚ ਬ੍ਰਜ ਤੇ ਸੰਸਕ੍ਰਿਤ ਸ਼ਬਦਾਵਲੀ ਭਾਰੂ ਹੈ ਜਿਸ ਕਰਕੇ ਆਮ ਪਾਠਕ ਨੂੰ ਸਮਝਣ ਵਿਚ ਦਿਕਤ ਆਉਂਦੀ ਹੈ। ਇਸ ਟੀਕੇ ਵਿਚ ਗੁਰਬਾਣੀ ਦੀ ਵਿਆਖਿਆ ਤੋਂ ਇਲਾਵਾ ਬਾਣੀ ਵਿਚ ਪ੍ਰਯੋਗ ਹੋਏ ਅਲੰਕਾਰਾਂ ਤੇ ਹੋਰ ਸਾਹਿਤਕ ਤੱਤਾਂ ਬਾਰੇ ਵੀ ਪਹਿਲੀ ਵਾਰ ਜਾਣਕਾਰੀ ਪ੍ਰਦਾਨ ਕੀਤੀ ਗਈ ਮਿਲਦੀ ਹੈ। ਜਿਸ ਕਰਕੇ ਬਾਅਦ ਵਿਚ ਹੋਣ ਵਾਲੇ ਟੀਕਿਆਂ ਵਿਚ ਇਹ ਪ੍ਰਪਾਟੀ ਦੇਖਣ ਨੂੰ ਮਿਲਣ ਲੱਗੀ। ਟੀਕੇ ਵਿਚ ਉਨ੍ਹਾਂ ਨੇ ਗੁਰਮਤਿ ਦੇ ਸਿਧਾਂਤਾਂ ਨੂੰ ਪ੍ਰਗਟ ਕਰਨ ਦੀ ਆਪਣੀ ਇਛਾ ਨੂੰ 'ਕਥੋ ਤਥਾ

ਹੈ ਜਥਾ ਮਤਿ' ਦੇ ਸ਼ਬਦਾਂ ਰਾਹੀਂ ਦਰਸਾਇਆ ਹੈ। ਭਾਈ ਸੰਤੋਖ ਸਿੰਘ ਨੇ ਆਪਣੇ ਆਪ ਨੂੰ ਨਿਰਮਲੇ ਕਿਧਰੇ ਨਹੀਂ ਲਿਖਿਆ ਪਰ ਨਿਰਮਲੇ ਵਿਦਵਾਨਾਂ ਨੇ ਉਨ੍ਹਾਂ ਨੂੰ ਨਿਰਮਲਾ ਮੰਨਿਆ ਹੈ।[11]

ਪੰਡਤ ਤਾਰਾ ਸਿੰਘ ਨਰੋਤਮ ਦਾ ਨਾਂ ਨਿਰਮਲੇ ਸੰਪਰਦਾਇ ਦੇ ਸ਼੍ਰੋਮਣੀ ਵਿਦਵਾਨਾਂ ਵਿਚ ਸ਼ਾਮਲ ਹੈ। ਆਪ ਦਾ ਜਨਮ ਹੁਸ਼ਿਆਰਪੁਰ ਜ਼ਿਲੇ ਦੇ ਗਿੜਵੀ ਪਿੰਡ ਵਿਖੇ ਹੋਇਆ। ਆਪ ਪਹਿਲੇ ਵਿਦਵਾਨ ਸਨ ਜਿਸ ਨੇ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦਾ ਸੰਕਲਪ ਕੀਤਾ ਤੇ ਇਸ ਵਿਚ ਸਫਲਤਾ ਹਾਸਲ ਕੀਤੀ ਭਾਵੇਂ ਉਹ ਕਾਰਜ ਅਣਪ੍ਰਕਾਸ਼ਤ ਹੀ ਰਿਹਾ। ਆਪ ਵਲੋਂ ਨਿਤਨੇਮ ਦੀਆ ਬਾਣੀਆਂ, ਸ੍ਰੀ ਰਾਗ ਤੇ ਭਗਤ ਬਾਣੀ ਦਾ ਕੀਤਾ ਸੰਪੂਰਨ ਟੀਕਾ ਪ੍ਰਕਾਸ਼ਤ ਰੂਪ ਵਿਚ ਮਿਲਦਾ ਹੈ। ਆਪ ਨੇ ਗੁਰੂ ਗਿਰਾਰਥ ਕੋਸ਼, ਗੁਰਮਤਿ ਨਿਰਣਯ ਸਾਗਰ ਆਦਿ ਗ੍ਰੰਥਾਂ ਦੀ ਰਚਨਾ ਕਰਕੇ ਗੁਰਬਾਣੀ ਦੀ ਵਿਆਖਿਆ ਲਈ ਵਿਗਿਆਨਕ ਨਿਯਮਾਂ ਤੇ ਅਧਾਰਤ ਕੋਸ਼ ਤਿਆਰ ਕੀਤੇ। ਬਾਣੀ ਦੀ ਵਿਆਖਿਆ ਨਾਲ ਸੰਬੰਧਿਤ ਮੋਖ ਪੰਥ ਟੀਕਾ, ਜਪੁ, ਰਹਿਰਾਸ, ਸੋਹਿਲਾ ਤੇ ਸ਼ਬਦ ਹਜ਼ਾਰੇ ਦਾ ਟੀਕਾ, ਭਗਤਾਂ ਦੀ ਬਾਣੀ ਦਾ ਟੀਕਾ, ਟੀਕਾ ਸ੍ਰੀ ਰਾਗ ਆਦਿ ਆਪ ਦੀਆਂ ਪ੍ਰਮੁੱਖ ਕਿਰਤਾਂ ਹਨ। ਆਪ ਟੀਕਾ ਕਰਨ ਸਮੇਂ ਵਿਆਖਿਆ, ਪਰਮਾਰਥ, ਮਹਾਤਮ, ਭਾਵਾਰਥ, ਉਥਾਨਕਾ ਵਜੋਂ ਸਾਖੀਆਂ ਦਾ ਵੇਰਵਾ ਦੇ ਕੇ ਬਾਣੀ ਦੇ ਅਰਥ ਕਰਦੇ ਹਨ।

ਸੰਤ ਦੇਵਾ ਸਿੰਘ ਨਿਰਮਲਾ ਵਲੋਂ ਬਾਣੀ ਦੀ ਵਿਆਖਿਆ ਸੰਬੰਧੀ ਕੀਤਾ 'ਜਪੁ ਪ੍ਰਦੀਪ' ਟੀਕਾ 1904 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਨੇ ਹਿੰਦੂ ਗ੍ਰੰਥ ਵਿਚੋਂ ਪ੍ਰਮਾਣ ਦੇ ਕੇ ਬਾਣੀ ਦੀ ਵਿਆਖਿਆ ਕਰਨ ਦੀ ਪ੍ਰਪਾਟੀ ਆਰੰਭ ਕੀਤੀ। ਪੰਡਿਤ ਗੁਲਾਬ ਸਿੰਘ ਦੁਆਰਾ ਵੀ ਜਪੁ ਜੀ ਸਾਹਿਬ ਦਾ ਸਟੀਕ ਲਿਖਿਆ ਗਿਆ ਜੋ 1910 ਈ. ਵਿਚ ਛਪਿਆ। ਇਸ ਵਿਚ ਗੁਰਮਤਿ ਦੇ ਅਨੇਕ ਸਿਧਾਂਤਾਂ ਜਿਵੇਂ ਕਿ ਹੁਕਮ, ਅਰਦਾਸ, ਕਰਮ, ਸੇਵਾ, ਗੁਰੂ, ਨਾਮ, ਮਾਇਆ, ਸ੍ਰਿਸ਼ਟੀ ਆਦਿ ਦੀ ਸੰਕੋਚਵੇਂ ਰੂਪ ਵਿਚ ਵਿਆਖਿਆ ਕੀਤੀ ਗਈ ਹੈ। ਸੰਤ ਸੰਪੂਰਣ ਸਿੰਘ ਤਰਨਤਾਰਨ ਦੇ ਨਿਵਾਸੀ ਭਾਈ ਮੋਹਨ ਸਿੰਘ ਵੈਦ ਦੇ ਵੱਡੇ ਭਰਾਤਾ ਸਨ। ਇਸ ਨੇ 'ਭਗਤ ਬਾਣੀ ਮਰਮ ਬੋਧਨੀ ਟੀਕਾ' ਦੇ ਸਿਰਲੇਖ ਅਧੀਨ ਭਗਤ ਬਾਣੀ ਤੋਂ ਇਲਾਵਾ ਸਲੋਕ ਸਹਸਕ੍ਰਿਤੀ, ਫੁਨਹੇ, ਚਉਬੋਲੇ, ਸਵਯੇ ਸ੍ਰੀ ਮੁਖਵਾਕ ਅਤੇ ਭੱਟਾਂ ਦੇ ਸਵਯੇ ਆਦਿ ਬਾਣੀਆਂ ਦਾ ਟੀਕਾ ਕੀਤਾ ਹੈ। ਆਪ ਦੁਆਰਾ ਬਾਣੀ ਦੀ ਆਧੁਨਿਕ ਢੰਗ ਨਾਲ ਕੀਤੀ ਵਿਆਖਿਆ ਸੰਖੇਪ ਤੇ ਸਰਲ ਹੈ। ਬਾਣੀ ਦੇ ਟੀਕੇ ਤੋਂ ਇਲਾਵਾ ਆਪ ਨੇ ਭਾਈ ਗੁਰਦਾਸ ਜੀ ਦੇ ਕਬਿਤ ਸਵਈਆਂ ਦਾ 'ਸਿਧਾਂਤ ਬੋਧਨੀ ਟੀਕਾ' ਵੀ ਕੀਤਾ ਹੈ। ਭਾਈ ਦਲ ਸਿੰਘ ਗਿਆਨੀ ਵਲੋਂ 'ਬਾਵਨ ਅਖਰੀ ਭਾਵਾਰਥ ਪ੍ਰਕਾਸ਼ਨੀ ਟੀਕਾ', ਸ਼ਬਦ ਹਜ਼ਾਰੇ ਤੇ ਸੰਪੂਰਨ ਗਉੜੀ ਰਾਗ ਦਾ ਟੀਕਾ ਕੀਤਾ ਗਿਆ ਹੈ।

ਇਸ ਸੰਪਰਦਾ ਦੁਆਰਾ ਬਾਣੀ ਵਿਆਖਿਆ ਵਿਚ ਪਾਏ ਯੋਗਦਾਨ ਤੇ ਕੀਤੀ ਵਿਆਖਿਆ ਦੀਆਂ ਪ੍ਰਵਿਰਤੀਆਂ ਬਾਰੇ ਚਰਚਾ ਕਰਦੇ ਹੋਏ ਬਲਬੀਰ ਸਿੰਘ ਨੰਦਾ ਲਿਖਦੇ ਹਨ ਕਿ ਨਿਰਮਲੇ ਵਿਦਵਾਨਾਂ ਨੇ ਸੰਸਕ੍ਰਿਤ ਭਾਸ਼ਾ ਅਤੇ ਪ੍ਰਾਚੀਨ ਭਾਰਤੀ ਧਰਮ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤਾ ਹੋਇਆ ਸੀ ਜਿਸ ਕਰਕੇ ਇਨ੍ਹਾਂ ਵਿਚੋਂ ਕੁਝ ਸੰਤਾਂ ਨੇ ਸੰਸਕ੍ਰਿਤ ਗ੍ਰੰਥਾਂ ਦੇ ਪੰਜਾਬੀ ਟੀਕੇ ਵੀ ਤਿਆਰ ਕੀਤੇ ਪਰ ਪੰਜਾਬੀ ਟੀਕਾਕਾਰੀ ਵਿਚ ਇਨ੍ਹਾਂ ਦਾ ਵੱਡਾ ਕੰਮ ਗੁਰਬਾਣੀ ਦੇ ਟੀਕੇ ਹੈ।[12] ਜਿਨ੍ਹਾਂ ਵਿਚ ਨਿਮਨਲਿਖਤ ਮੁੱਖ ਪ੍ਰਵਿੱਤੀਆਂ ਦੇਖੀਆਂ ਜਾ ਸਕਦੀਆਂ ਹਨ:

(ੳ) ਇਹ ਟੀਕੇ ਵੇਦ-ਮੁਖੀ ਹੋ ਗਏ ਹਨ। ਗੁਰਬਾਣੀ ਨੂੰ ਇਹ ਲੋਕ-ਭਾਖਾ ਵਿਚ ਲਿਖਿਆ ਪੰਜਵਾਂ ਵੇਦ ਮੰਨਦੇ ਹਨ।

(ਅ) ਟੀਕਾਕਾਰ ਆਪਣੇ ਵਿਚਾਰਾਂ ਦੀ ਪੁਸ਼ਟੀ ਵੇਦਾਂ, ਉਪਨਿਸ਼ਦਾਂ, ਸ਼ਾਸ਼ਤ੍ਰਾਂ, ਪੁਰਾਣਾਂ, ਗੀਤਾ ਆਦਿ ਵਿਚੋਂ ਆਮ ਹਵਾਲੇ ਦੇ ਕੇ ਕਰਦੇ ਹਨ।

(ੲ) ਇਨ੍ਹਾਂ ਟੀਕਿਆਂ ਵਿਚ ਹੁਣ ਪਹਿਲੇ ਟੀਕਿਆਂ ਵਾਲੀ ਮੂਲ-ਪਾਠ ਦੀ ਅਗਵਾਈ

ਅਨੁਸਾਰ ਅਰਥ ਕਰਨ ਦੀ ਪ੍ਰਿਵਿਤੀ ਨਹੀਂ ਰਹੀ ਸਗੋਂ ਆਪਣੀਆਂ ਮਾਨਤਾਵਾਂ ਦੀ ਸਥਾਪਨਾ ਲਈ ਅਨੇਕ ਥਾਂਈਂ ਅਰਥਾਂ ਦੀ ਖਿੱਚੋਤਾਣ ਦੀ ਪ੍ਰਿਵਿਤੀ ਹੋ ਗਈ ਹੈ ਅਤੇ ਕਈ ਥਾਂਈਂ ਗੁਰਮਤਿ ਆਸ਼ੇ ਦੇ ਪ੍ਰਤੀਕੂਲ ਅਰਥ ਸਿੱਧ ਕੀਤੇ ਗਏ ਹਨ। ਇਸ ਸੰਬੰਧ ਵਿਚ ਅਵਤਾਰਵਾਦ ਅਤੇ ਦੇਵੀ ਦੇਵਤਿਆਂ ਦੀ ਪੂਜਾ ਸੰਬੰਧੀ ਜਾਂ ਬਾਹਰਲੇ ਭੇਖ ਸਬੰਧੀ ਤੁਕਾਂ ਦੇਖੀਆਂ ਜਾ ਸਕਦੀਆਂ ਹਨ।

(ਸ) ਸੰਸਕ੍ਰਿਤ ਦੇ ਵਿਦਵਾਨਾਂ ਵਿਚ ਸ਼ਾਸਤ੍ਰਾਰਥ ਕਰਨ ਸਮੇਂ ਪ੍ਰਸ਼ਨ ਉਤਰ ਦਾ ਸਿਲਸਿਲਾ ਚਲਦਾ ਸੀ। ਇਹੋ ਵਿਧੀ ਇਨ੍ਹਾਂ ਗੁਰਬਾਣੀ ਟੀਕਿਆਂ ਵਿਚ ਪ੍ਰਵੇਸ਼ ਕਰ ਗਈ ਹੈ। ਜਿਥੇ ਕੋਈ ਸ਼ੰਕਾ ਪੈਦਾ ਹੋਣ ਦੀ ਸੰਭਾਵਨਾ ਹੁੰਦੀ ਹੈ ਉਥੇ ਟੀਕਾਕਾਰ ਪੂਰਵ ਪੱਖ ਵਲੋਂ ਆਪ ਹੀ ਪ੍ਰਸ਼ਨ ਕਰਕੇ ਫਿਰ ਉਸ ਦਾ ਉੱਤਰ ਦੱਸਦਾ ਹੈ। ਇਸ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਆਮ ਹੋ ਗਈ ਹੈ।

(ਹ) ਭਾਸ਼ਾ ਪਹਿਲੇ ਟੀਕਿਆਂ ਦੇ ਮੁਕਾਬਲੇ ਵਿਚ ਵਧੇਰੇ ਸਾਧ ਭਾਖਾ ਹੋ ਗਈ ਹੈ ਅਤੇ ਟੀਕੇ ਵਿਸਥਾਰਮਈ ਹੋ ਗਏ ਹਨ।[13]

ਸੰਸਕ੍ਰਿਤ ਵਿਦਿਆ ਤੇ ਪੌਰਾਣਿਕ ਗ੍ਰੰਥਾਂ ਦੇ ਵਧੇਰੇ ਅਧਿਐਨ ਕਾਰਨ ਇਨ੍ਹਾਂ ਵਿਦਵਾਨਾਂ ਦੀਆਂ ਰਚਨਾਵਾਂ ਪੌਰਾਣਿਕ ਗ੍ਰੰਥਾਂ ਦੇ ਪ੍ਰਭਾਵ ਥੱਲੇ ਹੀ ਰਚੀਆਂ ਗਈਆਂ। ਇਹ ਵੇਦ ਨੂੰ ਪ੍ਰਮਾਣ ਮੰਨਦੇ ਹਨ ਤੇ ਗੁਰਬਾਣੀ ਨੂੰ ਵੇਦ ਸਮਾਨ ਹੀ ਦਰਜਾ ਦਿੰਦੇ ਹਨ। ਇਹ ਆਮ ਕਰਕੇ ਵੇਦਾਂਤੀ ਹੋਏ ਹਨ ਤੇ ਗੁਰਬਾਣੀ ਦੀ ਵਿਆਖਿਆ ਵਿਚ ਵੇਦਾਂਤੀ ਸ਼ਬਦਾਵਲੀ ਤੇ ਵਿਚਾਰਧਾਰਾ ਨੂੰ ਹੀ ਪ੍ਰਮੁੱਖਤਾ ਦਿੰਦੇ ਹਨ। ਨਿਰਮਲੇ ਸੰਤਾਂ ਨੇ ਆਪਣੇ ਟੀਕਿਆਂ ਵਿਚ ਬੋਲੀ ਵਧੇਰੇ ਕਰਕੇ ਸੰਤ ਭਾਸ਼ਾ ਵਰਤੀ ਤੇ ਇਸ ਵਿਚ ਸੰਸਕ੍ਰਿਤ, ਬ੍ਰਜ ਭਾਸ਼ਾ ਦੀ ਸ਼ਬਦਾਵਲੀ ਦੀ ਵੀ ਚੋਖੀ ਵਰਤੋਂ ਕੀਤੀ। ਗੁਰਬਾਣੀ ਦੇ ਕਈ ਪ੍ਰਕਾਰ ਦੇ ਪਦਛੇਦ ਕਰਕੇ ਇਕੋ ਤੁਕ ਦੇ ਕਈ ਕਈ ਪਾਠ ਤੇ ਅਰਥ ਕਰਨ ਦੀ ਪਰਵਿਰਤੀ ਚਲਾਈ ਜਿਨ੍ਹਾਂ ਵਿਚੋਂ ਇਕ ਮੁੱਖ ਅਰਥ ਤੇ ਦੂਜੇ ਗੌਣ ਅਰਥ ਦੱਸੇ ਜਾਂਦੇ ਸਨ।[14]

ਇਸ ਸੰਪਰਦਾ ਦੇ ਹਿੰਦੂ ਗ੍ਰੰਥਾਂ ਦੇ ਪ੍ਰਭਾਵ ਅਧੀਨ ਕੀਤੀ ਗਈ ਵਿਆਖਿਆ ਪਿਛੇ ਸਮੇਂ ਦੇ ਹਾਲਾਤ ਤੇ ਇਨ੍ਹਾਂ ਵਿਦਵਾਨਾਂ ਦੀ ਸਿਖਿਆ ਗ੍ਰਹਿਣ ਕਰਨ ਦੀ ਪਿਠਭੂਮੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਨਿਰਮਲਾ-ਪ੍ਰਣਾਲੀ ਦਾ ਕਰਤੱਵ ਨਿਰੋਲ ਪ੍ਰਚਾਰ ਸੀ ਤੇ ਬ੍ਰਿਤੀ ਸਮਨਵੈ ਦੀ ਸੀ। ਇਹ ਸਾਰੀ ਭਾਰਤੀ ਕੌਮ ਨੂੰ ਸੰਬੋਧਨ ਕਰ ਰਹੇ ਸਨ। ਇਹ ਲਗਾਤਾਰ ਹਿੰਦੂ ਮਤਿ ਨਾਲ ਸੰਬਾਦ ਵਿਚ ਰਹੇ ਸਨ। ਇਨ੍ਹਾਂ ਦਾ ਮੁਹਾਣ ਪਿਛੇ ਵਲ ਸੀ, ਇਹ ਵੇਦ-ਸ਼ਾਸ਼ਤ੍ਰ ਸਮਰਥਕ ਸਨ ਕਿਉਂਕਿ ਇਨ੍ਹਾਂ ਦੀ ਪੜ੍ਹਾਈ-ਸਿਖਲਾਈ ਇਸ ਭਾਂਤ ਦੀ ਸੀ। ਇਹ ਗੁਰਮਤਿ ਤੇ ਵੇਦ ਮਤਿ ਦਾ ਸੁਮੇਲ ਕਰ ਰਹੇ ਸਨ।[15]

## ਹਵਾਲੇ ਤੇ ਟਿੱਪਣੀਆਂ

1. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਪੰਨਾ 47.
2. ਪਿਆਰ ਸਿੰਘ, ਗੁਰਬਾਣੀ ਟੀਕਾ ਪ੍ਰਣਾਲੀਆਂ, *ਨਾਨਕ ਪ੍ਰਕਾਸ਼ ਪੱਤ੍ਰਿਕਾ* (ਸੰ. ਬਲਕਾਰ ਸਿੰਘ), ਪੰਨਾ 106.
3. ਰਤਨ ਸਿੰਘ ਜੱਗੀ, *ਗੁਰਬਾਣੀ ਟੀਕੇ: ਅਨੰਦਘਨ*, ਪੰਨਾ ਦੋ-ਸ਼ਬਦ ਤੇ ਤਰਲੋਚਨ ਸਿੰਘ ਬੇਦੀ, *ਪੰਜਾਬੀ ਟੀਕਾਕਾਰੀ ਦਾ ਆਲੋਚਨਾਤਮਕ ਸਰਵੇਖਣ*, ਪੰਨਾ 201.
4. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 1.
5. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ, *ਇਤਿਹਾਸਕਾਰੀ ਤੇ ਪੱਤਰਕਾਰੀ-ਕੁਝ ਦ੍ਰਿਸ਼ਟੀਕੋਣ*, (ਸੰ. ਅਮਰਜੀਤ ਸਿੰਘ), ਪੰਨੇ 176-77.
6. ਰਤਨ ਸਿੰਘ ਜੱਗੀ, ਓਹੀ, ਪੰਨਾ ਦੋ ਸ਼ਬਦ
7. ਓਹੀ, ਪੰਨਾ 216.
8. ਰਤਨ ਸਿੰਘ ਜੱਗੀ, ਓਹੀ, ਪੰਨਾ 4.

9. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਪੰਨਾ 54.
10. ਬਲਵੀਰ ਸਿੰਘ ਨੰਦਾ, ਪੰਜਾਬੀ ਟੀਕਾਕਾਰੀ ਦੀਆਂ ਮੁੱਖ ਪ੍ਰਵ੍ਰਿਤੀਆਂ, *ਇਤਿਹਾਸਕਾਰੀ ਤੇ ਪੱਤਰਕਾਰੀ-ਕੁਝ ਦ੍ਰਿਸ਼ਟੀਕੋਣ*, (ਸੰ. ਅਮਰਜੀਤ ਸਿੰਘ), ਪੰਨਾ 122.
11. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 121.
12. ਬਲਵੀਰ ਸਿੰਘ ਨੰਦਾ, ਓਹੀ, ਪੰਨਾ 121.
13. ਓਹੀ, ਪੰਨਾ 121
14. ਤਰਲੋਚਨ ਸਿੰਘ ਬੇਦੀ, ਓਹੀ, ਪੰਨਾ 216.
15. ਤਾਰਨ ਸਿੰਘ, ਓਹੀ, ਪੰਨੇ 18-19.

# ਨਿਰਮਲ ਸੰਪ੍ਰਦਾਇ-ਗੁਰਬਾਣੀ ਦੀ ਵਿਆਖਿਆ ਪ੍ਰਣਾਲੀ: ਇਕ ਪਰਿਪੇਖ

*ਡਾ. ਸੁਰਜੀਤ ਸਿੰਘ ਭੱਟੀ*

ਪੰਜਾਬ ਦੀ ਧਰਤੀ ਨੂੰ ਇਹ ਮਾਣ ਹੈ ਕਿ ਸੰਸਾਰ ਦਾ ਸਭ ਤੋਂ ਪ੍ਰਾਚੀਨ ਗ੍ਰੰਥ 'ਰਿਗ ਵੇਦ' ਇਸ ਧਰਤੀ ਉਪਰ ਰਚਿਆ ਗਿਆ। ਇਹ ਧਰਤੀ ਵੇਦਾਂ, ਉਪਨਿਸ਼ਦਾਂ, ਸਿਮਰਿਤੀਆਂ, ਪੁਰਾਣਾ, ਕੌਟਿਲਯ ਦੇ ਅਰਥ-ਸ਼ਾਸਤਰ ਦੀ ਜਨਮਦਾਤੀ ਹੈ। ਮਹਾਂ-ਭਾਰਤ, ਗੀਤਾ, ਬਾਲਮੀਕੀ ਰਾਮਾਇਣ ਅਤੇ ਤੁਲਸੀਦਾਸ ਦੇ ਮਹਾਂ-ਕਾਵਿ ਰਾਮਾਇਣ ਦੀ ਰਚਨਾ ਵੀ ਭਾਰਤ-ਵਾਰਸ਼ ਦੀ ਸਰ ਜ਼ਮੀਨ ਉਪਰ ਹੋਈ। 'ਵੇਦ ਬਾਣੀ' ਨੂੰ 'ਆਕਾਸ਼ ਬਾਣੀ', 'ਦੈਵੀ ਬਾਣੀ' ਪ੍ਰਵਾਨ ਕੀਤਾ ਗਿਆ ਹੈ। ਰਿਸ਼ੀਆਂ ਨੂੰ ਮੰਤ੍ਰਾਂ ਦੇ ਰਚਯਤਾ ਨਹੀਂ 'ਦ੍ਰਸ਼ਟਾ' ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਭਾਰਤ ਵਿਚ ਧਰਮ ਦਰਸ਼ਨ ਦੀ ਇਕ ਬਹੁਤ ਹੀ ਅਮੀਰ ਪ੍ਰਾਚੀਨ ਅਤੇ ਲੰਮੀ ਇਤਿਹਾਸਕ ਪਰੰਪਰਾ-ਸਾਡਾ ਸਭ ਦਾ ਸਾਂਝਾ ਵਿਰਸਾ ਰਹੀ ਹੈ। ਇਸੇ ਨਿਰੰਤਰਤਾ ਵਿਚ ਗੁਰੂ ਨਾਨਕ ਸਾਹਿਬ ਨੇ ਵੇਈਂ ਨਦੀ ਵਿਚ ਪ੍ਰਵੇਸ਼ ਤੋਂ ਬਾਅਦ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਦਾ ਸੰਦੇਸ਼ ਦੇ ਕੇ ਰੱਬੀ ਬਾਣੀ ਜਾਂ 'ਧੁਰ ਕੀ ਬਾਣੀ' ਰਾਹੀਂ ਨਾ ਕੇਵਲ ਪੰਜਾਬ ਸਗੋਂ ਸਮੁੱਚੇ ਸੰਸਾਰ ਲਈ, ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ-ਸੰਸਾਰ ਨੂੰ ਆਪਣੇ ਗਿਆਨ ਨਾਲ ਰੌਸ਼ਨ ਕੀਤਾ। ਚੌਥੇ ਗੁਰੂ ਸਤਿਗੁਰੂ ਰਾਮਦਾਸ ਸਾਹਿਬ ਅਨੁਸਾਰ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥*

(ਸ੍ਰੀ ਗੁ.ਗ੍ਰੰ. ਸਾਹਿਬ, ਪੰਨਾ 982)

ਇਸ ਮਹਾਨ ਬਾਣੀ ਨਾਲ ਸਾਡੇ ਜੀਵਨ ਸਮਾਜ ਅਤੇ ਵਿਸ਼ਵ ਵਿਚ ਪਸਰੇ ਹਨ੍ਹੇਰੇ ਨੂੰ ਦੂਰ ਕਰਨ ਦਾ ਪਰਉਪਕਾਰ ਕੀਤਾ। ਸਭ ਤੋਂ ਪਹਿਲਾਂ ਅਸੀਂ ਵਿਚਾਰ ਕਰਦੇ ਹਾਂ ਕਿ ਗੁਰਬਾਣੀ ਕੀ ਹੈ? ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਸਤਿਗੁਰ ਨਾਨਕ ਦੇਵ ਅਤੇ ਉਨ੍ਹਾਂ ਦੇ ਜਾ-ਨਸ਼ੀਨ ਸਤਿਗੁਰਾਂ ਦੇ ਮੁਖ ਤੋਂ ਅਕਾਲ ਦੀ ਪ੍ਰੇਰਣਾ ਨਾਲ ਪ੍ਰਗਟ ਹੋਈ ਬਾਣੀ ਦੀ 'ਗੁਰਬਾਣੀ' ਸੰਗਯਾ ਹੈ।'[1] ਇਸੇ ਬਾਣੀ ਨੂੰ ਗੁਰੂ ਅਮਰਦਾਸ ਸਾਹਿਬ ਮਹਾਰਾਜ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ॥" ਸ੍ਰੀ ਰਾਗ ਮਹਲਾ ੩ (ਪੰਨਾ 67) ਦਾ ਮਹਾਨ ਦਰਜਾ ਦਿੱਤਾ। ਪੰਚਮ ਪਾਤਸਾਹਿ, ਬਾਣੀ ਦੇ ਬੋਹਥਿ ਨੇ ਗੁਰੂ ਗ੍ਰੰਥ ਸਾਹਿਬ ਵਰਗੇ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਇਸ

* ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਨੂੰ ਸੰਸਾਰ ਕਲਿਆਣ ਲਈ ਸਮਰਪਿਤ ਕਰਦਿਆਂ, ਬਾਣੀ ਬਾਰੇ ਸਾਨੂੰ ਗਿਆਨ ਕਰਾਉਂਦਿਆਂ ਫੁਰਮਾਉਂਦੇ ਹਨ :

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (ਸੋਰਠਿ ਮਹਲਾ ੫) ਪੰਨਾ (628)
ਗੁਰੂ ਸਾਹਿਬਾਨ ਨੇ ਹਰ ਥਾਂ ਉਪਰ ਇਸ ਬਾਣੀ ਨੂੰ ਰੱਬੀ ਬਾਣੀ, ਕਰਤੇ ਦੀ ਬਾਣੀ, ਖਸਮ ਕੀ ਬਾਣੀ ਜਾਂ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਅਸੀਂ ਕੁਛ ਨਹੀਂ ਇਹ ਸਭ ਪਰਮਾਤਮਾ ਦੇ ਹੁਕਮ ਦਾ ਹੀ 'ਜ਼ਹੂਰ' ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਨੂੰ 'ਗਾਵਹੁ ਸਚੀ ਬਾਣੀ' ਦੀ ਸਿੱਖਿਆ ਦੇਣ ਦੇ ਨਾਲ-ਨਾਲ ਇਸ ਬਾਣੀ ਨੂੰ ਵਿਚਾਰਨ ਦੀ ਵੀ ਤਾਕੀਦ ਕੀਤੀ ਹੈ। ਚੌਥੇ ਪਾਤਸਾਹਿ ਦਾ ਹੁਕਮਿ ਹੈ :

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥*
*ਇਹ ਬਾਣੀ ਮਹਾ-ਪੁਰਖ ਕੀ ਨਿਜ ਘਰਿ ਵਾਸਾ ਹੋਇ॥*
(ਸ੍ਰੀ ਗੁ. ਗ੍ਰੰ. ਸਾਹਿਬ, ਪੰਨਾ 935)

ਗੁਰਬਾਣੀ ਦੇ ਮਹਾਨ ਵਿਆਖਿਆਕਾਰ, ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਦਿੱਤਾ, ਬਾਣੀ ਬਾਰੇ, ਮਹਿਮਾਮਈ ਦ੍ਰਿਸ਼ਟੀ ਤੋਂ ਲਿਖਦੇ ਹਨ:

*ਜੈਸੇ ਤੌ ਸਕਲ ਨਿਧਿ ਪੂਰਨ ਸਮੁਦ੍ਰ ਬਿਖੈ,*
*ਹੰਸ ਮਰ ਜੀਵ ਨਿਹਚੈ ਪ੍ਰਸਾਦ ਪਾਵਈ॥*
*ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ;*
*ਜੋਈ ਜੋਈ ਖੋਜੈ ਸੋਈ ਨਿਪਜਾਵਈ (ਕਬਿੱਤ-546)*

ਗੁਰੂ ਅਤੇ ਸ਼ਬਦ ਨੂੰ ਇਕ ਰੂਪ ਮੰਨਦਿਆਂ ਆਪ ਲਿਖਦੇ ਹਨ:

*ਗੁਰ ਮੈਂ ਸ਼ਬਦ ਹੈ ਸ਼ਬਦ ਮਾਹਿ ਸਤਿਗੁਰ,*
*ਨਿਗੁਨ ਸਗੁਨ ਗਯਾਨ ਧਯਾਨ ਸੁ ਸੁਝਾਵੈ ਜੀ।*[2] (ਕਬਿੱਤ-608)

ਭਾਈ ਨੰਦ ਲਾਲ ਜੀ ਵੀ ਆਪਣੇ 'ਰਹਿਤਨਾਮੇ' ਦੀ ਪ੍ਰਸ਼ਨੋਤਰੀ ਵਿਚ ਬਾਣੀ ਬਾਰੇ ਸਪੱਸ਼ਟ ਕਰਦਿਆਂ ਫੁਰਮਾਉਂਦੇ ਹਨ :

*ਤੀਨ ਰੂਪ ਹੈ ਮੋਹ ਕੇ ਸੁਨਹੁ ਨੰਦ ! ਚਿਤ ਲਾਇ*
*ਨਿਰਗੁਣ ਸਰਗੁਣ ਗੁਰ ਸ਼ਬਦ ਕਹਹੁ ਤੋਹਿ ਸਮਝਾਇ॥੬॥*
*ਸ਼ਬਦ ਸੁਨੈ ਗੁਰ ਹਿਤ ਚਿਤ ਲਾਇ।*
*ਗਿਆਨ ਸ਼ਬਦ ਗੁਰ ਸੁਨੇ ਸੁਨਾਇ।*[3]

ਭਾਈ ਸੰਤੋਖ ਸਿੰਘ ਨੇ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਨਾਲ ਸਪੱਸ਼ਟ ਕੀਤਾ ਹੈ ਕਿ ਜਿਵੇਂ ਕਾਠ ਵਿਚ ਅਗਨੀ ਅਤੇ ਦੁੱਧ ਵਿਚੋਂ ਘਿਓ ਯਤਨ ਕਰਨ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ- ਇਸੇ ਪ੍ਰਕਾਰ ਗੁਰਬਾਣੀ ਨਿਰੀ ਪੜ੍ਹਨ ਨਾਲ ਭਲਾ ਨਹੀਂ ਹੁੰਦਾ ਸਗੋਂ ਗੁਰਬਾਣੀ ਨੂੰ 'ਵਿਚਾਰਨ' ਅਤੇ ਗੁਰੂ ਦੇ ਦੱਸੇ ਮਾਰਗ ਉਪਰ ਅਮਲ ਕਰਕੇ ਹੀ ਗੁਰਬਾਣੀ ਦਾ ਅਸਲ ਭਾਵ ਜੀਵਨ ਨੂੰ ਸਕਾਰਥ ਕਰਨ ਦੇ ਸਮਰੱਥ ਹੁੰਦਾ ਹੈ।

*ਪਾਠ ਕਰੇ ਹੁਇ ਪੁੰਨਿ ਮਹਾਨਾ। (ਪਰ) ਨਾਂਹਿਨ ਪ੍ਰਾਪਤ ਆਤਮ ਗਯਾਨਾ॥੪੫*
*ਜਬਿ ਬਿਚਾਰ ਕਰਿ ਰਿਦੇ ਬਸਾਵੈ। ਸਭ ਬਿਵਹਾਰਨਿ ਬਿਖ ਕਮਾਵੈ॥*
*(ਤਬ) ਗਯਾਨ ਪ੍ਰਕਾਸ਼ੈ ਆਨੰਦ ਪਾਵੈ। ਜਨਮ ਮਰਨ ਕੋ ਕਸ਼ਟ ਮਿਟਾਵੈ*[4]*॥੪੬*

ਸਿੱਖ ਗੁਰੂ ਸਾਹਿਬਾਨ ਦੀ ਮਨਸਾ ਸੀ ਕਿ ਗੁਰਬਾਣੀ ਸਿਰਫ਼ 'ਸਿੱਖ ਧਰਮ' ਦੇ ਪੈਰੋਕਾਰਾਂ ਤੀਕ ਹੀ ਸੀਮਿਤ ਨਾ ਰਹੇ ਸਗੋਂ ਇਸ ਤੋਂ ਦੂਸਰੀਆਂ ਭਾਸ਼ਾਵਾਂ ਜਿਵੇਂ ਸੰਸਕ੍ਰਿਤ ਅਤੇ 'ਤੁਰਕਾਂ ਦੀ ਭਾਸ਼ਾ' ਜਾਣਨ ਅਤੇ ਬੋਲਣ ਵਾਲੇ ਲੋਕ ਵੀ ਗਿਆਨ ਹਾਸਿਲ ਕਰਨ। 'ਗੁਰ ਪ੍ਰਤਾਪ ਸੂਰਜ ਗ੍ਰੰਥ'

ਦੀ ਤੀਜੀ ਰਾਸਿ ਦੇ ਅੰਸੂ 41 ਤੋਂ ਗੁਰੂ ਸਾਹਿਬ ਦੀ ਇਸ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ:

*ਸਹਸਕ੍ਰਿਤ ਅਰੁ ਤੁਰਕਨਿ ਭਾਸ਼ਾ।*
*ਇਸ ਮਹਿਂ ਲਿਖਿ ਲੈ ਹੈਂ ਬੁਧਿ ਰਾਸਾ।*
*ਸਭਿ ਊਪਰਿ ਪਸਰਹਿ ਇਹ ਧਾਈ।*
*ਜਿਮ ਜਲ ਪਰ ਸੁ ਚਿਕਨਤਾ ਪਾਈ॥੭॥*[5]

ਸਾਹਿਬਾਂ ਨੇ ਪੈਰ ਪੈਰ ਉਤੇ ਆਪਣੇ ਮਨ, ਬਚ, ਕਰਮ ਅਤੇ ਸਮੁੱਚੀ ਗੁਰਬਾਣੀ ਰਾਹੀਂ ਸਾਨੂੰ ਸੁਚੇਤ ਕੀਤਾ ਹੈ ਕਿ ਗੁਰਬਾਣੀ ਸਿਰਫ਼ 'ਪੜ੍ਹਨ' ਅਤੇ ਗਿਆਨ ਦੇ ਦਿਖਾਵੇ ਅਤੇ ਵਾਧੇ ਰਾਹੀਂ ਮਨੁੱਖ ਵਿਚ 'ਹੰਕਾਰ' ਪੈਦਾ ਕਰਨ ਦਾ ਕਾਰਣ ਨਾ ਬਣ ਜਾਵੇ ਸਗੋਂ ਇਹ ਤਾਂ ਇਕ ਜੀਵਨ-ਜਾਚ, ਜੀਵਨ-ਅਮਲ ਅਤੇ ਜੀਵਨ-ਅੰਮ੍ਰਿਤ ਹੈ ਜਿਸ ਨੂੰ ਗ੍ਰਹਿਣ ਕਰਕੇ ਮਨੁੱਖ ਆਪਣਾ ਉਧਾਰ ਕਰ ਸਕਦਾ ਹੈ।[6] ਪਰੰਤੂ ਬਿਨਾਂ ਅਮਲ ਤੋਂ ਬਿਨਾਂ ਅਨੁਭਵ ਤੋਂ ਬਾਣੀ ਦਾ ਨਿਰਾ 'ਤੋਤਾ-ਰਟਨ' ਕਰਕੇ ਮਨੁੱਖ ਉਸ ਉੱਚ ਆਤਮਕ ਅਤੇ ਉਚ ਆਤਮਿਕ ਆਨੰਦ ਤੋਂ ਵਿਰਵਾ ਰਹਿ ਜਾਂਦਾ ਹੈ। ਜਿਵੇਂ 'ਕੜਛੀ' ਸਾਰੀ ਉਮਰ ਵੀ ਭਾਂਡੇ ਵਿਚ ਪਏ ਪਦਾਰਥਾਂ ਵਿਚ ਫਿਰਦੀ ਰਹਿੰਦੀ ਹੈ- ਪਰੰਤੂ ਉਹ ਅੰਤਰੀਵ 'ਰਸ' ਨੂੰ ਗ੍ਰਹਿਣ ਕਰਨ ਤੋਂ ਅਸਮਰੱਥ ਰਹਿੰਦੀ ਹੈ।

*ਕੜਛੀਆ ਫਿਰੰਨਿ ਸੁਆਉ ਨ ਜਾਣਨਿ ਸੁਞੀਆ॥*
*ਸੇਈ ਮੁਖ ਦਿਸੰਨਿ ਨਾਨਕ ਰਤੇ ਪ੍ਰੇਮ ਰਸਿ॥*

(ਸ੍ਰੀ ਗੁ. ਗ੍ਰੰ. ਸਾਹਿਬ, ਪੰਨਾ-521)

ਸਮੁੱਚੀ ਗੁਰਬਾਣੀ ਨੇ ਜਿਸ ਪ੍ਰਕਾਰ ਦੇ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਇਤਿਹਾਸਕ ਬੀੜਾ ਚੁੱਕਿਆ ਸੀ ਉਸ ਆਦਰਸ਼ ਮਨੁੱਖ ਦੇ ਰੂਪ ਅਤੇ ਜੀਵਨ ਬਾਰੇ, ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਆਪਣਾ ਸਾਰ ਇਸ ਤਰ੍ਹਾਂ ਪੇਸ਼ ਕਰਦੇ ਹਨ:

*ਗੁਰਮੁਖਿ ਪੰਡਿਤੁ ਹੋਇ ਜਗੁ ਪਰਬੋਧੀਐ।*
*ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।*
*ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ।*
*ਗੁਰਮੁਖਿ ਹੈ ਨਿਰਵੈਰੁ ਨ ਵੈਰ ਵਿਰੋਧੀਐ।*
*ਚਹੁ ਵਰਨਾ ਉਪਦੇਸ਼ ਸਹਿਜ ਸਮੋਧੀਐ।*
*ਧੰਨੁ ਜਣੇਦੀ ਮਾਉ ਜੋਧਾ ਜੋਧੀਐ॥੮॥*[7] (ਵਾਰ 19)

ਗੁਰਬਾਣੀ ਬਾਰੇ ਵਿਚਾਰ ਕਰਨ ਬਾਅਦ, ਕੁੱਝ ਸੰਖੇਪ ਵਰਨਨ 'ਨਿਰਮਲ ਪੰਥ' ਬਾਰੇ ਵੀ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ। ਇਸ ਨਾਲ ਸਾਡਾ ਇਤਿਹਾਸਕ ਪਰਿਪੇਖ ਸਪੱਸ਼ਟ ਹੋ ਜਾਵੇਗਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਨਿਰਮਲ ਅਥਵਾ ਨਿਰਮਲੁ ਵਿ. ਨਿਮਲ ਮੈਲ ਰਹਿਤ ਸ਼ੁਧ' ਨਿਰਮਲ ਉਦਕ ਗੋਬਿੰਦ ਕਾ ਨਾਮ" (ਗਉ.ਮ.੫) "ਨਿਰਮਲ ਤੇ ਜੋ ਰਾਮਹਿ ਜਾਨ" ਭੈਰ ਕਬੀਰ)2. ਸੰਗਯਾ-ਪਾਰਬ੍ਰਹਮ, ਕਰਤਾਰ" ਜੋ ਨਿਰਮਲੁ ਸੇਵੇ ਸੋ ਨਿਰਮਲੁ ਹੋਵੈ। (ਮਾਝ ਅ. ਮ-੩) ਪ੍ਰਕਾਸ਼ ਉਜਾਲਾ "ਕਿਉ ਕਰਿ ਨਿਰਮਲੁ, ਕਿਉ ਕਰਿ ਅੰਧਿਆਰਾ" ? (ਸਿਧਗੋਸਟਿ) ੪. ਵਿ. ਰੋਸ਼ਨ ਦੇਖੋ ਚਾਥੈ-2[8] ਇਸੇ ਪ੍ਰਸੰਗ ਵਿਚ ਨਿਰਮਲ ਪੰਥ ਦੀ ਵਿਆਖਿਆ ਕਰਦਿਆਂ ਆਪ ਲਿਖਦੇ ਹਨ, 'ਸੰਗਯਾ-ਸਿਖ ਸੰਪ੍ਰਦਾਯ। 2. ਖ਼ਾਲਿਸ ਪੰਥ "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ"' (ਭਾਗੁ)[9] ਨਿਰਮਲਾ ਸ਼ਬਦ ਦੀ ਵਿਆਖਿਆ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, 'ਵਿ. ਮੈਲ ਤੋਂ ਬਿਨਾ, ਦੇਖੋ ਨਿਰਮਲ "ਅਹਿਨਿਸ ਨਵਤਨ ਨਿਰਮਲਾ, ਮੈਲਾ ਕਬਹੂੰ ਨ ਹੋਇ" (ਵਾਰ ਸੂਹੀ ਮਹਲਾ੧) 2. ਅਵਿਦਯਾ ਮੈਲ ਰਹਿਤ", "ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ" (ਗਉੜੀ ਥਿਤੀ ਮ.੫) 3. ਸੰਗਯਾ-ਨਿਰਮਲ (ਖ਼ਾਲਿਸ ਧਰਮ) ਧਾਰਣ ਵਾਲਾ ਗੁਰੂ ਨਾਨਕ ਦੇਵ ਦਾ ਸਿੱਖ, "ਸਬਦਿ ਰਤੇ ਸੇ ਨਿਰਮਲੇ" (ਸ੍ਰੀ ਮ. ੩) ੪ ਦੇਖੋ ਨਿਰਮਲੇ।[10]

'ਨਿਰਮਲੇ' ਸ਼ਬਦ ਦੀ ਵਿਆਖਿਆ ਰਾਹੀਂ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸੰਪ੍ਰਦਾਇ ਦੇ ਇਤਿਹਾਸਕ ਪਰਿਪੇਖ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜਾ ਨਾਲ ਇਸ ਸੰਪ੍ਰਦਾਇ ਦੇ ਸੰਬੰਧਾਂ ਦੀ ਵੀ ਸਪਸ਼ਟ ਵਿਆਖਿਆ ਕਰਦਿਆਂ ਲਿਖਿਆ ਹੈ : 'ਨਿਰਮਲੇ : ਨਿਰਮਲਾ ਦਾ ਬਹੁਵਚਨ ਦੇਖੋ ਨਿਰਮਲਾ 2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿਦਯਾ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ "ਨਿਰਮਲੇ" ਸੰਗਯਾ ਹੋਈ, ਇੰਨ੍ਹਾਂ ਪੰਜਾਂ ਦੇ ਚਾਟੜੈ ਜੋ ਨਿਰਮਲ ਵਸਤ੍ਰ ਪਹਿਰ ਸਾਂਤ ਚਿਤ ਰਹਿ ਕੇ ਵਿਦਯਾ ਅਰ ਨਾਮ ਦਾ ਅਭਯਾਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸਦੋ ਜਾਂਦੇ ਹਨ, ਸਿੱਖ ਕੌਮ ਵਿਚ ਨਿਰਮਲੇ ਸਾਧੂ ਵਿਦਯਾ ਦੇ ਪ੍ਰੇਮੀ ਅਰ ਵਿਚਾਰਵਾਨ ਹਨ, ਦੇਖੋ ਅਖਾੜਾ ਅਤੇ ਧਰਮ ਧੁਜਾ।[11] ਭਾਈ ਗੁਰਦਾਸ ਨੇ ਵੀ ਨਿਰਮਲ ਪੰਥ ਨੂੰ ਪੁਰਾਣਾ ਗੁਰਮੁਖਿ ਪੰਥ ਹੀ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ :

*ਗੁਰਮੁਖਿ ਪੰਥੁ ਨਿਰੋਲੁ ਨ ਰਲੇ ਰਲਾਈਐ॥*
*ਗੁਰਮੁਖਿ ਪੰਥੁ ਅਲੋਲੁ ਸਹਿਜ ਸਮਾਈਐ॥*

(ਭਾਈ ਗੁਰਦਾਸ, ਵਾਰ ੩, ਪਉੜੀ ੫)

ਇਉਂ ਨਿਰਮਲ ਪੰਥ ਗੁਰੂ ਨਾਨਕ ਸਾਹਿਬ ਵਲੋਂ ਹੀ ਸਥਾਪਿਤ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲ ਪੰਥ ਨੂੰ ਇੱਕ ਵੱਖਰੀ ਸੰਪ੍ਰਦਾਇ ਵਜੋਂ ਸਥਾਪਿਤ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਤਾਂ ਸਿੱਖ ਧਰਮ ਅਤੇ ਗੁਰਬਾਣੀ ਦੇ ਪ੍ਰਚਾਰ ਅਤੇ ਪਾਸਾਰ ਨੂੰ ਪੂਰੇ ਭਾਰਤ, ਵਿਚ ਇਕ ਰਾਸ਼ਟਰਵਾਦੀ ਭਾਵਨਾ ਨਾਲ ਸਿੱਖਾਂ ਅਤੇ ਪੰਜਾਬ ਤੋਂ ਬਾਹਰ ਦੂਜੇ ਧਰਮਾਂ, ਦੂਰ-ਦੁਰਾਡੇ ਇਲਾਕਿਆਂ ਅਤੇ ਉਨ੍ਹਾਂ ਲੋਕਾਂ ਤੀਕ ਵੀ ਗੁਰਬਾਣੀ ਦੀ ਸਿੱਖਿਆ ਪਹੁੰਚਾਉਣ ਦਾ ਇਤਿਹਾਸਕ ਯਤਨ ਕੀਤਾ ਜਿਸ ਨਾਲ ਸਿੱਖੀ ਦਾ ਵਗਦਾ ਦਰਿਆ-ਸਮੂਹ ਭਾਰਤ ਵਾਸੀਆਂ ਦੇ ਜੀਵਨ ਨੂੰ ਸਰਸਬਜ਼ ਕਰਦਿਆਂ, ਲੋਕਾਈ ਦੇ ਵੱਡੇ ਹਿੱਸੇ ਨੂੰ ਅਨਪੜ੍ਹਤਾ, ਅੰਧ-ਵਿਸ਼ਵਾਸਾਂ, ਪ੍ਰੋਹਿਤਾਂ ਦੀ ਲੁੱਟ, ਧਰਮ ਅਤੇ ਕਰਮ ਕਾਂਡ ਦੇ ਆਡੰਬਰ ਤੋਂ ਮੁਕਤ ਕਰਕੇ ਉਨ੍ਹਾਂ ਦੇ ਜੀਵਨ ਨੂੰ ਨਿਰਮਲ ਗਿਆਨ ਪ੍ਰਦਾਨ ਕਰਦਿਆਂ- ਜੀਵਨ ਨੂੰ ਸਕਾਰਥ ਅਤੇ ਸਫਲਾ ਬਣਾ ਸਕੇ।

ਗੁਰਬਾਣੀ ਦੇ ਪ੍ਰਚਾਰ ਅਤੇ ਪਾਸਾਰ ਹਿਤ, ਗੁਰੂ ਨਾਨਕ, ਸਾਹਿਬ ਦੀਆਂ ਆਰੰਭੀਆਂ ਉਦਾਸੀਆਂ ਤੋਂ ਲੈ ਕੇ ਅਜ ਤੀਕ ਦੀਆਂ ਸਿੱਖ ਸੰਪ੍ਰਦਾਵਾਂ, ਸੰਤਾਂ, ਬ੍ਰਹਮ ਗਿਆਨੀਆਂ, ਚਿੰਤਕਾਂ, ਵਿਆਖਿਆਕਾਰਾਂ ਅਤੇ ਕਥਾਕਾਰਾਂ ਵਲੋਂ ਅੰਮ੍ਰਿਤ ਬਾਣੀ ਦੀ ਵਿਆਖਿਆ ਅਤੇ ਪ੍ਰਚਾਰ, ਪ੍ਰਸਾਰ ਦਾ ਇਹ ਅਖੁੱਟ ਸ਼ਬਦ-ਲੰਗਰ, ਅਤੁੱਟ ਅਤੇ ਨਿਰੰਤਰ ਰੂਪ ਵਿਚ ਅੱਜ ਵੀ ਵਰਤਣਾ ਜਾਰੀ ਹੈ। ਸਾਡੇ ਲਈ ਪਹਿਲਾ ਸਵਾਲ ਇਹ ਹੈ ਕਿ ਗੁਰਬਾਣੀ ਦੀ ਵਿਆਖਿਆ ਖ਼ਾਸ ਕਰਕੇ ਗੁਰ-ਆਸ਼ੇ ਅਨੁਸਾਰ ਗੁਰਬਾਣੀ ਦੀ ਵਿਆਖਿਆ ਦੀ ਲੋੜ ਕਿਉਂ ਪਈ ? ਇਸ ਸੰਬੰਧ ਵਿਚ ਗੁਰੂ ਅਮਰਦਾਸ ਵੇਲੇ ਤੋਂ ਹੀ ਗੁਰੂ ਘਰ ਦੇ ਦੋਖੀਆਂ, ਨਿੰਦਕਾਂ ਅਤੇ ਈਰਖਾਲੂਆਂ ਵਲੋਂ 'ਕੱਚੀ ਬਾਣੀ' ਦਾ ਪ੍ਰਚਲਨ ਕੀਤਾ ਜਾਣਾ ਆਰੰਭ ਹੋ ਗਿਆ ਸੀ। ਗੁਰਬਾਣੀ ਅਤੇ ਗੁਰੂ-ਘਰ ਦੇ ਇਸ ਵਿਰੋਧੀ ਰੁਝਾਨ ਨੂੰ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੇ, ਗੁਰੂ ਗ੍ਰੰਥ ਸਾਹਿਬ ਦੀ 1604 ਈ: ਵਿੱਚ ਸੰਪਾਦਨਾ ਕਰਕੇ, ਕੱਚੀ ਬਾਣੀ ਅਤੇ 'ਸੱਚੀ ਬਾਣੀ' ਵਿਚਲੇ ਰੋਲ ਘਚੋਲੇ ਨੂੰ ਹਮੇਸ਼ਾ ਲਈ ਸਮਾਪਤ ਕਰ ਦਿੱਤਾ। ਸਾਡੇ ਵਿਚਾਰ ਵਿਚ ਗੁਰਬਾਣੀ ਦੀ ਵਿਆਖਿਆ ਕੀਤੇ ਜਾਣ ਦੀ ਜ਼ਰੂਰਤ, ਹੇਠ ਲਿਖੇ ਕਾਰਣਾਂ ਕਰਕੇ ਪ੍ਰਮੁੱਖ ਰੂਪ ਵਿਚ ਹੋਂਦ ਵਿਚ ਆਈ।

1. ਗੁਰਬਾਣੀ-ਲੋਕ-ਭਾਸ਼ਾ ਵਿਚ ਰਚੀ ਜਾਣ ਦੇ ਬਾਵਜੂਦ 'ਬ੍ਰਹਮ-ਵੀਚਾਰ' ਹੋਣ ਕਾਰਣ- ਹਰ ਸਾਧਾਰਣ ਮਨੁੱਖ ਦੀ ਬੌਧਿਕ ਸਮਰੱਥਾ ਤੋਂ ਬਹੁਤ ਬਾਹਰ ਸੀ। ਇਸ ਗੂੜ੍ਹ -'ਬ੍ਰਹਮ-ਗਿਆਨ' ਨੂੰ ਆਮ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਣ ਹਿਤ-ਇਸ ਦੀ ਵਿਆਖਿਆ ਕੀਤੀ ਜਾਣੀ-ਪਹਿਲੀ ਇਤਿਹਾਸਕ ਜ਼ਰੂਰਤ ਸੀ।

2. ਗੁਰਬਾਣੀ ਦੇ ਅਰਥ ਕਰਨ ਵੇਲੇ-ਜਾਂ ਸੱਚੇ ਅਰਥ ਕਰਨ ਦੀ ਸਮਰੱਥਾ 'ਸਤਿਗੁਰਾਂ' ਤੋਂ ਬਿਨਾਂ ਕਿਸੇ ਮਨੁੱਖ ਦੇ ਹੱਥ ਵੱਸ ਨਹੀਂ ਸੀ। ਪਰੰਤੂ ਸਿੱਖ ਗੁਰੂ ਸਾਹਿਬਾਨ ਲਈ ਬਾਣੀ ਰਚਣ ਅਤੇ ਸਿੱਖ ਧਰਮ ਦੇ ਪਸਾਰ ਦੇ ਨਾਲ-ਨਾਲ, ਇਕੋ ਵੇਲੇ- ਵਿਸ਼ਾਲਤਾ ਗ੍ਰਹਿਣ ਕਰ ਰਹੇ ਸਿੱਖ ਧਰਮ ਦੇ ਸਮੁੱਚੇ ਪੈਰੋਕਾਰਾਂ ਲਈ ਆਵਾਜਾਈ ਦੇ ਸੀਮਿਤ ਸਾਧਨ ਹੋਣ ਕਾਰਣ-ਗੁਰਬਾਣੀ ਦੇ ਗਿਆਨ ਦੀ ਨਿੱਜੀ ਰੂਪ ਵਿਚ ਵਿਆਖਿਆ ਕਰ ਸਕਣੀ ਸੰਭਵ ਨਹੀਂ ਸੀ।
3. ਭਾਸ਼ਾਈ ਪੱਖ ਤੋਂ ਵੇਖਿਆਂ- ਗੁਰਬਾਣੀ ਵਿਚ ਉਸ ਵੇਲੇ ਦੀ ਲੋਕ-ਬੋਲੀ ਦੇ ਨਾਲ-ਨਾਲ ਗਿਆਨ ਦੀ ਭਾਸ਼ਾ ਵਜੋਂ ਸੰਸਕ੍ਰਿਤ, ਫ਼ਾਰਸੀ, ਹਿੰਦੀ, ਸਾਧ ਭਾਖਾ, ਅਰਬੀ, ਪ੍ਰਾਕ੍ਰਿਤ, ਬ੍ਰਜ ਭਾਸ਼ਾ ਆਦਿ ਦੀ ਸ਼ਬਦਾਵਲੀ ਦੇ ਨਾਲ-ਨਾਲ, ਗੁਰੂ ਗ੍ਰੰਥ ਸਹਿਬ ਵਿਚ ਸ਼ਾਮਿਲ, ਭਾਰਤ ਭਰ ਵਿਚੋਂ ਭਗਤਾਂ ਦੀ ਬਾਣੀ ਕਾਰਣ ਸ਼ਾਮਿਲ ਹੋਈਆਂ ਵੱਖ-ਵੱਖ ਇਲਾਕਿਆਂ ਦੀਆਂ ਬੋਲੀਆਂ ਦੇ ਸ਼ਬਦਾਂ ਦੀ ਪ੍ਰਮਾਣਿਕ ਵਿਆਖਿਆ ਇਕ ਹੋਰ ਅਹਿਮ ਜ਼ਰੂਰਤ ਸੀ।
4. ਗੁਰਬਾਣੀ ਵਿਚ ਬਹੁਤ ਸਾਰੀਆਂ ਥਾਵਾਂ ਉਪਰ ਵਰਤੀ ਸੰਕਲਪੀ ਸ਼ਬਦਾਵਲੀ ਜਿਵੇਂ ਬ੍ਰਹਮ, ਜੀਵ, ਨਾਮ, ਸਤਿਗੁਰੁ, ਕੁਦਰਤ, ਮਨ, ਧਰਮ, ਮੁਕਤੀ, ਨਿਰਵਾਣ, ਆਵਾਗਮਨ, ਸ਼ਬਦ, ਗਿਆਨ, ਸਾਧਨਾ, ਗੁਰੂ ਆਦਿ ਧਾਰਮਿਕ ਅਤੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ- ਇਨ੍ਹਾਂ ਦੀ ਪੂਰਵਲੀ ਭਾਰਤੀ ਧਰਮ-ਦਰਸ਼ਨ ਦੀ ਪਰੰਪਰਾ ਨਾਲ ਸਾਂਝ ਅਤੇ ਵਖਰੇਵੇਂ ਨੂੰ ਆਮ ਮਨੁੱਖ ਦੀ ਸਮਝ ਦਾ ਹਿੱਸਾ ਬਣਾਉਣ ਲਈ, ਗਿਆਨਵਾਨ ਮਨੁੱਖਾਂ ਅਤੇ ਗੁਰਬਾਣੀ ਦੇ ਪ੍ਰਮਾਣਿਕ ਵਿਆਖਿਆਕਾਰਾਂ ਵਲੋਂ ਇਸ ਦੀ ਵਿਆਖਿਆ ਕੀਤੀ ਜਾਣੀ-ਇਸ ਦੇ ਸਮੁੱਚੇ ਭਾਰਤ ਵਿਚ ਪ੍ਰਚਾਰ ਅਤੇ ਪ੍ਰਸਾਰ ਲਈ ਬੜੀ ਜ਼ਰੂਰੀ ਸੀ।
5. ਕਾਵਿ-ਸ਼ਾਸਤਰ ਅਨੁਸਾਰ ਕਿਸੇ ਸ਼ਬਦ ਦੇ ਅਰਥ ਨਿਰਧਾਰਨ ਕਰਨ ਲਈ ਵਿਅਕਤੀ ਵਿਸ਼ੇਸ਼ ਨੂੰ ਇਕ ਤੋਂ ਵੱਧ ਗਿਆਨ-ਅਨੁਸ਼ਾਸਨਾਂ ਦੀ ਸਮਝ ਅਤੇ ਸੋਝੀ ਹੋਣ ਦੀ ਜ਼ਰੂਰਤ ਬੜੀ ਬੁਨਿਆਦੀ ਸ਼ਰਤ ਹੈ। ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਕਿਸੇ ਸ਼ਬਦ ਦੇ ਠੀਕ-ਠੀਕ ਅਰਥਾਂ ਦੇ ਗਿਆਨ ਲਈ ਮਨੁੱਖ ਨੂੰ 1. ਵਿਆਕਰਨ 2. ਕੋਸ਼ 3. ਪਰੰਪਰਾ 4. ਭਾਸ਼ਾ ਸ਼ਾਸਤ੍ਰ 5. ਨਿਰੁਕਤ 6. ਪ੍ਰਸੰਗ/ਪ੍ਰਕਰਣ 7. ਦਰਸ਼ਨ ਆਦਿ ਵਰਗੇ ਮਹੱਤਵਪੂਰਣ ਗਿਆਨ-ਅਨੁਸ਼ਾਸਨਾਂ ਵਿਚ ਮੁਹਾਰਤ ਹੋਣੀ ਬੜੀ ਜ਼ਰੂਰੀ ਹੈ। ਸੋ ਆਮ ਮਨੁੱਖ ਗੁਰਬਾਣੀ ਦੇ ਅਰਥਾਂ ਦੇ ਅਨਰਥ ਨਾ ਕਰ ਲਵੇ ਅਤੇ ਅਨਰਥ ਕਰਨ ਦਾ ਭਾਗੀ ਬਣ ਕੇ ਗੁਰਬਾਣੀ ਰੂਪੀ ਅੰਮ੍ਰਿਤ ਤੋਂ ਲਾਹਾ ਲੈਣ ਅਤੇ ਜੀਵਨ-ਸੰਵਾਰਨ ਦੀ ਥਾਂ-ਪਾਪ ਦਾ ਭਾਗੀ ਨਾ ਬਣ ਜਾਵੇ- ਇਸ ਕੁਰਾਹੇ ਨੂੰ ਰੋਕਣ ਅਤੇ ਸਹੀ ਪ੍ਰਕਰਣ ਵਿਚ ਸਹੀ ਵਿਆਕਰਣਿਕ ਗਿਆਨ ਦੀ ਰੋਸ਼ਨੀ ਵਿਚ ਸਹੀ ਵਿਆਖਿਆ ਕੀਤੇ ਜਾਣ ਦੀ ਲੋੜ- ਗੁਰਬਾਣੀ ਦੇ ਸਾਰੇ ਸ਼ਰਧਾਲੂਆਂ ਅਤੇ ਗੁਰਬਾਣੀ ਦੇ ਗਿਆਨ ਹਾਸਿਲ ਕਰਨ ਵਾਲੇ ਸੁਭਾਗੇ ਮਨੁੱਖਾਂ ਲਈ-ਬਹੁਤ ਹੀ ਅਹਿਮ ਜ਼ਰੂਰਤ ਸੀ। ਇੱਕ ਸਾਧਾਰਣ ਵਿਅਕਤੀ ਅਤੇ ਗੁਰਬਾਣੀ ਦਾ ਸ਼ਰਧਾਲੂ ਆਪਣੇ ਕਠੋਰ ਜੀਵਨ ਵਿਚ ਇੰਨਾਂ ਕੁੱਝ ਸਿੱਖਣ ਦੇ ਉਨ੍ਹਾਂ ਸਮਿਆਂ ਵਿਚ ਸਮਰੱਥ ਹੀ ਨਹੀਂ ਹੋ ਸਕਦਾ ਸੀ। ਸੋ ਆਮ ਮਨੁੱਖ ਲਈ ਕੀਤੀ ਜਾਣ ਵਾਲੀ ਵਿਆਖਿਆ ਹੀ ਲਾਹੇਵੰਦ ਹੋ ਸਕਦੀ ਸੀ।
6. ਸਿੱਖ ਗੁਰੂ ਸਾਹਿਬਾਨ ਦੇ ਸਾਹਮਣੇ ਵੱਡਾ ਮਸਲਾ-ਮਾਇਆ ਦੇ ਲੜ ਲੱਗੇ 'ਮਨਮੁਖਿ ਨੂੰ ਗੁਰਬਾਣੀ ਦੀ ਵੀਚਾਰ ਅਤੇ ਅਮਲ ਰਾਹੀਂ ਇਕ 'ਸਚਿਆਰ' ਘਾੜਤਿ ਦਾ ਇਕ 'ਗੁਰਮੁਖਿ' ਮਨੁੱਖ ਦੀ ਸਿਰਜਣਾ ਦਾ ਮਸਲਾ-ਇਕ ਵਿਕਰਾਲ ਸਮੱਸਿਆ ਸੀ-ਇਸ 'ਸਚਿਆਰ' ਮਨੁੱਖ ਦੀ ਉਸਾਰੀ ਲਈ ਉਨ੍ਹਾਂ 'ਸਤੁ, ਸੰਤੋਖ ਅਤੇ ਵੀਚਾਰ' ਨੂੰ ਆਪਣਾ ਹਥਿਆਰ ਬਣਾਇਆ। 'ਗੁਣਾਂ ਨਾਲ ਸਾਂਝ ਕਰਨ' ਅਤੇ 'ਅਵਗੁਣ ਛੱਡਣ' ਦੇ ਨੇਕ ਅਤੇ ਸਵੈ-ਪੜਚੋਲ ਕਰਨ ਵਾਲੇ ਮਾਰਗ ਨੂੰ-ਅਗਿਆਨ, ਅੰਧ-ਵਿਸ਼ਵਾਸ ਅਤੇ 'ਅਹੰਕਾਰ' ਵਿਚ ਡੁੱਬੇ ਲੋਕਾਂ ਲਈ 'ਗੁਰਮੁਖਿ ਗਾਡੀ ਰਾਹ' ਦੀ ਸਥਾਪਨਾ ਕੀਤੀ। ਸੰਸਾਰ ਧਰਮ-ਦਰਸ਼ਨ ਦੀ ਪਰੰਪਰਾ ਵਿਚ ਗੁਰਬਾਣੀ

ਅਤੇ ਸਿੱਖ ਗੁਰੂ ਸਾਹਿਬਾਨ ਦੀ ਸਭ ਤੋਂ ਵੱਡੀ ਦੇਣ ਗਿਆਨ ਦੇ ਬੂਹੇ ਚਾਰੇ ਵਰਨਾਂ ਲਈ ਖੋਲ੍ਹਣ, ਨਿਮਰਤਾ ਅਤੇ ਗ਼ਰੀਬੀ ਨੂੰ ਵੱਡੇ ਮਨੁੱਖੀ ਸਦਗੁਣਾਂ ਵਜੋਂ ਸਥਾਪਿਤ ਕਰਨ ਚਿ ਨਿਹਿਤ ਹੈ। ਗੁਰੂ ਸਾਹਿਬਾ ਨੇ ਧਾਰਮਿਕ ਸੰਕੀਰਣਤਾ ਅਤੇ ਆਪਣੇ ਹੀ ਧਰਮ ਜਾਂ ਵਿਚਾਰ ਨੂੰ ਵੱਡਾ ਸਿੱਧ ਕਰਨ ਦੀ ਥਾਂ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣਿਐ ਕਿਛੁ ਕਹਿਐ॥" (ਪੰਨਾ 661) ਦੇ "ਸੰਬਾਦੀ ਸਿਧਾਂਤ" ਰਾਹੀਂ ਸੰਸਾਰ ਦੀ ਗਿਆਨ-ਪਰੰਪਰਾ ਨੂੰ ਲੋਕ-ਤਾਤਰਿਕ ਅਤੇ ਲੋਕ-ਪੱਖੀ ਬਣਾਉਣ ਦਾ ਇਤਿਹਾਸਕ ਮਿਸ਼ਨ ਪੂਰਾ ਕੀਤਾ। ਗੁਰਬਾਣੀ ਦੀ ਵਿਆਖਿਆ ਦੇ ਹੋਰ ਬਹੁਤ ਸਾਰੇ ਕਾਰਣ ਵੀ ਗਿਣਾਏ ਜਾ ਸਕਦੇ ਹਨ ਪਰੰਤੂ ਅਸੀਂ ਸਮੇਂ, ਸਥਾਨ ਅਤੇ ਮੁਖ ਵਿਸ਼ੇ ਤੋਂ ਲਾਂਭੇ ਨਾ ਜਾਈਏ- ਇਸ ਕਾਰਣ ਇੱਥੇ ਹੀ ਸਮਾਪਤ ਕਰਦੇ ਹਾਂ।

ਗੁਰਬਾਣੀ ਦੀ ਵਿਆਖਿਆ ਦੇ ਕਾਰਣਾਂ ਤੋਂ ਆਪਣੀ ਗਿਆਨ ਯਾਤਰਾ ਆਰੰਭ ਕਰਦਿਆਂ, ਪੰਥ ਦੇ ਪ੍ਰਸਿੱਧ ਵਿਦਵਾਨ, ਡਾ. ਤਾਰਨ ਸਿੰਘ ਨੇ ਗੁਰੂ ਨਾਨਕ ਸਾਹਿਬ ਨੂੰ 'ਧੁਰ ਕੀ ਬਾਣੀ' ਦੇ ਪਹਿਲੇ ਵਿਆਖਿਆਕਾਰ ਪ੍ਰਵਾਨ ਕੀਤਾ ਹੈ। ਉਨ੍ਹਾਂ ਲਿਖਿਆ ਹੈ ਕਿ ਆਪਣੀਆਂ ਉਦਾਸੀਆਂ ਅਤੇ ਕਰਤਾਰਪੁਰ ਵਿਖੇ ਨਿਵਾਸ ਕਰਨ ਵੇਲੇ ਤੀਕ ਗੁਰੂ ਨਾਨਕ ਸਾਹਿਬ ਦਾ ਮੇਲ-ਮਿਲਾਪ ਅਤੇ ਸੰਵਾਦ ਆਪਣੇ ਸਮੇਂ ਦੇ ਸਮੂਹ ਮਤ-ਮਤਾਂਤਰਾਂ ਨਾਲ ਜੁੜੇ ਸਾਧੂਆਂ, ਰਿਸ਼ੀਆਂ-ਮੁਨੀਆਂ ਅਤੇ ਵਿਦਵਾਨਾਂ ਨਾਲ ਹੋਇਆ। ਇਸ ਕਾਰਣ ਗੁਰੂ ਸਾਹਿਬ ਨੂੰ ਖ਼ੁਦ ਬਾਣੀ ਦੀ ਵਿਆਖਿਆ ਆਪਣੇ ਸਮੇਂ ਦੇ ਵਿਸ਼ੇਸ਼ ਪ੍ਰਕਰਣਾਂ ਵਿਚ ਕਰਨ ਦੀ ਪਹਿਲ ਕਦਮੀ ਕਰਨੀ ਪਈ। ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨ ਹਿਤ ਦੂਸਰੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਉਸ ਬਾਣੀ ਦੀ ਵਿਆਖਿਆ ਦਾ ਯਤਨ ਕੀਤਾ। ਡਾ. ਤਾਰਨ ਸਿੰਘ ਅਨੁਸਾਰ, 'ਇਹ ਸਰਵੋਤਮ ਵਿਆਖਿਆ ਪ੍ਰਣਾਲੀ ਸੀ। ਇਸ ਨੂੰ ਅਸਾਂ ਗੁਰਬਾਣੀ ਵਿਆਖਿਆ ਦੀ 'ਸਹਜ-ਪ੍ਰਣਾਲੀ' ਕਿਹਾ ਹੈ?[12]

ਦੂਸਰੀ ਵਿਆਖਿਆ ਪ੍ਰਣਾਲੀ, ਉਦਾਸੀ ਸੰਪ੍ਰਦਾਇ ਦੇ ਬਾਨੀ ਬਾਬਾ ਸ੍ਰੀ ਚੰਦ ਨੇ ਆਰੰਭ ਕੀਤੀ। ਇੰਨ੍ਹਾਂ ਦੀ ਵਿਆਖਿਆ ਮੌਖਿਕ-ਪਰੰਪਰਾ ਉਪਰ ਆਧਾਰਿਤ ਸੀ। ਇੰਨ੍ਹਾਂ ਦੀ ਵੱਡੀ ਦੇਣ ਪੰਜਾਬ ਤੋਂ ਬਾਹਰ ਗ਼ੈਰ ਸਿੱਖ ਤੇ ਪੰਜਾਬੀ ਇਲਾਕਿਆਂ ਵਿਚ ਪ੍ਰਚਾਰ ਕਰਨ ਵਿਚ ਨਿਹਿਤ ਹੈ। ਇੰਨ੍ਹਾਂ ਸਾਧੂਕੜੀ ਬੋਲੀ 'ਚ ਪ੍ਰਚਾਰ ਕੀਤਾ ਜੋ ਸਾਰੇ ਭਾਰਤ ਵਿਚ ਸਮਝੀ ਜਾਂਦੀ ਸੀ। ਇਨ੍ਹਾਂ ਦਾ ਦ੍ਰਿਸ਼ਟੀਕੋਣ ਆਪਣੇ ਸਰੋਤਿਆਂ ਦੇ ਪਿਛੋਕੜ ਨੂੰ ਧਿਆਨ ਵਿੱਚ ਰੱਖਦਿਆਂ, ਵੇਦ, ਸ਼ਾਸਤਰ, ਸਿਮਰਿਤੀਆਂ ਅਤੇ ਪੌਰਾਣਿਕ ਕਥਾਵਾਂ ਆਧਾਰਿਤ ਹੋਣ ਕਾਰਣ ਸਮਨਵੈਵਾਦੀ ਸੀ। ਇਹ ਲੋਕ ਦੇਵੀ-ਦੇਵਤਿਆਂ ਦਾ ਸਤਿਕਾਰ ਕਰਨ, ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਮੰਨਣ ਲੱਗ ਪਏ।[13] ਗੁਰੂ ਅਮਰਦਾਸ ਨੇ ਗ੍ਰਹਿਸਥ ਆਸ਼ਰਮ ਤੇ ਜ਼ੋਰ ਦੇ ਕੇ ਉਦਾਸੀ ਮਤ ਦੇ ਤਿਆਗਵਾਦ ਨੂੰ ਠੱਲ੍ਹ ਪਾਈ। ਉਪਰੋਕਤ ਤੋਂ ਬਿਨਾਂ ਜਿਨ੍ਹਾਂ ਪ੍ਰਣਾਲੀਆਂ ਦਾ ਵਰਨਨ, ਡਾ. ਤਾਰਨ ਸਿੰਘ ਨੇ ਕੀਤਾ ਉਹ ਹਨ, ਭਾਈ ਪ੍ਰਣਾਲੀ, ਪਰਮਾਰਥੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪ੍ਰਦਾਈ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਆਦਿ। ਹਰ ਪ੍ਰਣਾਲੀ ਦਾ ਉਦਭਵ ਅਤੇ ਵਿਕਾਸ ਵਿਸ਼ੇਸ਼ ਇਤਿਹਾਸਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਪਰਿਸਿਥਤੀਆਂ ਦੇ ਫਲਸਰੂਪ ਹੋਂਦ ਗ੍ਰਹਿਣ ਕਰਦਾ ਰਿਹਾ ਹੈ। ਇੰਨ੍ਹਾਂ ਪ੍ਰਣਾਲੀਆਂ ਦਾ ਆਪਣਾ ਅੰਤਰ-ਪ੍ਰਣਾਲੀ ਅਤੇ ਅੰਤਰਾ-ਪ੍ਰਣਾਲੀ ਸੰਵਾਦ ਵੀ ਵਿਆਖਿਆ ਪ੍ਰਣਾਲੀਆਂ ਦੇ ਇਤਿਹਾਸਕ ਵਿਕਾਸ ਵਿਚ ਆਪਣਾ ਵਿਸ਼ੇਸ਼ ਯੋਗਦਾਨ ਦਿੰਦਾ ਰਿਹਾ ਹੈ। ਇੱਥੇ ਸਿਰਫ਼ ਨਿਰਮਲ ਸੰਪ੍ਰਦਾਇ ਦੀ ਵਿਆਖਿਆ ਪ੍ਰਣਾਲੀ ਬਾਰੇ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ।

ਨਿਰਮਲ ਸੰਪ੍ਰਦਾਇ ਦੀ ਵਿਆਖਿਆ ਪ੍ਰਣਾਲੀ, ਗੁਰੂ ਗੋਬਿੰਦ ਸਿੰਘ ਜੀ ਦੀ ਦੂਰ-ਅੰਦੇਸ਼ ਅਗਵਾਈ, ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਅਤੇ ਗਿਆਨ-ਮੁਖੀ ਅਸੀਸ ਰਾਹੀਂ ਹੋਂਦ ਵਿਚ ਆਈ। ਭਾਵੇਂ ਗੁਰਬਾਣੀ ਹਮੇਸ਼ਾ 'ਸਰਬੱਤ ਦੇ ਭਲੇ' ਨੂੰ ਆਪਣੀ ਆਧਾਰਸ਼ਿਲਾ ਪ੍ਰਵਾਨ ਕਰਦੀ ਰਹੀ ਹੈ- ਫਿਰ ਵੀ 'ਹਿੰਦੁਸਤਾਨ' 'ਸ਼ਬਦ' ਦੀ ਪਹਿਲੀ ਵਾਰ ਵਰਤੋਂ, ਗੁਰੂ ਨਾਨਕ ਸਾਹਿਬ ਨੇ ਆਪਣੀ

ਪ੍ਰਸਿੱਧ ਬਾਣੀ 'ਬਾਬਰਵਾਣੀ' ਵਿਚ ਕਰਕੇ ਆਪਣੀ ਬਾਣੀ ਰਾਹੀਂ ਸਮੁੱਚੇ ਭਾਰਤ ਨੂੰ ਸੰਬੋਧਨ ਕੀਤਾ। ਗੁਰੂ ਗੋਬਿੰਦ ਸਿੰਘ ਮਹਾਰਾਜ ਵੀ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਜਾਂ ਪੰਥ ਨਿਰਾ ਸ਼ਸਤਰ ਵਿਦਿਆ ਦੇ ਜੋਸ਼ ਤੀਕ ਹੀ ਸੀਮਿਤ ਨਾ ਰਹੇ ਸਗੋਂ ਉਹ ਸ਼ਾਸਤਰ ਵਿਦਿਆ ਵਿਚ ਵੀ ਨਿਪੁੰਨ ਹੋਣ। ਇਓਂ ਉਨ੍ਹਾਂ ਖ਼ਾਲਸਾ ਪੰਥ ਲਈ ਪਹਿਲੀ ਵਾਰ ਸ਼ਕਤੀ ਅਤੇ ਭਗਤੀ-ਸ਼ਸਤਰ ਅਤੇ ਸ਼ਾਸਤਰ, ਮੀਰੀ ਅਤੇ ਪੀਰੀ, ਰਾਜ ਅਤੇ ਯੋਗ, ਕਲਮ ਅਤੇ ਤਲਵਾਰ, ਦਾ ਸੰਯੋਗ ਕਰਦਿਆਂ-ਆਪਣੇ ਪੰਥ ਅਤੇ ਗੁਰਬਾਣੀ ਦੇ ਗਿਆਨ ਨੂੰ ਸਮੁੱਚੇ ਭਾਰਤ ਤੀਕ ਪਹੁੰਚਾਉਣ ਅਤੇ ਸਮੁੱਚੇ ਭਾਰਤ ਦੀ ਅਮੀਰ ਸਾਹਿਤਿਕ, ਮਿਥਿਹਾਸਕ, ਪੌਰਾਣਿਕ, ਦਾਰਸ਼ਨਿਕ ਅਤੇ ਧਰਮ-ਸ਼ਾਸਤਰ ਦੀ ਪਰੰਪਰਾ ਨੂੰ, ਆਪਣੇ ਪੰਥ ਦੇ ਗਿਆਨ ਅਤੇ ਚਿੰਤਨ ਦਾ ਘੇਰਾ ਵਿਸ਼ਾਲ ਕਰਨ ਲਈ ਵਰਤਣ, ਸਮਝਣ ਅਤੇ ਆਤਮਸਾਤ ਕੀਤੇ ਜਾਣ ਦੀ ਗਿਆਨਮਈ ਪ੍ਰੇਰਣਾ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੋ ਪ੍ਰਣਾਲੀਆਂ 'ਨਿਰਮਲਾ ਪ੍ਰਣਾਲੀ' ਅਤੇ 'ਸੰਪ੍ਰਦਾਈ ਪ੍ਰਣਾਲੀ' ਜਿਸ ਦੇ ਵਿਆਖਿਆਕਾਰ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਸਨ ਹੋਂਦ ਵਿਚ ਆਈਆਂ। ਆਪਣੇ ਸਿਰਜਣਾਤਮਿਕ ਸਾਹਿਤ ਵਿਚ ਗੁਰੂ ਸਾਹਿਬ ਨੇ 'ਚੰਡੀ ਦੀ ਵਾਰ' ਦੀ ਰਚਨਾ ਕਰਕੇ ਅਤੇ 'ਚੰਡੀ' ਚਰਿਤ੍ਰ ਦੀ ਦਸਮ ਗ੍ਰੰਥ ਵਿਚ ਰਚਨਾ ਕਰਕੇ ਭਾਰਤੀ ਲੋਕਾਂ ਦੀ ਮਰ ਚੁੱਕੀ ਆਤਮਾ ਨੂੰ ਝੰਜੋੜਿਆ ਅਤੇ ਵੇਲੇ ਦੇ ਹਾਕਮਾਂ ਵਿਰੁੱਧ ਉਠ ਕੇ ਸੰਘਰਸ਼ ਕਰਨ ਲਈ ਲੋਕਾਂ ਨੂੰ ਮਹਾਨ ਪ੍ਰੇਰਣਾ ਦਿੱਤੀ। ਉਨ੍ਹਾਂ ਦੁਰਗਾ ਨੂੰ ਨਾਇਕ ਬਣਾ ਕੇ ਇੰਦਰ ਨੂੰ ਉਸ ਅੱਗੇ ਤਰਲੇ ਕਰਦਿਆਂ ਵਿਖਾ ਕੇ ਨਾਰੀ ਨੂੰ ਮਾਣ ਦੇਣ ਦਾ ਇਤਿਹਾਸਕ ਕਾਰਜ ਕੀਤਾ। ਡਾ. ਤਾਰਨ ਸਿੰਘ ਗੁਰੂ ਸਾਹਿਬ ਦੇ ਉਦੇਸ਼ ਬਾਰੇ ਸਪਸ਼ਟ ਕਰਦਿਆਂ ਲਿਖਦੇ ਹਨ ਕਿ, 'ਗੁਰੂ ਸਾਹਿਬ ਚਾਹੁੰਦੇ ਸਨ ਕਿ ਸਿੱਖ ਵਿਦਵਾਨ ਸਾਰੀ ਭਾਰਤੀ ਅਧਿਆਤਮਿਕ ਤੇ ਹੋਰ ਹਰ ਪ੍ਰਕਾਰ ਦੀ ਵਿਦਿਆ ਤੋਂ ਜਾਣੂ ਹੋਣ। ਦਸਮ ਗ੍ਰੰਥ ਦਾ ਸਰੂਪ ਹੀ ਇਸ ਤੱਥ ਨੂੰ ਭਲੀ-ਭਾਂਤ ਸਪਸ਼ਟ ਅਤੇ ਪ੍ਰਗਟ ਕਰਦਾ ਹੈ। ਪਰ ਉਸ ਸਮੇਂ ਦੇ ਹਿੰਦ ਵਿਦਿਅਕ ਕੇਂਦਰਾਂ ਵਿਸ਼ੇਸ਼ ਕਰਕੇ ਕਾਸ਼ੀ ਵਿਖੇ ਗ਼ੈਰ ਬ੍ਰਾਹਮਣਾਂ ਨੂੰ ਵੇਦ-ਵਿਦਿਆ ਨਹੀਂ ਸੀ ਦਿੱਤੀ ਜਾਂਦੀ, ਗੁਰੂ ਸਾਹਿਬ ਨੇ ਪੰਜ ਸਿੱਖਾਂ ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਲਈ ਕਾਸ਼ੀ ਭੇਜਿਆ। ਇਹ ਪੰਜ ਸਿੱਖ ਸੰਸਕ੍ਰਿਤ ਗ੍ਰੰਥਾਂ ਦੇ ਪੂਰਨ ਵਿਦਵਾਨ ਬਣ ਕੇ ਆਏ ਅਤੇ ਉਸ ਪ੍ਰਿਸ਼ਠ-ਭੂਮੀ ਸਹਿਤ ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਵਿਚਾਰ ਆਰੰਭ ਦਿੱਤੀ। ਇੰਨ੍ਹਾਂ ਨੇ ਅੱਗੋਂ ਬਹੁਤ ਸਿੱਖਾਂ ਨੂੰ ਸੰਸਕ੍ਰਿਤ ਗ੍ਰੰਥਾਂ ਦੀ ਵਿਆਖਿਆ ਸਿਖਾਈ ਤੇ ਇਸ ਤਰ੍ਹਾਂ ਨਿਰਮਲਾ ਪੰਥ ਹੀ ਬਣ ਗਿਆ ਜੋ ਸਿੱਖ ਪੰਥ ਦਾ ਅੰਗ ਹੈ। ਹੁਣ ਤੀਕ ਨਿਰਮਲੇ ਵਿਦਵਾਨ ਸਿੱਖੀ ਪ੍ਰਚਾਰ ਦਾ ਕੰਮ ਕਰ ਰਹੇ ਹਨ। ਭਾਰਤ ਭਰ ਵਿਚ ਇੰਨ੍ਹਾਂ ਦੇ ਅਸਥਾਨ, ਅਖਾੜੇ, ਧਰਮਧੁਜਾਂ ਹਨ ਜਿੱਥੋਂ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ।[14]

ਉਦਾਸੀ ਪ੍ਰਣਾਲੀ ਵਾਂਗ ਇਸ ਪ੍ਰਣਾਲੀ ਦੇ ਵਿਦਵਾਨ ਵੀ ਮੌਖਿਕ ਪ੍ਰਚਾਰ ਹੀ ਕਰਦੇ ਸਨ। ਪਰੰਤੂ ਸਮੇਂ ਦੇ ਬਦਲਣ ਨਾਲ, ਉਨ੍ਹੀਵੀਂ ਸਦੀ ਵਿਚ ਇੰਨ੍ਹਾਂ ਵਲੋਂ ਗ੍ਰੰਥ ਰਚਣ ਅਤੇ ਗੁਰਬਾਣੀ ਦੇ ਟੀਕੇ ਲਿਖਣ ਦੀ ਪਰੰਪਰਾ ਵੀ ਪ੍ਰਚੱਲਿਤ ਹੋ ਗਈ। ਇਸ ਪ੍ਰਣਾਲੀ ਦੇ ਵਿਦਵਾਨਾਂ ਦੀ ਵੱਡੀ ਦੇਣ, ਗੁਰਬਾਣੀ ਦੇ ਟੀਕੇ, ਗੁਰਮਤਿ ਸਿਧਾਂਤਾਂ ਦੀ ਵਿਆਖਿਆ, ਗੁਰੂ ਗ੍ਰੰਥ ਕੋਸ਼, ਪ੍ਰਯਾਯ, ਸਟੀਕ ਅਤੇ ਗੁਰ-ਇਤਿਹਾਸ ਦੇ ਗ੍ਰੰਥ ਰਚਣ ਵਿਚ ਵੇਖੀ ਜਾ ਸਕਦੀ ਹੈ। ਇਸ ਸੰਪ੍ਰਦਾਇ ਦੇ ਮਾਰਤੰਡ ਵਿਦਵਾਨਾਂ ਵਿਚ, ਭਾਈ ਸੰਤੋਖ ਸਿੰਘ, ਪੰਡਿਤ ਗੁਲਾਬ ਸਿੰਘ, ਪੰਡਿਤ ਈਸ਼ਵਰ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ ਅਤੇ ਅੱਜਕੱਲ੍ਹ ਦੇ ਵਿਦਵਾਨਾਂ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵਰਗੇ ਪ੍ਰਤਿਸ਼ਠਿਤ ਵਿਦਵਾਨਾਂ ਦੇ ਨਾਂ ਲੈ ਸਕਦੇ ਹਾਂ।

ਡਾ. ਤਾਰਨ ਸਿੰਘ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਨਿਚੋੜ ਪੇਸ਼ ਕਰਦਿਆਂ ਇਹ ਮਤ ਪੇਸ਼ ਕਰਦੇ ਹਨ ਕਿ ਨਿਰਮਲੇ ਵੇਦ ਨੂੰ ਪ੍ਰਮਾਣ ਮੰਨਦੇ ਹਨ। ਸੰਸਕ੍ਰਿਤ ਨੂੰ ਦੇਵ-ਭਾਸ਼ਾ ਪ੍ਰਵਾਨ ਕਰਦੇ ਹਨ। ਸੰਸਕ੍ਰਿਤ ਗ੍ਰੰਥਾਂ ਦੇ ਪ੍ਰਕਾਂਡ ਵਿਦਵਾਨ ਸਨ। ਉਹ ਵੇਦਾਂ ਨੂੰ ਦੇਵ-ਬਾਣੀ ਮੰਨਦਿਆਂ-

ਪਰਮਾਤਮਾ ਦੇ ਹੁਕਮ ਨੂੰ ਵੇਦ ਵਿਚ ਪ੍ਰਗਟ ਹੋਇਆ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਪਰਮਾਤਮਾ ਦਾ ਹੁਕਮ ਬਦਲਦਾ ਨਹੀਂ, ਸਗੋਂ ਯੁਗ ਅਨੁਸਾਰ ਉਸ ਦੀ ਭਾਸ਼ਾ ਬਦਲਦੀ ਹੈ। ਤਾਰਨ ਸਿੰਘ ਅਨੁਸਾਰ, 'ਗੁਰਬਾਣੀ ਵੇਦ ਬਾਣੀ ਦਾ ਉਲੰਘਣ ਨਹੀਂ ਕਰਦੀ, ਤੀਰਥ ਵਰਤ ਨੂੰ ਵੀ ਨਹੀਂ ਨਿੰਦਦੀ, ਮੂਰਤੀ ਪੂਜਾ ਦਾ ਵਿਰੋਧ ਕਰਦੀ ਹੈ, ਨਾਮ ਰੂਪ ਨੂੰ ਨਿਰਗੁਣ ਦੀ ਉਪਾਸਨਾ ਦਾ ਮੁਖ ਸਾਧਨ ਮੰਨਦੀ ਹੈ; ਗੁਰਬਾਣੀ ਬ੍ਰਹਮ, ਆਤਮਾ, ਜੀਵਾਤਮਾ, ਕਰਮ, ਆਵਾਗਵਨ, ਮੁਕਤੀ ਦੇ ਸਿਧਾਂਤਾਂ ਦੀ ਉਸੇ ਤਰ੍ਹਾਂ ਕਾਇਲ ਹੈ ਜਿਵੇਂ ਸਨਾਤਨੀ ਹਿੰਦੂ ਵਿਚਾਰਧਾਰਾ ਨਿਰਮਲੇ ਆਮ ਕਰਕੇ ਵੇਦਾਂਤੀ ਹੋਏ ਹਨ ਤੇ ਇਨ੍ਹਾਂ ਨੇ ਗੁਰਬਾਣੀ ਵਿਆਖਿਆ ਵਿਚ ਵੇਦਾਂਤੀ ਸ਼ਬਦਾਵਲੀ ਤੇ ਵਿਚਾਰਧਾਰਾ ਨੂੰ ਹੀ ਪ੍ਰਮੁੱਖਤਾ ਦਿੱਤੀ ਹੈ। ਬ੍ਰਹਮ ਮਾਇਆ, ਗਿਆਨ ਸੋਹੰ ਹੀ ਇੰਨ੍ਹਾਂ ਦੀ ਸ਼ਬਦਾਵਲੀ ਹੈ। ਇਹ ਨਾਮ-ਜਪ ਨੂੰ ਪ੍ਰਮੁੱਖ ਸਾਧਨ ਤੇ ਮੰਨਦੇ ਹਨ ਨਾਲ-ਨਾਲ ਇਹ ਬਰਾਬਰ ਕਹੀ ਜਾਂਦੇ ਹਨ ਕਿ ਗਿਆਨ ਬਿਨਾਂ ਮੁਕਤੀ ਨਹੀਂ ਹੋ ਸਕਦੀ, ਗਿਆਨ ਹੀ ਮੁਕਤੀ ਦਾ ਦੁਆਰ ਹੈ।[15]

ਨਿਰਮਲ-ਸੰਪ੍ਰਦਾਇ ਦਾ ਆਧਾਰ ਸ੍ਰੋਤ ਕਿਉਂਕਿ ਵੇਦ ਅਤੇ ਸੰਸਕ੍ਰਿਤ ਭਾਸ਼ਾ ਵਿਚ ਰਚੇ ਦੂਸਰੇ ਧਰਮ-ਸ਼ਾਸਤਰ ਨਾਲ ਜੁੜੇ ਗ੍ਰੰਥ ਸਨ, ਇਸ ਕਾਰਣ-ਵੇਦਾਂਤ ਦਾ ਪ੍ਰਭਾਵ, ਦਰਸ਼ਨ, ਵਿਚਾਰਧਾਰਾ, ਭਾਸ਼ਾ ਅਤੇ ਗਿਆਨ-ਸੰਜਮ ਦੇ ਪੱਖੋਂ ਪੈਣਾ ਅਤੇ ਇਸ ਪ੍ਰਭਾਵ ਅਨੁਸਾਰੀ ਗੁਰਬਾਣੀ ਦੀ ਕੀਤੀ ਜਾਣ ਵਾਲੀ ਵਿਆਖਿਆ ਦਾ ਭਾਰਤੀ ਧਰਮ-ਦਰਸ਼ਨ ਦੇ ਪਰਿਪੇਖ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਸੀ- ਸੋ ਇਸ ਮੇਲ ਮਿਲਾਪ ਭਾਵ ਵੈਦਿਕ-ਪ੍ਰਣਾਲੀ ਅਤੇ ਗੁਰਬਾਣੀ ਦੇ ਆਪਸੀ ਸੁਮੇਲ ਤੋਂ ਜੋ ਨਵੇਂ ਰੁਝਾਨ ਇਸ ਪ੍ਰਣਾਲੀ ਦੀ ਵਿਆਖਿਆ ਰਾਹੀਂ ਹੋਂਦ ਵਿਚ ਆਏ ਉਹ ਇਸ ਪ੍ਰਕਾਰ ਹਨ:

1. ਟੀਕਿਆਂ ਦੀ ਬੋਲੀ ਸਾਧ ਭਾਖਾ ਹੋ ਗਈ ਅਤੇ ਬੋਲੀ ਵਿਚ ਸੰਸਕ੍ਰਿਤ ਦੀ ਮਾਤ੍ਰਾ ਵਧ ਗਈ।
2. ਗੁਰਬਾਣੀ ਦੇ ਅਨੇਕ ਪ੍ਰਕਾਰ ਦੇ ਪਦ-ਛੇਦ ਕੀਤੇ ਜਾਣ ਲੱਗੇ ਅਤੇ ਇਕੋ ਤੁਕ ਦੇ ਕਈ ਕਈ ਪਾਠ ਹੋਣ ਲੱਗੇ।
3. ਇਕ ਤੁਕ ਦੇ ਕਈ ਪਾਠ ਹੋਣ ਨਾਲ ਉਸ ਦੇ ਕਈ ਕਈ ਅਰਥ ਕੀਤੇ ਜਾਣ ਲੱਗੇ ਜੋ ਮੁਖ ਅਰਥ ਤੇ ਗੌਣ ਅਰਥ ਕਹੇ ਜਾਣ ਲੱਗੇ। ਅਰਥਾਂ ਵਿਚ ਅਨਿਸ਼ਚਤਤਾ ਵਧਣ ਲੱਗੀ।
4. ਇਕ ਇਕ ਸ਼ਬਦ ਦੇ ਸੰਸਕ੍ਰਿਤ ਕੋਸ਼ਾਂ ਅਨੁਸਾਰ ਕਈ ਕਈ ਅਰਥ ਹੋਣ ਲੱਗੇ ਤੇ ਇਕ ਪੰਗਤੀ ਦੇ ਟੀਕੇ ਵੀ ਬਹੁਤ ਹੋਣ ਲੱਗੇ।
5. ਮਿਥਿਹਾਸ ਦੀਆਂ ਪੌਰਾਣਿਕ ਕਥਾ ਕਹਾਣੀਆਂ, ਪ੍ਰਸੰਗ, ਉਥਾਨਕਾਂ ਦੇ ਰੂਪ ਵਿਚ ਅਤੇ ਕਿਸੇ ਸਿਧਾਂਤ ਦੀ ਵਿਆਖਿਆ ਲਈ ਵਰਤੇ ਜਾਣ ਲੱਗੇ।
6. ਹਿੰਦੂ ਧਰਮ ਗ੍ਰੰਥਾਂ ਵਿਚੋਂ ਪ੍ਰਮਾਣ ਦਿੱਤੇ ਜਾਣੇ ਲੱਗੇ। ਉਨ੍ਹਾਂ ਦੇ ਸੰਸਕ੍ਰਿਤ ਪਾਠ ਦੇ ਕੇ ਉਸ ਦੇ ਟੀਕੇ ਦਿੱਤੇ ਜਾਣ ਲੱਗ ਪਏ।
7. ਅਰਥ-ਪ੍ਰਣਾਲੀ ਵਿਚ ਵੇਦਾਂਤੀ ਰੰਗ ਭਰਿਆ ਜਾਣ ਲੱਗਾ।[16]

ਨਿਰਮਲ ਪੰਥ ਦੀ ਵਿਆਖਿਆ ਪ੍ਰਣਾਲੀ ਦੇ ਆਲੋਚਨਾਤਮਿਕ ਮੁਲਾਂਕਣ ਦੀ ਲੋੜ ਹੈ ਤਾਂ ਕਿ ਇੰਨ੍ਹਾਂ ਵਿਦਵਾਨਾਂ ਦੀ ਕੀਤੀ ਗਿਆਨ ਸੇਵਾ ਦਾ ਸਹੀ ਮੁੱਲ ਪਾਇਆ ਜਾ ਸਕੇ। ਵੇਦਾਂਤ ਅਤੇ ਗੁਰਬਾਣੀ ਦੇ ਸਿਧਾਂਤਾਂ ਵਿਚ ਕੁਝ ਸਾਂਝਾਂ ਅਤੇ ਕੁਝ ਵਖਰੇਵੇਂ ਵੀ ਹਨ। ਨਿਰਮਲ ਵਿਆਖਿਆ ਪ੍ਰਣਾਲੀ ਦੇ ਦਾਰਸ਼ਨਿਕ ਪਿਛੋਕੜ ਕਾਰਨ ਜੋ ਪ੍ਰਭਾਵ ਗੁਰਬਾਣੀ ਵਿਆਖਿਆ ਉਪਰ ਪਏ ਇਨ੍ਹਾਂ ਦੀ ਨਿਸ਼ਾਨਦੇਹੀ ਨੂੰ ਧਰਮ-ਦਰਸ਼ਨ ਦੇ ਪ੍ਰਸਿੱਧ ਵਿਦਵਾਨ, ਜਸਬੀਰ ਸਿੰਘ ਆਹਲੂਵਾਲੀਆ ਨੇ ਆਪਣੇ ਇਕ ਮਹੱਤਵਪੂਰਨ ਲੇਖ, 'ਸਿੱਖ ਦਰਸ਼ਨ ਦੇਂ ਵੇਦਾਂਤੀਕਰਨ ਅਤੇ ਨਿਰਮਲ ਸੰਪ੍ਰਦਾਇ' ਵਿਚ ਹੀ ਦਾਰਸ਼ਨਿਕ ਅਤੇ ਸਿਧਾਂਤਕ ਪਹਿਲੂ ਤੋਂ ਸਪੱਸ਼ਟ ਕੀਤਾ ਹੈ। ਸਮੁੱਚੀ ਚਰਚਾ ਦਾ ਸਾਰ ਪੇਸ਼ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ, 'ਸਿੱਖ ਫ਼ਲਸਫ਼ੇ ਨਾਲ ਭਾਰਤੀ ਦਾਰਸ਼ਨਿਕ ਪਰੰਪਰਾ ਇਕ ਨਵੇਂ, ਉਚੇਰੇ ਪੜਾਉ ਉੱਤੇ ਪਹੁੰਚਦੀ ਹੈ ਜੋ ਵੈਦਿਕ ਬਹੁ-ਦੇਵਵਾਦ (Polytheism) ਵੇਦਾਂਤਕ ਅਦ੍ਵੈਤਵਾਦ (monism); ਸਾਂਖਯ ਦ੍ਵੰਦਵਾਦ (dualism); ਨਯਾਯ ਵੈਸ਼ੇਸ਼ਿਕ ਯਥਾਰਥਵਾਦ (realism);

ਬੋਧੀ ਇੰਦ੍ਰਿਆਵੀ ਅਨੁਭਵਵਾਦ (empiricism) ਅਤੇ ਹਿੰਦੂ ਇਕ ਈਸ਼ਰਵਾਦ (monotheism) ਨਾਲੋਂ ਭਿੰਨ ਅਤੇ ਵਿਲੱਖਣ ਹੈ।[17] ਉਂਜ ਸਮਾਜਕ-ਇਤਿਹਾਸਕ ਪਰਿਪੇਖ ਤੋਂ 18ਵੀਂ ਸਦੀ ਦੇ ਬਿਖੜੇ ਸਮਿਆਂ ਵਿਚ, ਜਦੋਂ ਖ਼ਾਲਸਾ ਪੰਥ ਘੋਰ ਸੰਕਟ ਵਿਚੋਂ ਗੁਜਰ ਰਿਹਾ ਸੀ - ਇਸ ਸੰਪਰਦਾਇ ਵਲੋਂ, ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਕੀਤੀ ਗਈ ਸੇਵਾ ਅਤੇ ਨਿਭਾਈ ਗਈ ਇਤਿਹਾਸਕ ਭੂਮਿਕਾ ਦੀ ਵਿਦਵਾਨ ਲੇਖਕ ਨੇ ਸ਼ਲਾਘਾ ਵੀ ਕੀਤੀ ਹੈ। ਵੇਦਾਂਤ ਅਤੇ ਗੁਰਬਾਣੀ ਦੇ ਆਪਸੀ ਦਾਰਸ਼ਨਿਕ ਸੰਬੰਧਾਂ ਅਤੇ ਵਖਰੇਵਿਆਂ ਬਾਰੇ ਦੋ ਹੋਰ ਵਿਦਵਾਨਾਂ ਦੇ ਵਿਚਾਰ ਵੀ ਇਸ ਪਹਿਲ ਤੇ ਰੋਸ਼ਨੀ ਪਾਉਣ ਦਾ ਚੰਗਾ ਯਤਨ ਹਨ। ਪਹਿਲੇ ਹਨ ਡਾ. ਰਾਮ ਸਿੰਘ ਦੀ ਪੁਸਤਕ 'ਸੁਖਮਨੀ ਸਾਹਿਬ ਇਕ ਸਰਵਪੱਖੀ ਅਧਿਐਨ' ਵਿਚ ਵੇਖੋ ਪਾਠ ਚੌਥਾ, 'ਸੁਖਮਨੀ ਦਾ ਦਾਰਸ਼ਨਿਕ ਤੱਤ' ਵਿਚ ਪੇਸ਼ ਵਿਚਾਰ।[18] ਦੂਸਰਾ ਯਤਨ ਹੈ ਡਾ. ਜੋਗਿੰਦਰ ਸਿੰਘ ਦੀ ਪੁਸਤਕ 'ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ' ਦੇ ਅਧਿਆਇ ਦੂਜਾ ਦਾ ਖੰਡ-3 ਵਿਚ ਕੀਤਾ ਤੁਲਨਾਤਮਿਕ ਅਧਿਐਨ।[19] ਹਿੰਦੂ ਧਰਮ ਨਾਲੋਂ ਸਿੱਖ ਧਰਮ ਦੇ ਨਿਆਰੇਪਨ ਨੂੰ ਸਮਝਣ ਲਈ ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ "ਹਮ ਹਿੰਦੂ ਨਹੀਂ" ਵਿਚ "ਵੇਦ ਸਿਮ੍ਰਤੀ ਪੁਰਾਣ" ਪੰਨੇ 42 ਤੋਂ 50 ਵੇਖੇ ਜਾ ਸਕਦੇ ਹਨ। ਇਸ ਸੰਪ੍ਰਦਾ ਦੀ ਵੱਡੀ ਦੇਣ ਗੁਰਬਾਣੀ ਦੇ ਕਰਮ ਖੇਤਰ ਅਤੇ ਗਿਆਨ-ਖੇਤਰ ਨੂੰ ਵਿਸਤਾਰਨ ਵਿਚ ਨਿਹਿਤ ਹੈ। ਗ਼ੈਰ ਸਿੱਖਾਂ ਖ਼ਾਸ ਕਰਕੇ ਸ਼ਰਧਾਲੂ ਹਿੰਦੂ ਧਰਮੀ ਪ੍ਰੇਮੀਆਂ ਨੂੰ ਗੁਰਬਾਣੀ ਨਾਲ ਜੋੜਨ ਦੀ ਇੰਨ੍ਹਾਂ ਦੀ ਸੇਵਾ ਵਿਸ਼ੇਸ਼ ਸਨਮਾਨ ਦੀ ਅਧਿਕਾਰੀ ਹੈ। ਇਸ ਪੰਥ ਦੇ ਅਜੋਕੇ ਮਾਰਤੰਡ ਵਿਦਵਾਨ, ਬਲਵੰਤ ਸਿੰਘ ਅਨੁਸਾਰ, 'ਨਿਰਮਲ ਭੇਖ ਵਿਦਵਾਨਾਂ ਦੀ ਸੰਪ੍ਰਦਾਇ ਹੈ।' ਇਸ ਸੰਪ੍ਰਦਾਇ ਦਾ ਸਾਹਿਤਯ/ਇਤਿਹਾਸ ਵਿਚ ਪਾਇਆ ਯੋਗਦਾਨ ਗੌਰਵਸ਼ਾਲੀ ਹੈ। ਇਸ ਸੰਪ੍ਰਦਾਇ ਨੇ ਜਨ ਸਾਧਾਰਨ ਨੂੰ ਗਿਆਨ ਦੇ ਦੀਪਕ ਨਾਲ ਵਿਵੇਕ ਬੁੱਧੀ ਦਾ ਪ੍ਰਕਾਸ਼ ਬਖ਼ਸ਼ਿਆ ਹੈ। ਵਿਸ਼ਵ ਦੇ ਕੋਨੇ ਕੋਨੇ ਵਿਚ ਗੁਰਮਤਿ/ਗੁਰਬਾਣੀ ਦਾ ਪ੍ਰਵਾਹ ਚਲਾਇਆ, ਮਨੁੱਖਤਾ ਨੂੰ ਸਦ ਮਾਰਗ ਪਾਇਆ। ਅੰਧ ਵਿਸ਼ਵਾਸ/ਅਗਿਆਨਤਾ ਦੇ ਹਨ੍ਹੇਰੇ ਵਿਚੋਂ ਕੱਢ ਕੇ 'ਧਰਮ' ਅਤੇ 'ਸੱਤਿ' ਤੋਂ ਜਾਣੂ ਕੀਤਾ।....ਸਤਿਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਮਨੁੱਖਤਾ ਦੀ ਕਲਿਆਣ ਵਾਸਤੇ ਪੰਜ ਸੌ ਵਰਸ਼ ਤੋਂ ਧਰਮ ਪ੍ਰਚਾਰ ਅਤੇ ਪ੍ਰਸਾਰ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਭਵਿਸ਼ਯਤ ਵਿਚ ਕਰਦਾ ਰਹੇਗਾ।[20]

ਗਿਆਨੀ ਬਲਵੰਤ ਸਿੰਘ ਅਨੁਸਾਰ ਗੁਰੂ ਨਾਨਕ ਸਾਹਿਬ ਤੋਂ ਗੁਰਮੰਤ੍ਰ ਪ੍ਰਾਪਤ ਕਰਨ ਵਾਲਾ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੈ। ਗਿਆਨੀ ਜੀ ਇਹ ਵੀ ਵਿਖਿਆਨ ਕਰਦੇ ਹਨ ਕਿ ਨਿਰਮਲੇ ਸੰਤ ਭਗਵੇਂ ਵਸਤਰ ਧਾਰਨ ਕਰਨ, ਘਰ ਦਾ ਤਿਆਗ, ਜੰਗਲ ਵਿਚ ਏਕਾਂਤ ਬੈਠਣ, ਜਨ-ਸਾਧਾਰਨ ਨੂੰ ਦਰਸ਼ਨ ਦਿੰਦੇ ਰਹੇ ਅਤੇ 'ਸਤ੍ਰਿਨਾਮ' ਦਾ ਉਪਦੇਸ਼ ਦਿੰਦੇ ਰਹੇ ਹਨ। ਦਸ਼ਮ ਪਾਤਿਸ਼ਾਹ ਵੱਲੋਂ ਰਹਿਤ ਵਿਚ ਪਰਿਵਰਤਨ ਕਰਨ ਕਾਰਣ-ਨਿਰਮਲੇ ਅੰਮ੍ਰਿਤ ਛਕ ਕੇ ਵੀ ਆਪਣਾ ਯੋਗਦਾਨ ਦਿੰਦੇ ਰਹੇ ਹਨ। ਸ. 'ਸਮਸ਼ੇਰ ਸਿੰਘ ਅਸ਼ੋਕ ਆਪਣੇ ਇਕ ਖੋਜ ਪੱਤਰ 'ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ' ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਇਸ ਸੰਪ੍ਰਦਾਇ ਅਤੇ ਨਿਰਮਲ ਭੇਖ ਪ੍ਰਤੀ ਦ੍ਰਿਸ਼ਟੀਕੋਣ ਨੂੰ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕਰਦੇ ਹਨ। 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ ਰੱਖਣਾ, ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁੱਲ੍ਹ ਦੇ ਕੇ ਉਨ੍ਹਾਂ ਨੇ, ਸਿੰਘਾਂ ਦੇ ਬਨਾਰਸੋਂ ਮੁੜਨਸਾਰ, ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ ਅਤੇ ਫੇਰ ਆਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਜਾਣ ਸਮੇਂ ਦਮਦਮੇ ਤੋਂ ਨੰਦੇੜ ਤੱਕ ਉਨ੍ਹਾਂ ਨੂੰ ਆਪਣੇ ਅੰਗ ਸੰਗ ਹੀ ਰੱਖਿਆ। ਪੰਡਿਤ ਕਰਮ ਸਿੰਘ, ਦਰਗਾਹਾ ਸਿੰਘ ਆਦਿ ਨਿਰਮਲੇ ਸਾਧੂ ਜਿੰਨ੍ਹਾਂ ਤੋਂ ਆਪ ਨਿਤ ਪ੍ਰਤਿ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨੰਦੇੜ) ਤੱਕ ਆਪਦੇ ਹਮ ਰਕਾਬ ਰਹਿੰਦੇ ਰਹੇ।[21] ਨਿਰਮਲ ਪੰਥ ਦੀ ਸਥਾਪਨਾ, 'ਵੇਦ ਕਤੇਬ' ਦੋਹਾਂ ਤੋਂ ਬਾਹਰ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ।

ਨਿਰਮਲ ਪੰਥ ਦੇ ਇਸ ਨਿਆਰੇਪਨ ਦਾ ਜ਼ਿਕਰ ਵੀ ਗਿਆਨੀ ਬਲਵੰਤ ਸਿੰਘ ਜੀ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਦੀ 'ਮੱਕੇ ਦੀ ਗੋਸਟ' ਦੇ ਹਵਾਲੇ ਨਾਲ ਇਉਂ ਕੀਤਾ ਹੈ :

*ਕਲਿਯੁਗ ਨਾਨਕ ਨਿਰਮਲਾ, ਗੁਰ ਚੇਲਾ ਪਰਵਾਨ।*
*ਪਾਰਿ ਉਤਾਰੇ ਸਭਨਾ, ਸਤਿਨਾਮ ਦੇ ਦਾਨ।*
*ਕਲਿਯੁਗ ਨਾਨਕ ਨਿਰਮਲਾ, ਪੰਥ ਚਲਾਇਓਿ ਆਇ।*
*ਵੇਦ ਕਤੇਬੋਂ ਬਾਹਰਾ, ਜਪਦੇ ਏਕ ਖੁਦਾਇ।*[22]

ਭਾਈ ਸੰਤੋਖ ਸਿੰਘ ਅਨੁਸਾਰ ਦਸਮ ਪਾਤਸ਼ਾਹਿ ਨੇ ਖੰਡੇ ਬਾਟੇ ਦਾ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾ ਕੇ ਵਿਧੀਵਤ ਰੂਪ ਵਿਚ 'ਨਿਰਮਲ ਪੰਥ' ਨੂੰ ਕੌਮੀ ਰੂਪ ਦੇ ਦਿੱਤਾ।

*ਇਹ ਬਿਧਿ ਪਾਂਚੋ ਸਿੰਘ ਕੋ ਖੰਡੇ ਪਹੁਲ ਦੀਨ।*
*ਪੰਚ ਕੋਸ਼ ਉਰ ਗਿਆਨ ਦੇ 'ਨਿਰਮਲ ਪੰਥ' ਸੁ ਕੀਨ।*[23]

ਭਾਈ ਗੁਰਦਾਸ ਦੂਜੇ ਨੇ ਵੀ "ਗੁਰ ਸੰਗਤ ਕੀਨੀ ਖ਼ਾਲਸਾ" ਰਾਹੀਂ ਇਹੋ ਸੱਚਾਈ ਦ੍ਰਿੜ੍ਹ ਕਰਵਾਈ ਹੈ। ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ਼' ਗ੍ਰੰਥ ਵਿਚ ਨਿਰਮਲ ਪੰਥ ਦੀ ਵਿਸ਼ੇਸ਼ਤਾ ਇਸ ਤਰ੍ਹਾਂ ਬਿਆਨ ਕੀਤੀ ਹੈ :

*ਸ੍ਰੀ ਗੁਰੂ ਗੋਬਿੰਦ ਸਿੰਘ ਸੁ, ਪੂਰਣ ਹਰਿ ਅਵਤਾਰ।*
*ਰਚਯੋ ਪੰਚ ਭਵ ਮੈ ਪ੍ਰਗਟ, ਦੋ ਬਿਧ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਬਿਸਤਾਰ।*
*ਪਾਲਨ ਭੂਮੀ ਕੋ ਕਰਯੋ, ਦੁਸਟਨ ਮੂਲ ਉਖਾਰ।*
*ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।*
*ਨਿਰਮਲ ਭਾਖੇ ਜਗਤ ਤਿਹ, ਹੇਰੇ ਬ੍ਰਹਮ ਸੁ ਏਕ।*[24]

ਇਥੇ ਸਪਸ਼ਟ ਹੈ ਕਿ ਪੰਥ ਦੋ ਰੂਪਾਂ ਵਿਚ ਸੰਗਠਿਤ ਕੀਤਾ ਗਿਆ। ਇਕ ਜੱਥਾ ਸ਼ਸਤਰਾਂ ਦੁਆਰਾ ਦੀਨ-ਦੁਨੀ ਦੀ ਰਾਖੀ ਲਈ ਸਜਾਇਆ ਗਿਆ। ਦੂਸਰਾ ਜੱਥਾ ਸ਼ਾਸਤਰ-ਵਿਦਿਆ ਨਾਲ ਵਰੋਸਾਇਆ ਗਿਆ। ਇਹ ਨਾਮ-ਬਾਣੀ ਅਤੇ ਗੁਰਮਤਿ ਦੀ ਵਿਆਖਿਆ ਅਤੇ ਵਿਦਿਆ ਦਾਨ ਦੇਣ ਲਈ ਦੇਸ਼-ਦੇਸ਼ਾਂਤਰਾਂ ਵਿਚ ਆਪਣਾ ਕਰਮ ਕਰਦੇ ਰਹੇ।

ਸ਼ਸਤਰ ਵਿੱਦਿਆ ਦੇ ਨਾਲ ਨਾਲ ਸ਼ਾਸਤਰ ਵਿਦਿਆ ਦਾ ਗਿਆਨ ਸਾਧਾਰਣ ਸਿੱਖ ਜਨਤਾ ਤੀਕ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਗੁਰੂ ਗੋਬਿੰਦ ਸਿੰਘ ਦਾ ਯੋਗਦਾਨ ਅਦੁੱਤੀ ਹੈ। ਵਿੱਦਿਆ ਨਾਲ ਅਤੇ ਵਿੱਦਿਆ-ਵਿਹੂਣੇ ਸਿੱਖਾਂ ਨਾਲ ਗੁਰੂ ਸਾਹਿਬ ਦੀ ਮੁਹੱਬਤ ਦਾ ਕੋਈ ਅੰਤ ਨਹੀਂ ਹੈ। ਆਪ ਪੜ੍ਹਨ ਅਤੇ ਦੂਜਿਆਂ ਨੂੰ ਪੜ੍ਹਾਉਣ ਅਤੇ ਹਰ ਥਾਂ ਤੋਂ ਗਿਆਨ ਹਾਸਿਲ ਕਰਨ ਦੀ ਪ੍ਰੇਰਣਾ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਕੇ ਦਿੱਤੀ। ਉਸ ਇਲਾਕੇ ਦੇ ਬੈਲ ਬੁੱਧੀ ਵਾਲੇ ਲੋਕਾਂ ਨੂੰ ਵੀ ਵਿਦਵਾਨ ਬਣਨ ਦਾ ਵਰਦਾਨ ਦੇ ਕੇ ਆਮ ਲੋਕਾਂ ਪ੍ਰਤੀ ਆਪਣੀ ਚਿੰਤਾ ਅਤੇ ਸਨੇਹ ਦਾ ਪ੍ਰਗਟਾਵਾ ਕੀਤਾ:

*ਗੁਰਮੁਖੀ ਅੱਖਰ ਜੋ ਹੈ ਭਾਈ। ਸਿਖ ਸਿਖ ਤੇ ਸੀਖੇ ਜਾਈ।*
*ਔਰ ਭੀ ਵਿੱਦਿਆ ਜਹਿ ਤਹਿ ਹੋਈ। ਅਵਰਨ ਤੇ ਭੀ ਲੇਵੇ ਸੋਈ।*[25]

ਸਤਿਗੁਰਾਂ ਦੇ ਹੁਕਮ ਨਾਲ ਸਿੱਖ, ਗੁਰਬਾਣੀ, ਗੁਰਮੁਖੀ, ਇਤਿਹਾਸ, ਮਿਥਿਹਾਸ, ਰਾਗ, ਕਾਵਯ, ਬ੍ਰਜ ਭਾਸ਼ਾ, ਫ਼ਾਰਸੀ ਅਤੇ ਪੰਜਾਬੀ, ਪ੍ਰੇਮ ਪੂਰਵਕ ਪੜ੍ਹ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਮਨਸਾ ਨਾਲ ਪੰਡਿਤ ਰਘੂਨਾਥ ਨੂੰ ਨਿਯਤ ਕੀਤਾ। ਪੰਡਿਤ ਰਘੂਨਾਥ ਨੇ ਇਹ ਕਹਿ ਕੇ ਕਿ ਸਿੱਖ ਸ਼ੂਦਰ ਹਨ-ਬ੍ਰਾਹਮਣ ਅਤੇ ਕਸ਼ੱਤਰੀ ਨਹੀਂ-ਇਸ ਕਾਰਣ ਇਹ ਦੇਵ-ਭਾਸ਼ਾ ਪੜ੍ਹਨ ਦੇ ਅਧਿਕਾਰੀ ਨਹੀਂ। ਗੁਰੂ ਸਾਹਿਬ ਨੇ ਪੰਡਿਤ ਨੂੰ ਕਿਹਾ ਕਿ, 'ਪੰਡਿਤ ਜੀ! ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ- ਇਨ੍ਹਾਂ ਸਿੱਖਾਂ ਦੇ ਚਰਨਾਂ ਵਿਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ,

ਸ਼ਾਸਤਰ ਆਦਿ ਚੌਦਾਂ ਤਰ੍ਹਾਂ ਦੀ ਵਿੱਦਿਆ ਪੜ੍ਹਨਗੇ। ਗਿਆਨੀ ਗਿਆਨ ਸਿੰਘ ਅਨੁਸਾਰ :

*ਬੋਲੇ ਗੁਰ ਸੁਨਿ ਦੂਜ ਕੀ ਬਾਨੀ। ਹੇ ਦੂਜ ਮੂਢ ਅਭਿਮਾਨੀ।*
*ਜੋ ਵਿੱਦਿਆ ਪੜਿ ਤੂ ਗਰਬੈ ਹੈਂ, ਮਮ ਸਿਖਨ ਕੋ ਸੂਦਰ ਕੀ ਹੈ।*
*ਇਹ ਹੀ ਮੇਰੇ ਸਿੱਖਨ ਤੈ ਲਖ। ਬਿਦਯਾ ਬੇਦ ਪਢੈਂਗੇ ਦੂਜ ਦਖ।*
*ਨਿਗਮਾਗਮ ਲੌ ਚੌਦਯ ਬਿਦਯਾ। ਮੈਂ ਨਿਜ ਪੰਥੈ ਦਈ ਪ੍ਰਸਿੱਧਯਾ।*
*ਜਿਨ ਕੋ ਤੂੰ ਸੂਦਰ ਬਤਰੈ ਹੈਂ। ਬਿਦਯਾ ਗੁਰੂ ਦਿਜਨ ਇਹ ਥੈਂ ਹੈ।*[26]

ਜਾਤਪਾਤ ਦੀ ਅਮਰਵੇਲ ਵਿਚ ਜਕੜੇ ਮੁਗ਼ਲਾਂ ਦੇ ਗ਼ੁਲਾਮ ਭਾਰਤ ਵਿਚ ਲੋਕਾਂ ਨੂੰ ਖ਼ਾਸ ਕਰਕੇ ਦੱਬੇ ਕੁਚਲੇ ਅਤੇ ਸ਼ੂਦਰ ਲੋਕਾਂ ਨੂੰ ਵਿੱਦਿਆ ਦੇਣ ਲਈ ਗੁਰੂ ਸਾਹਿਬ ਨੇ ਜੋ ਉਪਰਾਲੇ ਕੀਤੇ-ਉਪਰੋਕਤ ਪ੍ਰਸੰਗ ਤੋਂ ਉਨ੍ਹਾਂ ਦੀ ਦੂਰ-ਅੰਦੇਸ਼ੀ ਅਤੇ ਲਿਤਾੜੇ ਲੋਕਾਂ ਲਈ ਪਿਆਰ ਦਾ ਜੋ ਪ੍ਰਗਟਾਵਾ ਹੁੰਦਾ ਹੈ-ਨਿਰਮਲ ਸੰਪ੍ਰਦਾਇ ਦੀ ਦੇਣ ਇਸ ਕੌਮੀ ਪਰਿਪੇਖ ਅਤੇ ਜਾਤ-ਪਾਤ ਵਿਚ ਡੁੱਬੇ ਸਮਾਜ ਦੀ ਮਾਨਸਿਕਤਾ ਦੇ ਪ੍ਰਸੰਗ ਵਿਚ ਸਮਝੇ ਜਾਣ ਦੀ ਲੋੜ ਹੈ। ਗੁਰੂ ਸਾਹਿਬ ਨੇ ਇਸ ਸੰਪ੍ਰਦਾਇ ਰਾਹੀਂ ਇਕੋ ਵੇਲੇ 'ਅਧਿਆਪਕ' ਜਾਂ ਗਿਆਨੀ ਅਤੇ ਗਿਆਨ ਪ੍ਰਾਪਤ ਕਰਨ ਵਾਲੇ ਚੇਲੇ ਦੋਹਾਂ ਨੂੰ ਤਿਆਰ ਕਰਨ ਦਾ ਬਿਖਮ ਕਾਰਜ ਕੀਤਾ।

ਨਿਰਮਲ ਪੰਥ ਦੇ ਵਿਦਵਾਨਾਂ ਨੇ 13 ਸਾਲ ਬਨਾਰਸ ਵਿਚ ਰਹਿ ਕੇ, ਚੇਤਨ ਮੱਠ ਵਿਖੇ ਸੰਸਕ੍ਰਿਤ, ਵੇਦ, ਉਪਨਿਸ਼ਦ, ਵਿਆਕਰਣ, ਵੇਦਾਂਗ, ਨਯਾਯ, ਵੇਦਾਂਤ, ਇਤਿਹਾਸ, ਮਿਥਿਹਾਸ ਆਦਿ ਨਾਲ ਸੰਬੰਧਿਤ ਵਿੱਦਿਆ ਗ੍ਰਹਿਣ ਕਰਕੇ 1699 ਵਿਚ ਆਨੰਦਪੁਰ ਵਾਪਿਸ ਆਏ। ਨਿਰਮਲੇ ਮਹਾਂਪੁਰਖਾਂ ਦੀ ਘਾਲਣਾ ਤੋਂ ਖੁਸ਼ ਹੋ ਕੇ ਕਲਗੀਧਰ ਪਿਤਾ ਨੇ ਉਨ੍ਹਾਂ ਨੂੰ ਬਹੁਤ ਅਸੀਸਾਂ ਦਿੱਤੀਆਂ। ਇੰਨ੍ਹਾਂ ਵਿਚੋਂ 'ਦਸ ਬਖ਼ਸ਼ੀਸ਼ਾਂ' ਬਹੁਤ ਪ੍ਰਸਿੱਧ ਹਨ। ਨਿਰਮਲ ਪੰਥ ਦੋ ਰੂਪਾਂ ਵਿਚ ਪ੍ਰਸਿੱਧ ਰਹੇਗਾ। ਭਗਤੀ ਰੂਪ ਵਿਚ ਇਹ ਅੰਤਰੀਵ ਗਿਆਨ ਦੀ ਖੜਗ ਧਾਰਨ ਕਰਕੇ ਪੰਜਾਂ ਦੂਤਾਂ ਦਾ ਨਾਸ ਕਰੇਗਾ। ਕਿਸੇ ਨਾਲ ਰਾਗ ਦਵੈਸ਼ ਨਹੀਂ ਕਰੇਗਾ। ਸਾਰੀ ਮਨੁੱਖਤਾ ਨੂੰ ਨਿਮਰਤਾ ਪੂਰਬਕ ਨਾਮ-ਬਾਣੀ ਨਾਲ ਜੋੜੇਗਾ। ਸਰਬਤ ਪ੍ਰਾਣੀ ਮਾਤਰ ਨੂੰ ਆਪਣੀ ਹੀ ਆਤਮਾ ਮੰਨੇਗਾ ਅਤੇ ਮੰਨਣ ਕਰਵਾਏਗਾ। ਗਿਆਨ ਦੀ 'ਬਢਨੀ' ਨਾਲ ਕੂੜ ਦੇ ਕੂੜੇ ਨੂੰ ਸਾਫ਼ ਕਰੇਗਾ। ਦੂਸਰਾ ਰੂਪ : ਖ਼ਾਲਸਾ ਪੰਥ ਸਰੀਰਕ ਬਲ ਨਾਲ ਅਧਰਮੀਆਂ, ਅਤਿਚਾਰੀਆਂ, ਦੋਖੀਆਂ ਦਾ ਸਰਬਲੋਹ ਦੀ ਖੜਗ ਨਾਲ ਸੁਧਾਰ ਕਰੇਗਾ। ਇਸ ਤਰ੍ਹਾਂ ਪੰਥ ਆਤਮਿਕ (ਧਾਰਮਿਕ ਤੇ ਸਮਾਜਿਕ ਸੁਧਾਰ ਕਰਕੇ, ਭਾਰਤ ਖੰਡ ਵਿਚ ਸਤਯ ਜੁਗ ਵਰਤਾਏਗਾ।

*'ਧੰਨ ਜੀਉ ਤਿਹ ਕੋ ਜਗ ਮਹਿ ਮੁਖ ਤੇ ਹਰਿ ਚਿਤ ਮਹਿ ਜੁਧ ਬੀਚਾਰੈ।*
*ਦੇਹ ਅਨਿਤ ਨ ਨਿਤ ਰਹਿਹ ਜਸ ਨਾਵ ਚੜ੍ਹੈ ਭਵਸਾਗਰ ਤਾਰੈ।*
*ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜਯਾਰੈ।*
*ਗਿਆਨ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।*[27]

ਦੂਸਰੀ ਬਖ਼ਸ਼ੀਸ਼ ''ਸੇਵਾ, ਤੀਸਰੀ 'ਸੰਤੋਖ', ਚੌਥੀ ਸਿਮਰਨ, ਪੰਜਵੀਂ ਮਨ ਦੀ ਸਥਿਰਤਾ, ਛੇਵੀਂ 'ਸਮਦ੍ਰਿਸ਼ਟੀ', ਸੱਤਵੀਂ ਬ੍ਰਹਮ-ਗਿਆਨ, ਅੱਠਵੀਂ ਸਖੀ ਅਤੇ ਸੰਤੋਖੀ ਹੋਣ ਦੀ, ਨੌਵੀਂ ਪਦਾਰਥਾਂ ਦਾ ਤਿਆਗ ਅਤੇ ਨਾਮ ਸਿਮਰਨ, ਦਸਵੀਂ ਬਖ਼ਸ਼ੀਸ਼-ਨਾਂਦੇੜ ਸਾਹਿਬ ਪਰਲੋਕ ਸਿਧਾਰਨ ਵੇਲੇ ਦੇਸ਼ ਦੇ ਕੋਨੇ-ਕੋਨੇ ਵਿਚ ਜਾ ਕੇ ਗੁਰੂ ਨਾਨਕ ਦੀ ਸਿੱਖੀ ਦਾ ਸੰਦੇਸ਼ ਘਰ ਘਰ ਪਹੁੰਚਾਉਣ ਦੀ ਬਖ਼ਸ਼ੀਸ਼ ਕੀਤੀ। ਸਿੰਘ ਧਰਮ ਯੁੱਧ ਕਰਨਗੇ ਤੁਸੀਂ ਧਰਮ ਦਾ ਪ੍ਰਚਾਰ ਕਰੋਗੇ। ਅੰਮ੍ਰਿਤ ਪ੍ਰਚਾਰ, ਵਿੱਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ-ਸੰਗ ਰਹਿਣਗੇ।[28] ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਤੋਂ ਬਿਨਾਂ, ਸਕੂਲੀ ਵਿੱਦਿਆ, ਚਿਕਿਤਸਾ, ਵੈਦਿਕ, ਸੇਵਾ, ਬ੍ਰਿਧ ਆਸ਼ਰਮਾਂ ਅਤੇ ਸੰਤਾਂ ਸਾਧੂਆਂ ਲਈ ਅਖਾੜਿਆਂ ਦੀ ਸਥਾਪਨਾ ਰਾਹੀਂ ਵੀ ਨਿਰਮਲ ਸੰਪ੍ਰਦਾਇ ਨੇ 'ਸੇਵਾ' ਅਤੇ 'ਤਿਆਗ' ਦੇ ਬਹੁਤੇ ਸ਼ਿਰੋਮਣੀ ਪ੍ਰਤਿਮਾਨ ਸਥਾਪਤ ਕੀਤੇ ਹਨ। ਇਸ ਸੰਪ੍ਰਦਾਇ ਦੇ ਵਿਦਵਾਨਾਂ ਦੀ

ਇਤਿਹਾਸਕ ਪਰੰਪਰਾ ਬਹੁਤ ਅਮੀਰ ਪਰੰਪਰਾ ਹੈ। ਧਰਮ, ਇਤਿਹਾਸ, ਸ਼ਾਸਤਰਾਰਥ, ਵਿਆਖਿਆ, ਟੀਕੇ, ਸਟੀਕ, ਗੁਰ-ਇਤਿਹਾਸ ਅਤੇ ਗੁਰਬਾਣੀ ਦੇ ਮੂਲ ਆਸ਼ੇ ਅਨੁਸਾਰ, ਉਸ ਦੀ ਭਾਰਤ ਦੀ ਗੌਰਵਸ਼ੀਲ ਦਾਰਸ਼ਨਿਕ ਪਰੰਪਰਾ ਦੇ ਪਰਿਪੇਖ ਵਿਚ ਕੀਤੀ ਵਿਆਖਿਆ ਨਾਲ, ਗੁਰੂ ਨਾਨਕ ਸਾਹਿਬ ਵਲੋਂ ਆਰੰਭੀ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਵਲੋਂ ਵਰੋਸਾਈ *'ਚਹੁ ਵਰਨਾ ਕਉ ਦੇ ਉਪਦੇਸੁ॥ ਉਸੁ ਪੰਡਿਤ ਕਉ ਸਦਾ ਅਦੇਸੁ॥" (ਸੁ.ਅ. 9 4)* ਅਤੇ ਸਰਬੱਤ ਦੇ ਭਲੇ ਦੀ ਪਰੰਪਰਾ ਨੂੰ ਭਾਰਤ ਦੇਸ਼ ਹੀ ਨਹੀਂ ਸਗੋਂ ਸੰਸਾਰ ਦੇ ਕੋਨੇ-ਕੋਨੇ 'ਚ ਪਹੁੰਚਾਉਣ ਦਾ ਸਿਹਰਾ, ਨਿਰਮਲ ਸੰਪ੍ਰਦਾਇ ਦੇ ਸਿਰ ਹੀ ਬੱਝਦਾ ਹੈ। ਗੁਰਬਾਣੀ ਦੀ ਵਿਆਖਿਆ ਅਤੇ ਪ੍ਰਚਾਰ ਦੇ ਨਾਲ ਨਾਲ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ, ਸੰਤਾਂ, ਮਹਾਤਮਾਵਾਂ ਅਤੇ ਕੀਰਤਨੀਆਂ ਦੀ ਗੁਰਬਾਣੀ ਸੰਗੀਤ ਅਤੇ ਕੀਰਤਨ ਕਰਨ ਦੇ ਖੇਤਰ ਵਿਚ ਵੀ ਅਦੁੱਤੀ ਦੇਣ ਹੈ। ਗਿਆਨੀ ਬਲਵੰਤ ਸਿੰਘ ਜੀ ਕੋਠਾਗੁਰੂ ਨੇ ਆਪਣੇ ਗ੍ਰੰਥ 'ਸ੍ਰੀ ਨਿਰਮਲ ਪੰਥ ਬੋਧ' ਵਿਚ ਇਸ ਖੇਤਰ ਵਿਚ ਅਨੇਕਾਂ ਕੀਰਤਨੀਆਂ ਅਤੇ ਸੰਗੀਤ ਦੇ ਮਹਾਰਥੀਆਂ ਦੇ ਨਾਲ-ਨਾਲ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲੇ ਅਤੇ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਵਲੋਂ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰਬਾਣੀ ਕੀਰਤਨ ਰਾਹੀਂ ਗੁਰਬਾਣੀ ਨਾਲ ਜੋੜਨ ਦੀ ਇਤਿਹਾਸਕ ਪ੍ਰਾਪਤੀ ਦਾ ਜ਼ਿਕਰ ਬੜੀ ਕ੍ਰਿਤਗਯਤਾ ਨਾਲ ਕੀਤਾ ਹੈ।[29]

ਨਿਰਮਲ ਸੰਪ੍ਰਦਾਇ ਦੀ ਸਮੁੱਚੀ ਦੇਣ ਬਾਰੇ ਡਾ. ਰਤਨ ਸਿੰਘ ਜੱਗੀ ਦੇ ਵਿਚਾਰ ਹਨ ਕਿ, "ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਨਿਰਮਲ ਸੰਤਾਂ ਦੀ ਦੇਣ ਇਤਿਹਾਸਕ ਅਤੇ ਅਦੁੱਤੀ ਹੈ। ਨਿਸ਼ਠਾਪੂਰਣ ਨਿਰੰਤਰ ਪ੍ਰਚਾਰ ਰਾਹੀਂ ਇੰਨ੍ਹਾਂ ਨੇ ਵਿਦਿਆਲਿਆਂ, ਮੰਡੀਆਂ, ਰਮਤੇ ਦਲਾਂ, ਸ਼ਾਸਤ੍ਰਾਰਥਾਂ ਅਤੇ ਧਰਮ ਪੁਸਤਕਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਕੀਤੀ ਹੈ। ਇਸ ਤੋਂ ਇਲਾਵਾ ਇਤਿਹਾਸਕ ਗੁਰੂ-ਧਾਮਾਂ, ਡੇਰਿਆਂ ਅਤੇ ਮਠਾਂ ਦੀ ਉਸਾਰੀ ਦੁਆਰਾ ਵੀ ਕਾਫ਼ੀ ਪ੍ਰਚਾਰ ਹੋਇਆ ਹੈ। ਖ਼ਾਸ ਤੌਰ 'ਤੇ ਇਨ੍ਹਾਂ ਨੇ ਭਾਰਤ ਦੇ ਪ੍ਰਸਿੱਧ ਤੀਰਥ ਸਥਾਨਾਂ ਉੱਤੇ ਗੁਰਦਵਾਰਿਆਂ ਦੀ ਉਸਾਰੀ ਕਰਕੇ ਗੁਰਮਤਿ ਨੂੰ ਉਜਾਗਰ ਕੀਤਾ ਹੈ।"[30]

## ਟਿੱਪਣੀਆਂ ਅਤੇ ਹਵਾਲੇ

1. ਗੁਰਮਤ ਮਾਰਤੰਡ (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996, ਪੰਨਾ-384.
2. ਉਹੀ, ਪੰਨਾ-389.
3. ਉਹੀ, ਪੰਨਾ-389.
4. ਉਹੀ, ਪੰਨਾ-392.
5. ਉਹੀ, ਪੰਨਾ-393.
6. ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
   ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ॥
   ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ (ਮੁੰਦਾਵਨੀ ਮਹਲਾ ੫)
7. ਉਹੀ, ਪੰਨੇ 401-02.
8. ਮਹਾਨ ਕੋਸ਼, ਪੰਨਾ-712.
9. ਉਹੀ, ਪੰਨਾ-712.
10. ਉਹੀ, ਪੰਨਾ-712, ਕਾਲਮ 3.
11. ਉਹੀ, ਪੰਨਾ-712, ਕਾਲਮ-3.

12. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਵੇਖੋ, ਭੂਮਿਕਾ, ਖ.
13. ਉਹੀ, ਪੰਨਾ-3.
14. ਉਹੀ, ਪੰਨਾ-7 (ਭੂਮਿਕਾ)
15. ਉਹੀ, ਪੰਨਾ-8.
16. ਉਹੀ, ਪੰਨਾ-9.
17. ਨਿਰਮਲ ਸੰਪ੍ਰਦਾਇ, ਪੰਨਾ 169.
18. ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, 1996.
19. ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.
20. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਪੰਥ ਦੀ ਗੌਰਵ ਗਾਥਾ, ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਸੁਖਦੇਵ ਕੁਟੀ-ਰਤਨ ਬਾਗ, ਕਨਖਲ (ਹਰਿਦਵਾਰ, ਉਤਰਾਂਚਲ), 2009, ਪੰਨਾ-13.
21. ਪ੍ਰੀਤਮ ਸਿੰਘ (ਸੰਪਾ.) ਨਿਰਮਲ ਸੰਪ੍ਰਦਾਇ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨਾ-149.
22. ਨਿਰਮਲ ਪੰਥ ਦੀ ਗੌਰਵਗਾਥਾ, ਪੰਨਾ-17.
23. ਉਹੀ, ਪੰਨਾ-19.
24. ਉਹੀ, ਪੰਨਾ-20.
25. ਉਹੀ, ਪੰਨਾ-23.
26. ਉਹੀ, ਪੰਨਾ-23.
27. ਉਹੀ, ਪੰਨਾ-29.
28. ਵਿਸਤਾਰ ਲਈ ਵੇਖੋ, ਉਪਰੋਕਤ, ਪੰਨੇ-28 ਤੋਂ 34 (ਦਸ ਬਖ਼ਸ਼ੀਸ਼ਾਂ)
29. ਗਿਆਨੀ ਬਲਵੰਤ ਸਿੰਘ, ਸ੍ਰੀ ਨਿਰਮਲ ਪੰਥ ਬੋਧ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦਵਾਰ (ਉੱਤਰ ਪ੍ਰਦੇਸ਼), 1998, ਪੰਨੇ-34 ਤੋਂ 36.
30. ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1083. (ਨਿਰਮਲ ਸੰਪ੍ਰਦਾਇ ਬਾਰੇ ਵਿਸਤ੍ਰਿਤ ਜਾਣਕਾਰੀ 'ਨਿਰਮਲ ਸੰਪ੍ਰਦਾਇ' ਵਾਲੇ ਇੰਦਰਾਜ਼ ਪੰਨੇ 1082-83 ਤੋਂ ਵੀ ਲਈ ਜਾ ਸਕਦੀ ਹੈ)

## ਨਿਰਮਲੇ ਵਿਦਵਾਨਾਂ ਦੇ ਜਪੁਜੀ ਸਾਹਿਬ ਜੀ ਦੇ ਟੀਕੇ

*ਸੰਤ ਭਾਗ ਸਿੰਘ**

ਗੁਰੂ ਸਾਹਿਬਾਨ ਦੇ ਸਮੇਂ ਤੋਂ ਗੁਰਬਾਣੀ ਦੇ ਅਰਥ ਬੋਧ ਨੂੰ ਜਾਨਣ ਦੀ ਤੀਬਰ ਜਗਿਆਸਾ ਗੁਰਸਿੱਖਾਂ ਵਿਚ ਰਹੀ ਹੈ। ਇਤਿਹਾਸ ਦੇ ਕਥਨ ਅਨੁਸਾਰ ਸਿੱਖਾਂ ਨੇ ਗੁਰੂ ਅਰਜੁਨ ਦੇਵ ਜੀ ਦੇ ਚਰਨਾਂ ਵਿਚ ਬੇਨਤੀ ਕਿ ਕ੍ਰਿਪਾ ਕਰਕੇ ਗੁਰਬਾਣੀ ਦਾ ਟੀਕਾ ਕਰਨ ਦੀ ਕ੍ਰਿਪਾਲਤਾ ਕਰੋ ਤਾਂ ਕਿ ਅਰਥ ਬੋਧ ਦੁਆਰਾ ਗੁਰਬਾਣੀ ਦੇ ਸਿਧਾਂਤ ਦਾ ਗਿਆਨ ਹੋ ਜਾਵੇ। ਬੇਨਤੀ ਸੁਣ ਕੇ ਗੁਰੂ ਅਰਜੁਨ ਦੇਵ ਜੀ ਮਹਾਰਾਜ ਨੇ ਫਰਮਾਇਆ ਕਿ ਆਉਣ ਵਾਲੇ ਸਮੇਂ ਵਿਚ ਸਿਖ ਸਵਯੰ ਹੀ ਗੁਰਬਾਣੀ ਦੇ ਅਰਥ ਕਰਨ ਦੇ ਸਮਰੱਥ ਹੋਣਗੇ। ਬਾਕੀ ਭਾਈ ਗੁਰਦਾਸ ਜੀ ਵੀ ਆਪਣੀ ਬਾਣੀ ਦੁਆਰਾ ਗੁਰਬਾਣੀ ਦੀ ਵਿਆਖਿਆ ਕਰ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1706 ਈ. ਸ੍ਰੀ ਦਮਦਮਾ ਸਾਹਿਬ, (ਤਲਵੰਡੀ ਸਾਬੋ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਤੋਂ ਅੰਤ ਤਕ ਸੰਪੂਰਨ ਮੌਖਿਕ (ਜ਼ਬਾਨੀ) ਕਥਾ ਸ੍ਰੀਮੁਖ ਤੋਂ ਸੰਗਤ ਨੂੰ ਸਰਵਣ ਕਰਾਈ। ਜਿਨ੍ਹਾਂ ਵਡਭਾਗੇ ਗੁਰਮੁਖ ਪਿਆਰਿਆਂ ਨੇ ਸੰਪੂਰਨ ਕਥਾ ਸਰਵਣ ਕੀਤੀ, ਇਹ 48 ਸਿੰਘ ਸਨ, ਜਿਨ੍ਹਾਂ ਵਿਚੋਂ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਪ੍ਰਮੁੱਖ ਸਨ। ਬਾਬਾ ਦੀਪ ਸਿੰਘ ਜੀ ਸ੍ਰੀ ਦਮਦਮਾ ਸਾਹਿਬ ਵਿਚ ਅਤੇ ਭਾਈ ਮਨੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਚ ਇਹ ਅੱਗੇ ਸੰਗਤਾਂ ਨੂੰ ਸਰਵਣ ਕਰਾਉਂਦੇ ਰਹੇ। ਇਹ ਸਾਰੇ ਅਰਥ ਅੱਗੇ ਤੋਂ ਅੱਗੇ ਮੌਖਿਕ ਚਲਦੇ ਰਹੇ।

ਸਭ ਤੋਂ ਪਹਿਲਾਂ ਲਿਖਤੀ ਰੂਪ ਵਿਚ ਪਰਮਾਰਥ ਭਾਈ ਬਾਲੇ ਵਾਲੀ ਜਨਮ ਸਾਖੀ, ਬਾਬਾ ਮਿਹਰਵਾਨ ਜੀ ਅਤੇ ਹਰਿ ਜੀ ਦੇ ਲਿਖੇ ਹੋਏ ਮਿਲਦੇ ਹਨ। ਮਿਹਰਵਾਨ ਜੀ ਪ੍ਰਿਥੀਚੰਦ ਦੇ ਸਪੁੱਤਰ ਸਨ। (ਗੁਰੂ ਰਾਮ ਦਾਸੁ ਜੀ ਦੇ ਪੋਤਰੇ, ਗੁਰੂ ਅਰਜੁਨ ਦੇਵ ਜੀ ਦੇ ਭਤੀਜੇ ਸਨ)। ਬਾਬਾ ਮਿਹਰਵਾਨ ਜੀ ਦਾ ਅਸਲ ਨਾਂ ਮਨੋਹਰ ਦਾਸ ਸੀ। ਇਹ ਨਾਂ ਕਰਨ ਗੁਰੂ ਰਾਮ ਦਾਸ ਜੀ ਨੇ ਆਪਣੇ ਸ੍ਰੀ ਮੁਖ ਤੋਂ ਰੱਖਿਆ ਸੀ, ਪਰ ਬਾਅਦ ਵਿਚ ਮਿਹਰਵਾਨ ਪ੍ਰਸਿੱਧ ਹੋਇਆ। ਹਰਿ ਜੀ, ਮਿਹਰਵਾਨ ਜੀ ਦੇ ਸਪੁੱਤਰ ਸਨ। ਮਿਹਰਵਾਨ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪਰਮਾਰਥ ਵੀ ਲਿਖੇ ਅਤੇ 'ਨਾਨਕ ਕਵਿ ਛਾਪ' ਹੇਠ ਆਪ ਵੀ ਕੱਚੀ ਬਾਣੀ ਦੀ ਰਚਨਾ ਕੀਤੀ। ਗੁਰਬਾਣੀ ਦੇ ਪਰਮਾਰਥ, ਸਬਦਾਰਥ ਭਾਸ਼ਯ, ਵਿਆਖਿਆ, ਪਰਿਆਏ, ਅਤੇ ਟੀਕੇ ਸਮੇਂ ਸਮੇਂ ਮਹਾਂਪੁਰਖ ਲਿਖਦੇ ਰਹੇ। ਪਰ ਅਸੀਂ ਕੇਵਲ ਨਿਰਮਲੇ ਵਿਦਵਾਨਾਂ ਦੇ 'ਜਪੁਜੀ ਦੇ ਟੀਕਿਆਂ' ਤਕ ਸੀਮਤ ਰਹਿ ਕੇ ਵਿਚਾਰ ਕਰਾਂਗੇ। 18ਵੀਂ ਅਤੇ 19ਵੀਂ ਸਦੀ ਵਿਚ ਜਪੁਜੀ ਦੇ ਸੰਸਕ੍ਰਿਤ, ਬ੍ਰਜ ਭਾਸ਼ਾ, ਸਾਧ ਭਾਸ਼ਾ, ਖੜੀ ਬੋਲੀ, ਹਿੰਦੀ ਅਤੇ ਪੰਜਾਬੀ ਵਿਚ ਅਨੇਕ ਟੀਕੇ ਹੋਏ ਹਨ। ਉਦਾਸੀ

---

* ਨਿਰਮਲ ਆਸ਼ਰਮ (ਕੁਟੀਆ ਬੰਗਾ)

ਸੰਤਾਂ ਵਿਚੋਂ ਪਰਮਾਨੰਦ, ਸ਼ੰਕਰਾ ਨੰਦ, ਅਨੰਦ ਘਨ ਅਤੇ ਸਵਾਮੀ ਹਰਿ ਪ੍ਰਸਾਦ ਵੈਦਿਕ ਮੁਨੀ ਦੇ ਟੀਕੇ ਪ੍ਰਸਿੱਧ ਹਨ। ਜਿਥੈ ਸਵਾਮੀ ਹਰਿ ਪ੍ਰਸਾਦ ਵੈਦਿਕ ਮੁਨੀ ਨੇ ਜਪੁਜੀ ਦੇ ਟੀਕੇ ਨੂੰ 1933 ਈ. ਵਿਚ ਸੰਸਕ੍ਰਿਤ ਅਤੇ ਹਿੰਦੀ ਵਿਚ ਅਕਹਿ ਸ਼ਰਧਾ ਨਾਲ ਲਿਖਿਆ ਹੈ, ਉਥੇ 19ਵੀਂ ਸਦੀ ਵਿਚ ਅਨੰਦ ਘਨ ਨੇ ਜਪੁਜੀ ਸਟੀਕ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰਬਾਣੀ ਦੀ ਰੱਜ ਕੇ ਨਿੰਦਾ ਲਿਖੀ ਹੈ, ਜਿਸ ਦਾ ਖੰਡਨ ਨਿਰਮਲੇ ਸੰਤ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ 'ਜਪੁਜੀ ਦੇ ਗਰਬ ਗੰਜਨੀ' ਟੀਕੇ ਵਿਚ ਬਾ-ਦਲੀਲ ਪ੍ਰਮਾਣਾਂ ਸਹਿਤ ਕੀਤਾ ਹੈ।

ਪੂਰਵ ਕਾਲ ਵਿਚ 18ਵੀਂ ਅਤੇ 19ਵੀਂ ਸਦੀ ਵਿਚ ਨਿਰਮਲੇ ਮਹਾਂਪੁਰਖ ਗੁਰਮੁਖੀ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਵਿਚ ਲਿਖਦੇ ਰਹੇ। ਪਰ ਕਈ ਪੁਰਖਾਂ ਨੇ ਦੇਵਨਾਗਰੀ ਲਿਪੀ (ਖੜੀ ਬੋਲੀ/ਹਿੰਦੀ) ਲਿਖਿਆ ਹੈ। ਪੰਡਿਤ ਸਾਧੂ ਸਿੰਘ ਜੀ ਪੀਲੀਭੀਤ ਵਾਲਿਆਂ ਨੇ ਆਪਣੇ ਸਾਰੇ ਗ੍ਰੰਥ ਹਿੰਦੀ ਦੇਵਨਾਗਰੀ ਵਿੱਚ ਲਿਖੇ ਹਨ। ਆਪਜੀ ਦੇ ਗੁਰੂ ਗ੍ਰੰਥ ਦੇ ਪਰਿਯਾਯ ਅਤੇ ਜਪੁਜੀ ਸਟੀਕ ਨੇ ਉੱਤਰ ਪ੍ਰਦੇਸ਼ ਦੇ ਵਿਦਵਾਨ ਅਤੇ ਜਨ ਸਾਧਾਰਨ ਲੋਕਾਂ ਨੂੰ ਗੁਰਬਾਣੀ ਤੋਂ ਜਾਣੂ ਕੀਤਾ। ਜਪੁਜੀ ਸਟੀਕ ਦਾ ਪਠਨ ਕਰਕੇ ਸ੍ਰੀ ਸ਼ੰਕਰਦਿਆਲ ਨੇ ਅੰਗ੍ਰੇਜ਼ੀ ਵਿਚ ਜਪੁਜੀ ਦਾ ਟੀਕਾ ਕੀਤਾ। (ਸ਼ਾਇਦ ਇਹ ਅੰਗ੍ਰੇਜ਼ੀ ਵਿਚ ਜਪੁਜੀ ਦਾ ਪਹਿਲਾ ਟੀਕਾ ਹੋਵੇਗਾ)। ਬਾਬੂ ਛਟਨ ਬਖਸ਼ ਅਹਿਲਮੱਦ ਸਬ ਜੱਜ ਗੋਂਡਾ ਨੇ ਜਪੁਜੀ ਦਾ ਉਰਦੂ ਵਿਚ ਅਨੁਵਾਦ ਕੀਤਾ ਜਿਸ ਵਿਚ ਸੰਸਕ੍ਰਿਤ ਦੇ ਗ੍ਰੰਥਾਂ, ਮੰਤਰਾਂ, ਸ਼ਲੋਕਾਂ ਦੇ ਅਨੇਕ ਪ੍ਰਮਾਣ ਦਰਜ ਕੀਤੇ ਹਨ। ਸ਼ਾਇਦ ਇਹ ਉਪਨਿਸ਼ਦਾਂ ਵੇਦਾਂ ਤੇ ਮੰਤ੍ਰ ਅਤੇ ਅਨਯ (ਹੋਰ) ਸ਼ਾਸਤਰਾਂ ਦੇ ਪ੍ਰਮਾਣ ਪੰਡਿਤ ਸਾਧੂ ਸਿੰਘ ਜੀ ਦੇ ਟੀਕੇ ਵਿਚੋਂ ਲਏ ਹੋਣਗੇ। 20ਵੀਂ ਸਦੀ ਦੇ ਵਿਦਵਾਨਾਂ ਨੇ ਸੁੱਧ/ਠੇਠ ਪੰਜਾਬੀ ਵਿਚ ਲਿਖਣਾ ਆਰੰਭ ਕੀਤਾ। ਅਸੀਂ ਨਿਰਮਲ ਭੇਖ ਦੇ ਵਿਦਵਾਨ ਮਹਾਂਪੁਰਖਾਂ ਦੇ ਜਪੁਜੀ ਦੇ ਟੀਕਿਆਂ ਬਾਰੇ ਸਾਰ/ਸੰਖੇਪ ਵਿਚ ਅੰਕਿਤ ਕਰਾਂਗੇ।

**ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲੇ**

ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲਿਆਂ ਨੇ 1795 ਈ. ਵਿਚ ਸੰਸਕ੍ਰਿਤ ਵਿਚ ਜਪੁਜੀ ਦਾ 'ਮੂਢਾਰਥ ਦੀਪਿਕਾ' ਟੀਕਾ ਲਿਖਿਆ। ਇਹ ਨਿਰਮਲ ਭੇਖ ਦਾ ਪਹਿਲਾ ਟੀਕਾ ਪ੍ਰਤੀਤ ਹੁੰਦਾ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ 87 ਵਰਸ਼ ਮਗਰੋਂ ਲਿਖਿਆ ਗਿਆ। ਇਸ ਟੀਕੇ ਵਿਚ ਵੇਦਾਂ ਉਪਨਿਸ਼ਦਾਂ ਸੁਰਤੀਆਂ ਸਿਮ੍ਰਿਤੀਆਂ ਦੇ ਪ੍ਰਮਾਣ ਬਹੁ ਸੰਖਿਆ ਵਿਚ ਲਿਖੇ ਹੋਏ ਹਨ। ਇਹ ਟੀਕਾ ਪ੍ਰਕਾਸ਼ਤ ਵੀ ਹੋ ਚੁੱਕਾ ਹੈ।

**ਟੀਕਾ ਗੁਰ ਭਾਵ ਦੀਪਿਕਾ**

**ਟੀਕਾਕਾਰ ਪੰਡਿਤ ਤਾਰਾ ਸਿੰਘ ਜੀ 'ਨਰੋਤਮ'**

ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਸੰਸਕ੍ਰਿਤ ਅਤੇ ਗੁਰਬਾਣੀ ਦੇ ਧੁਰੰਧਰ ਵਿਦਵਾਨ ਹੋਏ ਹਨ। ਪਟਿਆਲਾ ਦਰਬਾਰ ਵਿਚ ਆਪ ਜੀ ਦਾ ਬਹੁਤ ਉੱਚਾ ਸਤਿਕਾਰ ਸੀ। ਰਾਜ ਦਰਬਾਰ ਵਿਚ 'ਰਾਜ ਗੁਰੂ' ਦੀ ਪਦਵੀ ਨਾਲ ਸਨਮਾਨਿਤ ਸਨ। ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ ਬਹੁਤ ਉੱਤਮ ਗ੍ਰੰਥਾਂ ਦੀ ਰਚਨਾ ਕੀਤੀ ਹੈ। ਗੁਰਦੁਵਾਰਿਆਂ ਦਾ ਇਤਿਹਾਸ 'ਗੁਰਤੀਰਥ ਸੰਗ੍ਰਹਿ, ਗੁਰੂ ਗ੍ਰੰਥ ਸਾਹਿਬ ਦਾ ਕੋਸ਼, ਗੁਰੂ ਗਿਰਾਰਥ ਕੋਸ਼, ਗੁਰਮੱਤ ਨਿਰਣਯ ਸਾਗਰ, ਭਗਤ ਬਾਣੀ ਦਾ ਟੀਕਾ, ਸ੍ਰੀ ਰਾਮ ਦਾ ਟੀਕਾ ਆਦਿਕ ਉੱਤਮ ਗ੍ਰੰਥਾਂ ਦੀ ਰਚਨਾ ਕੀਤੀ ਹੈ।

ਪੰਡਿਤ ਜੀ ਨੇ ਜਪੁਜੀ ਦਾ ਗੁਰਭਾਵ ਦੀਪਿਕਾ ਟੀਕਾ ਸੰਨ 1881 ਈ. ਵਿਚ ਲਿਖ ਕੇ ਯੰਤਰ ਆਫਤਾਬ ਪੰਜਾਬ (ਲਾਹੌਰ) ਤੋਂ ਛਾਪਿਆ। ਇਸ ਟੀਕੇ ਦੇ 272 ਪੰਨੇ ਹਨ। 10 ਪੰਨਿਆਂ ਦੀ ਭੂਮਿਕਾ ਹੈ। ਟੀਕੇ ਆਰੰਭ ਵਿਚ ਲਿਖਿਆ ਹੈ। ਨਾਲ ਹੀ ਅਸੀਂ ਟੀਕੇ ਦੀ ਬੋਲੀ ਸ਼ੈਲੀ ਪੰਡਿਤ ਜੀ ਦੀ ਵਿਦਵਤਾ ਦਾ ਨਮੂਨਾ ਅੰਕਿਤ ਕਰਦੇ ਹਾਂ:

*"ਸੂਤੇਸਿੱਧ ਸੁੱਧ ਬੁੱਧ ਨਿਤਯ ਨਿਰਵਿਕਾਰ ਰੂਪ,*
*ਨਿਰਜੁਰ ਨਿਰੀਹ ਨਿਰਦੋਖ ਨਿਰਾਕਾਰ ਹੈ।*

*ਅਜੈ ਅਬਿਨਾਸੀ ਆਦਿ ਅਤਿ ਸੇ ਬਿਹੀਨ ਰੂਪ,*
*ਅਲਖ ਅਪਾਰ ਪਾਰ ਨਿਖਲ ਪਸਾਰ ਹੈ।*
*ਏਕ ਰੂਪ ਏਕ ਜੋਤਿ ਏਕ ਸੁਖ ਏਕੋ ਓਤ,*
*ਏਕ ਨਿਧੀ ਏਕ ਦੇਵ ਏਕਾ ਏਕੰਕਾਰ ਹੈ।*
*ਵਹੀ ਨਿਜ ਮਾਯ ਮੇਂ ਪਸਾਰ ਜੋਤਿ ਤੀਨ ਰੂਪ;*
*ਧਾਰ ਕੇ ਕਹਾਯੋ ਗਿਰਾਸਾਰ ਓਂਕਾਰ ਹੈ।"*

ਆਦਿ ਸਚੁ ਵਾਲੇ ਸਲੋਕ ਦੇ ਅਰਥ ਦਾ ਨਮੂਨਾ

*"ਆਦਿ ਪਦ ਪੂਰਬ ਕਾਲ ਕਾ ਔ ਹੇਤੁ ਕਾ ਬੋਧਕ ਹੈ।*
*ਜੁਗਾਦਿ ਪਦ ਜੁਗ ਹੈ ਆਦਿ ਜਿਸ ਕੇ ਸੋ ਕਹੀਯੇ ਜੁਗਾਦਿ*
*ਵਾ ਜੁਚ ਕਾ ਜੋ ਹੋਵੇ ਆਦਿ ਜੋ ਕਹੀਯੇ ਜੁਗਾਦਿ।*
*ਐਸੇ ਦੋ ਅਰਥੋਂ ਕਾ ਬੋਧਕ ਹੈ ਦੋਨੋਂ ਮੇਂ ਪਹਲੇ ਅਰਥ ਵਿਖੇ*
*ਜੁਗਾਦਿ ਪਰ ਸਤ ਤ੍ਰੇਤਾ ਦੁਾਪਰ ਕਲਿਜੁਗ ਹੈ। ਆਦਿ*
*ਨਾਮ ਹੇਤੁ ਜਿਸ ਆਪਨੇ ਸੇ ਉਤਪਨ ਹੋਨੇ ਵਾਲੇ ਪ੍ਰਪੰਚ*
*ਕੇ ਤਿਸ ਕਾ ਬੋਧਕ ਹੈ। ਦੂਜੇ ਅਰਥ ਮੇ ਜੁਗਾਦਿ ਪਦ*
*ਜੁਗੋਂ ਸੇ ਲੇ ਨਿਖਲ ਸਥੂਲ ਸੂਖਮ ਪ੍ਰਪੰਚ ਕਾ ਆਦਿ*
*ਨਾਮ ਹੇਤੁ ਜੋ ਬਹੁਤ ਹੋਨੇ ਕੀ ਇਛਾ। ਤਿਸ ਇਛਾ ਕਾ ਬੋਧਕ*
*ਹੈ ਵਾ ਦੂਜੇ ਅਰਥ ਮੇ ਹੀ ਜੁਗ ਜੋ ਪ੍ਰਿਥਵੀ ਜਲ*
*ਅਗਨਿ ਵਾਯੁ ਚਾਰ। ਤਿਨ ਕਾ ਆਦਿ ਨਾਮ ਹੇਤੁ ਜੋ ਆਕਾਸ਼*
*ਤਿਸ ਆਕਾਸ਼ ਕਾ ਬੋਧਕ ਹੈ ਐਸੇ ਤੀਨੋਂ ਅਰਥੋਂ ਮੇਂ*
*ਜੁਗਾਦਿ ਪਦ ਕਾਲ ਸਹਿਤ ਸੰਪੂਰਣ ਸੂਖਮ ਸਥੂਲ*
*ਜਗਤ ਕਾ ਬੋਧਕ ਹੈ........"*

ਇਹ ਟੀਕਾ ਪੱਥਰ ਦੇ ਛਾਪੇ ਵਿਚ ਛਪਿਆ ਹੋਇਆ ਹੈ। ਅੱਖਰ ਸੰਧੀ ਸੰਯੁਕਤ ਹਨ। ਭਾਈ ਹੀਰਾ ਸਿੰਘ ਜੀ ਦਮਦਮਾ ਸਾਹਿਬ ਵਾਲੇ ਖਸਨਵੀਸ ਹਨ।

ਪੋਥੀ ਟੀਕਾ ਸ੍ਰੀ ਜਪੁਜੀ ਕਾ

ਟੀਕਾਕਾਰ ਪੰਡਿਤ ਹਰਿ ਸਿੰਘ ਜੀ ਨਰੋਤਮ

ਇਹ ਟੀਕਾ ਪੱਥਰ ਦੇ ਛਾਪੇ ਵਿਚ ਸੰਨ 1884 ਈ. ਨੂੰ ਯੰਤਰ ਆਫਤਾਬ ਪ੍ਰੈਸ ਪੰਜਾਬ ਵਿਚ ਬੂਟਾ ਸਿੰਘ ਨੇ ਛਾਪਿਆ। ਇਹ ਟੀਕਾ 155 ਪੰਨੇ ਵਿਚ ਹੈ। ਬੋਲੀ ਬ੍ਰਜ/ਸਾਧ ਭਾਸ਼ਾ ਹੈ। ਆਦਿ ਸਚੁ ਵਾਲੇ ਸਲੋਕ ਦਾ ਅਰਥ ਇਥੇ ਅੰਕਿਤ ਕਰਦੇ ਹਾਂ, ਜਿਸ ਤੋਂ ਟੀਕਾਕਾਰ ਦੀ ਬੋਲੀ ਸ਼ੈਲੀ ਦਾ ਪਤਾ ਲਗੇਗਾ।

"......ਸ੍ਰੀ ਮਹਾਰਾਜ ਕਹੇ ਹੈ ਹੇ ਸਿੱਖਯ ਜੌਨ ਸਤਿਨਾਮ ਕਾ ਉਪਦੇਸ਼ ਤੁਮ ਕੋ ਕੀਯਾ ਹੈ ਤਾ ਕਾ ਅਰਥ ਜੋ ਸਤ ਪਰਮਾਤਮਾ ਸੋ ਸਚ ਆਦਿ ਮੇ ਜਬ ਸ੍ਰਿਸ਼ਟਿ ਸੰਕਲਪ ਹਰੀ ਕੋ ਨਹੀਂ ਹੁਯਾ ਥਾ ਤਿਸ ਕਾਲ ਮੇਂ ਭੀ ਰਹਾ ਔ ਜਿਸ ਕਾਲ ਮੇਂ ਹਮ ਬਹੁਤ ਰੂਪ ਹੋਵੈ ਐਸਾ ਸ੍ਰਿਸ਼ਟਿ ਸੰਕਲਪ ਹਰੀ ਕੋ ਹੁਯਾ ਤਿਸ ਜੁਗਾਦਿ ਕਾਲ ਮੇਂ ਭੀ ਸੋ ਸਚੁ ਰਹਾ। ਔ ਜਿਸ ਕਾਲ ਮੇਂ ਸ੍ਰਿਸਿਟ ਪ੍ਰਤੀਤ ਹੋਵੇ ਹੈ ਐਸਾ ਜੋ ਵਰਤਮਾਨ ਕਾਲ ਤਾ ਮੇਂ ਭੀ ਸੋਚ ਸਚ ਪਰਮਾਤਮਾ ਹੈ। ਸ੍ਰੀ ਗੁਰੂ ਮਹਾਰਾਜ ਕਹੇ ਹੈ ਹੋਸੀ ਭੀ ਸਚੁ। ਭਵੱਖਯਤ ਕਾਲ ਮੇ ਜਬ ਸ੍ਰਿਸ੍ਰਿਟ ਬਯਵਹਾਰ ਨਹੀਂ ਹੋਗਾ ਤੋਂ ਭੀ ਸੋ ਸਚ ਹਰੀ ਰਹੇਗਾ।....."

ਜਪੁਜੀ ਕਾ ਟੀਕਾ

ਟੀਕਾਕਾਰ ਪੰਡਿਤ ਸਾਧੂ ਸਿੰਘ ਜੀ ਪੀਲੀਭੀਤ ਵਾਲੇ

ਇਹ ਟੀਕਾ 19 ਸਦੀ ਦੇ ਅੰਤ ਵਿਚ ਲਿਖਿਆ ਗਿਆ, ਜਿਸ ਵਿਚ ਵੇਦਾਂ ਸਰੁਤੀਆਂ, ਸਿਮ੍ਰਤੀਆਂ ਉਪਨਿਸ਼ਦਾਂ ਦੇ ਮੰਤਰ ਅਤੇ ਅਨੇਕ ਸ਼ਾਸਤਰਾਂ ਦੇ ਪ੍ਰਮਾਣ ਦਿੱਤੇ ਹਨ। ਪੰਡਿਤ ਜੀ ਨੇ ਜਪੁਜੀ ਤੋਂ ਬਿਨਾ 'ਗੁਰੂ ਗ੍ਰੰਥ ਪ੍ਰਦੀਪ' ਗ੍ਰੰਥ ਵੀ ਸੰਨ 1906 ਈ. ਵਿਚ ਲਿਖ ਕੇ ਪ੍ਰਕਾਸ਼ਿਤ ਕੀਤਾ ਹੈ, ਜਿਸ ਨੇ ਆਰੰਭ ਵਿਚ ਵੀ ਜਪੁਜੀ ਦੀ ਵਿਆਖਿਆ ਹੈ। ਪੰਡਿਤ ਜੀ ਦੇ ਸਾਰੇ ਗ੍ਰੰਥ ਹਿੰਦੀ ਭਾਸ਼ਾ ਦੇਵਨਾਗਰੀ ਲਿਪੀ ਵਿਚ ਹਨ। ਪੰਡਿਤ ਜੀ ਦੇ ਗ੍ਰੰਥਾਂ ਦੁਆਰਾ ਉਤਰ ਪ੍ਰਦੇਸ਼ (ਹਿੰਦੀ ਭਾਸ਼ਾ ਪ੍ਰਾਂਤਾਂ ਦੇ) ਜਨਸਾਧਾਰਨ ਅਨੇਕਾਂ ਲੋਕ ਗੁਰਬਾਣੀ (ਜਪੁਜੀ ਸਾਹਿਬ, ਸੁਖਮਨੀ ਸਾਹਿਬ) ਦੇ ਨਿਤਨੇਮੀ ਬਣੇ।

ਜਪੁ ਪ੍ਰਦੀਪ

ਟੀਕਾਕਾਰ ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਹਰਿਦ੍ਵਾਰ

ਇਹ ਟੀਕਾ ਸੰਨ 1899 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਟੀਕੇ ਦੀ ਭੂਮਿਕਾ ਵਿਚ ਲੇਖਕ ਨੇ ਲਿਖਿਆ ਹੈ ਕਿ ਅਸਾਨੂੰ ਬਹੁਤ ਸਾਰੇ ਪ੍ਰੇਮੀਆਂ ਨੇ ਕਿਹਾ ਕਿ ਗੁਰਮੁਖੀ ਅੱਖਰਾਂ ਵਿਚ ਸਰੁਤੀ ਸਿਮ੍ਰਿਤੀ ਆਦਿ ਪ੍ਰਮਾਣ ਲਿਖ ਕੇ ਜਪੁਜੀ ਦਾ ਟੀਕਾ ਕੀਤਾ ਜਾਵੇ, ਕਿਉਂਕਿ ਜੋ ਸ਼ਾਸਤਰੀ (ਦੇਵਨਾਗਰੀ) ਅੱਖਰ ਨਹੀਂ ਪੜ੍ਹੇ, ਸੰਸਕ੍ਰਿਤ ਅੱਖਰਾਂ ਵਿਚ ਤੋਂ ਨਿਹਾਲ ਸਿੰਘ, ਸਾਧੂ ਸਿੰਘ ਆਦਿਕ ਨੇ ਜੋ ਸਰੁਤੀ ਸਿਮ੍ਰਿਤੀਆਂ ਲਿਖੀਆਂ ਹਨ, ਉਹ ਪੜ੍ਹ ਨਹੀਂ ਸਕਦੇ ਪਾਠਕਾਂ ਦੀ ਪ੍ਰੇਰਨਾ ਦੇ ਅਨੁਸਾਰ ਪੰਡਿਤ ਦੇਵਾ ਸਿੰਘ ਜੀ ਨੇ ਸਰੁਤੀ ਸਿਮ੍ਰਿਤੀ ਦੇ ਪ੍ਰਮਾਣ ਸ਼ਬਦਾਰਥ ਵਿਆਖਿਆ ਕਰਕੇ ਗੁਰਮੁਖੀ ਵਿਚ ਲਿਖੇ ਹਨ। ਇਸ ਟੀਕੇ ਦੇ ਅੰਤ ਵਿਚ 18 ਪੰਨਿਆਂ ਵਿਚ ਮੂਲ ਸੰਸਕ੍ਰਿਤ ਮੰਤਰ ਅਤੇ ਸਲੋਕ ਦੇਵਨਾਗਰੀ ਵਿਚ ਲਿਖੇ ਹਨ ਤਾਂ ਕਿ ਜੇ ਕਰ ਕੋਈ ਸਲੋਕ ਗੁਰਮੁਖੀ ਲਿਪੀ ਵਿਚ ਅਸ਼ੁੱਧ ਹੋਵੇਗਾ ਤਾਂ ਪਾਠਕ ਮੂਲ ਸਲੋਕ ਤੋਂ ਪਾਠ ਸੋਧ ਸਕਦੇ ਹਨ।

ਪੰਡਿਤ ਦੇਵਾ ਸਿੰਘ ਜੀ ਨੇ ਇਕ 'ਸੁਗਮ ਜਪੁ ਪ੍ਰਦੀਪ' ਸੁਖੈਨ ਟੀਕਾ ਵੀ ਕੀਤਾ ਹੈ ਜੋ ਥੋੜ੍ਹੇ ਪੜ੍ਹੇ ਪਾਠਕਾਂ ਲਈ ਲਾਭਕਾਰੀ ਹੈ। ਇਸ ਟੀਕੇ ਵਿਚ 20 ਪੰਨੇ ਦੀ ਭੂਮਿਕਾ ਹੈ। ਅਗੇ 21 ਤੋਂ 329 ਤਕ ਜਪੁਜੀ ਦੇ ਅਰਥ ਅਤੇ ਵਿਆਖਿਆ ਹੈ। ਅਰਥ ਪ੍ਰਸ਼ਨੋਤਰੀ ਰੂਪ ਵਿਚ ਹਨ। ਸ਼ੈਲੀ ਇਸ ਤਰ੍ਹਾਂ ਹੈ।

"ਹੇ ਗੁਰੋਂ ਇਸ ਪ੍ਰਪੰਚ ਦਾ ਅਧਿਸਠ੍ਹਾਂਨ ਕੌਣ ਹੈ ਔਰ ਭੂਤ ਭਵਿਖ੍ਯਤ ਵਰਤਮਾਨ ਇਨ ਤੀਨ ਕਾਲ ਮੈਂ ਯਹੈ ਪ੍ਰਪੰਚ ਕਿਸ ਮੇਂ ਅਸਥਿਤ ਹੈ?"

ਇਸ ਦਾ ਅਗੇ ਉੱਤਰ "ਆਦਿ ਸਚੁ" ਵਿਆਖਿਆ ਕਰਦਿਆਂ ਇਸ ਤਰ੍ਹਾਂ ਲਿਖਿਆ ਹੈ। "ਜੋ ਪੂਰਬ ਗੁਰੂ ਮੰਤਰ ਮੈ ਅਦ੍ਵੈਤ ਰੂਪ ਬ੍ਰਹਮ ਨਿਰੂਪਣ ਕੀਆ ਹੈ ਸੋਈ ਇਸ ਪ੍ਰਪੰਚ ਕਾ ਆਦਿ ਨਾਂ ਅਧਸਠ੍ਹਾਂਨ ਸਤ ਰੂਪ ਬ੍ਰਹਮ ਹੈ (ਜੁਗਾਦਿ ਸਚੁ) ਸਤਯੁਗ ਤ੍ਰੇਤਾ ਦ੍ਵਾਪਰਾਦਿ ਵਰਤਾਰੇ ਕੇ ਭਾਵ ਕਾਲ ਮੇਂ ਤਿਸ ਸਤਰੂਪ ਅਧਿਸਠ੍ਹਾਂਨ ਬ੍ਰਹਮ ਕਾ ਸਰੂਪ ਹੀ ਯਹ ਪ੍ਰਪੰਚ ਹੈ (ਹੈ ਭੀ ਸਚੁ) ਭੀ ਕਹੀਏ ਪੂਰਬ ਉਤਪਤੀ ਰਹਿਤ ਕਾਲ ਮੈਂ ਜੈਸੇ ਯਹ ਪ੍ਰਪੰਚ ਅਧਿਸਠ੍ਹਾਂਨ ਬ੍ਰਹਮ ਸ੍ਵਰੂਪ ਹੀ ਹੈ। ਭਵਿਖ੍ਯਤ ਨਾਂ ਅਗਲੇ ਕਾਲ ਕਾ ਹੈ ਭਾਵ ਯਾਵਤ ਪ੍ਰਪੰਚ ਹੈ ਤਿਸ ਕੀ ਬ੍ਰਹਮ ਸਤਾ ਸੇ ਜੁਦੀ ਸਤਾ ਨਾ ਹੋਨੇ ਸੇ ਅਦ੍ਵੈਤ ਰੂਪ ਬ੍ਰਹਨ ਕੋ ਬੋਧਨ ਕਰਨੇ ਵਾਲਾ ਗ੍ਯਾਨ ਗ੍ਰੰਥ ਕਾ ਵਿਖ੍ਯ ਸਿਧ ਹੂਆ....." ਅਗੇ ਇਉਂ ਲਿਖਿਆ ਹੈ: ਇਸ ਅਰਥ ਕੋ ਸ੍ਰੁਤੀ ਭੀ ਕਹੇ ਹੈ।

ਤਥਾ ਹੀ : "ਸਦੇਵ ਸੌਮ੍ਯੇਦ ਮਗ੍ਰ ਆਸੀਦੇਕਮੇਵਾ ਦਿਤ੍ਰੀਯੰ"

ਜਪੁਜੀ ਸਟੀਕ

ਟੀਕਾਕਾਰ ਸਾਧੂ ਗੁਰਦਿੱਤ ਸਿੰਘ ਜੀ

ਇਹ ਟੀਕਾ ਸੰਨ 1911 ਈ. (ਸੰਮਤ 1968 ਬਿ.) ਵਿੱਚ ਲਵਪੁਰ-ਅਰੋੜ ਵੰਸ ਯੰਤ੍ਰਲਯ ਪ੍ਰੈਸ

(ਲਾਹੌਰ) ਵਿਚ ਛਪਿਆ ਹੈ। ਇਸ ਟੀਕੇ ਦੇ 150 ਪੰਨੇ ਹਨ। ਉਤ੍ਰਾਰਧ ਅਤੇ ਪੂਰਵਾਰਧ ਦੋ ਭਾਗ ਹਨ। ਆਰੰਭ ਵਿਚ ਲਿਖਿਆ ਹੈ, "ਜੁਪੁ ਪਦਾਰਥ ਸੰਬੋਧਨੀ ਟੀਕਾ ਲਿਖਯਤੇ।" ਅਸੰਖ ਨਾਵ ਵਾਲੀ ਉਨ੍ਹੀਵੀ ਪਉੜੀ ਤੱਕ 56 ਪੰਨੇ ਤੱਕ ਪੂਰਵਾਰਧ ਹੈ। ਅਗੇ ਉਤ੍ਰਾਰਧ ਆਰੰਭ ਹੁੰਦਾ ਹੈ। ਇਹ ਟੀਕਾ ਤੁਕਾਰਥ ਹੈ ਜਿਸ ਵਿਚ ਨਾਲੋ-ਨਾਲ ਸ਼ੰਕਾ ਸਮਾਧਾਨ ਵੀ ਕੀਤਾ ਗਿਆ ਹੈ। ਟੀਕੇ ਦੀ ਸਮਾਪਤੀ ਤੋਂ ਬਾਅਦ ਕੁਝ ਕਬਿੱਤ, ਸਵੈਯੇ, ਦੋਹੇ, ਸੋਰਠੇ ਵੀ ਲਿਖੇ ਹਨ। ਟੀਕੇ ਦੀ ਸ਼ੈਲੀ ਇਸ ਤਰ੍ਹਾਂ ਹੈ:

> "ਮੋਖ ਕੀ ਪ੍ਰਾਪਤੀ ਕੇ ਸਾਧਨ ਵੇਦਾਦਿ ਸੰਸਕ੍ਰਿਤ ਗ੍ਰੰਥੋਂ ਮੇਂ ਅਨੇਕ ਵਿਚਾਰ ਕਰਨੇ ਮੇਂ ਸਰਬ ਜਨ ਸਾਮਰਥ ਨਹੀਂ ਐਸੇ ਦੇਖ ਕਰ ਸਰਬ ਜਨੋਂ ਕੇ ਉਪਕਾਰ ਸ਼ਕਤੀਮਾਨ ਪਰਮ ਕ੍ਰਿਪਾਲੂ ਕਰਤਾ ਪੁਰਖ ਸ੍ਰੀ ਗੁਰੂ ਨਾਨਕ ਨਾਮ ਅਵਤਾਰ ਕੋ ਸਰਬ ਜਨੋਂ ਕੇ ਉਪਕਾਰ ਅਰਥ ਭਾਖਾ ਬਾਨੀ ਮੇਂ ਰਚਨਾ ਕਰਦੇ ਭਏ। ਭਾਖਾ ਹੋਨੇ ਪਰ ਭੀ ਪਰਮ ਗੰਭੀਰ ਅਰਥਾਵਲੀ ਜਪੁਜੀ ਨਾਮਕ ਬਾਨੀ ਕੇ ਤਾਤਪਰਜ ਕੋ ਅਲਪ ਬੁੱਧੀ ਵਾਲੇ ਜਗਯਾਸੂ ਜਨ ਨਹੀਂ ਜਾਨ ਸਕੇਂਗੇ। ਯਿਹ ਬੀਚਾਰ ਕਰ ਮਹਾਤਮਾ ਵਿਦਵਾਨੋਂ ਨੇ ਅਨੇਕ ਟੀਕਾ ਰਚਨਾ ਕੀ ਪਰੰਤੂ ਵ੍ਹ ਟੀਕਾ ਬਹੁਤ ਵਿਸ੍ਤਾਰ ਯੁਕ੍ਤ ਹੈ ਇਸ ਲੀਏ ਉਨ ਸੇ ਥੀ ਸ਼ੀਘ੍ਰ ਅਰਥ ਕਾ ਲਾਭ ਅਲਪ ਸੰਸਕਾਰ ਵਾਲੋਂ ਕੋ ਨਹੀਂ ਹੋ ਸਕਦਾ ਯਹ ਬੀਚਾਰ ਕਰ ਤਥਾ ਸੁਮਿਤ੍ਰ ਵਰ ਕੀ ਪ੍ਰੇਰਨਾ ਕੋ ਸਵੀਕਾਰ ਕਰ ਯਿਹ ਅਲਪ ਟੀਕਾ ਇਸ ਭਿਖੂ ਨੇ ਰਚਨਾ ਕੀ।
>
> ਯਦਯਪਿ ਮੇਰੀ ਬੁੱਧੀ ਗੁਰੂ ਬਾਨੀ ਕੇ ਅਰਥ ਕਰਨੇ ਮੇਂ ਕੁਛ ਸਾਮਰਥ ਨਹੀਂ ਪਰੰਤੂ ਜੈਸੇ ਅਨੇਕ ਮਲਨਿ ਨਾਲੋਂ ਕਾ ਜਲ ਸ੍ਰੀ ਗੰਗਾ ਜੀ ਕੇ ਪਾਵਨ ਜਲ ਸੇ ਮਿਲ ਕਰ ਸੁੱਧ ਹੋ ਜਾਤਾ ਹੈ ਵੈਸੇ ਮੇਰੀ ਅਲਪ ਬੁਧੀ ਕਰ ਰਚਨਾ ਕੀ ਹੋਈ ਯੁਕਤ੍ਰ ਟੀਕਾ ਪਰਮ ਨਿਰਦੋਖ ਗੁਰਬਾਣੀ ਸੇ ਮਿਲ ਕਰ ਨਿਰਦੋਖਤਾ ਕੋ ਪ੍ਰਾਪਤ ਹੋਗੀ।........."॥
>
> "ਸ੍ਰੀ ਜਪੁ ਜੀ ਦੇ ਅਰਥ ਚਿੰਤਨ ਪੂਰਵਕ ਪਾਠ ਕਰਨੇ ਵਾਲੇ ਤਥਾ ਵੇਦਾਂਤ ਸੰਸਕਾਰ ਯੁਕ੍ਤ ਮੁਮੁਖੂ ਜਨੋਂ ਕਾ ਪਰਮ ਉਪਯੋਗ ਇਸ ਟੀਕਾ ਕੋ ਜਾਨ ਕਰ ਜ਼ਿਲਾ ਰਾਵਲਪਿੰਡੀ ਮੇਂ ਦੁਭੇਰਨ ਗ੍ਰਾਮ ਕੇ ਨਿਵਾਸੀ ਸੰਤ ਸੇਵੀ ਤਥਾ ਗੁਰੂ ਬਾਣੀ ਕੇ ਅਭਯਾਸੀ ਮਹਾਜਨ ਕੁਲ ਉਤਪੰਨ ਸਹੋਦਰ ਭ੍ਰਾਤਾ ਭਾਈ ਉਤਮ ਸਿੰਘ ਤਥਾ ਭਾਈ ਈਸ਼ਰ ਸਿੰਘ ਨੇ ਇਸ ਟੀਕਾ ਦੇ ਛਪਵਾਨੇ ਕੀ ਪ੍ਰਾਰਥਨਾ ਕੀ ਸੋ ਤਿੰਨੋਂ ਨੇ ਹਮਾਰੀ ਆਗਯਾ ਕੋ ਪਾ ਕਰ ਸਰਬ ਸੰਤੋਂ ਤਥਾ ਪ੍ਰੇਮੀ ਜਨੋਂ ਕੇ ਦੇਨੇ ਕੇ ਅਰਥ ਇਸ ਗ੍ਰੰਥ ਕੋ ਲਵਪੁਰ ਆਰੋੜਵੰਸ਼ ਯੰਤ੍ਰਾਲਯ ਮੇਂ ਛਪਵਾਇਆ ਪ੍ਰਸਿੱਧ ਕੀਆ। ਸੰਮਤ 1968 ਬਿ.।"

**ਗੁਰੂ ਢੰਡੋਰਾ ਬਾਲ ਬੋਧਨੀ ਸਟੀਕ**

**ਟੀਕਾਕਾਰ ਸੰਤ ਉੱਤਮ ਸਿੰਘ ਜੀ ਗਿਆਨੀ**

ਇਹ ਟੀਕਾ ਸੰਨ 1901 ਈ. ਨੂੰ ਪ੍ਰਕਾਸ਼ਿਤ ਹੋਇਆ। ਇਸ ਦੇ ਕੁੱਲ 201 ਪੰਨੇ ਹਨ। ਇਸ ਟੀਕੇ ਬਾਰੇ ਸੰਤ ਉਤਮ ਸਿੰਘ ਜੀ ਲਿਖਦੇ ਹਨ:

"ਭੂਮਿਕਾ" ਵਿਚ ਲਿਖਿਆ ਹੈ: "ਅਸਾਂ ਕਿਸੇ ਲਾਲਚ ਤੇ ਬਾਲ ਬੋਧਨੀ ਟੀਕਾ ਵਾਰਤਕ ਨਹੀਂ ਕੀਤਾ ਫਕਤ ਈਸ਼ਵਰ ਕੀ ਤੇ ਸੰਤਸੰਗੀ ਭਗਤੋਂ ਪੁਰਸ਼ਾਂ ਦੀ ਪ੍ਰੇਰਨਾ ਨਾਲ ਹੋਇਆ ਹੈ। ਜਿਥੇ-ਜਿਥੇ ਅਸੀਂ ਕਦੀ ਗੁਰਮਤਿ ਪ੍ਰਚਾਰ ਕੇ ਵਾਸਤੇ ਗਏ ਹੈ ਓਥੋਂ ਓਥੋਂ ਕੇ ਸਭ ਪ੍ਰੇਮੀ ਭਗਤ ਪੁਰਸ਼ਾਂ ਨੇ ਕਹਿਣਾ ਕੀਤਾ ਕਿ ਅਸੀਂ ਜਦੋਂ ਕੋਈ ਜਪੁਜੀ ਦਾ ਟੀਕਾ ਪੜਦੇ ਹੈ ਤੇ ਸਾਨੂੰ ਬਹੁਤ ਪਦੋਂ ਕੀ ਸਮਝ ਨਹੀਂ ਆਉਂਦੀ, ਖਾਸ ਕਰ ਬਹੁਤ ਪੰਗਤੀਆਂ ਦੇ ਅਰਥਾਂ ਦਾ ਹੀ ਪਤਾ ਨਹੀਂ ਲਗਦਾ। ਆਪ ਜਿਸ ਤਰ੍ਹਾਂ ਪਦ ਪਦ ਕੀ ਵਿਆਖਿਆ ਕਰਕੇ ਕਥਾ ਕਰ ਅੰਮ੍ਰਿਤ ਪਿਲਾਂਦੇ ਹੋ ਕਦੀ ਕ੍ਰਿਪਾ ਕਰਕੇ ਨਿਤ ਨੇਮ ਦੀ ਬਾਣੀ ਮਾਲਾ ਮੰਤਰ ਜੁਪ ਜੀ ਸਾਹਿਬ ਸ਼ਬਦ ਹਜ਼ਾਰੇ ਤੇ ਰਹਿਰਾਸ, ਕੀਰਤਨ

ਸੋਹਲੇ ਦਾ ਏਹਨਾਂ ਚਾਰੋਂ ਬਾਣੀਆਂ ਕੇ ਪਦੋ ਕੀ ਵਿਆਖਿਆ ਕਰ ਟੀਕਾ ਕਰ ਦੇਵੋ ਤਾਤਪਰਾਜ ਦਸ ਕੇ ਸਭ ਲੋਕਾਂ ਦੇ ਲਾਭ ਵਾਸਤੇ ਬੜਾ ਹਛਾ ਹੈ।"

ਅਰਥਾਂ ਦਾ ਨਮੂਨਾ, ਆਦਿ ਸਚੁ ਦਾ ਅਰਥ

"....ਵਾਹਿਗੁਰੂ ਸਰਬ ਕੀ ਆਦਿ ਹੈ। ਅਰ ਸਤ ਹੈ। ਜੁਗਾਦਿ ਸਚੁ। ਜੁਗਾਂ ਕੀ ਰਚਨਾ ਜਿਸ ਕਾਲ ਮੇਂ ਭਈ ਹੈ ਤਬ ਭੀ ਸਤ ਸਰੂਪ ਜਿਉ ਕਾ ਤਿਉ ਹੀ ਰਹਿਓ। ਵਧਾ ਘਟਾ ਨਹੀਂ ਹੈ। ਹੈ ਭੀ ਸਚੁ। ਜਬ ਜਗਤ ਬਨਯੋ ਤਬ ਭੀ ਪੂਰਬ ਕੀ ਨਿਆਈ ਸਚ ਹੀ ਰਹਿਓ ਹੈ। ਗੁਰੂ ਨਾਨਕ ਜੀ ਕਹਿ ਹੈ। ਹੋਸੀ ਭੀ ਸਚੁ। ਜਬ ਸੰਸਾਰ ਕਾ ਨਾਸ ਹੋਸੀ ਤਬ ਭੀ ਸਚੁ ਹੀ ਰਹਿਗੋ। ਕਿਆ ਨਿਵਿਕਾਰ ਹੀ ਰਹਿਗਾ। .....ਉਤਪਤੀ ਸਥਿਤੀ ਪਰਲੈ ਤਿੰਨਾਂ ਕਾਲਾਂ ਮੈਂ ਇਕ ਰਸ ਰਹਿ ਹੈ ਸਰੂਪ ਜਿਸ ਕਾ ਤਿਸ ਅਪਨੇ ਆਪ ਸਰੂਪ ਬ੍ਰਹਮ ਕੋ ਤੂ ਜਾਨ......"

(ਪੰਨਾ 16)

ਸੰਤ ਉੱਤਮ ਸਿੰਘ ਜੀ ਭਾਈ ਬੰਨੋ ਦੀ ਵੰਸ਼ ਵਿਚੋਂ ਸਨ ਜਿਸਨੇ ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਲਾਹੌਰ ਤੋਂ ਬੰਨ੍ਹਵਾਕੇ ਲਿਆਂਦੀ ਸੀ। ਭਾਈ ਬੰਨੋ ਦੇ ਵੰਸ਼ਜ ਹੋਣ ਤੇ ਸੰਤ ਉੱਤਮ ਸਿੰਘ ਜੀ ਨੂੰ ਅਤਿਅੰਤ ਮਾਣ ਹੈ। ਉਹ ਇਸ ਟੀਕੇ ਵਿਚ ਲਿਖਦੇ ਹਨ:

> "ਭਾਈ ਬੰਨੋ ਜੀ ਕੀ ਬੰਸ ਮੈਂ ਹੋਣੇ ਵਾਲੇ ਕਰਤਾ ਸੰਤ ਨਿਰਮਲ ਪੰਥ ਸੇਵੀ ਸੰਤ ਉਤਮ ਸਿੰਘ ਗਿਆਨੀ ਮਹੰਤ ਗੁਰੂ ਕੋਠਾ ਛੀਵੀਂ ਪਾਤਸ਼ਾਹੀ ਵਜੀਰਾਬਾਦ ਵਾਲੇ ਨੇ ਕਰਾ ਹੈ"।

## ਜਪੁਜੀ ਸਟੀਕ ਬਾਲ ਬੋਧਨੀ ਟੀਕਾ

### ਟੀਕਾਕਾਰ ਤਪੰਡਿਤ ਤਾਰਾ ਸਿੰਘ ਜੀ ਗਲੀ ਬਾਗ ਵਾਲੀ, ਅੰਮ੍ਰਿਤਸਰ

ਇਹ ਟੀਕਾ ਕਈ ਵਾਰ ਪ੍ਰਕਾਸ਼ਿਤ ਹੋ ਚੁੱਕਾ ਹੈ। ਮਹੰਤ ਹਰੀ ਸਿੰਘ ਜੀ ਵੈਦਯਰਾਜ ਨੇ ਸਪਤਾਹਿ 'ਨਿਰਮਲ ਉਦੇਸ਼' ਵਿਚ 12 ਨਵੰਬਰ 1975 ਦੇ ਪਰਚੇ ਤੋਂ ਲੜੀ ਵਾਰ ਵੀ ਛਾਪਣਾ ਆਰੰਭ ਕੀਤਾ ਸੀ।

## ਜਪੁਜੀ ਸਟੀਕ

### ਟੀਕਾਕਾਰ ਮਹੰਤ ਗਨੇਸ਼ਾ ਸਿੰਘ ਜੀ

ਮਹੰਤ ਗਨੇਸ਼ਾ ਸਿੰਘ ਜੀ ਨੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿਚੋਂ 'ਭਾਰਤ ਮੱਤ ਦਰਪਣ' ਬਹੁਤ ਪ੍ਰਸਿੱਧ ਹੈ। ਨਿਰਮਲ ਭੇਖ ਦੇ ਇਤਿਹਾਸ ਬਾਰੇ ਵੀ ਇੱਕ ਗ੍ਰੰਥ 'ਨਿਰਮਲ ਭੂਸ਼ਨ' ਆਪ ਜੀ ਨੇ ਲਿਖਿਆ ਹੈ। ਸੰਨ 1925 ਈ. ਵਿਚ ਸ੍ਰੀ ਗੁਰਮਤਿ ਪ੍ਰੈਸ ਅੰਮ੍ਰਿਤਸਰ ਤੋਂ 'ਜਪੁਜੀ ਸਟੀਕ' ਪ੍ਰਕਾਸ਼ਿਤ ਕੀਤਾ ਹੈ ਜੋ ਕਿਤਾਬੀ ਸਾਈਜ਼ ਵਿੱਚ ਹੈ ਅਤੇ ਕੁੱਲ 76 ਪੰਨੇ ਹਨ। ਇਸ ਤੋਂ ਪਹਿਲਾਂ ਨਵੰਬਰ 1924 ਈ. ਵਿਚ ਇਹ ਟੀਕਾ ਲਿਖਕੇ ਆਪਜੀ ਨੇ ਸੰਪੂਰਨ ਕੀਤਾ ਸੀ ਅਤੇ ਆਪ ਜੀ ਨੇ ਲਿਖਿਆ ਹੈ, "ਤੁਕ-ਤੁਕ ਦਾ ਵੱਖੋ-ਵੱਖਰਾ ਥੋਹੜ੍ਹੇ ਵਿਚ ਨਾਲੋਂ-ਨਾਲ ਅਰਥ ਕਰ ਦਿੱਤਾ ਹੈ ਜਿਸ ਤੇ ਤੁਕ ਦਾ ਭਾਵ ਝੱਟ ਸਮਝ ਵਿਚ ਆ ਜਾਂਦਾ ਹੈ। ਇਸ ਭਾਵ ਦੀ ਸਮਝ ਨਾਲ ਮਨ ਵਿਚ ਹੋਰ ਵਧੇਰੇ ਰੀਝ ਬਣਦੀ ਹੈ ਜਿਸਤੇ ਇਸ ਅਭਿਆਸ ਵਲੋਂ ਮੁੜਦਾ ਨਹੀਂ ਕਿੰਤੂ ਤੁਰਿਆ ਜਾਂਦਾ ਹੈ।" ਇਹ ਟੀਕਾ ਠੇਠ ਪੰਜਾਬੀ ਵਿਚ ਹੈ।

## ਜਪੁਜੀ ਸਾਹਿਬ ਸਟੀਕ

### ਟੀਕਾਕਾਰ ਸੰਤ ਨਿਰੰਕਾਰ ਸਿੰਘ ਜੀ ਨਿਰਮਲੇ

ਇਹ ਕਿਤਾਬੀ ਸਾਈਜ਼ ਦਾ 176 ਪੰਨੇ ਦਾ ਗ੍ਰੰਥ ਹੈ ਜੋ ਸੰਨ 1951 ਈ. ਵਿਚ ਪ੍ਰਕਾਸ਼ਿਤ ਹੋਇਆ। ਇਹ ਟੀਕਾ ਬੜੀ ਸੌਖੀ/ਸਰਲ ਪੰਜਾਬੀ ਭਾਸ਼ਾ ਵਿੱਚ ਹੈ ਜਿਸ ਨੂੰ ਅਣਜਾਣੇ ਵੀ ਸੁਣ ਕੇ ਪੜ੍ਹ ਸਕਦਾ ਹੈ। ਇਹ ਟੀਕਾ ਪ੍ਰਸ਼ਨੋਤ੍ਰੀ ਰੂਪ ਵਿਚ ਹੈ। ਟੀਕਾਕਾਰ ਨੇ ਦੱਸਿਆ ਹੈ ਕਿ ਸੁਮੇਰ ਪਰਬਤ ਉੱਪਰ ਸਿੱਧ ਪ੍ਰਸ਼ਨ ਕਰਦੇ ਸਨ ਅਤੇ ਗੁਰੂ ਜੀ ਉਨ੍ਹਾਂ ਦੇ ਉੱਤਰ ਦਿੰਦੇ ਸਨ। ਅਰਥ ਤੁਕਾਂ ਦੇ ਅਨੁਸਾਰ ਕੀਤੇ ਹਨ। ਕਿਤੇ-ਕਿਤੇ ਔਖੇ ਸ਼ਬਦਾਂ ਸ਼ਬਦਾਰਥ ਵੀ ਦਿੱਤਾ ਹੈ। ਇਸ ਟੀਕੇ ਦੇ ਅੰਤ

ਵਿੱਚ ਕੱਚੀ ਬਾਣੀ ਵਿਚੋਂ ਬਾਬਾ ਮਿਹਰਵਾਨ ਦਾ ਇਹ ਸ਼ਬਦ "ਇਹ ਜਪੁ ਕਰਤੇ ਪੁਰਖ ਕਾ ਸਚ ਨਾਨਕ ਕੀਆ ਬਖਾਨ।" ਟੀਕਾਕਾਰ ਨੇ ਭੁਲੇਖੇ ਵਿਚ ਲਿਖ ਦਿੱਤਾ ਹੈ ਜਿਸ ਦਾ ਵੇਰਵੇ ਸਹਿਤ ਅਸੀਂ ਅਗੇ ਸੰਤ ਗੁਲਾਬ ਸਿੰਘ ਦੇ ਟੀਕੇ ਵਿਚ ਵਰਣਨ ਕਰਾਂਗੇ ਕਿ ਇਹ ਸ਼ਬਦ ਗੁਰਬਾਣੀ ਦਾ ਭਾਗ ਨਹੀਂ ਹੈ।

ਜਪੁ ਪ੍ਰਕਾਸ਼

(ਅਰਥਾਤ ਵਡਾ ਟੀਕਾ ਜਪੁਜੀ ਸਾਹਿਬ ਦਾ ਭਾਗ ੧ ਸਮੇਤ ਦੋ ਪਉੜੀਆਂ ਵਧੀਕ-ਤੇ ਸ਼ਬਦ ਹਜਾਰੇ।)

ਇਸ ਟੀਕੇ ਨੂੰ ਸੰਤ ਗੁਲਾਬ ਸਿੰਘ ਜੀ ਨੇ ਮਾਰਚ 1916 ਈ. ਵਿੱਚ ਲਿਖਿਆ ਹੈ। ਇਸ ਟੀਕੇ ਦੇ ਅੰਤ ਵਿਚ ਜਪੁਜੀ ਸਾਹਿਬ ਮਹਲਾ ੧ ਲਿਖਕੇ ਇਹ ਸ਼ਬਦ ਲਿਖਿਆ ਹੈ :

ਸ੍ਰੀ ਮੁਖਵਾਕ ਮਹਲਾ ੧

*ਏਹ ਜਪ ਕਰਤੇ ਪੁਰਖ ਕਾ ਸਚ ਨਾਨਕ ਕੀਆ ਬਖਾਨ।*
*ਜਗਤ ਉਧਾਰਨ ਕਾਰਨੇ ਧੁਰੋਂ ਹੋਯਾ ਫੁਰਮਾਨ।*
*ਅੰਮ੍ਰਿਤ ਵੇਲੇ ਸਚ ਨਾਮ ਜਪੀਐ ਕਰ ਇਸ਼ਨਾਨ।*
*ਹਿਤ ਚਿਤ ਕਰ ਜਪੁ ਕੋ ਜੋ ਪੜੇ ਸੋ ਪਾਵੇ ਦਰਗਾਹ ਮਾਨ।*
*ਜੰਮਣ ਮਰਨਾ ਕਟੀਐ ਜੋ ਜਪ ਸੰਗ ਲਾਵੈ ਧਿਆਨ।*
*ਜਿਉਂ ਤਿਉਂ ਕਰ ਕੇ ਜਪ ਪੜ੍ਹੇ ਸੋ ਅਉਸਰ ਜਿਤੇ ਨਿਦਾਨ।*
*ਜੋ ਮਨਸਾ ਮਨ ਮੇ ਧਰੇ ਸੋ ਪੂਰਨ ਕਰੇ ਭਗਵਾਨ।*
*ਅਹਿਨਿਸ ਜਪ ਜਪਤਾ ਰਹੇ ਦਾਸ ਨਾਨਕ ਕੀਜੇ ਦਾਨ।੧।*

ਇਹ ਸ਼ਬਦ ਗੁਰਬਾਣੀ ਦਾ ਹਿੱਸਾ ਨਹੀਂ ਹੈ। ਇਸ ਸ਼ਬਦ ਨੂੰ ਉਚਾਰਨ ਵਾਲੇ ਬਾਬਾ ਮਿਹਰਵਾਨ ਜੀ ਹਨ। ਇਸ ਕਰਕੇ ਇਹ ਕੱਚੀ ਬਾਣੀ ਦਾ ਭਾਗ ਹੈ। ਮੀਣੇ ਗੁਰਬਾਣੀ ਵਿੱਚ ਮਿਲਾਵਟ ਕਰਨ ਵਾਸਤੇ ਕਈ ਤਰ੍ਹਾਂ ਛੜਯੰਤਰ ਰਚਦੇ ਸਨ। ਇਸ ਛੜਯੰਤਰ ਨੂੰ ਅਮਲੀ ਰੂਪ ਦੇਣ ਵਾਸਤੇ ਜਨ ਸਾਧਾਰਨ ਵਿਚ ਇਹ ਪ੍ਰਚਾਰਿਆ ਗਿਆ ਸੀ ਕਿ ਪਹਿਲੇ ਜਪੁਜੀ ਦੀਆਂ 40 ਪਉੜੀਆਂ ਸਨ। ਇਕ ਵਾਰ ਇਕ ਸਿੱਖ ਨੇ ਜਪੁਜੀ ਦਾ ਪਾਠ ਕਰਕੇ ਇਕ ਮਿਰਤਕ ਨੂੰ ਜਿਉਂਦਾ ਕਰ ਦਿੱਤਾ ਜਿਸ ਕਰਕੇ ਗੁਰੂ ਜੀ ਨੇ ਜਪੁਜੀ ਵਿਚੋਂ ਦੋ ਪਉੜੀਆਂ ਕੱਢ ਦਿੱਤੀਆਂ। ਇਹ ਕਲਪਤ, ਅਰਥ-ਹੀਣ ਸਾਖੀ ਘੜਕੇ ਮੀਣੇ ਪ੍ਰਚਾਰਦੇ ਸਨ ਕੱਚੀ ਬਾਣੀ ਵਿਚੋਂ ਇਕ ਇਹ ਹੈ:

*'ਇਹ ਜਪ ਕਰਤੇ ਪੁਰਖ ਕਾ.....।'*

ਦੂਸਰਾ ਸ਼ਬਦ ਸੂਹੀ ਕੀ ਵਾਰ ਮਹਲਾ ੩ ਸਲੋਕ ਮਹਲਾ ੧ ਵਿਚੋਂ ਵਿਚੋਂ ਲਿਆ ਹੈ:

*ਦੁਇ ਦੀਵੇ ਚਉਦਹ ਹਟ ਨਾਲੇ॥* (ਪੰਨਾ ੭੮੯)

ਦੂਸਰਾ ਸ਼ਬਦ ਗੁਰਬਾਣੀ ਵਿਚੋਂ ਲੈਣ ਦਾ ਮੀਣਿਆ ਦਾ ਇਹ ਭਾਵ ਹੈ ਕਿ ਸੰਗਤ ਨੂੰ ਵਿਸ਼੍ਵਾਸ ਵਿਚ ਲਿਆ ਜਾਵੇ। ਇਹ ਸ਼ਬਦ ਜੇਕਰ ਸੂਹੀ ਕੀ ਵਾਰ ਦਾ ਹੈ, ਪਹਿਲਾ ਸ਼ਬਦ, 'ਇਹ ਜਪ ਕਰਤੇ ਪੁਰਖ ਕਾ' ਵੀ ਗੁਰਬਾਣੀ ਵਿਚੋਂ ਹੀ ਹੋ ਸਕਦਾ ਹੈ। ਇਸ ਤਰ੍ਹਾਂ ਮੀਣੇ ਬੜੀ ਡੂੰਘੀ ਸਾਜ਼ਿਸ਼ ਨਾਲ ਮਿਲਾਵਟਾਂ ਕਰ ਰਹੇ ਸਨ। ਕਈ-ਵਾਰ ਸੰਗਤਾਂ ਭੁਲੇਖੇ ਦਾ ਸ਼ਿਕਾਰ ਹੋ ਜਾਂਦੀਆਂ ਸਨ, ਜਿਵੇਂ ਸਾਡੇ ਟੀਕਾਕਾਰ ਸੰਤ ਨਿਰੰਕਾਰ ਸਿੰਘ ਜੀ ਅਤੇ ਸੰਤ ਗੁਲਾਬ ਸਿੰਘ ਜੀ ਭੁਲੇਖੇ ਵਿਚ ਇਸ ਸ਼ਬਦ ਨੂੰ ਗੁਰਬਾਣੀ ਦਾ ਭਾਗ ਮੰਨ ਰਹੇ ਹਨ।

ਜਪੁਜੀ ਸਟੀਕ

ਟੀਕਾਕਾਰ ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ

ਗੁਰਬਾਣੀ ਦੇ ਸੰਪ੍ਰਦਾਈ ਗਿਆਨ ਬਦਨ ਸਿੰਘ ਜੀ ਸੇਖਵਾਂ ਵਾਲਿਆਂ ਨੇ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕੀਤਾ ਹੈ, ਪਰ ਟੀਕੇ ਦੇ ਆਰੰਭ ਵਿਚ ਜਪੁਜੀ ਸਾਹਿਬ ਦੀ ਬਾਣੀ ਹੋਣ

ਕਰਕੇ ਇਸ ਜਪੁਜੀ ਟੀਕੇ ਦਾ ਜ਼ਿਕਰ ਕਰਨਾ ਵੀ ਉਨ੍ਹਾਂ ਹੀ ਜ਼ਰੂਰੀ ਹੈ ਜਿਨ੍ਹਾਂ ਅਸੀਂ ਉਪਰ ਸੁਤੰਤ੍ਰ ਟੀਕਿਆਂ ਦਾ ਕਰ ਆਏ ਹਾਂ। ਇਹ ਟੀਕਾ ਸੰਨ 1877 ਈ. ਵਿਚ ਲਿਖਿਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਸੰਪੂਰਣ ਹੋਣ ਤੇ ਬਾਬਾ ਸੁਮੇਰ ਸਿੰਘ ਜੀ ਮਹੰਤ ਤਖਤ ਪਟਨਾ ਸਾਹਿਬ ਦੀ ਪ੍ਰਧਾਨਗੀ ਹੇਠਾਂ ਵਿਦਵਾਨਾਂ ਦੀ ਬਣਾਈ ਕਮੇਟੀ ਵਿਚ ਇਸ ਟੀਕੇ ਨੂੰ ਸੋਧਿਆ ਗਿਆ। ਇਸ ਕਮੇਟੀ ਵਿਚ ਹੇਠ ਲਿਖੇ ੮ (ਅੱਠ) ਵਿਦਵਾਨ ਸ਼ਾਮਲ ਹਨ।

(1) ਭਾਈ ਹਰਿਭਜਨ ਸਿੰਘ ਜੀ ਗਿਆਨੀ, ਅੰਮ੍ਰਿਤਸਰ।
(2) ਭਾਈ ਸੰਤ ਸਿੰਘ ਜੀ ਗਿਆਨੀ, ਕਪੂਰਥਲਾ।
(3) ਭਾਈ ਝੰਡਾ ਸਿੰਘ ਜੀ ਗਿਆਨੀ, ਨਨਕਯਾਣਾ (ਸੰਗਰੂਰ)
(4) ਭਾਈ ਰਾਏ ਸਿੰਘ ਜੀ ਗਿਆਨੀ, ਜੰਗੀਰਾਣਾ।
(5) ਭਾਈ ਧਿਆਨ ਸਿੰਘ ਜੀ ਗਿਆਨੀ, ਸੇਖਵਾਂ।
(6) ਪੰਡਿਤ ਹਮੀਰ ਸਿੰਘ ਜੀ ਸੰਸਕ੍ਰਿਤੀ।
(7) ਪੰਡਿਤ ਬਾਲਕ ਰਾਮ ਜੀ ਉਦਾਸੀ ਸੰਸਕ੍ਰਿਤੀ।
(8) ਬਾਬਾ ਬਖਤਾਵਰ ਸਿੰਘ ਜੀ ਗਿਆਨੀ।

ਇਸ ਕਮੇਟੀ ਦੀ ਪਰਵਾਂਨਗੀ ਦੁਆਰਾ ਇਹ ਟੀਕਾ ਪਰਵਾਨ ਕੀਤਾ ਗਿਆ। ਇਸ ਤਰ੍ਹਾਂ ਜਪੁਜੀ ਦੇ ਇਸ ਟੀਕੇ ਨੂੰ ਅਸੀਂ 19ਵੀਂ ਸਦੀ ਦਾ ਪ੍ਰਮਾਣਿਕ ਟੀਕਾ ਕਹਿ ਸਕਦੇ ਹਾਂ।

**ਜਪੁਜੀ ਸਟੀਕ (ਹਿੰਦੀ)**

**ਟੀਕਾਕਾਰ - ਪੰਡਿਤ ਅਰਜੁਨ ਸਿੰਘ ਜੀ ਮੁਨੀ ਸ਼ਾਸਤ੍ਰੀ ਵਿਆਕਰਣਾ ਚਾਰਯ**

ਪੰਡਿਤ ਅਰਜੁਨ ਸਿੰਘ ਜੀ 'ਮੁਨੀ' (ਪ੍ਰੇਮ ਸਦਨ ਨਿਰਮਲ ਛਾਉਣੀ) ਹਰਿਦਵਾਰ ਨੇ ਹਿੰਦੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਣਾ ਆਰੰਭ ਕੀਤਾ ਸੀ, ਜਿਸਦੀ ਪਹਿਲੀ ਜਿਲਦ ਵਿਚ ਸ੍ਰੀ ਰਾਗ ਦੇ ਆਰੰਭ ਤਕ ਦੀ ਬਾਣੀ ਹੈ। ਮੁਨੀ ਜੀ ਦੇ ਯੁਵਾ ਅਵਸਥਾ ਵਿਚ ਹੀ ਸੱਚ ਖੰਡ ਸਿਧਾਰ ਜਾਣ ਦੇ ਕਾਰਣ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਤਾਂ ਸੰਪੂਰਨ ਨਾ ਹੋ ਸਕਿਆ। ਪਰ ਜਪੁਜੀ ਸਟੀਕ ਗਿਆਨ ਵਿਚ ਅਥਾਹ ਵਾਧਾ ਕਰਨ ਵਾਲਾ ਗੁਰਮਤਿ ਦੇ ਅਨੁਸਾਰ ਹੈ। ਇਸ ਟੀਕੇ ਦੀ ਵਿਆਖਿਆ ਅਤਿਅੰਤ ਸੁੰਦਰ ਹੈ। ਨਿਰਮਲਿਆਂ ਦੀ ਪਰੰਪਰਾ ਵੇਦਾਂ ਉਪਨਿਸ਼ਦਾਂ ਦੇ ਮੰਤਰ ਅਨਯ ਸ਼ਾਸਤਰਾਂ ਤੇ ਪ੍ਰਮਾਣ ਬਹੁ ਸੰਖਯਾ ਵਿਚ ਦਿਤੇ ਹਨ। ਗੁਰਬਾਣੀ ਦੇ ਅਸ਼ਰਧਕ ਵਿਪਕਸ਼ੀ ਇਹ ਸ਼ੰਕਾ ਜਾਣੇ-ਅਣਜਾਣੇ ਕਰਕੇ ਰਹਿੰਦੇ ਹਨ ਕਿ ਪਾਠ ੴ (ਇਕ ਉਅੰਕਾਰ) ਹੈ ਜਾਂ 'ਇਕ ਓਮ ਹੈ'। ਮੁਨੀ ਜੀ ਨੇ ਆਪਣੇ ਵਿੱਦਿਆ ਬਲ ਨਾਲ ਗੁਰਬਾਣੀ ਦੇ ਪ੍ਰਮਾਣਾਂ ਅਤੇ ਭਾਰਤੀਯ ਸ਼ਾਸਤਰਾਂ (ਗ੍ਰੰਥਾਂ) ਦੁਆਰਾ ਨਿਰਣੇ ਪੂਰਬਕ ੧ ਉਅੰਕਾਰ ਪਾਠ ਸਿੱਧ ਕਰਕੇ ਵਿਪਕਸੀਆਂ ਦੇ ਮੂੰਹ ਬੰਦ ਕਰ ਦਿੱਤੇ ਹਨ। ਮਾਨਨੀਯ ਮੁਨੀ ਜੀ ਨੇ ੴ (ਉਅੰਕਾਰ) ਪਾਠ ਦੀ ਵਿਆਖਿਆ ਵਿਦਵਤਾ ਭਰਪੂਰ ਕੀਤੀ ਹੈ। ਗੁਰਬਾਣੀ ਅਤੇ ਭਾਰਤੀਯ ਸ਼ਾਸਤਰਾਂ ਦਵਾਰਾ ੴ ਇਕ ਉਅੰਕਾਰ ਪਾਠ ਸਿੱਧ ਕਰਕੇ ਸ਼ੰਕਾ ਨਿਵ੍ਰਿਤ ਕਰ ਦਿੱਤੀ ਹੈ।

ਇਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਗੁਰਬਾਣੀ ਉੱਪਰ ਮਹਾਨ ਕੰਮ ਕੀਤਾ ਹੈ। 18ਵੀਂ ਅਤੇ 19ਵੀਂ ਸਦੀ ਵਿਚ ਗਰਬਾਣੀ ਦੇ ਟੀਕੇ ਵਿਸ਼ੇਸ਼ ਕਰਕੇ ਜਪੁਜੀ ਸਾਹਿਬ ਦੇ ਟੀਕੇ ਕਰਨ ਵਿਚ ਅਕਹਿ ਯੋਗ ਪਾਇਆ ਹੈ। ਜਪੁਜੀ ਅਤੇ ਗੁਰਬਾਣੀ ਦੇ ਟੀਕੇ ਵੀ ਉਹ ਗੁਰੂ ਕਾ ਅਤੇ ਨਾਂ ਦਾ ਸਿਮਰਨ ਸਮਝ ਕੇ ਕਰਦੇ ਸਨ। ਬਹੁਤ ਸਾਰੇ ਟੀਕੇ ਅਜਿਹੇ ਵੀ ਮਿਲਦੇ ਹਨ, ਜਿਨ੍ਹਾਂ ਉੱਪਰ ਕਿਸੇ ਟੀਕਾਕਾਰ ਦਾ ਨਾਂ ਨਹੀਂ ਹੈ। ਪਰ ਸ਼ੈਲੀ, ਬੋਲੀ, ਭਾਸ਼ਾ, ਸਿਧਾਂਤ ਤੋਂ ਨਿਰਣੈਪੂਰਬਕ ਨਿਸਚੈ ਹੋ ਜਾਂਦਾ ਹੈ ਕਿ ਟੀਕਾਕਾਰ ਨਿਰਮਲਾ ਸੰਤ ਹੋਵੇਗਾ। ਇਸ ਤਰ੍ਹਾਂ ਜਪੁਜੀ ਸਾਹਿਬ ਉੱਪਰ ਨਿਰਮਲੇ ਮਹਾਂਪੁਰਖਾਂ ਦੀ ਲਿਖਤੀ ਸੇਵਾ ਉਲੇਖਨੀਯ ਹੈ।

# ਨਿਰਮਲੇ ਸੰਤਾਂ ਦੀ ਸੰਸਕ੍ਰਿਤ ਸਾਹਿਤਯ ਨੂੰ ਦੇਨ

*ਸੰਤ ਜੈਲ ਸਿੰਘ ਸ਼ਾਸਤਰੀ*

*ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥*

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੱਗ ਚਿਨਾਂ ਤੇ ਚਲਣ ਵਾਲੇ ਅਪਾਰ ਜਨ ਸ਼ਰਧਾਲੂਆਂ ਦਾ ਸੰਪ੍ਰਦਾਈ ਨਾਮ ਨਿਰਮਲ ਪੰਥ ਹੈ। ਨਿਰਮਲ ਭੇਖ ਦੀ ਪ੍ਰਾਰੰਭਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਈ। ਨਿਰਮਲ ਭੇਖ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲਗਾਏ ਹੋਏ ਇਸ ਪੌਦੇ ਨੂੰ ਸਾਰੇ ਹੀ ਗੁਰੂ ਸਾਹਿਬਾਨ ਨੇ ਸਿੰਚਿਆ। ਜਿਸ ਪ੍ਰਕਾਰ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸਮੇਂ ਨਿਰਮਲ ਪੰਥ ਸੂਰਜ ਦੀ ਤਰ੍ਹਾਂ ਆਪਣੇ ਪ੍ਰਕਾਸ਼ ਦੁਆਰਾ ਵਿਸ਼ਵ ਨੂੰ ਪ੍ਰਕਾਸ਼ਿਤ ਕਰ ਰਿਹਾ ਸੀ ਇਸ ਵਾਸਤੇ ਪੰਚਮ ਪਾਤਸ਼ਾਹ ਦੇ ਸਮੇਂ ਵਿੱਚ ਨਿਰਮਲ ਪੰਥ ਦੀ ਪ੍ਰਸਿੱਧੀ ਬਹੁਤ ਵੇਖਣ ਵਿੱਚ ਆਉਂਦੀ ਹੈ।

*'ਗੁਰ ਅਰਜਨ ਜਹਿ ਬੈਠ ਕਰ ਬਾਂਧੀ ਬੀੜ ਸੁ ਗ੍ਰੰਥ।*
*ਜਹਿ ਪ੍ਰਸਾਦ ਸਭ ਜਗਤ ਮੇਂ ਚਲਹੈ ਨਿਰਮਲ ਪੰਥ।'*

ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿੱਚ ਮਥਰਾ ਭੱਟ ਗੁਰ ਜਸ ਵਰਣਨ ਕਰਦਾ ਹੋਇਆ ਕਹਿੰਦਾ ਹੈ।

*ਨਿਰਮਲ ਭੇਖ ਅਪਾਰ ਤਾਸੁ ਬਿਨ ਅਵਰ ਨਾ ਕੋਈ॥* (ਪੰਨਾ 1409)

ਵਿਆਕਰਣ ਅਨੁਸਾਰ ਨਿਰਮਲ ਦਾ ਅਰਥ ਹੈ ਨਿਰਗਤ: ਮਲ: ਯਸਯ ਸ ਨਿਰਮਲ ਜਿਸ ਵਿੱਚੋਂ ਮਲ (ਪਾਪ ਪ੍ਰਵ੍ਰਿਤੀ) ਨਿਕਲ ਚੁੱਕੀ ਹੈ ਜੋ ਸੁਧ ਹੈ ਜਿਸ ਤਰ੍ਹਾਂ ਸੋਨਾ ਅਗਨੀ ਦੇ ਸੰਜੋਗ ਨਾਲ ਸੁਧ ਹੋ ਜਾਂਦਾ ਹੈ ਉਸੇ ਤਰ੍ਹਾਂ ਹੀ ਜੋ ਗੁਰੂ ਉਪਦੇਸ, ਸੇਵਾ, ਸਿਮਰਨ, ਸਤ-ਸੰਗਤਿ ਦੁਆਰਾ ਸੁਧ ਹੋ ਚੁੱਕਾ ਹੈ ਜਿਸ ਦੀ ਅਵਿਦਿਆ ਰੂਪੀ ਮਲ ਦਾ ਨਾਸ ਹੋ ਚੁੱਕਾ ਹੈ ਉਸ ਨੂੰ ਨਿਰਮਲ ਆਖਦੇ ਹਨ।

ਭਾਈ ਕਾਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿੱਚ ਇਸ ਤਰ੍ਹਾਂ ਲਿਖਿਆ ਹੈ: ਨਿਰਮਲ ਮੈਲ ਰਹਿਤ ਪ੍ਰਕਾਸ਼ ਉਜਾਲਾ ਰੋਸ਼ਨ, ਕਲੰਕ ਰਹਿਤ ਸ੍ਰੇਸ਼ਟਚਾਰੀ ਨਿਰਵੈਰ, ਅਵਿਦਿਆ ਮੈਲ ਤੋਂ ਰਹਿਤ ਨਿਰਮਲ ਧਰਮ-ਖਾਲਸਾ ਧਰਮ ਸਿਖ ਧਰਮ

ਨਿਰਮਲ ਪੰਥ ਸਿਖ ਸੰਪ੍ਰਦਾਏ *'ਅਹਿਨਿਸਿ ਨਵਤਨ ਨਿਰਮਲਾ ਮੈਲ ਨ ਕਬਹੂ ਹੋਇ॥'*

ਇਸ ਬਾਰੇ ਸਤਿਗੁਰੂ ਜੀ ਫਰਮਾਉਂਦੇ ਹਨ

*ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥* (ਗੁਰੂ ਗ੍ਰੰਥ ਜੀ ਪੰਨਾ 297)

ਸੰਸਕ੍ਰਿਤ ਵਿੱਚ ਵਿਦਿਵਾਨਾਂ ਨੇ

**नाम्मेन यः साधुगणो चितेन दधात्यसौनिर्मलतां गुणेन।**
**गुरुपदेश-प्रतिरूद्ध दोषो विरजते निर्मल सम्प्रदायः॥**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਦੇਸ਼ ਵਾਸੀਆਂ ਉੱਤੇ ਅਨੇਕ ਉਪਕਾਰ ਕੀਤੇ ਹਨ। ਉੱਥੇ ਵਿੱਦਿਆ ਦੁਆਰਾ ਵੀ ਸਾਨੂੰ ਚਾਨਣ ਕੀਤਾ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਵਾਸਤੇ ਇੱਕ

ਵੱਖਰਾ ਵਿਭਾਗ ਸਥਾਪਨ ਕਰ ਦਿੱਤਾ ਹੈ। ਗੁਰੂ ਜੀ ਸੰਸਾਰ ਵਿੱਚ ਸਰਵ ਪਦਾਰਥਾਂ ਤੋਂ ਵਿੱਦਿਆ ਨੂੰ ਉਤਮ ਮੰਨਦੇ ਸਨ।

ਵਿਦਵਾਨਾਂ ਦਾ ਪਹਿਲ ਦੇ ਆਧਾਰ ਤੇ ਸਤਿਕਾਰ ਕਰਦੇ ਸਨ ਗੁਰੂ ਜੀ ਦੇ ਦਰਬਾਰ ਵਿੱਚ 52 ਕਵੀਆਂ ਦੇ ਹੋਣਾ ਪ੍ਰਸਿੱਧ ਹੈ ਪਰ 52 ਹੀ ਕਿਉਂ ਗੁਰੂ ਜੀ ਦੀ ਹਜ਼ੂਰੀ ਵਿੱਚ ਸੰਸਕ੍ਰਿਤ ਬ੍ਰਿਜਭਾਸ਼ਾ ਫਾਰਸੀ ਅਰਬੀ ਅਤੇ ਪੰਜਾਬੀ ਆਦਿਕ ਭਾਸ਼ਾਵਾਂ ਦੇ ਅਨੇਕ ਕਵੀ ਵਾਰਤਿਕਕਾਰ ਅਨੁਵਾਦਕ ਲਿਖਾਰੀ ਸਾਹਿੱਤਕਾਰ ਕਥਾਕਾਰ ਨਿਵਾਸ ਰਖਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਦਾ ਦਸਵੰਦ ਪਾਉਂਟਾ ਸਾਹਿਬ ਦੀ ਧਰਤੀ ਤੇ ਕੱਢ ਰਹੇ ਸਨ। ਉਸੇ ਸਮੇਂ ਜਿਸ ਤਰ੍ਹਾਂ ਅਸੀਂ ਸਾਰੇ ਇਤਿਹਾਸਿਕ ਘਟਨਾ ਨੂੰ ਜਾਣਦੇ ਹੀ ਹਾਂ ਕਿ ਸਤਿਗੁਰੂ ਜੀ ਸਰਵ ਸਮਰੱਥ ਸਨ। ਸਿੱਖਾਂ ਨੂੰ ਆਪ ਜੀ ਸਾਰੀ ਸੰਸਕ੍ਰਿਤ ਵਿੱਦਿਆ ਬਖਸ਼ ਸਕਦੇ ਸਨ। ਪਰ ਸਤਿਗੁਰੂ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਲਾਏ ਹੋਏ ਪੌਦੇ ਨੂੰ ਪੇਂਦ ਕੀਤੀ ਕਿ (ਨਿਰਮਲ ਭੇਖ) ਬਖ਼ਸ਼ਿਸ਼ ਕੀਤਾ। ਪੰਜ ਸਿੱਖਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਨਾਲ ਦੇ ਨਾਲ ਪੁਕਾਰਿਆ।

*ਗੁਰ ਪਾਂਚ ਸਿੰਘ ਚੁਣ ਲੀਏ। ਗੰਡਾ ਸਿੰਘ, ਕਰਮ ਸਿੰਘ ਜੀਏ॥*
*ਵੀਰ ਮਿਰਗੇਸ਼, ਰਾਮਸਿੰਘ ਸੈਣਾ, ਇਨ ਪਾਂਚੋਂ ਕੋ ਪਿਖ ਬੁੱਧੀ ਐਨਾ॥*

ਉਹਨਾਂ ਨੂੰ ਕਖਾਏ ਵਸਤਰ ਦੇ ਕੇ ਕਾਂਸੀ ਵਿੱਚ ਸੰਸਕ੍ਰਿਤ ਭਾਸ਼ੀ ਵੇਦ ਵੇਦਾਂਗ ਦਰਸ਼ਨ ਸਮ੍ਰਿਤੀਆਂ ਪੁਰਾਣਾ ਆਦਿ ਦਾ ਅਧਿਐਨ ਕਰਕੇ ਅੱਗੇ ਵਿੱਦਿਆ ਨੂੰ ਪ੍ਰਚਾਰਨ ਦੀ ਆਗਿਆ ਕੀਤੀ। ਇਹ ਪੰਜੇ ਸੰਤ ਕਰਮ ਸਿੰਘ, ਸੰਤ ਰਾਮ ਸਿੰਘ, ਸੰਤ ਗੰਡਾ ਸਿੰਘ ਸੰਤ ਬੀਰ ਸਿੰਘ ਅਤੇ ਸੰਤ ਸੈਣਾ ਸਿੰਘ ਆਪਣਾ ਆਸ਼ੀਰਵਾਦ ਦੇ ਕੇ ਭੇਜਿਆ।

*'ਜਾਉ। ਮੇਰੇ ਲਾਲ ਪਾਲ ਕਰ ਹੈ ਅਕਾਲ ਬਾਰੀ,*
*ਸਾਰੀ ਸ਼ਖ ਸੰਪਦਾ ਮੈਂ ਵਾਰੀ ਸਿਰ ਬਾਰੇ ਪੈ।*
*ਕਾਮ ਕ੍ਰੋਧ ਲੋਭ ਤਯਾਗ ਸਾਗ ਪਾਤ ਖਾਇ ਬਹ,*
*ਬਟ ਹੂੰ ਕੀ ਡਾਯਾ ਅਬਾ ਸੁੰਨੇ ਘਰ ਢਾਰੇ ਪੈ।*
*ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ,*
*ਸੋਈ ਅਬ ਪ੍ਰਗਟੀ ਯੋ ਦੇਸ ਇਸ ਸਾਰੇ ਪੈ।*
*ਵਰਣ ਤੁਮਾਰੇ ਅਬ ਆਸ਼੍ਰਮ ਸੰਨਯਾਸ ਭਯੋ,*
*ਲਯੋ ਹੈ ਅਰੂਜ ਪਦ ਊਚ ਚੰਦ ਤਾਰੇ ਪੈ।'*

ਨਿਰਮਲੇ ਸੰਤਾਂ ਨੇ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦਿਆਂ ਹੋਇਆਂ ਵੀ ਸਤਿਗੁਰੂ ਜੀ ਦੇ ਅਸ਼ੀਰਵਾਦ ਸਦਕਾ ਬਹੁਤ ਹੀ ਘੱਟ ਸਮੇਂ ਵਿੱਚ ਸਾਰੀ ਵਿੱਦਿਆ ਪ੍ਰਾਪਤ ਕਰ ਲਈ।

**ਖਾਲਸਾ ਪੰਥ ਸਾਜਨ ਤੋਂ ਪਹਿਲਾਂ 13 ਵਰਸ**

1686 ਈ: ਨੂੰ ਪਾਉਂਟਾ ਸਾਹਿਬ ਤੋਂ ਚੋਣ ਕਰਕੇ ਕਾਂਸੀ ਨੂੰ ਭੇਜੇ ਸਨ ਜੋ 1699 ਈ. ਨੂੰ ਨਿਰਮਲੇ ਮਹਾਂਪੁਰਖਾਂ ਦੇ ਵਾਪਸ ਆਉਣ ਤੋਂ ਪਹਿਲਾਂ ਖਾਲਸਾ ਪੰਥ ਦੀ ਸਿਰਜਣਾ ਹੋ ਚੁੱਕੀ ਸੀ।

ਗੁਰੂ ਜੀ ਦੇ ਚਰਨਾਂ ਵਿੱਚ ਸ੍ਰੀ ਅਨੰਦ ਪੁਰ ਪੁਜ ਕੇ ਪੰਜੇ ਨਿਰਮਲੇ ਸੰਤਾਂ ਨੇ ਪ੍ਰਸੰਨ ਮੁਖ ਸਤਿਗੁਰ ਜੀ ਨੂੰ ਡੰਡਵਤ ਪ੍ਰਣਾਮ ਕਰਕੇ ਹੇਠ ਲਿਖੀ ਉਸਤਤੀ ਸੰਸਕ੍ਰਿਤ ਸਲੋਕਾਂ ਵਿੱਚ ਉਚਾਰਨ ਕੀਤੀ।

*शुद्धाय बुद्धाय निरंजनाय संसारमायापरिवर्जिताय*
*संचिन्तनाय स्वहृदि स्थिताय गोबिन्दसिंहाय नमोस्त्वजाय ।१।*
*आधाय चान्त्याय च मध्यगाय आद्यन्तहीनाय निरंकुशाय।*
*ज्योतिस्स्वरूपाय शुभप्रदाय गोविन्दसिंहाय नमोस्त्वजाय ।२।*
*आदित्यवंशाय पुरंदराय संसारसाराय स्वयं प्रभाय।*
*रत्यादिहीनाय जनप्रियाय गोविन्दसिंहाय नमोस्त्वजाय ।३।*

*वेदान्तवेद्याय महेश्वराय सोऽहं स्वरूपाय जनेश्वराय।*
*शेषादिगीताय कृताविलाय गोविन्दसिंहाय नमोस्त्वजाय ।४।*
*चिच्छक्तिरूपाय मनोरमाय संसारवारानिधितारणाय।*
*आनन्दकन्दाय शुचिप्रभाय गोविन्दसिंहाय नमोस्त्वजाय ।५।*
*कैवल्यभुताय परात्पराय भोग्याय भोगाय भवाभवाय ।*
*प्रह्लादसिंहाय सुखंकराय गोविन्दसिंहाय नमोस्त्वजाय ।६।*
*ताराय पाराय परायणाय कालाय पालाय जगद्धिताय ।*
*शान्ताय कान्ताय नमोंतकाय गोविन्दसिंहाय नमोस्त्वजाय ।७।*
*सांख्यादितत्वप्रविवेचकाय वैकुंठनाथाय रमारमाय ।*
*श्रौताय सत्याय सुदैशिकाय गोविन्दसिंहाय नमोस्त्वजाय ।८।*

ਪੰਜਾਂ ਸੰਤਾਂ ਦੀ ਇੱਕ ਸਵਰ ਸਾਂਸਕ੍ਰਿਤਮਈ ਉਸਤਤੀ ਸੁਨ ਕਰ ਗੁਰੂ ਜੀ ਬਹੁਤ ਪ੍ਰਸੰਨ ਹੋਏ ਗੁਰੂ ਜੀ ਨੂੰ ਪ੍ਰਸੰਨ ਮੁਖ ਮਾਉਕਾ ਦੇਖ ਕਰ ਪੰਜਾਂ ਸੰਤਾਂ ਨੇ ਆਪਣੇ ਅੰਦਰ ਦੀ ਇੱਛਾ ਨੂੰ ਪ੍ਰਗਟ ਕੀਤਾ ਅਤੇ ਕਿਹਾ ਕਿ ਗੁਰੂ ਜੀ ਅਸੀਂ ਆਪ ਜੀ ਦਾ ਅੰਮ੍ਰਿਤ ਪਾਨ ਕਰਨਾ ਚਾਹੁੰਦੇ ਹਾਂ ਇਹ ਸੁਣ ਕੇ ਗੁਰੂ ਜੀ ਹੋਰ ਵੀ ਪ੍ਰਸੰਨ ਹੋ ਗਏ।

ਭਾਈ ਦਇਆ ਸਿੰਘ ਜੀ ਪਿਆਰੇ ਅਤੇ ਭਾਈ ਧਰਮ ਸਿੰਘ ਜੀ ਪਿਆਰੇ ਦੁਆਰਾ ਪੰਜਾਂ ਸੰਤਾਂ ਨੇ ਅੰਮ੍ਰਿਤਪਾਨ ਕੀਤਾ। ਇਸ ਸਮੇਂ ਵਿਦਵਾਨ ਨਾਮ ਅਭਿਆਸੀ ਸਿਮਰਨ ਵਾਲੇ ਪਾਵਨ ਪਵਿਤ੍ਰ ਸ੍ਰੇਸ਼ਟ ਜੀਵਨ ਵਾਲੇ ਹੋਣ ਕਰਕੇ ਪੰਜਾਂ ਸੰਤਾਂ ਨੂੰ ਖੁਸ਼ੀਆਂ ਬਖਸ਼ੀਆਂ ਸਮੇਂ-ਸਮੇਂ ਤੇ ਗੁਰੂ ਜੀ ਨੇ ਨਿਰਮਲੇ ਸੰਤਾਂ ਨੂੰ ਅਨੇਕਾਂ ਬਖ਼ਸ਼ਿਸ਼ਾਂ ਬਖ਼ਸ਼ੀਆਂ ਜਿਸ ਤਰ੍ਹਾਂ

ਇੱਕ ਵਾਰੀ ਦਸਮ ਸਤਿਗੁਰੂ ਜੀ ਨੇ, ਸ੍ਰੀ ਅਨੰਦਪੁਰ ਦੇ ਸਾਰੇ ਡੇਰਿਆਂ ਦੇ ਲੰਗਰਾਂ ਦੀ, ਪ੍ਰੀਖਿਆ ਵਾਸਤੇ ਭਗਵੇ ਵਸਤਰ ਪਹਿਨ ਕੇ, ਗਾਤੀ ਲਾ ਕੇ ਹੱਥ ਵਿੱਚ ਚਿੱਪੀ ਫੜ ਕੇ, ਸਾਨੂੰ ਦਾ ਰੂਪ ਧਾਰਨ ਕੀਤਾ। ਸਾਰੇ ਲੰਗਰਾਂ ਵਿੱਚ ਜਾ ਕੇ ਭੋਜਨ ਛੱਕਣ ਦੀ ਮੰਗ ਕੀਤੀ। ਲੰਗਰ ਵਾਲਿਆਂ ਨੇ ਜਵਾਬ ਦਿੰਦਿਆ, ਕਿਸੇ ਆਖਿਆ ਲੰਗਰ ਤਿਆਰ ਨਹੀਂ ਹੋਇਆ। ਕਿਸੇ ਆਖਿਆ ਲੰਗਰ ਵਰਤ ਚੁੱਕਾ ਹੈ। ਕਿਸੇ ਆਖਿਆ ਲੰਗਰ ਤਿਆਰ ਹੋਣ ਵਿੱਚ ਸਮਾਂ ਲੱਗੇਗਾ। ਇਸ ਤਰ੍ਹਾਂ ਸਤਿਗੁਰੂ ਜੀ ਸਭ ਦੀ ਪ੍ਰੀਖਿਆ ਕਰਦੇ ਹੋਏ, ਭਾਈ ਨੰਦ ਲਾਲ ਜੀ ਦੇ ਲੰਗਰ ਵਿੱਚ ਪੁਜੇ। ਲੰਗਰ ਅੱਗੇ ਰੱਖ ਕੇ ਹੱਥ ਜੋੜ ਕੇ ਕਿਹਾ ਮਹਾਰਾਜ ! ਇਹ ਚੀਜ਼ ਤਿਆਰ ਹੈ, ਆਪ ਪਰਵਾਨ ਕਰੋ। ਸਤਿਗੁਰੂ ਸੁਣ ਕੇ ਅਤਿ ਪ੍ਰਸੰਨ ਹੋਏ। ਫੁਰਮਾਇਆ 'ਭਾਈ ਨੰਦ ਲਾਲ ਜੀ ਦੀ ਸੇਵਾ ਸਫਲ ਹੈ। ਜੋ ਕੁਝ ਲੰਗਰ ਵਿੱਚ ਤਿਆਰ ਹੈ ਉਹ ਭਾਈ ਜੀ ਵਲੋਂ ਹਾਜ਼ਿਰ ਹੈ। ਧੰਨ ਸਿੱਖੀ ! ਇਸ ਤਰ੍ਹਾਂ ਲੰਗਰਾਂ ਦੀ ਪਰਖ ਕਰਕੇ, ਭਾਈ ਨੰਦ ਲਾਲ ਜੀ ਨੂੰ ਖੁਸ਼ੀਆ ਬਖਸ਼ ਕੇ, ਭਗਵੇਂ ਵਸਤਰ ਉਤਾਰ ਕੇ ਨਿਰਮੇ ਸੰਤਾਂ ਨੂੰ ਬਖ਼ਸ਼ ਦਿੱਤੇ ਅਤੇ ਆਖਿਆ 'ਇਨ੍ਹਾਂ ਵਸਤਰਾਂ ਦੇ ਅਧਿਕਾਰੀ ਨਿਰਮਲੇ ਸੰਤ ਹਨ।' ਸੰਗਤ ਅਤੇ ਲੰਗਰਾਂ ਵਾਲਿਆਂ ਨੂੰ ਫਿਰ ਪਤਾ ਲੱਗਾ ਕਿ ਭਗਵੇਂ ਵਸਤਰਾਂ ਵਾਲਾ ਸਾਧੂ ਤਾਂ ਵਾਸਤਵ ਵਿੱਚ ਸਤਿਗੁਰੂ ਜੀ ਸਨ।'

ਜਿਨ੍ਹਾਂ ਵਿੱਚੋਂ 10 ਪ੍ਰਮੁੱਖ ਬਖਸ਼ਿਸ਼ਾਂ ਹਨ ਜੋ ਕਿ ਗਿ. ਬਲਵੰਤ ਸਿੰਘ ਜੀ (ਸ੍ਰੀ ਨਿਰਮਲ ਪੰਥ ਬੋਧ) ਪੰਨਾ 17 ਤੇ ਵਿਸਤਾਰ ਨਾਲ ਕਥਨ ਕੀਤਾ ਹੈ।

ਇਥੇ ਅਨੰਦਪੁਰ ਦੀ ਧਰਤੀ ਤੇ ਹੀ ਸਤਿਗੁਰੂ ਜੀ ਨੇ ਨਿਰਮਲੇ ਸੰਤਾਂ ਦੇ ਬਾਰੇ ਇੰਝ ਕਿਹਾ।

*ਨਿਰਮਲ ਪਦਵੀ ਸਾਧੂ ਵੇਸ਼, ਬਖਸ਼ਿਓ ਗੁਰੂ ਜਿਓ ਇਨੇ ਵਿਸ਼ੇਸ਼।*
*ਨਿਰਮਲ ਪੂਰ ਇਹੁ ਸਹ ਨਿਰਮਲੇ, ਹਰ ਗੁਰ ਭਗਤ ਵਿਰਕਤ ਪਿਰਮਿਲੇ।*
*ਸਭ ਕੇ ਮਨਨ ਪੂਜਨ ਯੋਗ, ਪੰਥ ਨਿਰਮਲਾ ਇਹ ਮਮ ਹੋਗ।*

*ਭਜਨ ਰਤ ਗਿਆਨ ਧਿਆਨ ਜੋ ਕਰਤ ਹੇਰੇ।*
*ਵਚਨ ਗੁਰੂ ਜੀ ਟੇਰੇ, ਐ ਹੈ ਮੇਰੇ ਨਿਰਮਲੇ।* (ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼)

ਸਤਿਗੁਰੂ ਜੀ ਅੱਜ ਇਸ ਤਰ੍ਹਾਂ ਪ੍ਰਸੰਨ ਸਨ ਕਿ ਜਿਸ ਤਰ੍ਹਾਂ ਕਿਸੇ ਮਾਂ ਦੇ ਜਦੋਂ ਦੋ ਪੁੱਤਰ ਉਸਦੇ ਸਾਮ੍ਹਣੇ ਖੜ੍ਹੇ ਹੁੰਦੇ ਹਨ ਤਾਂ ਮਾਂ ਆਪਣੇ ਪੁੱਤਰਾਂ ਦੀ ਜੋੜੀ ਨੂੰ ਦੇਖ ਕੇ ਪ੍ਰਸੰਨ ਹੁੰਦੀ ਹੈ ਇਸੇ ਤਰ੍ਹਾਂ ਹੀ ਗੁਰੂ ਜੀ ਆਪਣੇ ਦੋਨੋਂ ਪ੍ਰਕਾਰ ਦੇ ਸ਼ਿਸ਼ਾਂ ਨੂੰ ਦੇਖ ਕੇ ਪ੍ਰਸੰਨ ਹੋ ਰਹੇ ਹਨ ਜਿਥੇ ਸ਼ਸਤਰ ਧਾਰੀਆਂ ਨੂੰ ਯੁੱਧ ਵਿੱਚ ਕੁਸ਼ਲ ਹਨ ਉਥੇ ਨਿਰਮਲੇ ਸੰਤ ਸ਼ਾਸਤਰ ਵਿਦਿਆ ਵਿੱਚ ਪ੍ਰਵੀਨ ਹਨ। ਜਿਸ ਦੇ ਬਾਰੇ ਪੰਡਿਤ ਗੁਲਾਬ ਸਿੰਘ ਜੀ ਮੋਖਸ਼ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:-

*ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ॥*
*ਰਚਯੋ ਪੰਥ ਭਵ ਮੈ ਪ੍ਰਗਟ, ਦੋ ਬਿਧਿ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਕੈ, ਭੁਜਬਲ ਬਹੁ ਵਿਸਤਾਰ।*
*ਪਾਲਨ ਭੂਮੀ ਕੋ ਕਰਯੋ ਦੁਸ਼ਟਨ ਮੂਲ ਉਖਾਰ।*
*ਔਰਨ ਕੋ ਖਿ ਵਿਮਲ ਮਤਿ, ਕੀਨੋ ਪਰਮ ਵਿਵੇਕ।*
*ਨਿਰਮਲ ਭਾਖੇ ਜਗਤ ਤਿਹ, ਹੇਰੈ ਬ੍ਰਹਮ ਜੁ ਏ।*

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ.. ਪੰਥ ਪ੍ਰਕਾਸ਼ ਪੰਨਾ 2785

*ਸਿੱਖ ਦ੍ਵੈ ਬਿਧਿ ਸਭਿ ਤਿਨ ਕੇ ਥੀਏ। ਏਕ ਗ੍ਰਿਹਸਥੀ ਤਯਾਗੀ ਬੀਏ।*
*ਗ੍ਰੇਹੀ ਕੇਵਲ ਸਿੱਖ ਬਿਦਤਾਏ। ਤਯਾਗੀ ਸਿੱਖ ਨਿਰਮਲੇ ਗਾਏ॥*

ਇਸ ਤਰ੍ਹਾਂ ਸਤਿਗੁਰੂ ਜੀ ਨੇ ਅਨੇਕਾਂ ਬਖਸ਼ਿਸ਼ਾਂ ਬਖਸ਼ੀਆਂ ਸੰਤਾਂ ਨੂੰ ਧਰਮ ਪ੍ਰਚਾਰ ਵਿਦਿਆ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰਨ ਦੀ ਸੇਵਾ ਵੀ ਨਿਰਮਲੇ ਮਹਾਂਪੁਰਖਾਂ ਨੂੰ ਬਖਸ਼ੀ ਖ਼ਾਲਸਾ ਪੰਥ ਦੀ ਸਿਰਜਣਾ ਅਤੇ ਨਿਰਮਲ ਪੰਥ ਦੀ ਸਿਰਜਣਾ ਤੇ ਗੁਰੂ ਜੀ ਪ੍ਰਸੰਨ ਹੋਏ ਖ਼ਾਲਸਾ ਫ਼ਾਰਸੀ ਦਾ ਸ਼ਬਦ ਹੈ ਜੋ ਗੁਰੂ ਜੀ ਦੇ ਕਥਨ ਅਨੁਸਾਰ

*ਖਾਲਸ ਤਾਹੇ ਨਿਖਾਲਸ ਜਾਨੋ*

ਤੋਂ ਸਪੱਸ਼ਟ ਹੁੰਦਾ ਹੈ ਅਤੇ ਨਿਰਮਲ ਸੰਸਕ੍ਰਿਤ ਦਾ ਸ਼ਬਦ ਹੈ ਭਾਸ਼ਾ ਭੇਦ ਕਰਕੇ ਦੋ ਸ਼ਬਦ ਪ੍ਰਤੀਤ ਹੁੰਦੇ ਹਨ ਵਾਸਤਵ ਵਿੱਚ ਅਰਥ ਇੱਕੋ ਹੈ।

ਗੁਰੂ ਜੀ ਨੇ ਮੁਕਤਿ ਭੁਗਤਿ ਸ਼ਕਤੀ ਭਗਤੀ ਦੇਗ ਤੇਗ ਗਿਆਨ ਵਿਗਿਆਨ ਆਤਮ ਗਿਆਨ ਬ੍ਰਹਮ ਵਿਦਿਆ ਸਭ ਕੁਝ ਪ੍ਰਸੰਨਤਾ ਪੂਰਵਕ ਪੰਥ ਨੂੰ ਬਖਸ਼ਿਆ ਅਤੇ ਫੁਰਮਾਇਆ ਕਿ ਮੈਂ ਆਪਣੇ ਸਿੱਖਾਂ ਦੀ ਕ੍ਰਿਪਾ ਨਾਲ ਮਾਣ ਸਤਿਕਾਰ ਧੰਨ ਸੰਪਤੀ ਸ਼ਕਤੀ ਵਿਜੈ ਵਿਦਿਆ ਗੁਣ ਗਿਆਨ ਪ੍ਰਾਪਤ ਕੀਤਾ ਹੈ।

ਇਹ ਗੁਰੂ ਜੀ ਦੀ ਨਿਮਰਤਾ ਦੀ ਸੀਮਾ ਹੈ। ਗੁਰੂ ਜੀ ਆਪਣੀ ਪਵਿੱਤਰ ਕਲਮ ਦੁਆਰਾ ਲਿਖਦੇ ਹਨ।

*ਇਨਹੀ ਕੇ ਪ੍ਰਸਾਦਿ ਸੁਵਿਦਿਆ ਲਈ,*
*ਇਨਹੀ ਕ੍ਰਿਪਾ ਸੇ ਸਭ ਸ਼ਤ੍ਰ ਮਰੇ।*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ*
*ਨਹਿ ਮੋ ਸੋ ਗਰੀਬ ਕਰੋਰ ਪਰੇ॥* (ਪਾ. 10ਵੀਂ ਖ਼ਾਲਸਾ ਮਹਿਮਾ)

ਗੁਰੂ ਜੀ ਦੇ ਇਸ ਕਥਨ ਤੋਂ ਵੀ ਸਿੱਧ ਹੋ ਗਿਆ ਕਿ ਨਿਰਮਲ ਪੰਥ ਅਤੇ ਖ਼ਾਲਸਾ ਪੰਥ ਇੱਕ ਰੂਪ ਇੱਕ ਜੋਤਿ ਹੈ। ਇਹ ਵੀ ਸਿੱਧ ਹੋ ਗਿਆ ਗੁਰੂ ਜੀ ਨੇ ਸ਼ਾਸਤਰ ਅਤੇ ਸ਼ਸਤਰ ਦਾ ਏਕੀਕਰਨ ਕਰ ਦਿੱਤਾ ਸੀ। ਗੁਰੂ ਜੀ ਸ਼ਾਸਤਰ ਅਤੇ ਸ਼ਸਤਰ ਦੀ ਇੱਕੋ ਜਿਹੀ ਜ਼ਰੂਰਤ ਸਮਝਦੇ ਸਨ। ਭਾਵ ਨਿਰਮਲ ਪੰਥ ਸਿੱਖ ਪੰਥ ਦਾ ਪ੍ਰਮੁਖ ਅੰਗ ਹੈ। ਸਾਰੇ ਇਸ ਕਥਨ ਨੂੰ ਸ੍ਰ. ਸ਼ਮਸ਼ੇਰ ਸਿੰਘ ਜੀ ਅਸ਼ੋਕ ਪ੍ਰੋੜਤਾ ਸਹਿਤ ਸਪੱਸ਼ਟ ਕਰਦੇ ਹਨ।

"ਨਿਰਮਲੇ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਦੇਖ ਕੇ ਕਿਸੇ ਤਰ੍ਹਾਂ ਦੀ ਨੁਕਤਾਚੀਨੀ ਕਰਨੀ ਮੁਨਾਸਫ ਨਹੀਂ ਜਾਪਦੀ ਅਤੇ ਉਹਨਾਂ ਦਾ ਇਹ ਭੇਖ ਅਸੂਲੀ ਤਰ ਉੱਤੇ ਨਿੰਦਣ ਯੋਗ ਨਹੀਂ ਮੰਨਿਆ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ ਰੱਖਣਾ ਇਸ ਲਈ ਨਿਰਮਲੇ ਸੰਤਾਂ ਨੂੰ ਅਤੀਤ ਭੇਸ ਧਾਰਨ ਦੀ ਖੁਲ ਦੇ ਕੇ ਉਹਨਾਂ ਨੇ ਸਿੰਘਾਂ ਦੇ ਬਨਾਰਸੋਂ ਪੜ੍ਹਨ ਤੋਂ ਬਾਅਦ ਦੇਸ਼ ਦੇ ਹਰੇਕ ਇਲਾਕੇ ਵਿੱਚ ਭੇਜਿਆ।"

(ਨਿਰਮਲ ਸੰਪ੍ਰਦਾਇ ਸੰਪਾਦਕ ਪ੍ਰੋ. ਪ੍ਰੀਤਮ ਸਿੰਘ ਜੀ, ਪੰਨਾ 145)

ਪ੍ਰੋ. ਪਿਆਰਾ ਸਿੰਘ ਜੀ ਪਦਮ ਦਾ ਕਥਨ ਵੀ ਵਿਚਾਰਨ ਯੋਗ ਹੈ।

"ਨਿਰਮਲੇ ਕਿਸ ਕਿਸਮ ਦੇ ਸਿੱਖ ਮਿਸ਼ਨਰੀ ਸਨ ਜੋ ਕੇਸਾਧਾਰੀ ਹੋ ਕੇ ਆਪਣਾ ਵਿਲੱਖਣ ਸਥਾਨ ਬਣਾਉਂਦੇ ਗਏ। ਦੂਜੇ ਸ਼ਬਦਾਂ ਵਿੱਚ ਇਨ੍ਹਾਂ ਨੇ ਸਿੱਖੀ ਦਾ ਹੀ ਪ੍ਰਚਾਰ ਨਹੀਂ ਕੀਤਾ ਬਲਿਕ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾਈ ਆਦਰਸ਼ਾਂ ਨੂੰ ਪ੍ਰਚਾਰ ਕੇ ਸਿੰਘ ਮਤ ਦਾ ਪ੍ਰਸਾਰ ਕੀਤਾ ਅਤੇ ਨਾਲ ਹੀ ਪੁਰਾਤਨ ਸ਼ਾਸਤਰ ਪ੍ਰਣਾਲੀ ਅਨੁਸਾਰ ਗੁਰਮਤਿ ਸਿਧਾਂਤ ਦੀ ਵਡਿਆਈ ਦਰਸਾ ਕੇ ਪੰਡਿਤਗਣ ਵਿੱਚ ਆਪਣਾ ਸਿੱਕਾ ਜਮਾਇਆ।"

(ਸਿੱਖ ਸੰਪ੍ਰਦਾਵਲੀ ਪੰਨਾ 61 ਛਾਪ 1॥)

ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਭਾਰਤ ਵਿੱਚ ਆਪਣਾ ਵਿਸ਼ੇਸ਼ ਸਤਿਕਾਰ ਸਥਾਨ ਬਣਾਇਆ ਹੈ ਜੋ ਧਰਮ ਸੰਚਾਰ ਅੰਮ੍ਰਿਤ ਸੰਚਾਰ ਵਿਦਿਆ ਪੜ੍ਹਨ-ਪੜ੍ਹਾਉਣ ਦਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲ ਭੇਖ ਨੂੰ ਸੌਂਪਿਆ ਹੈ। ਉਸ ਤੇ ਨਿਰਮਲ ਭੇਖ ਹਰ ਤਰ੍ਹਾਂ ਪਹਿਰਾ ਦੇ ਰਿਹਾ ਹੈ।

ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਬ੍ਰਜਭਾਸ਼ਾ ਸਾਧਭਾਸ਼ਾ ਪੰਜਾਬੀ ਹਿੰਦੀ ਖੜ੍ਹੀਬੋਲੀ ਅਤੇ ਸੰਸਕ੍ਰਿਤ ਵਿੱਚ ਅਨੇਕਾਂ ਗ੍ਰੰਥਾਂ ਦੀ ਰਚਨਾ ਅਨੇਕਾਂ ਹੀ ਵਿਸ਼ਿਆਂ ਉੱਤੇ ਕੀਤੀ ਹੈ। ਅਸੀਂ ਕੇਵਲ ਸੰਸਕ੍ਰਿਤ ਵਿੱਚ ਨਿਰਮਲੇ ਮਹਾਂਪੁਰਖਾਂ ਦੀ ਕੀਤੀ ਸੇਵਾ ਦਾ ਵਰਣਨ ਕਰਨ ਦਾ ਯਤਨ ਕਰਾਂਗੇ।

ਪੰਜਾਂ ਸੰਤਾਂ ਦੇ ਅਨੰਦਪੁਰ ਪਹੁੰਚਣ ਤੇ ਸਤਿਗੁਰ ਜੀ ਨੇ ਜਿਸ ਵਾਸਤੇ ਪੰਜਾਂ ਸੰਤਾਂ ਨੂੰ ਪੜ੍ਹਨ ਭੇਜਿਆ ਸੀ ਉਹ ਹੁਣ ਰੁਖ ਫਲੀਭੂਤ ਹੋ ਕੇ ਆਪਣੇ ਫਲਾਂ ਦਾ ਰਸ ਅਨੰਦਪੁਰ ਤੋਂ ਹੀ ਚਖਾਉਣ ਲੱਗਾ ਜਿੱਥੇ ਗੰਗਾ ਯਮਨਾ ਦਾ ਪ੍ਰਵਾਹ ਅਨੰਦਪੁਰ ਵਿੱਚ ਚਲ ਰਿਹਾ ਸੀ ਉੱਥੇ ਹੁਣ ਨਾਲ ਹੀ ਸਰਸਵਤੀ ਦੇ ਮਿਲਣ ਨਾਲ ਸੰਗਮ ਦਾ ਰੂਪ ਧਾਰਨ ਕਰ ਗਿਆ। ਜਿਸ ਤਰ੍ਹਾਂ ਸਰਸਵਤੀ ਮਾਨਾ ਪਿੰਡ ਤੋਂ ਪ੍ਰਗਟ ਹੋ ਕੇ ਅਲਕਨੰਦਾ ਦੇ ਵਿੱਚ ਜਾ ਕੇ ਗੁਪਤ ਹੋ ਜਾਂਦੀ ਹੈ। ਫਿਰ ਪ੍ਰਯਾਗ ਵਿੱਚ ਆ ਕੇ ਪ੍ਰਗਟ ਹੋਈ ਇਸੇ ਤਰ੍ਹਾ ਹੀ ਕਾਂਸੀ ਤੋਂ ਆ ਕੇ ਸਰਸਵਤੀ ਅਨੰਦਪੁਰ ਸਤਿਗੁਰ ਜੀ ਨੇ ਪ੍ਰਗਟ ਕਰ ਦਿੱਤੀ। ਇੱਥੇ ਵਿਦਿਆ ਦਾ ਪ੍ਰਵਾਹ ਚੱਲਣ ਲੱਗਾ- ਪੰਡਿਤ ਭਾਈ ਗੰਡਾ ਸਿੰਘ ਜੀ ਮਹਾਂ ਭਾਰਤ ਦੀ ਕਥਾ ਸੁਨਾਉਣ ਲੱਗੇ। ਇੰਜ ਜਾਪਦਾ ਸੀ ਕਿ (ਧਰਮ) ਕਰਮ ਆਪ ਖੁਦ ਸੇਵਾ ਦਾ ਰੂਪ ਧਾਰਨ ਕਰਕੇ ਖੜ੍ਹਾ ਹੋਵੇ। ਇਸ ਦਾ ਇਹ ਪ੍ਰਭਾਵ ਹੋਇਆ ਕਿ ਸਿੱਖਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਕੇ ਆਪਣੇ ਧਰਮ ਨੂੰ ਆਪਣੀ ਜਾਨ ਤੋਂ ਵੀ ਪਿਆਰਾ ਸਮਝ ਕੇ ਧਰਮ ਦੀ ਖ਼ਾਤਿਰ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਪੰਡਿਤ ਭਾਈ ਰਾਮ ਸਿੰਘ ਜੀ ਰਮਾਇਣ ਦੀ ਕਥਾ ਕਰਨ ਲੱਗੇ। ਜਿਵੇਂ ਭਗਤੀ ਭਾਗਵਤ ਪੁਰਾਣ ਦੇ ਅਨੁਸਾਰ ਵਰਿੰਦਾਵਨ ਦੇ ਵਿੱਚ ਆ ਕਰਕੇ ਬਿਰਧ ਤੋਂ ਜਵਾਨ ਹੋ ਗਈ ਸੀ। ਪਰ ਉੱਥੇ ਉਹ ਦੁੱਖੀ ਰਹਿੰਦੀ ਸੀ ਕਿਉਂਕਿ ਉਸਦੇ ਪੁੱਤਰ ਗਿਆਨ ਅਤੇ ਵੈਰਾਗ ਬਿਰਧ ਸਨ। ਉਨ੍ਹਾਂ ਨੂੰ ਦੇਖ ਦੇਖ ਕੇ ਉਹ ਦੁੱਖੀ ਹੁੰਦੀ ਰਹਿੰਦੀ ਸੀ। ਪਰ ਸ੍ਰੀ ਅਨੰਦਪੁਰ ਸਾਹਿਬ ਦੇ ਵਿੱਚ ਭਗਤੀ ਆਪਣੇ ਜਵਾਨ ਪੁੱਤਰਾਂ ਨੂੰ ਦੇਖ ਕਰਕੇ ਕਿਸੇ ਵੀ ਪ੍ਰਕਾਰ ਦੇ ਸ਼ੋਕ ਤੋਂ ਰਹਿਤ ਪ੍ਰਸੰਨਮੁਦਰਾ ਦੇ ਵਿੱਚ ਦਿਖਾਈ ਦਿੰਦੀ ਸੀ। ਜਿਸ ਦਾ ਪ੍ਰਮਾਣ ਹੈ ਕਿ ਸਾਰੇ ਹੀ ਸ਼ਰਧਾਲੂ ਆਪਣੇ ਜੀਵਨ ਦੀਆਂ ਸਾਰੀਆਂ ਕਾਮਨਾਵਾਂ ਛਡ ਕਰਕੇ ਆਪਣੇ ਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਬੈਠ ਕਰਕੇ ਕੇਵਲ ਆਪਣੇ ਮਨ ਦੇ ਵਿੱਚ ਇਹੀ ਇੱਛਾ ਰਖਦੇ ਸਨ ਕਿ ਹਮੇਸ਼ਾ ਸਾਨੂੰ

ਆਪ ਜੀ ਦੇ ਚਰਨਾਂ ਵਿੱਚ ਨਿਵਾਸ ਮਿਲੇ। ਇਸ ਪ੍ਰਕਾਰ ਭਗਤਾਂ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੀ ਅਨਨਯ ਭਗਤੀ ਸੀ। ਜੋ ਕਿਸੇ ਪ੍ਰਕਾਰ ਦੀ ਕਾਮਨਾ ਤੋਂ ਰਹਿਤ ਸੀ। ਪੰਡਿਤ ਕਰਮ ਸਿੰਘ ਜੀ ਉਪਨਿਸ਼ਦਾਂ ਦੀ ਕਥਾ ਕਰਨੀ ਸ਼ੁਰੂ ਕੀਤੀ। ਉਸ ਸਮੇਂ ਜੋ ਸੰਸਾਰ ਦੇ ਜੀਵਾਂ ਦੇ ਹਿਰਦੇ ਦੇ ਵਿੱਚ ਅਗਿਆਨ ਦਾ ਅੰਧੇਰਾ ਛਾਇਆ ਹੋਇਆ ਸੀ ਜਿਸ ਕਾਰਨ ਜੀਵ ਇੱਕ ਦੂਸਰੇ ਦੇ ਨਾਲ ਵੈਰ ਵਿਰੋਧ, ਰਾਗ ਦ੍ਵੈਸ਼ ਰਖਦੇ ਸਨ ਉਸਦੇ ਨਾਸ਼ ਹੋਣ ਦਾ ਪ੍ਰਮਾਣ ਹੈ ਭਾਈ ਅਡਣ ਸ਼ਾਹ ਜੀ। ਜਿਨ੍ਹਾਂ ਨੂੰ ਉਸ ਗਿਆਨ ਦੇ ਪ੍ਰਕਾਸ਼ ਦੁਆਰਾ ਆਪਣੇ ਦੁਸ਼ਮਣਾਂ ਦੇ ਅੰਦਰ ਅਤੇ ਆਪਣੇ ਮਿੱਤਰਾਂ ਦੇ ਵਿੱਚ ਇੱਕ ਹੀ ਮਾਤਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋ ਰਹੇ ਸਨ ਜਿਸ ਦਾ ਸਿਖ ਇਤਿਹਾਸ ਪ੍ਰਮਾਣ ਹੈ।

*"ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕ ਏਕ ਵਖਾਣੀਐ॥*
*ਆਤਮ ਪਸਾਰਾ ਕਰਨਹਾਰਾ ਪ੍ਰਭ ਬਿਨ੍ਹਾਂ ਨਹੀਂ ਜਾਣੀਐ॥"*

ਗਿਆਨ ਦਾ ਸਦਕਾ ਉਨ੍ਹਾਂ ਨੂੰ ਇਸ ਪ੍ਰਕਾਰ ਦੀ ਦ੍ਰਿਸ਼ਟੀ ਪ੍ਰਾਪਤ ਹੋਈ।

ਪ੍ਰਯਾਗ ਰਾਗ ਵਿੱਚ ਤਾਂ ਜਿਵੇਂ ਗੰਗਾ-ਯਮਨਾ-ਸਰਸਵਤੀ ਵਖਰੋ-ਵਖਰੀ ਦਿਸਦੀ ਹੈ ਪਰ ਮਿਲ ਕੇ ਇੱਕ ਹੋ ਜਾਂਦੀਆਂ ਹਨ ਪਰ ਅਨੰਦਪੁਰ ਵਿੱਚ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਤਿਨੋਂ ਹੀ ਆਪਣਾ-ਆਪਣਾ ਵੱਖਰਾ-ਵੱਖਰਾ ਰੂਪ ਸਪੱਸ਼ਟ ਨਜ਼ਰ ਆਉਂਦਾ ਸੀ ਅਤੇ ਸਪੱਸ਼ਟ ਕਰਮ-ਭਗਤੀ-ਗਿਆਨ ਦਾ ਇੱਕ ਦਮ ਤਿੰਨਾਂ ਦੇ ਵਿਸ਼ੇ ਸਪੱਸ਼ਟ ਸੀ। ਕਿਸੇ ਨੂੰ ਕਿਸੇ ਵੀ ਵਿਸ਼ੇ ਤੇ ਭਰਮ ਨਹੀਂ ਰਿਹਾ। ਜੋ ਜੀਵ ਜਿਸ ਜਿਸ ਵਸਤੂ ਦਾ ਅਧਿਕਾਰੀ ਸੀ ਉਹ ਉਹੀ ਉਹੀ ਪ੍ਰਾਪਤ ਕਰਕੇ ਆਪਣੇ ਮਾਰਗ ਤੇ ਨਿਹਸੰਕੋਚ ਚੱਲਣ ਵਾਸਤੇ ਅਗਰਸਰ ਹੋ ਗਿਆ। ਇੰਜ ਜਾਪਦਾ ਸੀ ਕਿ ਜਿਵੇਂ ਸੰਸਾਰ ਉੱਤੇ ਕਾਲੀ ਘਟਾ ਵਾਲਾ ਬਦਲ ਭਰਮ ਰੂਪ ਦੇ ਵਿੱਚ ਛਾਇਆ ਸੀ। ਉਹ ਹਨ੍ਹੇਰੀ ਦੇ ਆਉਣ ਨਾਲ ਜਿਵੇਂ ਉਡ ਜਾਂਦਾ ਹੈ ਇਸੇ ਤਰ੍ਹਾਂ ਹੀ ਜੋ ਲੋਕ ਭਰਮ ਭੁਲੇਖਿਆਂ ਵਿੱਚ ਪਏ ਸਨ ਸਾਰਿਆਂ ਦੇ ਭੁਲੇਖਿਆਂ ਦਾ ਨਾਸ ਹੋ ਗਿਆ ਅਤੇ ਸਾਰਿਆਂ ਨੂੰ ਸਾਫ਼ ਅਧਿਆਤਮ ਦਾ ਮਾਰਗ ਸਪੱਸ਼ਟ ਨਜ਼ਰ ਆਉਣ ਲੱਗਾ। ਇਸ ਪ੍ਰਯਾਗ ਵਿੱਚ ਇਸ਼ਨਾਨ ਕਰਕੇ ਹਜ਼ਾਰਾਂ ਲੱਖਾਂ ਹੀ ਜੀਵਾਂ ਨੇ ਆਪਣਾ ਜੀਵਨ ਸਫ਼ਲ ਕੀਤਾ। ਗੁਰੂ ਜੀ ਦੀ ਆਗਿਆ ਨਾਲ ਇਥੇ ਹੀ ਸੰਤਾਂ ਨੇ ਗ੍ਰੰਥਾਂ ਦੇ ਟੀਕੇ, ਗ੍ਰੰਥਾਂ ਦੇ ਅਨੁਵਾਦ, ਸ਼ੁਰੂ ਕੀਤੇ।

1. ਪੰਡਿਤ ਸੱਦਾ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਕੇਵਲ 59 ਸਾਲ ਮਗਰੋਂ ਸੰਮਤ 1824 ਬਿ. ਵਿੱਚ ਅਦ੍ਵੈਤ ਸਿਧੀ ਦਾ ਸੁਗਮਸਾਰ ਚੰਦ੍ਰਿਕਾ ਟੀਕਾ ਤਿਆਰ ਕੀਤਾ ਹੈ। ਪੰਡਿਤ ਸੱਦਾ ਸਿੰਘ ਜੀ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਸਨ।

2. ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ 87 ਸਾਲ ਮਗਰੋਂ ਬਿ. 1852 ਵਿੱਚ ਸੰਸਕ੍ਰਿਤ ਵਿੱਚ ਜਪੁਜੀ ਸਾਹਿਬ ਦਾ ਟੀਕਾ ਕੀਤਾ।

3. ਪੰਡਿਤ ਈਸ਼ਵਰ ਸਿੰਘ ਜੀ ਕਾਸ਼ੀ ਵਾਲਿਆਂ ਨੇ ਵਾਹਗੁਰੂ ਮੰਤਰਾਥ ਸੰਸਕ੍ਰਿਤ ਦਾ ਅਪੂਰਵ ਗ੍ਰੰਥ ਲਿਖਿਆ ਜੋ ਬਾਂਬੇ ਮਸ਼ੀਨ ਪ੍ਰੈਸ ਲਾਹੌਰ ਵਿੱਚ 1910 ਬਿ. ਨੂੰ ਪ੍ਰਕਾਸ਼ਿਤ ਹੋਇਆ ਸੀ। ਹੁਣ ਇਸ ਗ੍ਰੰਥ ਨੂੰ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਨੇ ਸੰਪਾਦਨ ਕਰਕੇ ਪ੍ਰਕਾਸ਼ਿਤ ਕੀਤਾ ਹੈ।

4. ਪੰਡਿਤ ਗੋਬਿੰਦ ਸਿੰਘ ਜੀ ਕਾਸ਼ੀ ਵਾਲਿਆਂ ਨੇ ਨਯਾਯ ਮੁਕਤਾਵਲੀ ਸੰਸਕ੍ਰਿਤ ਦੀ ਅਤੇ ਵੇਦਾਂਤ ਪਰਿਭਾਸ਼ਾ ਦਾ ਹਿੰਦੀ ਵਿੱਚ ਟੀਕੇ ਕੀਤੇ ਹਨ। ਵੇਦਾਂਤ ਪਰਿਭਾਸ਼ਾ 1979 ਬਿ. ਵਿੱਚ ਲਕਸ਼ਮੀ ਵੇਂਕਟੇਸ਼੍ਵਰ ਕਲਿਆਣ ਬੰਬਈ ਤੋਂ ਪ੍ਰਕਾਸ਼ਿਤ ਹੋਈ। ਆਪ ਜੀ ਗੁਰੂ ਨਾਨਕ ਦੇਵ ਜੀ ਦੇ ਅਨਨਯ ਭਗਤ ਸਨ। ਵੇਦਾਂਤ ਪਰਿਭਾਸ਼ਾ ਵਿੱਚ 8 ਪਰਿਸ਼ੇਦ ਹਨ ਅਤੇ ਇਨ੍ਹਾਂ ਨੇ ਅੱਠਾਂ ਹੀ ਪਰਿਸ਼ੇਦਾਂ ਦੇ ਆਰੰਭ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ ਕੀਤਾ।

*कुर्वतः सत्कृतिं सन्तः संस्मरन्ति यमव्ययम् ।*

*येन केनामिधानेन वन्द्योऽसौ नानकोगुरू: ॥*
*शब्द मानं समुत्सृज्य नाहित यत्र प्रर्वतना ।*
*मुख्यतोऽपरमानानां मेयोऽसौ नानकोगुरू: ॥*

ਵੈਰਾਗ ਸ਼ਤਕ ਉੱਪਰ ਵੀ ਆਪ ਜੀ ਨੇ ਟਿਪਣੀ ਕੀਤੀ। ਗੁਰੂ ਖ਼ਾਲਸਾ ਅਪੂਰਵ ਗ੍ਰੰਥ ਲਿਖਿਆ।

ਹਿੰਦੀ ਵਿੱਚ ਇਤਿਹਾਸ

5. ਪੰਡਿਤ ਗੁਰਦਿੱਤ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਨੌਵੇਂ ਮਹੱਲੇ ਦੇ ਸ਼ਲੋਕਾਂ ਦਾ ਅਨੁਵਾਦ (ੳ) ਸ੍ਰੀ ਗੁਰੂ ਗਿਰਾ ਰੁਪਾਂਤਰ ਨਾਮ ਕਾਵਯ ਵਿੱਚ ਕੀਤਾ। ਇਹ ਗ੍ਰੰਥ 1916 ਈ. ਵਿੱਚ ਲਾਹੌਰ ਪ੍ਰਿੰਟਿਗ ਵਰਕਸ ਲਾਹੌਰ ਤੋਂ ਛਪਿਆ ਹੈ।

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥*
*ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈਂ ਮਾਨੁ॥* (ਪੰਨਾ 1426)

ਸੰਸਕ੍ਰਿਤ ਰੂਪ

*हेशिष्य जानीहि पवित्र शिक्षां पचैव भूतानी शरीर हेतु: ।*
*यत: समृत्पन्न मदोऽन्त काले तत्रैव लीन भवतीत सत्यम् ॥*

(ਅ) ਵੇਦਾਂਤ ਸਿਧਾਂਤ ਮੁਕਤਾਵਲੀ ਦਾ ਹਿੰਦੀ ਵਿੱਚ ਟੀਕਾ ਕੀਤਾ ਹੈ।

(ੲ) ਨੈਸ਼ਕਰਮ ਸਿੱਧੀ (ਵੇਦਾਂਤ ਦਾ ਪੁਰਾਤਨ ਗ੍ਰੰਥ) ਜੋ ਆਦਯ ਸ਼ੰਕਰਾਚਾਰਯ ਦੇ ਸ਼ਿਸ਼ ਸੁਰੇਸ਼ਵਰਾਚਾਰਯ ਨੇ ਲਿਖਿਆ ਹੈ। ਉਸ ਦਾ ਟੀਕਾ 1925 ਈ. ਵਿੱਚ ਬਾਂਬੇ ਮਸ਼ੀਨ ਪ੍ਰੈਸ ਲਾਹੌਰ ਤੋਂ ਛਪਿਆ ਹੈ।

(ਸ) ਗੁਰੂ ਨਾਨਕ ਅਸਟਕ ਅਤੇ ਗੁਰੂ ਗੋਬਿੰਦ ਸਿੰਘ ਜੀ ਅਸਟਕ ਸੰਸਕ੍ਰਿਤ ਵਿੱਚ 3 ਹੋਰ ਲਘੂ ਗ੍ਰੰਥ ਹਨ।

6. ਪੰਡਿਤ ਬੁਧ ਸਿੰਘ ਜੀ (ਚੰਦਰ ਸਿੰਘ ਜੀ) ਨੇ ਤਰਕ ਸੰਗ੍ਰਹਿ ਦਾ ਪਦਕ੍ਰਿਤਯ ਟੀਕਾ ਸੰਸਕ੍ਰਿਤ ਵਿੱਚ ਲਿਖਿਆ ਹੈ। ਜੋ ਚੰਦਰ ਸਿੰਘ ਦੇ ਟੀਕੇ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਗ੍ਰੰਥ ਵਿੱਚ ਦੋ ਦਰਸ਼ਨਾਂ ਦਾ ਸੁਮੇਲ ਹੈ। ਇਸ ਗ੍ਰੰਥ ਦਾ ਅਧਿਐਨ ਕਰਨ ਵਾਲਾ ਵਿਦਿਆਰਥੀ ਦੋ ਦਰਸ਼ਨਾਂ ਵਿੱਚ ਯੋਗਤਾ ਪ੍ਰਾਪਤ ਕਰ ਜਾਂਦਾ ਹੈ। ਨਯਾਯ ਅਤੇ ਵਿਸ਼ੇਸ਼ਕ ਵਿੱਚ ਪੰਡਿਤ ਜੀ ਗ੍ਰੰਥ ਦਾ ਮੰਗਲ ਇਸ ਪ੍ਰਕਾਰ ਕਰਦੇ ਹਨ।

*श्रीगणेशं नमसकृत्य पार्वतीशङ्करं परम् ।*
*मया चन्द्रजसिंहेन क्रियते पदकृत्यकम् ॥*
*यस्मादिदमहं मन्ये बालानामुपकारकम् ।*
*तस्माद्धितकरं वाक्यं वक्तव्यं विदुषा सदा ॥*

ਉਨ੍ਹਾਂ ਦੇ ਨਾਮ ਨੂੰ ਆਮ ਆਦਮੀ ਨਹੀਂ ਸਮਝ ਪਾਉਂਦਾ। ਉਨ੍ਹਾਂ ਨੇ ਆਪਣੇ ਨਾਮ ਨੂੰ ਵਿਦਵਤਾ ਪੂਰਵਕ ਆਪਣੇ ਪਿਤਾ ਦੇ ਨਾਮ ਦੇ ਨਾਲ ਜੋੜ ਦਿੱਤਾ ਚੰਦਰਸਯ ਜਾਤ: ਚੰਦਰਜ ਚੰਦਰ ਸਿੰਘ ਦਾ ਪੁੱਤਰ ਚੰਦਰਜ ਇਹ ਉਨ੍ਹਾਂ ਦੀ ਵਿਧਵਤਾ ਦੀ ਮਹਾਨਤਾ ਹੈ।

7. ਸੁਆਮੀ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਝਾੜੀ ਵਾਲਿਆਂ ਨੇ ਗੁਰੂ ਉਪਮਾ ਵਿੱਚ 3 ਸਤੋਤਰ (1) ਵਾਹਿਗੁਰੂ ਮੰਤਰ ਸਤੋਤ੍ਰ (2) ਗੁਰੂ ਸਤੁਤੀ ਦਸਕਮ (3) ਸ੍ਰੀ ਗੁਰੂ ਸਤਿਤਿਸਾਰ ਸਤੋਤ੍ਰਮ, ਸੰਸਕ੍ਰਿਤ ਵਿੱਚ ਲਿਖੇ ਹਨ। ਨਿਰਮਲ ਪੰਚਾਇਤੀ ਅਖਾੜਾ ਕਨਖਲ ਵਿੱਚ ਰਹਿਰਾਸ ਦੀ ਅਰਦਾਸ ਉਪਰੰਤ ਜੋ ਸਲੋਕ ਬੋਲੇ ਜਾਂਦੇ ਹਨ ਇਹ ਸੁਆਮੀ ਪ੍ਰੇਮ ਸਿੰਘ ਜੀ ਦੇ ਉਚਾਰਨ ਕੀਤੇ ਹਨ।

*कृत्वा द्वादश वर्ण मन्त्रमथनं वाकार वर्ण–*
*शुभम्। धृत्वा षोडश वर्ण मन्त्रमथनं कृत्वा*

हवर्णश्च तौ ॥ मेलित्वा सुखदं सतां त्रिभु-
वने वाहेति निष्पादितम् । मन्त्रार्द्ध मनसा
जपन्ति हृदये ये ते न संसारिणः ॥ २॥

गोविंदं हरिनाम पावन तरङराठे च धृत्वा-
यतः। संसारार्णव पारतीर गमनङ्कुर्वन्ति
सर्वे ततः ॥ गो वर्ण कुषितश्च राक्षरशुभं
रामस्य धामादिदम् । आनीतं गुरुणा
प्रमोद भवनं रामाख्य मन्त्रस्य वै ॥ ३॥

ह्रस्वं मोदकरं पृषोदरगणे सूत्वं हि कृत्वा
शुभम् । मेलित्वा यमलोक मोचन करं
रूपं गुरू साधितम् ॥ तैर्वर्णो जपतां हि
गाढतमसां मार्तण्ड तीव्रः कृतः । हानौ
वाहगुरूश्च सर्वफलदो नो वाऽस्य तुल्योऽपरः

ਗੁਰੂ ਸਤੁਤਿ ਦਸ਼ਕਮ
कृते धृत्वा वै योऽछलयत बलिं वामन
तनुम् । दशास्यन्त्रेतायां सकुल मवधी-
द्योही कृपया । अथो कंसंहत्वा दिवमग-
मयद्द्वापर युगे । महाशान्तं वन्दे जनि
मृति हरन्नानक गुरूम् ॥ १॥

गृहीत्वा नाराचं यवन कुलहन्ता गुरू रहो ।
स्वधर्मं सर्वेषामकथयत शिष्यैः परिवृतः ॥
कृताः कीटाः सिंहा भुवन विदिता येन
वलिनः । सुगोबिन्दं सिंहश्चनिमृति हर-
न्नौमि शिरसा ॥ १०॥

ਸ੍ਰੀ ਗੁਰੂ ਸਤੁਤਿਸਾਰ ਸਤੋਤਰਮ
यो वन्दाः खलु पापनाशन परो ध्येयो
जनैः सर्वदा । श्लाघ्यो वै भुविपण्डितैश्च
सुखदो धीदोषहा धर्मदः ॥ भक्तानामपि
वाच्छितादिफलदः श्रद्धावतां धीमताम् ।
वन्देतं गुरू नानकादि रचितं ग्रन्थं परं
पावनम् ॥ २॥

यो माया भव बीज भर्जन करो दाता च

*नः सम्पदाम् । मूढानामपि बोधकारक परः*
*कामदि निस्तर्जकः ॥ यं श्रुत्वा मनसा*
*लभेत कुशलो मोहादि हानं परम् ।*
*वन्देतं गुरू नानकादि रचितं ग्रन्थं परं*
*पावनम् ॥ ३॥*

ਜਿਸ ਨੂੰ ਸ੍ਰੀ ਮਾਨ 108 ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼ ਵਾਲਿਆਂ ਨੇ ਛਾਪਿਆ ਅਤੇ ਇਸੇ ਹੀ ਸਥਾਨ ਦੇ ਵਰਤਮਾਨ ਮਹਾਂਪੁਰਸ਼ ਸੰਤ ਬਾਬਾ ਰਾਮ ਸਿੰਘ ਜੀ ਜੋ ਸੇਵਾ ਸਿਮਰਨ ਸਤਿਸੰਗ ਦੁਆਰਾ ਪਰਉਪਕਾਰ ਦੇ ਕਾਰਜ ਦੁਆਰਾ ਸੰਗਤ ਨੂੰ ਪ੍ਰਭੂ ਦੇ ਨਾਲ ਜੋੜਦੇ ਹਨ ਅਤੇ ਸੰਤ ਬਾਬਾ ਜੋਧ ਸਿੰਘ ਜੀ ਮਹਾਰਾਜ ਜਿਹੜੇ ਹਮੇਸ਼ਾ ਸੇਵਾ ਸਿਮਰਨ ਸਤਸੰਗ ਅਤੇ ਪਰਉਪਕਾਰ ਦੇ ਕੰਮ ਕਰਦੇ ਹਨ ਜਿਨ੍ਹਾਂ ਦੇ ਸੇਵਾ ਪਰਉਪਕਾਰ ਦਾ ਆਕਾਰ ਨਿਰਮਲ ਆਸ਼ਰਮ ਦੀਆਂ ਅਨੇਕ ਸੇਵਾਵਾਂ ਜੋ ਭੇਖ ਅਤੇ ਸਮਾਜ ਨੂੰ ਦੇ ਰਹੇ ਹਨ। ਉਨ੍ਹਾਂ ਦੋਨਾਂ ਹੀ ਮਹਾਂਪੁਰਖਾਂ ਦੇ ਉਧਮ ਉਪਰਾਲਾ ਇਹ ਨਿਰਮਲ ਭੇਖ ਦਾ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ।

8. ਪੰਡਿਤ ਹਰੀ ਸਿੰਘ ਜੀ ਕਾਸ਼ੀ ਵਾਲਿਆਂ ਨੇ ਗੁਰੂ ਸਿਧਾਂਤ ਪਾਰਜਾਤ ਦੱਸ ਗੁਰੂਆਂ ਅਤੇ ਗੁਰਮਤਿ ਸਿਧਾਂਤ ਬਾਰੇ ਗ੍ਰੰਥ ਲਿਖਿਆ ਹੈ।

*"यद् ब्रह्म प्रणवात्मर्कं कृतयुगे साद्धत्रिमात्रत्मर्कं, त्रेतायां*
*च युगे तदेव समभृद् वेदत्रयीरूपधृक। भूयोऽभूत् च पुराणमा-*
*रतवपुर, व्यासाद् युगे द्वापरे, तद् श्रीग्रन्थवपुर् गुरोः*
*कलिजनोद्धाराय तिष्ये युगे" ॥ १॥*

9. ਪੰਡਿਤ ਨਿਹਾਲ ਸਿੰਘ ਜੀ ਪਿੰਡ ਥੋਹਾ ਖ਼ਾਲਸਾ ਨੇ ਸੰਸਕ੍ਰਿਤ ਵਿੱਚ ਖ਼ਾਲਸਾ ਸ਼ਤਕ ਅਪੂਰਵ ਗ੍ਰੰਥ ਲਿਖਿਆ ਜਿਸ ਦੀ ਅਸੀਂ ਚਰਚਾ ਸ਼ਾਸਤ੍ਰਾਰਥ ਪ੍ਰਕਰਨ ਵਿੱਚ ਕਰਾਂਗੇ।

10. ਪੰਡਿਤ ਤਾਰਾ ਸਿੰਘ ਜੀ ਤਰਨਤਾਰਨ ਵਾਲਿਆਂ ਨੇ 'ਮੁਮੁਖਸ਼ੂ ਬੋਧਨ ਪ੍ਰਕਾਸ਼' ਗ੍ਰੰਥ ਲਿਖਿਆ।

11. ਇਕ ਗ੍ਰੰਥ 'ਗੁਰੂ ਨਾਨਕ ਰਤਨਾਕਰ' 1933 ਈ. ਵਿੱਚ ਗੁਟਕੇ ਦੇ ਅਕਾਰ ਵਿੱਚ ਪ੍ਰਕਾਸ਼ਿਤ ਹੋਇਆ ਹੈ। ਜਿਸ ਵਿੱਚ ਦੇਸ਼ ਦੇ ਵਿਦਵਾਨਾਂ ਉਦਾਸੀਆਂ ਪੰਡਿਤਾਂ ਦੇ ਅਨੇਕ ਸਤੋਤ੍ਰ ਹਨ ਪਰ ਨਿਰਮਲ ਭੇਖ ਦੇ ਮਹਾਂਪੁਰਖਾਂ ਦੇ ਬਹੁਤ ਗਿਣਤੀ ਵਿੱਚ ਸਤੋਤ੍ਰ ਅਸ਼ਟਕ ਅੰਕਿਤ ਹਨ (ਜਿਸ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦੂਸਰੇ ਸਾਰੇ ਸਾਹਿਬਾਨਾਂ ਨੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਉਸਤਤੀ ਵਿੱਚ ਕਿੰਨੇ ਹੀ ਸਤੋਤ੍ਰ ਅੰਕ੍ਰਿਤ ਹਨ। ਜਿਨ੍ਹਾਂ ਤੋਂ ਨਿਰਮਲੇ ਮਹਾਂਪੁਰਖਾਂ ਦੀ ਵਿਦਵਤਾ ਭਗਤੀ ਅਤੇ ਪ੍ਰੇਮ ਦਾ ਪਤਾ ਲੱਗਦਾ ਹੈ।)

12. ਪੰਡਿਤ ਕੌਰ ਸਿੰਘ ਜੀ ਪੰਜਾਬ ਤੋਂ ਬਾਹਰ ਗੁਰਮਤਿ ਦੀ ਵਿਸ਼ੇਸ਼ਤਾ ਦਰਸਾਉਣ ਵਾਸਤੇ (ਗੁਰੂ ਕੌਮਦੀ) ਨਾਮ ਦਾ ਸੰਸਕ੍ਰਿਤ ਗੰਥ ਲਿਖਿਆ ਹੈ।

13. ਸਵਾਮੀ ਮੰਗਲ ਹਰੀ ਜੀ (ਵਰਕਤ) ਨੇ ਪੰਚਮਾਸ਼ਰਮ ਨਾਮ ਦਾ ਗੰਥ ਲਿਖਿਆ।

ਪੂਜਯ ਸਵਾਮੀ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ਿਸ਼ ਕੀਤੇ ਹੋਏ ਆਸ਼ੀਰਵਾਦ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ ਕਿ ਨਿਰਮਲੇ ਸੰਤ ਅੱਗੇ ਚੱਲ ਕੇ ਬ੍ਰਾਹਮਣਾਂ ਨੂੰ ਵਿਦਿਆ ਪੜ੍ਹਾਉਣਗੇ ਉਸ ਨੂੰ ਨਿਰਮਲੇ ਸੰਤਾਂ ਨੇ ਸਮੇਂ ਸਮੇਂ ਸਿਰ ਪੂਰਾ ਕੀਤਾ। ਜਿਸਦੀ ਉਦਾਹਰਨ ਸਵਾਮੀ ਮੰਗਲ ਹਰੀ ਜੀ ਹਨ ਜੋ ਦਾਸ ਦੇ ਖ਼ਾਨਦਾਨ ਵਿੱਚੋਂ ਪੜਦਾਦਾ ਜੀ ਲਗਦੇ ਸਨ। ਜਿਨ੍ਹਾਂ ਪਾਸੋਂ ਅਨੇਕਾਂ ਹੀ ਬ੍ਰਾਹਮਣਾਂ ਨੇ ਅਨਯ ਮਤ ਦੇ ਵਿਦਵਾਨਾਂ ਨੇ ਵਿਦਿਆ ਪ੍ਰਾਪਤ ਕੀਤੀ।

ਜਿਸ ਤਰ੍ਹਾਂ ਵਿਸ਼ਵ ਵਿਖਿਆਤ ਵਿਰੱਕਤ ਸ਼੍ਰੋਮਣੀ ਸਵਾਮੀ ਵਾਮਦੇਵ ਜੀ ਨੇ ਪੂਜਯ ਸਵਾਮੀ ਜੀ ਨੇ ਉਨ੍ਹਾ ਦੀ ਮੰਡਲੀ ਵਿੱਚ ਰਹਿ ਕਰਕੇ ਉਨ੍ਹਾਂ ਕੋਲੋਂ ਵਿਦਿਆ ਅਧਿਐਨ ਕੀਤਾ। (1) ਅਤੇ ਅੱਗੇ ਉਨ੍ਹਾਂ ਪਾਸੋਂ ਨਿਰਮਲ ਭੇਖ ਭੂਸ਼ਣ ਵਰਤਮਾਨ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਸਿੰਘ ਜੀ ਵੇਦਾਂਤਚਾਰਯ ਜੀ ਨੇ ਵਿਦਿਆ ਪ੍ਰਾਪਤ ਕੀਤੀ। (2) ਦਾਸ ਦੇ ਵਿਦਿਆ ਗੁਰੂ ਵਿਰਕਤ ਸ਼੍ਰੋਮਣੀ ਸੁਵਾਮੀ ਰਵੀਪੁਰੀ ਮੋਨੀ ਜੀ ਮਹਾਰਾਜ (3) ਜਗਨਨਾਥ ਪੁਰੀ ਦੇ ਵਰਤਮਾਨ ਸ਼ੰਕਰਾਚਾਰਯ ਪੂਜਯ ਸਵਾਮੀ ਨਿਸਚਲਾਨੰਦ ਜੀ ਆਦਿ ਅਨੇਕਾਂ ਵਿਦਵਾਨਾਂ ਨੇ ਉਨ੍ਹਾਂ ਕੋਲੋਂ ਵਿਦਿਆ ਪ੍ਰਾਪਤ ਕੀਤੀ। ਇਹ ਗ੍ਰੰਥ ਦਾਸ ਨੂੰ ਬਿੰਦਰਾਬਨ ਇੱਕ ਡੰਡੀ ਸੁਆਮੀ ਕੈਵਲਿਆ ਨੰਦ ਜੀ ਤੋਂ ਪ੍ਰਾਪਤ ਹੋਏ (ੳ) ਪੰਚਮ ਆਸ਼ਰਮ, (ਅ) ਸਵਰਾਜਯ ਸਿਧੀ, (ੲ) ਮੂਰਤੀ ਪੂਜਾ ਪ੍ਰਾਪਤ ਹੋਏ।

ਸੁਆਮੀ ਵਾਮਦੇਵ ਜੀ ਨੇ ਇੱਕ ਲੇਖ ਵਿੱਚ ਲਿਖਿਆ ਹੈ ਸੁਆਮੀ ਮੰਗਲ ਹਰੀ ਜੀ ਦੀ ਸਾਹਿਤਯ

(ੳ) ਬ੍ਰਹਮ ਅਭਿਆਸ ਸੰਸਕ੍ਰਿਤ ਸ਼ਲੋਕ ਵਾਲਾ

(ਅ) ਪੈਂਤੀਸ ਅਖਰੀ ਕਵਿਤਾ ਮੂਲ ਟੀਕਾ ਦੇਵਨਾਗਰੀ

(ੲ) ਪੰਚਮ ਆਸ਼ਰਮ ਸੰਸਕ੍ਰਿਤ ਭਾਸ਼ਾ ਟੀਕਾ

(ਸ) ਸਰਰਾਜਯ ਸਿਧੀ ਭਾਸ਼ਾ ਟੀਕਾ ਹਿੰਦੀ

(ਹ) ਵਿਵੇਕਵਤੀ ਭਾਸ਼ਾ ਟੀਕਾ

(ਕ) ਗੀਤਾ ਭਾਸ਼ਾ ਟੀਕਾ ਹਿੰਦੀ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਬਖ਼ਸ਼ਿਸ਼ਾਂ ਦਾ ਭੰਡਾਰ ਪ੍ਰਾਪਤ ਨਿਰਮਲ ਪੰਥ ਦੇ ਕਰਮਯੋਗੀ ਸੰਤ ਪੁਰਖਾਂ ਕਹਿਣੀ, ਕਰਨੀ, ਕਥਨੀ ਦੇ ਸੁਮੇਲ ਨੂੰ ਸ਼ਾਖਸ਼ਾਤ ਕਿਰਿਆਤਮਕ ਕਰ ਵਿਖਾਇਆ ਹੈ। ਸੇਵਾ ਸਿਮਰਨ ਵਿੱਚ ਰੰਗੇ, ਜਤ ਸਤ ਵਾਲੇ, ਸੰਤੋਖੀ, ਗੁਰੂ ਨਿਸਚਾ ਆਗਿਆਕਾਰੀ, ਗੁਰਬਾਣੀ/ਗੁਰਮਤਿ, ਗੁਰਇਤਿਹਾਸ ਦੇ ਧਰੰਧਰ ਗਿਆਤਾ, ਗੁਰਦਵਾਰਿਆਂ ਦੀ ਕਾਰ ਸੇਵਾ, ਪ੍ਰਬੰਧ ਵਿੱਚ ਮੋਹਰੀ ਨਿਪੁੰਨ, ਪੰਥ ਦੇਸ਼ ਦੀ ਰਾਜਨੀਤੀ ਵਿੱਚ ਨਿਪੁੰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੋਹਰੀ ਅਹੁਦੇਦਾਰ, ਅਕਾਲੀ ਲਹਿਰ ਵੇਲੇ ਸਾਂਤ ਚਿੱਤ ਜੇਲ੍ਹਾਂ ਕਟਣ ਵਾਲੇ, ਤੇਗ ਦੇ ਧਨੀ, ਦੇਸ ਸੇਵਾ ਵਿੱਚ ਮੋਹਰੀ, ਸ਼ਹੀਦਾਂ ਦੀ ਕਤਾਰ ਵਿੱਚ ਲੱਗਣ ਵਾਲੇ ਸਾਹਿਤਕ ਸੇਵਾ ਵਿੱਚ ਸਭ ਤੋਂ ਅੱਵਲ, ਆਪਣੇ ਮਨੋਹਰ ਬਚਨਾਂ ਰਾਹੀਂ ਕਥਾ ਵਖਿਆਨਾਂ ਰਾਹੀਂ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਆਪ ਇਸ ਮਿਥਿਆ ਸੰਸਾਰ ਤੋਂ ਵਿਰਕਤ ਰਹਿ ਕੇ ਸੰਸਾਰ ਦਾ ਸਮਾਜ ਦਾ ਪਦ ਦਰਸ਼ਨ ਬਣੇ ਮਹਾਨ ਗ੍ਰੰਥਾਂ ਦੇ ਰਚਨਹਾਰ।

ਉੱਥੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਵਿਸ਼ੇਸ਼ ਵਰਦਾਨ ਦੁਆਰਾ ਸੰਸਕ੍ਰਿਤ ਭਾਸ਼ੀ ਵੇਦ ਵੇਦਾਂਗ, ਦਰਸ਼ਨ, ਪੁਰਾਣਾਂ ਸਮ੍ਰਿਤੀਆਂ ਦਾ ਉੱਚ ਕੋਟੀ ਦਾ ਅਧਿਐਨ ਕਰਕੇ ਪ੍ਰਕਾਂਡ ਪੰਡਿਤਾਂ ਦੀ ਮੋਹਰੀ ਸ਼੍ਰੰਖਲਾ ਵਿੱਚ–ਸਥਾਨ ਬਣਾਇਆ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਕਲਗੀਧਰ ਦਸ਼ਮੇਸ਼ ਜੀ ਤੱਕ ਅਤੇ ਕਲਯੁਗ ਵਿੱਚ ਸ਼ਾਖਸਾਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਸੰਸਕ੍ਰਿਤ ਭਾਸ਼ਾ, ਗੁਰਮੁਖੀ ਲਿਪੀ ਰਾਹੀਂ ਸਾਰੇ ਸੰਸਾਰ ਵਿੱਚ ਪਹੁੰਚਾਇਆ ਅਤੇ ਵਿਸ਼ੇਸ਼ ਕਰਕੇ ਹੋਰ ਅਨਯ ਮਤਾਂ ਦੇ ਵਿਦਵਾਨਾਂ ਨਾਲ ਉੱਚ ਕੋਟੀ ਦੇ ਸ਼ਾਸਤ੍ਰਾਰਥ ਕਰਕੇ ਵਿਜੈ ਪ੍ਰਾਪਤ ਕੀਤੀ ਅਤੇ ਹਰੇਕ ਗੋਸ਼ਟੀ ਚਰਚਾ ਵਿੱਚ ਸਤਿਗੁਰੂਆਂ ਦੇ ਉਪਦੇਸ਼ ਨੂੰ ਸਰਵੋਪਰੀ ਕਥਨ ਕੀਤਾ। ਇਸ ਤਰ੍ਹਾਂ ਨਿਰਮਲ ਪੰਥ ਦੇ ਇਹਨਾਂ ਮਹਾਨ ਵਿਦਵਾਨਾਂ ਦੀ ਸ਼੍ਰੰਖਲਾ ਬਹੁਤ ਲੰਮੀ ਹੈ। ਸਤਪੁਰਖਾਂ ਦੇ ਸ਼ਾਸਤ੍ਰਾਰਥ ਕਰਨ ਦੀ ਸ਼੍ਰੰਖਲਾ ਇਸ ਤਰ੍ਹਾਂ ਹੈ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਕਲਗੀਧਰ ਦਸ਼ਮੇਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਈਸ਼ਵਰੀ ਉਪਦੇਸ਼ਾਂ ਦਾ ਧ੍ਰਜ ਸ਼ਾਸਤ੍ਰਾਰਥ ਦੁਆਰਾ ਸਾਰੇ ਸੰਸਾਰ ਅੰਦਰ ਬੁਲੰਦ ਕੀਤਾ।

1. ਸ੍ਰੀ ਮਾਨ 108 ਪੰਡਿਤ ਸਦਾ ਸਿੰਘ ਜੀ ਕਾਸ਼ੀ ਵਾਲੇ

2. ਸ੍ਰੀ ਮਾਨ 108 ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ

3. ਸ੍ਰੀ ਮਾਨ 108 ਪੰਡਿਤ ਠਾਕਰ ਨਿਹਾਲ ਸਿੰਘ ਜੀ ਯੋਗ ਖ਼ਾਲਸਾ ਵਾਲੇ

4. ਸ੍ਰੀ ਮਾਨ 108 ਪੰਡਿਤ ਈਸ਼ਰ ਸਿੰਘ ਜੀ ਬਾੜੀਆਂ ਕਲਾਂ ਵਾਲੇ

5. ਸ੍ਰੀ ਮਾਨ 108 ਪੰਡਿਤ ਮਹੇਸਰਾ ਸਿੰਘ ਜੀ

6. ਸ੍ਰੀ ਮਾਨ 108 ਪੰਡਿਤ ਗਿਆਨੀ ਗਿਆਨ ਸਿੰਘ ਜੀ ਮਹਾਰਾਜ ਬਰਨਾਲੇ ਵਾਲੇ ਮਹਾਨ ਇਤਿਹਾਸਕਾਰ

7. ਸ੍ਰੀ ਮਾਨ 108 ਸੰਤ ਮਹਾਂ ਕਵੀ ਗਿਆਨੀ ਸੰਤੋਖ ਸਿੰਘ ਜੀ ਕਵੇਂਦਰ ਕੈਥਲ ਵਿਖੇ

ਸ਼ਾਸਤ੍ਰਾਰਥ

1. ਸ੍ਰੀ ਮਾਨ 108 ਪੰਡਿਤ ਦੀਵਾਨ ਸਿੰਘ ਜੀ ਜੈ ਜੈ

ਮਹਾਰਾਸ਼ਟਰ ਦੇ ਨਾਸਿਕ ਸ਼ਹਿਰ ਵਿਖੇ ਗੋਦਾਵਰੀ ਨਦੀ ਦੀ ਨਿਰਮਾਣ ਧਾਰਾ ਦੇ ਤੱਟ ਉੱਪਰ ਕੁਸਾਵ੍ਰਤ ਸਰੋਵਰ ਸਥਿਤ ਹੈ ਅਤੇ ਨਾਲ ਹੀ ਤਯੰਬਕੇਸ਼ਵਰ ਜੋਤ੍ਰਿਲਿੰਗ ਮੰਦਰ ਸੁਸ਼ੋਭਾਏਮਾਨ ਹੈ। ਹਰ ਕੁੰਭ ਪਰਵ ਉੱਪਰ ਇਸ ਕੁਸਾਵ੍ਰੰਤ ਸਰੋਵਰ ਵਿੱਚ ਇਸ਼ਨਾਨ ਅਤੇ ਜੋਤ੍ਰਲਿੰਗ ਮੰਦਰ ਵਿਖੇ ਦਰਸ਼ਨ ਪੂਜਾ ਹੀ ਕੁੰਭ ਪਰਵ ਦਾ ਮੁਖ ਮਹਾਤਮ ਹੈ। ਇਸ ਮੰਦਰ ਵਿੱਚ ਦਰਸ਼ਨ ਪੂਜਾ ਵੇਲੇ ਹਰ ਭਗਤ ਅਣਸੀਤੇ ਰੇਸ਼ਮੀ ਬਸਤਰ ਪਹਿਨ ਕੇ ਜਾਂਦਾ ਹੈ ਇਹ ਉੱਥੋਂ ਦਾ ਵਿਧਾਨ ਹੈ ਨਿਯਮ ਹੈ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼, ਧਰਮ, ਬਾਣੀ ਦੇ ਪ੍ਰਚਾਰ ਹਿਤ ਸਰਬ ਭਾਰਤ ਅਤੇ ਸੰਸਾਰ ਅੰਦਰ ਭ੍ਰਮਣ ਕਰਕੇ ਸਤਿਗੁਰੂ ਜੀ ਦਾ ਸਾਜਿਆ ਨਿਰਮਲ ਪੰਥ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰੀਦੁਆਰ ਦੇ ਸਰਪ੍ਰਸਤੀ ਹੇਠ ਪਹਿਲੀ ਵੇਰ ਸੰਮਤ ਬਿਕਰਮੀ 1919 (ਸੰਨ 1862 ਈ.) ਵਿੱਚ ਨਾਸਿਕ ਵਿਖੇ ਕੁੰਭ ਪਰਵ ਤੇ ਨਾਮ ਬਾਣੀ ਦੇ ਪ੍ਰਚਾਰ ਵਾਸਤੇ ਪੰਜਾਹ ਦੇ ਕਰੀਬ ਸੰਸਕ੍ਰਿਤ ਵੇਦਾਂਤ ਗੁਰਮਤਿ ਗੁਰਬਾਣੀ ਦੇ ਧੁਰੰਧਰ ਵਿਦਵਾਨ ਨਿਰਮਲੇ ਮਹਾਂਪੁਰਖਾਂ ਨੇ ਬੜੀ ਸਜ ਧਜ ਨਾਲ ਪ੍ਰਵੇਸ਼ ਕੀਤਾ।

ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਕੁਬੇਰੀਏ ਦੀ ਅਧਿਆਕਸ਼ਤਾ ਹੇਠ ਕੁਸਾਵ੍ਰਤ ਸਰੋਵਰ ਵਿਖੇ ਇਸ਼ਨਾਨ ਤੋਂ ਬਾਅਦ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਸਤਪੁਰਖਾਂ ਸਮੇਤ ਮਹਾਂਦੇਵ ਜੋਤ੍ਰਲਿੰਗ ਮੰਦਰ ਵਿਖੇ ਪੂਜਾ ਅਰਚਨਾ ਨੂੰ ਪਹੁੰਚਿਆ ਪਰੰਤੂ ਉੱਥੋਂ ਦੇ ਪੁਜਾਰੀ ਪੰਡਿਤਾਂ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਨਾਨਕ ਪੰਥੀ ਮੱਤ ਕੋਈ ਵਿਦਵਾਨ ਨਹੀਂ ਹੈ ਅਤੇ ਜਾਤੀ ਭੇਦ ਨੂੰ ਵੀ ਨਹੀਂ ਮੰਨਦਾ ਅਤੇ ਇਸ ਤੋਂ ਪਹਿਲਾਂ ਕਦੀ ਪੂਜਾ ਵਾਸਤੇ ਇਹ ਪੰਥ ਨਹੀਂ ਪਹੁੰਚਿਆ ਇਸ ਕਰਕੇ ਪੂਜਾ ਅਰਚਨਾ ਨਹੀਂ ਕਰ ਸਕਦੇ। ਨਿਰਮਲੇ ਸੰਤ ਮਹਾਤਮਾ ਅਤੇ ਪੁਜਾਰੀ ਬ੍ਰਾਹਮਣਾਂ ਵਿੱਚ ਕਸ਼ ਮਕਸ਼ ਹੋ ਗਈ ਬਸ ਫੇਰ ਕੀ ਸੀ ਸਾਰੇ ਮੇਲੇ ਵਿਖੇ ਇਹ ਖ਼ਬਰ ਫੈਲ ਗਈ ਰੌਲਾ ਪੈ ਗਿਆ। ਵੱਡੇ ਵੱਡੇ ਵਿਦਵਾਨ ਬ੍ਰਾਹਮਣ ਪੁਜਾਰੀ ਅਤੇ ਪ੍ਰਬੰਧਕ ਮੇਲਾ ਅਫ਼ਸਰ ਭਾਰੀ ਨਫ਼ਰੀ ਸਮੇਤ ਪਹੁੰਚ ਗਿਆ। ਮੇਲਾ ਅਫ਼ਸਰ ਨਾਲ ਵਿਚਾਰ ਤੋਂ ਬਾਅਦ ਨਿਰਮਲੇ ਸੰਤਾਂ ਮਹਾਤਮਾਂ ਆਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪੂਰਨ ਈਸ਼ਵਰ ਅਵਤਾਰ ਸਨ।

ਉਹ ਸ੍ਰਿਸਟੀ ਦੇ ਉਧਾਰ ਹਿਤ ਪ੍ਰਗਟ ਹੋਏ ਸਨ ਅਤੇ ਉਹਨਾਂ ਦੇ ਹੀ ਪਾਵਨ ਉਪਦੇਸ਼ਾਂ ਨੂੰ ਨਿਰਮਲਾ ਪੰਥ ਸਰਵ ਭਾਰਤ ਵਿੱਚ ਭਰਮਣ ਕਰਕੇ ਪ੍ਰਚਾਰ ਕਰ ਰਿਹਾ ਹੈ। ਵੇਦ ਸ਼ਾਸਤ੍ਰਾਂ, ਪੁਰਾਣਾਂ, ਉਪਨਿਸ਼ਦਾਂ ਦਾ ਸਤਿਕਾਰ ਅਤੇ ਪ੍ਰਚਾਰ ਅਤੀ ਉਤਮ ਰੀਤੀ ਦੁਆਰਾ ਮੋਹਰੀ ਸ਼੍ਰੰਖਲਾ ਵਿੱਚ ਕਰ ਰਿਹਾ ਹੈ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਈਸ਼ਵਰੀ ਬਾਣੀ ਸਾਡਾ ਈਸਟ ਹੈ ਜੇਕਰ ਕਿਸੇ ਪੁਜਾਰੀ ਬ੍ਰਾਹਮਣ ਨੂੰ ਆਪਣੀ ਵਿਦਵਤਾ ਉੱਪਰ ਅਭਿਮਾਨ ਹੈ ਤਾਂ ਇਹਨਾਂ ਸਾਰੇ ਨਿਰਮਲੇ ਮਹਾਂਪੁਰਖਾਂ ਵਿੱਚੋਂ ਕਿਸੇ ਇੱਕ ਮਹਾਤਮਾ ਨਾਲ ਵਿਚਾਰ/ਸ਼ਾਸਤ੍ਰਾਰਥ ਕਰ ਸਕਦਾ ਹੈ।

ਬ੍ਰਾਹਮਣ ਪੁਜਾਰੀ ਵਰਗ ਅਤੇ ਮੇਲਾ ਅਫ਼ਸਰ ਸਹਿਮਤ ਹੋ ਗਏ। ਪੰਦਰਾਂ-ਪੰਦਰਾਂ ਮਹਾਤਮਾ ਨੂੰ ਵਿਚਾਰ ਹਿੱਤ ਸਹਿਮਤੀ ਹੋਈ। ਨਿਰਮਲੇ ਸਤਪੁਰਖਾਂ ਨੇ ਕਿਹਾ ਅਸੀਂ ਆਪਣੇ ਕਿਸੇ ਸੰਤ ਨੂੰ

ਸ਼ਾਸਤ੍ਰਾਰਥ ਵਾਸਤੇ ਨੀਯਤ ਨਹੀਂ ਕਰਾਂਗੇ। ਪੁਜਾਰੀ ਸਾਡੇ ਵਿੱਚੋਂ ਕਿਸੇ ਵੀ ਸੰਤ ਉੱਪਰ ਹੱਥ ਰੱਖਣਗੇ ਉਹੋ ਹੀ ਮਹਾਂਪੁਰਖ ਵਿਚਾਰ ਕਰੇਗਾ ਇਨ੍ਹਾਂ ਪੰਦਰਾਂ ਸਤਪੁਰਖਾਂ ਵਿੱਚ ਸਭ ਤੋਂ ਪਿਛੇ ਸਾਦੀ ਜਿਹੀ ਵੇਸ ਭੂਸ਼ਾ ਵਿੱਚ ਸ੍ਰੀ ਮਾਨ ਪੰਡਿਤ ਦੀਵਾਨ ਸਿੰਘ ਜੀ ਮਹਾਰਾਜ ਬੈਠੇ ਸਨ ਪੰਡਿਤਾਂ ਸੋਚਿਆ ਜੋ ਪੰਜਾਬੀ ਸਾਧੂ ਪਿਛੇ ਬੈਠੇ ਹਨ ਸਧਾਰਨ ਹੀ ਲਗਦੇ ਹਨ ਉਹਨਾਂ ਉੱਪਰ ਹੱਥ ਰੱਖ ਕੇ ਕਿਹਾ ਇਹ ਮਹਾਂਪੁਰਖ ਗੋਸਟੀ ਕਰਨ। ਮੇਲਾ ਅਫ਼ਸਰ ਦੀ ਅਤੇ ਦੋਹਾਂ ਪਾਸਿਆਂ ਦੀ ਸਹਿਮਤੀ ਨਾਲ ਸਮਾਂ ਨੀਯਤ ਹੋਇਆ।

ਸ਼ਾਸਤ੍ਰਾਰਥ ਸਮੇਂ ਅਗਲੇ ਦਿਨ ਰਾਜੇ ਮਹਾਰਾਜੇ ਵਿਦਵਾਨ ਪੰਡਿਤ ਅਤੇ ਨਿਰਮਲੇ ਸਤਪੁਰਖਾਂ ਦੀ ਸਭਾ ਲੱਗ ਗਈ। ਭਾਰੀ ਇਕੱਠ ਹੋਇਆ। ਸ੍ਰੀ ਮਾਨ ਪੰਡਿਤ ਦੀਵਾਨ ਸਿੰਘ ਜੀ ਉੱਠੇ ਅਤੇ ਸ਼ੇਰ ਦੀ ਗਰਜਣਾ ਦੁਆਰਾ ਸੰਸਕ੍ਰਿਤ ਭਾਸ਼ਾ ਵਿੱਚ ਵਖਿਆਨ ਅਰੰਭ ਕੀਤਾ ਅਤੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਵਯੇ ਈਸ਼ਵਰ ਅਵਤਾਰ ਸਨ।

ਦੂਸਰੇ ਪੁਰਾਣਾਂ ਦੇ ਵਿੱਚ ਅਵਤਾਰਾਂ ਦੀਆਂ ਕਥਾ ਹਨ। ਇਸ ਕਰਕੇ ਗੁਰੂ ਜੀ ਦੇ ਅਵਤਾਰਾਂ ਦੀ ਕਥਾ ਪੁਰਾਣਾਂ ਦੇ ਵਿੱਚ ਹੈ। ਸ੍ਰੀਮਦਭਾਗਵਤ ਦੇ ਪਹਿਲੇ ਸਕੰਦ ਵਿੱਚ ਗੁਰੂ ਨਾਨਕ ਦਾ ਕਲਜੁਗ ਅੰਦਰ ਅਵਤਾਰ ਹੋਣਾ ਲਿਖਿਆ ਹੈ।

*अथासौयुगसन्ध्यायां दस्युप्राषुराजसु ।*
*जनिताविष्णुयसोनाम्नाकल्किर्जगत्पतिः ॥१॥*

ਬੁਧ ਅਵਤਾਰ ਤੋਂ ਬਾਅਦ ਜੁਗ ਦੀ ਸੰਧੀ ਕਾਲ ਵਿੱਚ ਰਾਜਾ ਲੋਕ ਜਦੋਂ ਵਰਨ ਆਸ਼ਰਮਾਂ ਦੀ ਮਰਿਯਾਦਾ ਨੂੰ ਛੱਡ ਚੁੱਕੇ ਸਨ। ਉਸ ਸਮੇਂ ਜਗਤ ਪਤੀ ਪ੍ਰਮਾਤਮਾ ਨਾਨਕ ਰੂਪ ਅਵਤਾਰ ਧਾਰਨ ਕਰਕੇ ਕਲਜੁਗ ਦੇ ਦੋਸ਼ਾਂ ਨੂੰ ਦੂਰ ਕਰਨ ਉਪਦੇਸ਼ ਕਰਨਗੇ।

*कलेः सन्ध्यांशकाले कल्क्यवताराइतिस्थितिः ।*
*कलेरंते म्लेच्छगणनाशकः स भविष्यति ॥१॥*

ਭਵਿਸ਼ਤ ਪੁਰਾਣ ਦੇ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋਣ ਦੀ ਕਥਾ ਹੈ ਜੋ ਹੇਠ ਲਿਖੀ ਹੈ:

*ब्रह्माणंजनकः प्राह सन्देहोमेमहानभूत ।*
*कलौलोका भविष्यन्ति दुराचाराः सुपापिनः ॥२॥*
*निष्कृतिश्च कर्थ तेषां नरकान्मेवद प्रभो ॥३॥*

ਇੱਕ ਵਾਰ ਜਨਕ ਜੀ ਨੇ ਬ੍ਰਹਮਾ ਜੀ ਕੋਲੋਂ ਪੁੱਛਿਆ ਕਿ ਸਾਨੂੰ ਇੱਕ ਬਹੁਤ ਵੱਡੀ ਸ਼ੰਕਾ ਹੋ ਰਹੀ ਹੈ ਉਹ ਇਹ ਹੈ ਕਲਜੁਗ ਦੇ ਲੋਕ ਬਹੁਤ ਦੁਰਾਚਾਰੀ ਹੋਣਗੇ। ਉਨ੍ਹਾਂ ਦਾ ਨਰਕਾਂ ਤੋਂ ਛੁਟਕਾਰਾ ਕਿਸ ਤਰਾਂ ਹੋਵੇਗਾ। ਕ੍ਰਿਪਾ ਕਰਕੇ ਆਪ ਜੀ ਦੱਸੋ।

*जनकस्य वचःश्रुत्वा ब्रह्मा प्रोवाव सादरं ।*
*श्रृणुराजन्कथांदिव्यां कलिपापप्रणाशिनीम् ॥४॥*

ਜਨਕ ਜੀ ਦੀ ਇਹ ਗੱਲ ਸੁਣਕੇ ਬ੍ਰਹਮਾ ਜੀ ਬੜੇ ਸਤਿਕਾਰ ਨਾਲ ਬੋਲੇ ਹੇ ਰਾਜਨ ! ਕਲਜੁਗ ਦੇ ਪਾਪਾਂ ਦਾ ਨਾਸ਼ ਕਰਨ ਵਾਲੀ ਦਿਵਯ ਕਥਾ ਹੈ। ਉਸ ਨੂੰ ਤੁਸੀਂ ਸੁਣੋ।

*पूर्वं द्रष्टुं विष्णुलोकं वैकुएठाख्यं गतं मया ।*
*विष्णाः सकाशादाश्चर्य्यं राजन्नेतन्मया श्रुतम् ॥५॥*

ਬ੍ਰਹਮਾ ਜੀ ਕਹਿਣ ਲੱਗੇ ਹੇ ਰਾਜਨ ! ਇੱਕ ਵਾਰੀ ਮੈਂ ਵਿਸ਼ਨੂੰ ਦੇ ਦਰਸ਼ਨ ਕਰਨ ਲਈ ਬੈਕੁੰਠ ਧਾਮ ਗਿਆ ਸੀ ਉਥੇ ਵਿਸ਼ਨੂੰ ਨੇ ਜੋ ਅਸਚਰਜ ਮੈਨੂੰ ਸੁਣਾਇਆ ਉਸ ਨੂੰ ਤੁਸੀਂ ਸੁਣੋ।

*विष्णोर्लोकेमहाप्राज्ञो राज्ञातत्रस्थितेमयि ।*
*स्तुत्वाम्बरीषःपप्रच्छ विष्णुसान्निध्यगः प्रभुम् ॥६॥*

ਵਿਸ਼ਨੂੰ ਲੋਕ ਵਿੱਚ ਮੈਂ ਵਿਸ਼ਨੂੰ ਦੇ ਕੋਲ ਬੈਠਾ ਸੀ। ਇੰਨੇ ਨੂੰ ਮਹਾਨ ਬੁੱਧੀ ਮਾਨ ਅੰਬਰੀਸ਼ ਰਾਜਾ ਉੱਥੇ ਆਇਆ ਅਤੇ ਸਤੁਤੀ ਕਰਕੇ ਵਿਸ਼ਨੂੰ ਕੋਲੋਂ ਪੁੱਛਣ ਲੱਗਾ।

*विष्णुर्महत्व्यानश्रुतं भूलोकवासिनामया ।*
*तत्रावताराबहुशोमायिनस्त्वेवधारिता : ॥ ७॥*

ਰਾਜਾ ਅੰਬਰੀਸ਼ ਨੇ ਵਿਸ਼ਨੂੰ ਨੂੰ ਕਿਹਾ ਕਿ ਭੂਲੋਕ ਵਾਸੀਆਂ ਦੇ ਕਥਨ ਤੋਂ ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਭੂਲੋਕ ਦੇ ਵਿੱਚ ਬਹੁਤ ਸਾਰੇ ਅਵਤਾਰ ਧਾਰਨ ਕੀਤੇ ਹਨ।

*नामावतारश्चश्रुतः कदायास्यतितद्वद ।*
*इतिपृष्टोमहा विष्णुर्विहस्याहाम्बरीषकम् ॥ ८॥*

ਉਨ੍ਹਾਂ ਦੇ ਵਿੱਚੋਂ ਨਾਮਾ ਅਵਤਾਰ ਵੀ ਇੱਕ ਹੈ। ਉਸ ਨੂੰ ਤੁਸੀਂ ਕਦੋਂ ਧਾਰਨ ਕਰੋਗੇ? ਜਦੋਂ ਅੰਬਰੀਸ਼ ਰਾਜਾ ਨੇ ਇਸ ਤਰ੍ਹਾ ਪੁੱਛਿਆ ਉਸ ਸਮੇਂ ਵਿਸ਼ਨੂੰ ਨੇ ਹੱਸ ਕਰਕੇ ਅੰਬਰੀਸ਼ ਨੂੰ ਕਿਹਾ।

*राजर्षेत्वंप्रियतमो ममभक्तिपरायणः ।*
*अतः शृणुकथादिव्यां कथयामितवप्रियाम् ॥ ९॥*

ਹੇ ਰਾਜਰਿਸ਼ੀ ! ਤੁਸੀਂ ਮੇਰੇ ਅਨਨਯ ਭਗਤ ਹੋ। ਇਸ ਵਾਸਤੇ ਮੈਂ ਤੁਹਾਨੂੰ ਇੱਕ ਦਿਵਯ ਕਥਾ ਸੁਣੋ।

*गतेचतुः सहस्राब्दे राजन्यंचशतेतथा ।*
*कलौसन्तप्तिकेचापि दुराचारः प्रवर्तते ॥ १०॥*

ਹੇ ਰਾਜਨ ! ਜਦੋਂ ਕਿ ਚਾਰ ਹਜ਼ਾਰ ਪੰਜ ਸੌ ਸਾਲ ਕਲਜੁਗ ਦੇ ਬੀਤ ਜਾਣਗੇ ਉਸ ਸਮੇਂ ਲੋਕ ਅਤਿਅੰਤ ਦੁਰਾਚਾਰੀ ਹੋਣਗੇ।

*तदानामावतारोमे पांचालेयास्यातिध्रुवं ।*
*कलिदोषहतज्ञानलोकेस्योद्धारहेतवे ॥ ११॥*

ਉਸ ਸਮੇਂ ਪੰਜਾਬ ਨਾਮ ਦੇ ਪ੍ਰਾਂਤ ਵਿੱਚ ਮੇਰਾ ਨਾਮ ਅਵਤਾਰ ਹੋਵੇਗਾ ਜਿਹੜਾ ਕਲਜੁਗ ਦੇ ਦੋਸ਼ਾਂ ਦੇ ਕਾਰਨ ਜਿਨ੍ਹਾਂ ਦਾ ਗਿਆਨ ਨਸ਼ਟ ਹੋ ਗਿਆ ਸੀ ਐਸੇ ਪ੍ਰਾਣੀਆਂ ਦੇ ਉਧਾਰ ਵਾਸਤੇ ਉਨ੍ਹਾਂ ਨੂੰ ਨਾਮ ਜਪਾਏਗਾ।

*क्षत्रियस्यकुलेभूत्वा नानकेतिनामतः ।*
*लोकसंरक्षणार्थायवक्ष्येसिद्धपर्थनृणाम् ॥ १२॥*

ਸੂਰਯਵੰਸ਼ੀ ਖਤਰੀਆਂ ਦੇ ਘਰ ਦੇ ਵਿੱਚ ਨਾਨਕ ਨਾਮ ਦਾ ਪੁਰਸ਼ ਅਵਤਾਰ ਧਾਰਨ ਕਰਕੇ ਸੰਸਾਰ ਦੇ ਜੀਵਾਂ ਨੂੰ ਸਿੱਧਾ ਮਾਰਗ ਦੱਸੇਗਾ।

*शिष्याः प्राप्यन्तिपदवीं ममध्यानपरायणाः ।*
*इमंनामावतारमें विद्धिविष्णुपरायणम् ॥ १३॥*

ਜੋ ਸ਼ਿਸ਼ ਲੋਕ ਮੇਰੇ ਅਨਨਯ ਭਗਤ ਹੋਣਗੇ ਉਹ ਮੋਕਸ਼ ਰੂਪੀ ਪਦਵੀ ਨੂੰ ਪ੍ਰਾਪਤ ਹੋਣਗੇ। ਉਸਨੂੰ ਤੁਸੀਂ ਮੇਰਾ ਨਾਮ ਅਵਤਾਰ ਜਾਣੋ।

*मामेवमनसाध्यात्वा मागामिष्यन्तिचाव्यर्य ।*
*तस्यमार्गप्रवक्ष्यन्ति सोमपानः सदैवते ॥ १४॥*

ਮੇਰਾ ਹੀ ਧਿਆਨ ਕਰਨ ਵਾਲੇ ਮੇਰੇ ਅਵਿਨਾਸ਼ੀ ਸਰੂਪ ਪ੍ਰਾਪਤ ਹੋਣਗੇ। ਮੇਰੇ ਹੀ ਮਾਰਗ ਨੂੰ ਕਹਿਣਗੇ ਅਤੇ ਸਦਾ ਹੀ ਨਾਮ ਰੂਪੀ ਅੰਮ੍ਰਿਤ ਦਾ ਪਾਨ ਕਰਨਗੇ।

*मर्त्यलोकेवदिष्यन्तिते भक्तश्चमयासह ।*
*इतिनामावतारस्य कथितातेकथाशुभ ॥ १५॥*

ਭਗਵਾਨ ਜੀ ਕਹਿੰਦੇ ਹਨ ਮ੍ਰਿਤੂ ਲੋਕ ਦੇ ਵਿੱਚ ਮੇਰੇ ਭਗਤ ਨਾਮ ਦੇ ਮਹਾਤਮ ਨੂੰ ਕਹਿਣਗੇ। ਹੇ ਰਾਜਨ ! ਇਹ ਨਾਮ ਅਵਤਾਰ ਦੀ ਸ਼ੁਭ ਕਥਾ ਮੈਂ ਤੁਹਾਨੂੰ ਸੁਣਾਈ ਹੈ।

ਭਵਿਸ਼ ਪੁਰਾਣ ਦੇ ਵਾਕਿਆਂ ਤੋਂ ਵੀ ਗੁਰੂ ਨਾਨਕ ਜੀ ਦੇ ਅਵਤਾਰ ਦੀ ਸਿੱਧੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋਣ ਦੇ ਵਿੱਚ ਕੋਈ ਸੰਦੇਹ ਨਹੀਂ।

*यद्यद्विभूतिमत्सत्त्वं श्रीमदूर्जितमेव वा ।*
*तत्तदेवागच्छतवं ममतेजोंशसम्भवत् ॥ १ ॥*

ਭਗਵਾਨ ਕ੍ਰਿਸ਼ਨ ਨੇ ਗੀਤਾ (ਸਿਮ੍ਰਤੀ) ਦੇ ਵਿੱਚ ਵੀ ਕਿਹਾ ਹੈ ਜੋ ਪ੍ਰਾਣੀ ਵਿਭੂਤੀ ਵਾਲਾ ਹੈ, ਜੋ ਐਸ਼ਵਰਯਾ ਵਾਲਾ ਹੈ, ਸ਼ੋਭਾ ਵਾਲਾ ਹੈ, ਅਤੇ ਬਲ ਵਾਲਾ ਹੈ ਸੰਸਾਰ ਵਿੱਚ ਉਤਪੰਨ ਹੁੰਦਾ ਹੈ। ਉਸਨੂੰ ਮੇਰੇ ਹੀ ਤੇਜ ਦੇ ਅੰਸ਼ ਤੋਂ ਉਤਪੰਨ ਹੋਇਆ ਜਾਣੋ।

*यदायदाहिधर्मस्य ग्लानिर्भवतिभारत ।*
*अभ्युत्थानमधर्मस्य तदात्मानंसृजाम्यहम् ॥ २ ॥*
*परित्राणाय साधूनां विनाशाय च दुष्कृतां ।*
*धर्मसंस्थापनार्थाय सम्भवामि युगेयुग ॥ ३ ॥*

ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਅਤੇ ਅਧਰਮ ਵੱਧਦਾ ਹੈ ਉਸ ਸਮੇਂ ਮੈਂ ਸਾਧੂਆਂ ਦੀ ਰਖਿਆ ਵਾਸਤੇ ਅਤੇ ਦੁਸ਼ਟਾਂ ਦੇ ਨਾਸ਼ ਵਾਸਤੇ ਧਰਮ ਦੀ ਮਰਿਯਾਦਾ ਨੂੰ ਸਥਿਰ ਕਰਨ ਵਾਸਤੇ ਯੁਗਾਂ ਯੁਗਾਂ ਵਿੱਚ ਅਵਤਾਰ ਲੈਂਦਾ ਹਾਂ। ਇਨ੍ਹਾਂ ਗੀਤਾ ਦੇ ਵਾਕਿਆਂ ਤੋਂ ਸਾਬਤ ਹੁੰਦਾ ਹੈ ਕਿ ਪਰਮੇਸ਼ੁਰ ਦੇ ਅਵਤਾਰ ਅਨੰਤ ਹੋਏ ਅਤੇ ਅਨੰਤ ਹੋਣਗੇ।

ਜਿਸ ਤਰ੍ਹਾਂ ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਦੇ ਵਿੱਚ ਅਵਤਾਰਾਂ ਦੇ ਲਛਣ ਘੱਟਦੇ ਹਨ ਉਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਦੇ ਵਿੱਚ ਵੀ ਘੱਟਦੇ ਹਨ।

*अवति स्वभक्तान् दुष्टेभ्यो रक्षति ।*
*संसारसागरात् तारयतीतिअवतारः ॥ १ ॥*

ਅਵਤਿ ਮੈਨੇ ਆਪਣੇ ਭਗਤਾਂ ਦੀ ਦੁਸ਼ਟਾਂ ਤੋਂ ਰਕਸ਼ਾ ਕਰਦਾ ਹੈ ਅਤੇ ਜੋ ਆਪਣੇ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਦਿੰਦਾ ਹੈ ਉਸੇ ਦਾ ਨਾਮ ਅਵਤਾਰ ਹੈ।

ਸਾਰੀ ਸ੍ਰਿਸਟੀ ਦੇ ਕਲਿਆਣ ਵਾਸਤੇ ਸਤਿਗੁਰੂ ਜੀ ਨੇ ਸਾਰੇ ਸੰਸਾਰ ਦਾ ਭ੍ਰਮਣ ਕੀਤਾ। ਬਿਨਾਂ ਜਾਤੀ ਵਰਣ ਭੇਦ ਦੇ ਸੰਸਾਰ ਦੀ ਮਨੁੱਖਤਾ ਨੂੰ ਈਸ਼ਵਰ ਪ੍ਰਭੂ ਦਾ ਅੰਸ ਕ੍ਰਿਤ ਮੰਨਦੇ ਹੋਏ ਉਪਦੇਸ਼ ਕੀਤਾ ਅਰ ਸਮਾਜ ਵਿੱਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਉਪਦੇਸ਼ ਕੀਤਾ।

ਪੰਡਿਤ ਦੀਵਾਨ ਸਿੰਘ ਜੀ ਨੇ ਵੇਦਾਂ, ਸ਼ਾਸਤਰਾਂ, ਪੁਰਾਣਾਂ, ਉਪਨਿਸ਼ਦਾਂ, ਸਿਮ੍ਰਤੀਆਂ, ਰਮਾਇਣ, ਗੀਤਾ, ਮਹਾਂਭਾਰਤ ਦੇ ਅਨੇਕ ਅਨੇਕ ਪ੍ਰਮਾਣਾਂ/ਦ੍ਰਿਸ਼ਟਾਂਤਾਂ ਸਮੇਤ ਈਸਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ (ਆਪ ਨਾਰਾਇਣ ਕਲਾਧਾਰ ਪ੍ਰਗਟਿਓ ਗੁਰੂ ਨਾਨਕ ਕਹਾਇਓ) ਦੇ ਪੰਥ ਨਿਰਮਲੇ ਦੀ ਜੈ ਜੈ ਕਾਰ ਕਰਾਈ (ਧੰਨ ਹਨ ਧੰਨ ਹਨ ਨਿਰਮਲੇ ਮਹਾਂਪੁਰਖ ਠਾਕਰ ਦੀਵਾਨ ਸਿੰਘ ਜੀ ਦੀ ਧੁਨੀ ਸਾਰੇ ਕੁੰਭ ਮੇਲੇ ਉੱਪਰ ਗੂੰਜ ਗਈ ਅਤੇ ਇਸੇ ਤਰ੍ਹਾਂ ਬ੍ਰਾਹਮਣ ਪੁਜਾਰੀਆਂ ਦੇ ਖੋਖਲੇ ਕਰਮ ਕਾਂਡਾਂ ਦਾ ਖੰਡਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਸਰਵੋਪਰੀ ਸਿੱਧ ਕੀਤਾ ਅਤੇ ਕਿਹਾ ਕਿ ਮੰਦਰ ਦੇ ਅੰਦਰ ਨੰਗੇ ਸਿਰ ਸਿਰਫ਼ ਇੱਕ ਹੀ ਵਸਤਰ ਪਹਿਨ ਕੇ ਪੂਜਾ ਕਰਨ ਨਾਲ ਈਸਟ ਦੇਵ ਦਾ ਭਾਰੀ ਅਪਮਾਨ ਹੁੰਦਾ ਹੈ।)

(ਸ੍ਰੀ ਮਾਨ ਪੰਡਿਤ ਠਾਕਰ ਦੀਵਾਨ ਸਿੰਘ ਜੀ ਦੀ ਭਾਰੀ ਜਿੱਤ ਹੋਈ। ਇਸ ਸਮੇਂ ਪੁਜਾਰੀ ਬ੍ਰਾਹਮਣਾਂ ਰਾਜਿਆਂ ਮਹਾਰਾਜਿਆਂ, ਮੇਲਾ ਅਫ਼ਸਰ ਅਤੇ ਹੋਰ ਅਣਯਮਤਾਂ ਦੇ ਵਿਦਵਾਨਾਂ ਨੇ, ਨਿਰਮਲ ਪੰਥ, ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਅਤੇ ਠਾਕਰ ਦੀਵਾਨ ਸਿੰਘ ਜੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਪ੍ਰਵਾਨ ਕੀਤਾ ਕਿ ਗੁਰੂ ਨਾਨਕ ਦੇਵ ਜੀ ਪੂਰਨ ਹਰੀ ਦਾ ਅਵਤਾਰ ਸਨ ਅਰ

ਨਿਰਮਲ ਪੰਥ ਧਰਮ ਦੇ ਤਤਵ ਨੂੰ ਜਾਨਣ ਵਾਲਾ ਸਤਿਵਾਦੀ ਹੈ। ਉਸ ਦਿਨ ਤੋਂ ਇਹ ਨਿਸਚਾ ਹੋਇਆ ਕਿ ਨਿਰਮਲ ਪੰਥ ਪੱਗਾਂ ਬੰਨ ਕੇ ਸੀਤੇ ਵਸਤਰਾਂ ਸਮੇਤ ਤ੍ਰਿਯੰਬਕੇਸ਼ਵਰ ਜੋਤ੍ਰਲਿੰਗ ਮੰਦਰ ਵਿੱਚ ਪੂਜਾ ਅਰਚਨਾ ਦਾ ਅਧਿਕਾਰੀ ਹੈ।

2. ਸ੍ਰੀ ਮਾਨ 108 ਪੰਡਿਤ ਈਸ਼ਰ ਸਿੰਘ ਜੀ ਭਯੰਕਰਾਚਾਰਯ:

(ਸਤਿਗੁਰੂ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਜੀ ਦੀ ਮਹਾਨ ਕ੍ਰਿਪਾ ਦ੍ਰਿਸ਼ਟੀ ਦੁਆਰਾ ਨਿਰਮਲ ਪੰਥ ਦੇ ਮਹਾਨ ਧੁਰੰਧਰ ਵਿਦਵਾਨਾਂ ਦੀ ਲੰਬੀ ਸ਼੍ਰੰਖਲਾ ਵਿੱਚ ਸ੍ਰੀ ਮਾਨ ਪੰਡਿਤ ਈਸ਼ਰ ਸਿੰਘ ਜੀ ਦਾ ਵਿਸ਼ੇਸ਼ ਸਥਾਨ ਹੈ ਜੋ ਸ਼ਾਸਤ੍ਰਾਰਥ ਕਰਨ ਵਿੱਚ ਵਿਸ਼ੇਸ਼ ਪ੍ਰਸਿੱਧਤਾ ਰਖਦੇ ਸਨ।)

ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਪ੍ਰਮਾਣ ਸ਼ਕਤੀ, ਬਲ ਸ਼ਕਤੀ, ਬੁਧੀ ਅਪੂਰਵ ਸੀ। ਹਾਜ਼ਰ ਜਵਾਬੀ ਕਮਾਲ ਦੀ ਸੀ। ਆਪ ਜੀ ਦਾ ਨਾਮ ਸੁਣਦੇ ਹੀ ਵਿਚਾਰ ਗੋਸ਼ਟੀ ਕਰਨ ਵਾਲੇ ਵਿਦਵਾਨ ਪੰਡਿਤ ਕੰਬ ਉੱਠਦੇ ਸਨ। ਪ੍ਰਮਾਣ ਕੱਟਣ ਦੀ ਵਿਧੀ ਕਮਾਲ ਦੀ ਸੀ। ਆਪ ਜੀ ਦਾ ਸਵੈ-ਆਤਮ ਬਲ, ਸਵੈਮਾਨ, ਦ੍ਰਿੜਤਾ ਅਤੇ ਸ਼ਾਸਤ੍ਰਾਰਥ ਕਰਨ ਦੀ ਅਨੋਖੀ ਕਲਾ ਵੇਖ ਕਰਕੇ ਵਿਦਵਾਨਾਂ ਵਿੱਚ ਆਪ ਜੀ ਦਾ "ਤਖ਼ਲਸ" ਕਲਯੁਗ ਪ੍ਰਚਲਿਤ ਹੋ ਗਿਆ ਸੀ। ਨਿਰਮਲ ਭੇਖ ਵਿੱਚ ਆਪ ਜੀ ਨੂੰ ਕਲਯੁਗ ਦੇ ਉਧਾਰਕ ਕਹਿ ਕੇ ਸਨਮਾਨਿਆ ਜਾਂਦਾ ਸੀ। ਆਪ ਜੀ ਦੇ ਪ੍ਰਸਿੱਧ ਸ਼ਾਸਤ੍ਰਾਰਥ ਦੀ ਸ਼੍ਰੰਖਲਾ ਲੰਬੀ ਹੈ ਜਿਨ੍ਹਾਂ ਵਿੱਚ ਆਪ ਜੀ ਨੂੰ ਭਾਰੀ ਜਿੱਤ ਦਾ ਸਨਮਾਨ ਮਿਲਿਆ।

1. ਕਾਸ਼ੀ ਵਿੱਚ ਖਟ ਦਰਸਨ ਸਾਧੂ ਸਮਾਜ ਨਾਲ ਲਗਾਤਾਰ ਤਿੰਨ ਦਿਨ ਸ਼ਾਸਤ੍ਰਾਰਥ ਕਰਨੇ ਵਿਜੈ ਪ੍ਰਾਪਤ ਕੀਤੀ। ਸੰਮਤ ਬਿਕਰਮੀ 1936 ਨੂੰ

2. ਬੰਬਈ ਸ਼ਹਿਰ ਵਿਖੇ ਲਗਾਤਾਰ ਦੋ ਦਿਨਾਂ ਗੋਸ਼ਟੀ ਵਿੱਚ ਜਿੱਤ ਹਾਸਲ ਕਰਕੇ ਪ੍ਰਸਿੱਧੀ ਪਾਈ।

3. ਤ੍ਰਿਯੰਬਕ ਕੁੰਭ ਉੱਪਰ ਲਗਾਤਾਰ ਤਿੰਨਾਂ ਗੋਸ਼ਟੀ ਵਿੱਚ ਆਪ ਸਰਵੋਪਰੀ ਰਹੇ।

4. ਨਾਸਿਕ ਸ਼ਹਿਰ ਵਿੱਚ ਦੋ ਦਿਨਾਂ ਸ਼ਾਸਤ੍ਰਾਰਥ ਵਿੱਚ ਵਿਜੈ ਦਾ ਡੰਕਾ ਪੰਡਿਤ ਈਸ਼ਰ ਸਿੰਘ ਜੀ ਨੇ ਵਜਾਇਆ।

5. ਰਿਆਸਤ ਦਰਭੰਗਾ ਵਿੱਚ ਇੱਕ ਦਿਨਾਂ ਗਿਆਨ ਚਰਚਾ ਵਿੱਚ ਜਿੱਤ ਆਪ ਜੀ ਦੇ ਨਾਮ ਹੋਈ।

6. ਰਿਆਸਤ ਡੁਮਰਾ ਵਿੱਚ ਜਨਮ ਅਸ਼ਟਮੀ ਅਤੇ ਰਾਮਨੌਮੀ ਉੱਪਰ ਸ਼ਾਸਤ੍ਰਾਰਥ ਕਰਕੇ ਵਿਜੈ ਪ੍ਰਾਪਤ ਕੀਤੀ।

7. ਇਸੇ ਤਰ੍ਹਾਂ ਰਿਆਸਤ ਸੂਰਜਪੁਰ, ਬਖਰਾ, ਮੰਡੀ, ਨਾਭਾ, ਪਟਿਆਲਾ, ਜੀਂਦ ਰਿਆਸਤਾਂ ਵਿੱਚ ਵੀ ਅਨੇਕਾਂ ਵੇਰ ਸ਼ਾਸਤ੍ਰਾਰਥ ਕਰਕੇ ਪੰਡਿਤ ਜੀ ਨੇ ਨਿਰਮਲ ਭੇਖ ਦਾ ਧ੍ਵਜ ਬੁਲੰਦ ਕੀਤਾ ਹੈ।

3. ਸ੍ਰੀ ਮਾਨ 108 ਪੰਡਿਤ ਨਿਹਾਲ ਸਿੰਘ ਜੀ

(ਠਾਕਰ ਨਿਹਾਲ ਸਿੰਘ ਸੰਸਕ੍ਰਿਤ ਨਿਆਏ, ਵੇਦਾਂਤ, ਗੁਰਬਾਣੀ, ਗੁਰਮਤਿ, ਗੁਰਇਤਿਹਾਸ ਦੇ ਪ੍ਰਕਾਂਡ ਪੰਡਿਤ ਸਨ। ਸ੍ਰੀ ਅੰਮ੍ਰਿਤਸਰ ਵਿਖੇ ਹਰ ਸਾਲ ਦੀਵਾਲੀ ਤੋਂ ਪਹਿਲਾਂ ਦੇਸ ਭਰ ਦੇ ਵੱਡੇ ਵੱਡੇ ਵਿਦਵਾਨ ਆ ਕਰਕੇ ਹਰਿਮੰਦਰ ਸਾਹਿਬ ਦਰਸ਼ਨ ਕਰਦੇ ਅਤੇ ਆਪਣੇ ਮਨੋਹਰ ਵਖਿਆਨਾਂ ਦੁਆਰਾ ਸੰਗਤਾਂ ਨੂੰ ਸਦ ਉਪਦੇਸ਼ ਕਰਦੇ ਰਹਿੰਦੇ ਸਨ।)

ਇੱਕ ਵੇਰ ਦਇਆ ਨੰਦ ਆਰੀਆ ਸਮਾਜੀ ਅੰਮ੍ਰਿਤਸਰ ਆ ਕੇ ਹੰਕਾਰਮਈ ਘੋਸ਼ਣਾ ਕੀਤੀ ਕਿ ਖ਼ਾਲਸਾ ਸ਼ਬਦ ਦਾ ਕੋਈ "ਯਥਾਰਥ ਅਰਥ" ਨਹੀਂ ਹੈ। ਜੇ ਕੋਈ ਸਿੱਖ ਖ਼ਾਲਸਾ ਸ਼ਬਦ ਦੀ ਵਿਆਖਿਆ ਕਰ ਸਕਦਾ ਹੈ ਤਾਂ ਕੱਲ ਨੂੰ ਇਸੇ ਮੰਚ ਉੱਪਰ ਮੇਰੇ ਨਾਲ ਵਿਚਾਰ ਅਰਥ ਗੋਸ਼ਟੀ ਕਰ ਲਵੇ। ਇਸ ਦੇ ਨਾਲ ਹੀ ਹੰਕਾਰ ਵਸ ਕਹਿ ਦਿੱਤਾ ਕਿ ਮੈਨੂੰ ਯਕੀਨ ਹੈ ਕੋਈ ਵੀ ਸਿੱਖ ਇਸ ਵਿਸ਼ੇ ਉੱਪਰ ਮੇਰੇ ਨਾਲ ਅਰਥ ਵਿਚਾਰ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਨੇ ਆਉਣਾ ਹੈ।

ਇਤਫਾਕ ਨਾਲ ਇਸੇ ਇਕੱਠ (ਸਭਾ) ਵਿੱਚ ਪੰਡਿਤ ਠਾਕਰ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਵਾਲੇ ਬਿਰਾਜਮਾਨ ਸਨ। ਉਹਨਾਂ ਨੇ ਦਇਆ ਨੰਦ ਦੀ ਬਾਤ ਸੁਣ ਕੇ ਸੋਚਿਆ ਇਸ ਦਾ ਹੰਕਾਰ

ਤੋੜਨਾ ਚਾਹੀਦਾ ਹੈ। ਪੰਡਿਤ ਠਾਕਰ ਨਿਹਾਲ ਸਿੰਘ ਜੀ ਨੇ ਰਾਤ੍ਰੀ ਸਮੇਂ ਵਿੱਚ "ਖ਼ਾਲਸਾ ਸ਼ਬਦ" ਦੇ ਅਰਥ ਸਹਿਤ ਸੰਸਕ੍ਰਿਤ ਵਿੱਚ ਪ੍ਰਮਾਣ ਦੇ ਕੇ ਇੱਕ ਸੌ ਸਲੋਕਾਂ ਦਾ ਗ੍ਰੰਥ ਤਿਆਰ ਕਰ ਲਿਆ। ਜਿਸ ਦਾ "ਖ਼ਾਲਸਾ ਸ਼ਤਕ" ਰੱਖਿਆ।

ਨਿਯਤ ਸਮੇਂ ਉੱਪਰ ਪੰਡਿਤ ਜੀ ਦਇਆ ਨੰਦ ਨਾਲ ਉਸੇ ਮੰਚ ਉੱਪਰ ਚਰਚਾ ਵਾਸਤੇ ਪਹੁੰਚ ਗਏ। ਦਇਆ ਨੰਦ ਸੋਚਿਆ ਪੰਜਾਬੀ ਸੰਤ ਹੈ ਇਹ ਕੀ ਜਾਣਦਾ ਹੋਵੇਗਾ ਇੱਕ ਦੋ ਪ੍ਰਮਾਣ ਦੇਵੇਗਾ ਮੇਰੀ ਇੱਕ ਗੱਲ ਨਾਲ ਹੀ ਨਿਰਉੱਤਰ ਹੋ ਜਾਵੇਗਾ। ਦਇਆ ਨੰਦ ਹੰਕਾਰ ਨਾਲ ਬੋਲਿਆ ਦਸੋ ਖ਼ਾਲਸੇ ਦਾ ਕੀ ਅਰਥ ਹੈ। ਠਾਕਰ ਨਿਹਾਲ ਸਿੰਘ ਜੀ ਉੱਠੇ ਸ੍ਰੀ ਕਲਗੀਧਰ ਸਵਾਮੀ ਜੀ ਦਾ ਧਿਆਨ ਧਰਿਆ ਅਤੇ ਸ਼ੇਰ ਦੀ ਗਰਜਣਾ ਦੁਆਰਾ ਸੰਸਕ੍ਰਿਤ ਵਿੱਚ ਖ਼ਾਲਸਾ ਸ਼ਤਕ ਬੋਲਣਾ ਸ਼ੁਰੂ ਕੀਤਾ। ਨਦੀ ਦੀ ਤੀਬਰ ਧਾਰਾ ਵਾਂਗ ਸੰਸਕ੍ਰਿਤ ਵਿੱਚ ਵਿਆਖਿਆ ਚਲ ਰਹੀ ਸੀ ਸੌ ਸਲੋਕਾਂ ਦੇ ਪ੍ਰਮਾਣ ਜਾਰੀ ਸਨ।

ਦਇਆਨੰਦ ਆਰੀਆ ਸਮਾਜੀ ਪੰਡਿਤ ਠਾਕਰ ਨਿਹਾਲ ਸਿੰਘ ਜੀ ਦੇ ਚਰਨਾਂ ਉੱਪਰ ਦੋਵੇਂ ਹੱਥ ਜੋੜ ਕੇ ਨਤਮਸਤਕ ਹੋ ਗਿਆ। ਕਹਿਣ ਲੱਗਾ ਮੈਨੂੰ ਕੀ ਪਤਾ ਸੀ ਕਿ ਸਿੱਖਾਂ ਵਿੱਚ ਵੀ ਇਤਨੇ ਵੱਡੇ-ਵੱਡੇ ਵਿਦਵਾਨ ਹਨ। ਇਸ ਤਰ੍ਹਾਂ ਪੰਡਿਤ ਠਾਕਰ ਨਿਹਾਲ ਸਿੰਘ ਜੀ ਦੀ ਜਿੱਤ ਦਰਜ ਹੋਈ। ਖ਼ਾਲਸਾ ਸ਼ਤਕ ਗ੍ਰੰਥ ਹੋਂਦ ਵਿੱਚ (ਪ੍ਰਗਟ ਹੋਇਆ) ਆਇਆ ਜੋ ਭਰਪੂਰ ਅਰਥ ਬੋਧ ਗ੍ਰੰਥ ਹੈ। ਇਸ ਤਰ੍ਹਾਂ ਨਿਰਮਲ ਪੰਥ ਦੀ ਜੈ ਜੈ ਕਾਰ ਹੋਈ।

4. ਸ੍ਰੀ ਮਾਨ 108 ਪੰਡਿਤ ਸਦਾ ਸਿੰਘ ਜੀ ਕਾਸ਼ੀ ਵਾਲੇ:- ਸ਼ਾਸਤ੍ਰਾਰਥ ਨਰੇਸ਼

ਵਿਆਕਰਣ, ਨਿਆਏ, ਵੇਦਾਂਤ ਸੰਸਕ੍ਰਿਤ ਦੇ ਪ੍ਰਕਾਂਡ ਵਿਦਵਾਨ ਭਾਵੇਂ ਥਾਨੇਸਰ (ਕੁਰਕਸ਼ੇਤਰ) ਕੈਂਥਲ ਵਿੱਚ ਵੀ ਬਹੁਤ ਹੋਏ ਹਨ ਪਰੰਤੂ ਕਾਸ਼ੀ (ਬਨਾਰਸ) ਵਿੱਚ ਪ੍ਰਾਚੀਨ ਸਮੇਂ ਤੋਂ ਨਿਆਏ, ਵੇਦਾਂਤ, ਸੰਸਕ੍ਰਿਤ ਭਾਸ਼ੀ ਵਿਦਵਾਨਾਂ ਦਾ ਸਥਾਨ ਸਰਵੋਪਰੀ ਹੈ ਕਾਸ਼ੀ ਵਿੱਚ ਹੀ ਚੇਤਨ ਮੱਠ ਪੰਜਾਬੀ ਨਿਰਮਲੇ ਸਤਪੁਰਖਾਂ ਦਾ ਪ੍ਰਸਿੱਧ ਮੁੱਖ ਸਥਾਨ ਹੈ ਜੋ ਸੰਸਕ੍ਰਿਤ ਭਾਸ਼ੀ ਵਿਦਿਆ ਦਾ ਕੇਂਦਰ ਹੈ।

ਕਾਸ਼ੀ ਵਿੱਚ ਸ੍ਰੀ ਸਵਾਮੀ ਪੰਡਿਤ ਸੱਦਾ ਸਿੰਘ ਜੀ ਆਪਣੇ ਸਮੇਂ ਦੇ ਗੁਰਬਾਣੀ/ਗੁਰਮਤਿ/ਗੁਰ ਇਤਿਹਾਸ, ਵਿਆਕਰਣ, ਨਿਆਏ, ਵੇਦਾਂਤ ਦੇ ਅਪੂਰਵ ਵਿਦਵਾਨ ਸਨ। ਇੱਕ ਵੇਰ ਇੱਕ ਦਿਗ ਵਿਜਈ ਪੰਡਿਤ ਨੇ ਕਾਸ਼ੀ ਦੇ ਵਿਦਵਾਨਾਂ ਨੂੰ ਸ਼ਾਸਤ੍ਰਾਰਥ ਕਰਨ ਵਾਸਤੇ ਵੰਗਾਰਿਆ। ਕਾਸ਼ੀ ਦੇ ਸਾਰੇ ਵਿਦਵਾਨਾਂ ਨੇ ਇੱਕ ਇਕੱਠ ਕਰਨੇ ਸਭ ਦੀ ਰਾਇ ਮੰਗੀ। ਸਾਰੇ ਵਿਦਵਾਨ ਇਕੱਠ ਵਿੱਚ ਸ਼ਾਂਤ ਚਿਤ ਬੈਠੇ ਰਹੇ। ਅਕਸਮਾਤ ਸ੍ਰੀ ਸਵਾਮੀ ਸੱਦਾ ਸਿੰਘ ਜੀ ਨੇ ਸਭਾ ਵਿੱਚ ਉਠ ਕੇ ਉਸ ਦਿਗ ਵਿਜਈ ਪੰਡਿਤ ਦੀ ਵੰਗਾਰ ਨੂੰ ਸਵੀਕਾਰ ਕੀਤਾ। ਸ਼ਾਸਤ੍ਰਾਰਥ ਦਾ ਸਮਾਂ ਨਿਯਤ ਹੋਇਆ। ਨਿਯਤ ਸਮੇਂ ਅਨੁਸਾਰ ਉਸ ਦਿਗ ਵਿਜਈ ਪੰਡਿਤ ਨਾਲ ਸ਼ਾਸਤ੍ਰਾਰਥ ਅਰੰਭ ਹੋਇਆ। ਸਵਾਮੀ ਸੱਦਾ ਸਿੰਘ ਜੀ ਨੇ ਅਨੇਕ ਪ੍ਰਮਾਣਾਂ/ਦ੍ਰਿਸ਼ਟਾਂਤਾਂ ਦੁਆਰਾ ਵਿਜੈ ਪ੍ਰਾਪਤ ਕੀਤੀ। ਸਾਰੀ ਕਾਂਸੀ ਵਿੱਚ ਪੰਡਿਤ ਸੱਦਾ ਸਿੰਘ ਜੀ ਦੀ ਜੈ ਜੈ/ਯਸ ਹੋ ਗਿਆ ਸਵਾਮੀ ਜੀ ਨੂੰ ਸਨਮਾਨਤ ਕਰਨ ਦਾ ਫ਼ੈਸਲਾ ਹੋਇਆ। ਵਿਚਾਰ ਵਿਮਰਸ਼ ਤੋਂ ਬਾਅਦ ਨਿਰਨਯ ਹੋਇਆ ਕਿ ਪੰਡਿਤ ਜੀ ਦੀ ਸ਼ੁਭ ਰਾਇ ਲਈ ਜਾਵੇ ਕਿ ਉਹਨਾਂ ਨੂੰ ਕਿਸ ਉਪਾਧੀ (ਸਨਮਾਨ) ਨਾਲ ਵਿਭੂਸ਼ਤ ਕੀਤਾ ਜਾਵੇ। ਸਵਾਮੀ ਜੀ ਨੇ ਆਪਣੀ ਤੀਕਸ਼ਣ ਬੁੱਧੀ ਦੁਆਰਾ ਦੰਡੀ ਪਦ ਦੀ ਯਾਚਨਾ ਕੀਤੀ। (ਦੰਡੀ ਦਾ ਅਰਥ ਹੈ ਤਾਕਤਵਰ ਸੋਟੀ ਵਾਲਾ) ਇਸ ਤਰ੍ਹਾਂ ਸਵਾਮੀ ਜੀ ਦੇ ਅਨੁਸਾਰ ਉਹਨਾਂ ਨੂੰ ਦੰਡੀ ਸਨਮਾਨ ਨਾਲ ਵਿਭੂਸਤ ਕੀਤਾ ਗਿਆ। ਕਾਸ਼ੀ ਵਿਖੇ ਪੰਡਿਤ ਸੱਦਾ ਸਿੰਘ ਸ਼ਾਸਤ੍ਰਾਰਥਾਚਾਰਯ ਪ੍ਰਸਿੱਧ ਹੋਏ। ਪੰਡਿਤ ਜੀ ਨੇ 1776 ਈ. ਵਿੱਚ "ਅਦ੍ਵੈਤ ਸਿੱਧੀ" ਦੀ "ਸੁਗਮਸਾਰ ਚੰਦ੍ਰਕਾ" ਟੀਕਾ ਕੀਤਾ ਹੈ ਜੋ ਵੇਦਾਂਤ ਦਾ ਅਪੂਰਵ ਗ੍ਰੰਥ ਹੈ।

5. ਸ੍ਰੀ ਮਾਨ 108 ਪੰਡਿਤ ਗਿਆਨੀ ਗਿਆਨ ਸਿੰਘ ਜੀ:- ਵਿਦਿਆ ਮਾਰਤੰਡ

ਗਿਆਨੀ ਗਿਆਨ ਸਿੰਘ ਜੀ ਨਿਰਮਲ ਪੰਥ ਦੇ ਹੀ ਨਹੀਂ ਸਿੱਖ ਪੰਥ ਦੀ ਮਹਾਨ ਹਸਤੀ ਹੋਏ

ਹਨ ਜਿਨ੍ਹਾਂ ਦਾ ਨਾਮ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਦੇ ਗ੍ਰੰਥਾਂ ਦੀ ਲੜੀ ਲੰਮੀ ਹੈ। ਪ੍ਰਸਿੱਧ ਗ੍ਰੰਥ ਤਵਾਰੀਖ਼ ਗੁਰੂ ਖ਼ਾਲਸਾ, ਪੰਥ ਪ੍ਰਕਾਸ਼ ਹਨ ਜਿਥੇ ਆਪ ਜੀ ਕਲਮ ਦੇ ਧਨੀ ਸਨ ਉਥੇ ਗਿਆਨ ਚਰਚਾ ਵਿੱਚ ਵੀ ਵਿਸ਼ੇਸ਼ ਮੁਹਾਰਤ ਰਖਦੇ ਸਨ।

(1) ਸ਼ਹਿਰ ਮੋਰਧੁਜ ਦੇ ਰਾਜੇ ਸੈਨਪਾਲ ਨਾਲ ਗਿਆਨੀ ਜੀ ਦੀ ਗਿਆਨ ਚਰਚਾ "ਸ਼ਾਸਤ੍ਰਾਰਥ" ਕਈ ਦਿਨ ਹੁੰਦਾ ਰਿਹਾ ਅੰਤ ਵਿਜੈ ਗਿਆਨੀ ਜੀ ਦੀ ਹੋਈ ਭਾਰੀ ਪ੍ਰਸਿੱਧਤਾ ਵਧੀ ਰਾਜੇ ਸੈਨਪਾਲ ਨੇ ਬਹੁਤ ਸਤਿਕਾਰ ਕਰਕੇ ਵਿਦਾਇਗੀ ਦਿੱਤੀ।

(2) ਗਿਆਨੀ ਜੀ ਦਾ ਰਾਧਾ ਸੁਆਮੀ ਮਤ ਦੇ ਸ਼ਿਵ ਦਿਆਲ ਸਿੰਘ ਨਾਲ ਵੀ ਆਗਰੇ ਵਿੱਚ ਸ਼ਾਸਤ੍ਰਾਰਥ ਪ੍ਰਸਿੱਧ ਹੈ। ਸ਼ਿਵ ਦਿਆਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਚੀ ਗਦੀ ਲੱਗਾ ਕੇ ਬੈਠਦਾ ਸੀ ਅਤੇ ਆਪਣੇ ਸੇਵਕਾਂ ਨੂੰ ਆਪਣੇ ਮੂੰਹ ਦੀ ਪੀਕ ਦਾ ਪ੍ਰਸਾਦ ਵੰਡਦਾ ਸੀ। ਰੋਜ਼ਾਨਾ ਹੁੱਕਾ ਵੀ ਪੀਂਦਾ ਸੀ। ਇਸ ਤਰ੍ਹਾਂ ਸ਼ਿਵ ਦਿਆਲ ਸਿੰਘ ਭਾਰੀ ਕੁਰੈਹਤਾਂ ਦਾ ਧਾਰਨੀ ਸੀ। ਗਿਆਨੀ ਗਿਆਨ ਸਿੰਘ ਜੀ ਮਹਾਰਾਜ ਨੇ ਸ਼ਾਸਤਰਾਂ ਦੇ ਪ੍ਰਮਾਣ ਸੰਸਕ੍ਰਿਤ ਵਿੱਚ ਦੱਸ ਕੇ ਗੁਰਮਤਿ/ਗੁਰਬਾਣੀ ਦਾ ਉੱਚਾ ਆਦਰਸ਼ ਤੋਂ ਜਾਣੂ ਕਰਵਾਇਆ। ਉਸ ਨੇ ਸਾਰੀਆਂ ਕੁਰੈਹਤਾਂ ਛੱਡ ਕੇ ਪ੍ਰਣ ਕੀਤਾ ਅਤੇ ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਸਤਿਕਾਰ ਕਰਨ ਲੱਗਾ। ਇਸ ਤਰ੍ਹਾਂ ਉਸ ਦੇ ਇਸ ਪਰਿਵਰਤਨ ਨਾਲ ਜੀਵਨ ਉੱਚਾ ਹੋਇਆ ਅਤੇ ਸਾਰੇ ਆਗਰੇ ਸ਼ਹਿਰ ਵਿੱਚ ਗਿਆਨੀ ਜੀ ਦਾ ਭਾਰੀ ਸਤਿਕਾਰ ਹੋਇਆ।

6. ਸ੍ਰੀ ਮਾਨ 108 ਸੰਤ ਮਹਾਂ ਕਵੀ ਗਿਆਨੀ ਸੰਤੋਖ ਸਿੰਘ ਜੀ ਕਵੇਂਦਰ

ਕੈਂਥਲ ਰਿਆਸਤ ਦੇ ਰਾਜਾ ਭਾਈ ਉਦੈ ਸਿੰਘ ਜੀ ਪਾਸ ਫ਼ਾਰਸੀ/ਉਰਦੂ/ਸੰਸਕ੍ਰਿਤ ਗੁਰਬਾਣੀ/ਗੁਰਬਾਣੀ/ ਗੁਰਮਤਿ/ਗੁਰਇਤਿਹਾਸ ਦੇ ਧਰੰਧਰ ਵਿਦਵਾਨ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਹੋਰ ਅਨੇਕਾਂ ਗ੍ਰੰਥਾਂ ਦੇ ਕਰਤਾ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਕਵੇਂਦਰ ਦਾ ਕੈਂਥਲ ਵਿਖੇ ਕਈ ਵੇਰ ਦਿਗ ਵਿਜਈ ਹੰਕਾਰੀ ਪੰਡਿਤਾਂ ਨਾਲ ਸ਼ਾਸਤ੍ਰਾਰਥ ਕਰਨ ਦਾ (ਗਿਆਨ ਚਰਚਾ) ਸੰਸਾਰ ਪ੍ਰਸਿੱਧ ਇਤਿਹਾਸ ਹੈ। ਜਿਨ੍ਹਾਂ ਉੱਪਰ ਭਾਈ ਸੰਤੋਖ ਸਿੰਘ ਨੇ ਭਾਰੀ ਵਿਜੈ ਪ੍ਰਾਪਤ ਕੀਤੀ ਨਿਰਮਲ ਪੰਥ ਦਾ ਗੌਰਵ ਉੱਚਾ ਕੀਤਾ।

ਇਸ ਤਰ੍ਹਾਂ ਸ੍ਰੀ ਕਲਗੀਧਰ ਜੀ ਦੇ ਮਹਾਨ ਅਸ਼ੀਰਵਾਦ ਪ੍ਰਾਪਤ ਨਿਰਮਲੇ ਮਹਾਂਪੁਰਖਾਂ ਨੇ ਆਪਣੇ ਤਪ/ਤੇਜ, ਆਤਮਿਕ ਸ਼ਕਤੀ/ਵਿਦਿਆ ਸ਼ਕਤੀ ਦ੍ਰਿੜ ਬਲ ਦੁਆਰਾ ਸਭ ਵਿਪਕਸ਼ੀਆਂ ਉੱਪਰ ਵਿਜੈ ਪ੍ਰਾਪਤ ਕਰਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਦੇ ਸਦ ਉਪਦੇਸ਼ ਨੂੰ ਸੰਸਾਰ ਵਿਖੇ ਸਰਵੋਪਰੀ ਕਾਇਮ ਕਰ ਵਿਖਾਇਆ।

ਇਸ ਤਰ੍ਹਾਂ ਨਿਰਮਲ ਪੰਥ ਆਪਣੇ ਤਪ ਤੇਜ ਪ੍ਰਤਾਪ ਨਾਲ ਨਵੇਂ ਮੀਲ ਪੱਥਰ ਗੱਡਦਾ ਰਿਹਾ ਹੈ। ਪੰਡਿਤ ਅਰਜਨ ਸਿੰਘ ਜੀ ਮੁਨੀ ਸ਼ਾਸਤਰੀ ਵਿਆਕਰਣਾਚਾਰਯ ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਵੇਦਾਂਤਾਚਾਰਯ ਸੰਸਕ੍ਰਿਤ ਦੇ ਮਹਾਨ ਵਿਦਵਾਨ ਹੋਏ ਹਨ। ਵਰਤਮਾਨ ਸ੍ਰੀ ਮਹੰਤ ਸੁਆਮੀ ਗਿਆਨ ਦੇਵ ਸਿੰਘ ਜੀ ਵੇਦਾਂਤਾਚਾਰਯ ਸੰਸਕ੍ਰਿਤ ਭਾਸ਼ਾ ਅਤੇ ਸ਼ਾਸਤਰਾਂ ਦੇ ਧੁਰੰਧਰ ਵਿਦਵਾਨ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਿਰਮਲ ਪੰਥ ਨੂੰ ਵਿਦਿਆ ਪ੍ਰਾਪਤੀ ਦੇ ਬਖਸ਼ੇ ਹੋਏ ਅਸ਼ੀਰਵਾਦ ਕਿਰਿਆਤਮਕ ਰੂਪ ਵਿੱਚ ਫਲੀਭੂਤ ਹੋ ਰਹੇ ਹਨ।

## ਨਿਰਮਲੇ ਸੰਤਾਂ ਦੀ ਉਸਤਤੀ

स्तोत्रांक: ॥ २२॥

*॥ ॐ श्रीगणेशाय नमः ॥ अथ श्रीमन्निर्मलसाधु-*
*स्तोत्रम् ॥ ॐ श्रीगुरूनानकपरब्रह्मणे नमः ॥ स्थित्वा*
*कल्पतरोरधोऽय्युतमथो ध्यायन्तमीशं परं बालेनाथ*
*सुचारूचामरकरेणाऽऽसेवितं पृष्टतः। मर्दनेन च गायता*

*हरियश: संसेवितं स्वाग्रतो वन्देऽहं करूणार्णवं भयहरं*
*श्रीमद्गुरूं नानकम् ॥ १॥ शान्तानानन्तरतान्विवेकजलधौ*
*स्नातान् परे पाघने नित्यं वेदविचारतत्परधियो भावाप्रि*
*यान्नित्यश:। सत्सङ्कनिपेविणोऽनवरतं कामादिभीत्या*
*च ये वन्दे तान्नरपुङ्गवान्नहरह: साधून्सदा निर्मलान्*
*॥ २॥ ये तीर्थेप्वनिशं दयालुहृदया ह्यभ्यायतान को–*
*टिश: मिष्टन्नादिभिरादरेण निखिलान् सम्प्रीणयन्त्यागा–*
*तान् । येभ्यो यान्ति न कर्हिचिद्विमनस: कामानलब्ध्वा*
*नरा। वन्दे ताक्षपुङ्गवान्नहरह: साधून्सदानिर्मलान् ॥ ३॥*
*येषां दर्शनमात्रमेव हि शुभं पुण्यकहेतुर्नृणां संस्पर्शश्च*
*निहंति पादरजसो येषां मन:किल्विषम् । पूताञ्जह्नु–*
*सुतामिवोत्तमतमांश्चैवात्मतृप्तास्तथा वन्दे तान्नरपुङ्ग–*
*वान्नहरह: साधून्सदा निर्मलान् ॥ ४॥ आरण्याद्रिगु–*
*हासरिद्रुमतलाऽऽरामेपु ये सर्वदा चिच्चित्ता निवसन्तय–*
*नन्यमनसो सोहं विमुच्यात्मन:। संतुष्टाश्च यदृच्छया–*
*सवसनैर्भिक्षाऽन्नपानादिना वन्दे तान्नरपुङ्गवान्नहरह:*
*साधून्सदा निर्मलान् ॥ ५॥ यै: कालो हरिकीर्तनेन*
*कथवा वा नीयते नित्यदा तद्ध्यानेन सुबोधनेन च मि–*
*थस्तस्यैव सचिन्तया। ब्रह्मैकं प्रविहाय द्वैतमखिलं कि–*
*ञ्चिन्न जानन्ति ये वन्दे तान्नरपुङ्गवान्नहरह: साधून्सदा*
*निर्मलान् ॥ ६॥ त्राता वै जगदीश्वरे प्रकुपिते कोपान्त–*
*दीयादुरू: नेशोऽपि क्षमते गुरौ प्रकुपिते त्रातुं क्षितौ*
*सर्वथा। मत्वैतदुरूमेव ये सुमतयो जानन्ति सर्वोत्तमं*
*वन्दे तान्नरपुङ्गवाहरह: साधून्सदा निर्मलान् ॥ ७॥*
*सत्यं ये सरसं मितं हिततमं वाक्यं गृणन्ति क्षितौ*
*युक्तहारविहारशीतलयशस्तृप्ता: परेब्रह्मणि । सौभ्यान्सा–*
*धुशिरोमणीनविरतं शार्दूलविक्रीडितान् वन्दे तान्नरपु–*
*ङ्गवान्नहरह: साधून्सदा निर्मलान् ॥ ८॥ येपामात्मम–*
*नोऽमलं वपुरिदं ब्राह्मं तथा निर्मलं वासांस्यप्यथ निर्म–*
*लानि विमलं स्थानं तथैवात्मन: । दानं ध्यानमुपासना–*
*दिकमिदं येषां सदा निर्मलं, वन्दे तान्नरपुङ्गवान्नहरह:*
*साधून्सदा निर्मलान् ॥ ९ ॥ एतन्निर्मलचेतसां सुविमलं*
*स्तोत्रं परं पावनं भक्तया मोहनलालसाधुरचितं शश्वत्प–*
*टेद्यो नर: । रागदेपमलं विधूय विमलां। लब्ध्वात्मभक्तिं*
*हरौ विध्वसताऽखिलकल्मषोऽनवरतं ब्रह्मत्मना मोदते*
*॥ १०॥*

ਗੁਰੂ ਨਾਨਕ ਰਤਨਾਕਰ

## ਸਹਾਇਕ ਗ੍ਰੰਥਾਂ ਦੀ ਸੂਚੀ


| | | |
|---|---|---|
| 1. | ਵਾਰਾਂ ਭਾਈ ਗੁਰਦਾਸ ਜੀ | ਭਾਈ ਗੁਰਦਾਸ ਜੀ |
| 2. | ਗੁਰਪ੍ਰਤਾਪ ਸੂਰਜ | ਭਾਈ ਸੰਤੋਖ ਸਿੰਘ ਜੀ |
| 3. | ਮਹਾਨ ਕੋਸ਼ | ਭਾਈ ਕਾਨ੍ਹ ਸਿੰਘ ਜੀ ਨਾਭਾ |
| 4. | ਨਿਰਮਲ ਪੰਥ ਪ੍ਰਦੀਪਿਕਾ | ਗਿਆਨੀ ਗਿਆਨ ਸਿੰਘ ਜੀ |
| 5. | ਪੰਥ ਪ੍ਰਕਾਸ਼ | ਗਿਆਨੀ ਗਿਆਨ ਸਿੰਘ ਜੀ |
| 6. | ਤਵਾਰੀਖ਼ ਗੁਰੂ ਖ਼ਾਲਸਾ | ਗਿਆਨੀ ਗਿਆਨ ਸਿੰਘ ਜੀ |
| 7. | ਗੁਰਧਾਮ ਸੰਗ੍ਰਹਿ | ਗਿਆਨੀ ਗਿਆਨ ਸਿੰਘ ਜੀ |
| 8. | ਗੁਰਮਤਿ ਨਿਰਨਯ ਸਾਗਰ | ਪੰਡਿਤ ਤਾਰਾ ਸਿੰਘ ਜੀ ਨਰੋਤਮ |
| 9. | ਮੋਕਸ਼ ਪੰਥ ਪ੍ਰਕਾਸ਼ | ਪੰਡਿਤ ਤਾਰਾ ਸਿੰਘ ਜੀ ਨਰੋਤਮ |
| 10. | ਗੁਰੂ ਤੀਰਥ ਸੰਗ੍ਰਹਿ | ਪੰਡਿਤ ਤਾਰਾ ਸਿੰਘ ਜੀ ਨਰੋਤਮ |
| 11. | ਨਿਰਮਲ ਦਰਸ਼ਨ | ਮਹੰਤ ਦਿਆਲ ਸਿੰਘ ਜੀ |
| 12. | ਨਿਰਮਲ ਭੂਸ਼ਨ | ਮਹੰਤ ਗਨੇਸ਼ਾ ਸਿੰਘ ਜੀ |
| 13. | ਨਿਰਮਲ ਪੰਥ ਬੋਧ | ਗਿ. ਬਲਵੰਤ ਸਿੰਘ ਕੋਠਾਗੁਰੂ |
| 14. | ਨਿਰਮਲ ਪੰਥ ਦੀ ਗੌਰਵਗਾਥਾ | ਗਿ. ਬਲਵੰਤ ਸਿੰਘ ਕੋਠਾਗੁਰੂ |
| 15. | ਨਿਰਮਲ ਭੇਖ ਭਾਸਕਰ | ਗਿ. ਬਲਵੰਤ ਸਿੰਘ ਕੋਠਾਗੁਰੂ |
| 16. | ਗੁਰੂ ਵੰਸ ਖ਼ਾਲਸਾ ਪੰਥ (ਹਿੰਦੀ) | ਗਿ. ਬਲਵੰਤ ਸਿੰਘ ਕੋਠਾਗੁਰੂ |
| 17. | ਨਿਰਮਲ ਪੰਥ ਦਾ ਇਤਿਹਾਸ | ਡਾ. ਪਰਮਜੀਤ ਸਿੰਘ |
| 18. | ਨਿਰਮਲ ਸੰਪ੍ਰਦਾਇ | ਪ੍ਰੋ. ਪ੍ਰੀਤਮ ਸਿੰਘ ਜੀ |
| 19. | ਨਾਨਕ ਪ੍ਰਕਾਸ਼ ਪੱਤ੍ਰਿਕਾ (ਦਸੰਬਰ 2005) | |
| 20. | ਦਮਦਮਾ ਗੁਰੂ ਕੀ ਕਾਸ਼ੀ | ਗਿ. ਬਲਵੰਤ ਸਿੰਘ ਜੀ ਕੋਠਾਗੁਰੂ |
| 21. | ਅਗਮ ਅਗਾਦ ਪੁਰਖ | ਗਿ. ਬਲਵੰਤ ਸਿੰਘ ਜੀ ਕੋਠਾਗੁਰੂ |
| 22. | ਕਲਮ ਦੇ ਚਮਤਕਾਰ | ਪ੍ਰੋ. ਪਿਆਰਾ ਸਿੰਘ ਜੀ ਪਦਮ |
| 23. | ਕੋਠਾ ਗੁਰੂ ਦੀ ਗੌਰਵ ਗਾਥਾ | ਗਿ. ਬਲਵੰਤ ਸਿੰਘ ਜੀ ਕੋਠਾਗੁਰੂ |
| 24. | ਨਿਰਮਲ ਸੰਪ੍ਰਦਾਇ (ਹਿੰਦੀ) | ਪੰਡਿਤ ਅਰਜਨ ਸਿੰਘ ਜੀ ਮੁਨੀ |
| 25. | ਅਨੁਭਵ ਸ਼ਤਕ | ਸੰਤ ਗਿ. ਸੁਖਚੈਨ ਸਿੰਘ ਜੀ ਅੰਮ੍ਰਿਤਸਰ |
| 26. | ਸੰਪ੍ਰਦਾਇ ਜਲਾਲਾ ਦਾ ਇਤਿਹਾਸ | ਮਹੰਤ ਪ੍ਰਤਾਪ ਸਿੰਘ |
| 27. | ਬਾਬਾ ਨਾਨਕ ਦਾ ਨਿਰਮਲ ਪੰਥ | ਮਹੰਤ ਦਿਆਲ ਸਿੰਘ ਲਾਹੌਰ |
| 28. | ਸੰਪ੍ਰਦਾਵਲੀ | ਪ੍ਰੋ. ਪਿਆਰਾ ਸਿੰਘ ਜੀ ਪਦਮ |
| 29. | ਸ੍ਰੀ ਗੁਰੂ ਗੋਬਿੰਦ ਸਿੰਘ ਔਰ ਨਿਰਮਲ ਸੰਤ ਪਰੰਪਰਾ | ਡਾ. ਨਿਰਮਲ ਕੌਸ਼ਿਕ |
| 30. | ਜਪ ਸੰਹਿਤਾ | ਹਰੀਪ੍ਰਸ਼ਾਦ ਵੈਦਿਕ ਮੁਨੀ |
| 31. | ਸ੍ਰੀ ਜਪੁਜੀ ਸਾਹਿਬ ਸਟੀਕ | ਸਵਾਮੀ ਸ੍ਰੀ ਪਰਮਾਨੰਦ ਜੀ |
| 1. | ਜਪ ਸੰਸਕ੍ਰਿਤ ਟੀਕਾ | ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲੇ |
| 2. | ਅਦ੍ਵੈਤ ਸਿਧੀ ਟੀਕਾ | ਪੰਡਿਤ ਸੱਦਾ ਸਿੰਘ ਜੀ ਕਾਸ਼ੀ ਵਾਲੇ |

| | | |
|---|---|---|
| 5. | ਸ੍ਰੀ ਗੁਰੂ ਗਿਰਾ ਰੁਪਾਂਤਰ | ਪੰਡਿਤ ਗੁਰਦਿੱਤ ਸਿੰਘ ਜੀ |
| 6. | ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼ | ਪੰਡਿਤ ਈਸ਼ਵਰ ਸਿੰਘ ਜੀ ਕਾਸ਼ੀ ਵਾਲੇ |
| 7. | ਗੁਰਮਤਿ ਦਿਗਵਿਜੈ | ਪੰਡਿਤ ਈਸ਼ਵਰ ਸਿੰਘ ਜੀ ਕਾਸ਼ੀ ਵਾਲੇ |
| 8. | ਜਾਪ ਸਟੀਕ | ਪੰਡਿਤ ਨਿਹਾਲ ਸਿੰਘ ਥੋਹਾ ਖ਼ਾਲਸਾ |
| 9. | ਤਰਕ ਸੰਗ੍ਰਹਿ ਪਦਕ੍ਰਿਤਯ ਟੀਕਾ | ਚੰਦਰ ਸਿੰਘ (ਬੁਧ ਸਿੰਘ ਜੀ) |
| 10. | ਗੁਰੂ ਸਿਧਾਂਤ ਪਾਰਜਾਤ | ਪੰਡਿਤ ਹਰੀ ਸਿੰਘ ਜੀ ਕਾਸ਼ੀ ਵਾਲੇ |
| 11. | ਪੰਚਮਾਸ਼ਰਮ | ਸੁਆਮੀ ਮੰਗਲ ਹਰੀ ਜੀ |

# ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ

*ਸੰਤ ਦਰਸ਼ਨ ਸਿੰਘ ਸ਼ਾਸ਼ਤ੍ਰੀ*
*ਸੰਤ ਸਤਨਾਮ ਸਿੰਘ ਸ਼ਾਸ਼ਤ੍ਰੀ*
*ਸੰਤ ਜਸਵਿੰਦਰ ਸਿੰਘ ਸ਼ਾਸ਼ਤ੍ਰੀ**

੧ੳ ਸਾਰੀਆਂ ਸੰਪ੍ਰਦਾਵਾਂ ਦਾ ਮੂਲ ਹੈ। "ਓਅੰਕਾਰ ਆਦਿ ਮੈ ਜਾਨਾ"[1] **एक एव पुरा वेद: प्रणव: सर्ववाङ्मय:।** ਬ੍ਰਹਮਾ ਜੀ ਦੇ ਮੁੱਖ ਤੋਂ ਸਭ ਤੋਂ ਪਹਿਲਾਂ ਓਅੰਕਾਰ ਸ਼ਬਦ ਨਿਕਲਿਆ **"ओंकारश्चाथ शब्दश्च द्वावेतौ ब्रह्मण: पुरा"**[2] ਓਅੰਕਾਰ ਗਿਆਨ ਸਰੂਪ ਹੈ, ਓਅੰਕਾਰ ਦੇ ਵਿਚ ਹੀ ਸੰਪੂਰਣ ਵੇਦਾਂ, ਸ਼ਾਸ਼ਤ੍ਰਾਂ, ਸਿਮ੍ਰਿਤੀਆਂ ਅਤੇ ਗੁਰਬਾਣੀ ਆਦਿ ਦਾ ਗੂੜ ਰਹਸ੍ਯ ਛਿਪਿਆ ਹੋਇਆ ਹੈ ਉਸ ਗਿਆਨ ਰੂਪ ਗੂੜ ਤਤ੍ਵ ਦਾ ਅਨੁਭਵ ਕਰਕੇ ਵੇਦ ਵਿਆਸ ਜੀ ਨੇ ਉਹ ਗੁਪਤ ਗਿਆਨ ਸਭ ਤੋਂ ਪਹਿਲਾਂ ਆਪਣੇ ਚਾਰ ਚੇਲਿਆਂ ਨੂੰ ਚਾਰ ਵੇਦਾਂ ਦੇ ਰੂਪ ਵਿਚ ਦਿੱਤਾ।

(੧) ਰਿਗਵੇਦ ਦਾ ਗਿਆਨ ਪਾਇਲ ਨੂੰ
(੨) ਯਜੁਰਵੇਦ ਦਾ ਗਿਆਨ ਵੈਸ਼ੰਪਾਇਨ ਨੂੰ
(੩) ਸਾਮਵੇਦ ਦਾ ਗਿਆਨ ਜੈਮਿਨੀ ਨੂੰ
(੪) ਅਥਰਵਵੇਦ ਦਾ ਗਿਆਨ ਦਾਰੁਣ ਸੁਮੰਤੂ ਨੂੰ

ਯਥਾ:- ਓਅੰਕਾਰ ਬੇਦ ਨਿਰਮਏ॥[3]

ਉਸ ਵੇਦ ਰੂਪ ਗੂੜ ਰਹਸਯ ਦੀ ਵੈਦਿਕ ਪ੍ਰੰਪਰਾ ਚਾਰ ਵੇਦਾਂ ਦੇ ਰੂਪ ਵਿਚ ਪ੍ਰਵਾਹਿਤ ਹੁੰਦੀ ਰਹੀ ਉਸ ਗੂੜ੍ਹ ਤਤ੍ਵ ਨੂੰ ਸਮਝਣਾ ਸਭ ਦੇ ਵਾਸਤੇ ਸਰਲ ਨਹੀਂ ਸੀ ਇਸ ਕਾਰਨ ਵੇਦ ਵਿਆਸ ਜੀ ਨੇ ਚਾਰ ਉਪਵੇਦਾਂ ਦੀ ਰਚਨਾ ਕੀਤੀ।[4] ਪ੍ਰੰਤੂ ਸ਼ਰਧਾਲੂਆਂ ਦੀ ਸ਼ਰਧਾ ਨਿਰਗੁਣ ਅਤੇ ਸਰਗੁਣ ਰੂਪ ਵਿਚ ਵੱਖਰੀ-ਵੱਖਰੀ ਹੋਣ ਕਰਕੇ ਨਿਰਗੁਣ ਤੇ ਸਰਗੁਣ ਸੰਪ੍ਰਦਾਵਾਂ ਦੀ ਉਤਪੱਤੀ ਹੋਈ। ਨਿਰਗੁਣ ਸੰਪ੍ਰਦਾਯ ਦੀ ਵਿਚਾਰਧਾਰਾ ਵੇਦਾਂਤ ਦੇ ਰੂਪ ਵਿਚ ਪ੍ਰਚਲਿਤ ਹੋਈ ਅਤੇ ਸਰਗੁਣ ਸੰਪ੍ਰਦਾਯ ਦੀ ਵਿਚਾਰਧਾਰਾ ਵੱਖਰੀ-ਵੱਖਰੀ ਸ਼ੈਵ, ਸ਼ਾਕਤ ਅਤੇ ਵੈਸ਼ਣਵ ਆਦਿ ਦੇ ਰੂਪ ਵਿਚ ਪ੍ਰਚਲਿਤ ਹੋਈ। ਸਰਗੁਣ ਵਿਚਾਰਧਾਰਾ ਨੂੰ ਮੁਖ ਰੱਖਕੇ ਵੇਦ ਵਿਆਸ ਜੀ ਨੇ ਉਸ ਓਅੰਕਾਰ ਰੂਪ ਗੂੜ ਤਤ੍ਵ ਦੀ ਸਰਗੁਣ ਵਿਆਖਿਆ ਤੇ ਉਪਾਸਨਾ ਨੂੰ ਅਤੀ ਸਰਲ ਰੂਪ ਵਿਚ ਸਮਝਾਉਣ ਵਾਸਤੇ "ਅਠਾਰਾਂ ਪੁਰਾਣਾਂ"[5] ਦੀ ਰਚਨਾ ਕੀਤੀ ਉਸ ਪੌਰਾਣਿਕ ਕਰਮ-ਕਾਂਡ ਨੂੰ ਸ਼ਾਸਤ੍ਰ ਸੰਮਤ ਵਿਧੀ ਨਾਲ ਸੰਪਾਦਨ ਕਰਨ ਲਈ ਸਿਮ੍ਰਿਤੀਆਂ ਦੀ ਰਚਨਾ ਹੋਈ। ਵੇਦਾਂ, ਸ਼ਾਸ਼ਤ੍ਰਾਂ, ਪੁਰਾਣਾਂ ਅਤੇ ਸਿਮ੍ਰਿਤੀਆਂ ਦੇ ਆਧਾਰ ਤੇ ਪਰੰਪਰਾਵਾਂ ਦੀ ਵਿਚਾਰਧਾਰਾ ਭਿੰਨ-ਭਿੰਨ ਹੋਣ ਕਰਕੇ ਵਿਭਿੰਨ ਸੰਪ੍ਰਦਾਵਾਂ ਪ੍ਰਚਲਿਤ ਹੋਈਆਂ।

*ਸ੍ਰੀ ਪੰਚਾਇਤੀ ਅਖਾੜਾ ਨਿਰਮਲਾ, ਸੀ/ਕੇ ੧੩/੧੨ ਸੱਤੀ ਚੌਤਰਾ ਕਾਸ਼ੀ, ਵਾਰਾਣਸੀ ਫ਼ੋਨ ੦੫੪੨-੨੪੦੦੩੬੬

ਸਾਰੀਆਂ ਸੰਪ੍ਰਦਾਵਾਂ ਦੇ ਵਿਦ੍ਵਾਨ ਆਪਣੇ-ਆਪਣੇ ਅਨੁਭਵ ਅਨੁਸਾਰ ਉਸ ਓਅੰਕਾਰ ਤਤ੍ਵ ਦਾ ਹੀ ਪ੍ਰਤਿਪਾਦਨ ਕਰਦੇ ਹਨ ਕਿਉਂਕਿ ਅਨੁਭਵ ਹਰ ਇਕ ਦਾ ਭਿੰਨ-ਭਿੰਨ ਹੁੰਦਾ ਹੈ "**एकं सद्विप्रा: बहुधा वदन्ति**"[6] "ਆਪੁ ਆਪੁਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥"[7] ਉਸੇ ਓਅੰਕਾਰ ਰੂਪ ਸ਼ੁੱਧ ਅਦ੍ਵੈਤ ਤਤ੍ਵ ਦਾ ਹੀ ਪ੍ਰਤਿਪਾਦਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦੇ ਰੂਪ ਵਿਚ ਕੀਤਾ ਅਤੇ ਓਸੇ ਹੀ ਅਦ੍ਵੈਤ ਪਾਰਮਾਰਥਿਕ ਤਤ੍ਵ ਦੁਆਰਾ ਤਪਦੀ ਹੋਈ ਲੋਕਾਈ ਨੂੰ ਸ਼ਾਂਤ ਕਰਨ ਵਾਸਤੇ ਸੰਸਾਰ ਦੀਆਂ ਚਾਰ ਮਹਾਨ ਯਾਤ੍ਰਾਵਾਂ ਕੀਤੀਆਂ ਜੋ ਚਾਰ ਉਦਾਸੀਆਂ ਦੇ ਨਾਮ ਨਾਲ ਪ੍ਰਸਿੱਧ ਹਨ।

ਸਿੱਖ ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਭਾਦ੍ਰੋਂ ਸੁਦੀ ੧੩ ਸੰਮਤ ੧੫੬੪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨਪੁਰ ਲੋਧੀ ਇਸ਼ਨਾਨ ਕਰਨ ਸਮੇਂ ਕਾਲੀ ਵੇਂਈਂ ਨਦੀ ਵਿਚ ਪ੍ਰਵੇਸ਼ ਹੋ ਕਰਕੇ ਸਚਖੰਡ ਪਹੁੰਚੇ ਅਤੇ ਨਿਰੰਕਾਰ ਦੇ ਦਰ ਤੇ "ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ" ਵਾਲਾ ਸ਼ਬਦ ਉਚਾਰਣ ਕਰਕੇ ਨਿਰੰਕਾਰ ਦੀ ਉਸਤਤੀ ਕੀਤੀ। ਨਿਰੰਕਾਰ ਨੇ ਪ੍ਰਸੰਨ ਹੋ ਕਰਕੇ ਸੰਸਾਰ ਦੇ ਕਲਿਆਣ ਵਾਸਤੇ "ਮੂਲ ਮੰਤ੍ਰ" ਦਾ ਉਪਦੇਸ਼ ਅਤੇ ਨਿਰਮਲ ਭੇਖ "ਬਖਸ਼ਿਸ਼"[8] ਕਰਕੇ ਵਾਪਸ ਭੇਜਿਆ।

ਸਤਿਗੁਰੂ ਜੀ ਵੇਈਂ ਨਦੀ ਵਿਚੋਂ "ਸੰਤ ਘਾਟ" ਵਾਲੇ ਅਸਥਾਨ ਤੇ ਜਿਸ ਸਮੇਂ ਬਾਹਰ ਨਿਕਲੇ ਉਸ ਸਮੇਂ ਭਾਈ ਭਾਗੀਰਥ ਜੋ ਕਿ ਸਤਿਗੁਰੂ ਜੀ ਦੇ ਵਸਤ੍ਰ ਲੈ ਕੇ ਤਿੰਨ ਦ੍ਿਨ ਤੋਂ ਅਡੋਲ ਨਿਸ਼ਚਯ ਧਾਰਣ ਕਰਕੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਖੜ੍ਹਾ ਸੀ ਚਰਣਾਂ ਤੇ ਢਹਿ ਪਿਆ। ਸਤਿਗੁਰੂ ਜੀ ਨੇ ਉਸ ਦੇ ਪ੍ਰੇਮ, ਸ਼ਰਧਾ ਤੇ ਭਗਤੀ ਤੋਂ ਪ੍ਰਸੰਨ ਹੋ ਕਰਕੇ ਮੂਲ ਮੰਤ੍ਰ ਦਾ ਉਪਦੇਸ਼ ਅਤੇ ਨਿਰਮਲ ਭੇਖ ਬਖਸ਼ਿਸ਼ ਕੀਤਾ ਤੇ ਕਿਹਾ ਕਿ ਇਹ ਅਕਾਲ ਪੁਰਖ ਦੀ ਅਮੋਲਕ ਦਾਤ ਹੈ ਜੋ ਸਾਨੂੰ ਪ੍ਰਾਪਤ ਹੋਈ ਹੈ, ਸਭ ਤੋਂ ਪਹਿਲਾਂ ਅਸੀਂ ਤੈਨੂੰ ਦੇ ਰਹੇ ਹਾਂ ਇਸ ਮੰਤ੍ਰ ਦਾ ਅਭਿਆਸ ਕਰੋ ਅਤੇ ਸੰਸਾਰ ਦੀ ਮਨੁੱਖਤਾ ਤੋਂ ਕਰਵਾਓ। ਇਸ ਪ੍ਰਕਾਰ ਇਸ ਨਿਰਮਲ ਭੇਖ ਤੇ ਮੂਲ ਮੰਤ੍ਰ ਦੀ ਬਖਸ਼ਿਸ਼ ਦੇ ਪ੍ਰਥਮ ਪਾਤ੍ਰ ਭਾਈ ਭਾਗੀਰਥ ਜੀ ਬਣੇ। ਉਹਨਾਂ ਨੇ ਸਤਿਗੁਰ ਜੀ ਦੀ ਉਸਤਤੀ ਵਿਚ ਇਕ "ਵਾਰ" ਵੀ ਉਚਾਰੀ ਹੈ।

ਯਥਾ:- "ਬਾਬਾ ਵੇਈਂ ਨਾਇ ਕੇ, ਸਚਖੰਡ ਮੇਂ ਪਹੁਤਾ ਜਾਈ॥ ਵਿਸ਼ਨਦੇਵ ਖੁਸ਼ ਹੋਇ ਕੈ, ਗੁਰਮੰਤ੍ਰ ਦੇ ਕਲਾ ਵਖਾਈ॥"[9]

ਨਾਨਕ ਪ੍ਰਕਾਸ਼ ਵਿਚ ਕਵਿ ਸੰਤੋਖ ਸਿੰਘ ਜੀ ਨੇ ਵੀ ਸਤਿਗੁਰੂ ਜੀ ਦਾ ਭੇਖ ਸਿਰ ਤੇ ਦੋ ਗਜ ਦਾ ਪਰਨਾ, ਗਲ ਵਿਚ ਕਫ਼ਨੀ, ਕੌਪੀਨ ਉਪਰ ਭਗਵਾਂ ਚਾਦਰਾ (ਗਾਤੀ) ਇਸ ਤਰ੍ਹਾਂ ਦਾ ਵਰਣਨ ਕਈ ਜਗ੍ਹਾ ਕੀਤਾ ਹੈ।

ਯਥਾ:- ਸਿਰ ਪਰ ਨੁਕਤਾ ਯੁਗਲ ਗਜ, ਗਲ ਕਫ਼ਨੀ ਵਰ ਚੀਰ। ਸੰਬਯਾਨਾ 'ਭਗਵਾਂ' ਸਜੇ ਧਾਰਿਓ ਭੇਖ ਸਰੀਰ॥[10]

ਜਨਮ ਸਾਖੀ ਦੇ ਮੱਕੇ ਦੀ ਗੋਸ਼ਟਿ ਦੇ ਪ੍ਰਸੰਗ ਵਿਚ ਰੁਕਨਦੀਨ ਦੇ ਸਵਾਲ ਕਰਨ ਤੇ ਕਿ ਆਪ ਜੀ ਦਾ ਫ਼ਿਰਕਾ (ਮਤ) ਕਿਹੜਾ ਹੈ?

ਸਤਿਗੁਰੂ ਜੀ ਨੇ ਇਸ ਪ੍ਰਕਾਰ ਉੱਤਰ ਦਿੱਤਾ।

ਯਥਾ:- ਕਲਿਯੁਗ ਨਾਨਕ 'ਨਿਰਮਲਾ', ਗੁਰ ਚੇਲਾ ਪਰਵਾਨ। ਪਾਰਿ ਉਤਾਰੇ ਸਭਨਾ ਸਤਿਨਾਮ ਦੇ ਦਾਨ॥

ਕਲਿਯੁਗ ਨਾਨਕ 'ਨਿਰਮਲਾ', ਪੰਥ ਚਲਾਇਓ ਆਇ। ਵੇਦ ਕਤੇਬਹੁ ਬਾਹਰਾ, ਜਪਦੇ ਏਕ ਖੁਦਾਇ॥[11]

ਸੌ ਸਾਖੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹਜ਼ੂਰੀ ਸਿੱਖ ਭਾਈ ਰਾਮ ਕੁਇਰ ਜੀ ਪਾਸ ਸਾਧੂ ਬਨਣ ਦੀ ਇੱਛਾ ਕੁਛ ਜਿਗਿਆਸੂ ਸਿੱਖਾਂ ਦੇ ਪੁੱਛਣ ਤੇ ਕਿ ਅਸੀਂ ਕਿਸ ਪੰਥ ਦੇ

ਸਾਧੂ ਹੋਈਏ? ਉਸ ਸਮੇਂ ਰਾਮ ਕੁਇਰ ਜੀ ਨੇ ਨਿਰਮਲ ਪੰਥ ਬਾਰੇ ਜੋ ਕੁਛ ਕਥਨ ਕੀਤਾ ਓਸੇ ਹੀ ਕਥਨ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਮੂਲ ਰੂਪ ਵਿਚ ਲਿਖਿਆ ਹੈ:-

ਯਥਾ:- ਰਾਮ ਕੌਰ ਇਹ ਪ੍ਰਸ਼ਨ ਸੁਨ ਕੇ। ਕਹਿਨ ਲਗੇ ਉਤਰ ਇਮ ਗੁਨ ਕੇ॥[12].........

*ਨਿਰਮਲ ਪੰਥ ਇਹ ਗੁਰੂ ਚਲਾਯੋ। ਸ੍ਰੀ ਗੁਰੂ ਨਾਨਕ ਖ਼ੁਦ ਪ੍ਰਗਟਾਯੋ॥*
*ਜਬ ਗੁਰ ਦਸਮੇਂ ਸਿੰਘ ਸਜਾਏ। ਤਬ ਇਨ ਕੋ ਦਯੋ ਸੁਧਾ ਛਕਾਏ॥*
*ਜੈਸੋ ਬੈਰਾਗੀ ਸੰਨਿਆਸੀ। ਪੂਜ ਹਿੰਦ ਕੇ ਸੰਤ ਅਨਾਸੀ॥*
*ਤੇ ਸਿੰਘ ਪੰਥ ਕੇ ਇਹ ਹੈ। ਮਾਨਨ ਪੂਜ ਜੋਗ ਰਚੇ ਹੈਂ॥*

ਨਿਰਮਲ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਇਸ ਦੀ ਵਯੁਤਪੱਤੀ ਹੈ 'निर्गतः मलः यस्मात् स निर्मलः' ਅਰਥਾਤ ਨਿਕਲ ਗਯਾ ਹੈ ਮਲ ਜਿਸ ਸੇ ਉਹ ਹੈ ਨਿਰਮਲ। ਇਸ ਵਿਚ ਦੋ ਪਦ ਹਨ ਇਕ "ਨਿਰ" ਤੇ ਦੂਸਰਾ "ਮੱਲ"[13]। 'ਮਲ' ਦਾ ਅਰਥ ਹੈ ਮੈਲ, ਪਾਪ ਆਦਿ, ਇਸ ਦੇ ਪੂਰਵ 'ਨਿਰ' ਉਪਸਰਗ ਜੋੜ ਦੇਣ ਨਾਲ ਇਸ ਦਾ ਅਰਥ ਪਵਿੱਤ੍ਰ, ਪਾਪ ਰਹਿਤ, ਪ੍ਰਕਾਸ਼, ਕਲੰਕ ਰਹਿਤ ਆਦਿ ਹੋ ਜਾਂਦਾ ਹੈ। ਜੋ ਵਸਤੂ ਅਤਿਅੰਤ ਸ਼ੁੱਧ ਅਤੇ ਪਵਿੱਤ੍ਰ ਹੋਵੇ ਉਸ ਨੂੰ ਅਸੀਂ ਨਿਰਮਲ ਸ਼ਬਦ ਨਾਲ ਸੰਬੋਧਨ ਕਰਦੇ ਹਾਂ। ਜਿਨਾਂ ਜਿਗਿਆਸੂਆਂ, ਗੁਰਮੁਖਾਂ, ਗੁਰੂ ਪਿਆਰਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਅਦ੍ਵੈਵ ਸਿਧਾਂਤ ਰੂਪੀ ਨਿਰਮਲ ਉਪਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲ ਲਿਆ ਜਾਂ ਉਸ ਉਪਦੇਸ਼ ਦੇ ਧਾਰਣੀ ਹੋ ਕਰਕੇ ਉੱਚ ਆਚਰਣ, ਪਵਿੱਤ੍ਰ ਵਿਚਾਰ, ਨਿਰਮਲ ਕਰਮ ਅਤੇ ਨਾਮ ਅਭਿਆਸ ਦੁਆਰਾ ਅਹੰਗਤਾ ਮਮਤਾ ਆਦਿ ਉਪਾਧੀ ਤੋਂ ਰਹਿਤ ਜੀਵਨ ਮੁਕਤੀ, ਆਤਮਾਨੰਦ ਸ੍ਵਰੂਪ ਵਿਚ ਸਥਿਤੀ ਪ੍ਰਾਪਤ ਕੀਤੀ ਉਹਨਾ ਜਿਗਿਆਸੂਆਂ ਦੀ ਸੰਗਿਆ ਨਿਰਮਲ ਹੋ ਗਈ-

ਯਥਾ- "ਜੋ ਨਿਰਮਲ ਸੇਵੇ ਸੋ ਨਿਰਮਲ ਹੋਵੇ"॥[14] ਯਥਾ:- ਸਾਧ ਨਾਮ ਨਿਰਮਲ ਤਾ ਕੇ ਕਰਮ॥[15]

ਯਥਾ:- "ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨ॥"[16]

ਯਥਾ:- "ਨਿਰਮਲ ਤੇ ਜੋ ਰਾਮਹਿ ਜਾਨ॥"[17]

ਉਹਨਾਂ ਦੀ ਕੀਰਤੀ ਵੀ ਉੱਜਲ ਅਤੇ ਬਾਣੀ ਵੀ ਅੰਮ੍ਰਿਤ ਦੇ ਸਮਾਨ ਪਵਿਤ੍ਰ ਹੋ ਜਾਂਦੀ ਹੈ:-

ਯਥਾ:- "ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ"[18]

ਇਨਾਂ ਵਚਨਾਂ ਅਨੁਸਾਰ ਜਿਨਾਂ ਗੁਰਮੁਖਾਂ ਨੇ ਆਪਣੀ ਚਿੱਤ ਬ੍ਰਿੱਤੀ ਨੂੰ ਗੁਰੂ ਸ਼ਬਦ ਨਾਲ ਜੋੜਿਆ ਤੇ ਸੰਸਾਰਿਕ ਇੱਛਾਵਾਂ ਵਿੱਤੈਸ਼ਣਾ, ਪੁਤ੍ਰੇਸ਼ਣਾ, ਲੋਕੈਸ਼ਣਾਂ ਇਹਨਾਂ ਪ੍ਰਬਲ ਇੱਛਾਵਾਂ ਤੋਂ ਉੱਪਰ ਉਠ ਕਰਕੇ ਪਰਮ ਸਤਯ ਨਾਲ ਅਭੇਦ ਹੋ ਗਏ ਉਨ੍ਹਾਂ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਨਿਰਮਲ ਸ਼ਬਦ ਨਾਲ ਸੰਤ ਪਦ ਵੀ ਜੋੜ ਦਿੱਤਾ-

ਯਥਾ:- ਨਾਨਕ ਸੰਤ ਨਿਰਮਲ ਭਏ ਜਿਨ ਮਨ ਵਸਿਆ ਸੋਏ।[19]

ਉਹਨਾਂ ਗੁਰਮੁਖਾਂ ਵਿਚੋਂ ਜਿਹੜੇ ਨਿਰਵ੍ਰਿੱਤੀ ਦੇ ਚਾਹਵਾਨ ਬਿਹੰਗਮ ਬ੍ਰਿੱਤੀ ਵਾਲੇ ਸੰਸਾਰ ਤੋਂ ਵੈਰਾਗਵਾਨ ਹੋ ਕਰਕੇ ਗੁਰੂ ਆਗਿਆ ਵਿਚ ਤਤਪਰ ਰਹੇ ਉਹਨਾਂ ਵਾਸਤੇ ਵਿਸ਼ੇਸ਼ ਕਰਕੇ ਨਿਰਮਲ ਸ਼ਬਦ ਰੂੜ ਹੋ ਗਿਆ ਅਤੇ ਜਿਹੜੇ ਪ੍ਰਵ੍ਰਿੱਤੀ ਦੇ ਇਛੁਕ ਅਤੇ ਗ੍ਰਿਹਸਤ ਵਿਚ ਰਹਿ ਕਰਕੇ ਗੁਰੂ ਆਗਿਆ ਦੁਆਰਾ ਆਪਣਾ ਜੀਵਨ ਨਿਰਬਾਹ ਕਰਦੇ ਰਹੇ ਉਹ ਕੇਵਲ ਸਿੱਖ ਅਖਵਾਏ। ਇਸ ਗੱਲ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਨੇ 'ਨਿਰਮਲ ਪੰਥ ਪ੍ਰਦੀਪਕਾ' ਪੁਸਤਕ ਵਿਚ ਕੀਤੀ ਹੈ:-

"ਕਾਹੇ ਤੇ ਸ੍ਰੀ ਗੁਰੂ ਨਾਨਕ ਜੀ ਸੈਂ ਲੇਕਰ ਦਸਵੇਂ ਪਾਤਸ਼ਾਹ ਪ੍ਰਯੰਤ ਜੋ ਲੋਗ ਗ੍ਰਿਹਸਤੀ ਸੇਵਕ ਹੋਤੇ ਰਹੇ ਸੋ ਕੇਵਲ ਸਿੱਖ ਗੁਰੂ ਕੇ ਮਸ਼ਹੂਰ ਰਹੇ ਔਰ ਜੋ ਬਿਹੰਗਮ ਵੈਰਾਗਯਵਾਨ ਗ੍ਰਿਹਸਤ ਛੋੜ ਕੇ ਉਪਦੇਸ਼ ਲੇਕਰ ਚੇਲੇ ਗੁਰੂ ਕੇ ਹੋਤੇ ਰਹੇ ਸੋ ਨਿਰਮਲੇ ਸਿਖ ਸਦਵਾਤੇ ਰਹੇ ਹੈ। ਇਹੁ ਦੋ ਸੰਗਜਾ ਪਹਿਲੇ ਦਿਨ ਤੇ ਗੁਰੂ ਘਰ ਮੇਂ ਸਿਖਾਂ ਦੀ ਥੀ ਸੋਈ ਅਬ ਹੈ।"[20]

ਜਦ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਅਨੇਕ ਪ੍ਰਕਾਰ ਕਸੌਟੀ ਦੁਆਰਾ

ਯੋਗਜ ਜਾਣ ਕਰਕੇ ਗੁਰਤਾ ਗੱਦੀ ਅਤੇ ਆਪਣਾ ਨਿਰਮਲ ਭੇਖ ਦੇ ਕੇ ਨਿਵਾਜਿਆ। ਉਸ ਸਮੇਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ:- ਯਥਾ- ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ॥ ਥਾਪਿਆ ਲਹਿਣਾ ਜੀਂਵਦੈ ਗੁਰਿਆਈ ਸਿਰ ਛੱਤ੍ਰ ਫਿਰਾਯਾ॥[21]

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਸਮੱਕਸ਼ ਮਥੁਰਾ ਭੱਟ ਨੇ ਵੀ ਸਤਿਗੁਰਾਂ ਦੇ ਨਿਰਮਲ ਭੇਖ ਦੀ ਉਸਤਤੀ ਇਸ ਪ੍ਰਕਾਰ ਕੀਤੀ ਹੈ:- ਯਥਾ:- "ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ।"[22]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਯੰਤ ਸਾਰੇ ਨਿਰਮਲੇ ਮਹਾਪੁਰਖਾਂ ਦੀਆਂ ਗੁਰੂ ਪਰੰਪਰਾਵਾਂ ਦਸਾਂ ਗੁਰੂ ਸਾਹਿਬਾਂ ਨਾਲ ਜੁੜਦੀਆਂ ਹਨ ਜਿਨ੍ਹਾਂ ਦਾ ਵੇਰਵਾ ਪੁਸਤਕ "ਸੰਪ੍ਰਦਾਯ ਬੰਸਾਵਲੀ" ਵਿਚ ਵਿਸਤਾਰ ਨਾਲ ਲਿਖਿਆ ਹੈ।[23] ਇਹਨਾਂ ਸਾਰੇ ਪ੍ਰਮਾਣਾਂ ਦੇ ਦੁਆਰਾ ਨਿਰਮਲ ਭੇਖ ਦੀ ਵਿਆਪਕਤਾ, ਪ੍ਰਾਚੀਨਤਾ ਅਤੇ ਸ੍ਰੇਸਟਤਾ ਸ੍ਵਤਹ ਹੀ ਸਿੱਧ ਹੋ ਜਾਂਦੀ ਹੈ। ਬੁਧੀ ਜੀਵੀ ਵਿਦ੍ਵਾਨ ਸੱਜਣਾਂ ਲਈ ਤਾਂ ਸੰਕੇਤ ਮਾਤ੍ਰ ਹੀ ਪਰਜਾਪਤ ਹੈ ਪ੍ਰੰਤੂ ਹਠਧਰਮੀ ਅਤੇ ਕੁਤਰਕੀ ਵਾਸਤੇ ਤਾਂ ਹਜ਼ਾਰਾਂ ਵੈਦਿਕ ਅਤੇ ਗੁਰਬਾਣੀ ਪ੍ਰਮਾਣ ਭੀ ਕੋਈ ਮਹੱਤਵ. ਨਹੀਂ ਰਖਦੇ।

ਜਿਸ ਪ੍ਰਕਾਰ ਇਕ ਬੂਟੇ ਨੂੰ ਲਾਉਣ ਵਾਲਾ ਮਹਾਨ ਹੋ ਸਕਦਾ ਹੈ, ਪ੍ਰੰਤੂ ਜੋ ਬੂਟੇ ਨੂੰ ਪਾਣੀ ਦਿੰਦਾ ਹੈ, ਗੋਡੀ ਕਰਦਾ ਹੈ ਅਥਵਾ ਵਕਤ-ਬਾ ਵਕਤ ਉਸਦੀ ਦੇਖ ਭਾਲ ਕਰਦਾ ਹੋਇਆ ਉਸ ਨੂੰ ਫ਼ਲ ਦੇਣ ਦੇ ਕਾਬਿਲ ਬਣਾਉਂਦਾ ਹੈ ਜਾਂ ਬਣਾਉਣ ਦਾ ਯਤਨ ਕਰਦਾ ਹੈ ਉਸ ਦੀ ਮਹਾਨਤਾ ਨੂੰ ਵੀ ਕਿਸੇ ਤਰ੍ਹਾਂ ਅੱਖਾਂ ਤੋਂ ਪਰੋਖਾ ਨਹੀਂ ਕੀਤਾ ਜਾ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ" ਪਰੰਤੂ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਸੀਂ ਨਿਰਮਲ ਪੰਥ ਦੇ ਰਚਨਹਾਰੇ ਸੰਚਾਲਕ ਮੰਨਦੇ ਹਾਂ, ਉਥੇ ਉਹਨਾਂ ਨੇ ਜੋ ਇਸ ਬੂਟੇ ਲਈ ਆਪਣੇ ਬਾਕੀ ਸਾਰੇ ਸਰੂਪਾਂ ਵਿਚ ਤੇ ਦਸਵੇਂ ਜਾਮੇ ਵਿਚ ਕੀਤਾ, ਉਸ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੋਈ ਵੀ ਰਾਸ਼ਟ੍ਰ ਅਤੇ ਸਮਾਜ ਤਦੋਂ ਤੱਕ ਉੱਨਤੀ ਦੇ ਸਿਖ਼ਰ ਪਰ ਆਰੂਢ ਨਹੀਂ ਹੋ ਸਕਦਾ ਜਦੋਂ ਤੱਕ ਉਸ ਦੇ ਅੰਦਰ ਵਿਦਵਤਾ ਅਤੇ ਵਿਦ੍ਵਤ ਜਨਾਂ ਦੀ ਬਹੁਲਤਾ ਨਾ ਹੋਵੇ ਕਿਉਂਕਿ ਕਿਹਾ ਗਿਆ ਹੈ ਕਿ:-

*"साहित्य-संगीत-कलाविहीनः साक्षात्पशुः पुच्छविषाणहीनः।"*[24]

ਕਵੀ ਸਮ੍ਰਾਟ ਭਰਥਰੀ ਹਰੀ ਜੀ ਦੇ ਇਸ ਕਥਨ ਅਨੁਸਾਰ ਜਿਥੇ ਵਿਦਿਆ ਵਿਹੀਨ ਵਿਅਕਤੀ ਦੇਸ਼ ਅਤੇ ਸਮਾਜ ਦੇ ਵਾਸਤੇ ਭਾਰ ਰੂਪ ਹੈ,[25] ਉਥੇ ਪਵਿਤ੍ਰ ਜੀਵਨ ਸਹਿਤ ਵਿਦ੍ਵਾਨ ਦੇਸ਼ ਅਤੇ ਸਮਾਜ ਵਾਸਤੇ ਅਮੋਲਕ ਰਤਨ ਹੈ। ਇਸੇ ਸੰਕਲਪ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੰਸਿੱਖਾਂ ਨੂੰ ਭਾਰਤੀਯ ਸੰਸਕ੍ਰਿਤੀ, ਸਭਯਤਾ ਅਤੇ ਸਨਾਤਨ ਧਰਮ ਦੀ ਰੱਖਿਆ ਦਾ ਉਪਦੇਸ਼ ਦਿੱਤਾ। ਜੋ ਲੋਕਾਂ ਦੇ ਮਨਾਂ ਅੰਦਰ ਕਾਇਰਤਾ, ਆਤਮ ਭਾਵ ਹੀਨਤਾ, ਨਿਰਬਲਤਾ ਘਰ ਕਰ ਚੁੱਕੀ ਸੀ ਉਸ ਨੂੰ ਖ਼ਤਮ ਕਰਨ ਵਾਸਤੇ ਪਾਉਂਟਾ ਸਾਹਿਬ ਦੀ ਪਵਿਤ੍ਰ ਧਰਾ ਤੇ ਸ਼ਾਸਤ੍ਰਾਂ ਅਤੇ ਸ਼ਸ਼ਤ੍ਰਾਂ ਦਾ ਏਕੀਕਰਣ[26] ਕੀਤਾ। ਸੰਮਤ ੧੭੪੨ ਮੁਤਾਬਿਕ ੧੬੮੬ ਈ. ਨੂੰ ਇਕ ਦਿਨ ਵਿਸ਼ੇਸ਼ ਸਮਾਗਮ ਬੁਲਾ ਕਰਕੇ ਸਦ ਉਪਦੇਸ਼ ਦੇਂਦੇ ਹੋਏ "ਵਿਦਿਆ ਦੀ ਮਹਾਨਤਾ" ਦਰਸਾਈ[27] ਤੇ ਸਭ ਨੂੰ ਵਿਦਿਆ ਪੜ੍ਹਨ ਦਾ ਉਪਦੇਸ਼ ਦਿੱਤਾ ਇਸੇ ਇਕੱਠ ਅੰਦਰ ਗੁਰੂ ਜੀ ਨੇ ਪੰਜ ਨਿਰਮਲੇ ਸੰਤਾਂ ਦੀ ਚੋਣ ਕੀਤੀ ਜੋ ਕਿ ਗੁਰਬਾਣੀ, ਭਾਸ਼ਾ ਅਤੇ ਗੁਰ ਇਤਿਹਾਸ ਦੇ ਪਹਿਲੇ ਹੀ ਗਿਆਤਾ ਸਨ, ਇਹਨਾਂ ਪੰਜਾਂ ਸੰਤਾਂ ਦੇ ਨਾਮ ਸਨ, (੧) ਸੰਤ ਕਰਮ ਸਿੰਘ ਜੀ, (੨) ਸੰਤ ਰਾਮ ਸਿੰਘ ਜੀ, (੩) ਸੰਤ ਗੰਡਾ ਸਿੰਘ ਜੀ, (੪) ਸੰਤ ਬੀਰ ਸਿੰਘ ਜੀ, (੫) ਸੰਤ ਸੈਣਾ ਸਿੰਘ ਜੀ। ਇਹਨਾਂ ਪੰਜਾਂ ਸੰਤਾਂ ਨੂੰ ਗੁਰੂ ਜੀ ਨੇ ਗੇਰੂਏ ਵਸਤ੍ਰ ਪਹਿਨਾ ਕਰਕੇ ਹੱਥਾਂ ਵਿਚ ਚਿੱਪੀਆਂ ਦੇ ਕਰ ਐਸਾ ਵਿਰੱਕਤ ਸੰਤਾਂ

ਵਾਲਾ ਵੇਸ਼ ਦੇ ਕੇ ਆਗਿਆ ਕੀਤੀ ਕਿ ਤੁਸੀਂ ਕਾਸ਼ੀ (ਬਨਾਰਸ) ਵਿਚ ਜਾ ਕਰਕੇ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰੋ, ਸੰਸਕ੍ਰਿਤ ਵਿਦਿਆ ਵਿਚ ਪੂਰਣਤਾ ਪ੍ਰਾਪਤ ਕਰਕੇ ਵਾਪਸ ਗੁਰੂ ਘਰ ਵਿਚ ਆ ਕਰਕੇ ਦੂਸਰੇ, ਹੋਰ ਗੁਰਸਿਖਾਂ ਨੂੰ ਪਠਨ-ਪਾਠਨ ਕਰਵਾਓ, ਸਾਡਾ ਆਸ਼ੀਰਵਾਦ ਸਦੈਵ ਤੁਹਾਡੇ ਨਾਲ ਰਹੇਗਾ ਇਸ ਪ੍ਰਕਾਰ ਆਸ਼ੀਰਵਾਦ ਅਤੇ ਬਹੁਤ ਸਾਰੇ ਵਰ ਦੇ ਕੇ ਬਨਾਰਸ ਵੱਲ ਤੋਰਦਿਆਂ ਹੋਇਆਂ ਮੁਖ ਤੋਂ ਫ਼ੁਰਮਾਇਆ:-

*ਜਾਓ ! ਮੇਰੇ ਲਾਲ ਪਾਲ ਕਰਹੈ ਅਕਲ ਥਾਰੀ। ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ॥*
*ਕਾਮ ਕ੍ਰੋਧ ਲੋਭ ਤਜਾਗ ਸਾਗ ਪਾਤ ਖਾਇ ਬਹ। ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ॥*
*ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ। ਸੋਈ ਅਬ ਪ੍ਰਗਟੀ ਯੋ ਦੇਸ਼ ਇਸ ਸਾਰੇ ਪੈ॥*
*ਵਰਣ ਤੁਮਾਰੇ ਅਬ ਆਸ਼੍ਰਮ ਸੰਨਜਾਸ ਭਯੋ। ਲਯੋ ਹੈ ਅਰੂਜ ਪਦ ਊਚ ਚੰਦ ਤਾਰੇ ਪੈ॥*

ਇਸ ਤਰ੍ਹਾਂ ਆਗਿਆ ਅਤੇ ਖੁਸ਼ੀਆਂ ਪ੍ਰਾਪਤ ਕਰ ਕੇ ਪੰਜਾਂ ਮਹਾਂਪੁਰਖਾਂ ਨੇ ਕਾਸ਼ੀ ਵਿਚ ਜਾ ਕੇ "ਚੇਤਨ ਮਠ"[28] ਵਾਲੇ ਅਸਥਾਨ ਤੇ ਆਸਨ ਲਾ ਕੇ ਧਰਮ ਪ੍ਰਚਾਰ ਦੀ ਲਗਨ ਅਤੇ ਪੰਥ ਵਿਚ ਸੰਸਕ੍ਰਿਤ ਵਿਦਿਆ ਦੀ ਪ੍ਰਵਿੱਤੀ ਦੇ ਉਤਸ਼ਾਹ ਨਾਲ ਅਣਥੱਕ ਅਭਿਆਸ, ਗਰਮੀ-ਸਰਦੀ, ਭੁਖ-ਪਿਆਸ, ਸੁਖ-ਦੁਖ ਆਦਿ ਨੂੰ ਸਹਨ ਕਰਦੇ ਹੋਏ ਵੇਦ, ਵੇਦਾਂਗ, ਖਟ ਸ਼ਾਸਤ੍ਰ, ਪੁਰਾਣ, ਸਿਮ੍ਰਿਤੀਆਂ ਇਤਿਹਾਸ ਆਦਿ ਸਾਰੀ ਵਿਦਿਆ ਵਿਚ ਨਿਪੁਣਤਾ ਪ੍ਰਾਪਤ ਕਰਕੇ ਲਗਭਗ ੧੩ ਵਰਸ਼ ਤੋਂ ਬਾਅਦ ਫਿਰ ਗੁਰੂ ਚਰਣਾਂ ਵਿਚ "ਹਾਜ਼ਰ ਹੋਏ"[29], ਅਤੇ ਗੁਰੂ ਦਰਬਾਰ ਵਿਚ ਰਹਿ ਕਰਕੇ ਹੋਰ ਗੁਰਸਿਖਾਂ ਨੂੰ ਸੰਸਕ੍ਰਿਤ (ਵਾਙਮਯ) ਵਿਦਿਆ ਦਾ ਅਧਿਐਨ ਅਧਿਆਪਨ ਕਰਦੇ ਕਰਾਉਂਦੇ ਅਤੇ ਕਥਾ ਵਾਰਤਾ ਕਰਦੇ ਹੋਏ ਕਈ ਅਮੋਲਕ ਗ੍ਰੰਥਾਂ ਦੀ ਰਚਨਾ ਕਰਕੇ ਸਤਿਗੁਰੂ ਜੀ ਦੀ ਪ੍ਰਸੰਨਤਾ ਦੇ ਪਾਤ੍ਰ ਬਣੇ।

ਇਹ ਨਿਰਮਲ ਸੰਪ੍ਰਦਾਯ ਦਾ ਸੰਖੇਪ ਇਤਿਹਾਸ ਹੈ, ਭਾਰਤ ਵਿਚ ਅਨੇਕਾਂ ਸੰਪ੍ਰਦਾਵਾਂ ਹਨ, ਜਿਨਾਂ ਦਾ ਆਪਣੇ-ਆਪਣੇ ਢੰਗ-ਤਰੀਕਿਆਂ ਨਾਲ ਸਮਾਜ ਨੂੰ ਅਲੱਗ-ਅਲੱਗ ਯੋਗਦਾਨ ਹੈ। ਉਹਨਾਂ ਸੰਪ੍ਰਦਾਵਾਂ ਵਿਚੋਂ ਨਿਰਮਲ ਸੰਪ੍ਰਦਾਯ ਇਕ ਮਹੱਤਵਪੂਰਣ ਸਥਾਨ ਰੱਖਦੀ ਹੈ, ਜਿਸ ਦਾ ਸਮਾਜ ਨੂੰ ਸਰਵਪੱਖੀ ਯੋਗਦਾਨ ਹੈ। ਜਿਨ੍ਹਾਂ-ਜਿਨ੍ਹਾਂ ਸਾਧਨਾਂ ਦ੍ਵਾਰਾ ਇਸ ਸੰਪ੍ਰਦਾਯ ਦੇ ਮਹਾਨੁਭਾਵਾਂ ਨੇ ਦੇਸ਼, ਧਰਮ ਅਤੇ ਸਮਾਜ ਦੀ ਉੱਨਤੀ ਵਿਚ ਯੋਗਦਾਨ ਪਾਇਆ, ਉਹਨਾਂ ਵਿਚੋਂ ਕੁਛ ਸਾਧਨਾਂ ਦਾ ਨਿਰੂਪਣ 'ਸਥਾਲੀ ਪੁਲਾਕ ਨਜਾਯ' ਦ੍ਵਾਰਾ ਇਥੇ ਕਰਦੇ ਹਾਂ।

**ਮੰਡਲੀਆਂ ਦ੍ਵਾਰਾ ਯੋਗਦਾਨ**- ਗੁਰ ਉਪਦੇਸ਼ ਦੇ ਧਾਰਣੀ, ਨਾਮ ਦੇ ਰਸੀਏ, ਤਤ੍ਵਦਰਸੀ, ਸ਼ਾਂਤੀ ਦੇ ਸੋਮੇ ਨਿਰਮਲੇ ਮਹਾਂਪੁਰਖ "ਸੰਸਾਰਿਕ ਨਿਰਲੇਪਤਾ"[30] ਅਤੇ "ਵਿਦਿਆ ਵਿਚਾਰੀ ਤਾਂ ਪਰਉਪਕਾਰੀ"[31] ਦੇ ਉਦੇਸ਼ ਨੂੰ ਮੁੱਖ ਰੱਖ ਕੇ ਮਨੁਖਤਾ ਦੀ ਭਲਾਈ ਵਾਸਤੇ ਪੈਦਲ ਵਿਚਰਦੇ ਹੋਏ ਧਰਮ ਪ੍ਰਚਾਰ ਕਰਦੇ ਹੋਏ ਜਿਗਿਆਸੂਆਂ ਨੂੰ ਬ੍ਰਹਮ ਵਿਦਿਆ ਦਾ ਦਾਨ ਦੇਂਦੇ ਸਨ। ਜਿਸ ਤਰ੍ਹਾਂ ਰਸਗ੍ਰਾਹੀ ਕੀੜੀਆਂ ਸ਼ੱਕਰ ਨੂੰ ਜਾਣ ਕਰਕੇ ਆਪਣੇ ਆਪ ਉਸ ਦੇ ਪਾਸ ਇਕੱਠੀਆਂ ਹੋ ਜਾਂਦੀਆਂ ਹਨ, ਦੀਪਕ ਜਗ ਰਿਹਾ ਹੋਵੇ ਤਾਂ ਰੂਪਗ੍ਰਾਹੀ ਪਤੰਗੇ ਆਪਣੇ ਆਪ ਉਸ ਦੇ ਚੌਗਿਰਦੇ ਹੋ ਜਾਂਦੇ ਹਨ, ਫੁਲ ਖਿੜਿਆ ਹੋਵੇ ਤਾਂ ਭੌਰੇ ਸ੍ਵਤਹ ਹੀ ਸੁਗੰਧੀ ਗ੍ਰਹਣ ਕਰਨ ਵਾਸਤੇ ਮੰਡਰਾਉਂਦੇ ਰਹਿੰਦੇ ਹਨ, ਇਹਨਾਂ ਵਿਚੋਂ ਕਿਸੇ ਨੂੰ ਵੀ ਬੁਲਾਉਣ ਦੀ ਜ਼ਰੂਰਤ ਨਹੀਂ ਪੈਂਦੀ। ਇਸੇ ਤਰ੍ਹਾਂ ਜਿਨ੍ਹਾਂ ਮਹਾਂਪੁਰਖਾਂ ਦੇ ਅੰਦਰ ਨਾਮ ਰੂਪੀ ਰਸ ਭਰਿਆ ਹੋਇਆ ਸੀ, ਗਿਆਨ ਰੂਪੀ ਦੀਪਕ ਜਗਿਆ ਹੋਇਆ ਸੀ ਅਤੇ ਸ਼ਾਂਤੀ ਰੂਪੀ ਸੁਗੰਧੀ ਹਿਰਦੇ ਰੂਪੀ ਕਮਲ ਵਿਚ ਭਰੀ ਹੋਈ ਸੀ ਉਹਨਾਂ ਨਿਰੀਹ (ਇੱਛਾ ਰਹਿਤ) ਮਹਾਂਪੁਰਖਾਂ ਦੇ ਪਾਸ ਨਾਮ ਰੂਪੀ ਰਸ, ਬ੍ਰਹਮ ਵਿਦਿਆ ਰੂਪੀ ਰੌਸ਼ਨੀ ਅਤੇ ਸ਼ਾਂਤੀ ਰੂਪੀ ਸੁਗੰਧੀ ਦੇ ਗ੍ਰਾਹੀ ਜਿਗਿਆਸੂ ਸ੍ਵਤਹ ਹੀ ਪਹੁੰਚ ਜਾਂਦੇ ਸਨ, ਆਪਣੀ ਸ਼ਰਣ ਵਿਚ ਆਏ ਹੋਏ ਜਿਗਿਆਸੂਆਂ ਨੂੰ ਬ੍ਰਹਮ ਵਿਦਿਆ ਦ੍ਵਾਰਾ "**ब्रह्म सत्यं जगन्मिथ्या**"(ਬ੍ਰਹਮ ਸਤਜ ਜਗਤ ਮਿਥਿਆ) ਦਾ ਨਿਸ਼ਚੈ ਕਰਾਉਂਦੇ ਸ਼ਨੈ: ਸ਼ਨੈ: ਐਸੇ ਜਿਗਿਆਸੂਆਂ ਦੀ ਅਧਿਕਤਾ ਸਦਕਾ ਮਹਾਂਪੁਰਖਾਂ ਦੇ ਪਾਸ ਵਿਦਵਾਨਾਂ ਦਾ ਇਕ ਸਮੂਹ ਬਣ ਜਾਂਦਾ ਐਸੇ ਵਿਦਵਾਨਾਂ ਦੇ ਸਮੂਹ ਬਾਅਦ ਵਿਚ ਮੰਡਲੀਆਂ ਦੇ ਰੂਪ ਵਿਚ ਪਰਿਵਰਤਿਤ

ਹੋ ਗਏ ਜੋ ਕਿ ਸ਼ਾਸਤ੍ਰ ਗਿਆਤਾ ਉੱਚ ਆਚਰਣ ਵਾਲੇ ਵੀਤਰਾਗ ਮਹਾਂਪੁਰਖਾਂ ਦਾ ਇਕ ਚਲਦਾ-ਫਿਰਦਾ ਜੱਥਾ ਸੀ। ਇਹ ਮੰਡਲੀਆਂ ਬਿਨਾਂ ਕਿਸੇ ਨਿੱਜੀ ਪ੍ਰਯੋਜਨ ਦੇ ਕੇਵਲ ਪਰੋਪਕਾਰ ਦੀ ਦ੍ਰਿਸ਼ਟੀ ਦੁਆਰਾ ਗੁਰਮਤਿ ਸਿਧਾਂਤ, ਧਰਮ ਦਾ ਪ੍ਰਚਾਰ ਕਰਦੀਆਂ ਹੋਈਆਂ ਪਿੰਡਾਂ, ਨਗਰਾਂ, ਸ਼ਹਿਰਾਂ ਅਤੇ ਤੀਰਥ ਸਥਾਨਾਂ ਦੀ ਯਾਤ੍ਰਾ ਦੁਆਰਾ ਪੂਰੇ ਭਾਰਤ ਵਰਸ਼ ਵਿਚ ਵਿਚਰਣ ਕਰਦੀਆਂ ਸਨ ਭੂਮੀ ਸੈਨ, ਭਿਖਿਆ ਅੰਨ[32], ਬ੍ਰਹਮ ਵਿਦਿਆ ਦਾਨ, ਪਰੋਪਕਾਰਮਯ ਜੀਵਨ ਬਤੀਤ ਕਰਨਾ ਹੀ ਉਹਨਾਂ ਦਾ ਉੱਦੇਸ਼ ਸੀ। ਇਹਨਾਂ ਮੰਡਲੀਆਂ ਵਿਚ ਵਿਚਰਣ ਵਾਲੇ ਸੰਤਾਂ ਦੀ ਰਹਿਣੀ-ਸਹਿਣੀ-ਕਹਿਣੀ[33] ਤੇ "ਵਿਰੱਕਤ ਜੀਵਨ"[34] ਨੂੰ ਦੇਖ ਕਰਕੇ ਲੋਕ ਮੁਗਧ ਹੋ ਜਾਂਦੇ ਸਨ ਅਤੇ ਮਹਾਂਪੁਰਖਾਂ ਦੀ ਭਿਖਯਾ ਆਦਿ ਦੇ ਦੁਆਰਾ ਬੜੇ ਪ੍ਰੇਮ ਨਾਲ ਸੇਵਾ ਕਰਦੇ ਸਨ ਜੋ ਮੰਡਲੀਆਂ ਵਿਚ ਰਹਿਣ ਵਾਲੇ ਸਾਧੂਆਂ ਵਿਦਿਆਰਥੀਆਂ ਦਾ ਨਿਰਵਾਹ ਪੁਸਤਕ ਵਸਤਰ ਆਦਿ ਦਾ ਪ੍ਰਬੰਧ ਕਰਦੇ ਸਨ ਉਹਨਾਂ ਦਾ ਨਾਮ ਹੀ ਮੰਡਲੇਸ਼੍ਵਰ, ਮਹਾਂਮੰਡਲੇਸ਼੍ਵਰ ਹੁੰਦਾ ਸੀ। ਇਹਨਾਂ ਮੰਡਲੇਸ਼੍ਵਰਾਂ ਵਿਚੋਂ ਸ੍ਰੀਮਾਨ ੧੦੮ ਸੰਤ ਸ਼ਮੀਰ ਸਿੰਘ "ਬਲੌਂਗੀ" ਵਾਲੇ ਅਗ੍ਰਗਣਯ ਹੋਏ ਹਨ ਜਿਨਾਂ ਨੇ ੧੨੫ ਸਾਲ ਦੀ ਆਯੂ ਤੱਕ ਮੰਡਲੀ ਦੁਆਰਾ ਸਰਬ ਧਰਮਾਵਲੰਬੀ ਲੋਕਾਂ ਵਿਚ ਸਭ ਜਗ੍ਹਾ ਜਾ ਕੇ ਪ੍ਰਚਾਰ ਕੀਤਾ। ਇਹਨਾਂ ਤੋਂ ਬਾਅਦ ਇਹਨਾਂ ਦੇ ਪਰਮ ਸ਼ਿਸ਼ਯ ਸ੍ਰੀਮਾਨ ਮਹਾਂਮੰਡਲੇਸ਼੍ਵਰ ਪੰਡਿਤ ਕਾਲਾ ਸਿੰਘ ਜੀ ਮਹਾਰਾਜ ਨੇ ਵੀ ਮੰਡਲੀ ਦੁਆਰਾ ਪ੍ਰਚਾਰ ਕੀਤਾ ਆਪ ਜੀ ਦੇ ਨਾਲ ਅਨੇਕਾਂ ਸੰਤ ਮਹਾਂਪੁਰਖ ਵਿਚਰਦੇ ਸਨ, ਆਪ ਜੀ ਦੇ ਆਪਣੇ ਸ਼ਿਸ਼ਯ ੨੫-੩੦ ਵਿਦ੍ਵਾਨ ਪੰਡਿਤ ਹੋਏ ਹਨ ਆਪ ਜੀ ਨੇ ਹਰਿਦੁਆਰ ਤੋਂ ਲੈ ਕੇ ਹਿਮਾਚਲ, ਜੰਮੂ-ਕਸ਼ਮੀਰ, ਲਾਹੌਰ, ਅੰਮ੍ਰਿਤਸਰ, ਕੁਰੂਕਸ਼ੇਤ੍ਰ ਆਦਿ ਤੋਂ ਹੁੰਦੇ ਹੋਏ ਗੁਜਰਾਤ, ਦ੍ਵਾਰਕਾ, ਕਾਠੀਆਵਾੜ, ਕੱਛ, ਜੂਨਾਗੜ, ਸੋਮਨਾਥ, ਸੂਰਤ, ਮੁੰਬਈ, ਹਜ਼ੂਰ ਸਾਹਿਬ, ਕੰਨਿਆ ਕੁਮਾਰੀ, ਰਾਮੇਸ਼੍ਵਰ, ਉੜੀਸਾ, ਜਗਨਨਾਥ ਪੁਰੀ, ਗਯਾ, ਪਟਨਾ ਸਾਹਿਬ, ਕਾਸ਼ੀ, ਇਲਾਹਾਬਾਦ, ਅਯੋਧਯਾ ਆਦਿ ਸਥਾਨਾਂ ਤੇ ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਇਹੀ ਆਪ ਜੀ ਦੇ ਜੀਵਨ ਦਾ ਮੁਖ ਲਕਸ਼ ਸੀ।

ਇਸੇ ਤਰ੍ਹਾਂ ਸ੍ਰੀ ਮਾਨ ਪੰਡਿਤ ਹਰੀ ਸਿੰਘ ਜੀ ਰਿਸ਼ੀਕੇਸ਼ ਛੇਤ੍ਰ ਵਾਲੇ ਹੋਏ ਹਨ ਲੋਕ ਆਪ ਜੀ ਦਾ ਨਾਮ ਕਥਾ ਵਾਲੇ ਮਹਾਰਾਜ ਕਹਿ ਕੇ ਉਚਾਰਦੇ ਸਨ। ਆਪ ਜੀ ਇਕ ਵਾਰ ਸੰਤ ਮੰਡਲੀ ਸਮੇਤ ਵਿਚਰਦੇ ਹੋਏ ਜਦੋਂ ਨੇਪਾਲ ਦੇ ਕਾਠਮੰਡੂ ਸ਼ਹਿਰ ਵਿਚ ਪਹੁੰਚੇ ਉੱਥੇ ਕਥਾ ਕੀਤੀ ਆਪ ਜੀ ਦੀ ਕਥਾ ਦਾ ਸ਼ਹਿਰ ਦੇ ਸ਼ਰਧਾਲੂਆਂ ਤੇ ਇੰਨਾਂ ਪ੍ਰਭਾਵ ਪਿਆ ਕਿ ਨੇਪਾਲ ਨਰੇਸ਼ ਸ੍ਵੈਯੰ ਆ ਕਰਕੇ ਆਪ ਜੀ ਨੂੰ ਮਹਿਲਾਂ ਵਿਚ ਲੈ ਗਿਆ ਰਾਜ ਦਰਬਾਰ ਵਿਚ ਆਪ ਜੀ ਨੇ ਕਈ ਦਿਨ ਕਥਾ ਕੀਤੀ ਆਪ ਜੀ ਦੇ ਤਿਆਗੀ ਜੀਵਨ ਤੋਂ ਪ੍ਰਭਾਵਿਤ ਹੋ ਕਰਕੇ ਨੇਪਾਲ ਨਰੇਸ਼ ਨੇ ਨਾਨਕ ਪੰਥੀ ਨਿਰਮਲੇ ਸੰਤਾਂ ਦੇ ਨਾਮ ਤੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦੀ ਬ੍ਰਾਂਚ ਵਜੋਂ ਇਕ ਸਥਾਨ ਕਾਇਮ ਕੀਤਾ ਜਿਸ ਦੇ ਪ੍ਰਬੰਧ ਦਾ ਸਾਰਾ ਖ਼ਰਚ ਨੇਪਾਲ ਸਰਕਾਰ ਵਲੋਂ ਨੀਯਤ ਕੀਤਾ ਗਿਆ ਜੋ ਸਥਾਨ ਅੱਜ ਤੱਕ ਮੌਜੂਦ ਹੈ। ਇਸੇ ਪ੍ਰਕਾਰ ਹੀ ਸੰਤ ਬਾਬਾ ਈਸ਼ਰ ਸਿੰਘ ਜੀ ਦੌਦਰ ਵਾਲੇ, ਸੰਤ ਬਾਬਾ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਝਾੜੀ ਵਾਲੇ, ਬਾਬਾ ਆਨੰਦ ਸਿੰਘ ਜੀ ਮੰਡਲੀ ਵਾਲੇ, ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਚੰਦਾ ਸਿੰਘ ਜੀ ਵਿਰੱਕਤ, ਪੰਡਿਤ ਗੁਰਬਖਸ਼ ਸਿੰਘ ਜੀ ਨਾਗੋਕੇ, ਪੰਡਿਤ ਹਮੀਰ ਸਿੰਘ ਜੀ ਗੁਰੂਸਰ ਖੁੱਡਾ, ਪੰਡਿਤ ਨਾਰਾਇਣ ਸਿੰਘ ਜੀ ਨਿਰਮਲ ਵਿਰੱਕਤ ਕੁਟੀਆ ਹਰਿਦੁਆਰ ਵਾਲੇ, ਪੰਡਿਤ ਮਿਹਰ ਸਿੰਘ ਜੀ ਜਗਰਾਓ ਵਾਲੇ, ਸੰਤ ਬਾਬਾ ਨਿੱਕਾ ਸਿੰਘ ਜੀ ਰਿਸ਼ੀਕੇਸ਼, ਸੰਤ ਸੁੰਦਰ ਸਿੰਘ ਜੀ ਭਿੰਡਰ ਕਲਾਂ ਮੋਗਾ, ਸੰਤ ਗੁਰਬਚਨ ਸਿੰਘ ਜੀ ਭਿੰਡਲ ਕਲਾਂ ਮੋਗਾ, ਸੰਤ ਬਾਬਾ ਦਲੇਲ ਸਿੰਘ ਜੀ ਵਿਰਕਤ ਸ਼ਾਹਬਾਦ ਵਾਲੇ, ਸੰਤ ਬਾਬਾ ਹਜ਼ਾਰਾ ਸਿੰਘ ਜੀ ਵਿਰੱਕਤ ਹਾਂਡੀ ਵਾਲੇ, ਸੁਆਮੀ ਮੰਗਲ ਹਰੀ ਜੀ ਡੇਰਾ ਕਿਲੇ ਵਾਲੇ (ਪੰਜਾਬ) ਇਤਿਆਦਿਕ ਮਹਾਂਪੁਰਖਾਂ ਨੇ ਮੰਡਲੀਆਂ ਦੁਆਰਾ ਪ੍ਰਚਾਰ ਕੀਤਾ।

ਇਸ ਸਮੇਂ ਨਿਰਮਲ ਭੇਖ ਸ਼ਿਰੋਮਣੀ ਵਿਦਿਆ ਮਾਰਤੰਡ, ਤਪੋ ਮੂਰਤੀ, ਅਨੰਦ ਸ੍ਰੀ ਵਿਭੂਸ਼ਿਤ ਸ੍ਰੀਮਾਨ ੧੦੮ ਸ੍ਰੀ ਮਹੰਤ ਪੰਡਿਤ ਸ੍ਵਾਮੀ ਗਿਆਨਦੇਵ ਸਿੰਘ ਜੀ ਮਹਾਰਾਜ ਜੋ ਕਿ ਸ੍ਰੀ ਪੰਚਾਇਤੀ

ਅਖਾੜਾ ਨਿਰਮਲਾ ਦੇ ਸ੍ਰੀ ਮਹੰਤ ਪਦ ਪਰ ਸੁਸ਼ੋਭਿਤ ਹਨ। ਜਿਨਾਂ ਨੇ ਸ੍ਰੀ ਨਿਰਮਲ ਸੰਸਕ੍ਰਿਤ ਵਿਦਿਆਲਯ ਕਾਸ਼ੀ ਵਿਚ ੧੨ ਵਰਸ਼ ਨਿਵਾਸ ਕਰਕੇ ਤਿਆਗਮਯ, ਤਪਸਜਾਮਯ, ਜੀਵਨ ਬਿਤੀਤ ਕਰਦੇ ਹੋਏ ਬ੍ਰਹਮ ਵਿਦਿਆ ਦਾ ਅਧਿਐਨ ਕੀਤਾ। "ਸੰਪੂਰਣਾਨੰਦ ਸੰਸਕ੍ਰਿਤ ਯੂਨੀਵਰਸਿਟੀ" ਬਨਾਰਸ ਤੋਂ ਵੇਦਾਂਤਾਚਾਰਯ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਕਾਸ਼ੀ ਵਿਚੋਂ ਹੀ ਕੁਛ ਵਿਦ੍ਵਾਨ ਜੋ ਕਿ ਉਪਰਾਮ ਵ੍ਰਿੱਤੀ ਵਾਲੇ ਵੀਤਰਾਗ ਮਹਾਂਪੁਰਖ ਸਨ। ਉਹਨਾਂ ਨੂੰ ਨਾਲ ਲੈ ਕੇ ਵਿਰੱਕਤ ਸੰਤ ਮੰਡਲੀ ਦੇ ਰੂਪ ਵਿਚ ਤਕਰੀਬਨ ੧੫ ਵਰਸ਼ ਤੱਕ ਭਾਰਤ ਵਰਸ਼ ਦੇ ਪ੍ਰਮੁੱਖ ਤੀਰਥ ਸਥਾਨਾਂ ਅਤੇ ਪਿੰਡਾਂ, ਨਗਰਾਂ, ਸ਼ਹਿਰਾਂ ਦੀ ਪੈਦਲ ਯਾਤ੍ਰਾ ਕਰਦੇ ਹੋਏ ਅਧਿਐਨ, ਅਧਿਆਪਨ, ਗੁਰਬਾਣੀ ਤਥਾ ਸ਼ਾਸਤ੍ਰਾਂ ਦਾ ਸਮੰਨ੍ਵਯ ਕਰਕੇ ਗੁਰੂ ਨਾਨਕ ਦੇਵ ਜੀ ਦੇ ਅਦ੍ਵੈਤ ਸਿਧਾਂਤ ਨੂੰ ਸਰਵ ਧਰਮਾਵਲੰਬੀ ਜਨ ਸਾਧਾਰਣ ਤੱਕ ਪਹੁੰਚਾਇਆ, ਸੰਨ ੧੮ ਸਿਤੰਬਰ ੧੯੯੩ ਨੂੰ ਸ੍ਰੀ ਮਹੰਤ ਪੰਡਿਤ ਬਲਵੀਰ ਸਿੰਘ ਸ਼ਾਸਤ੍ਰੀ ਜੀ ਦੇ ਬ੍ਰਹਮਲੀਨ ਹੋਣ ਤੋਂ ਪਸ਼ਚਾਤ ਨਵੇਂ ਸ੍ਰੀ ਮਹੰਤ ਜੀ ਦੀ ਚੋਣ ਸਮੇਂ ਸਾਰੇ ਨਿਰਮਲ ਭੇਖ ਨੇ ਸਰਵਸੰਮਤੀ ਨਾਲ ਆਪ ਜੀ ਦਾ ਨਾਮ ਸ੍ਵੀਕਾਰ ਕੀਤਾ।

ਉਸ ਸਮੇਂ ਆਪ ਜੀ ਰਿਵੱਕਤ ਸੰਤ ਮੰਡਲੀ ਸਹਿਤ ਉਜੈਨ ਦੇ ਕੁੰਭ ਮੇਲੇ ਤੋਂ ਬਾਅਦ ਰਤਲਾਮ ਸ਼ਹਿਰ ਮਧਯ ਪ੍ਰਦੇਸ਼ ਵਿਚ ਧਰਮ ਪ੍ਰਚਾਰ ਕਰਦੇ ਹੋਏ ਵਿਚਰ ਰਹੇ ਸਨ। ਭੇਖ ਦੇ ਕੁਛ ਪ੍ਰਮੁੱਖ ਮਹਾਂਪੁਰਖ ਇਕੱਠੇ ਹੋ ਕੇ ਆਪ ਜੀ ਨੂੰ ਲਿਆਉਣ ਵਾਸਤੇ ਰਤਲਾਮ ਪਹੁੰਚੇ ਅਤੇ ਆਪ ਜੀ ਨੂੰ ਪੂਰਵ ਸ੍ਰੀ ਮਹੰਤ ਸਾਹਿਬ ਜੀ ਦੇ ਬ੍ਰਹਮ ਲੀਨ ਹੋਣ ਤੋਂ ਅਵਗਤ ਕਰਾਇਆ ਅਤੇ ਕਿਹਾ ਕਿ ਉਹਨਾਂ ਦੇ ਉੱਤਰਾਧਿਕਾਰੀ ਦੇ ਰੂਪ ਵਿਚ ਆਪ ਜੀ ਦਾ ਨਾਮ ਸਾਰੇ ਭੇਖ ਨੇ ਸਰਵ ਸੰਮਤੀ ਨਾਲ ਸ੍ਰੀ ਮਹੰਤ ਪਦ ਵਾਸਤੇ ਪ੍ਰਵਾਨ ਕੀਤਾ ਹੈ, ਭਾਵੇਂ ਕਿ ਆਪ ਜੀ ਮਨ ਬਾਣੀ ਕਰਕੇ ਪ੍ਰਵ੍ਰਿੱਤੀ ਵਿਚ ਰੁਚੀ ਨਹੀਂ ਸੀ ਰੱਖਦੇ, ਪਰੰਤੂ ਪੰਚ ਪਰਮੇਸ਼ੂਰ ਦੀ ਆਗਿਆ ਨੂੰ ਸ਼ਿਰਧਾਰਣ ਕਰਦੇ ਹੋਏ ਸ੍ਰੀ ਮਹੰਤ ਪਦ ਨੂੰ ਸਵੀਕਾਰ ਕਰ ਲਿਆ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਅਤੇ ਭੇਖ ਦੀ ਅਗਵਾਈ ਕਰਦੇ ਹੋਏ ਵਿਰੱਕਤ ਸੰਤ ਮੰਡਲੀ ਨੂੰ ਵੀ ਕਾਇਮ ਰੱਖਿਆ ਹੈ ਜਿਸ ਦੇ ਦ੍ਵਾਰਾ ਸ੍ਰੀ ਮਹੰਤ ਜੀ ਮਹਾਰਾਜ ਨੇ ਧਰਮ ਪ੍ਰਚਾਰ ਅਤੇ ਬ੍ਰਹਮ ਵਿਦਿਆ ਦਾ ਅਧਿਐਨ-ਅਧਿਆਪਨ ਕਰਾਉਂਦੇ ਹੋਏ ਕੁਛ ਸਾਲ ਪੂਰਵ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ ਦੀਆਂ ਕਈ ਵਿਸ਼ਾਲ ਯਾਤ੍ਰਾਵਾਂ ਕੀਤੀਆਂ। ਜਿਨਾਂ ਯਾਤ੍ਰਾਵਾਂ ਦੇ ਸਮੇਂ ਲੇਖਕ ਆਪਣੇ ਸਾਰੇ ਸਹਿਪਾਠੀ ਸੰਤ ਮਹਾਂਪੁਰਖਾਂ ਦੇ ਸਹਿਤ ਮਹਾਰਾਜ ਜੀ ਦੀ ਸੇਵਾ ਵਿਚ ਸਨ।

ਪਹਿਲੀ ਯਾਤ੍ਰਾ- ਦਸੰਬਰ ੧੯੯੯ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਕਰਕੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਗੁਜਰਾਤ ਦੇ ਪ੍ਰਮੁੱਖ ਤੀਰਥਾਂ, ਨਗਰਾਂ, ਸ਼ਹਿਰਾਂ ਵਿਚ ਵਿਚਰਦੇ ਹੋਏ ਦ੍ਵਾਰਕਾ ਤੱਕ।

ਦੂਸਰੀ ਯਾਤ੍ਰਾ- ਦਸੰਬਰ ੧੯੯੯ ਵਿਚ ਹਰਿਦ੍ਵਾਰ ਤੋਂ ਆਰੰਭ ਕਰਕੇ ਯੂ.ਪੀ., ਦਿੱਲੀ, ਮੱਧ ਪ੍ਰਦੇਸ਼, ਮਹਾਰਾਸ਼ਟ੍ਰ, ਕਰਨਾਟਕ, ਕੇਰਲ, ਤਾਮਿਲਨਾਡੂ, ਇਤਿਆਦਿਕ ਪ੍ਰਾਂਤਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਕੰਨਿਆ ਕੁਮਾਰੀ, ਰਾਮੇਸ਼੍ਵਰ ਤੱਕ।

ਤੀਸਰੀ ਯਾਤ੍ਰਾ- ਮਈ ੨੦੦੩ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਕਰਕੇ ਅਨੇਕਾਂ ਪ੍ਰਾਂਤਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਕੰਨਿਆ ਕੁਮਾਰੀ, ਰਾਮੇਸ਼੍ਵਰ, ਤਿਰੂਪਤੀ ਬਾਲਾ ਜੀ ਆਂਧਰਾ ਪ੍ਰਦੇਸ਼ ਆਦਿਕ ਤੀਰਥ ਸਥਾਨਾਂ ਦੇ ਦਰਸ਼ਨ ਕਰਕੇ ਤ੍ਰਿੰਬਕੇਸ਼੍ਵਰ, ਨਾਸਿਕ, ਕੁੰਭ ਮੇਲੇ ਪਰ ਵਾਪਿਸ ਪਹੁੰਚੇ। ਇਸ ਪ੍ਰਕਾਰ ਮਹਾਂਪੁਰਖਾਂ ਨੇ ਮੰਡਲੀਆਂ ਦੇ ਰੂਪ ਵਿਚ ਵਿਚਰਣ ਕਰਕੇ ਗੁਰਮਤਿ ਸਿਧਾਂਤ ਤੇ ਭਾਰਤੀਯ ਸੰਸਕ੍ਰਿਤੀ ਦੇ ਪ੍ਰਚਾਰ ਵਿਚ ਅਵਿਸਮਰਣੀਯ ਯੋਗਦਾਨ ਪਾਇਆ ਹੈ।

**ਕੁਟੀਆ, ਡੇਰੇ, ਆਸ਼੍ਰਮਾਂ ਦ੍ਵਾਰਾ ਯੋਗਦਾਨ:-** ਇਸ ਤਰ੍ਹਾਂ ਨਿਰਮਲੇ ਸੰਤਾਂ ਦੇ ਤਿਆਗਮਈ ਅਤੇ ਸਾਦਗੀ ਵਾਲੇ ਜੀਵਨ ਤੋਂ ਪ੍ਰਭਾਵਿਤ ਹੋ ਕਰਕੇ ਗੁਰਮੁਖਾਂ ਸ਼ਰਧਾਲੂਆਂ ਨੇ ਜਿਥੇ-ਜਿਥੇ ਕੋਈ ਮਹਾਂਪੁਰਖ ਜਾ ਕੇ ਟਿਕ ਜਾਂਦਾ ਉਥੇ-ਉਥੇ ਉਹਨਾਂ ਦੇ ਨਿਵਾਸ ਵਾਸਤੇ ਕੁਟੀਆ ਬਣਾ ਦਿੱਤੀਆਂ ਜੋ

ਅੱਗੇ ਜਾ ਕੇ ਆਸ਼੍ਰਮਾਂ, ਡੇਰਿਆਂ, ਮੱਠਾਂ ਦਾ ਰੂਪ ਧਾਰਣ ਕਰ ਗਈਆਂ। ਜਿਸ ਵਕਤ ਦੇਸ਼ ਦੇ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਸਕੂਲ, ਕਾਲਜ, ਵਿਦਿਆਲਯ, ਔਸ਼ਧਾਲਯ ਆਦਿਕ ਮੌਜੂਦ ਨਹੀਂ ਸਨ। ਉਸ ਸਮੇਂ ਸੰਤਾਂ ਮਹਾਤਮਾਂ ਨੇ ਇਹਨਾਂ ਡੇਰਿਆਂ, ਆਸ਼੍ਰਮਾਂ ਦੁਆਰਾ ਸਕੂਲਾਂ, ਵਿਦਿਆਲਿਆਂ, ਔਸ਼ਧਾਲਿਆਂ ਦਾ ਕੰਮ ਕੀਤਾ ਇਨਾਂ ਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਣ ਦੀ ਜ਼ਿੰਮੇਵਾਰੀ ਸਮਝ ਕਰਕੇ ਘਰ-ਘਰ ਵਿਚ ਜਾ ਕੇ ਗੁਰਮੁਖੀ ਪੜ੍ਹਾ ਕਰਕੇ ਗੁਰ ਇਤਿਹਾਸ ਅਤੇ ਗੁਰਬਾਣੀ ਦੇ ਦੁਆਰਾ ਗੁਰਮਤਿ ਸਿਧਾਂਤ ਤੋਂ ਜਾਣੂ ਕਰਵਾਇਆ ਅਤੇ ਔਸ਼ਧੀਆਂ ਦੇ ਦੁਆਰਾ ਰੋਗੀਆਂ ਦੇ ਰੋਗਾਂ ਦੀ ਨਿਵਿਰਤੀ ਕਰਕੇ ਗੁਰੂ ਚਰਨਾਂ ਨਾਲ ਜੋੜਿਆ। ਇਨਾਂ ਡੇਰਿਆਂ ਆਸ਼੍ਰਮਾਂ ਵਿਚ ਰਹਿੰਦਿਆਂ ਸੰਤ ਮਹਾਂਪੁਰਖ ਆਪਣੇ "ਹੱਥੀਂ"[35] ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖ ਕੇ ਮੁਫ਼ਤ ਸੇਵਾ ਕਰਦੇ ਰਹੇ। ਸ੍ਰੀ ਮਾਨ ਸੰਤ ਬਾਬਾ ਬੱਲਾ ਸਿੰਘ ਜੀ ਨੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਤੇ ਇਕ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਲਿਖੀ। ਪਰਮ ਵੀਤਰਾਗ ਸ੍ਰੀ ਮਾਨ ਸੁਆਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਨੇ ਪੰਜ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੀਆਂ ਲਿਖੀਆਂ। ਸ੍ਰੀ ਮਾਨ ਸੰਤ ਬਾਬਾ ਵਧਾਵਾ ਸਿੰਘ ਜੀ ਲਹਿਰਾ ਖਾਨਾਂ ਬਠਿੰਡਾ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਿੰਨ ਬੀੜਾਂ ਲਿਖੀਆਂ। ਐਸੇ ਹੋਰ ਵੀ ਅਨੇਕ ਮਹਾਂਪੁਰਖ ਹੋਏ ਹਨ ਇਹ ਤਾਂ ਕੇਵਲ ਸੰਕੇਤ ਮਾਤ੍ਰ ਹੈ। ਐਸੇ ਗੁਰਮਤਿ ਦੇ ਸ੍ਰੋਤ ਨਿਰਮਲੇ ਸੰਤਾਂ ਦੇ ਆਸ਼੍ਰਮ, ਕੁਟੀਆ, ਡੇਰੇ, ਭਾਰਤ ਦੇ ਕੋਨੇ-ਕੋਨੇ ਵਿਚ ਬਣੇ ਹੋਏ ਹਨ। ਜੈਸੇ ਡੇਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ, ਡੇਰਾ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਡੇਰਾ ਹੋਤੀਮਰਦਾਨ ਤਪ ਸਥਾਨ ਸੰਤ ਬਾਬਾ ਕਰਮ ਸਿੰਘ ਜੀ, ਡੇਰਾ ਤਪੋਬਨ, ਸੰਤ ਬਾਬਾ ਭੂਰੀ ਵਾਲੇ ਜੀ ਅੰਮ੍ਰਿਤਸਰ, ਡੇਰਾ ਬਾਬਾ ਭਗਤ ਸਿੰਘ ਜੀ ਧੂੰਦਾ ਥੇਹ ਅੰਮ੍ਰਿਤਸਰ, ਡੇਰਾ ਹਰਖੋਵਾਲ ਸੰਤ ਬਾਬਾ ਜਵਾਲਾ ਸਿੰਘ ਜੀ, ਡੇਰਾ ਮਹਿਮੇ ਸ਼ਾਹੀਆਂ ਪੰਜ ਗਰਾਈ, ਡੇਰਾ ਭੌਰੇ ਵਾਲਾ ਸੁਖਾਨੰਦ ਬਠਿੰਡਾ, ਡੇਰਾ ਕਰਮਸਰ ਰਾੜਾ ਸਾਹਿਬ, ਡੇਰਾ ਨਾਨਕਸਰ ਕਲੇਰਾਂ, ਡੇਰਾ ਗੁਰੂਸਰ ਖੁੱਡਾ, ਡੇਰਾ ਸੰਤ ਬਾਬਾ ਹਰੀ ਸਿੰਘ ਜੀ ਨੈਕੀ ਵਾਲੇ ਮੰਨਣਹਾਣਾ ਤਪ ਅਸਥਾਨ ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਹੁਸ਼ਿਆਰਪੁਰ, ਡੇਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ ਮੋਗਾ, ਡੇਰਾ ਸੰਤ ਬਾਬਾ ਹਮੀਰ ਸਿੰਘ ਜੀ ਜਨੇਰ ਮੋਗਾ, ਡੇਰਾ ਸੰਤ ਬਾਬਾ ਰੋਚਾ ਸਿੰਘ ਜੀ ਪੁਣਛ ਇਸ ਪ੍ਰਕਾਰ ਪੰਜਾਬ ਤੋਂ ਬਾਹਰ ਹਰਿਦੁਆਰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਅਤੇ ਅਖਾੜੇ ਦੀਆਂ ਪ੍ਰਯਾਗਰਾਜ, ਬਨਾਰਸ, ਪਟਨਾ, ਉਜੈਨ, ਨਾਸਿਕ, ਨੇਪਾਲ, ਕਾਠਮੰਡੂ ਆਦਿਕ ਪ੍ਰਮੁੱਖ ਸਥਾਨਾਂ ਤੇ ੨੫-੩੦ ਬ੍ਰਾਂਚਾਂ ਹਨ।

ਡੇਰਾ ਬਾਬਾ ਦਰਗਾਹ ਸਿੰਘ ਜੀ ਤਪ ਸਥਾਨ ਪਾ: ੩ ਕਨਖਲ, ਡੇਰਾ ਨਿਰਮਲ ਬਾਗ, ਡੇਰਾ ਰਤਨ ਬਾਗ, ਡੇਰਾ ਸੰਤ ਪੁਰਾ, ਨਿਰਮਲ ਵਿਰੱਕਤ ਕੁਟੀਆ ਕਨਖਲ, ਡੇਰਾ ਭਜਨਗੜ, ਡੇਰਾ ਨਿਹਕਲੰਕ ਖੜਖੜੀ, ਨਿਰਮਲ ਆਸ਼੍ਰਮ ਰਿਸ਼ੀਕੇਸ਼, ਸੰਗਤ ਚੇਤਨ ਮਠ ਕਾਸ਼ੀ, ਸੰਗਤ ਲਾਹੌਰੀ ਟੋਲਾ ਕਾਸ਼ੀ, ਨਿਰਮਲ ਆਸ਼੍ਰਮ ਲਖੀਮਪੁਰ ਖੀਰੀ ਯੂ.ਪੀ., ਡੇਰਾ ਸੰਤ ਆਸ਼੍ਰਮ ਮੋਦੀਨਗਰ ਯੂ.ਪੀ., ਡੇਰਾ ਸੰਤਪੁਰਾ ਦਿੱਲੀ, ਨਿਰਮਲ ਆਸ਼੍ਰਮ ਪੁਸ਼ਕਰ ਰਾਜਸਥਾਨ, ਡੇਰਾ ਨਿਰਮਲ ਬਗੀਚੀ ਬਾੜਮੇਰ ਰਾਜਸਥਾਨ, ਇਤਿਆਦਿਕ ਅਨੇਕਾਂ ਸਥਾਨਾਂ ਤੇ ਨਿਰਮਲੇ ਸੰਤਾਂ ਨੇ ਡੇਰੇ ਕਾਇਮ ਕਰਕੇ ਸੇਵਾ, ਨਾਮ ਸਿਮਰਨ, ਪ੍ਰੇਮਾ ਭਗਤੀ, ਸਾਂਝੀਵਾਲਤਾ ਦਾ ਉਪਦੇਸ਼ ਪ੍ਰਾਣੀ ਮਾਤ੍ਰ ਨੂੰ ਦਿੱਤਾ। ਕਿਉਂਕਿ ਨਿਰਮਲੇ ਸੰਤ ਉਪਦੇਸ਼ਟਾ ਗੁਰੂ ਨੂੰ ਮੰਨਦੇ ਹੋਏ 'ਇਸ਼ਟ' ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂਆਂ ਨੂੰ ਹੀ ਮੰਨਦੇ ਹਨ। ਪਰੰਤੂ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਗੀਤਾ, ਰਾਮਾਇਣ, ਭਾਗਵਤ, ਮਹਾਭਾਰਤ ਆਦਿ ਪ੍ਰਾਚੀਨ ਗ੍ਰੰਥਾਂ ਨਾਲ ਗੁਰਬਾਣੀ ਦਾ ਸੁਮੇਲ ਕਰਕੇ ਧਰਮ ਪ੍ਰਚਾਰ ਕਰਦੇ ਹਨ ਜਿਸ ਸਦਕਾ ਦੂਸਰੇ ਧਰਮਾਂ ਅਵਲੰਬੀ ਅਨੇਕਾਂ ਲੋਕ ਗੁਰੂ ਘਰ ਦੇ ਸ਼ਰਧਾਲੂ ਬਣੇ। ਬੰਗਾਲ ਦੇ ਜ਼ਿਲ੍ਹਾ ਮੇਦਨੀਪੁਰ ਵਿਚ ਸੰਤ ਬਾਬਾ ਰਘੁਬੀਰ ਸਿੰਘ ਜੀ ਕਾਸ਼ੀ ਵਾਲੇ ਕਥਾ ਪ੍ਰਚਾਰ ਕਰਿਆ ਕਰਦੇ ਸਨ, ਉਥੇ ਬਹੁਤ ਪਿੰਡਾਂ

ਦੇ ਬੰਗਾਲੀ ਜਿਮੀਂਦਾਰ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸ਼ਰਧਾਲੂ ਬਣ ਗਏ ਸਨ ਜੋ ਹੁਣ ਤੱਕ ਗੁਰੂ ਘਰ ਨਾਲ ਜੁੜੇ ਹੋਏ ਹਨ। ਇਸ ਪ੍ਰਕਾਰ ਹੋਰ ਭੀ ਅਨੇਕਾਂ ਸਿੰਧੀ, ਸਹਿਜਧਾਰੀ ਖੱਤ੍ਰੀ ਲੋਕ ਗੁਰਮਤਿ ਦੇ ਧਾਰਣੀ ਬਣੇ ਇਸ ਤਰ੍ਹਾਂ ਸੰਤਾਂ ਨੇ ਇਹਨਾਂ ਡੇਰਿਆਂ, ਕੁਟੀਆਂ, ਆਸ਼੍ਰਮਾਂ ਦੁਆਰਾ ਸਮਾਜਿਕ ਸੇਵਾ ਅਤੇ ਧਰਮ ਪ੍ਰਚਾਰ ਵਿਚ ਅਪੂਰਵ ਯੋਗਦਾਨ ਪਾਇਆ ਤਥਾ ਵਰਤਮਾਨ ਵਿਚ ਪਾ ਰਹੇ ਹਨ।

**ਵਿਦਿਆਲਿਆਂ ਦੁਆਰਾ ਯੋਗਦਾਨ:-** ਜਿਥੇ ਨਿਰਮਲੇ ਮਹਾਂਪੁਰਖਾਂ ਨੇ ਕੁਟੀਆ, ਡੇਰਿਆਂ, ਆਸ਼੍ਰਮਾਂ ਅਤੇ ਮੱਠਾਂ ਦੇ ਦੁਆਰਾ ਗੁਰਮਤਿ ਦੇ ਪ੍ਰਚਾਰ ਵਿਚ ਯੋਗਦਾਨ ਪਾਇਆ ਉਥੇ ਉਹਨਾਂ ਨੇ ਸੰਸਕ੍ਰਿਤ ਵਿਦਿਆ ਦੇ ਪ੍ਰਤੀ ਗੁਰਸਿੱਖਾਂ ਦੀ ਵਧਦੀ ਅਭਿਲਾਸ਼ਾ ਨੂੰ ਦੇਖ ਕੇ ਸਭ ਤੋਂ ਪਹਿਲਾਂ ਸੰਗਤ ਚੇਤਨ ਮੱਠ ਕਾਸ਼ੀ (ਬਨਾਰਸ) ਵਿਖੇ "ਸ੍ਰੀ ਗੁਰੂ ਨਾਨਕ ਸੰਸਕ੍ਰਿਤ ਮਹਾਂ ਵਿਦਿਆਲਯ" ਕਾਇਮ ਕੀਤਾ ਜਿਸ ਵਿਚ ਅਨੇਕਾਂ ਸੰਤ ਵਿਦਿਆਰਥੀ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰਕੇ ਪੂਰੇ ਭਾਰਤ ਵਰਸ਼ ਵਿਚ ਧਰਮ ਪ੍ਰਚਾਰ ਕਰਦੇ ਰਹੇ।

ਕਾਸ਼ੀ ਵਿਚ ਪੜ੍ਹਨ ਵਾਲੇ ਜਿਗਿਆਸੂਆਂ ਦੀ ਵਧਦੀ ਹੋਈ ਸੰਖਿਆ ਨੂੰ ਦੇਖ ਕੇ ਦੂਸਰਾ ਮੱਠ ਸੰਗਤ ਲਾਹੌਰੀ ਟੋਲੇ ਦਾ ਨਿਰਮਾਣ ਕੀਤਾ, ਜਿਸ ਵਿਚ ਸ੍ਰੀ ਨਿਰਮਲ ਸੰਸਕ੍ਰਿਤ ਮਹਾਂ ਵਿਦਿਆਲਯ ਸਥਾਪਿਤ ਕੀਤਾ। ਇਸ ਵਿਦਿਆਲਯ ਵਿਚੋਂ ਨਿਰਮਲ ਭੇਖ ਦੇ ਸੈਂਕੜੇ ਮਹਾਂਪੁਰਖ ਪ੍ਰਕਾਂਡ ਵਿਦਵਾਨ ਬਣ ਕੇ ਨਿਕਲੇ, ਜਿਸ ਤਰ੍ਹਾਂ ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਗੋਬਿੰਦ ਸਿੰਘ ਜੀ ਸਾਧੂ, ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨੈਯਾਯਿਕ, ਪੰਡਿਤ ਭਾਨ ਸਿੰਘ ਜੀ ਨਯਾਯ ਗੌਤਮ ਕੋਕਰੀ ਵਾਲੇ, ਸੁਆਮੀ ਸੰਤ ਸਿੰਘ ਜੀ ਪਟਨੇ ਵਾਲੇ, ਸੁਆਮੀ ਅਰਜੁਨ ਸਿੰਘ ਜੀ ਮੁਨੀ, ਸ੍ਰੀਮਾਨ ਮਹੰਤ ਗੁਰਦੀਪ ਸਿੰਘ ਜੀ "ਕੇਸਰੀ", ਪੰਜ ਸੁਵਰਣ ਪਦਕ ਵਿਜੇਤਾ ਪੀ.ਐੱਚ.ਡੀ. ਡੀ. ਲੈੱਟ ਪੰਡਿਤ ਸੁਆਮੀ ਰਾਮਪਾਲ ਸਿੰਘ ਜੀ ਦਿੱਲੀ ਵਾਲੇ ਇਤਿਆਦਿਕ ਮਹਾਂਪੁਰਖ ਜਿਨਾਂ ਨੇ ਕਈ ਅਮੋਲਕ ਗ੍ਰੰਥਾਂ ਦੀ ਰਚਨਾ ਕੀਤੀ, ਜਿਨਾਂ ਗ੍ਰੰਥਾਂ ਨੂੰ ਪੜ੍ਹ ਕਰਕੇ ਅੱਜ ਤੱਕ ਵਿਦੁਆਨ ਲੋਕ ਲਾਭਾਨ੍ਵਿਤ ਹੋ ਰਹੇ ਹਨ।

ਇਸ ਨਿਰਮਲ ਵਿਦਿਆਲਯ ਨੂੰ ਹੀ ਗੌਰਵ ਪ੍ਰਾਪਤ ਹੈ ਕਿ ਸ੍ਰੀ ਪੰਚਾਇਤੀ ਅਖਾੜਾ ਨਿਰਮਲ ਕਨਖਲ ਦੇ ਵਰਤਮਾਨ ਪਰਮ ਪੂਜ੍ਯ ਸ੍ਰੀਮਾਨ ੧੦੮ ਸ੍ਰੀ ਮਹੰਤ ਪੰਡਿਤ ਸੁਆਮੀ ਗਿਆਨਦੇਵ ਸਿੰਘ ਜੀ ਨੇ ਇਥੇ ਹੀ ਰਹਿ ਕਰਕੇ ਵਿਦਿਆ ਪ੍ਰਾਪਤ ਕੀਤੀ ਅਤੇ ਇਸ ਸਮੇਂ ਇਹ ਨਿਰਮਲ ਸੰਸਕ੍ਰਿਤੀ ਮਹਾਂ ਵਿਦਿਆਲਯ ਸ੍ਰੀ ਨਿਰਮਲ ਅਖਾੜੇ ਦੇ ਪ੍ਰਬੰਧ ਹੇਠ ਬਹੁਤ ਸੁਚਾਰੂ ਰੂਪ ਨਾਲ ਚਲ ਰਿਹਾ ਹੈ। ਸ੍ਰੀ ਮਹੰਤ ਸਾਹਿਬ ਜੀ ਦੇ ਆਸ਼ੀਰਵਾਦ ਨਾਲ ਅਜਕਲ ੨੦-੨੫ ਨਿਰਮਲੇ ਸਾਧੂ ਅਤੇ ਹੋਰ ਬ੍ਰਾਹਮਣ ਆਦਿ ਛਾਤ੍ਰ ਵਿਦਿਆ ਪ੍ਰਾਪਤ ਕਰ ਰਹੇ ਹਨ। ਜਿਨਾਂ ਦੇ ਭੋਜਨ ਤਥਾ ਨਿਵਾਸ ਆਦਿ ਦਾ ਸਾਰਾ ਪ੍ਰਬੰਧ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਰਦਾ ਹੈ। ਇਸੇ ਤਰ੍ਹਾਂ ਕਨਖਲ ਹਰਿਦੁਆਰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੁਆਰਾ "ਨਿਰਮਲ ਸੰਸਕ੍ਰਿਤ ਮਹਾਂ ਵਿਦਿਆਲਯ" ਸਥਾਪਿਤ ਹੈ ਜਿਸ ਵਿਚ ਸਾਧੂ ਵਿਦਿਆਰਥੀਆਂ ਤੋਂ ਅਤਿਰਿਕਤ ਸਾਰੇ ਵਰਣਾਂ ਦੇ ਛਾਤ੍ਰ ਪੜ੍ਹਦੇ-ਲਿਖਦੇ ਹਨ, ਅਤੇ ਸੰਧਿਆ ਸਮੇਂ ਸਾਰੇ ਵਿਦਿਆਰਥੀ "ਰਹਿਰਾਸ ਸਾਹਿਬ" ਜੀ ਦੇ ਪਾਠ ਸਮੇਂ ਆਰਤੀ ਪੂਜਨ, ਮੁਖਵਾਕ, ਕੀਰਤਨ ਸੋਹਿਲਾ ਅਤੇ ਅਰਦਾਸ ਵਿਚ ਉਪਸਥਿਤ ਹੋ ਕਰਕੇ ਅੰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੈ ਬੁਲਾਉਂਦੇ ਹਨ ਅਤੇ ਲੰਗਰ ਵਿਚ ਪ੍ਰਸ਼ਾਦਾ ਛਕਣ ਸਮੇਂ ਗੁਰਬਾਣੀ ਦੇ ਸ਼ਬਦ ਪੜ੍ਹਦੇ ਹਨ ਅਰਥਾਤ ਇਹਨਾਂ ਦੋਨਾਂ ਵਿਦਿਆਲਿਆਂ ਵਿਚੋਂ ਹੋਰ ਧਰਮਾਂ ਦੇ ਅਨੁਯਾਈ ਵਿਦਿਆਰਥੀ ਪੜ੍ਹਨ ਸਮੇਂ ਰਹਿ ਕਰਕੇ ਗੁਰੂ ਇਤਿਹਾਸ ਦੇ ਜਾਣੂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸ਼ਰਧਾਲੂ ਬਣ ਕੇ ਨਿਕਲਦੇ ਹਨ, ਦੂਸਰੇ ਧਰਮਾਂ ਦੇ ਅਨੁਯਾਈਆਂ ਵਿਚ ਪ੍ਰਚਾਰ ਕਰਨਾ ਵੀ ਇਕ ਬਹੁਤ ਮਹਾਨ ਯੋਗਦਾਨ ਹੈ।

ਇਹਨਾਂ ਸੰਸਕ੍ਰਿਤ ਵਿਦਿਆਲਿਆਂ ਤੋਂ ਇਲਾਵਾ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਗਰੀਬ ਤਥਾ ਅਨਾਥ ਬੱਚਿਆਂ ਦੇ ਭਵਿੱਖ ਨੂੰ ਉਜ੍ਵੱਲ ਬਣਾਉਣ ਵਾਸਤੇ ਸੰਤਾਂ ਨੇ ਅਨੇਕਾਂ ਸਕੂਲਾਂ,

ਕਾਲਜਾਂ ਅਤੇ ਅਕੈਡਮੀਆਂ ਦਾ ਨਿਰਮਾਣ ਕੀਤਾ ਹੈ, ਸ੍ਰੀ ਪੰਚਾਇਤੀ ਅਖਾੜਾ ਨਿਰਮਲ ਕਨਖਲ ਹਰਿਦੁਆਰ ਵਲੋਂ ਅਖਾੜੇ ਦੇ ਸੰਸਥਾਪਕ ਪ੍ਰਥਮ ਸ੍ਰੀ ਮਹੰਤ ਸਾਹਿਬ ਜੀ ਦੇ ਨਾਮ ਤੇ ਗ੍ਰਾਂਮ ਨਿਰਮਲ ਕੋਟ, ਸਮਾਣਾ ਮੰਡੀ (ਪਟਿਆਲਾ) ਵਿਖੇ ਸੰਤ ਬਾਬਾ ਮਹਿਤਾਬ ਸਿੰਘ ਜੀ ਪਬਲਿਕ ਸਕੂਲ ਚਲ ਰਿਹਾ ਹੈ। ਇਸੇ ਤਰ੍ਹਾਂ ਵਿਦਿਆ ਦੇ ਖੇਤਰ ਵਿਚ ਸ੍ਰੀ ਮਾਨ ਮਹੰਤ ਰਾਮ ਸਿੰਘ ਜੀ ਸੰਤ ਜੋਧ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਲੋਂ ਮਹਾਨ ਉਪਰਾਲਾ ਹੋਇਆ ਹੈ ਜੋ ਕਿ ਇੰਗਲਿਸ਼ ਮੀਡੀਅਮ ਦੇ ਪੰਜ ਸਕੂਲ ਚਲ ਰਹੇ ਹਨ। ਜਿਨਾਂ ਵਿਚ ਲਗਭਗ ੫000 ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ, ਜਿਨਾਂ ਵਿਚੋਂ ੪000 ਬੱਚਿਆਂ ਦੀ ਪੜ੍ਹਾਈ ਦਾ ਸੰਪੂਰਣ ਖ਼ਰਚ ਆਸ਼੍ਰਮ ਵੱਲੋਂ ਕੀਤਾ ਜਾਂਦਾ ਹੈ।

(੧) ਨਿਰਮਲ ਆਸ਼੍ਰਮ ਦੀਪਮਾਲਾ ਪਬਲਿਕ ਸਕੂਲ ਰਿਸ਼ੀਕੇਸ਼
(੨) ਨਿਰਮਲ ਆਸ਼੍ਰਮ ਗਿਆਨ ਦਾਨ ਅਕੈਡਮੀ ਖੈਰੀ ਕਲਾਂ ਰਿਸ਼ੀਕੇਸ਼
(੩) ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਕਰਨਾਲ (ਹਰਿਆਣਾ)
(੪) ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਜ਼ਰੀਫ਼ਾ ਫ਼ਾਰਮ (ਕਰਨਾਲ)
(੫) ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਸਦਰ ਬਾਜ਼ਾਰ (ਕਰਨਾਲ)

ਇਸੀ ਪ੍ਰਕਾਰ ਡੇਰਾ ਭੋਰੇ ਵਾਲਾ ਸੁਖਾਨੰਦ ਵਲੋਂ ਸੰਤ ਬਾਬਾ ਭਾਗ ਸਿੰਘ ਜੀ ਗਰਲਜ਼ ਕਾਲਜ ਸੁਖਾਨੰਦ (ਬਠਿੰਡਾ), ਸੰਤ ਬਾਬਾ ਗਾਂਧਾ ਸਿੰਘ ਜੀ ਕਾਲਜ ਬਰਨਾਲਾ, ਸੰਤ ਬਾਬਾ ਭੂਰੀ ਵਾਲੇ ਜੀ ਪਬਲਿਕ ਸਕੂਲ ਅੰਮ੍ਰਿਤਸਰ, ਮਹੰਤ ਹਰੀ ਸਿੰਘ ਜੀ ਨਿਰਮਲ ਪਬਲਿਕ ਸਕੂਲ ਲਖੀਮਪੁਰ ਖੀਰੀ ਯੂ.ਪੀ., ਪੰਜ ਗਰਾਈਂ ਕਲਾਂ, ਗੁਰੂਸਰ ਖੁੱਡਾ, ਜੱਬਰ ਮਾਣਕੋ, ਮੰਨਣਹਾਣਾ, ਮਹਿਤਾ, ਖਡੂਰ ਸਾਹਿਬ, ਦਮਦਮਾ ਸਾਹਿਬ, ਜਨੇਰ ਮੋਗਾ, ਭਿੰਡਰ ਕਲਾਂ, ਢੁਡੀ ਕਲਾਂ, ਦੌਧਰ, ਬੋਪਾਰਾਏ, ਰਾੜਾ ਸਾਹਿਬ ਸੰਪ੍ਰਦਾਯ ਅਤੇ ਨਾਨਕਸਰ ਸੰਪ੍ਰਦਾਯ ਵਲੋਂ ਇਤਿਆਦਿਕ ਅਨੇਕਾਂ ਸਥਾਨਾਂ ਤੇ ਨਿਰਮਲੇ ਮਹਾਂਪੁਰਖਾਂ ਵਲੋਂ ਧਾਰਮਿਕ ਤੇ ਸਮਾਜਿਕ ਵਿਦਿਅਕ ਅਦਾਰੇ ਚਲ ਰਹੇ ਹਨ। ਜਿਨਾਂ ਵਿਚ ਅਨੇਕਾਂ ਬੱਚੇ-ਬੱਚੀਆਂ ਸਮਾਜਿਕ ਵਿਦਿਆ ਦੇ ਨਾਲ-ਨਾਲ ਗੁਰਮਤਿ ਵਿਦਿਆ ਵੀ ਪ੍ਰਾਪਤ ਕਰ ਰਹੇ ਹਨ। ਇਹ ਹੀ ਇਹਨਾਂ ਦਾ ਵਿਸ਼ੇਸ਼ ਯੋਗਦਾਨ ਹੈ।

**ਸਾਹਿਤਕ ਰਚਨਾ ਦੁਆਰਾ ਯੋਗਦਾਨ:-** ਨਿਰਮਲੇ ਸੰਤਾਂ ਦੇ ਜੀਵਨ ਦਾ ਲਕਸ਼ ਕੇਵਲ ਪਰਮਾਰਥ ਤਤ੍ਵ ਦੇ ਮਨਨਸ਼ੀਲ ਹੋਣਾ ਅਤੇ ਉਸ ਤਤ੍ਵ ਦਾ ਪ੍ਰਚਾਰ-ਪ੍ਰਸਾਰ ਕਰਨਾ ਹੀ ਹੈ। ਪ੍ਰਚਾਰ ਦੋ ਤਰ੍ਹਾਂ ਨਾਲ ਹੋ ਸਕਦਾ ਹੈ, ਇਕ ਰਸਨਾ ਦੁਆਰਾ ਤੇ ਦੂਸਰਾ ਲੇਖਨੀ ਦੁਆਰਾ।[36] ਰਸਨਾ ਦੁਆਰਾ ਪ੍ਰਚਾਰ ਵੀ ਬਹੁਤ ਮਹਾਨਤਾ ਰੱਖਦਾ ਹੈ, ਜਿਸ ਪ੍ਰਚਾਰ ਦੇ ਵਾਸਤੇ ਸੰਤਾਂ ਨੇ ਮਹਾਨ ਘਾਲਣਾ ਘਾਲੀ ਹੈ। ਉਸ ਦੇ ਨਾਲ-ਨਾਲ ਆਪਣੀ ਲੇਖਨੀ ਦਾ ਵੀ ਕਮਾਲ ਦਿਖਾਇਆ ਹੈ, ਕਿਉਂਕਿ ਕਲਮ ਦੁਆਰਾ ਪ੍ਰਚਾਰ ਵੀ ਇਕ ਜਾਦੂ ਸਿੱਧ ਹੁੰਦਾ ਹੈ। ਕਲਮ ਵਿਚ ਉਹ ਤਾਕਤ ਹੈ ਜੋ ਤੋਪਾਂ, ਹਵਾਈ ਜਹਾਜ਼ਾਂ ਅਤੇ ਰਾਕਟਾਂ ਵਿਚ ਨਹੀਂ। ਲੇਖਨੀ ਇਕ ਮਹਾਂ ਪ੍ਰਬਲ ਰਖਸ਼ਕ ਸ਼ਸਤ੍ਰ ਹੈ, ਮੁਰਦਾ ਰੂਹਾਂ ਅੰਦਰ ਨਵੀਂ ਜ਼ਿੰਦਗੀ ਤੇ ਨਵਾਂ ਜੀਵਨ ਭਰਨ ਦੀ ਯਦੀ ਕੋਈ ਸਮਰਥਾ ਰੱਖਦੀ ਹੈ ਤਾਂ ਉਹ ਕਲਮ ਹੈ। ਜਿਸ ਸੰਪ੍ਰਦਾਯ ਜਾਂ ਸ਼੍ਰੇਣੀ ਅੰਦਰ ਪ੍ਰਚਾਰ ਦਾ ਸਾਧਨ ਸਾਹਿਤ ਨਹੀਂ ਉਹ ਪ੍ਰਚਾਰ ਦੇ ਮੈਦਾਨ ਸਭ ਤੋਂ ਪਿਛੇ ਤੇ ਫ਼ਾਡੀ ਹੈ। ਇਸ ਉਦੇਸ਼ ਨੂੰ ਮੁਡ਼ ਰਖਕੇ ਨਿਰਮਲ ਸੰਤਾਂ ਨੇ ਜਿੰਨਾਂ ਸਾਹਿਤ ਰਚਿਆ ਉਸ ਦੀ ਤੁਲਨਾ ਭਾਰਤ ਵਰਸ਼ ਵਿਚ ਕੋਈ ਵੀ ਸੰਪ੍ਰਦਾਯ ਨਹੀਂ ਕਰ ਸਕਦੀ।

ਜਿਥੇ ਨਿਰਮਲੇ ਵਿਦਵਾਨਾਂ ਨੇ ਵੈਦਿਕ, ਦਾਰਸ਼ਨਿਕ, ਪੁਰਾਣ, ਸਿਮ੍ਰਤੀਆਂ, ਉਪਨਿਸ਼ਦਾਂ ਦਾ ਭਾਸ਼ਾ ਅਨੁਵਾਦ ਕੀਤਾ ਉਥੇ ਗੁਰਮਤਿ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਟੀਕਾਵਾਂ, ਪ੍ਰਯਾਯ, ਗੁਰੂ ਇਤਿਹਾਸ, ਛੰਦ ਸ਼ਾਸਤ੍ਰ, ਕੋਸ਼, ਭਾਈ ਗੁਰਦਾਸ ਜੀ ਦੀ ਬਾਣੀ ਵਿਆਖਿਆ, ਸ੍ਰੀ ਦਸਮ ਗ੍ਰੰਥ ਵਿਆਖਿਆ ਆਦਿਕ ਅਮੋਲਕ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਪੰਥ ਤਥਾ ਭਾਰਤੀਯ ਸੰਸਕ੍ਰਿਤੀ ਨੂੰ ਇਤਿਹਾਸਿਕ, ਦਾਰਸ਼ਨਿਕ, ਸਾਹਿਤਕ ਪੱਖ ਤੋਂ ਪ੍ਰਫੁੱਲਿਤ ਕੀਤਾ, ਉਸ ਰਚਨਾ ਵਿਚੋਂ ਕੁਛ ਵਿਦ੍ਵਾਨ ਮਹਾਂਪੁਰਖਾਂ ਦੇ ਗ੍ਰੰਥਾਂ ਦੀ ਸੂਚੀ ਇਥੇ ਅੰਕਿਤ ਕਰਦੇ ਹਾਂ।

## ਸੰਸਕ੍ਰਿਤ ਗ੍ਰੰਥ ਸੂਚੀ

| ਗ੍ਰੰਥ ਕਰਤਾ ਨਾਮ | ਗ੍ਰੰਥ ਨਾਮ |
|---|---|
| 1. ਪੰ: ਹਰਾ ਸਿੰਘ ਜੀ ਕਾਸ਼ੀ | ੧ ਗੁਰੂ ਸਿਧਾਂਤ ਪ੍ਰਕਾਸ਼ |
| 2. ਪੰ: ਈਸ਼ਵਰ ਸਿੰਘ ਜੀ ਕਾਸ਼ੀ | ੧ ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼ (ਜਿਸ ਵਿਚ ਵਾਹਿਗੁਰੂ ਸ਼ਬਦ ਦੇ ੫੦੦ ਅਰਥ ਹਨ) |
| 3. ਪੰ: ਸਦਾ ਸਿੰਘ ਚੇਤਨ ਮੱਠ ਕਾਸ਼ੀ | ੧ ਅਦ੍ਵੈਤ ਸਿਧੀ ਦੀ ਗੁਮਸਾਰ ਚੰਦ੍ਰਿਕਾ ਟੀਕਾ |
| 4. ਪੰ: ਤਾਰਾ ਸਿੰਘ ਤਰਨਤਾਰਨ | ੧ ਮੁਮੁਖਸ਼ੂ ਬੋਧਨ ਪ੍ਰਕਾਸ਼ |
| 5. ਪੰ: ਕੌਰ ਸਿੰਘ ਜੀ | ੧ ਗੁਰੂ ਕੌਮੁਦੀ |
| 6. ਸ੍ਰੀ ਮਹੰਤ ਪੰ: ਉਧਵ ਸਿੰਘ ਜੀ ਨੈਯਾਯਕ | ੧. ਅਭਾਵ ਰਹਸਯ<br>੨ ਆਸ਼੍ਰਮ ਧਰਮ ਰਹਸਯ |
| 7. ਪੰ: ਨਿਹਾਲ ਸਿੰਘ ਜੀ ਠਾਕੁਰ | ੧ ਖ਼ਾਲਸਾ ਸ਼ਤਕ |
| 8. ਪੰ: ਗੁਰਦਿੱਤ ਸਿੰਘ ਸਾਧੂ | ੧ ਗੁਰੂ ਨਾਨਕਾਸ਼ਟਕ<br>੨ ਗੁਰੂ ਗੋਬਿੰਦ ਸਿੰਘ ਸਿੰਘਾਸ਼ਟਕ<br>੩ ਰਾਮਾਸ਼ਟਕ<br>੪ ਸ੍ਰੀ ਗੁਰੂ ਗਿਰਾ ਰੂਪਾਂਤਰ (ਨੌਵੇਂ ਮਹਲੇ ਦੇ ਸਲੋਕਾਂ ਦਾ ਸੰਸਕ੍ਰਿਤ ਅਨੁਵਾਦ) |
| 9. ਪੰ: ਆਤਮਦੇਵ ਸਿੰਘ ਲਾਹੌਰ | ੧ ਅਭੇਦਾਖੰਡ ਚੰਦ੍ਰਮਾਂ |
| 10. ਬਾਬਾ ਪ੍ਰੇਮ ਸਿੰਘ ਰਿਸ਼ੀਕੇਸ਼ | ੧. ਸ੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰ<br>੨ ਗੁਰੂ ਸਤੋਤ੍ਰ ਤ੍ਰਯ |
| 11. ਪੰ: ਬੁੱਧ ਸਿੰਘ ਜੀ | ੧ ਤਰਕ ਸੰਗ੍ਰਹ ਦੀ ਪਦਕ੍ਰਿਤਯ ਟੀਕਾ |

## ਹਿੰਦੀ ਗ੍ਰੰਥ ਸੂਚੀ

| | |
|---|---|
| 1. ਸੰਤ ਹਰੀ ਸਿੰਘ ਵਿਰੱਕਤ ਰਿਸ਼ੀਕੇਸ਼ | ੧ ਅਦ੍ਵੈਤ ਅਨੁਭਵ ਪ੍ਰਕਾਸ਼ |
| 2. ਸੰਤ ਸੰਪੂਰਣ ਸਿੰਘ ਤਰਨਤਾਰਨ | ੧ ਪ੍ਰਾਣ ਸੰਗਲੀ ਦੀ ਟੀਕਾ |
| 3. ਪੰ: ਦੇਵਾ ਸਿੰਘ ਜੀ | ੧ ਅਧਿਆਤਮ ਅਨੁਭਵ ਪ੍ਰਕਾਸ਼ |
| 4. ਪੰ: ਗੁਰਦਿੱਤ ਸਿੰਘ ਸਾਧੂ | ੧ ਵੇਦਾਂ ਸਿਧਾਂਤ ਮੁਕਤਾਵਲੀ ਦੀ ਟੀਕਾ |
| 5. ਪੰ: ਗੋਬਿੰਦ ਸਿੰਘ ਸਾਧੂ | ੧ ਉਦਯੋਗ ਤਥਾ ਪ੍ਰਾਰਬਧ<br>੨. ਨਯਾਯ ਸਿਧਾਂਤ ਮੁਕਤਾਵਲੀ ਦੀ ਟੀਕਾ<br>੩ ਵੇਦਾਂਤ ਪਰਿਭਾਸ਼ਾ ਦੀ ਟੀਕਾ<br>੪. ਵੈਰਾਗ ਸ਼ਤਕ ਦੀ ਟੀਕਾ<br>੫. ਇਤਿਹਾਸ ਗੁਰੂ ਖ਼ਾਲਸਾ ਆਦਿ |
| 6. ਪੰ: ਦਿਆਲ ਹਰੀ | ੧ ਸਾਰੁਕਤਾਵਲੀ |
| 7. ਪੰ: ਤਾਰਾ ਸਿੰਘ ਨਿਰੋਤਮ | ੧ ਮੋਖਸ਼ ਪੰਥ ਪ੍ਰਕਾਸ਼ ਦੀ ਟੀਕਾ |
| 8. ਨਿਰਮਲ ਸ੍ਵਾਮੀ ਜੀ | ੧ ਜਪੁਜੀ ਸਾਹਿਬ ਸਟੀਕ ਆਦਿ ਕਈ ਗ੍ਰੰਥ |
| 9. ਸ੍ਵਾਮੀ ਅਰਜਨ ਸਿੰਘ ਮੁਨੀ | ੧ ਗੁਰੂ ਗ੍ਰੰਥ ਸਾਹਿਬ ਸਟੀਕ (ਮਾਝ ਰਾਗ ਤੱਕ) |
| 10. ਸ੍ਰੀ ਮਹੰਤ ਪੰ: ਬਲਬੀਰ ਸਿੰਘ ਜੀ ਸ਼ਾਸਤ੍ਰੀ | ੧ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ |
| 11. ਸੰਤ ਮੱਖਣ ਸਿੰਘ ਸ਼ਾਹਪੁਰ | ੧ ਨਾਨਕ ਪ੍ਰਕਾਸ਼ ਹਿੰਦੀ ਅਨੁਵਾਦ |
| 12. ਪੰ: ਹਰਦੇਵ ਸਿੰਘ ਜੀ | ੧ ਸ੍ਰੀ ਨਾਰਾਇਣ ਹਰੀ ਉਪਦੇਸ਼ |

## ਪੰਜਾਬੀ ਗ੍ਰੰਥਾਂ ਦੀ ਸੂਚੀ

| | |
|---|---|
| 1. ਪੰ: ਗੁਲਾਬ ਸਿੰਘ ਜੀ | ੧ ਕਰਮ ਵਿਪਾਕ |
| | ੨ ਭਾਵਰਸਾਮ੍ਰਿਤ |
| | ੩ ਪ੍ਰਬੋਧ ਚੰਦ੍ਰ ਨਾਟਕ |
| | ੪ ਅਧਿਆਤਮ ਰਾਮਾਇਣ |
| 2. ਪੰ: ਤਾਰਾ ਸਿੰਘ ਨਰੋਤਮ | ੧ ਗੁਰੂ ਗਿਰਾਰਥ ਕੋਸ਼ |
| | ੨ ਭਗਤ ਬਾਣੀ ਸਟੀਕ |
| | ੩ ਗੁਰੂ ਗ੍ਰੰਥ ਸਾਹਿਬ ਸਟੀਕ ਸ੍ਰੀ ਰਾਗ ਤੱਕ |
| | ੪ ਗੁਰਮਤਿ ਨਿਰਣਯ ਸਾਗਰ ਆਦਿ ੧੦ ਗ੍ਰੰਥ |
| 3. ਚੂੜਾਮਣੀ ਕਵੀ ਸੰਤੋਖ ਸਿੰਘ | ੧ ਗੁਰ ਪ੍ਰਤਾਪ ਸੂਰਜ ਗ੍ਰੰਥ |
| | ੨ ਟੀਕਾ ਜਪੁਜੀ ਸਾਹਿਬ ਗਰਬਗੰਜਨੀ |
| | ੩ ਆਤਮ ਪੁਰਾਣ ਅਨੁਵਾਦ |
| | ੪ ਬਾਲਮੀਕੀ ਰਾਮਾਇਣ ਅਨੁਵਾਦ |
| 4. ਸੰਤ ਗਿ. ਗਿਆਨ ਸਿੰਘ | ੧ ਸ੍ਰੀ ਗੁਰੂ ਪੰਥ ਪ੍ਰਕਾਸ਼ |
| | ੨ ਤਵਾਰੀਖ਼ ਗੁਰੂ ਖ਼ਾਲਸਾ |
| | ੩ ਨਿਰਮਲ ਪੰਥ ਪ੍ਰਦੀਪਕਾ |
| | ੪. ਸੂਰਜ ਪ੍ਰਕਾਸ਼ ੩ ਭਾਗ |
| | ੫ ਰਿਪੁਦਮਨ ਪ੍ਰਕਾਸ਼ ੫ ਭਾਗ ਆਦਿ ੨੯ ਗ੍ਰੰਥ |
| 5. ਪੰ: ਨਾਨੂ ਸਿੰਘ | ੧ ਗੁਰੂ ਗ੍ਰੰਥ ਸਾਹਿਬ ਸਟੀਕ ਆਦਿਕ ਕਈ ਗ੍ਰੰਥ |
| 6. ਪੰ: ਈਸ਼੍ਵਰ ਸਿੰਘ ਕਾਸ਼ੀ | ੧ ਗੁਰਮਤਿ ਦਿਗ ਵਿਜੈ |
| | ੨ ਬੁੱਧੀ ਵਾਰਧ |
| | ੩ ਵਾਹਿਗੁਰੂ ਮੰਤ੍ਰਾਰਥ (ਪੰਜਾਬੀ,ਹਿੰਦੀ,ਸੰਸਕ੍ਰਿਤ) |
| 7. ਪੰ: ਨਿਹਾਲ ਸਿੰਘ ਥੋਹਾ ਖ਼ਾਲਸਾ | ੧ ਚੱਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ ਜਾਪੁ ਸਾਹਿਬ ਟੀਕਾ |
| 8. ਪੰ: ਨਿਹਾਲ ਸਿੰਘ ਕਵੀਂਦ੍ਰ | ੧ ਕਵੀਂਦ੍ਰ ਪ੍ਰਕਾਸ਼, |
| | ੨ ਭਵਸਾਗਰ ਸੇਤੂ |
| | ੩ ਸ੍ਰੀ ਦੋਹਰਾ ਭੇਦਾਵਲੀ |
| | ੪ ਵੇਦਾਂਗੀ ਬਾਰਹਮਾਹ ਆਦਿ ੧੨ ਗ੍ਰੰਥ |
| 9. ਪੰ: ਨਿਹਾਲ ਸਿੰਘ ਗੋਬਿੰਦ ਮੰਦਿਰ ਲਾਹੌਰ | ੧ ਅਕਾਲ ਨਾਟਕ |
| | ੨ ਸਿੱਖੀ ਪ੍ਰਭਾਕਰ |
| | ੩ ਨਿਰਮਲ ਪ੍ਰਭਾਕਰ |
| | ੪ ਨਿਰਮਲ ਪੰਥ ਪ੍ਰਬੋਧ ਆਦਿ |
| 10. ਪੰ: ਨਿਹਾਲ ਸਿੰਘ ਠਾਕੁਰ | ੧ ਗੁਰੂ ਸਿਧਾਂਤ ਰਵਿ ਪ੍ਰਕਾਸ਼ ਆਦਿ |
| 11. ਪੰ: ਦੇਵਾ ਸਿੰਘ ਨਿਰਮਲੇ ਹਰਿਦ੍ਵਾਰ | ੧ ਜਪੁ ਪ੍ਰਦੀਪ ਜਪੁਜੀ ਸਾਹਿਬ ਸਟੀਕ |
| | ੨ ਸਿਧ ਗੋਸਟਿ ਸਟੀਕ |
| | ੩ ਸੁਮਨ ਵੀਚਾਰ ਆਦਿ ੨੮ ਗ੍ਰੰਥ |
| 12. ਮਹੰਤ ਗਣੇਸ਼ਾ ਸਿੰਘ ਜੀ | ੧ ਅਧਿਆਤਮ ਪ੍ਰਕਾਸ਼ ਸਟੀਕ |

੨ ਪੰਜ ਗ੍ਰੰਥੀ ਸਟੀਕ
੩ ਭਾਰਤ ਮਤ ਦਰਪਣ
੪ ਨਿਰਮਲ ਭੂਸ਼ਣ ਆਦਿ ੨੩ ਗ੍ਰੰਥ

13. ਪੰ: ਸਾਧੂ ਸਿੰਘ ਪਟਿਆਲਾ
੧ ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ
੨ ਸ੍ਰੀ ਮੁਖਵਾਕ ਸਿਧਾਂਤ ਜੋਤੀ ੨ ਭਾਗ
੩ ਗ੍ਰੰਥ ਵ੍ਰਿਤੀ ਦੀਪਿਕਾ
੪ ਪੰਚ ਕੋਸ਼ ਵਿਵੇਕ
੫ ਗੁਰੂ ਸਿਖਿਆ ਪ੍ਰਭਾਕਰ ੩ ਭਾਗ ਆਦਿ ੧੩ ਗ੍ਰੰਥ

14. ਸੰਤ ਸੰਪੂਰਣ ਸਿੰਘ
੧ ਕਬਿੱਤ ਸ੍ਵਯੇ ਭਾਈ ਗੁਰਦਾਸ ਸਿਧਾਂਤ ਬੋਧਨੀ ਟੀਕਾ
੨ ਭਗਤ ਬਾਣੀ ਦੀ ਮਰਮ ਬੋਧਨੀ ਟੀਕਾ
੩ ਗੁਰੂ ਪਦ ਪ੍ਰਬੋਧ ਆਦਿਕ ੨੨ ਗ੍ਰੰਥ

ਸੰਤ ਟਹਿਲ ਸਿੰਘ ਨਿਰਮਲੇ
੧ ਅਸਲੀ ਗੁਰੂ ਪ੍ਰਕਾਸ਼
੨ ਭਰਮ ਬਿਨਾਸ਼ ਤੇ ਗਿਆਨ ਪ੍ਰਕਾਸ਼ ਆਦਿ ੧੪ ਗ੍ਰੰਥ

ਇਸ ਪ੍ਰਕਾਰ ਨਿਰਮਲੇ ਸੰਤਾਂ ਨੇ ਸਾਹਿਤਿਕ ਰਚਨਾ ਦ੍ਵਾਰਾ ਸਿੱਖ ਪੰਥ ਅਤੇ ਸਮਾਜ ਨੂੰ ਵਡਮੁੱਲਾ ਯੋਗਦਾਨ ਦਿੱਤਾ। ਵਰਤਮਾਨ ਵਿਚ ਵਿਦਿਆ ਮੁਕਟ ਮਣੀ ਸ੍ਰੀਮਾਨ ਸ੍ਰੀ ਮਹੰਤ ਪੰਡਿਤ ਸ੍ਵਾਮੀ ਗਿਆਨਦੇਵ ਸਿੰਘ ਜੀ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦ੍ਵਾਰ) ਸ੍ਰੀਮਾਨ ਮਹੰਤ ਬਲਵੰਤ ਸਿੰਘ ਜੀ ਸੈਕਟ੍ਰੀ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦ੍ਵਾਰ), ਸ੍ਰੀਮਾਨ ਮਹੰਤ ਦਰਸ਼ਨ ਸਿੰਘ ਪੰਜਗਰਾਈਂ (ਮੁਖੀਏ ਮਹੰਤ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦ੍ਵਾਰ) ਸ੍ਰੀਮਾਨ ਪੰਡਿਤ ਡਾ: ਰਾਮਪਾਲ ਸਿੰਘ ਜੀ ਪੀ.ਐਚ., ਡੀ. ਲੈਂਟ ਦਿੱਲੀ, ਸ੍ਰੀਮਾਨ ਪੰਡਿਤ ਸ੍ਵਾਮੀ ਸਰਵੇਸ਼੍ਵਰ ਸਿੰਘ ਜੀ ਸ਼ਾਸਤ੍ਰੀ ਹਰਿਦ੍ਵਾਰ, ਸ੍ਰੀਮਾਨ ਪੰਡਿਤ ਪੁਰਸ਼ੋਤਮ ਸਿੰਘ ਜੀ ਸ਼ਾਸਤ੍ਰੀ ਮੋਦੀਨਗਰ (ਯੂ.ਪੀ.), ਸ੍ਰੀਮਾਨ ਪੰਡਿਤ ਸ੍ਵਾਮੀ ਜਗਦੀਸ਼ ਹਰੀ ਜੀ ਵਿਰੱਕਤ ਮੰਸੂਰੀ, ਸ੍ਰੀਮਾਨ ਪੰਡਿਤ ਸ੍ਵਾਮੀ ਸਾਧੂ ਸਿੰਘ ਜੀ ਸ਼ਾਸਤ੍ਰੀ ਚੱਕ ਵਿਹੰਡਲ, ਸ੍ਰੀਮਾਨ ਪੰ. ਸ੍ਵਾਮੀ ਸੱਚਿਦਾਨੰਦ ਹਰੀ ਸਾਕਸ਼ੀ ਹਰਿਦ੍ਵਾਰ, ਸ੍ਰੀਮਾਨ ਪੰ. ਮਹੰਤ ਲਛਮਣ ਸਿੰਘ ਜੀ ਸ਼ਾਸਤ੍ਰੀ ਲਖੀਮਪੁਰ ਯੂ.ਪੀ., ਸ੍ਰੀਮਾਨ ਮਹੰਤ ਰਘੁਬੀਰ ਸਿੰਘ ਜੀ ਸ਼ਾਸਤ੍ਰੀ ਕਾਸ਼ੀ, ਸ੍ਰੀਮਾਨ ਪੰ. ਕਰਤਾਰ ਸਿੰਘ ਜੀ ਕੰਗਸਾਬੂ ਜਲੰਧਰ, ਸ੍ਰੀਮਾਨ ਗਿ. ਬਲਵੰਤ ਸਿੰਘ ਜੀ ਕੋਠਾ ਗੁਰੂ ਜਿਨਾਂ ਨੇ ਗੁਰਮਤਿ ਸਬੰਧੀ ਕਈ ਗ੍ਰੰਥ ਲਿਖ ਕੇ ਸਿੱਖ ਪੰਥ ਦੀ ਝੋਲੀ ਵਿਚ ਪਾਏ ਹਨ, ਸ੍ਰੀਮਾਨ ਮਹੰਤ ਤੇਜਾ ਸਿੰਘ ਜੀ ਐਮ.ਏ. ਗੁਰੂਸਰ ਖੁੱਡਾ, ਗਿ. ਮੁਖਤਿਆਰ ਸਿੰਘ ਜੀ ਸਾਰੰਗ ਰੋਪੜ, ਸ੍ਰੀਮਾਨ ਸੰਤ ਹਰਬੰਸ ਸਿੰਘ ਜੀ ਜੰਡਿਆਲਾ ਜਲੰਧਰ, ਸੰਤ ਹਰਿਕ੍ਰਿਸ਼ਨ ਸਿੰਘ (ਭਗਵਾਨ ਜੀ), ਸ੍ਰੀਮਾਨ ਸ੍ਵਾਮੀ ਸੱਚਦਾਨੰਦ ਹਰੀ ਜੀ ਵਿਰੱਕਤ ਕਾਸ਼ੀ, ਸ੍ਰੀਮਾਨ ਸੰਤ ਜੋਗਿੰਦਰ ਸਿੰਘ ਜੀ ਵਿਰੱਕਤ, ਸ੍ਰੀਮਾਨ ਪੰ: ਜਗਜੀਤ ਸਿੰਘ ਜੀ ਹਰਖੋਵਾਲ, ਸ੍ਰੀਮਾਨ ਸੰਤ ਰਾਮ ਸਿੰਘ ਜੀ ਨਾਨਕਸਰ ਸੀਂਘੜਾ, ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਮਹਿਤਾ ਚੌਂਕ, ਸ੍ਰੀਮਾਨ ਮਹੰਤ ਰਾਮ ਸਿੰਘ ਜੀ ਰਿਸ਼ੀਕੇਸ਼, ਸ੍ਰੀ ਮਾਨ ਸੰਤ ਪਾਲ ਸਿੰਘ ਜੀ ਲੋਹੀਆਂ ਕੁਛ ਨਵਯੁਵਕ ਵਿਦ੍ਵਾਨ ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ ਕਾਸ਼ੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ ਕਾਸ਼ੀ, ਸੰਤ ਕਮਲਜੀਤ ਸਿੰਘ ਸ਼ਾਸਤ੍ਰੀ ਕਾਸ਼ੀ, ਸੰਤ ਜੈਲ ਸਿੰਘ ਸ਼ਾਸਤ੍ਰੀ ਅੰਮ੍ਰਿਤਸਰ, ਸੰਤ ਗਗਨਦੀਪ ਸਿੰਘ ਕਾਸ਼ੀ, ਸੰਤ ਸਤਜਪ੍ਰੀਤ ਹਰੀ ਅੰਮ੍ਰਿਤਸਰ ਇਤਿਆਦਿਕ ਅਨੇਕਾਂ ਮਹਾਂਪੁਰਖ ਲੇਖਨੀ ਅਤੇ ਪ੍ਰਚਾਰ ਦ੍ਵਾਰਾ ਸਮਾਜਿਕ ਅਤੇ ਧਾਰਮਿਕ ਸੇਵਾ ਵਿਚ ਯੋਗਦਾਨ ਪਾ ਰਹੇ ਹਨ।

## ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਰੰਮਤ ਦੁਆਰਾ ਯੋਗਦਾਨ:-

ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਪੂਰੇ ਨਿਰਮਲ ਭੇਖ ਦਾ ਮੁਖ ਸਥਾਨ ਹੈ ਜੋ ਕਿ ਖਟ ਦਰਸ਼ਨ ਸਾਧੂ ਸਮਾਜ ਦੇ ੧੩ ਅਖਾੜਿਆਂ ਵਿਚੋਂ ਇਕ ਹੈ ਜਿਸ ਦੀ ਸਥਾਪਨਾ ਭਾਦੋਂ ਸੁਦੀ ਦੁਆਦਸ਼ੀ ਸੰਮਤ ੧੯੧੮ ਮੁਤਾਬਿਕ ਸੰਨ ੧੮੬੨ ਈ: ਨੂੰ ਧਰਮ ਧੁਜਾ ਪਟਿਆਲਾ ਵਿਖੇ ਹੋਈ ਜਿਸ ਦੇ ਪ੍ਰਥਮ ਸ੍ਰੀ ਮਹੰਤ ਪਰਮ ਵੀਤ ਰਾਗ ਬ੍ਰਹਮ ਸ਼੍ਰੋਤ੍ਰੀ ਬ੍ਰਹਮ ਨੇਸ਼ਠੀ ਸੰਤ ਬਾਬਾ ਮਹਿਤਾਬ ਸਿੰਘ ਜੀ ਮਹਾਰਾਜ ਨੂੰ ਨੀਯਤ ਕੀਤਾ ਪੰਚਾਇਤੀ ਅਖਾੜਾ ਨਿਰਮਲਾ ਦਾ ਮੁਖ ਉਦੇਸ਼ ਕੁੰਭ ਪਰਵਾਂ ਅਤੇ ਪ੍ਰਮੁੱਖ ਤੀਰਥਾਂ ਦੇ ਵਿਸ਼ੇਸ਼ ਪਰਵਾਂ ਤੇ ਜਾ ਕਰਕੇ ਆਪਣਾ ਕੈਂਪ ਲਗਾਉਣਾ, ਤਥਾ ਆਏ ਹੋਏ ਸਮੂਹ ਮਹਾਂਪੁਰਖਾਂ ਤੇ ਸਾਧਸੰਗਤ ਦੇ ਰਹਿਣ-ਸਹਿਣ, ਭੋਜਨ-ਪਾਣੀ ਦਾ ਸਾਰਾ ਪ੍ਰਬੰਧ ਕਰਨਾ ਅਤੇ ਦੇਸ਼-ਦੇਸ਼ਾਂਤਰਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ ਸੀ ਇਸ ਉਦੇਸ਼ ਦੀ ਪੂਰਤੀ ਵਾਸਤੇ ਅਖਾੜੇ ਦੇ ਪ੍ਰਮੁੱਖ ਮਹਾਂਪੁਰਖਾਂ ਨੇ ਵਿਚਾਰ ਵਿਮਰਸ਼ ਕਰਕੇ ਰੰਮਤ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਅਰਥਾਤ ਨਿਰਮਲ ਭੇਖ ਦੇ ਸੰਤਾਂ ਦੀ ਚਲਦੀ-ਫਿਰਦੀ ਜਮਾਤ ਕਾਇਮ ਕੀਤੀ ਜਿਸ ਵਿਚ ਹਰ ਸਮੇਂ ੪੦-੫੦ ਸਾਧੂ ਮਹਾਤਮਾ ਰਹਿੰਦੇ ਸਨ ਜਿਨਾਂ ਵਿਚ ਚਾਰ ਮੁਖੀਏ ਮਹੰਤ, ਇਕ ਪੁਜਾਰੀ, ਇਕ ਗ੍ਰੰਥੀ, ਇਕ ਗਿਆਨੀ, ਇਕ ਕੋਠਾਰੀ, ਦੋ ਕਾਰਬਾਰੀ, ਇਕ ਭੰਡਾਰੀ ਅਤੇ ਇਕ ਰਾਗੀ ਜਥਾ ਹੁੰਦਾ ਸੀ।

ਜਿਸ ਦਾ ਉਦੇਸ਼ ਤੀਰਥ, ਦਾਨ, ਸੰਤ ਮਹਿਮਾ ਅਤੇ ਕੁੰਭਾਂ ਦੀ ਮਹਾਨਤਾ ਦੱਸਣ ਤੋਂ ਇਲਾਵਾ ਗੁਰਮਤਿ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਸੀ। ਇਸ ਰੰਮਤ ਦਾ ਇਹ ਨਿਯਮ ਸੀ ਕਿ ਜਿਸ ਨਗਰ ਵਿਚੋਂ ਵਿਦਾਇਗੀ ਮਿਲ ਜਾਏ ਦੁਬਾਰਾ ਉਸ ਨਗਰ ਵਿਚ ਕਿਸੇ ਖ਼ਾਸ ਨਿਮੰਤ੍ਰਣ ਤੋਂ ਬਿਨਾਂ ੧੨ ਸਾਲ ਤੋਂ ਪਹਿਲਾਂ ਪ੍ਰਵੇਸ਼ ਨਹੀਂ ਕਰਨਾ, ਇਸ ਦਾ ਤਾਤਪਰਜ ਇਹ ਸੀ ਕਿ ਦੇਸ਼ ਦੇ ਹਰ ਕੋਨੇ-ਕੋਨੇ ਵਿਚ ਧਰਮ ਪ੍ਰਚਾਰ ਕੀਤਾ ਜਾਵੇ। ਇਹ ਰੰਮਤ ਅਖਾੜਾ ਜਿਸ ਸਥਾਨ ਤੇ ਵੀ ਠਹਿਰਦਾ ਉਥੇ ਚੰਦੋਆ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ, ਕਥਾ, ਸੰਧਿਆ ਸਮੇਂ ਰਹਿਰਾਸ ਸਾਹਿਬ ਦਾ ਪਾਠ, ਆਰਤੀ, ਕਥਾ-ਕੀਰਤਨ, ਅਰਦਾਸ ਇਹ ਸੁਬ੍ਹਾ-ਸ਼ਾਮ ਦਾ ਪ੍ਰੋਗ੍ਰਾਮ ਹੁੰਦਾ ਸੀ। ਇਹ ਰੰਮਤ ਅਖਾੜਾ ਪ੍ਰਚਾਰਕ ਦੇ ਰੂਪ ਵਿਚ ਰਾਤ-ਦਿਨ ਯਾਤ੍ਰਾ ਵਿਚ ਹੀ ਬਤੀਤ ਕਰਦਾ ਜਿਥੇ ਚਮਾਸਾ ਆ ਜਾਵੇ (ਵਰਖਾ ਦੇ ਦਿਨਾਂ ਵਿਚ) ਕਿਸੇ ਪ੍ਰਸਿੱਧ ਸਥਾਨ ਤੇ ਪ੍ਰਚਾਰ ਦਾ ਵਿਸ਼ੇਸ਼ ਕੈਂਪ ਲਗਾਉਂਦਾ, ਉਸ ਵਿਚ ਵਿਸ਼ੇਸ਼ ਰੂਪ ਤੇ ਪ੍ਰਚਾਰ ਕਰਨ ਵਾਸਤੇ ਵੱਡੇ-ਵੱਡੇ ਵਿਦ੍ਵਾਨ ਗੁਣੀ ਗਿਆਨੀ, ਰਾਗੀ ਜਥੇ ਬੁਲਾਏ ਜਾਂਦੇ ਜੋ ਦੋਨੋਂ ਸਮੇਂ ਜਨਤਾ-ਜਨਾਰਦਨ ਨੂੰ ਗੁਰਮਤਿ ਦੇ ਧਾਰਣੀ ਬਣਾਉਂਦੇ, ਇਸ ਪ੍ਰਕਾਰ ਵਿਚਰਨ ਕਰਦੇ ਹੋਏ ਇਸ ਰੰਮਤ ਅਖਾੜੇ ਨੇ ਪੰਜਾਬ, ਜੰਮੂ-ਕਸ਼ਮੀਰ, ਗੁਜਰਾਤ, ਸ੍ਰੀ ਹਜ਼ੂਰ ਸਾਹਿਬ ਮਹਾਂਰਾਸ਼ਟ੍ਰ, ਜਗਨਨਾਥ ਪੁਰੀ ਉੜੀਸਾ, ਕਲਕੱਤਾ, ਬੰਗਾਲ, ਬਿਹਾਰ, ਯੂ.ਪੀ. ਆਦਿਕ ਭਾਰਤ ਦੇ ਹਰ ਪ੍ਰਾਂਤ ਵਿਚ ਪਹੁੰਚ ਕਰਕੇ ਗੁਰਮਤਿ ਸਿਧਾਂਤ ਦਾ ਪ੍ਰਚਾਰ ਕੀਤਾ।

ਵਰਤਮਾਨ ਵਿਚ ਸ੍ਰੀ ਪੰਚਾਇਤੀ ਅਖਾੜਾ ਨਿਰਮਲ ਦਾ ਮੁਖ ਕੇਂਦਰ ਕਨਖਲ ਹਰਿਦ੍ਵਾਰ ਵਿਚ ਹੈ ਜਿਸ ਦੀਆਂ ਬ੍ਰਾਂਚਾਂ ਪੂਰੇ ਭਾਰਤ ਵਿਚ ਮੌਜੂਦ ਹਨ। ਜੋ ਕੁਰੂਕਸ਼ੇਤ੍ਰ ਆਦਿ ਤੀਰਥਾਂ ਦੇ ਵਿਸ਼ੇਸ਼ ਪਰਵਾਂ ਸਮੇਂ ਤਥਾ ਹਰਿਦ੍ਵਾਰ, ਪ੍ਰਯਾਗਰਾਜ, ਉਜੈਨ, ਨਾਸਿਕ, ਤ੍ਰਿੰਬਕੇਸ਼੍ਵਰ ਦੇ ਕੁੰਭ ਮੇਲਿਆਂ ਤੇ ਜਾ ਕਰਕੇ ਬਹੁਤ ਵੱਡੇ ਪੱਧਰ ਤੇ ਕੈਂਪ ਲਗਾਉਂਦਾ ਹੈ ਔਰ ਉਥੇ ਆਪਣੇ-ਆਪਣੇ ਕੈਂਪ ਵਿਚ ਪ੍ਰਵੇਸ਼ ਕਰਨ ਵਾਸਤੇ ਜਿਸ ਤਰ੍ਹਾਂ ਖਟ ਦਰਸ਼ਨ ਸਾਧੂ ਸਮਾਜ ਦੇ ਅਖਾੜੇ ਆਪਣੀ-ਆਪਣੀ ਪ੍ਰਵੇਸ਼ ਸ਼ਾਹੀ (ਸ਼ੋਭਾ ਯਾਤ੍ਰਾ) ਦੁਆਰਾ ਪ੍ਰਵੇਸ਼ ਕਰਦੇ ਹਨ, ਉਸੇ ਤਰ੍ਹਾਂ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਵੀ ਬਹੁਤ ਬੜੀ ਆਨ-ਸ਼ਾਨ ਤੇ ਮਾਨ-ਸਤਿਕਾਰ ਨਾਲ ਆਪਣੀ ਪ੍ਰਵੇਸ਼ ਸ਼ਾਹੀ ਲੈ ਕੇ ਆਪਣੇ ਕੈਂਪ ਵਿਚ ਪ੍ਰਵੇਸ਼ ਕਰਦਾ ਹੈ ਪਰੰਤੂ ਇਸ ਵਿਚ ਇਹ ਵਿਸ਼ੇਸ਼ਤਾ ਹੈ ਇਸ ਦੀ ਸ਼ਾਹੀ ਵਿਚ ਸਭ ਤੋਂ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਇਕ ਬਹੁਤ ਸੁੰਦਰ ਸੋਨੇ ਦੀ ਪਾਲਕੀ ਵਿਚ ਹੁੰਦੀ ਹੈ ਜਿਸ ਦੇ ਅੱਗੇ ਪੰਜ ਪਿਆਰੇ ਅਤੇ ਨਾਲ ਗਤਕਾ ਪਾਰਟੀ ਤਥਾ ਕਈ ਵਿਸ਼ੇਸ਼ ਬੈਂਡ ਵਾਜੇ ਹੁੰਦੇ ਹਨ, ਨਿਰਮਲ

ਅਖਾੜੇ ਦੇ ਕੈਂਪ ਵਿਚ ਬਿਨਾਂ ਕਿਸ਼ੇ ਭੇਦ-ਭਾਵ ਦੇ ਹਰ ਇਕ ਪ੍ਰਾਣੀ ਮਾਤ੍ਰ ਨੂੰ ਲੰਗਰ ਪ੍ਰਸ਼ਾਦ ਅਤੇ ਰਹਿਣ ਵਾਸਤੇ ਜਗ੍ਹਾ ਦਿੱਤੀ ਜਾਂਦੀ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇ ਘਰ ਦਾ ਸਿਧਾਂਤ ਹੈ।

**ਸ਼ਾਸਤ੍ਰਾਰਥਾਂ ਦੁਆਰਾ ਯੋਗਦਾਨ:-**

ਪੜ੍ਹਨ ਪੜ੍ਹਾਉਣ ਤੋਂ ਇਲਾਵਾ ਵਯਾਖਯਾਨ ਤੇ ਸ਼ਾਸ਼ਤ੍ਰਾਰਥ ਆਦਿ ਕੁਛ ਐਸੇ ਗੁਣ ਹਨ ਜਿਨ੍ਹਾਂ ਦੁਆਰਾ ਵਿਦਵਤ ਜਨ ਸਰੋਤਿਆਂ ਨੂੰ ਆਕਰਸ਼ਿਤ ਕਰਦੇ ਹੋਏ ਆਪਣਾ ਪ੍ਰਭਾਵ ਪਾਉਂਦੇ ਹਨ। ਨਿਰਮਲੇ ਮਹਾਂਪੁਰਖਾਂ ਨੇ ਭਾਸ਼ਣ ਕਲਾ ਅਤੇ ਸ਼ਾਸ਼ਤ੍ਰਾਥ ਦੁਆਰਾ ਵੀ ਮੁਖ-ਮੁਖ ਤੀਰਥ ਸਥਾਨਾਂ ਤੇ ਜਾ ਕੇ ਵੱਡੀਆਂ-ਵੱਡੀਆਂ ਸਭਾ ਅਤੇ ਨਗਰਾਂ ਦੇ ਇਕੱਠਾਂ ਵਿਚ ਮਹਤੀ ਸ਼ੋਭਾ ਪ੍ਰਾਪਤ ਕੀਤੀ ਹੈ। ਜ਼ਿਲ੍ਹਾ ਨਾਸਿਕ (ਮਹਾਂਰਾਸ਼ਟਰ) ਵਿਚ ਤ੍ਰਿੰਬਕੇਸ਼੍ਵਰ ਨਾਮਕ ਇਕ ਮਹਾਨ ਤੀਰਥ ਹੈ ਜੋ ਬਾਰਾਂ ਜਯੋਤਿਰ ਲਿੰਗਾਂ ਵਿਚੋਂ ਇਕ ਪ੍ਰਸਿੱਧ ਜਯੋਤਿਰ ਲਿੰਗ ਹੈ, ਇਥੇ ਹੀ ਕੁਸ਼ਾਵਰਤ ਨਾਮਕ ਪਵਿਤ੍ਰ ਕੁੰਡ ਹੈ। ਇਸ ਸਥਾਨ ਤੇ ਬਾਰਾਂ ਵਰਸ਼ ਬਾਅਦ ਕੁੰਭ ਮੇਲਾ ਲਗਦਾ ਹੈ। ਇਸ ਕੁੰਭ ਮੇਲੇ ਦੇ ਪਰਵਕਾਲ ਵਿਚ ਇਕ ਵਾਰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਸਮੂਹ ਵਿਰਕਤ ਮੰਡਲੀਆਂ ਦੇ ਸਹਿਤ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਕੁੰਭ ਸ਼ਨਾਨ ਵਾਸਤੇ ਪਹੁੰਚਿਆ ਤਾਂ ਉਸ ਸਮੇਂ ਕੁਛ ਅਨਯ ਮਤਾਵਲੰਬੀਆਂ ਦੀ ਪ੍ਰੇਰਨਾ ਦੁਆਰਾ ਪੁਜਾਰੀ ਬ੍ਰਾਹਮਣਾਂ ਨੇ ਕੁਸ਼ਾਵਰਤਕੁੰਡ ਵਿਚ ਸ਼ਨਾਨ ਅਤੇ ਪੂਜਾ ਕਰਨ ਦਾ ਵਿਰੋਧ ਕੀਤਾ ਤੇ ਕਿਹਾ ਕਿ ਗੁਰੂ ਨਾਨਕ ਦੇਵ ਮਤਾਵਲੰਬੀ ਨਿਰਮਲੇ ਸੰਤ ਜਾਤੀ-ਪਾਤੀ ਨੂੰ ਮਹੱਤਵ ਨਹੀਂ ਦਿੰਦੇ, ਇਸ ਕਾਰਣ ਕੁੰਡ ਸ਼ਨਾਨ ਔਰ ਮੰਦਿਰ ਪੂਜਾ ਨਹੀਂ ਕਰ ਸਕਦੇ, ਕਿਉਂਕਿ ਤ੍ਰਿੰਬਕੇਸ਼੍ਵਰ ਮੰਦਿਰ ਦਾ ਇਹ ਵਿਧਾਨ ਹੈ ਕਿ ਜਿਸਨੇ ਮੰਦਿਰ ਵਿਚ ਦਰਸ਼ਨ ਪੂਜਨ ਕਰਨਾ ਹੋਵੇ ਉਹ ਵਿਅਕਤੀ ਬਿਨਾਂ ਸਿਲਾ ਵਸਤ੍ਰ ਪਹਿਨੇ ਔਰ ਨਗਨ ਸਿਰ ਦਰਸ਼ਨ ਕਰੇ, ਪਰੰਤੂ ਨਿਰਮਲੇ ਸੰਤ ਦਸਤਾਰ ਧਾਰੀ ਅਤੇ ਕੁਛ ਸਿਲੇ ਵਸਤ੍ਰ ਧਾਰਨ ਕਰਦੇ ਹਨ। ਇਸ ਕਰਕੇ ਕੁਸ਼ਾਵਰਤ ਵਿਚ ਸ਼ਨਾਨ ਤੇ ਮੰਦਿਰ ਪੂਜਾ ਨਹੀਂ ਕਰ ਸਕਦੇ। ਇਹਨਾਂ ਦੋਨਾਂ ਪ੍ਰਸ਼ਨਾਂ ਨੂੰ ਲੈ ਕਰਕੇ ਸ਼ਾਸ਼ਤ੍ਰਾਰਥ ਸ਼ੁਰੂ ਹੋਇਆ। ਉਸ ਸਮੇਂ ੪੦-੫੦ ਨਿਰਮਲੇ ਵਿਦ੍ਵਾਨ ਸੰਤ ਮੌਜੂਦ ਸਨ, ਇਹਨਾਂ ਨੇ ਦੂਸਰੇ ਪੱਖ ਵਾਲਿਆਂ ਨੂੰ ਚੈਲੰਜ ਕੀਤਾ ਕਿ ਇਹਨਾਂ ਵਿਚੋਂ ਜਿਸ ਨਾਲ ਵੀ ਇੱਛਾ ਹੋਵੇ ਸ਼ਾਸਤ੍ਰਾਰਥ ਕਰ ਸਕਦੇ ਹੋ। ਐਸਾ ਗੰਭੀਰਤਾ ਪੂਰਣ ਵਚਨ ਸੁਣ ਕੇ ਪੰਡਿਤਾਂ ਨੇ ਇਕ ਸਿੱਧੇ ਸਾਦੇ ਗੇਰੂਆ ਵਸਤ੍ਰ ਧਾਰੀ ਬ੍ਰਿਧ ਮਹਾਤਮਾ ਦੀ ਤਰਫ਼ ਇਸ਼ਾਰਾ ਕਰ ਦਿੱਤਾ ਕਿ ਇਹ ਹੀ ਸ਼ਾਸਤ੍ਰਾਰਥ ਕਰਨ, ਪਰੰਤੂ ਇਹ ਸਨ ਦਿਬਯ ਮੂਰਤੀ ਅਖਿਲ ਸ਼ਾਸਤ੍ਰ ਗਿਆਤਾ ਪਰਮ ਵਿਰੱਕਤ ਸ੍ਰੀਮਾਨ ਪੰਡਿਤ "ਦੀਵਾਨ ਸਿੰਘ ਜੀ" ਠੀਕਰੀਵਾਲੇ ਜਿਹਨਾਂ ਨੇ ਸੰਸਕ੍ਰਿਤ ਭਾਸ਼ਾ ਵਿਚ ਬੋਲਦਿਆਂ ਹੋਇਆਂ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਪੁਰਾਣਾਂ, ਸਿਮ੍ਰਿਤੀਆਂ, ਗੀਤਾ, ਮਹਾਂਭਾਰਤ ਅਤੇ ਗੁਰਬਾਣੀ ਆਦਿਕ ਪ੍ਰਮਾਣ ਅਤੇ ਦ੍ਰਿਸ਼ਟਾਂਤ ਦੇ ਕਰਕੇ ਸਭ ਤੋਂ ਪ੍ਰਥਮ ਜਾਤੀ ਵਾਦ ਦੀਆਂ ਧੱਜੀਆਂ ਉਡਾਈਆਂ ਤੇ ਸਿੱਧ ਕਰ ਦਿੱਤਾ ਕਿ ਪ੍ਰਾਣੀ ਮਾਤ੍ਰ ਨੂੰ ਪਰਵ ਸ਼ਨਾਨ ਕਰਨ ਦਾ ਅਧਿਕਾਰ ਹੈ ਅਤੇ ਮੰਦਿਰ ਵਿਚ ਦਸਤਾਰ ਤੇ ਸਿਲੇ ਵਸਤ੍ਰ ਦਾ ਜੋ ਪ੍ਰਤਿਬੰਧ ਸੀ ਉਸ ਦਾ ਖੋਖਲਾਪਣ ਸਿੱਧ ਕੀਤਾ। ਇਸ ਸ਼ਾਸ਼ਤ੍ਰਾਰਥ ਦਾ ਇਤਨਾ ਪ੍ਰਭਾਵ ਵਿਆ ਕਿ ਉਸ ਸਮੇਂ ਦੇ ਮੌਜੂਦਾ ਰਾਜੇ-ਮਹਾਰਾਜਿਆਂ ਨੇ ਵਿਧੀਵਤ ਲਿਖਤ ਦਿੱਤੀ ਕਿ ਅੱਜ ਤੋਂ ਬਾਅਦ ਨਿਰਮਲੇ ਸੰਤ ਇਸ ਪ੍ਰਤੀਬੰਧ ਤੋਂ ਬਹਿਰਭੂਤ ਹਨ। ਉਸ ਦਿਨ ਤੋਂ ਅੱਜ ਤੱਕ ਨਿਰਮਲੇ ਸੰਤ ਕੁੰਭ ਮੇਲੇ ਸਮੇਂ ਪਗੜੀ ਅਤੇ ਸਿਲੇ ਵਸਤ੍ਰਾਂ ਸਹਿਤ ਦਰਸ਼ਨ ਪੂਜਨ ਕਰਦੇ ਹਨ।

ਐਸੇ ਸ਼ਾਸਤ੍ਰਾਰਥੀ ਨਿਰਮਲੇ ਵਿਦ੍ਵਾਨਾਂ ਵਿਚੋਂ ਸ੍ਰੀਮਾਨ ਪੰਡਿਤ ਈਸ਼ਵਰ ਸਿੰਘ ਜੀ ਕਾਸ਼ੀ ਵਾਲੇ ਨਿਵੇਕਲਾ ਸਥਾਨ ਰੱਖਦੇ ਹਨ। ਜਿਨਾਂ ਨੇ ਆਪਣੀ ਵਿਦਵਤਾ ਦਾ ਪਰਿਚਯ ਸ੍ਵਯੰ ਹੀ ਸ੍ਵਾਰਵਿਚਤ "ਸ੍ਵਸ੍ਵਪਨ ਨਾਟਕ" ਗ੍ਰੰਥ ਵਿਚ ਦਿੱਤਾ ਹੈ। ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ੈਲੀ, ਮੇਧਾ ਸ਼ਕਤੀ ਅਪੂਰਵ ਸੀ। "बुद्धिस्तात्कालिकीज्ञेया"[37] ਖਟ ਦਰਸ਼ਨ ਸਾਧੂ ਸਮਾਜ ਦੇ ਵਿਦ੍ਵਾਨ ਪੰਡਿਤ ਆਪ ਜੀ ਨੂੰ ਸ਼ਾਸਤ੍ਰਾਰਥ ਵਿਚ ਬੈਠਿਆਂ ਹੋਇਆਂ ਦੇਖ ਕਰਕੇ ਭੈਭੀਤ ਹੋ ਜਾਂਦੇ ਹਨ। ਆਪ ਜੀ ਨੇ ਕਾਸ਼ੀ ਤ੍ਰਿਬੰਕੇਸ਼੍ਵਰ, ਨਾਸਿਕ ਆਦਿ ਪ੍ਰਮੁੱਖ ਤੀਰਥ ਸਥਾਨਾਂ ਤੇ ਵੱਡੀਆਂ ਵੱਡੀਆਂ ਸਭਾਵਾਂ ਵਿਚ

ਅਤੇ ਦਰਭੰਗਾ, ਡੁਮਰਾ, ਨਾਭਾ, ਪਟਿਆਲਾ, ਜੀਂਦ ਆਦਿਕ ਕਈ ਰਿਆਸਤਾਂ ਵਿਚ ਸ਼ਾਸਤ੍ਰਾਰਥ ਕਰਕੇ ਵਿਜੇ ਪ੍ਰਾਪਤ ਕੀਤੀ ਇਸੇ ਕਰਕੇ ਆਪ ਜੀ ਦਾ ਇਕ "ਦਿਗਵਿਜਜ" ਨਾਮਕ ਗ੍ਰੰਥ ਵੀ ਹੈ। ਪੂਰਵ ਭਾਰਤ ਦੀਆਂ ਰਿਆਸਤਾਂ ਵਿਚ ਜੋ ਵਾਹਿਗੁਰੂ ਸ਼ਬਦ ਦੇ ਅਰਥ ਤੇ ਸ਼ਾਸਤ੍ਰਾਰਥ ਹੋਏ, ਉਹਨਾਂ ਦੇ ਨਿਚੋੜ ਤੋਂ ਹੀ "ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼" ਨਾਮਕ ਗ੍ਰੰਥ ਲਿਪੀਬਧ ਕੀਤਾ ਗਿਆ ਜਿਸ ਵਿਚ ਵਾਹਿਗੁਰੂ ਮੰਤ੍ਰ ਦੇ ੫੦੦ ਅਰਥ ਸਿੱਧ ਕੀਤੇ ਹਨ। ਇਸ ਪ੍ਰਕਾਰ ਇਹਨਾਂ ਨੇ ੫੬ ਸ਼ਾਸਤ੍ਰਾਰਥ ਕੀਤੇ ਜਿਨ੍ਹਾਂ ਦਾ ਵੇਰਵਾ ਆਪ ਜੀ ਨੇ ਸ੍ਵਰਚਿਤ "ਸ੍ਵ ਸ੍ਵਪਨ ਨਾਟਕ" ਗ੍ਰੰਥ ਵਿਚ ਦਿੱਤਾ ਹੈ।

ਪੰਡਿਤ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਵਾਲਿਆਂ ਦਾ ਸ੍ਵਾਮੀ ਦਯਾਨੰਦ ਆਰਜਸਮਾਜੀ ਦੇ ਨਾਲ ਖ਼ਾਲਸਾ ਸ਼ਬਦ ਦੇ ਅਰਥ ਨੂੰ ਲੈ ਕਰਕੇ ਅੰਮ੍ਰਿਤਸਰ ਵਿਚ ਹੋਇਆ ਸ਼ਾਸ਼ਤ੍ਰਾਰਥ ਪ੍ਰਸਿੱਧ ਹੈ, ਜਿਸ ਦਾ ਉਤਰ ਉਹਨਾਂ ਨੇ "ਖ਼ਾਲਸਾ ਸ਼ਤਕ" ਨਾਮਕ ਸੰਸਕ੍ਰਿਤ ਭਾਸ਼ਾ ਦਾ ਗ੍ਰੰਥ ਇਕ ਰਾਤ ਵਿਚ ਰਚਨਾ ਕਰਕੇ ਦਿੱਤਾ। ਨਿਰਮਲੇ ਭੇਖ ਦੇ ਮੂਰਧਨਜ ਵਿਦ੍ਵਾਨ ਸੰਤ ਗਿ: ਗਿਆਨ ਸਿੰਘ ਜੀ ਦਾ ਮੋਰਧ੍ਵਜ ਸ਼ਹਿਰ ਦੇ ਰਾਜੇ "ਸੈਨਪਾਲ" ਨਾਲ ਤਦਬੀਰ ਤਥਾ ਤਕਬੀਰ ਸ਼ਬਦ ਤੇ ਕਈ ਦਿਨ ਸ਼ਾਸ਼ਤ੍ਰਾਰਥ ਚੱਲਿਆ, ਅੰਤਤੋਗਤ੍ਵਾ ਵਿਜਯ ਗਿਆਨੀ ਜੀ ਨੂੰ ਹਾਸਿਲ ਹੋਈ। ਇਸ ਤੋਂ ਇਲਾਵਾ ਆਗਰੇ ਆਦਿਕ ਸ਼ਹਿਰਾਂ ਵਿਚ ਕਈ ਸ਼ਾਸ਼ਤ੍ਰਾਰਥ ਗਿਆਨੀ ਜੀ ਦੇ ਪ੍ਰਸਿੱਧ ਹਨ। ਇਸ ਪ੍ਰਕਾਰ ਪੰ: ਮਹੇਸ਼ਰਾ ਸਿੰਘ ਜੀ ਆਦਿਕ ਕਈ ਨਿਰਮਲੇ ਸੰਤ ਸ਼ਾਸ਼ਤ੍ਰਾਰਥ ਕਰਨ ਵਿਚ ਅਤੀ ਪ੍ਰਵੀਨ ਸਨ, ਜਿਨਾਂ ਨੇ ਪੂਰੇ ਭਾਰਤ ਵਰਸ਼ ਵਿਚ ਆਪਣੀ ਵਿਦਵੱਤਾ ਦੇ ਪ੍ਰਭਾਵ ਦ੍ਵਾਰਾ ਗੁਰਮਤਿ ਦੀ ਸਿਧਾਂਤ ਰੂਪੀ ਸੁਗੰਧੀ ਨੂੰ ਫੈਲਾਇਆ।

ਗੁਰੂਧਾਮਾਂ ਦੀ ਸੇਵਾ ਤਥਾ ਲੰਗਰਾਂ ਦ੍ਵਾਰਾ ਯੋਗਦਾਨ:-

ਇਤਿਹਾਸਿਕ ਗੁਰੂਧਾਮਾਂ ਦੇ ਪਾਠ ਪੂਜਾ ਤਥਾ ਨਵ ਨਿਰਮਾਣ ਦੀ ਸੇਵਾ ਵਿਚ ਨਿਰਮਲੇ ਮਹਾਂਪੁਰਖਾਂ ਦਾ ਬਹੁਤ ਵਡਮੁੱਲਾ ਯੋਗਦਾਨ ਹੈ, ਜਿਸ ਸਮੇਂ ਮੁਸਲਿਮ ਹਾਕਮ ਜ਼ਕਰੀਆ ਖਾਨ ਜੈਸੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਉਂਦੇ ਸਨ ਜਿਸ ਸਮੇਂ ਖ਼ਾਲਸਾ ਜੰਗਲਾਂ ਅਤੇ ਪਹਾੜਾਂ ਵਿਚ ਰਹਿ ਕਰਕੇ ਜ਼ਾਲਮਾਂ ਨੂੰ ਸੋਧਣ ਵਾਸਤੇ ਤਥਾ ਧਰਮ ਦੀ ਰੱਖਿਆ ਵਿਚ ਲੱਗਿਆ ਹੋਇਆ ਸੀ, ਉਸ ਸਮੇਂ ਗੁਰੂ ਸਥਾਨਾਂ ਦੇ ਵਿਚ ਧੂਪ, ਦੀਪ, ਪੂਜਾ-ਪਾਠ ਆਦਿ ਸਾਰੀ ਸੇਵਾ ਸੰਭਾਲ ਉਦਾਸੀ ਅਤੇ ਨਿਰਮਲੇ ਮਹਾਂਪੁਰਖ ਕਰਿਆ ਕਰਦੇ ਸਨ। ਇਸ ਤਰ੍ਹਾਂ ਸ੍ਰੀ ਅਬਿਚਲ ਨਗਰ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਤ ਗੁਲਾਬ ਸਿੰਘ ਜੀ ਨਿਰਮਲੇ, ਨਿਰਮਲ ਬੁੰਗਾ ਹਜ਼ੂਰ ਸਾਹਿਬ ਵਾਲੇ, ਸੰਤ ਹੀਰਾ ਸਿੰਘ ਜੀ, ਸੰਤ ਬਹਾਦਰ ਸਿੰਘ ਜੀ, ਸੰਤ ਜੋਗਿੰਦਰ ਸਿੰਘ ਜੀ ਮੋਨੀ ਆਦਿਕ ਮਹਾਂਪੁਰਖਾਂ ਨੇ ਸਚਖੰਡ ਦੇ ਹੈੱਡ ਪੁਜਾਰੀ ਦੀ ਸੇਵਾ ਨਿਭਾਈ। ਸੰਤ ਬਾਬਾ ਦਰਗਾਹ ਸਿੰਘ ਜੀ ਨੇ ਗੁਰਦ੍ਵਾਰਾ ਪਾ: ੩ ਦੀ ਸੇਵਾ, ਇਤਿਆਦਿਕ ਸਥਾਨਾਂ ਦੀ ਸੇਵਾ ਸੰਭਾਲ ਦੇ ਨਾਲ ਨਾਲ ਨਿਰਮਲੇ ਸੰਤਾਂ ਨੇ ਕਈ ਇਤਿਹਾਸਿਕ ਗੁਰਦ੍ਵਾਰਿਆਂ ਦਾ ਨਵ ਨਿਰਮਾਣ ਕਰਵਾਇਆ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਨੇ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਦੇ ਗੁਰੂਸਰ ਸਰੋਵਰ ਦੀ ਸੇਵਾ ਆਪਣੇ ਕਰ ਕਮਲਾਂ ਦ੍ਵਾਰਾ ਕੀਤੀ ਤੇ ਕਰਵਾਈ। ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀਆਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਇਮਾਰਤ ਦਾ ਬਹੁਤ ਸੁੰਦਰ ਨਵ ਨਿਰਮਾਣ ਕਰਵਾਇਆ।

ਸ੍ਰੀਮਾਨ ਸੰਤ ਬਾਬਾ ਜੈਮਲ ਸਿੰਘ ਜੀ ਭੂਰੀ ਵਾਲਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਦੀ ਪਰਿਕਰਮਾਂ ਦੀ ਸੇਵਾ, ਗੁਰਦ੍ਵਾਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਸ੍ਰੀ ਤਰਨਤਾਰਨ ਸਾਹਿਬ ਸਰੋਵਰ ਦੀ ਪਰਿਕਰਮਾ ਦੀ ਸੇਵਾ, ਗੁ: ਡੇਹਰਾ ਬਾਬਾ ਨਾਨਕ, ਗੁ: ਨਾਨਕਰ ਵੇਰਕਾ, ਗੁ: ਖੂਹ ਭਾਈ ਮੰਝ ਅੰਮ੍ਰਿਤਸਰ, ਗੁ: ਛੋਟੇ ਸਾਹਿਬਜ਼ਾਦੇ ਫ਼ਤਹਿਗੜ੍ਹ ਸਾਹਿਬ ਇਤਿਆਦਿਕ ਗੁਰਧਾਮਾਂ ਦੀ ਸੇਵਾ ਵਿਚ ਅਤੇ ਨਾਮ ਸਿਮਰਨ ਕਰਦਿਆਂ ਕਰਾਉਂਦਿਆਂ ਸੰਪੂਰਣ ਜੀਵਨ ਬਤੀਤ ਕੀਤਾ ਉਹਨਾਂ ਤੋਂ ਵਰੋਸਾਏ ਹੋਏ ਸ੍ਰੀਮਾਨ ਸੰਤ ਬਾਬਾ ਗੁਰਦਿਆਲ ਸਿੰਘ ਜੀ ਭੂਰੀ ਵਾਲਿਆਂ ਨੇ ਮਹਾਂਪੁਰਖਾਂ ਵੱਲੋਂ ਪ੍ਰਾਰੰਭ ਗੁਰਧਾਮਾਂ ਦੀਆਂ ਸੇਵਾਵਾਂ ਨੂੰ ਨਿਭਾਉਂਦੇ ਹੋਏ ਤਥਾ ਕੁਛ ਹੋਰ ਗੁਰਧਾਮਾਂ

ਗੁ: ਸੰਗਰਾਣਾ ਸਾਹਿਬ ਚੱਬਾ, ਗੁ: ਦਮਦਮਾ ਸਾਹਿਬ ਪਾ: ੩, ਗੁ: ਅਟਾਰੀ ਸਾਹਿਬ ਸੁਲਤਾਨਵਿੰਡ ਇਤਿਆਦਿਕ ਗੁਰਧਾਮਾਂ ਦੀ ਸੇਵਾ ਬੜੀ ਮਿਹਨਤ ਤੇ ਲਗਨ ਨਾਲ ਕੀਤੀ ਹੁਣ ਉਹਨਾਂ ਦੇ ਚਰਨ ਸੇਵਕ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ (ਮੁਖੀਏ ਮਹੰਤ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦੁਆਰ) ਸੇਵਾ ਦੇ ਮਹਾਨ ਕੁੰਭ ਨੂੰ ਅੱਗ੍ਰਸਰ ਕਰਦੇ ਹੋਏ ਚਾਰ ਚੰਨ ਲਾ ਰਹੇ ਹਨ ਜਿਸ ਤਰ੍ਹਾਂ ਕੁਛ ਦਿਨ ਪੂਰਵ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵਿਖੇ ਸੇਵਾ ਦਾ ਮਹਾਨ ਕਾਰਜ ਆਰੰਭ ਕੀਤਾ ਹੈ। ਗੁ: ਸਾਹਿਬ ਦੇ ਪਿਛਲੇ ਪਾਸੇ ਵਾਲੀਆਂ ਕਈਆਂ ਬਿਲਡਿੰਗਾਂ ਖਰੀਦ ਕਰਕੇ ਕਾਰ ਪਾਰਕਿੰਗ ਵਾਸਤੇ ਬੇਸਮੈਂਟ, ਉਸ ਤੋਂ ਉਪਰ ਲੰਗਰ ਹਾਲ ਅਤੇ ਸ੍ਰੀ ਅਖੰਡ ਪਾਠਾਂ ਵਾਸਤੇ ਕਮਰੇ ਤਿੰਨ ਮੰਜਲੀ ਵਿਸ਼ਾਲ ਇਮਾਰਤ ਦਾ ਨਿਰਮਾਣ ਤੇ ਸੁਖ ਆਸਣ ਸਾਹਿਬ ਵਾਸਤੇ ਸੁੰਦਰ ਸਥਾਨ ਆਦਿਕ ਸੇਵਾ ਚਲ ਰਹੀ ਹੈ। ਇਸੇ ਤਰ੍ਹਾ ਗੁ: ਮਾਈ ਕਾ ਥਾਨ ਆਗਰਾ, ਗੁ: ਪਾ: ੩ ਡੇਰਾ ਬਾਬਾ ਦਰਗਾਹ ਸਿੰਘ ਕਨਖਲ ਹਰਿਦੁਆਰ ਆਦਿਕ ਗੁਰਧਾਮਾਂ ਦੀ ਸੇਵਾ ਦੇ ਨਾਲ ਨਾਲ ਇਤਿਹਾਸਿਕ ਗੁਰੂਪਰਵਾਂ, ਸ਼ਤਾਬਦੀਆਂ ਤੇ ਜਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਹੋਈ ਲੰਗਰ ਦੀ ਪ੍ਰਥਾ, ਆਪਣੇ ਡੇਰੇ ਵਿਚ ਤਥਾ ਕੁੰਭ ਮੇਲਿਆਂ ਤੇ ਜਾ ਕਰਕੇ ਵਿਰੱਕਤ ਸੰਤ ਮੰਡਲੀਆਂ ਦੀ ਹਰ ਪ੍ਰਕਾਰ ਦੀ ਸੇਵਾ ਸਾਧਸੰਗਤ ਦੇ ਸਹਿਯੋਗ ਨਾਲ ਬੜੇ ਹੀ ਸੁਚੱਜੇ ਢੰਗ ਨਾਲ ਕਰ ਰਹੇ ਹਨ।

ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਪ੍ਰਬੰਧ ਹੇਠ ਗੁ: ਮੈਣੀ ਸੰਗਤ ਬਾਲ ਲੀਲਾ ਪਟਨਾ ਸਾਹਿਬ ਦੀ ਸੇਵਾ ਨਿਭਾਉਂਦੇ ਹੋਏ ਸ੍ਰੀਮਾਨ ੧੦੮ ਪੰ: ਬਲਵੀਰ ਸਿੰਘ ਜੀ ਨੇ ਗੁਰਦੁਆਰਾ ਦੀ ਸੁੰਦਰ ਇਮਾਰਤ, ਲੰਗਰ ਹਾਲ ਅਤੇ ਯਾਤ੍ਰੀਆਂ ਦੇ ਠਹਿਰਨ ਵਾਸਤੇ ਸੁੰਦਰ ਯਾਤ੍ਰੀ ਨਿਵਾਸ ਦੀ ਸੇਵਾ ਕਰਵਾਈ। ਇਸੇ ਤਰ੍ਹਾਂ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਪ੍ਰਬੰਧ ਹੇਠ ਗੁ: ਪੱਕੀ ਸੰਗਤ ਪਾ: ੯ ਤੇ ਪਾ: ੧੦ ਪ੍ਰਯਾਗਰਾਜ ਇਲਾਹਾਬਾਦ ਵਿਖੇ ਸ੍ਰੀਮਾਨ ਸੰਤ ਰਾਮ ਸਿੰਘ ਜੀ, ਸ੍ਰੀਮਾਨ ਮਹੰਤ ਪ੍ਰੀਤਮ ਸਿੰਘ ਜੀ ਅਤੇ ਸ੍ਰੀਮਾਨ ਮਹੰਤ ਦੀਦਾਰ ਸਿੰਘ ਜੀ ਨੇ ਗੁਰਦੁਆਰੇ ਦੇ ਨਵੀਂ ਇਮਾਰਤ ਤੇ ਕਮਰਿਆਂ ਦੀ ਸੇਵਾ ਬਹੁਤ ਨਿਸ਼ਕਾਮ ਭਾਵ ਨਾਲ ਕਰਵਾਈ, ਵਰਤਮਾਨ ਵਿਚ ਇਸ ਸਥਾਨ ਤੇ ਯਾਤ੍ਰੀਆਂ ਦੇ ਨਿਵਾਸ ਅਤੇ ਵੱਡੇ ਲੰਗਰ ਹਾਲ ਦੀ ਜ਼ਰੂਰਤ ਨੂੰ ਦੇਖ ਕਰਕੇ ਸ੍ਰੀਮਾਨ ਮਹੰਤ ਗਿਆਨਦੇਵ ਜੀ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੀ ਆਗਿਆ ਅਨੁਸਾਰ ਪੰਜ ਮੰਜਲੀ ਵਿਸ਼ਾਲ ਨਵ ਇਮਾਰਤ ਦੀ ਸੇਵਾ ਸਾਧ ਸੰਗਤ ਦੇ ਸਹਿਯੋਗ ਨਾਲ ਕਰਵਾ ਰਹੇ ਹਨ।

ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਹਜ਼ੂਰ ਸਾਹਿਬ ਜਾ ਕਰਕੇ ਗੁ: ਲੰਗਰ ਸਾਹਿਬ, ਗੁ: ਗੁਪਤਸਰ ਸਾਹਿਬ ਮਨਮਾੜ ਦੀ ਸੇਵਾ ਕਰਵਾਈ, ਉਹਨਾਂ ਤੋਂ ਬਾਅਦ ਉਹਨਾਂ ਦੇ ਗੱਦੀ ਨਸ਼ੀਨ ਸਾਰੇ ਮਹਾਂਪੁਰਖਾਂ ਨੇ ਹਜ਼ੂਰ ਸਾਹਿਬ ਦੇ ਸਾਰੇ ਗੁਰਧਾਮਾਂ ਅਤੇ ਲੰਗਰ ਸੇਵਾ ਬੜੇ ਯੋਗ ਤਰੀਕੇ ਨਾਲ ਨਿਭਾਈ ਵਰਤਮਾਨ ਵਿਚ ਸ੍ਰੀਮਾਨ ਸੰਤ ਬਾਬਾ ਨਰਿੰਦਰ ਸਿੰਘ ਜੀ, ਸ੍ਰੀਮਾਨ ਸੰਤ ਬਾਬਾ ਬਲਵਿੰਦਰ ਸਿੰਘ ਜੀ ਸੇਵਾ ਕਰਵਾ ਰਹੇ ਹਨ। ਸ੍ਰੀਮਾਨ ਸੰਤ ਬਾਬਾ ਸਾਧੂ ਸਿੰਘ ਜੀ ਮੋਨੀ ਨੇ ਗੁ: ਗੁਰੂ ਕਾ ਤਾਲ ਪਾ: ੯ ਆਗਰਾ, ਗੁ: ਚਰਨ ਕਮਲ ਸਾਹਿਬ ਪਾ: ੧ ਤੇ ਪਾ: ੯ ਨਿਜ਼ਾਮਾਬਾਦ ਆਜ਼ਮਗੜ੍ਹ ਯੂ.ਪੀ. ਦੀ ਸੇਵਾ ਕਰਵਾਈ ਉਨ੍ਹਾਂ ਤੋਂ ਵਰੋਸਾਏ ਹੋਏ ਸ੍ਰੀਮਾਨ ਸੰਤ ਬਾਬਾ ਨਿਰੰਜਨ ਸਿੰਘ ਜੀ, ਸੰਤ ਬਾਬਾ ਪ੍ਰੀਤਮ ਸਿੰਘ ਜੀ ਕਈ ਗੁਰਧਾਮਾਂ ਅਤੇ ਲੰਗਰਾਂ ਦੀ ਸੇਵਾ ਬੜੀ ਨਿਮ੍ਰਤਾ ਨਾਲ ਕਰਵਾ ਰਹੇ ਹਨ।

ਸ੍ਰੀਮਾਨ ਸੰਤ ਬਾਬਾ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਨੇ ਗੁ: ਹੱਟ ਸਾਹਿਬ, ਗੁ: ਬੇਰ ਸਾਹਿਬ ਸੁਲਤਾਨਪੁਰ ਲੋਧੀ, ਗੁ: ਬਾਉਲੀ ਸਾਹਿਬ ਗੋਇੰਦਵਾਲ ਸਾਹਿਬ, ਗੁ: ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਆਦਿਕ ਗੁਰੂ ਸਥਾਨਾਂ ਦੀ ਸੇਵਾ ਕਰਵਾਈ। ਸ੍ਰੀਮਾਨ ੧੦੮ ਸੰਤ ਬਾਬਾ ਦਲੇਲ ਸਿੰਘ ਜੀ ਦੇ ਸ਼ਿਸ਼ਜ ਸੰਤ ਸੁਖਦੇਵ ਸਿੰਘ ਜੀ ਨੇ ਯੂ.ਪੀ. ਸਟੇਟ ਦੇ ਪੀਲੀਭੀਤ, ਸ਼ਾਹਜ਼ਹਾਨ ਪੁਰ, ਬਰੇਲੀ ਆਦਿਕ ਇਲਾਕੇ ਦੇ ਜਿਨਾਂ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਗੁਰਦੁਆਰੇ ਨਹੀਂ ਸਨ ਉਥੇ ਵਿਚਰਣ ਕਰਕੇ ੧੦੮ ਗੁਰਦੁਆਰੇ ਬਣਵਾਏ। ਸੰਤ ਬਾਬਾ ਲਾਭ ਸਿੰਘ ਜੀ ਕਿਲ੍ਹਾ ਅਨੰਦਗੜ੍ਹ

ਵਾਲਿਆਂ ਨੇ ਅਨੰਦਪੁਰ ਸਾਹਿਬ ਦੇ ਕਈ ਗੁਰਦੁਆਰੇ ਜਿਸ ਤਰ੍ਹਾਂ ਗੁ: ਗੁਰੂ ਕੇ ਮਹਿਲ ਅੰਮ੍ਰਿਤਸਰ, ਗੁ: ਸਕੇਤ ਮੰਡੀ ਆਦਿ ਸਥਾਨਾਂ ਦੀ ਸੇਵਾ ਕਰਵਾਈ ਤਥਾ ਕਰਵਾ ਰਹੇ ਹਨ।

ਗੁ: ਮਨੀਕਰਨ ਸਾਹਿਬ ਪਾ: ੧ ਦੀ ਸੇਵਾ ਸੰਤ ਬਾਬਾ ਨਾਰਾਇਣ ਹਰੀਜੀ ਮਹਾਰਾਜ ਨੇ ਸੰਪੂਰਨ ਕਰਵਾਈ ਅਤੇ ਲੰਗਰ ਦਾ ਅਤੁੱਟ ਪ੍ਰਵਾਹ ਚਲਾਇਆ ਜੋ ਵਰਤਮਾਨ ਵਿਚ ਵੀ ਚਲ ਰਿਹਾ ਹੈ। ਇਸ ਪ੍ਰਕਾਰ ਹੋਰ ਵੀ ਨਿਰਮਲੇ ਮਹਾਂਪੁਰਖਾਂ ਵੱਲੋਂ ਅੰਨਕਸ਼ੇਤ੍ਰ ਚਲ ਰਹੇ ਹਨ ਜਿਸ ਤਰ੍ਹਾਂ ਸੰਤ ਬਾਬਾ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਿਚ ਹਰ ਭੇਖ ਦੇ ਸਾਧੂ ਅਭਿਆਗਤ ਵਿਰੱਕਤ ਸੰਤਾਂ ਤਥਾ ਸਾਧਸੰਗਤ ਵਾਸਤੇ ਲੰਗਰ ਅਤੇ ਦਵਾਈਆਂ ਦੀ ਫ੍ਰੀ ਸੇਵਾ ਨਿਰੰਤਰ ਚਲ ਰਹੀ ਹੈ।

ਸੰਤ ਬਾਬਾ ਭੂਰੀ ਵਾਲੇ ਅੰਨਕਸ਼ੇਤ੍ਰ ਨਾਨਕ ਪੁਰਾ ਆਸ਼੍ਰਮ, ਨਿਹਕਲੰਕ ਆਸ਼੍ਰਮ, ਭਜਨਗੜ੍ਹ ਆਸ਼੍ਰਮ, ਸੰਤ ਬਾਬਾ ਮਿਹਰ ਸਿੰਘ ਜੀ ਵਿਰੱਕਤ ਦੇ ਸੇਵਕਾਂ ਵਲੋਂ ਰਿਸ਼ੀ ਆਸ਼੍ਰਮ ਹਰਿਦੁਆਰ ਇਸ ਤਰ੍ਹਾਂ ਹੋਰ ਵੀ ਕਈ ਸਥਾਨਾਂ ਤੇ ਅੰਨਕਸ਼ੇਤ੍ਰ ਸੰਤਾਂ ਵਲੋਂ ਚਲ ਰਹੇ ਹਨ। ਇਸ ਪ੍ਰਕਾਰ ਨਿਰਮਲੇ ਮਹਾਂਪੁਰਖ ਨੇ ਗੁਰਦਵਾਰਿਆਂ ਦੀ ਸੇਵਾ ਸੰਭਾਲ, ਨਵ ਨਿਰਮਾਣ ਤਥਾ ਲੰਗਰ ਪ੍ਰਸ਼ਾਦ ਦੀ ਸੇਵਾ ਦੁਆਰਾ ਅਕਥਨੀਯ ਯੋਗਦਾਨ ਪਾਇਆ ਅਤੇ ਪਾ ਰਹੇ ਹਨ।

**ਦੇਸ਼ ਦੀ ਅਜ਼ਾਦੀ ਤਥਾ ਗਊ ਗ਼ਰੀਬ ਰੱਖਿਆ ਸਬੰਧੀ ਯੋਗਦਾਨ:-**

ਜਿਥੇ ਨਿਰਮਲੇ ਸੰਤਾਂ ਨੇ ਮੰਡਲੀਆਂ ਆਸ਼੍ਰਮਾਂ ਸ਼ਾਸ਼ਤ੍ਰਾਰਥਾਂ ਬ੍ਰਹਮ ਵਿਦਿਆ ਦਾ ਪਠਨ-ਪਾਠਨ ਆਦਿ ਸਾਧਨਾਂ ਦੁਆਰਾ ਸਮਾਜ ਦੇ ਭੌਤਿਕ ਅਤੇ ਆਤਮਿਕ ਵਿਕਾਸ ਵਿਚ ਯੋਗਦਾਨ ਦਿੱਤਾ ਉਥੇ ਇਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਇਨਾਂ ਵਚਨਾਂ "ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ"[38] ਦਾ ਪਾਲਨ ਕਰਦੇ ਹੋਏ ਸਮੇਂ-ਸਮੇਂ ਪਰ ਗਊ ਗ਼ਰੀਬ ਦੀ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਵਿਚ ਵੀ ਅਤਿਅੰਤ ਯੋਗਦਾਨ ਦਿੱਤਾ। ਮਹਾਰਾਜਾ ਰਣਜੀਤ ਸਿੰਘ ਜੀ ਦੇ ਦੇਹਾਂਤ ਤੋਂ ਬਾਅਦ ਸਿੱਖ ਰਾਜ ਵਿਚ ਪਈ ਆਪੋ ਧਾਪੀ ਤੇ ਡੋਗਰਿਆਂ ਦੀ "ਫੂਟ ਪਾਓ ਤੇ ਰਾਜ ਕਰੋ" ਦੀ ਨੀਤੀ ਦੁਆਰਾ ਖੇਰੂੰ-ਖੇਰੂੰ ਹੋਏ ਸਿੱਖਾਂ ਦੇ ਕਾਰਣ ਸਿੱਖ ਰਾਜ ਦਾ ਪਤਨ ਹੁੰਦਾ ਦੇਖ ਕਰਕੇ ਉਸ ਸਮੇਂ ਦੇ ਨਿਰਮਲ ਭੇਖ ਦੇ ਮਹਾਂਪੁਰਖ ਮਹਾਨ ਤੇਜਸ੍ਵੀ, ਤਪਸ੍ਵੀ, ਰਾਜਯੋਗੀ ਸ੍ਰੀਮਾਨ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ ਆਪਣੇ ਤਪ-ਤੇਜ ਦੁਆਰਾ ਸਿੱਖ ਰਾਜ ਦੀ ਪੁਨ: ਸਥਿਤੀ ਤੇ ਸੁਖ-ਸ਼ਾਂਤੀ ਵਾਸਤੇ ਸਿੱਖ ਸਰਦਾਰਾਂ ਨੂੰ ਕੌਮੀ ਏਕਤਾ ਅਪਨਾਉਣ ਵਾਸਤੇ ਪ੍ਰੇਰਿਤ ਕੀਤਾ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਦੋ ਰਾਜਕੁਮਾਰਾਂ "ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੌਰਾ ਸਿੰਘ" ਅਸਹਾਯਾਂ ਨੂੰ ਸ਼ਰਣ ਦਿੱਤੀ।

ਉਹਨਾਂ ਦੇ ਇਹਨਾਂ ਪ੍ਰਯਤਨਾਂ ਨੂੰ ਦੇਖ ਕਰਕੇ ਰਾਜ ਦੇ ਲਾਲਚੀ ਡੋਗਰੇ ਸਹਨ ਨਹੀਂ ਕਰ ਸਕੇ। ਡੋਗਰਿਆਂ ਦੇ ਵਜ਼ੀਰ ਹੀਰਾ ਸਿੰਘ ਨੇ ਫ਼ੌਜਾਂ ਚਾੜ੍ਹ ਕਰਕੇ ਤੋਪਾਂ ਤਥਾ ਬੰਦੂਕਾਂ ਦੀਆਂ ਗੋਲੀਆਂ ਨਾਲ ਬਾਬਾ ਬੀਰ ਸਿੰਘ ਜੀ ਅਤੇ ਉਹਨਾਂ ਦੀਆਂ ਸਿੱਖ ਸੰਗਤਾਂ ਸਹਿਤ ਡੇਰੇ ਉਪਰ ਹਮਲਾ ਕਰ ਦਿੱਤਾ ਜਿਸ ਹਮਲੇ ਨਾਲ ਡੇਰੇ ਦੀ ਤਬਾਹੀ ਅਤੇ ਬਾਬਾ ਜੀ ਦੇ ਸਰੀਰ ਉਪਰ ੧੮ ਗੋਲੀਆਂ ਲੱਗੀਆਂ ਤਦ ਉਪਰੰਤ ਵੀ ਬਾਬਾ ਜੀ ਪ੍ਰਸੰਨ ਮੁਖ ਆਤਮਿਕ ਉਪਦੇਸ਼ ਦਿੰਦੇ ਰਹੇ ਅੰਤ ਸਮੇਂ ਹਰੀਕੇ ਪੱਤਣ ਜਾ ਕਰਕੇ ਸਰੀਰ ਤਿਆਗ ਦਿੱਤਾ। ਬਾਬਾ ਜੀ ਤੋਂ ਬਾਅਦ ਉਹਨਾਂ ਦੇ ਚਰਨ ਸੇਵਕ ਸੰਤ ਬਾਬਾ ਮਹਾਰਾਜ ਸਿੰਘ ਜੀ ਬੜੀ ਨਿਰਭੈਤਾ ਨਾਲ ਇਨਕਲਾਬੀ ਆਗੂ ਬਣੇ, ਸੰਨ ੧੮੪੮ਤੇ ੪੯ ਦੀਆਂ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਜੋ ਦਰਿਆ ਸਤਿਲੁਜ ਦੇ ਕੰਢੇ ਤੇ ਗੁਜਰਾਤ ਆਦਿ ਸਥਾਨਾਂ ਤੇ ਹੋਈਆਂ ਉਹਨਾਂ ਲੜਾਈਆਂ ਵਿਚ ਆਪ ਜੀ ਨੇ ਤਨ ਮਨ ਦੇ ਨਾਲ ਸਿੱਖ ਸਿਪਾਹੀਆਂ ਦੀ ਅਗਵਾਈ ਕੀਤੀ। ਰਾਜਾ ਗੁਲਾਬ ਸਿੰਘ ਡੋਗਰੇ ਦੀ ਸਾਜਿਸ਼ ਦੇ ਕਾਰਣ ਜਦੋਂ ਸਿੱਖ ਹਾਰ ਗਏ ਤਾਂ ਦੇਸ਼ ਦੀ ਅਜ਼ਾਦੀ ਦੇ ਸਾਰੇ ਯਤਨ ਆਪਸੀ ਫੁੱਟ ਦੇ ਕਾਰਣ ਖ਼ਤਮ ਹੋ ਗਏ ਤਾਂ ਸੰਤ ਬਾਬਾ ਮਹਾਰਾਜ ਸਿੰਘ ਜੀ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਕੈਦੀ ਬਣਾ ਕਰਕੇ ਦੇਸ਼ ਤੋਂ ਬਾਹਰ ਸਿੰਘਾਪੁਰ ਭੇਜ ਦਿੱਤਾ ਗਿਆ ਜਿਥੇ ਕੈਦੀ ਹਾਲਤ ਵਿਚ ਹੀ ਆਪ ਜੀ ਨੇ ਸਰੀਰ ਤਿਆਗ ਦਿੱਤਾ

ਐਸੇ ਮਹਾਂਪੁਰਖਾਂ ਦੀ ਕੁਰਬਾਨੀ ਨੂੰ ਵਿਸਤਾਰ ਸਹਿਤ ਜਾਨਣ ਵਾਸਤੇ ਉਹਨਾਂ ਦੀ ਜੀਵਨ ਗਾਥਾ ਪੜ੍ਹਨ ਦੀ ਜ਼ਰੂਰਤ ਹੈ। ਇਕ ਵਾਰ ਕਾਸ਼ੀ (ਬਨਾਰਸ) ਵਿਖੇ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਵਿਰੁੱਧ ਜਲੂਸ ਦੀ ਅਗਵਾਈ ਕਰਦੇ ਹੋਏ ਸ੍ਰੀਮਾਨ ਸੰਤ ਨਰਿੰਦਰ ਸਿੰਘ ਜੀ (ਚੇਲਾ ਸ੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਅੰਮ੍ਰਿਤਸਰ) ਚੌਂਕ ਗੋਦੋਲੀਆ ਵਿਚ ਜਾ ਕੇ ਦੇਸ਼ ਭਗਤਾਂ ਵਿਚ ਅੰਗਰੇਜ਼ਾਂ ਦੀਆਂ ਕੂਟਨੀਤੀਆਂ ਸਬੰਧੀ ਭਾਸ਼ਣ ਦਿੰਦੇ ਹੋਏ ਪੁਲੀਸ ਦੀਆਂ ਗੋਲੀਆਂ ਦੁਆਰਾ ਸ਼ਹੀਦ ਹੋ ਗਏ।

ਸੰਮਤ ੧੯੭੫ ਵਿਚ ਹਰਿਦੁਆਰ ਦੇ ਨਜ਼ਦੀਕ ਪਿੰਡ ਕਟਾਰਪੁਰ ਵਿਚ ਸ਼ਰੇਆਮ ਗਊ ਹੱਤਿਆ ਕਰਨ ਦੇ ਚੈਲੰਜ ਨੂੰ ਸੁਣ ਕਰਕੇ ਗੁ: ਪਾ: ੩ ਡੇਰਾ ਬਾਬਾ ਦਰਗਾਹ ਸਿੰਘ ਜੀ ਦੇ ਮਹੰਤ ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਨੇ ਆਪਣਾ ਧਰਮ ਜਾਣ ਕਰਕੇ ਵਿਰੋਧ ਕੀਤਾ। ਮੁਸਲਮਾਨਾਂ ਦੇ ਨਾਂ ਮੰਨਣ ਤੋਂ ਕੁਛ ਸ਼ਰਧਾਲੂਆਂ ਸਹਿਤ ਮੁਸਲਮਾਨਾਂ ਦਾ ਟਾਕਰਾ ਕਰਕੇ ਗਊਆਂ ਛੁਡਵਾਈਆਂ, ਮਹੰਤ ਜੀ ਨੂੰ ਕਤਲ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਮੁਕੱਦਮਾ ਚਲਿਆ ਅੰਤ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਜੋ ਅਪੀਲ ਕਰਨ ਤੇ ਉਮਰ ਕੈਦ ਵਿਚ ਬਦਲ ਗਈ, ਲਖਨਊ, ਇਲਾਹਾਬਾਦ ਆਦਿ ਜੇਲ੍ਹਾਂ ਵਿਚ ਸਜ਼ਾ ਕਟਕੇ ੧੯੨੬ ਈ: ਨੂੰ ਰਿਹਾ ਹੋਏ। ਸ੍ਰੀਮਾਨ ੧੦੮ ਮਹਾਂ ਮੰਡਲੇਸ਼੍ਵਰ ਸ੍ਵਾਮੀ ਵਿਦੇਹੀ ਹਰੀ ਜੀ ਮਹਾਰਾਜ ਪ੍ਰਧਾਨ ਅਖਿਲ ਭਾਰਤੀਯ ਪਰਿਸ਼ਦ ਜਿਨ੍ਹਾਂ ਨੇ ਆਪਣਾ ਸੰਪੂਰਣ ਜੀਵਨ ਗੋ ਰੱਖਿਆ ਵਾਸਤੇ ਕੁਰਬਾਨ ਕਰ ਦਿੱਤਾ। ਆਪ ਜੀ ਉੱਚ ਵਿਚਾਰਾਂ ਦੇ ਧਾਰਣੀ ਵਿਰੱਕਤ ਆਤਮਾ ਤੇ ਉੱਚ ਜੀਵਨ ਵਾਲੇ ਮਹਾਂਪੁਰਖ ਸਨ ਆਪ ਜੀ ਦੇ ਸ੍ਰੇਸ਼ਟ ਆਚਰਣ ਤਿਆਗਮਯ ਜੀਵਨ ਤੋਂ ਦੇਸ਼ ਦੇ ਰਾਜਨੀਤਿਕ ਨੇਤਾ ਲੋਕ, ਸ਼ੰਕਰਾਚਾਰਯ, ਬੁੱਧੀ ਜੀਵੀ ਲੋਕ ਅਤੇ ਜਨ ਸਾਧਾਰਣ ਪ੍ਰਭਾਵਿਤ ਸਨ। ਇਸ ਪ੍ਰਕਾਰ ਹੋਰ ਵੀ ਕਈ ਮਹਾਂਪੁਰਖ ਹੋਏ ਜਿਸ ਤਰ੍ਹਾਂ ਸੰਤ ਉਦਮ ਸਿੰਘ ਜੀ ਸੰਨ ੧੯੪੭ ਵਿਚ ਸ਼ਾਹਦਰਾ ਲਾਹੌਰ, ਸੰਤ ਕਿਸ਼ਨ ਸਿੰਘ ਜੀ ਮੁਜ਼ੱਫ਼ਰਾਬਾਦ ਪੁਣਛ ਸੰਨ ੧੯੪੭ ਵਿਚ, ਸੰਤ ਗੋਪਾਲ ਸਿੰਘ ਜੀ ਡੇਰਾ ਬਾਬਾ ਖੁਦਾ ਸਿੰਘ ਜੀ ਲਾਹੌਰ ੧੯੪੭ ਵਿਚ, ਸੰਤ ਕਪੂਰ ਸਿੰਘ ਜੀ ਇਤਿਆਦਿਕ ਮਹਾਂਪੁਰਖ ਦੇਸ਼ ਦੀ ਅਜ਼ਾਦੀ ਤਥਾ ਗਊ-ਗ਼ਰੀਬ ਦੀ ਰੱਖਿਆ ਵਾਸਤੇ ਕੁਰਬਾਨ ਹੋਏਂ।

ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਵਰਤਮਾਨ ਸ੍ਰੀ ਮਹੰਤ ਪਰਮ ਪੂਜਯ ਪਰਮ ਸ਼੍ਰਧੇਯ ਪੰਡਿਤ ਸ੍ਵਾਮੀ ਗਿਆਨਦੇਵ ਸਿੰਘ ਜੀ ਮਹਾਰਾਜ ਜੋ ਕਿ ਅਖਿਲ ਭਾਰਤੀਯ ਸੰਤ ਸਮਿਤੀ ਦੇ ਸੰ ੨੦੦੦ ਤੋਂ ੨੦੦੪ ਤੱਕ ਅੰਧਿਅਕਸ਼ ਪਦ ਤੇ ਰਹੇ ਔਰ ਵਰਤਮਾਨ ਵਿਚ ਮੁਖ ਨਿਰਦੇਸ਼ਕ ਹਨ। ਜਿਸ ਅਖਿਲ ਭਾਰਤੀਯ ਸੰਤ ਸਮਿਤੀ ਨਾਲ ਸਬੰਧਿਤ ਖਟ ਦਰਸ਼ਨ ਸਾਧੂ ਸਮਾਜ ਦੇ ਮਹਾਂਪੁਰਖਾਂ ਦੇ ਸਹਿਯੋਗ ਨਾਲ ੨੨ ਮਾਰਚ ੧੯੯੫ ਨੂੰ ਕਾਸ਼ੀ ਵਿਸ਼੍ਵਨਾਥ ਬਨਾਰਸ ਤੋਂ ਜਪਯੋਗ ਮਹਾਂਨੁਸ਼ਠਾਨ ਯਾਤ੍ਰਾ ਆਰੰਭ ਕਰਕੇ ਉਤਰ ਪ੍ਰਦੇਸ਼, ਬਿਹਾਰ, ਉੜੀਸਾ, ਆਸਾਮ, ਪਸ਼ਚਮੀ ਬੰਗਾਲ, ਨੇਪਾਲ ਤੱਕ ੧੯੯੮ ਵਿਚ ਦੇਹਰਾਦੂਨ ਤੋਂ ਯਾਤ੍ਰਾ ਆਰੰਭ ਕਰਕੇ ਤੀਰਥ ਮਨੀਕਰਨ ਸਾਹਿਬ ਹਿਮਾਚਲ ਤੱਕ। ਸੰਨ ੨੦੦੦ ਵਿਚ ਵੈਸ਼ਣੋ ਦੇਵੀ ਕਸ਼ਮੀਰ ਤੋਂ ਯਾਤ੍ਰਾ ਆਰੰਭ ਕਰਕੇ ਕਈ ਪ੍ਰਾਂਤਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਕਾਮਾਖਿਆ ਦੇਵੀ ਆਸਾਮ ਤੱਕ ਇਤਿਆਦਿਕ ਕਈ ਵਿਸ਼ਾਲ ਯਾਤ੍ਰਾਵਾਂ ਅਤੇ ਕਈ ਧਾਰਮਿਕ ਅੰਦੋਲਨਾਂ ਦੀ ਅਗਵਾਈ ਕੀਤੀ ਤਥਾ ਹੁਣ ਵੀ ਸਮੇਂ-ਸਮੇਂ ਪਰ ਹੋਣ ਵਾਲੇ ਧਾਰਮਿਕ ਅੰਦੋਲਨਾਂ, ਯਾਤ੍ਰਾਵਾਂ ਅਤੇ ਧਰਮ ਸਬੰਧੀ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਉਪਸੰਹਾਰ:- ਭਾਰਤੀਯ ਸੰਪ੍ਰਦਾਯਾਂ ਵਿਚੋਂ ਨਿਰਮਲ ਸੰਪ੍ਰਦਾਯ ਸਰਵਗੁਣ ਸੰਪੰਨ, ਬੁਧੀ ਜੀਵੀ ਵਿਦ੍ਵਾਨਾਂ ਦੀ ਸੰਪ੍ਰਦਾਯ ਹੈ। ਜੋ ਏਕਦੇਸ਼ੀ ਵ੍ਰਿਤੀ, ਜਾਤਿ-ਪਾਤਿ, ਊਚ-ਨੀਚ, ਰਾਗ-ਦ੍ਵੈਸ਼ ਆਦਿ ਸੰਕੀਰਣਤਾ ਦੇ ਭਾਵ ਤੋਂ ਉਪਰ ਉਠਕੇ ਸਨਾਤਨ ਧਰਮ ਦਾ ਮੂਲ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਦ੍ਵੈਤ ਸਿਧਾਂਤ ਹੈ ਉਸ ਦਾ ਪ੍ਰਤਿਪਾਦਨ ਸ਼ਾਸਤ੍ਰ ਯੁਕਤੀਆਂ ਅਤੇ ਗੁਰਬਾਣੀ ਦਾ ਸਮੰਨਵਯ ਕਰਕੇ ਕਰਦੀ ਹੈ। ਇਸ ਲੇਖ ਵਿਚ ਨਿਰਮਲ ਸੰਪ੍ਰਦਾਯ ਦਾ ਸਰੂਪ ਅਤੇ ਧਰਮ ਪ੍ਰਚਾਰ, ਸਮਾਜ ਸੇਵਾ ਲਈ ਕੀਤੇ ਗਏ ਯਤਨਾਂ ਵਿਚੋਂ ਕੁਛ ਦਾ ਨਿਰੂਪਣ ਸੰਖੇਪ ਸ਼ਬਦਾਂ ਵਿਚ ਕੀਤਾ ਹੈ। ਇਨਾਂ ਤਰੀਕਿਆਂ ਦੁਆਰਾ ਨਿਰਮਲੇ ਸੰਤਾਂ ਨੇ ਗੁਰਮਤਿ ਸਿਧਾਂਤ ਨੂੰ ਜਨ-ਜਨ ਤੱਕ ਪਹੁੰਚਾਇਆ ਹੈ ਇਹ ਹੀ ਇਨਾਂ

ਦੀ ਸਮਾਜ ਨੂੰ ਸਰਵਪੱਖੀ ਦੇਣ ਕਹੀ ਜਾ ਸਕਦੀ ਹੈ ਜਿਨਾਂ ਦਿਵਜ ਆਤਮਾਵਾਂ ਨੇ ਇਸ ਸੰਪ੍ਰਦਾਯ ਨੂੰ ਸਰਵਪ੍ਰਿਯ ਬਣਾਇਆ ਹੈ ਉਹਨਾਂ ਮਹਾਨ ਆਤਮਾਵਾਂ ਨੂੰ ਕੋਟੀ-ਕੋਟੀ ਨਮਸਕਾਰ ਕਰਦੇ ਹਾਂ। ਵਰਤਮਾਨ ਵਿਚ ਧਰਮ, ਸਿਖਿਆ ਤੇ ਆਚਰਣ ਦੀ ਹੋ ਰਹੀ ਦੁਰਦਸ਼ਾ ਦਾ ਕਾਰਨ ਆਪਣੇ ਮੂਲ ਵਿਰਸੇ ਨੂੰ ਭੁਲਣਾ ਹੈ ਉਸ ਵਿਰਸੇ ਦੀ ਪੁਨਹ ਸਥਾਪਨਾ ਵਿਦਵਾਨ ਤੇ ਸੰਜਮੀ ਜੀਵਨ ਵਾਲੇ ਪੁਰਸ਼ਾਂ ਦੇ ਸਦ ਉਪਦੇਸ਼ ਦ੍ਵਾਰਾ ਹੀ ਹੋ ਸਕਦੀ ਹੈ। ਉਹਨਾਂ ਦਾ ਉਹ ਪਵਿਤ੍ਰ ਉਪਦੇਸ਼ ਪ੍ਰਾਣੀ ਮਾਤ੍ਰ ਤੱਕ ਪਹੁੰਚ ਸਕੇ ਇਸ ਮੰਤਵ ਦੀ ਪੂਰਤੀ ਵਾਸਤੇ ਇਸ ਸੈਮੀਨਾਰ ਦਾ ਆਯੋਜਨ ਹੋਇਆ ਹੈ ਜੋ ਅਤਿਅੰਤ ਪ੍ਰਸੰਸਨੀਯ ਹੈ। ਅਸੀਂ ਪਰਮਾਤਮਾ ਅੱਗੇ ਅਰਜ਼ ਕਰਦੇ ਹਾਂ ਕਿ ਸਾਡੇ ਸਾਰਿਆਂ ਦੇ ਇਸ ਉਦੇਸ਼ ਦੀ ਪੂਰਤੀ ਹੋਵੇ।

## ਹਵਾਲੇ ਤੇ ਟਿੱਪਣੀਆਂ

1. *एक एव पुरा वेदः प्रणवः सर्ववाङ्यः ॥ (श्रीमदभागवत १-१४-४८)*
*ओमित्येतदक्षरमिदं सर्वं तस्योपव्याख्यानं भूतं भवभदविषदिति सर्वमोङ्कार एव ।*
*यच्चान्यत्त्रिकालतीतं तदप्योंकार एव ॥ १॥*
(माण्डूक्य उप.नि.आ.प्र.)
*सर्वे वेदा यत् पदमामनन्ति तपांसि सर्वाणि यद्वदन्ति ॥*
*यंदिच्छन्तो ब्रह्मचर्यं चरन्ति तत्ते पदं संग्रहेण ब्रवीम्योमित्येतत् ।* (कठोरपषिद्, १-१५)
*ਓਅੰਕਾਰ ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥*
*ਓਅੰਕਾਰ ਲਖੈ ਜਉ ਕੋਈ॥ ਸੋਈ ਲਖਿ ਮੇਟਣਾ ਨਾ ਹੋਈ॥*
2. *ओंकारश्चाथ शब्दश्च द्वावेतौ ब्रह्मणः पुरा ।*
*कण्ठं भित्वा विनिर्यातौ तस्मान्माङ्गलिकावुभौ ।* (नारद पुराण ५१-१०)
3. *ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥* (ਸ੍ਰੀ. ਗੁ. ਗ੍ਰੰ. ਸਾ. ਪੰਨਾ ੯੨੯)
4. आयुर्वेद, धनुर्वेद, गान्धर्वेद, अर्थवेद
5. मद्वयं भद्वयं चैव ब्रन्नयं वचनुष्टयम्, अनापलिङ्गकूस्कानि पुराणानि प्रचक्षते ।
(१) मत्सय (२) मार्कण्डेय (३) भविष्य (४) भागवत (५) ब्रह्मण्ड (६) ब्रह्मवैवर्त (७) ब्रह्म (८) वामन (९) वाराह (१०) विष्णु (११) वायु (शिव्) (१२) अग्नि (१३) नारद (१४) पद्म (१५) लिंग (१६) गरूड (१७) कूर्म (१८) सुकन्द ।
6. ऋगवेद
*अनुभवाश्रितं शास्त्रमनुभवश्च पृथक-पृथक ।*
*तस्माच्छास्त्रं प्रमाणं न सत्यांशस्तत्र केवलः ॥* (संतोष गीता)
7. ਚੌਪਈ ਸਾਹਿਬ ਪਾ: ੧੦
8. *ਪਹਿਲਾਂ ਬਾਬੇ ਪਾਇਆ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ॥* (ਵਾਰਾਂ ਭਾਈ ਗੁਰਦਾਸ ੧/੨੪)
9. *ਬਾਬਾ ਵੇਈਂ ਨਾਇ ਕੇ, ਸਚਖੰਡ ਮੈਂ ਪਹੁਤਾ ਜਾਈ। ਵਿਸ਼ਨਦੇਵ ਖੁਸ਼ ਹੋਏ ਕੈ, ਗੁਰ ਮੰਤ੍ਰ ਦੇ ਕਲਾ ਵਧਾਈ।*
*ਹਥ ਕਮੰਡਲ ਮਾਲ ਗਲ, ਆਸਨ ਆਸਾ ਪਊਏ ਦਾਈ। ਟੋਪੀ ਚੋਲਾ ਬਰਨ ਨੇ ਭੇਟਾ ਦੇ ਗਲ ਸੇਲੀ ਪਾਈ।*
*ਵੇਈਂ ਵਿਚੋਂ ਨਿਕਲੇ ਤਨ ਪਰ ਭਗਵੈ ਬਸਨ ਸੁਹਾਈ। ਬੈਠੇ ਕਬਰ ਸਥਾਨ ਮੈ ਦਰਸ਼ਨ ਕੋ ਉਮਡੀ ਲੋਕਾਈ।*
*ਵਾਹਿਗੁਰੂ ਸਤਿਨਾਮ ਦੇ ਚਾਰਿ ਵੇਦ ਕੋ ਸਾਰ ਬਤਾਈ। ਨਿਰਮਲ ਪੰਥ ਚਲਾਇਓ ਏਕ ਵਿਵੇਕ ਭਗਤਿ ਦ੍ਰਿੜਾਈ।* (ਵਾਰ ਭਾਗੀਰਥੀ ਪੌੜੀ ੩੩)

10. ਨਾਨਕ ਪ੍ਰਕਾਸ਼ ਅਧਿਆਯ ੩੩
*ਦੋਹਰਾ:- ਬੇਖ ਗੁਰੂ ਕੋ ਦੇਖ ਕਰ ਪਿਤ ਵਿਸੇਖ ਰਿਸ ਮਾਨ।*
*ਕਟ ਕੁਪੀਨ ਇਕ ਨੁਕਤ ਸਿਰ ਦੋ ਭਗਵੇਂ ਸੰਬਜਾਨ।* (ਨਾਨਕ ਪ੍ਰਕਾਸ਼ ੨ ਅਧਿਆਯ ੪੧)
*ਚਾਰਿ ਪਟੰਬਰ ਪੁਨ ਪਸ਼ਮੰਬਰ। ਪਹਿਰੇ ਸ਼ੁਭਿਤ ਵਿਸ਼ਾਲਹਿ ਸੁੰਦਰ।*
*ਸੋ ਭਗਵੇਂ ਧਾਰ ਚੀਰ ਸਰੀਰਾ। ਬੈਸੇ ਇਮ ਸਜ ਭੇਖ ਸਰੀਰਾ।* (ਨਾਨਕ ਪ੍ਰਕਾਸ਼ ਅਧਿਆਯ ੩੪)
11. ਜਨਮਸਾਖੀ, ਮੱਕੇ ਦੀ ਗੋਸ਼ਟਿ ਪੌੜੀ ੪੦
12. ਪੰਥ ਪ੍ਰਕਾਸ਼ ਪੰਨਾ ੧੨੪੬
13. *ਜਨਮ ਜਨਮ ਕੀ ਇਸ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥*
(ਸ੍ਰੀ ਗੁ. ਗ੍ਰੰ. ਸਾ., ਪੰਨਾ ੬੫੧)
14. ਸ੍ਰੀ ਗੁਰੂ ਗ੍ਰੰਥ ਸਾਹਿਬ ਮਾਝ ਮਹਲਾ ੩, ਪੰਨਾ ੧੨੧
15. ਸ੍ਰੀ ਗੁ.ਗ੍ਰੰ. ਸਾ. ਗੌੜੀ ਸੁਖਮਨੀ ਪੰਨਾ ੨੯੬
16. ਸ੍ਰੀ ਗੁ.ਗ੍ਰੰ.ਸਾ. ਬਸੰਤ ਮਹਲਾ ੯ ਪੰਨਾ ੧੧੮੬
17. ਸ੍ਰੀ ਗੁ.ਗ੍ਰੰ.ਸਾ. ਭੈ. ਕਬੀਰ ਪੰਨਾ ੧੧੫੮
18. ਸ੍ਰੀ ਗੁ.ਗ੍ਰੰ.ਸਾ. ਗੌੜੀ ਸੁਖਮਨੀ ਮ: ੫ ਪੰਨਾ ੨੯੬
19. ਸ੍ਰੀ ਗੁ.ਗ੍ਰੰ.ਸਾ. ਗੌੜੀ ਮ: ੫ ਪੰਨਾ ੨੯੭
20. ਨਿਰਮਲ ਪੰਥ ਪ੍ਰਦੀਪਕਾ ਪੰਨਾ ੭ (ਗਿ. ਗਿਆਨ ਸਿੰਘ)
21. ਵਾਰਾਂ ਭਾਈ ਗੁਰਦਾਸ ਵਾਰ ੧ ਪੌੜੀ ੪੫
22. ਸ੍ਰੀ ਗੁ.ਗ੍ਰੰ.ਸਾ. ਸਵਯੇ ੫ ਪੰਨਾ ੧੪੦੯ ਮਥੁਰਾ ਭਟ
*"ਗੁਰੂ ਅਰਜੁਨ ਜਹਿ ਬੈਠ ਕਰ ਬਾਂਧੀ ਬੀੜ ਸੁ ਗ੍ਰੰਥ।*
*ਜਹਿ ਪ੍ਰਸਾਦ ਸਭ ਜਗਤ ਮੈ ਚਲਹਿ ਨਿਰਮਲ ਪੰਥ"॥* (ਗੁ.ਬਿ.ਪਾ. ੬)
23. "ਨਿਰਮਲ ਭੇਖ ਦਾ ਸੰਖੇਪ ਇਤਿਹਾਸ ਅਤੇ ਸੰਪ੍ਰਦਾਯ ਬੰਸਾਵਲੀ" (ਮਹੰਤ ਹਰੀ ਸਿੰਘ ਵੈਦ ਰਾਜ)
24. ਨੀਤ ਸ਼ਤਕ ਸ੍ਰੀ ਭਰਥਰੀ ਹਰੀ ਜੀ (ਸਲੋਕ ੧੨)
*ਨਿੰਦ੍ਰਾ ਭੋਜਨ ਭੋਗ ਭੈ ਇਹ ਪਸੁ ਪੁਰਖ ਸਮਾਨ।*
*ਨਰਨ ਗਿਯਾਨ ਨਿਜ ਅਧਿਕਤਾ ਗਿਆਨ ਬਿਨਾ ਪਸੁ ਜਾਨ॥* (ਸਾਰਕੁਤਾਵਲੀ ਅਧਿ. ੩ ਸਲੋਕ ੧੩)
*आहारनिद्राभयमैथुनानि सामान्यमेतत् पशुभिर्नराणाम्।*
*ज्ञानं नराणामधिको विशेषो ज्ञानेन हीनाः पशुभिः समानाः ॥* (सूक्तावली शलोक नं १३)
25. *येषां न विद्या न तपो न दानं, ज्ञानं न शीलं न गुणो धर्मः ।*
*ते मर्त्यलोके भुवि भारभूता मनुष्य रूपेण मृगाश्चरन्ति ॥* (नीति शतक शलोक नं. १३)
26. *ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ।*
*ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਵਿਧਿ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।*
*ਪਾਲਨ ਭੂਮੀ ਕੋ ਕਰਿਓ, ਦੁਸ਼ਟਨ ਮੂਲ ਉਖਾਰ।*
*ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।*
*ਨਿਰਮਲ ਭਾਖੈ ਜਗਤ ਤਿਹ, ਹੇਰੈ ਬ੍ਰਹਮ ਸੁ ਏਕ॥* (ਮੋਖਸ਼ ਪੰਥ ਪ੍ਰਕਾਸ਼ ਪੰਚਮ ਨਿਵਾਸ ਪੰ. ੬੦੯)
27. *विद्या नाम नरस्य रूपमधिकं प्रच्छन्न गुप्तं धनम् । विद्या भोगकरी यशः सुखकारी विद्या गुरूणां गुरूः ॥*
*विद्या बन्धुजनो विदेशगमने विद्या परं दैवतम् । विद्या राजसु पूज्यते न हि धनं विद्या विहीनः पशु*
(नीति शतक शलोक नं. २०)

28. ਤਬ ਹੀ ਬਸਨ ਕਖਾਏ ਸਜੈ ਕੈ, ਆਗਿਆ ਬਸਤ੍ਰ ਗੁਰ ਤੇ ਲੈ ਕੇ।
ਪਹੁੰਚੇ ਕਾਸ਼ੀ ਪੁਰੀ ਉਦਾਰੇ, ਚੇਤਨ ਮਠ ਮੈ ਰਹੇ ਵਿਚਾਰੇ॥
ਸਾਧ ਨਿਰਮਲੇ ਤਹਿ ਬਿਦਤਾਏ, ਬਿਦਯਾ ਪਢੀ ਅਧਿਕ ਮਨ ਲਾਏ॥
(ਪੰਥ ਪ੍ਰਕਾਸ਼ ਪੰ. ੧੨੪੦ ਗਿ. ਗਿਆਨ ਸਿੰਘ ਭਾਸ਼ਾ ਵਿਭਾਗ)

29. ਪਢਿ ਨਿਗਮਾਗਮ ਗੁਰ ਢਿਗ ਆਏ। ਗੁਰਹਿ ਸੁਨਾਏ ਅਧਿਕ ਵਰ ਪਾਏ॥
ਖੁਸ਼ੀ ਹੋਇ ਗੁਰ ਐਸ ਉਚਾਰੀ। ਸਾਰ ਵਿਦਿਆ ਜਗ ਜੁਗ ਭਾਰੀ॥
ਸ਼ਸ਼ਤ੍ਰ ਏਕ ਸ਼ਾਸ਼ਤ੍ਰ ਦੂਜੀ। ਉਭੇ ਜਾਤਿ ਜਗ ਮਾਨੀ ਪੂਜੀ॥
ਦੁਸ਼ਟ ਮੂਢ ਸ਼ਸਤ੍ਰੋਂ ਕਰਿ ਦਬ ਹੈਂ। ਸ਼ਾਸ਼ਤ੍ਰ ਤੈ ਕੋਵਿਦ ਬਸ ਫ਼ਬ ਹੈਂ॥
ਅੰਬੀਰੀ ਵਜ਼ੀਰੀ ਫ਼ਕੀਰੀ। ਦਾਨ ਗਹੀਰੀ ਦਹੀਰੀ ਸਭੀ ਤਦਬੀਰੀ॥
ਤਰਗਸ ਗੀਰੀ ਰਾਜ ਗਿਹੀਰੀ। ਹਮਰੇ ਪੰਥ ਬੀਰ ਸਬ ਥੀਰੀ॥
ਇਤਯਾਦਿਕ ਬਰ ਸਤਿਗੁਰ ਦੀਏ। ਜੋ ਸੁਨ ਸਿੱਖ ਸਭੈ ਖੁਸ਼ਿ ਥੀਏ॥
(ਪੰਥ ਪ੍ਰ. ਪੰਨਾ ੨੭੯੯ ਪ੍ਰੋ. ਚਤੁਰ ਸਿੰਘ ਜੀ)

30. ਬਹਤਾ ਪਾਨੀ ਨਿਰਮਲਾ ਪੜਾ ਗੰਧ ਸੋ ਹੋਏ। ਤਿਉ ਸਾਧੂ ਰਮਤਾ ਭਲਾ ਦਾਗ ਨ ਲਾਗੈ ਕੋਏ॥
ਦਾਗ ਨ ਲਾਗੈ ਕੋਇ ਜਗਤ ਮੇ ਰਹੇ ਅਲੈਦਾ। ਰਾਗ ਦ੍ਵੇਸ਼ ਜੁਗ ਪ੍ਰੇਤ ਨ ਚਿਤ ਕੋ ਕਰੇ ਵਿਛੈਦਾ॥
ਕਹੈ ਗਿਰਿਧਰ ਕਵਿਰਾਯ ਸੀਤ ਉਸ਼ਣਾਦਿਕ ਸਹਤਾ। ਹੋਇ ਨ ਕਹੀਂ ਅਸਕਤ ਯਥਾ ਗੰਗਾ ਜਲ ਬਹਤਾ॥
(ਗਿਰਿਧਰ ਕਵਿਰਾਯ)

31. *पिबन्ति नद्यः स्वयमेव नाम्बः स्वयं न खादन्ति फलानि वृक्षाः।*
*नादन्ति सस्यं खलु वारिवाहाः परोपकाराय सतां विभूतयः* (सूक्तावली अध्याय, ९ शलोक नं १)

32. ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ॥
ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ॥ (ਗੁ.ਗ੍ਰੰ.ਸਾ. ਪੰਨਾ ੧੩੭੬)

33. यथा चितं तथा वाचा यथा वाचशतथा क्रिया। चित्ते वाचि क्रियायां च साधुनामेकरूपता ॥ (सुभाषित)

34. कौपीन युगलं कथा दण्ड एकपरिग्रहः। यतः परमहंस्तय नाधिकं तु विधीयते ॥
(नारदपरिव्राजक ३ - २८)

35. ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥
(ਸ੍ਰੀ.ਗੁ.ਗ੍ਰੰ.ਸਾ. ਪੰਨਾ ੫੪੦)
ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦਗ ਰਬਾਬ ਵਜਾਵੈ॥ (ਵਾਰਾਂ ਭਾ. ਗੁਰਦਾਸ ੬-੧੨)

36. ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥ (ਸ੍ਰੀ.ਗੁ.ਗ੍ਰੰ.ਸਾ. ਪੰਨਾ ੭੦੯)

37. *बुद्धिस्तात्कालिकीज्ञेया मतिरागामि गोचरा ।*
*प्रज्ञां नवनवोन्मेष शालिनी प्रतिभा विदुः ॥* (भर्तृ हरि)

38. ਯਹੀ ਦੇਹ ਆਗਿਆ ਤੁਰਕਨ ਗਹਿ ਖਪਾਉਂ। ਗਊ ਘਾਤ ਕਾ ਦੋਖ ਜਗ ਸਿਉਂ ਮਿਟਾਉਂ॥
ਯਹੀ ਆਸ ਪੂਰਨ ਕਰਹੋ ਤੁਮ ਹਮਾਰੀ। ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ॥
ਯਹੀ ਬੇਨਤੀ ਖਾਸ ਹਮਰੀ ਸੁਣੀਜੈ। ਅਸੁਰ ਮਾਰਕਰ ਰੱਛ ਗਊਅਨ ਕਰੀਜੈ॥ (ਉਗ੍ਰਦੰਤੀ ਪਾ: ੧੦)

# ਨਿਰਮਲੇ ਪੰਥ ਦਾ ਸੁਤੰਤਰਤਾ ਸੰਗ੍ਰਾਮ ਵਿਚ ਯੋਗਦਾਨ

*-ਗਿਆਨੀ ਬਲਵੰਤ ਸਿੰਘ ਕੋਠਾ ਗੁਰ*

ਨਿਰਮਲ ਭੇਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਹੋਂਦ ਵਿਚ ਆਇਆ ਹੈ। ਨਿਰਮਲ ਭੇਖ ਨੂੰ ਵਿੱਦਿਆ ਪੜ੍ਹਨ ਪੜ੍ਹਾਉਣ, ਨਾਮ ਜਪਣ ਜਪਾਉਣ, ਅੰਮ੍ਰਿਤ ਛਕਾਉਣ ਅਤੇ ਧਰਮ ਪ੍ਰਚਾਰ ਕਰਨ ਦੀ ਆਗਿਆ ਬਖਸ਼ੀ ਹੈ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਿਰਮਲੇ ਸੰਤ ਤਿੰਨ ਸਦੀਆਂ ਤੋਂ ਇਹ ਸੇਵਾ ਨਿਭਾ ਰਹੇ ਹਨ। ਅਤਿਅੰਤ ਅਤਿਆਚਾਰ ਸਮੇਂ ਸ਼ਾਸਤ੍ਰ ਰੱਖਕੇ ਸ਼ਸਤ੍ਰ ਚੁੱਕਦੇ ਰਹੇ ਹਨ। ਸ਼ਤਰੂ ਦੇ ਸਾਮ੍ਹਣੇ ਮੱਥੇ ਜੁੜਦੇ ਵੀ ਰਹੇ ਹਨ, ਬੰਦ ਬੰਦ ਵੀ ਕਟਵਾਉਂਦੇ ਰਹੇ ਹਨ। ਜਲਾਵਤਨ ਹੋ ਕੇ ਕਾਲ ਕੋਠੜੀਆਂ ਵਿਚ ਅੰਤਿਮ ਸੁਆਸਾਂ ਤੱਕ ਦ੍ਰਿੜਤਾ ਨਾਲ ਸ਼ਹੀਦੀਆਂ ਵੀ ਪਾਉਂਦੇ ਰਹੇ ਹਨ।

ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ, ਬਾਬਾ ਬੀਰ ਸਿੰਘ ਜੀ, ਬਾਬਾ ਮਹਾਰਾਜ ਸਿੰਘ ਜੀ ਅਤੇ ਬਾਬਾ ਖੁਦਾ ਸਿੰਘ ਜੀ ਜੀ ਤੋਂ ਲੈ ਕੇ ਗੁਰਦੁਵਾਰਾ ਸੁਧਾਰ ਲਹਿਰ ਤੱਕ ਅਪਣੀ ਸੇਵਾ ਨੂੰ ਨਿਭਾ ਰਹੇ ਹਨ। ਇਥੇ ਅਸੀਂ ਨਿਰਮਲ ਪੰਥ ਦੇ ਮਹਾਂਪੁਰਖਾਂ ਦਾ ਆਰੰਭ ਕੀਤਾ ਸੁਤੰਤਰਤਾ ਸੰਗ੍ਰਾਮ ਅਤੇ ਕੁਰਬਾਨੀਆਂ ਦੇ ਹਵਨ ਵਿਚ ਪਾਈ ਅਹੂਤੀ ਦਾ ਸੰਖੇਪ ਸ਼ਬਦਾਂ ਵਿਚ ਵਰਣਨ ਕਰਦੇ ਹਾਂ।

ਸ਼ਾਸਤ੍ਰ ਵਿੱਦਿਆ ਵਿਚ ਤਾਂ ਨਿਰਮਲੇ ਮਹਾਂਪੁਰਖ ਪੂਰਣ ਹਨ ਹੀ ਪਰ ਸ਼ਸਤ੍ਰ ਵਿੱਦਿਆ ਵਿਚ ਵੀ ਘਟ ਨਹੀਂ ਹਨ। ਲੋੜ ਅਨੁਸਾਰ ਸ਼ਾਸਤ੍ਰ ਅਤੇ ਸ਼ਸਤ੍ਰ ਦੀ ਵਰਤੋਂ ਕਰਦੇ ਰਹੇ ਹਨ। ਇਸੇ ਤਰ੍ਹਾਂ ਧਰਮ ਅਤੇ ਕੌਮ ਸੇਵਾ ਕਰਨ ਵਿਚ ਤੱਤਪਰ ਰਹੇ ਹਨ। ਇਹ ਸ਼ਬਦ ਵੇਧੀ ਬਾਣ ਮਾਰਨ ਵਾਲੇ ਮਹਾਂਪੁਰਖ ਹੋਏ ਹਨ। ਇਸ ਵਿੱਦਿਆ ਵਿਚ ਬਾਬਾ ਦਰਗਾਹਾ ਸਿੰਘ ਜੀ ਦਾ ਨਾਂ ਸਭ ਤੋਂ ਉਪਰ ਹੈ। ਆਪ ਗੁਰੂ ਕਲਗੀਧਰ ਪਿਤਾ ਦੇ ਹਜ਼ੂਰੀ ਸਿੱਖ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਆਪ ਜੀ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਵਿੱਦਿਆ ਪ੍ਰਾਪਤ ਕੀਤੀ ਸੀ। ਨਾਂਦੇੜ/ਦੱਖਣ ਤੱਕ ਸਤਿਗੁਰੂ ਜੀ ਦੇ ਹਮਰਕਾਬ ਰਹੇ। ਇਥੇ ਸਤਿਗੁਰੂ ਜੀ ਨੇ ਆਗਿਆ ਕਰੀ ਕਿ 'ਹਰਿਦੁਆਰ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦੁਆਰਾ ਪ੍ਰਗਟ ਕਰੋ।' ਆਗਿਆ ਅਨੁਸਾਰ ਸੰਨ ੧੭੧੦ ਈ: ਵਿਚ ਦਸਮ ਸਤਿਗੁਰੂ ਜੀ ਤੋਂ ਕੇਵਲ ਦੋ ਵਰਸ਼ ਮਗਰੋਂ ਕਨਖਲ ਆ ਰਹੇ ਸਨ। ਆਪ ਜੀ ਨਾਲ ਕਾਫ਼ੀ ਵਿਰਕਤ ਸੰਤ ਸਨ, ਜਿਨ੍ਹਾਂ ਵਾਸਤੇ ਕੁੱਲੀਆਂ ਪਾਈਆਂ ਗਈਆਂ ਅਤੇ ਆਪ ਬਾਬਾ ਜੀ ਗੰਗਾ ਜੀ ਕਿਨਾਰੇ ਪਿੱਪਲ ਦੇ ਬ੍ਰਿਛ ਉਪਰ ਰਹਿੰਦੇ ਸਨ।

ਇਕ ਵਾਰ ਨਜੀਬਾਬਾਦ ਦੇ ਰੁਹੇਲਿਆਂ ਨੇ ਜਵਾਲਾਪੁਰ ਦੇ ਨਵਾਬ ਰਾਏ ਅਹਿਮਦ (ਰਾਜਪੂਤ) ਉੱਤੇ ਗੰਗਾ ਜੀ ਦੇ ਪਾਰ ਤੋਂ ਹਮਲਾ ਕਰ ਦਿਤਾ। ਆਕ੍ਰਮਣ ਸੁਣਕੇ ਨਵਾਬ ਘਬਰਾ ਗਿਆ। ਬਾਬਾ ਦਰਗਾਹਾ ਸਿੰਘ ਜੀ ਦੇ ਚਰਨਾਂ ਵਿਚ ਸਹਾਇਤਾ ਲਈ ਬੇਨਤੀ ਕੀਤੀ। ਬਾਬਾ ਜੀ ਬੇਨਤੀ ਮੰਨਕੇ ਦ੍ਰਿੜ੍ਹਤਾ ਨਾਲ ਮੋਰਚੇ 'ਤੇ ਡੱਟ ਗਏ। ਸ਼ਬਦ ਵੇਧੀ ਬਾਣ ਮਰਨ ਵਿਚ ਆਪ ਪ੍ਰਬੀਨ ਸਨ। ਗੰਗਾ ਦੇ ਪਾਰ ਕੋਲਾਹਲ ਮਚਾਉਂਦੇ ਰੁਹੇਲੇ ਬਾਬਾ ਜੀ ਦੇ ਤੀਰਾਂ ਨੇ ਪੁੱਠੇ/ਪਿਛਾਂਹ ਮੋੜ ਦਿਤੇ। ਇਸ ਸਮੇਂ ਰਾਏ ਅਹਿਮਦ ਨੇ ਪੂਰੀ ਤਿਆਰੀ ਕਰ ਲਈ ਸੀ, ਪਰ ਸ਼ਤਰੂ ਤਾਂ ਪਤਰਾ ਵਾਚ ਚੁੱਕਾ ਸੀ। ਬਾਬਾ

ਜੀ ਦੀ ਬਹਾਦਰੀ ਦਾ ਪੰਚਪੁਰੀ 'ਤੇ ਸਿੱਕਾ ਬੈਠ ਗਿਆ। ਨਵਾਬ ਰਾਏ ਅਹਿਮਦ ਬਾਬਾ ਜੀ ਦਾ ਭਗਤ ਬਣ ਗਿਆ। ਅਨੇਕ ਤਰ੍ਹਾਂ ਦੇ ਪਦਾਰਥ ਉਪਹਾਰ ਲੈਕੇ ਬਾਬਾ ਜੀ ਦੇ ਚਰਨਾਂ ਵਿਚ ਨਤ-ਮਸਤਕ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਦੁਆਰੇ ਵਾਸਤੇ ਚੁਫੇਰੇ ਦੀ ਜ਼ਮੀਨ ਦਾ ਪਟਾ ਲਿਖਕੇ ਬਾਬਾ ਜੀ ਦੀ ਭੇਟ ਕੀਤਾ ਜੋ ਮਗਰੋਂ 'ਬਾੜਾ ਬਾਬਾ ਦਰਗਾਹਾ ਸਿੰਘ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਇਸੇ ਤਰ੍ਹਾਂ ਸੰਤ ਅਘੜ ਸਿੰਘ ਜੀ ਕਬੇਰੀਏ, ਠਾਕਰ ਰੋਚਾ ਸਿੰਘ ਜੀ, ਸ੍ਰੀ ਸੰਤ ਮੇਲਾ ਸਿੰਘ ਜੀ, ਸੰਤ ਬਹਾਦਰ ਸਿੰਘ ਜੀ, ਸੰਤ ਹਕੀਕਤ ਸਿੰਘ ਜੀ ਨੰਗਾਲੀ ਸਾਹਿਬ (ਪੁੰਛ), ਸੰਤ ਬੱਲਾ ਸਿੰਘ ਜੀ ਖਡੂਰ ਸਾਹਿਬ ਵਾਲੇ ਤੇਗ ਦੇ ਧਨੀ ਹੋਏ ਹਨ। ਜਿਥੇ ਵੀ ਧਰਮ, ਸਿੱਖੀ, ਆਨ-ਸ਼ਾਨ ਦਾ ਵਿਰੋਧ ਹੋਇਆ, ਇਨ੍ਹਾਂ ਮਹਾਂਪੁਰਖਾਂ ਦੀ ਤੇਗ ਨੇ ਗੁਰੂ ਕੇ ਨਿੰਦਕਾਂ ਨੂੰ ਸਿੱਧੇ ਤੁਰਨ ਲਾਇਆ।

ਨਿਰਮਲ ਭੇਖ ਭੂਸ਼ਨ ਰਾਜਰਿਸ਼ੀ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਦੁਆਰਾ ਸਿੱਖੀ ਦਾ ਉਲੇਖਨੀਯ ਪ੍ਰਚਾਰ ਕੀਤਾ। ਸ਼ਾਸਤ੍ਰ ਦੁਆਰਾ ਨਾਮ/ਬਾਣੀ, ਬ੍ਰਹਮਵਿਦਿਆ ਨਾਲ ਜੋੜਿਆ। ਸ਼ਸਤ੍ਰ ਦੁਆਰਾ ਅਤਿਆਚਾਰੀਆਂ/ਦੁਸ਼ਟਾਂ/ਦੋਖੀਆਂ ਨੂੰ ਸੋਧਕੇ ਧਰਮ ਦੀ ਰੱਖਿਆ ਕੀਤੀ। ਊਨਾ ਰਿਆਸਤ ਕਾਇਮ ਕਰਕੇ ਧਰਮ ਦਾ ਰਾਜ ਸਥਾਪਿਤ ਕੀਤਾ।

### ਬਾਬਾ ਬੀਰ ਸਿੰਘ ਜੀ ਨੌਰੰਗਾਬਾਦ

ਆਪ ਦਾ ਜਨਮ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਧਰਮ ਕੌਰ, ਪਿਤਾ ਸ. ਸੇਵਾ ਸਿੰਘ ਦੇ ਘਰ ਸਾਵਣ ਸੁਦੀ ਤੀਜ ਸੰਮਤ ੧੮੨੫ ਨੂੰ ਹੋਇਆ। ਬਚਪਨ ਪਿੰਡ ਵਿਚ ਲੰਘਿਆ। ਆਪ ਹੋਣ ਹਾਰ ਸਨ। ਆਪ ਜੀ ਦੇ ਪਿਤਾ ਸ. ਸੇਵਾ ਸਿੰਘ ਜੀ, ਸ. ਨਿਹਾਲ ਸਿੰਘ ਜੀ ਅਟਾਰੀ ਵਾਲਿਆਂ ਦੀ ਫੌਜ ਵਿਚ ਨੌਕਰੀ ਕਰਕੇ ਹੋਏ ਮੁਲਤਾਨ ਦੀ ਜੰਗ ਵਿਚ ਸ਼ਹੀਦ ਹੋ ਗਏ ਸਨ। ਮਗਰੋਂ ਆਪ ਸ. ਨਿਹਾਲ ਸਿੰਘ ਜੀ ਕੋਲ ਨੌਕਰੀ ਲਈ ਹਾਜ਼ਰ ਹੋਏ, ਆਪ ਜੀ ਨੂੰ ਦਰਸ਼ਨੀ ਉਜਲ ਦੀਦਾਰੀ ਰਿਸ਼ਟ ਪੁਸ਼ਟ ਵੇਖਕੇ ਫੌਜ ਵਿਚ ਭਰਤੀ ਕਰ ਲਿਆ। ਧਾਰਮਿਕ ਵਿਚਾਰ, ਨਿਮ੍ਰਤਾ, ਉਚ ਆਚਰਨ ਦੇ ਕਾਰਣ ਫੌਜ ਵਿਚ ਵੀ ਸਤਿਕਾਰ ਪ੍ਰਾਪਤ ਕੀਤਾ। ਤਿੰਨ ਚਾਰ ਸਾਲ ਤੋਂ ਪਿੰਡ ਛੁਟੀ ਆਏ।

ਇਕ ਦਿਨ ਗੁਰੂ ਕੀ ਸੰਗਤ ਤੀਰਥ ਯਾਤਰਾ ਕਰਦੀ ਹੋਈ ਆਪ ਜੀ ਦੇ ਪਿੰਡ ਪੁੱਜੀ। ਆਪ ਜੀ ਨੇ ਸੰਗਤ ਵਾਸਤੇ ਲੰਗਰ ਤਿਆਰ ਕੀਤਾ ਪਰ ਇਸ ਦਿਨ ਝਖੜ ਹਨੇਰੀ (ਤੂਫਾਨ) ਚਲ ਰਿਹਾ ਸੀ, ਮੀਂਹ ਪੈ ਰਿਹਾ ਸੀ। ਬਾਲਣ ਗਿੱਲਾ ਹੋ ਚੁੱਕਾ ਸੀ। ਆਪ ਜੀ ਨੇ ਮਕਾਨ ਦੀਆਂ ਕੜੀਆਂ, ਬਾਲੇ, ਸਤੀਰ, ਤਖਤੇ, ਲਾਹ ਕੇ, ਚੁਰ੍ਹਾਂ ਵਿਚ ਦੇ ਦਿੱਤੇ। ਲੰਗਰ ਤਿਆਰ ਕਰ ਕੇ ਸੰਗਤ ਨੂੰ ਸਮੇਂ ਸਿਰ ਛਕਾਇਆ ਪਰ ਮਾਤਾ ਸਖਤ ਨਾਰਾਜ਼ ਹੋਈ ਕਿ 'ਤੂੰ ਸਾਡਾ ਘਰ ਵੀ ਢਾਹ ਕੇ ਫੂਕ ਦਿੱਤਾ। ਇਸ ਤਰ੍ਹਾਂ ਕੰਮ ਨਹੀਂ ਚੱਲਣਾ, ਤੇਰੇ ਵਾਸਤੇ ਚਾਰੇ ਰਸਤੇ ਖੁੱਲ੍ਹੇ ਹਨ ਜਿਸ ਪਾਸੇ ਤੇਰੀ ਇੱਛਾ ਹੈ ਚਲਾ ਜਾ, ਅੱਗੋਂ ਵਾਸਤੇ ਇਸ ਘਰ ਨ ਵੜੀ।' ਆਪ ਸੁਣ ਕੇ ਪਰਮ ਪ੍ਰਸੰਨ ਹੋਏ ਕਿ 'ਮਾਤਾ ਜੀ ਹਮੇਸ਼ਾਂ ਹੀ ਮੈਨੂੰ ਚੰਗੇ ਪਾਸੇ ਲਾਉਂਦੇ ਹਨ ਹੁਣ ਵੀ ਮੈਂ ਚੰਗੀ ਖਟੀ ਖਟਾਂਗਾ।'

ਘਰ ਤੋਂ ਤੁਰ ਕੇ ਸੰਤ ਭਾਗ ਸਿੰਘ ਜੀ ਕੁਰੀ ਵਾਲਿਆਂ ਦੀ ਸੇਵਾ ਵਿਚ ਜਾ ਰਹੇ। ਇਕ ਸਾਲ ਸਤਿਸੰਗ ਸੇਵਾ ਕਰਦੇ ਰਹੇ। ਇਕ ਵਰਸ਼ ਤੋਂ ਬਾਅਦ ਬਾਬਾ ਭਾਗ ਸਿੰਘ ਜੀ ਨੇ ਆਗਿਆ ਕੀਤੀ ਕਿ ਹੁਣ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲਿਆਂ ਕੋਲ ਜਾ ਕੇ ਸੇਵਾ ਕਰੋ, ਉਹ ਪੂਰਨ ਮਹਾਂ ਪੁਰਖ ਹਨ। ਆਗਿਆ ਅਨੁਸਾਰ ਊਨੇ ਪਹੁੰਚ ਕੇ ਸੇਵਾ, ਸਿਮਰਨ ਦੀ ਅਣਥੱਕ ਘਾਲਣਾ ਘਾਲੀ। ਬਾਬਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਬਾਬਾ ਜੀ ਨੇ ਅਨੇਕ ਆਸ਼ੀਰਵਾਦ ਦੇ ਕੇ ਫਰਮਾਇਆ, 'ਜਾਓ ! ਸੰਗਤ ਵਿਚ ਸੇਵਾ, ਸਿਮਰਨ, ਨਾਮ ਬਾਣੀ ਦਾ ਪ੍ਰਵਾਹ ਚਲਾਓ। ਤੁਹਾਨੂੰ ਕਿਸੇ ਤਰ੍ਹਾਂ ਦੀ ਤੋਟ ਨਹੀਂ ਆਵੇਗੀ। ਤੁਹਾਡਾ ਅਤਿਅੰਤ ਤਪ-ਤੇਜ ਵਧੇਗਾ।' ਅਨੇਕ ਪਿੰਡਾਂ ਵਿਚ ਵੀ ਪਿੰਡ ਮਾੜੀ ਆ ਰਹੇ ਪਰ ਨੌਰੰਗਾਬਾਦ ਦੀ ਸੰਗਤ ਆਪਣੇ ਪਿੰਡ ਲੈ ਆਈ।

ਨੌਰੰਗਾਬਾਦ ਤਰਨ-ਤਾਰਨ ਤੋਂ (ਦਖਨ ਪੂਰਵ ਵਲ) ੪ ਮੀਲ ਹੈ ਜੋ ਲਾਹੌਰ ਤੋਂ ਦਿੱਲੀ ਨੂੰ ਜਾਣ ਵਾਲੀ ਸੜਕ 'ਤੇ ਸੀ, ਇਥੇ ਆਪ ਜੀ ਨੇ ਭੋਜਨ ਅਤੇ ਭਜਨ ਦਾ ਪ੍ਰਵਾਹ ਚਲਾ ਦਿੱਤਾ। ਆਪ ਦੇ ਤਪ ਤੇਜ ਨਾਲ ਨੌਰੰਗਾਬਾਦ ਵੀ ਤੀਰਥ ਬਣ ਗਿਆ। ਦੂਰ-ਦੂਰ ਤੋਂ ਸੰਗਤਾਂ ਆਤਮਿਕ ਲਾਭ ਪ੍ਰਾਪਤ ਕਰਨ ਵਾਸਤੇ ਆਉਣ ਲਗੀਆਂ। ਗ੍ਰਹਿਸਤੀ, ਸਾਧੂ ਸੰਤ, ਵਿਹੰਗਮ ਸੈਂਕੜਿਆਂ ਦੀ ਗਿਣਤੀ ਵਿਚ ਆਉਣ ਲੱਗੇ।

ਆਪ ਜੀ ਦੇ ਲੰਗਰ ਵਿਚ ਹਜ਼ਾਰਾਂ ਆਦਮੀ ਭੋਜਨ ਛਕਦੇ ਸਨ। ਅਮੀਰ, ਗਰੀਬ, ਜਾਤ-ਪਾਤ, ਰੰਗ ਨਸਲ, ਵੱਡੇ, ਛੋਟੇ ਦਾ ਕੋਈ ਵਿਤਕਰਾ ਨਹੀਂ ਸੀ। ਆਪ ਸਮ-ਦ੍ਰਿਸ਼ਟੀ ਤਤ ਵੇਤਾ ਸਤਿ-ਪੁਰਖ ਸਨ। ਯਾਤਰੀਆਂ ਦੇ ਆਰਾਮ ਲਈ ਡੇਰੇ ਦੀ ਵੀ ਸੁੰਦਰ ਇਮਾਰਤ ਤਿਆਰ ਕੀਤੀ।

ਸੰਨ ੧੮੪੯ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਹੋਈ। ਇਸ ਤੋਂ ਮਗਰੋਂ ਸਿੱਖ ਰਾਜ ਵਿਚ ਆਪਾ-ਧਾਪੀ ਪੈ ਗਈ। ਲਾਹੌਰ ਦਰਬਾਰ ਦੀ ਹਾਲਤ ਉਸ ਜੰਗਲ ਵਰਗੀ ਬਣ ਗਈ ਜਿਸ ਵਿਚ ਬਾਂਸ ਆਪ ਹੀ ਖਹਿ-ਖਹਿ ਕੇ ਅੱਗ ਪੈਦਾ ਕਰਕੇ, ਮਚਕੇ ਸੜ ਜਾਂਦੇ ਹਨ। ਜਿਵੇਂ ਕੋਈ ਸ਼ੀਸ਼ੇ ਦੇ ਮਕਾਨ ਨੂੰ ਇੱਟਾ ਮਾਰ-ਮਾਰ ਕੇ ਭੰਨ ਦਿੰਦਾ ਹੈ, ਇਸੀ ਤਰ੍ਹਾਂ ਡੋਗਰਿਆਂ, ਸੰਧਾਵਾਲੀਆਂ, ਬ੍ਰਾਹਮਣਾਂ ਅਤੇ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਖਾਲਸਾ ਰਾਜ ਖਤਮ ਕਰ ਦਿੱਤਾ। ਲਾਹੌਰ ਕਤਲਾਂ, ਸਾਜਸਾਂ ਦਾ ਗੜ੍ਹ ਬਣ ਗਿਆ।

ਡੋਗਰਿਆਂ ਅਤੇ ਸੰਧਾਵਾਲੀਆਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਰਿਵਾਰ ਨੂੰ ਮੌਤ ਦੇ ਰਾਹ ਤੋਰਨਾ ਆਰੰਭ ਕੀਤਾ। ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਆਦਿਕ ਮਾਰਕੇ ਖਤਮ ਕਰ ਦਿੱਤੇ। ਹੁਣ ਹੀਰਾ ਸਿੰਘ ਡੋਗਰਾ ਮਹਾਰਾਜਾ ਰਣਜੀਤ ਸਿੰਘ ਦੇ ਦੋ ਰਾਜਕੁਮਾਰਾਂ ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੌਰਾ ਸਿੰਘ ਅਤੇ ਸ. ਅਤਰ ਸਿੰਘ ਨੂੰ ਵੀ ਮਾਰਨ ਵਾਸਤੇ ਫੌਜ ਇਕੱਠੀ ਕਰਨ ਲੱਗਾ। ਇਹ ਤਿੰਨੇ ਸੰਤ ਬੀਰ ਸਿੰਘ ਜੀ ਦੇ ਚਰਨਾਂ ਵਿਚ ਆ ਰਹੇ। ਹੀਰਾ ਸਿੰਘ ਡੋਗਰੇ ਅਤੇ ਜਲੇ ਮਿਸ਼ਰ ਨੇ ਬਾਬਾ ਬੀਰ ਸਿੰਘ ਜੀ ਨੂੰ ਪੜ੍ਹਕਾ ਭੇਜੀ ਕਿ ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੌਰਾ ਸਿੰਘ ਅਤੇ ਸ. ਅਤਰ ਸਿੰਘ ਨੂੰ ਸਾਨੂੰ ਫੜਾ ਦਿਓ ਨਹੀਂ ਤਾਂ ਫੌਜ ਹਮਲਾ ਕਰੇਗੀ।

ਸੰਤ ਬਾਬਾ ਜੀ ਨੇ ਜਵਾਬ ਵਿਚ ਕਿਹਾ- 'ਅਸੀਂ ਸਾਧੂ ਹਾਂ ਕਿਸੇ ਨੂੰ ਬੁਲਾਉਣ ਨਹੀਂ ਜਾਂਦੇ।' ਅਸੀਂ ਤਾਂ ਗੁਰੂ ਕਾ ਲੰਗਰ ਚਲਾਉਂਦੇ ਹਾਂ, ਜੋ ਆਕੇ ਲੰਗਰ ਛਕੇ ਅਸੀਂ ਜਵਾਬ ਵੀ ਨਹੀਂ ਦੇ ਸਕਦੇ। ਨਾ ਕਿਸੀ ਨੂੰ ਹੱਥੀਂ ਫੜਾ ਸਕਦੇ ਹਾਂ, ਗਊ ਦੇ ਗਲ ਵਿਚ ਰੱਸਾ ਪਾਕੇ ਕਸਾਈ ਨੂੰ ਫੜਾਉਣਾ ਛੱਤ੍ਰੀ ਦਾ ਧਰਮ ਨਹੀਂ, ਜਦੋਂ ਇੱਛਾ ਹੋਵੇ ਫੌਜ ਭੇਜੋ ਸਾਨੂੰ ਮਾਰ ਕੇ ਜਿਸ ਨੂੰ ਮਰਜ਼ੀ ਲੈ ਜਾਣਾ। ਜਿਨ੍ਹਾਂ ਚਿਰ ਸਾਡੇ ਸਰੀਰ ਵਿਚ ਸਵਾਸ ਹੈ, ਅਸੀਂ ਕਿਸੇ ਨੂੰ ਫੜਾ ਨਹੀਂ ਸਕਦੇ।

ਪੜ੍ਹਕਾ ਪੜ੍ਹਕੇ ਜਲੇ ਬਾਮਣ ਨੂੰ ਅੱਗ ਲੱਗ ਗਈ। ਉਨ੍ਹਾਂ ਡੋਗਰਿਆਂ ਦੀਆਂ ੧੨ ਪਲਟਨਾਂ ੫੦੦ ਜੰਬੂਰੇ, ੧੨੦ ਤੋਪਾਂ ਲੈ ਕੇ ਲਾਹੌਰ ਤੋਂ ਕੂਚ ਕੀਤਾ। ਲਾਭ ਸਿੰਘ ਡੋਗਰਾ, ਗੁਲਾਬ ਸਿਹੁੰ ਕਲਕਤੀਆਂ, ਜਰਨੈਲ ਸਨ। ਲਾਹੌਰ ਤੋਂ ਫੌਜ ਦੀ ਚੜ੍ਹਾਈ ਸੁਣਕੇ ਮਾਝੇ ਦੀਆਂ ਸਿੱਖ ਸੰਗਤਾਂ ਦਰਸ਼ਨ ਵਾਸਤੇ ਬਾਬਾ ਜੀ ਦੇ ਚਰਨਾਂ ਵਿਚ ਪੁੱਜਣ ਲੱਗੀਆਂ। ਸ਼ਰਧਾਲੂ ਵਿਰੋਧੀਆਂ ਦੇ ਟਾਕਰੇ ਵਾਸਤੇ ਤਿਆਰੀ ਕਰਨ ਲੱਗੇ। ਬਾਬਾ ਜੀ ਨੇ ਸਭ ਨੂੰ ਹੁਕਮ ਸੁਣਾਇਆ ਕਿ- "ਮਲੇਛ ਪੰਥ ਦੇ ਅਗੇ ਕਿਸੇ ਨੇ ਹੱਥ ਨਹੀਂ ਚੁੱਕਣਾ। ਜ਼ਾਲਮ ਆਉਣਗੇ ਭਿਆਨਕ ਲੁੱਟ ਅਤੇ ਤਬਾਹੀ ਮਚੇਗੀ। ਸਾਡਾ ਸਰੀਰ ਗੋਲੀਆਂ ਨਾਲ ਉੱਡ ਜਾਵੇਗਾ। ਇਹ ਜੋ ਸਰੀਰ ਦਿਸ ਰਿਹਾ ਹੈ ਕਲ੍ਹ ਨੂੰ ਨਹੀਂ ਹੋਵੇਗਾ।"

ਇਸ ਸਮੇਂ ਆਪ ਜੀ ਕੋਲ ਅਨੇਕ ਸਰਦਾਰ ਫੌਜ ਲੈ ਕੇ ਬੈਠੇ ਸਨ। ਸਾਰਿਆਂ ਨੇ ਬੇਨਤੀ ਕੀਤੀ- "ਸਾਨੂੰ ਯੁੱਧ ਕਰਨ ਦੀ ਆਗਿਆ ਦਿਉ। ਇਸ ਤਰ੍ਹਾਂ ਜ਼ਾਲਮ ਸਾਨੂੰ ਬਾਹਾਂ ਅਤੇ ਦਾਹੜੇ ਤੋਂ ਫੜਕੇ ਲੈ ਜਾਣਗੇ।"

ਬਾਬਾ ਜੀ ਨੇ ਆਖਿਆ- 'ਜਿਨ੍ਹਾਂ ਨਾਲ ਅਸੀਂ ਲੜਾਂਗੇ ਉਹ ਵੀ ਸਿੱਖ ਹਨ। ਅਸੀਂ ਭਰਾਵਾਂ

ਤੇ ਵਾਰ ਨਹੀਂ ਕਰਨਾ।' ਰਹਿਤਨਾਮਿਆਂ ਵਿਚ ਵੀ ਸਿੱਖਾਂ ਨੂੰ ਆਪਸ ਵਿਚ ਲੜਨ ਦੀ ਆਗਿਆ ਨਹੀਂ ਹੈ। ਇਸ ਵਾਸਤੇ ਅਸੀਂ ਲੜਨਾ ਨਹੀਂ ਹੈ। ਜੇ ਅਸੀਂ ਲੜਾਂਗੇ ਲੋਕ ਕਹਿਣਗੇ ਸਿੱਖ ਆਪ ਵਿਚੀ ਕਟ ਕੇ ਮਰ ਗਏ। ਅਸੀਂ ਆਪਣੀ ਕਰਨੀ ਦੁਆਰਾ ਇਹ ਵੀ ਦਸਣਾ ਹੈ ਕਿ ਸਿੱਖ ਨੂੰ ਸਿੱਖ ਤੇ ਵਾਰ ਨਹੀਂ ਕਰਨਾ ਚਾਹੀਦਾ। ਉਹ ਭੁੱਲੜ ਹਨ ਉਨ੍ਹਾਂ ਦੀ ਆਤਮਾ ਮੈਲੀ ਹੈ। ਫਿਰ ਅਸੀਂ ਸਾਧੂ ਹਾਂ ਸਾਧੂ ਦਾ ਧਨ ਖਿਮਾਂ ਸਹਿਨਸ਼ੀਲਤਾ ਹੈ। ਸਾਧੂ ਦਾ ਕਰਤੱਵ ਵੀ ਅਸੀਂ ਕਰਨੀ ਦੁਆਰਾ ਦੱਸਣਾ ਹੈ। ਪਰਮਾਰਥਕ ਦ੍ਰਿਸ਼ਟੀ ਨਾਲ ਸੰਸਾਰ ਤਿੰਨ ਕਾਲ ਝੂਠਾ ਹੈ। ਇਸ ਵਾਸਤੇ ਕਿਸੇ ਨਾਲ ਵੈਰ ਵਿਰੋਧ ਕਿਉਂ ਕਰੀਏ? ਇਸ ਵਿਚਾਰ ਅਨੁਸਾਰ ਵਿਪਕਸ਼ੀ ਵੀ ਮਰੇ ਹੋਏ ਹੀ ਹਨ, ਮਰੇ ਨੂੰ ਕੀ ਮਾਰਾਂਗੇ।'

ਡੋਗਰਿਆਂ ਦੀ ਚੜ੍ਹਾਈ ਸੁਣਕੇ ਸਿੱਖ ਸੰਗਤਾਂ ਬਹੁ ਸੰਖਿਆ ਵਿਚ ਬਾਬਾ ਜੀ ਦੇ ਦਰਸ਼ਨ ਤੇ ਸਹਾਇਤਾ ਵਾਸਤੇ ਆਉਣ ਲੱਗੀਆਂ। ਹਜ਼ਾਰਾਂ ਅਜੇਹੇ ਸਿੰਘ ਆਣ ਕੇ ਇਕਠੇ ਹੋ ਗਏ ਜੋ ਬੁਰਛਿਆਂ ਨਾਲ ਲੜਕੇ ਸ਼ਹੀਦ ਹੋਣਾ ਚਾਹੁੰਦੇ ਸਨ। ਇਸ ਸਮੇਂ ਬਾਬਾ ਜੀ ਦੇ ਵਹੀਰ ਵਿਚ, ਰਾਜੇ, ਸਰਦਾਰ ਸੰਤ, ਮਹੰਤ, ਤਖ਼ਤਾਂ ਦੇ ਜਥੇਦਾਰ, ਸ੍ਰੀ ਹਰਿਮੰਦਰ ਸਾਹਿਬ ਜੀ (ਅੰਮ੍ਰਿਤਸਰ) ਦੇ ਸੇਵਾਦਾਰ ਜਨ-ਸਾਧਾਰਨ ਪ੍ਰੇਮੀ, ਸਮੂੰਹ ਸੰਪ੍ਰਦਾਵਾਂ ਦੇ ਮੁਖੀਏ ਅਤੇ ਮਾਨਨੀਯ ਸਿੱਖ ਬਾਬਾ ਜੀ ਵਾਸਤੇ ਜਾਨ ਵਾਰਨ ਲਈ ਤਿਆਰ ਸਨ। ੧੩ ਹਜ਼ਾਰ ਫੌਜ ਘੋੜਿਆਂ ਤੇ ਤਿਆਰ ਸੀ। ਸਿੱਖ ਸੰਗਤਾਂ ਸਮੇਤ ੨੬ ਹਜ਼ਾਰ ਦਾ ਇਕੱਠ ਸੀ। ਏਨੀ ਮਹਾਨ ਸ਼ਕਤੀ ਦਾ ਸ੍ਵਾਮੀ ਹੋ ਕੇ ਵੀ ਆਪ ਕਹਿ ਰਹੇ ਸਨ, 'ਭਰਾਵਾਂ ਉੱਪਰ ਵਾਰ ਨਹੀਂ ਕਰਨਾ ਸਾਧੂ ਦਾ ਭੂਸ਼ਨ ਖਿਮਾਂ, ਸਹਿਨਸ਼ੀਲਤਾ ਹੈ।

੨੫ ਵੈਸਾਖ ਸੰਮਤ ੧੯੦੧ ਦਿਨ ਐਤਵਾਰ ਨੂੰ ਆਪ ਹਰੀਕੇ ਪਤਨ ਪੁੱਜ ਗਏ। ਫਰਮਾਇਆ, ਸਾਰੀ ਰਾਤ ਕੀਰਤਨ ਹੋਵੇ। ਪੰਜ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਾਵੇ, ਲੰਗਰ ਦੌਗੁਣਾ ਚੌਗੁਣਾ ਤਿਆਰ ਕੀਤਾ ਜਾਵੇ।' ਪ੍ਰੇਮੀਆਂ ਨੇ ਪੁੱਛਿਆ, 'ਆਪ ਕਹਿੰਦੇ ਹੋ ਮਲੇਛ ਪੰਥ ਨੇ ਕਤਲਾਮ ਕਰਨੀ ਹੈ, ਆਪ ਜੀ ਨੇ ਸਰੀਰ ਤਿਆਗ ਦੇਣਾ ਹੈ, ਫਿਰ ਕੜਾਹ ਪ੍ਰਸ਼ਾਦ ਕੀ ਕਰਨਾ ਹੈ?'

ਆਪ ਜੀ ਨੇ ਆਖਿਆ- 'ਭਾਈ ਗੁਰਮਤਿ ਅਨੁਸਾਰ ਜਦੋਂ ਸਿੰਘ ਚੜ੍ਹਾਈ ਕਰ ਜਾਂਦਾ ਹੈ ਪਿਛੋਂ ਕੀਰਤਨ ਸੋਹਲੇ ਦਾ ਪਾਠ ਕੀਤਾ ਜਾਂਦਾ ਹੈ। ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਂਦੀ ਹੈ। ਅਸੀਂ ਆਪਣੀ ਦੇਗ ਆਪ ਹੀ ਤਿਆਰ ਕਰਨੀ ਹੈ। ਲੰਗਰ ਵੀ ਵੱਧ ਤੋਂ ਵੱਧ ਤਿਆਰ ਕਰਨਾ ਹੈ। ਹਮਲਾ ਹੋਣ ਸਮੇਂ ਅੰਧਾ-ਧੁੰਧ ਮਚ ਜਾਵੇਗੀ, ਮਲੇਛ ਪੰਥੀਏ ਵੀ, ਲਾਹੌਰ ਤੋਂ ਥੱਕੇ ਹੋਏ ਆਉਣਗੇ। ਫਿਰ ਇਥੇ ਕਤਲਾਮ ਕਰਦੇ ਲੁੱਟ-ਮਾਰ ਕਰਦੇ, ਹੋਰ ਥੱਕ ਜਾਣਗੇ, ਉਨ੍ਹਾਂ ਵਾਸਤੇ ਵੀ ਲੰਗਰ ਦੀ ਲੋੜ ਹੈ। ਗੁਰੂ ਘਰ ਵਿਚੋਂ ਕੋਈ ਭੁੱਖਾ ਨਹੀਂ ਜਾਣਾ ਚਾਹੀਦਾ ਇਸ ਵਾਸਤੇ ਮਹਾਰਾਜ ਸਿੰਘ ਨੂੰ ਕਹੋ ਸਾਰੀ ਰਾਤ ਲੰਗਰ ਤਿਆਰ ਕਰਦਾ ਰਹੇ।

ਦੀਵਾਨ ਵਿਚ ਸਾਰੀ ਰਾਤ ਇਕ ਰਸ-ਕੀਰਤਨ ਹੁੰਦਾ ਰਿਹਾ। ਇਹ ਬਾਬਾ ਜੀ ਦੇ ਅਮੋਲ ਜੀਵਨ ਦੀ ਅੰਤਮ ਰਾਤ ਸੀ। ਸੱਚਖੰਡ ਜਾਣ ਵਿਚ ਬਹੁਤ ਥੋਹੜਾ ਸਮਾਂ ਰਹਿ ਗਿਆ ਸੀ। ਆਪ ਨਿਸ਼ਚਿਤ ਕੀਰਤਨ/ਸਿਮਰਨ ਵਿਚ ਇਕਾਗਰ ਚਿੱਤ ਬੈਠੇ ਸਨ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਦਕੀ ਸਿੱਖ, ਬਾਬਾ ਸਾਹਿਬ ਸਿੰਘ ਜੀ ਬੇਦੀ ਤੋਂ ਵਰੋਸਾਏ ਬ੍ਰਹਮ ਗਿਆਨੀ 'ਸੂਰਬੀਰ ਬਚਨ ਕੇ ਬਲੀ' ਪਰਮ ਧੀਰਜਵਾਨ, ਸ਼ਾਂਤੀ ਦੇ ਪੁੰਜ, ਦਇਆ ਦੇ ਸਾਗਰ, ਜੀਵਨ ਮੁਕਤਿ, ਬਾਬਾ ਬੀਰ ਸਿੰਘ ਜੀ ਜਿਨ੍ਹਾਂ ਤੋਂ ੨੬ ਹਜ਼ਾਰ ਫੌਜ ਅਤੇ ਸਿੱਖ ਸੰਗਤਾਂ ਸ਼ਤਰੂ ਦਾ ਮੂੰਹ ਮੋੜਨ ਵਾਸਤੇ ਵਾਰ-ਵਾਰ ਆਗਿਆ ਮੰਗ ਰਹੀਆਂ ਸਨ। ਇੰਨੀ ਮਹਾਨ ਸ਼ਕਤੀ ਦੇ ਸ੍ਵਾਮੀ ਹੋ ਕੇ ਵੀ ਸ਼ਾਂਤੀ ਨੂੰ ਮੁੱਖ ਰੱਖਿਆ ਮੌਤ ਦਾ ਭੈ ਨਹੀਂ ਮੰਨਿਆ ਬਲਕਿ ਆਪਣੀ ਕਰਣੀ ਦੁਆਰਾ ਆਤਮ ਉਪਦੇਸ਼ ਦੇ ਕੇ ਸੰਗਤ ਦਾ ਭੈ ਵੀ ਖਤਮ ਕਰ ਦਿੱਤਾ। ਗੁਰਬਾਣੀ ਵਿਚ ਜੋ ਸੰਤ (ਬ੍ਰਹਮ ਗਿਆਨੀ) ਦੇ ਲਕਸ਼ਣ ਨਿਰੂਪਣ ਕੀਤੇ ਹਨ, ਉਨ੍ਹਾਂ ਨੂੰ ਆਪਣੀ ਕਰਣੀ ਦੁਆਰਾ ਕ੍ਰਿਆਤਮਿਕ ਰੂਪ ਵਿਚ ਕਮਾ ਕੇ ਵਿਖਾਇਆ।

ਆਸਾ ਕੀ ਵਾਰ ਦਾ ਕੀਰਤਨ ਹੋ ਰਿਹਾ ਸੀ। ਸੂਰਜ ਨਿਕਲ ਆਇਆ ਸੀ। ਲਾਹੌਰ ਦੀਆਂ ਫੌਜਾਂ ਹਰੀਕੇ ਪਤਨ ਆਣ ਲੱਗੀਆਂ ਸਨ। ਲਾਭ ਸਿੰਘ ਡੋਗਰ ਅਤੇ ਗੁਲਾਬ ਕਲਕੱਤੀਏ ਨੇ ਦੂਤ ਭੇਜ ਕੇ ਮੰਗ ਰੱਖੀ ਕਿ 'ਸਾਨੂੰ ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੌਰਾ ਸਿੰਘ ਅਤੇ ਸ. ਅਤਰ ਸਿੰਘ ਨੂੰ ਦਿੱਤਾ ਜਾਵੇ ਨਹੀਂ ਫੌਜ ਹਮਲਾ ਕਰੇਗੀ।' ਉੱਤਰ ਵਿਚ ਬਾਬਾ ਜੀ ਨੇ ਕਹਿ ਭੇਜਿਆ।

*'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ।' (ਪੰਨਾ ੫੪੪)*

ਸਰਨ ਆਇਆਂ ਨੂੰ ਹੱਥੀਂ ਕਿਵੇਂ ਫੜਾ ਦੇਵਾਂ ਜਾਉ ਜੋ ਇੱਛਾ ਹੈ ਕਰੋ। ਇਸ ਸਮੇਂ ਫਿਰ ਸਾਰੇ ਸਰਦਾਰਾਂ ਅਤੇ ਸੰਗਤ ਨੇ ਇਕਠੇ ਹੋ ਕੇ ਬੇਨਤੀ ਕੀਤੀ ਕਿ 'ਸਾਨੂੰ ਯੁਧ ਕਰਨ ਦੀ ਆਗਿਆ ਦਿਉ ਬੈਠਿਆਂ ਨੂੰ ਤਾਂ ਬੁਰਛੇ ਸਾਨੂੰ ਦਾਹੜਿਓਂ ਫੜਕੇ ਲੈ ਜਾਣਗੇ'।

ਬਾਬਾ ਜੀ ਨੇ ਆਖਿਆ- 'ਕੀਹਦੇ ਵਾਸਤੇ ਹੁਕਮ ਦੇਵਾਂ? ਉਹ ਵੀ ਸਿੱਖ ਹਨ, ਮੇਰੀ ਆਪਣੀ ਹੀ ਆਤਮਾ ਹਨ। ਜਿਸ ਨੂੰ ਮੌਤ ਦਾ ਡਰ ਹੈ ਉਹ ਚਲੇ ਜਾਉ।'

ਇਸ ਤੋਂ ਮਗਰੋਂ ਬਾਬਾ ਜੀ ਦੀਵਾਨ ਸਜਾ ਕੇ ਬੈਠ ਗਏ, ਕੀਰਤਨ ਆਰੰਭ ਹੋ ਗਿਆ, ਤੋਪਾਂ ਦੇ ਗੋਲੇ ਵੀ ਦੜਾ-ਦੜ ਆਉਣ ਲੱਗ ਪਏ; ਜਿਨ੍ਹਾਂ ਦੇ ਨਾਲ ਕਦੀ ਅੱਠ, ਕਦੀ ਦਸ ਸਿੰਘ ਉਡਨ ਲੱਗੇ। ਸਾਧ ਸੰਗਤ ਥਾਂ-ਥਾਂ ਚੌਕੜੀਆਂ ਮਾਰ ਕੇ ਬੈਠ ਗਈ ਅਤੇ ਬਾਣੀ ਦਾ ਪਾਠ ਕਰਨ ਲੱਗੀ। ਲੋਥਾਂ ਦੇ ਵੀ ਢੇਰ ਲੱਗ ਗਏ। ਬਾਬਾ ਜੀ ਦੇ ਸਰੀਰ ਵਿਚ ੧੮ ਗੋਲੀਆਂ ਲੱਗੀਆਂ।

ਇਸ ਤੋਂ ਮਗਰੋਂ ਅਤਿਅੰਤ ਕੋਲਾਹਲ ਮਚ ਗਿਆ। ਤੋਪ ਦੇ ਗੋਲਿਆਂ ਬੰਦੂਕਾਂ ਦੀਆਂ ਗੋਲੀਆਂ ਦੀ ਵਰਖਾ ਆਰੰਭ ਹੋ ਗਈ। ਭਿਆਨਕ ਆਵਾਜ਼ਾਂ ਨਾਲ ਆਕਾਸ਼ ਕੰਬ ਉਠਿਆ। ਲੋਥਾਂ ਦੇ ਚੀਥੜੇ ਉਡਨ ਲੱਗੇ। ਲੰਗਰ ਦੀ ਅਤਿਅੰਤ ਬੇਅਦਬੀ ਹੋਈ। ਹੁਣ ਫੌਜ ਡੇਰੇ ਵਿਚ ਆਣ ਵੜੀ ਅਤੇ ਡੇਰੇ ਨੂੰ ਲੁੱਟ-ਪੁੱਟ ਕੇ ਤਬਾਹ ਕਰ ਦਿੱਤਾ। ਸਿੰਘਾਂ ਨੇ ਬੇਨਤੀ ਕੀਤੀ, 'ਮਲੇਛਾਂ ਨੇ ਡੇਰਾ ਲੁੱਟ ਕੇ ਤਬਾਹ ਕਰ ਦਿੱਤਾ ਹੈ।' ਬਾਬਾ ਜੀ ਨੇ ਫੁਰਮਾਇਆ 'ਚੰਗਾ ਹੋਇਆ ਤੁਹਾਡਾ ਦਲਿਦਰ ਨਿਕਲ ਗਿਆ।' ਇਕ ਤੋਪ ਦਾ ਗੋਲਾ ਅਤੇ ੧੮ ਗੋਲੀਆਂ ਖਾ ਕੇ ਵੀ ਬਾਬਾ ਜੀ ਪ੍ਰਸੰਨ ਮੁਖ ਆਤਮਿਕ ਉਪਦੇਸ਼ ਦਿੰਦੇ ਰਹੇ।

ਭਾਈ ਮਹਾਰਾਜ ਸਿੰਘ ਨੂੰ ਆਗਿਆ ਕੀਤੀ, 'ਤੁਸੀਂ ਨੌਰੰਗਾਬਾਦ ਜਾਕੇ ਸਾਧ ਸੰਗਤ ਦੀ ਸੇਵਾ ਕਰਨੀ ਡੇਰਾ ਚਲਾਉਣਾ। ਇਹ ਵੀ ਫੁਰਮਾਇਆ- 'ਅਸੀਂ ਸਰੀਰ ਪਲੰਘ ਉੱਪਰ ਛਡਾਂਗੇ, ਸਰੀਰ ਨੂੰ ਪਲੰਘ ਸਮੇਤ ਦਰਿਆ ਵਿਚ ਬਹਾ ਦੇਣਾ। ਭਾਈ ਮਹਾਰਾਜ ਸਿੰਘ ਜੀ ਝੁਕ ਕੇ ਆਪ ਜੀ ਨੂੰ ਪੱਖਾ ਕਰ ਰਹੇ ਸਨ। ਆਪ ਬਾਬਾ ਜੀ ਚਾਦਰ ਲੈ ਕੇ ਪਲੰਘ ਉੱਪਰ ਪਏ ਸਨ। ਅੰਤ ਸਮੇਂ ਤੋਂ ਪੱਲਾ ਲਾਹ ਕੇ ਸਰਬੱਤ ਨੂੰ ਦਰਸ਼ਨ ਦਿੱਤੇ, ਨੇਤਰਾਂ ਦੀ ਜੋਤਿ ਭਾਈ ਮਹਾਰਾਜ ਸਿੰਘ ਨਾਲ ਮਿਲਾਈ ਅਤੇ ਮੁਖ ਤੋਂ ਚਾਦਰ ਲੈ ਕੇ ਵਿਰਾਜ ਗਏ-

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥*

*(ਪੰਨਾ ੮੪੬)*

੨੨ ਵੈਸਾਖ ਸੰਮਤ ੧੯੦੧ ਦਿਨ ਮੰਗਲਵਾਰ ਨੂੰ ੭੬ ਵਰਸ਼ ਦੀ ਆਯੂ ਵਿਚ ਬ੍ਰਹਮ ਲੀਨ ਹੋ ਗਏ। ਸ. ਜਵਾਹਿਰ ਸਿੰਘ ਨਲੂਆ, ਭਾਈ ਜੋਧ ਸਿੰਘ ਅਕਾਲ ਤਖ਼ਤ, ਭਾਈ ਮੱਖਣ ਸਿੰਘ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਸੰਤ ਮਹਾਰਾਜ ਸਿੰਘ ਨੇ ਪਲੰਘ ਚੁੱਕ ਕੇ ਸਤਲੁਜ ਦਰਿਆ ਵਿਚ ਬਹਾ ਦਿੱਤਾ।

ਬਾਬਾ ਜੀ ਤੇ ਹਮਲਾ ਕਰਨ ਵਾਲੀਆਂ ਫੌਜਾਂ ਨੂੰ 'ਗੁਰੂ ਮਾਰੀਆਂ' ਫੌਜਾਂ ਕਿਹਾ ਜਾਂਦਾ ਸੀ। ਇਨ੍ਹਾਂ ਫੌਜਾਂ ਦੇ ਸਿਪਾਹੀਆਂ ਨੂੰ ਪਿੰਡਾਂ ਵਿਚ ਮੂੰਹ ਨਹੀਂ ਲਾਇਆ ਜਾਂਦਾ ਸੀ। ਇਹ ਲੋਕ ਅਤੇ ਪ੍ਰਲੋਕ ਗਵਾ ਕੇ ਨਰਕਾਂ ਦੇ ਅਧਿਕਾਰੀ ਬਣੇ।

## ਬਾਬਾ ਮਹਾਰਾਜ ਸਿੰਘ ਜੀ

ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦਾ ਸਾਕਾ ਵਰਤਣ ਤੋਂ ਬਾਅਦ ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ ਡੇਰੇ ਵਿਚ ਜਾ ਰਹੇ। ਬਾਬਾ ਬੀਰ ਸਿੰਘ ਜੀ ਦੀ ਯਾਦ ਵਿਚ ਸਹਿਜਪਾਠ ਅਤੇ ਅਖੰਡਪਾਠ ਆਰੰਭ ਕੀਤੇ ਗਏ, ਦਸਹਿਰੇ ਤੇ ਮਹਾਨ ਇਕੱਠ ਹੋਇਆ। ਭੋਗ ਤੋਂ ਬਾਅਦ ਨੌਰੰਗਾਬਾਦ ਦਾ ਮਹੰਤ ਨਿਯਤ ਕਰਨ ਤੇ ਵੀ ਵਿਚਾਰ ਹੋਈ। ਬਹੁਤੇ ਵਿਅਕਤੀਆਂ ਦਾ ਵਿਚਾਰ ਸੀ ਬਾਬਾ ਖੁਦਾ ਸਿੰਘ ਨੂੰ ਮਹੰਤ ਨਿਯਕ ਕੀਤਾ ਜਾਵੇ। ਬਾਬਾ ਖੁਦਾ ਸਿੰਘ ਜੀ ਆਪਣੇ ਸੀਸ ਉੱਤੇ ਕਈ ਦਸਤਾਰੇ ਸਜਾ ਕੇ ਰੱਖਿਆ ਕਰਦੇ ਸਨ। ਬਾਬਾ ਖੁਦਾ ਸਿੰਘ ਜੀ ਨੇ ਆਪਣੇ ਸੀਸ ਤੋਂ ਇਕ ਦਸਤਾਰ ਉਤਾਰਕੇ ਬਾਬਾ ਮਹਾਰਾਜ ਸਿੰਘ ਦੇ ਸਿਰ ਤੇ ਬੰਨ ਦਿੱਤੀ ਅਤੇ ਕਿਹਾ, 'ਭਾਈ। ਮਹਾਰਾਜ ਸਿੰਘ ਜੀ ਨੇ ਲੰਗਰ ਦੀ ਅਥਾਹ ਸੇਵਾ ਕੀਤੀ ਹੈ। ਸਾਰਾ ਜੀਵਨ ਬਾਬਾ (ਬੀਰ ਸਿੰਘ) ਜੀ ਦੀ ਆਗਿਆ ਵਿਚ ਰਹੇ ਹਨ। ਮਹਾਨ ਸਾਕੇ ਸਮੇਂ ਤੋਪਾਂ ਦੇ ਵਰ੍ਹਦੇ ਗੋਲਿਆਂ ਵਿਚ ਬੰਦੂਕਾਂ ਦੀ ਵਛਾੜ ਸਮੇਂ ਬਾਬਾ ਜੀ ਦੀ ਸੇਵਾ ਵਿਚ ਹਾਜ਼ਿਰ ਰਹਿਕੇ ਹੁਕਮ ਦੀ ਪਾਲਣਾ ਕਰਦੇ ਰਹੇ ਹਨ। ਮਹੰਤੀ ਦੇ ਅਧਿਕਾਰੀ ਭਾਈ ਮਹਾਰਾਜ ਸਿੰਘ ਜੀ ਹਨ। ਪੰਡ, ਪਾਂਡੀਆਂ ਦੇ ਸਿਰ ਤੇ ਹੀ ਸੋਹਣੀ ਲੱਗਦੀ ਹੈ।' ਇਕ ਪੱਗ ਸੀਸ ਤੋਂ ਹੋਰ ਉਤਾਰ ਕੇ ਬਾਬਾ ਬੀਰ ਸਿੰਘ ਜੀ ਦੇ ਭਤੀਜੇ ਭਾਈ ਸਤੀਆ ਸਿੰਘ ਦੇ ਸਿਰ ਤੇ ਬੰਨ ਦਿੱਤੀ। ਮਹੰਤੀ ਦਾ ਚਰਚਾ ਖਤਮ ਹੋ ਗਿਆ।

ਇਸ ਤੋਂ ਉਪਰੰਤ ਬਾਬਾ ਮਹਾਰਾਜ ਸਿੰਘ ਜੀ, ਬਾਬਾ ਖੁਦਾ ਸਿੰਘ ਅਤੇ ਸੰਗਤ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਪੁਜੇ। ਬਾਬਾ ਜੀ ਦੀਆਂ ਅਸਤੀਆਂ ਅਤੇ ਵਿਭੂਤੀ ਸੁਧਾਸਰ ਦੀਆਂ ਚੌਹਾਂ ਬਾਹੀਆਂ ਵਿਚ ਪਾਈ। ਪੰਜ ਘੋੜੇ ਕਾਠੀਆਂ ਸਮੇਤ ਸ੍ਰੀ ਹਰਿਮੰਦਰ ਜੀ ਅਤੇ ਪੰਜ ਘੋੜੇ ਅਕਾਲ ਬੁੰਗੇ ਨੂੰ ਦਾਨ ਕੀਤੇ। ਢਾਈ ਸੌ ਪੁਸ਼ਾਕਾਂ ਸਮਰਪਣ ਕੀਤੀਆਂ। ਸਵਾ ਸੌ ਰੁਪਏ ਦਾ ਕੜਾਹ ਪ੍ਰਸਾਦਿ ਕਰਾਇਆ ਅਤੇ ਹੋਰ ਵੀ ਬੇਅੰਤ ਪੁੰਨ ਦਾਨ ਕੀਤਾ ਗਿਆ।

ਇਸ ਤੋਂ ਬਾਅਦ ਬਾਬਾ ਮਹਾਰਾਜ ਸਿੰਘ ਜੀ ਡੇਰਾ ਨੌਰਗਾਬਾਦ ਦਾ ਪ੍ਰਬੰਧ ਕਰਨ ਲਗੇ। ਕਥਾ-ਕੀਰਤਨ, ਸਤਿਸੰਗ ਦਾ ਪ੍ਰਵਾਹ ਤੋਰਿਆ, ਨਾਲ ਹੀ ਡੋਗਰਿਆਂ ਦੀ ਗਦਾਰੀ, ਅੰਗ੍ਰੇਜ਼ਾਂ ਦੀ ਕੁਟਲ ਨੀਤੀ ਅਤੇ ਸਿੱਖ ਰਾਜ ਦੀ ਡੁਬ ਰਹੀ ਬੇੜੀ ਨੂੰ ਕਿਨਾਰੇ ਲਾਉਣ ਵਾਸਤੇ ਦਿਨ ਰਾਤ ਸੋਚ ਵਿਚਾਰ ਵਿਚ ਡੁਬੇ ਰਹਿੰਦੇ ਸਨ।

ਬਾਬਾ ਮਹਾਰਾਜ ਸਿੰਘ ਜੀ ਦਾ ਜਨਮ ਪਿੰਡ ਰਬੋਂ, ਮਲੌਦ ਦੇ ਨੇੜੇ ਜ਼ਿਲ੍ਹਾ ਲੁਧਿਆਣਾ ਵਿਚ ਸੰਨ ੧੭੮੦ ਈ: ਵਿਚ ਹੋਇਆ। ਮਾਤਾ-ਪਿਤਾ ਨੇ ਨਾਮ ਨਿਹਾਲ ਸਿੰਘ ਰੱਖਿਆ। ਬਚਪਨ ਵਿਚ ਆਪ ਸੰਤ ਤੋਤਾ ਸਿੰਘ ਜੀ ਕੋਲ ਨਿਰਮਲ ਡੇਰੇ ਪਿੰਡ ਠੀਕਰੀਵਾਲੇ ਜ਼ਿਲ੍ਹਾ ਸੰਗਰੂਰ ਚਲੇ ਗਏ। ਇਥੇ ਸੇਵਾ ਕਰਦੇ, ਵਿੱਦਿਆ ਪੜ੍ਹਦੇ ਰਹੇ। ਠੀਕਰੀ ਵਾਲੇ ਤੋਂ ਸੰਤ ਸਮੁੰਦ ਸਿੰਘ ਜੀ ਮਾਹਲੋਂ ਵਾਲਿਆਂ ਕੋਲ ਚਲੇ ਗਏ।

ਇਥੇ ਆਪ ਜੀ ਨੇ ਭਾਈ ਗੁਰਦਾਸ ਜੀ ਦੀ ਬਾਣੀ, ਦਸਮ ਗ੍ਰੰਥ, ਸਾਹਿਤਜ, ਕਾਵਜ, ਨੀਤੀ, ਛੰਦ ਸ਼ਾਸਤ੍ਰ ਅੰਤੇ ਵੇਦਾਂਤ ਦੇ ਗ੍ਰੰਥਾਂ ਦਾ ਪਠਨ-ਪਾਠਨ ਕੀਤਾ। ਆਪ ਨਿਮ੍ਰਤਾ ਨਾਲ ਸੇਵਾ ਦੀ ਲਗਨ ਵਾਲੇ ਸਰਬਤ ਨਾਲ ਪ੍ਰੇਮ ਕਰਨ ਵਾਲੇ ਸਨ। ਆਪ ਜੀ ਦੇ ਮਹਾਨ ਗੁਣਾਂ ਨੂੰ ਵੇਖਕੇ ਸੰਤ ਸਮੁੰਦ ਸਿੰਘ ਜੀ ਨੇ ਅਨੁਭਵ ਕੀਤਾ ਕਿ ਨਿਹਾਲ ਸਿੰਘ ਮਹਾਨ ਆਤਮਾ ਹੈ ਜੋ ਕੌਮ ਲਈ ਚਾਨਣ ਮੁਨਾਰਾ ਬਣ ਸਕਦਾ ਹੈ। ਇਹ ਵਿਚਾਰ ਕਰਕੇ ਸਮੁੰਦ ਸਿੰਘ ਜੀ ਆਪ ਨੂੰ ਨਾਲ ਲੈ ਕੇ ਬਾਬਾ ਬੀਰ ਸਿੰਘ ਜੀ ਦੇ ਡੇਰੇ ਪੁਜੇ। ਦੂਸਰੇ ਦਿਨ ਬਾਬਾ ਬੀਰ ਸਿੰਘ ਜੀ ਨੇ ਪੰਜ ਪਿਆਰਿਆਂ ਵਿਚ ਆਪ ਸ਼ਾਮਲ ਹੋ ਕੇ ਨਿਹਾਲ ਸਿੰਘ ਨੂੰ ਅੰਮ੍ਰਿਤ ਛਕਾਇਆ। ਗੁਰੂ ਗ੍ਰੰਥ ਸਾਹਿਬ ਵਿਚੋਂ ਆਏ ਮਹਾਂਵਾਕ ਅਨੁਸਾਰ ਨਾਮ ਭਗਵਾਨ ਸਿੰਘ ਰੱਖਿਆ ਅਤੇ ਆਪ ਜੀ ਨੂੰ ਲੰਗਰ ਦੀ ਸੇਵਾ ਤੇ ਲਾ ਦਿੱਤਾ। ਬਾਬਾ ਬੀਰ ਸਿੰਘ ਜੀ ਦਾ ਮਹਾਨ/ਵਿਸ਼ਾਲ/ਅਖੰਡ ਲੰਗਰ ਸੀ, ਜੋ ਹਰ ਸਮੇਂ ਤਿਆਰ ਹੁੰਦਾ ਰਹਿੰਦਾ। ਭਾਵੇਂ ਸਾਰੇ ਲਾਂਗਰੀ ਸੇਵਾ ਦਾ ਸਾਕਾਰ ਰੂਪ ਸਨ ਪਰ ਆਪ ਜੀ ਅਤਿਅੰਤ ਨਿਮ੍ਰ, ਮਿਠ ਬੋਲੜੇ,

ਹੈ। ਉਹ ਕਹਿੰਦਾ ਹੈ ਕਿ ਮਹਾਰਾਜ ਸਿੰਘ ਅੰਮ੍ਰਿਤਸਰ ਦਾ ਪ੍ਰਭਾਵਸ਼ਾਲੀ ਸਿੱਖ ਹੈ। ਉਸ ਦੇ ਸ਼ੱਕੀ ਵਿਹਾਰ ਬਾਰੇ ਮੈਨੂੰ ਕਈ ਖ਼ਬਰਾਂ ਮਿਲ ਚੁੱਕੀਆਂ ਹਨ। ਉਹ ਅਜਿਹਾ ਹਰ ਕੰਮ ਕਰਦਾ ਹੈ ਜੋ ਉਸ ਨੂੰ ਮਹਾਰਾਣੀ ਜਿੰਦਾਂ ਆਖਦੀ ਹੈ।...

'ਅਸੀਂ ਪ੍ਰੇਮੇ ਨੂੰ ਬਾਰਾਂ ਸਰਦਾਰਾਂ ਦੇ ਅਗੇ ਪੇਸ਼ ਕੀਤਾ ਹੈ। ਉਹ ਇਹ ਸਮਝਦੇ ਹਨ ਕਿ ਪ੍ਰੇਮਾ, ਬੂਟਾ ਸਿੰਘ ਨੂੰ ਮਿਲਿਆ ਸੀ ਤੇ ਉਸ ਨੂੰ ਰਾਣੀ ਨੇ ਹੀ ਮਹਾਰਾਜ ਸਿੰਘ ਕੋਲ ਭੇਜਿਆ ਸੀ।' ਇਸੇ ਪਤ੍ਰਕਾ ਵਿਚ ਅਗੇ ਲਿਖਿਆ ਹੈ। 'ਪ੍ਰੇਮਾ ਗੱਲਾਂ ਤੇ ਕਰਦਾ ਹੈ ਕਿ ਕਈ ਸਰਦਾਰ ਇਸ ਨਾਲ ਸੰਬੰਧ ਰੱਖਦੇ ਹਨ ਪਰ ਸਬੂਤ ਕੋਈ ਨਹੀਂ ਦੇ ਸਕਦਾ।' ਇਸ ਕੇਸ ਦਾ ਸਰਕਾਰੀ ਮੁਖਬਰ ਪ੍ਰੇਮਾ ਭਾਵੇਂ ਕੋਈ ਸਬੂਤ ਨਹੀਂ ਦੇ ਸਕਿਆ ਪਰ ਫਿਰ ਵੀ ਪ੍ਰੇਮੇ ਦੀ ਮੁਖਬਰੀ ਨੂੰ ਅਧਾਰ ਬਣਾਕੇ ਫਰੰਗੀ ਨੇ ਬਾਬਾ ਮਹਾਰਾਜ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ੫੦ ਸਿਪਾਹੀ ਲੈ ਕੇ ਜੈਮਲ ਸਿੰਘ ਥਾਣੇਦਾਰ ੧੫ ਜੂਨ, ੧੮੪੭ ਨੂੰ ਬਾਬਾ ਜੀ ਦੇ ਮਥਾਨ ਤੇ ਅੰਮ੍ਰਿਤਸਰ ਆਇਆ, ਪਰ ਬਾਬਾ ਜੀ ਪਹਿਲਾਂ ਹੀ ਪਤ੍ਰਾ ਵਾਚ ਚੁੱਕੇ ਸਨ। ਗੁੱਸੇ ਵਿਚ ਥਾਣੇਦਾਰ ਨੇ ਬਾਬਾ ਜੀ ਦੀ ਨਿਗਰਾਨੀ ਲਈ ਨਿਯਤ ਕੀਤੇ ਜੀਵਨ ਸਿੰਘ ਪੁਲਸੀਏ ਨੂੰ ਗ੍ਰਿਫਤਾਰ ਕਰ ਲਿਆ ਕਿ ਬਾਬਾ ਜੀ ਨੂੰ ਇਸ ਨੇ ਹੀ ਭਜਾਇਆ ਹੈ। ਜੀਵਨ ਸਿੰਘ ਨੂੰ ਉਸ ਵੇਲੇ ਛਡਿਆ ਗਿਆ ਜਦ ਉਸ ਨੇ ਬਾਬਾ ਜੀ ਨੂੰ ਗ੍ਰਿਫਤਾਰ ਕਰਾਉਣ ਦਾ ਵਿਸ਼੍ਵਾਸ ਦੁਆਇਆ।

ਗੋਰਾਸ਼ਾਹੀ ਨੇ ਹੁਕਮ ਕੀਤਾ ਕਿ ਜੋ ਬਾਬਾ ਜੀ ਨਾਲ ਸੰਪਰਕ ਰਖੇਗਾ, ਪਨਾਹ ਦੇਵੇਗਾ ਉਸਦਾ ਘਰ-ਘਾਟ, ਜਾਇਦਾਦ, ਜਾਗੀਰ ਜ਼ਬਤ ਕੀਤੀ ਜਾਵੇਗੀ। ਬਾਬਾ ਜੀ ਦੀ ਗ੍ਰਿਫਤਾਰੀ ਲਈ ਇਕ ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਜੋ ਮਗਰੋਂ ਦਸ ਹਜ਼ਾਰ ਕਰ ਦਿੱਤਾ ਗਿਆ। ੨੩ ਜੂਨ, ੧੮੪੭ ਨੂੰ ਸ: ਲਹਿਣਾ ਸਿੰਘ ਮਜੀਠੀਏ ਨੂੰ ਹੁਕਮ ਦਿੱਤਾ ਗਿਆ ਕਿ ਉਹ ਅੰਮ੍ਰਿਤਸਰ ਜਾ ਕੇ ਬਾਬਾ ਜੀ ਦੀ ਕੁਲ ਸੰਪਤੀ (ਮਾਲ ਡੰਗਰ) ਨੀਲਾਮ ਕਰ ਦੇਣ। ਸ: ਲਹਿਣਾ ਸਿੰਘ ਨੇ ਛੇ ਹਜ਼ਾਰ ਰੁਪਏ ਵਿਚ ਸਾਰੀ ਜਾਇਦਾਦ ਦੀ ਨੀਲਾਮੀ ਕਰ ਦਿੱਤੀ। ਗਊਆਂ, ਮੱਝਾਂ, ਘੋੜੇ ਸ਼ਹਿਰ ਦੇ ਗ੍ਰੰਥੀਆਂ ਅਤੇ ਨਿਹੰਗਾਂ ਸਿੰਘਾਂ ਵਿਚ ਵੰਡ ਦਿੱਤੇ ਗਏ।

ਇਹ ਹੁਕਮ ਵੀ ਚਾਹੜਿਆ ਗਿਆ ਕਿ ਬਾਬਾ ਮਹਾਰਾਜ ਸਿੰਘ ਜੀ ਨਾਲ ਸੰਬੰਧ ਰੱਖਣ ਵਾਲਿਆਂ ਦੇ ਨੱਕ ਅਤੇ ਕੰਨ ਕੱਟ ਦਿੱਤੇ ਜਾਣਗੇ। ਅੰਗ੍ਰੇਜ਼ ਬਾਬਾ ਜੀ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਫਰੰਗੀ ਨੂੰ ਇਹ ਵੀ ਸ਼ੱਕ ਸੀ ਕਿ ਮਹਾਰਾਣੀ ਜਿੰਦਾਂ ਅਤੇ ਬਾਬਾ ਮਹਾਰਾਜ ਸਿੰਘ ਮਿਲਕੇ ਗੋਰਾਸ਼ਾਹੀ ਵਿਰੁੱਧ ਜੰਗ ਆਰੰਭ ਕਰਨਾ ਚਾਹੁੰਦੇ ਹਨ। ਇਸ ਕਰਕੇ ੧੯ ਅਗਸਤ, ੧੮੪੭ ਈ: ਵਿਚ ਮਹਾਰਾਣੀ ਨੂੰ ਕੈਦ ਕਰਕੇ ਸੇਖੂਪੁਰੇ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ।

ਲਾਹੌਰ ਦਰਬਾਰ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਵੀ ਬਾਬਾ ਜੀ ਸਿੱਖ ਫੌਜੀਆਂ ਨੂੰ ਜਥੇਬੰਦ ਕਰਦੇ ਰਹੇ। ਬਾਬਾ ਜੀ ਪੰਜਾਬ ਵਿਚ ਫੌਜੀ ਬਗਾਵਤ ਕਰਾਉਣੀ ਚਾਹੁੰਦੇ ਸਨ। ਉਨ੍ਹਾਂ ਨੇ ਤਾਰੀਖ ਵੀ ਨਿਯਤ ਕਰ ਦਿੱਤੀ ਸੀ ਪਰ ਸਫਲ ਨ ਹੋਏ। ਬਾਬਾ ਜੀ ਗੁਜ਼ਰਾਂ ਵਾਲੇ ਦੇ ਇਲਾਕੇ ਵਿਚ ਗੋਰਾਸ਼ਾਹੀ ਵਿਰੁੱਧ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਨੂੰ ਫੜ੍ਹਨ ਵਾਸਤੇ ਇਕ ਫੌਜੀ ਦਸਤਾ ਕਪਤਾਨ ਕਾਕਸ ਦੀ ਕਮਾਨ ਹੇਠ ਭੇਜਿਆ ਪਰ ਬਾਬਾ ਜੀ ਅਲੋਪ ਹੋ ਗਏ। ਹੁਣ ਬਾਬਾ ਜੀ ਅਤੇ ਫਰੰਗੀ ਦੀ ਫੌਜ ਲੁਕਣਮੀਟੀ ਖੇਡਨ ਲੱਗੀ। ਕਪਤਾਨ ਕਾਕਸ ਨੂੰ ਪਤਾ ਲੱਗਾ ਬਾਬਾ ਜੀ ਸੇਖੂਪੁਰੇ ਦੇ ਇਲਾਕੇ ਵਿਚ ਫਿਰ ਰਹੇ ਹਨ। ਉਸ ਨੇ ਬਾਬਾ ਜੀ ਨੂੰ ਘੇਰਨ ਦਾ ਯਤਨ ਕੀਤਾ ਪਰ ਅਸਫਲ ਹੋਇਆ। ਮੁੜ ਸਾਵਧਾਨ ਹੋਕੇ ਚਾਰ ਸੌ ਗੋਰੇ ਸਿਪਾਹੀਆਂ ਨਾਲ ਬਾਬਾ ਜੀ ਦਾ ਪਿਛਾ ਕਰਨ ਲੱਗਾ ਪਰ ਬਾਬਾ ਜੀ ਝੰਗ ਵਲ ਨਿਕਲ ਗਏ। ਅੰਗ੍ਰੇਜ਼ਾਂ ਨੇ ਝੰਗ ਵੱਲ ਇਕ ਮਾਲੀ ਸਿੰਘ ਨੂੰ ਦੋ ਸੌ ਸਵਾਰ ਦੇਕੇ ਅਗੋਂ ਰੋਕਣ ਦਾ ਯਤਨ ਕੀਤਾ ਪਰ ਬਾਬਾ ਜੀ ਸ਼ੇਰਕੋਟ ਨੂੰ ਚਲੇ ਗਏ, ਇਥੋਂ ਮੁੜ ਝੰਗ ਪਹੁੰਚ ਗਏ। ਜਨ ਸਾਧਾਰਣ ਲੋਕਾਂ ਨੇ ਅਕਹਿ ਸਤਿਕਾਰ ਕੀਤਾ। ੨੫੦੦੦/- ਰੁਪਏ ਤੇ ਹੋਰ ਸਮਾਨ ਸਮਰਪਣ ਕੀਤਾ, ਲੋਕਾਂ ਦਾ ਅਥਾਹ ਜੋਸ਼ ਵੇਖ ਕੇ ਅੰਗ੍ਰੇਜ਼ ਨੂੰ ਤਾਪ ਚੜ੍ਹ ਗਿਆ।

ਲਾਹੌਰ ਵਿਚ ਖਬਰ ਪੁਜੀ ਕਿ ਬਾਬਾ ਜੀ ਅਠ ਹਜ਼ਾਰ ਸਾਥੀਆਂ ਸਮੇਤ ਚਨਾਬ (ਨਦੀ) ਵਿਚ ਡੁਬ ਗਏ ਹਨ। ਫਰੰਗੀ ਦੇ ਸਾਹ ਵਿਚ ਸਾਹ ਆਇਆ। ਝੰਗ ਤੋਂ ਬਾਬਾ ਜੀ ਮੁਲਤਾਨ ਨੂੰ ਚਲੇ ਗਏ ਅਤੇ ਰਸਤੇ ਵਿਚ ਕਮਾਲੀਏ ਨੇੜੇ ਕਾਕਸ ਨੇ ਘੇਰਨ ਦਾ ਯਤਨ ਕੀਤਾ ਪਰ ਬਾਬਾ ਜੀ ਉਸ ਦੇ ਅਖੀਂ ਘਟਾ ਪਾ ਕੇ ਨਿਕਲ ਗਏ। ਕਾਕਸ ਮੂੰਹ ਵੇਖਦਾ ਰਹਿ ਗਿਆ। ਬੱਾਬਾ ਜੀ ਮੂਲਰਾਜ ਅਤੇ ਸ: ਸ਼ੇਰ ਸਿੰਘ ਵਰਗੇ ਅੰਗ੍ਰੇਜ਼ ਵਿਰੋਧੀਆਂ ਨੂੰ ਮਿਲਦੇ ਹੋਏ ਯੋਜਨਾ ਘੜਦੇ ਅਗੇ ਵਧਦੇ ਰਹੇ।

ਡੋਗਰਾਗਰਦੀ ਦੀਆਂ ਚਾਲਾਂ ਕਾਰਨ ਦੁਰਭਾਗਵਸ ਸਿੱਖ ਮੁਲਤਾਨ, ਚੇਲਿਆਂਵਾਲੀ, ਗੁਜਰਾਤ ਅਤੇ ਰਾਮਨਗਰ ਦੀਆਂ ਲੜਾਈਆਂ ਹਾਰ ਗਏ। ਸਭ ਨੇ ਅੰਗ੍ਰੇਜ਼ਾਂ ਅਗੇ ਹਥਿਆਰ ਸੁਟ ਦਿੱਤੇ ਪਰ ਬਾਬਾ ਬਿਕ੍ਰਮ ਸਿੰਘ ਊਨੇ ਵਾਲੇ, ਕਰਨਲ ਰਛਪਾਲ ਸਿੰਘ ਅਤੇ ਬਾਬਾ ਮਹਾਰਾਜ ਸਿੰਘ ਨੇ ਹਥਿਆਰ ਨਹੀਂ ਸੁਟੇ। ਇਹ ਸੁਤੰਤ੍ਰਤਾ ਸੰਗ੍ਰਾਮ ਲਈ ਉਸੀ ਤਰ੍ਹਾਂ ਮੈਦਾਨ ਵਿਚ ਡਟੇ ਰਹੇ। ਬਾਬਾ ਮਹਾਰਾਜ ਸਿੰਘ ਜੀ ਦੇ ਮੈਦਾਨ ਵਿਚ ਸਰਗਰਮ ਰਹਿਣ ਬਾਰੇ ਗੁਪਤਚਰ ਵਿਭਾਗ ਨੇ ਆਪਣੀ ਟਿਪਣੀ ਇਸ ਤਰ੍ਹਾਂ ਕੀਤੀ ਸੀ:

ਦਸਤਾਵੇਜ਼ ਨੰ. ੬

ਵੱਲੋਂ

ਬਦੇਸ਼ ਵਿਭਾਗ (ਗੁਪਤ) ਕੈਂਪ ਫਿਰੋਜ਼ਪੁਰ

ਸੇਵਾ ਵਿਖੇ ੨੪ ਮਾਰਚ, ੧੮੪੯

ਸਤਿਕਾਰ ਯੋਗ ਮੈਂਬਰਾਨ ਖੁਫੀਆ ਕਮੇਟੀ

ਸ੍ਰੀ ਮਾਨ ਜੀਓ, ਨੰ: ੧੮

ਭਾਈ ਮਹਾਰਾਜ ਸਿੰਘ (ਜੋ ਅਜੇ ਜਿਉਂਦੇ ਜਾਪਦੇ ਹਨ) ਅਤੇ ਕਰਨਲ ਰਛਪਾਲ ਸਿੰਘ ਨੂੰ ਛੱਡਕੇ, ਬਾਕੀ ਸਭ ਸਰਦਾਰਾਂ ਨੇ ਹਥਿਆਰ ਸੁੱਟ ਦਿੱਤੇ ਹਨ। ਇਹ ਦੋਵੇਂ ਵਿਅਕਤੀ ਭਗੌੜੇ ਹੋ ਗਏ ਹਨ ਪਰ ਇਹਨਾਂ ਦੇ ਮਗਰ ਲੱਗਣ ਵਾਲੇ ਕੋਈ ਨਹੀਂ ਹਨ।

ਮੈਂ ਹਾਂ

ਦਸਤਖਤ/- ਐਚ.ਐਮ. ਇਲੀਅਟ

Sd/-H.M. Eliot

ਬਾਬਾ ਜੀ ਅਟਕ ਦੇ ਕੋਲ ਮੁੜ ਅੰਗ੍ਰੇਜ਼ਾਂ ਨਾਲ ਲੜਨਾ ਚਾਹੁੰਦੇ ਸਨ ਪਰ ਸ: ਚਤਰ ਸਿੰਘ ਅਤੇ ਸ: ਸ਼ੇਰ ਸਿੰਘ ਸਹਿਮਤ ਨ ਹੋਏ। ਬਾਬਾ ਜੀ ਰਾਵਲਪਿੰਡੀ ਤੋਂ ਅਲੋਪ ਹੋ ਕੇ ਸਿੱਖ ਫੌਜਾਂ ਨੂੰ ਜਥੇਬੰਦ ਕਰਨ ਲੱਗ ਪਏ ਅਤੇ ਦੇਵੀ ਬਟਾਲਾ, ਚੰਬੀ (ਕਸ਼ਮੀਰ) ਵਲ ਚਲੇ ਗਏ। ਮਾਝਾ, ਮਾਲਵਾ ਅਤੇ ਦੁਆਬਾ ਬਾਬਾ ਜੀ ਦਾ ਅਤਿ ਸਤਿਕਾਰ ਕਰਦਾ ਸੀ। ਅਮੀਰ ਕਾਬਲ ਨਾਲ ਸਿਧੀ ਜਾਣ-ਪਛਾਣ ਸੀ। ਦੋਨਾਂ ਵਿਚ ਚਿੱਠੀ ਪਤ੍ਰ ਚੱਲਦਾ ਸੀ। ਹੁਣ ਬਾਬਾ ਜੀ ਨੇ ਗੁਰੀਲਾ ਜੰਗ ਕਰਨ ਦੀ ਨੀਤੀ ਬਣਾਈ। ਰਾਜਾ ਗੁਲਾਬ ਸਿਹੁੰ ਡੋਗਰੇ ਦਾ ਸਪੁਤ੍ਰ ਕੰਵਰ ਰਣਬੀਰ ਸਿੰਘ ਦਾਣੇ-ਪਠੇ (ਰਾਸ਼ਨ) ਦੀ ਗੁਪਤ ਸਹਾਇਤਾ ਕਰਦਾ ਰਿਹਾ।

ਬਾਬਾ ਜੀ ਮਹਾਰਾਣੀ ਜਿੰਦਾਂ ਨੂੰ ਅਤੇ ਮਹਾਰਾਜ ਦਲੀਪ ਸਿੰਘ ਨੂੰ ਗੋਰਿਆਂ ਦੇ ਪੰਜੇ ਵਿਚੋਂ ਕੱਢਕੇ ਆਪਣੀ ਛਤ੍ਰ ਛਾਇਆ ਹੇਠ ਰੱਖਕੇ ਉਨ੍ਹਾਂ ਦੇ ਨਾਮ ਤੇ ਜੰਗ ਕਰਨਾ ਚਾਹੁੰਦੇ ਸਨ। ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਕਬਜੇ ਵਿਚ ਕਰਨ ਲਈ ਆਪਣੇ ਸ਼ਿਸ਼ ਸੰਤ ਰਾਮ ਸਿੰਘ ਦੀ ਡਿਊਟੀ ਲਾਈ ਅਤੇ ਨਾਲ ਵਿਸ਼੍ਵਾਸਪਾਤ੍ਰ ੭ ਸਿੰਘ ਅਤੇ ੧੧੦੦/- ਰੁਪਏ ਦਿੱਤੇ। ਇਹ ਜੱਥਾ ਲਾਹੌਰ ਜਾਕੇ ਇਕ ਧਰਮਸ਼ਾਲਾ ਵਿਚ ਠਹਰਿਆ ਅਤੇ ਸ਼ੱਕ ਦੇ ਕਾਰਣ ਗ੍ਰਿਫਤਾਰ ਕੀਤਾ ਗਿਆ।

ਅੰਗ੍ਰੇਜ਼ਾਂ ਨੇ ਇਸੇ ਕਾਰਨ ਮਹਾਰਾਣੀ ਨੂੰ ਸੇਖੂਪੁਰੇ ਦੇ ਕਿਲੇ ਵਿਚੋਂ ਕੱਢਕੇ ਕੁਝ ਦਿਨ ਇਲਾਹਬਾਦ, ਬਨਾਰਸ ਵਿਚ ਰੱਖਕੇ ਚਨਾਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਮਹਾਰਾਜਾ ਦਲੀਪ ਸਿੰਘ ਨੂੰ ਵੀ ਪੰਜਾਬ ਤੋਂ ਬਾਹਰ ਲੈ ਜਾਣ ਦੀ ਯੋਜਨਾ ਘੜੀ ਗਈ।

ਬਾਬਾ ਜੀ ਜੰਮੂ ਦੇ ਇਲਾਕੇ ਵਿਚੋਂ ਸੂਜੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆ ਗਏ। ਅੰਗ੍ਰੇਜ਼ ਸਾਮਰਾਜ ਦੇ ਵਿਰੁੱਧ ਲੜਨ ਲਈ ਮਾਝੇ ਅਤੇ ਦੁਆਬੇ ਦੇ ਸਿੰਘਾਂ ਨੂੰ ਜਥੇਬੰਦ ਕਰਨ ਲਗੇ।

ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਅਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਦੇ ਹੋਏ ਆਦਮਪੁਰ ਜ਼ਿਲ੍ਹਾ ਜਲੰਧਰ ਵਿਖੇ ਇਕ ਜੰਗਲ ਵਿਚ ਮੀਟਿੰਗ ਕਰ ਰਹੇ ਸਨ ਜੋ ਇਥੋਂ ਅੰਮ੍ਰਿਤਸਰ ਜਾ ਕੇ ਮਾਝੇ ਵਿਚ ਅਜ਼ਾਦੀ ਪਰਵਾਨਿਆਂ ਨੂੰ ਜਥੇਬੰਦ ਕਰਨਾ ਚਾਹੁੰਦੇ ਸਨ। ਇਕ ਮੁਖਬਰ ਨੇ ੨੯ ਦਸੰਬਰ, ੧੮੪੯ ਨੂੰ ਜਲੰਧਰ ਦੇ ਡਿਪਟੀ ਕਮਿਸ਼ਨਰ ਹੈਨਰੀ ਵੈਨਸਟਾਰਟ ਨੂੰ ਖ਼ਬਰ ਦਿੱਤੀ ਕਿ ਬਾਬਾ ਜੀ ਇਸ ਵੇਲੇ ਆਦਮਪੁਰ ਦੀ ਝਿੜੀ ਵਿਚ ਹਨ। ਡਿਪਟੀ ਕਮਿਸ਼ਨਰ ੩੦-੪੦ ਸਿਪਾਹੀ ਤੇ ਇਕ ਕੋਤਵਾਲ ਨੂੰ ਨਾਲ ਲੈ ਕੇ ਉਸੇ ਵੇਲੇ ਆਦਮਪੁਰ ਨੂੰ ਚੱਲ ਪਿਆ। ਜਾਂਦਿਆਂ ਨੂੰ ਰਾਤ ਪੈ ਚੁੱਕੀ ਸੀ, ਚੰਦ ਚੜ੍ਹਿਆ ਹੋਇਆ ਸੀ। ਸਿਪਾਹੀਆਂ ਨੇ ਫੜਲੌ-ਫੜਲੌ ਦਾ ਰੌਲਾ ਪਾਇਆ। ਪਹਿਲਾਂ ਛੇ ਆਦਮੀ ਨਿਕਲੇ ਅਤੇ ਇਕ ਨੇ ਡੀ.ਸੀ. ਤੇ ਬਰਸੀ ਨਾਲ ਵਾਰ ਕੀਤਾ, ਪਰ ਡੀ.ਸੀ. ਨੇ ਪਸਤੌਲ ਨਾਲ ਗੋਲੀ ਮਾਰਕੇ ਉਸ ਦੀ ਬਾਂਹ ਨੂੰ ਨਿਕਾਰਾ ਕਰ ਦਿੱਤਾ। ਉਸ ਤੋਂ ਬਾਅਦ ਡੀ.ਸੀ. ਦੀ ਆਗਿਆ ਅਨੁਸਾਰ ਘੇਰਾ ਤੰਗ ਕਰਦੇ ਹੋਏ ਅਗੇ ਵਧੇ ਅਤੇ ਬਾਬਾ ਮਹਾਰਾਜ ਸਿੰਘ ਜੀ ਨੂੰ ੨੧ ਸਿੰਘਾਂ ਸਮੇਤ ਗ੍ਰਿਫਤਾਰ ਕਰ ਲਿਆ। ਇਨ੍ਹਾਂ ਸਿੰਘਾਂ ਵਿਚ ਬਹੁਤੇ ਦੁਆਬੇ ਦੇ ਸਨ।

ਬਾਬਾ ਜੀ ਨੂੰ ਜੇਲ੍ਹ ਵਿਚ ਬੰਦ ਕਰਨ ਸਮੇਂ ਜਾਮਾ ਤਲਾਸ਼ੀ ਲਈ ਗਈ ਜਿਸ ਵਿਚੋਂ ਇਕ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਅਤੇ ਇਕ ਚਿੱਠੀ ਦੋਸਤ ਮੁਹੰਮਦ ਖਾਂ ਅਮੀਰ ਕਾਬਲ ਦੀ ਮਿਲੀ।

ਡੀ.ਸੀ. ਨੇ ੨੯ ਅਤੇ ੩੦ ਦਸੰਬਰ ੧੮੪੯ ਨੂੰ ਮਿ: ਮੈਕਲੌਡ ਕਮਿਸ਼ਨਰ ਤੇ ਸੁਪਰਡੈਂਟ ਜਲੰਧਰ ਡਵੀਜ਼ਨ ਨੂੰ ਦੋ ਚਿੱਠੀਆਂ ਲਿਖੀਆਂ ਜਿਨ੍ਹਾਂ ਵਿਚ ਦਰਜ ਸੀ ਕਿ ਮਹਾਰਾਜ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਸਾਥੀਆਂ ਸਮੇਤ ਜਲੰਧਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ। ਸਿੱਖ ਗਾਰਡ ਨੇ ਮਹਾਰਾਜ ਸਿੰਘ ਨੂੰ ਨਮਸਕਾਰ ਕੀਤੀ ਹੈ। ਸਾਰਾ ਦਿਨ ਹਿੰਦੂ ਉਨ੍ਹਾਂ ਦੇ ਦਰਸ਼ਨਾਂ ਨੂੰ ਜੇਲ੍ਹ ਦੀ ਪਰਿਕ੍ਰਮਾ ਕਰਦੇ ਰਹੇ ਹਨ।

ਬਾਬਾ ਜੀ ਦਾ ਜਨ ਸਾਧਾਰਣ ਵਿਚ ਪਰਮ ਸਤਿਕਾਰ ਵੇਖਵੇ ਡੀ.ਸੀ. ਨੂੰ ਸ਼ੱਕ ਹੋਇਆ ਕਿ ਪਹਿਰੇ ਤੇ ਲੱਗੇ ਸਿੱਖ ਸਿਪਾਹੀ ਕਿਤੇ ਬਗਾਵਤ ਨ ਕਰ ਦੇਣ। ਸਿੱਖਾਂ ਦੀ ਥਾਂ ਤੇ ਮੁਸਲਮਾਨ ਅਤੇ ਅੰਗ੍ਰੇਜ਼ ਸਿਪਾਹੀਆਂ ਨੂੰ ਪਹਿਰੇ ਉੱਤੇ ਲਾਇਆ ਗਿਆ। ਜਲੰਧਰ ਛਾਉਣੀ ਵਿਚ ਸਖਤ ਪਹਿਰੇ ਹੇਠ ਦੋ ਦਿਨ ਰੱਖਿਆ ਗਿਆ। ਬਾਬਾ ਜੀ ਦੀ ਗ੍ਰਿਫਤਾਰੀ ਦੀ ਗੋਰਾਸ਼ਾਹੀ ਵਿਚ ਅਥਾਹ ਖੁਸ਼ੀ ਮਨਾਈ ਗਈ। ਇਸ ਦਾ ਵੇਰਵਾ ਹੇਠਲੇ ਦਸਤਾਵੇਜ਼ ਤੋਂ ਮਿਲਦਾ ਹੈ:

ਵੱਲੋਂ

ਹੈਨਰੀ ਵੈਨਸਿੱਟਰਟ ਐਸਕੁਆਇਰ

ਡਿਪਟੀ ਕਮਿਸ਼ਨਰ, ਜਲੰਧਰ।

ਸੇਵਾ ਵਿਖੇ

ਡੀ.ਐਫ. ਮੈਕਲਾਉਡ ਐਸਕੁਆਇਰ,

ਕਮਿਸ਼ਨਰ ਅਤੇ ਸੁਪਰਿੰਟੈਂਡੈਂਟ,

ਟਰਾਂਸ ਸਤਲੁਜ।

ਦਫਤਰ, ਡਿਪਟੀ ਕਮਿਸ਼ਨਰ

ਜਲੰਧਰ

੩੦ ਦਸੰਬਰ, ੧੮੪੯

ਸ੍ਰੀਮਾਨ ਜੀ,

੧. ਜਦੋਂ ਮਹਾਰਾਜ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਜੇਲ੍ਹ ਲਿਜਾਇਆ ਗਿਆ ਤਾਂ ਸਿੱਖ ਗਾਰਦਾਂ (Sikh Guards) ਵਿਚੋਂ ਕਈਆਂ ਨੇ ਉਸ ਅੱਗੇ ਸਿਰ ਝੁਕਾਇਆ। ਸਾਰਾ ਦਿਨ ਅਨੇਕਾਂ

ਹਿੰਦੂ (ਭਾਵ ਸਿੱਖਾਂ) ਉਸ ਇਮਾਰਤ ਦੇ ਦਰਸ਼ਨ ਕਰਨ ਲਈ ਜੇਲ੍ਹ ਦੁਆਲੇ ਇਕੱਠੇ ਹੁੰਦੇ ਰਹੇ ਜਿਸ ਵਿਚ ਉਸ ਨੂੰ ਕੈਦ ਕੀਤਾ ਹੋਇਆ ਸੀ, ਅਤੇ ਮੈਂ ਜੋ ਹੁਣ ਤਕ ਹਿੰਦੂ ਲੋਕਾਂ ਵਿਚ ਹਰਮਨ ਪਿਆਰਾ ਸਾਂ ਇਸ ਵੇਲੇ ਉਹਨਾਂ ਦੀ ਘ੍ਰਿਣਾ ਦਾ ਪਾਤਰ ਬਣ ਗਿਆ ਹਾਂ।

੨. ਇਸ ਦੇ ਨਾਲ ਹੀ ਜਦੋਂ ਮੈਂ ਉਹ ਤੱਥ ਵੀ ਜੋੜਦਾ ਹਾਂ ਜਿਸ ਬਾਰੇ ਮੈਨੂੰ ਪੱਕਾ ਵਿਸ਼ਵਾਸ ਹੋ ਚੁੱਕਾ ਹੈ ਕਿ ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਿਆ ਹੋਣਾ ਹੈ ਜਦੋਂ ਸੈਂਕੜੇ ਸ਼ਰਧਾਲੂਆਂ ਨੇ ਉਸ ਦੀ ਅਰਾਧਨਾ ਨਾ ਕੀਤੀ ਹੋਵੇ, ਅਤੇ ਦੁਆਬੇ ਵਿਚ ਆਲੇ-ਦੁਆਲੇ ਦੇ ਸਾਰੇ ਪਿੰਡਾਂ ਵਿਚ ਹੀ ਲੋਕਾਂ ਨੂੰ ਉਸ ਦੀ ਇਸ ਇਲਾਕੇ ਵਿਚ ਮੌਜੂਦਗੀ ਬਾਰੇ ਬੜੀ ਚੰਗੀ ਤਰ੍ਹਾਂ ਪਤਾ ਸੀ ਅਤੇ ਇਕ ਅਜਿਹੀ ਵਿਉਂਤ ਬਣਾਈ ਜਾ ਰਹੀ ਸੀ ਜਿਸ ਨੂੰ ਅਮਲ ਵਿਚ ਲਿਆਉਣ ਲਈ ਬੁੱਧਵਾਰ ਦਾ ਦਿਨ ਮਿਥਿਆ ਗਿਆ ਸੀ ਅਤੇ ਉਸ ਦਿਨ ਦੀ ਰਾਤ ਨੂੰ ਹਜ਼ਾਰਾਂ ਦੀ ਸੰਖਿਆ ਵਿਚ ਆਦਮੀਆਂ ਨੇ ਇਕੱਠੇ ਹੋ ਕੇ ਇਸ ਵਿਉਂਤ ਨੂੰ ਅਮਲ ਵਿਚ ਲਿਆਉਣਾ ਸੀ, ਚਾਹੇ ਇਹ ਵਿਉਂਤ ਕੁਝ ਵੀ ਹੋਵੇ- ਜਦੋਂ ਇਹ ਤੱਥ ਮੇਰੇ ਵਿਸ਼ਵਾਸ ਅਨੁਸਾਰ ਸਿੱਧ ਹੋ ਚੁੱਕਾ ਹੈ ਤਾਂ ਮੈਂ ਇਹ ਗੱਲ ਜ਼ੋਰ ਦੇ ਕੇ ਆਖਦਾ ਹਾਂ ਕਿ ਗੁਰੂ ਨੂੰ ਹਿਰਾਸਤ ਵਿਚ ਰੱਖਣ ਲਈ ਜਲੰਧਰ ਕੋਈ ਸੁਰੱਖਿਅਤ ਥਾਂ ਨਹੀਂ ਹੈ, ਅਤੇ ਸਭ ਤੋਂ ਘੱਟ ਸੁਰੱਖਿਅਤਾ ਸਿੱਖ ਬਟਾਲੀਅਨ ਦੇ ਪਹਿਰੇਦਾਰਾਂ ਕਰਕੇ ਉਤਨਾ ਚਿਰ ਰਹੇਗੀ ਜਦੋਂ ਤਕ ਉਹਨਾਂ ਨੂੰ ਇਕ ਯੂਰਪੀਨ ਅਫ਼ਸਰ ਦੀ ਸਿੱਧੀ ਨਿਗਰਾਨੀ ਅਧੀਨ ਨਹੀਂ ਰੱਖਿਆ ਜਾਂਦਾ।

੩. ਵੱਧ ਤੋਂ ਵੱਧ ਤਨਖਾਹ ਜੋ ਮੈਂ ਇਕ ਦਰੋਗੇ ਨੂੰ ਦੇ ਸਕਦਾ ਹਾਂ ਉਹ ੩੬੦ ਰੁਪਏ ਸਾਲਾਨਾ ਹੈ। ਕੱਲ੍ਹ ਤਕ ਜੇਕਰ ਅਜਿਹੀਆਂ ਸੰਭਾਵਨਾਵਾਂ ਪੈਦਾ ਹੋ ਜਾਣ ਕਿ ਇਸ ਆਦਮੀ ਦੀ ਰਿਹਾਈ ਖਰੀਦੀ ਜਾ ਸਕਦੀ ਹੋਵੇ ਤਾਂ ਮੈਂ ਦੋ ਲੱਖ ਰੁਪਏ ਇਕੱਠੇ ਕਰਨ ਤਕ ਵੀ ਚਲਾ ਜਾਵਾਂਗਾ। ਗੁਰੂ ਕੋਈ ਸਾਧਾਰਨ ਆਦਮੀ ਨਹੀਂ ਹੈ। ਦੇਸ਼ ਦੇ ਲੋਕਾਂ ਲਈ ਉਹ ਉਹੋ ਕੁਝ ਹੈ ਜੋ ਅਤਿ ਸ਼ਰਧਾਵਾਨ ਈਸਾਈਆਂ ਲਈ ਯਿਸੂ ਮਸੀਹ। ਉਸ ਦੀਆਂ ਕਰਾਮਾਤਾਂ ਹਜ਼ਾਰਾਂ ਲੋਕਾਂ ਨੇ ਵੇਖੀਆਂ ਹਨ ਅਤੇ ਉਨ੍ਹਾਂ ਉੱਤੇ ਪ੍ਰਾਚੀਨ ਸਮੇਂ ਦੇ ਪੈਗੰਬਰਾਂ ਦੀਆਂ ਕਰਾਮਾਤਾਂ ਨਾਲੋਂ ਵੀ ਵਧੇਰੇ ਅਸਾਨੀ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ।

੪. ਪਰ ਹੁਣ ਇਸ ਪੁਰਸ਼ ਨੂੰ ਕਾਬੂ ਕਰ ਲਿਆ ਗਿਆ ਹੈ ਤੇ ਉਹ ਸਾਰੀ ਤਾਕਤ ਜੋ ਪਟਿਆਲੇ ਤੋਂ ਪੇਸ਼ਾਵਰ ਤੱਕ ਦੇ ਸਿੱਖ ਮਨਾਂ ਨੂੰ ਹਲੂਣ ਸੁਟਦੀ ਸੀ ਬੜੀ ਤੇਜ਼ੀ ਨਾਲ ਖੁਰ ਰਹੀ ਹੈ। ਇਹ ਪੁਰਸ਼ ਜੋ ਕਦੇ ਰੱਬ ਸੀ ਹੁਣ ਸਾਡੇ ਹੱਥਾਂ ਵਿਚ (ਜੇਕਰ ਉਹ ਸਾਡੀ ਨਿਗਰਾਨੀ ਤੋਂ ਨਾ ਬਚ ਨਿਕਲੇ) ਇਕ ਆਮ ਆਦਮੀ ਹੈ ਅਤੇ ਉਸ ਦੀਆਂ ਯੋਜਨਾਵਾਂ ਜੋ ਅਜੇ ਅੱਧ-ਵਿਚਾਲੇ ਸਨ ਅਸਫਲ ਬਣਾ ਦਿੱਤੀਆਂ ਗਈਆਂ ਹਨ।

੫. ਜਦੋਂ ਮੈਂ ਇਨ੍ਹਾਂ ਯੋਜਨਾਵਾਂ ਬਾਰੇ ਲਿਖਦਾ ਹਾਂ ਤਾਂ ਤੁਸੀਂ ਮੈਨੂੰ ਪੁੱਛੋਗੇ ਕਿ ਤੇਰੇ ਕੋਲ ਇਸ ਦਾ ਕੀ ਸਬੂਤ ਹੈ। ਤਾਂ ਮੈਨੂੰ ਉੱਤਰ ਦੇਣਾ ਪਏਗਾ-ਕੋਈ ਨਹੀਂ। ਜੋ ਵਿਅਕਤੀ ਹੁਣ ਤਕ ਫੜੇ ਗਏ ਹਨ ਉਹਨਾਂ ਨੇ ਇਸ ਬਾਰੇ ਬਿਲਕੁਲ ਮੂੰਹ ਨਹੀਂ ਖੋਲ੍ਹਿਆ। ਅਤੇ ਸੱਚੀ ਗੱਲ ਹੈ ਨਾ ਹੀ ਖੁਦ ਮਹਾਰਾਜ ਸਿੰਘ ਨੂੰ ਇਸ ਬਾਰੇ ਪੁੱਛਣ ਦੀ ਮੇਰੀ ਕੋਈ ਇੱਛਾ ਹੈ। ਇਸ ਵੇਲੇ ਤਾਂ ਉਸ ਦੇ ਮਨ ਵਿਚ ਇਹ ਵਾਦ-ਵਿਵਾਦ ਚੱਲ ਰਿਹਾ ਹੈ ਕਿ ਕੀ ਉਸ ਨੂੰ ਹਰ ਪ੍ਰਕਾਰ ਦੇ ਭੋਜਨ ਦਾ ਤਿਆਗ ਕਰਕੇ ਭੁੱਖੇ ਮਰ ਜਾਣਾ ਚਾਹੀਦਾ ਹੈ ਜਾਂ ਨਹੀਂ। ਉਸ ਦਾ ਦ੍ਰਿੜ੍ਹ ਇਰਾਦਾ ੩੮ ਘੰਟੇ ਤਕ ਤਾਂ ਕਾਇਮ ਰਿਹਾ ਹੈ ਅਤੇ ਇਹ ਫੈਸਲਾ ਤਾਂ ਉਸ ਨੇ ਆਪ ਕਰਨਾ ਹੈ ਕਿ ਕੀ ਉਹ ਇਸ ਪ੍ਰਕਾਰ ਦੀ ਮੌਤ ਮਰ ਕੇ ਆਪਣੇ ਪੈਰੋਕਾਰਾਂ ਦੇ ਦਿਲਾਂ ਵਿਚ ਆਪਣਾ ਅਮਿਟ ਨਾਂ ਛੱਡ ਜਾਵੇ ਜਾਂ ਆਪਣੇ ਜੀਵਨ ਦੇ ਬਾਕੀ ਦਿਨ, ਜੋ ਵੀ ਉਸ ਨੂੰ ਈਸ਼ਵਰ ਜਾਂ ਸਰਕਾਰ ਨੇ ਬਖਸ਼ਣੇ ਹਨ, ਵਾਸਤਵਿਕ ਤੌਰ 'ਤੇ ਸ਼ਰਮਿੰਦਗੀ ਵਾਲਾ ਜੀਵਨ ਜਿਉਣ ਵਿਚ ਬਿਤਾਵੇ। ਪਰ ਭਾਵੇਂ ਇਸ ਗੱਲ ਦਾ ਸਬੂਤ ਤਾਂ ਮੇਰੇ ਕੋਲ ਕੋਈ ਨਹੀਂ, ਫਿਰ ਵੀ ਜਿਸ ਪ੍ਰਕਾਰ ਮੈਂ ਲੋਕਾਂ ਵਿਚ ਵਿਚਰਦਾ ਹਾਂ, ਮੇਰੇ ਮਨ ਵਿਚ ਇਹ ਵਿਸ਼ਵਾਸ ਕਮਜ਼ੋਰ ਨਹੀਂ ਹੋਇਆ।

੬. ਇਸ ਲਈ ਮੈਂ ਇਹ ਗੱਲ ਲਿਖਦਾ ਹਾਂ ਕਿ ਜੇਕਰ ਸਿੱਖ ਸੈਨਾ ਦੇ ਉਪ-ਕਮਾਂਡਰ ਕੈਪਟਨ ਟਰਨਰ ਨੇ ਇਸ ਵਿਅਕਤੀ (ਮਹਾਰਾਜ ਸਿੰਘ) ਦੀ ਸੰਭਾਲ ਦੀ ਜ਼ਿੰਮੇਵਾਰੀ ਨਾ ਲਈ (ਭਾਵੇਂ ਉਸ ਨੇ ਵਾਅਦਾ ਕੀਤਾ ਹੈ ਕਿ ਹੁਸ਼ਿਆਰਪੁਰ ਤੋਂ ਹੁਕਮ ਮਿਲਣ ਦੀ ਹਾਲਤ ਵਿਚ ਉਹ ਅਜਿਹਾ ਕਰੇਗਾ) ਤਾਂ ਮੈਂ ਇਸ ਗ੍ਰੋਹ ਨੂੰ ਜਾਂ ਤਾਂ ਬਰੀ-ਗੇਡੀਅਰ ਵੀਲਰ ਸੀ.ਬੀ. ਦੀ ਸੁਰੱਖਿਅਤ ਹਿਰਾਸਤ ਵਿਚ ਦੇ ਦਿਆਂਗਾ ਜਾਂ ਫਿਰ ਜੇਲ੍ਹ ਵਿਚ (ਪਹਿਰੇ ਤੇ ਲੱਗੇ) ਸਿੱਖ ਸੈਨਿਕਾਂ ਨੂੰ ਉਥੋਂ ਹਟਾ ਕੇ ਉਹਨਾਂ ਦੀ ਥਾਂ ਤੇ ਮੁਸਲਮਾਨ ਚਪੜਾਸੀਆਂ ਨੂੰ ਲਗਾ ਦਿਆਂਗਾ ਅਤੇ ਫਾਟਕ ਦੇ ਬਾਹਰ ਗਸ਼ਤ ਕਰਨ ਲਈ ਵੱਡੀ ਸੰਖਿਆ ਵਿਚ ਅਨਿਯਮਤ ਘੋੜ-ਸਵਾਰ (Irregular Horse) ਨਿਯੁਕਤ ਕਰ ਦੇਵਾਂਗਾ।

੭. ਮੇਰੀ ਇੱਛਾ ਤਾਂ ਇਹੋ ਰਹੀ ਹੈ ਕਿ ਮੈਂ ਇਸ ਪੁਰਸ਼ ਦੀ ਮਹੱਤਤਾ ਤੇ ਜ਼ੋਰ ਨਾ ਦੇਵਾਂ ਤੇ ਇਸ ਨਾਲ ਇਕ ਸਧਾਰਨ ਕੈਦੀ ਵਰਗਾ ਹੀ ਸਲੂਕ ਕਰਾਂ ਪਰ ਮੈਂ ਨਾ ਤਾਂ ਸਾਰੇ ਦੇਸ਼ ਦੀ ਧਾਰਮਿਕ ਕੱਟੜਤਾ ਦਾ ਅਤੇ ਨਾ ਹੀ ਇਕ ਮਹਾਨ ਕੌਮ ਦੀ ਸਾਂਝੀ ਦੌਲਤ ਦਾ ਵਿਰੋਧ ਕਰਨ ਦੇ ਯੋਗ ਹਾਂ।

੮. ਅਤੇ ਜੇਕਰ ਮਹਾਰਾਜ ਸਿੰਘ ਬਚ ਕੇ ਨਿਕਲ ਗਿਆ ਅਤੇ ਦੁਬਾਰਾ ਨਾ ਫੜਿਆ ਜਾ ਸਕਿਆ ਤਾਂ ਸਿੱਖ ਕੌਮ ਦੀ ਸੋਚ ਮਿਲ ਕੇ ਇਕ ਵਿਅਕਤੀ (ਮਹਾਰਾਜ ਸਿੰਘ) ਦੀ ਸੋਚ ਬਣ ਜਾਵੇਗੀ। ਅਜਿਹੀ ਹਾਲਤ ਨਾਲੋਂ ਤਾਂ ਮਹਾਰਾਜ ਸਿੰਘ ਨੂੰ ਨਾ ਪਕੜਨਾ ਹਜ਼ਾਰ ਗੁਣਾ ਚੰਗਾ ਹੁੰਦਾ।

੯. ਸਿੱਟੇ ਵਜੋਂ ਮੈਂ ਇਹ ਗੱਲ ਕਹਾਂਗਾ ਕਿ ਮਹਾਰਾਜ ਸਿੰਘ ਨਾਲ ਕੋਈ ਸਖ਼ਤੀ ਨਹੀਂ ਵਰਤੀ ਗਈ। ਨਾ ਤਾਂ ਉਸ ਦੇ ਪੈਰੀਂ ਬੇੜੀਆਂ ਪਾਈਆਂ ਗਈਆਂ ਹਨ ਤੇ ਨਾ ਹੀ ਉਸ ਨੂੰ ਜ਼ੰਜ਼ੀਰਾਂ ਵਿਚ ਜਕੜਿਆ ਗਿਆ ਹੈ। ਰਾਤ ਵੇਲੇ ਉਸ ਦਾ ਸੱਜਾ ਹੱਥ ਇਕ ਦ੍ਰਿੜ੍ਹ ਇਰਾਦੇ ਵਾਲੇ ਮੁਸਲਮਾਨ ਦੇ ਖੱਬੇ ਹੱਥ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਜੇਕਰ ਇਹ ਪੁਰਸ਼ ਜੋ ਇਸ ਵੇਲੇ ਇਕ ਨਿਮਾਣਾ ਕੈਦੀ ਹੈ, ਦ੍ਰਿੜ੍ਹ ਇਰਾਦਾ ਕਰ ਕੇ ਭੁੱਖਾ ਮਰ ਗਿਆ ਅਤੇ ਮਰਨ ਤੋਂ ਪਿੱਛੋਂ ਆਉਣ ਵਾਲੀਆਂ ਨਸਲਾਂ ਦੇ ਦਿਲਾਂ ਵਿਚ ਆਪਣਾ ਨਾਂ ਸਦਾ ਲਈ ਅਮਰ ਕਰ ਗਿਆ-ਉਹੀ ਨਾਂ ਜਿਹੜਾ ਉਸ ਦੇ ਦੋ ਸਾਲ ਲਈ ਜੇਲ੍ਹ ਵਿਚ ਜਿਉਂਦੇ ਰਹਿਣ ਪਿਛੋਂ ਹੌਲੀ-ਹੌਲੀ ਲੋਕਾਂ ਦੇ ਮਨਾਂ ਵਿਚੋਂ ਨਿਕਲਦਾ-ਨਿਕਲਦਾ ਖ਼ਤਮ ਹੋ ਜਾਣਾ ਹੈ-ਤਾਂ ਇਹ ਇਕ ਮੰਦਭਾਗੀ ਗੱਲ ਹੋਵੇਗੀ।

ਜਲੰਧਰ ਮੈਂ ਹਾਂ...........

ਦਫ਼ਤਰ, ਡਿਪਟੀ ਕਮਿਸ਼ਨਰ ਦਸਤਖ਼ਤ/ਐਚ. ਵੈਨਸਿੱਟਰਟ

੩੦ ਦਸੰਬਰ, ੧੮੪੯ ਡਿਪਟੀ ਕਮਿਸ਼ਨਰ

ਗਵਰਨਰ ਜਨਰਲ ਲਾਰਡ ਡਲਹੌਜੀ ਨੇ ੧੩ ਜਨਵਰੀ, ੧੮੫੦ ਦੇ ਇਕ ਨੋਟ ਵਿਚ ਲਿਖਿਆ: "ਇਹ ਖ਼ਬਰ ਭਰੋਸੇ ਨਾਲ ਸੁਣੀ ਗਈ ਹੈ ਕਿ ਮਹਾਰਾਜ ਸਿੰਘ ਨੂੰ ਮਿ: ਵੈਨਸਟਾਰਟ ਡੀ.ਸੀ. ਜਲੰਧਰ ਨੇ ਗ੍ਰਿਫਤਾਰ ਕਰ ਲਿਆ ਹੈ। ਜਿਸ ਹਿੰਮਤ ਦਲੇਰੀ ਹੌਸਲੇ ਤੋਂ ਕੰਮ ਲੈ ਕੇ ਉਨ੍ਹਾਂ ਨੇ ਮਹਾਨ (ਖਤਰਨਾਕ) ਬਾਗੀ ਨੂੰ ਫੜਿਆ ਹੈ ਉਹ ਸ਼ਲਾਘਾਯੋਗ ਹੈ। ਮੇਰੀ ਇੱਛਾ ਹੈ ਕਿ ਅਜਿਹੇ ਖਤਰਨਾਕ ਦਰੋਹੀ ਨੂੰ ਕਚਹਿਰੀ ਰਾਹੀਂ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਮੇਰਾ ਬੋਰਡ ਨਾਲ ਇਸ ਗੱਲੋਂ ਮਤਿਭੇਦ ਹੈ ਕਿ ਭਾਈ ਜੀ ਨੂੰ ਖੁਲ੍ਹੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਇਸ ਨਾਲ ਗੈਰ ਯਕੀਨੀ ਹਾਲਾਤ ਵਧਣਗੇ ਅਤੇ ਭੜਕਾਹਟ ਵੱਧ ਸਕਦੀ ਹੈ। ਸ਼ਨਾਖਤ ਹੋ ਚੁਕਣ ਉਪਰੰਤ ਬਾਬਾ ਜੀ ਨੂੰ ਇਲਾਹਾਬਾਦ ਦੇ ਕਿਲ੍ਹੇ ਵਿਚ ਭੇਜਿਆ ਜਾਵੇ। ਫਿਰ ਕਲਕੱਤੇ ਭੇਜ ਦਿੱਤਾ ਜਾਵੇ। ਉਸ ਸਮੇਂ ਬੋਰਡ ਇਸ ਯੋਗ ਹੋ ਸਕੇਗਾ ਕਿ ਇਸ ਬਾਬੇ ਲਈ ਕੋਈ ਸਰਦਾਰ (ਸਿੱਖ) ਵੀ ਪਹਿਰਾ ਦੇ ਸਕੇ।

ਗਵਰਨਰ ਜਨਰਲ ਸਮੇਤ ਕੌਂਸਲ ਦੇ ਹੁਕਮ ਨਾਲ ਬਾਬਾ ਜੀ ਨੂੰ ਰੈਗੂਲੇਸ਼ਨ ਬੰਗਾਲ ੧੮੧੮ ਦੇ ਅਧੀਨ ਇਲਾਹਾਬਾਦ ਕਿਲ੍ਹੇ ਵਿਚ ਭੇਜਿਆ ਗਿਆ। ਇਥੋਂ ਬਦਲਦੇ ਫੋਰਟ ਵਿਲੀਅਮ ਕਲਕੱਤੇ ਵਿਚ ਬੰਦ ਕਰ ਦਿੱਤਾ ਗਿਆ।

ਬਾਬਾ ਜੀ ਦੀ ਗ੍ਰਿਫਤਾਰੀ ਦੀ ਕਿੰਨੀ ਖੁਸ਼ੀ ਮਨਾਈ ਗਈ ਇਸ ਦਾ ਇਕ ਹੋਰ ਪ੍ਰਮਾਣ

ਪ੍ਰਧਾਨ ਈਸਟ ਇੰਡੀਆ ਕੰਪਨੀ ਸਮੇਤ ਕੌਂਸਲ ਦੀ ਇਕ ਚਿੱਠੀ ੧੪ ਜਨਵਰੀ, ੧੮੫੦ ਤੋਂ ਮਿਲਦਾ ਹੈ:

"ਅਸੀਂ ਇਸ ਗੱਲ ਤੇ ਪ੍ਰਸੰਨ ਹਾਂ ਕਿ ਦਲੀਪ ਸਿੰਘ ਨੂੰ ਲਾਹੌਰ ਤੋਂ ਲੈ ਆਂਦਾ ਹੈ। ਉਸ ਨੂੰ ਛੇਤੀ ਹੀ ਅਸਲ ਟਿਕਾਣੇ ਤੇ ਪਹੁੰਚਾ ਦਿੱਤਾ ਜਾਵੇਗਾ। ਸਾਨੂੰ ਇਸ ਗੱਲ ਦੀ ਅਤਿ ਤਸੱਲੀ ਹੋਈ ਹੈ ਕਿ ਅੰਤ ਸਾਡੀ ਮੁਹਿੰਮ ਸਰ ਹੋ ਗਈ ਹੈ। ਅਸੀਂ ਸਮਝਦੇ ਹਾਂ ਮਹਾਰਾਜ ਸਿੰਘ ਦਾ ਫੜਿਆ ਜਾਣਾ ਕਿਸੇ ਤਰ੍ਹਾਂ ਵੀ ਉਨ੍ਹਾਂ ਗੱਲਾਂ ਨਾਲੋਂ ਘੱਟ ਮਹਾਨਤਾ ਨਹੀਂ ਰੱਖਦਾ। ਅਸੀਂ ਗਵਰਨਰ ਜਨਰਲ ਦੀ ਸਿਫਾਰਸ਼ ਨਾਲ ਜੋ ਉਸ ਨੇ ਵੈਨਸਟਾਰਟ ਬਾਰੇ ਕੀਤੀ ਹੈ ਸ਼ਲਾਘਾ ਤੇ ਮਾਣ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਜਿਹੇ ਕੈਦੀਆਂ ਦੀ ਸੰਭਾਲ ਤੇ ਰੱਖਿਆ ਕਰਨੀ ਐਸੇ ਸਮੇਂ ਸਾਰੇ ਨੀਤੀ ਵਾਨ ਤੇ ਤਕਬਰ ਸਹਿਤ ਹੋਣ ਦਾ ਚਿੰਨ੍ਹ ਹੈ।

ਈਸਟ ਇੰਡੀਆ ਕੰਪਨੀ ਹਾਊਸ
ਅਸੀਂ ਤੁਹਾਡੇ ਸ਼ੁਭ ਚਿੰਤਕ
ਸਹੀ/ ਐਚ ਸੈਲਵੇ
ਹਾਬਰਟ ਕੈਂਪਬੈਲ ਤੇ ਜੋਹਨ ਸੈਫਰਲਡ

ਅੰਤ ੨੩ ਮਾਰਚ, ੧੮੫੦ ਨੂੰ ਗਵਰਨਰ ਜਨਰਲ ਨੇ ਹੁਕਮ ਦਿੱਤਾ ਕਿ ਮਹਾਰਾਜ ਸਿੰਘ ਨੂੰ ਸਿੰਘਾਪੁਰ ਭੇਜਿਆ ਜਾਵੇ। ਜੇਲ੍ਹ ਦੇ ਦਰਵਾਜੇ ਦੇ ਉਪਰਲੇ ਕਮਰੇ ਵਿਚ ਰੱਖਿਆ ਜਾਵੇ ਤਾਂ ਕਿ ਬਾਕੀ ਕੈਦੀਆਂ ਤੋਂ ਵਖ ਰਹਿ ਸਕੇ।

੭ ਮਈ, ੧੮੫੦ ਨੂੰ ਬਾਬਾ ਜੀ ਨੂੰ ਸੇਵਾਦਾਰ ਬਾਬਾ ਖੜਕ ਸਿੰਘ ਸਮੇਤ ਮੁਹੰਮਦਸ਼ਾਹ ਨਾਮੀ ਸਮੁੰਦਰੀ ਜਹਾਜ਼ ਰਾਹੀਂ ਸਿੰਘਾਪੁਰ ਨੂੰ ਤੋਰਿਆ ਗਿਆ। ਉੱਥੋਂ ਦੇ ਇੰਨਚਾਰਜ ਨੂੰ ਗਵਰਨਰ ਜਨਰਲ ਹਿੰਦ ਦੇ ਸਕੱਤਰ ਵੱਲੋਂ ਲਿਖਿਆ ਗਿਆ:

"ਮੈਨੂੰ ਆਪ ਜੀ ਨੂੰ ਦੱਸਣ ਦੀ ਆਗਿਆ ਹੋਈ ਹੈ ਕਿ ਬਾਬਾ ਮਹਾਰਾਜ ਸਿੰਘ ਜੀ ਦੀ ਨਿਗਰਾਨੀ ਅੰਗ੍ਰੇਜ਼ ਸਰਕਾਰ ਲਈ ਖਾਸ ਸਥਾਨ ਰੱਖਦੀ ਹੈ। ਇਸ ਲਈ ਅਤਿ ਜ਼ਰੂਰੀ ਹੈ ਉਸ ਨੂੰ ਨੇੜਿਓ ਵੇਖੇ ਜਾਣ ਵਾਲੀ ਥਾਂ ਤੇ ਪ੍ਰਬੰਧ ਹੇਠ ਰੱਖਿਆ ਜਾਵੇ ਪਰ ਯਾਦ ਰਹੇ ਇਹ ਸ਼ਾਹੀ ਕੈਦੀ ਹੈ। ਉਸ ਨਾਲ ਗਲਤ ਵਰਤਾਉ ਨਾ ਕੀਤਾ ਜਾਵੇ।

ਗਵਰਨਰ ਜਨਰਲ ਜਦ ਸਿੰਘਾਪੁਰ ਗਏ ਸਨ, ਸਾਨੂੰ ਇਹ ਯਾਦ ਹੈ ਸਿੰਘਾਪੁਰ ਦੀ ਜੇਲ੍ਹ ਵਿਚ ਉਪਰਲੀ ਮੰਜ਼ਿਲ ਦਾ ਕਮਰਾ ਬਹੁਤ ਚੰਗਾ ਹੈ। ਉਹ ਰਾਖੀ ਦੀ ਦ੍ਰਿਸ਼ਟੀ ਨਾਲ ਵੀ ਠੀਕ ਹੈ। ਮੈਨੂੰ ਆਗਿਆ ਹੋਈ ਹੈ ਇਹ ਪ੍ਰਬੰਧ ਹੋ ਸਕੇ ਤਾਂ ਅਵੱਸ਼ ਕੀਤਾ ਜਾਵੇ। ਆਉਣ ਵਾਲੇ ਸਮੇਂ ਤੱਕ ਗੋਰੇ ਫੌਜੀ ਤੇ ਕਮਿਸ਼ਨਰ ਅਫ਼ਸਰ ਇਸ ਕੰਮ ਉੱਤੇ ਲਾਏ ਜਾਣ ਭਾਵੇਂ ਉਨ੍ਹਾਂ ਨੂੰ ਅਲਾਉਂਸ ਦਿੱਤਾ ਜਾਵੇ। ਇਹ ਗਵਰਨਰ ਜਨਰਲ ਸਾਹਿਬ ਦੀ ਆਗਿਆ ਹੈ। ਕੈਦੀਆਂ ਦੇ ਰਿਹਾਇਸ਼ੀ ਸਥਾਨ ਤੇ ਕਮਾਂਡਰ ਦੀ ਆਗਿਆ ਬਿਨਾਂ ਕੋਈ ਨਾ ਜਾਵੇ। ਕਮਾਂਡਰ ਵੀ ਹਫਤੇ ਵਿਚ ਘੱਟੋ-ਘੱਟ ਤਿੰਨ ਚਾਰ ਵਾਰ ਆਪ ਜਾਕੇ ਵੇਖਣ ਦਾ ਯਤਨ ਕਰੇ।"

ਬਾਬਾ ਮਹਾਰਾਜ ਸਿੰਘ ਅਤੇ ਉਨ੍ਹਾਂ ਦੇ ਸਹਾਇਕ ਬਾਬਾ ਖੜਕ ਸਿੰਘ ਨੂੰ ਸਿੰਘਾਪੁਰ ਜੇਲ੍ਹ ਦੀ ਉਪਰਲੀ ਛੱਤ ਦੇ ਕਮਰੇ ਵਿਚ ਰੱਖਿਆ ਗਿਆ। ਕਮਰੇ ਦੇ ਚੁਫੇਰੇ ਹੋਰ ਵੀ ਉੱਚੀ ਚਾਰ ਦੀਵਾਰੀ ਕਰ ਦਿੱਤੀ ਗਈ। ਕਮਰੇ ਦੀਆਂ ਖਿੜਕੀਆਂ ਵੀ ਬੰਦ ਕਰ ਦਿੱਤੀਆਂ ਗਈਆਂ। ਸ੍ਵਛ ਹਵਾ (ਵਾਯੂ) ਆਉਣੀ ਜਾਣੀ ਬੰਦ ਕਰ ਦਿੱਤੀ ਗਈ। ਇਸ ਕਾਲ ਕੋਠੜੀ ਵਿਚ ਵੀ ਬਾਬਾ ਜੀ ਚੜ੍ਹਦੀ ਕਲਾ ਵਿਚ ਰਹੇ। ਮਨ ਨਾਮ ਨਾਲ ਜੁੜ ਗਿਆ। ਅਠੇ ਪਹਿਰ-ਸਿਮਰਨ ਕਰਨ ਲੱਗੇ। ਕਾਲ ਕੋਠੜੀ ਬੰਧਨ ਪ੍ਰਤੀਤ ਨਹੀਂ ਹੁੰਦਾ ਸੀ। ਇਸ ਨੂੰ ਇਕਾਗਰਤਾ ਵਾਸਤੇ ਇਕਾਂਤ ਸਥਾਨ ਸਮਝਦੇ ਸਨ। ਇਕ ਹੋਰ ਸੂਚਨਾ ਅਨੁਸਾਰ:

"ਬਾਬਾ ਜੀ ਨੂੰ ਜੇਲ੍ਹ ਵੱਲੋਂ ਰਾਸ਼ਨ ਤਾਂ ਮਿਲਦਾ ਸੀ ਪਰ ਲਾਂਗਰੀ ਨਹੀਂ ਮਿਲਿਆ ਸੀ। ਲੰਗਰ

ਬਾਬਾ ਖੜਕ ਸਿੰਘ ਜੀ ਤਿਆਰ ਕਰਦੇ ਸਨ। ਇਕ ਦਿਨ ਬਾਬਾ ਖੜਕ ਸਿੰਘ ਜੀ ਦਾ ਜੇਲ੍ਹ ਦੇ ਕਰਮਚਾਰੀਆਂ ਨਾਲ ਵਾਦ-ਵਿਵਾਦ ਹੋ ਗਿਆ ਪਰ ਬਾਬਾ ਮਹਾਰਾਜ ਸਿੰਘ ਜੀ ਸ਼ਾਂਤ ਰਹੇ ਅਤੇ ਦੋਨ੍ਹਾਂ ਧਿਰਾਂ ਨੂੰ ਟਿਕਾ ਦਿੱਤਾ। ਨਾਲ ਹੀ ਆਪ ਜੀ ਨੇ ਜੇਲ੍ਹਰ ਨੂੰ ਕਿਹਾ, 'ਅਸੀਂ ਅੰਗ੍ਰੇਜ਼ ਸਰਕਾਰ ਦੇ ਵਿਰੁੱਧ ਲੜੇ ਹਾਂ, ਇਸ ਵਾਸਤੇ ਸਾਨੂੰ ਅੰਗ੍ਰੇਜ਼ਾਂ ਕੋਲੋਂ ਚੰਗੇ ਵਰਤਾਉ ਦੀ ਆਸ਼ਾ ਨਹੀਂ, ਫਿਰ ਵੀ ਸਾਨੂੰ ਤੰਗੀ ਨਹੀਂ ਦੇਣੀ ਚਾਹੀਦੀ।"

ਬਾਬਾ ਜੀ ਦੀ ਨਿਗਰਾਨੀ ਲਈ ਨਿਯਤ ਅੰਗ੍ਰੇਜ਼ ਕਮਾਂਡਰ ਨੇ ਕਿਹਾ, "ਜੇਕਰ ਤੁਸੀਂ ਸਾਨੂੰ ਲਿਖਕੇ ਦਿਉ ਕਿ ਅਸੀਂ ਰਾਜਨੀਤੀ ਵਿਚ ਹਿੱਸਾ ਨਹੀਂ ਲਵਾਂਗੇ, ਆਪਣੇ ਡੇਰੇ ਵਿਚ ਰਹਾਂਗੇ, ਕੇਵਲ ਭਜਨ ਪਾਠ ਕਰਾਂਗੇ, ਅੰਗ੍ਰੇਜ਼ ਸਰਕਾਰ ਦੇ ਕੰਮਾਂ ਵਿਚ ਦਖਲ ਨਹੀਂ ਦੇਵਾਂਗੇ ਤਦ ਤੁਹਾਨੂੰ ਹੁਣ ਵੀ ਰਿਹਾ ਕੀਤਾ ਜਾ ਸਕਦਾ ਹੈ।"

ਬਾਬਾ ਜੀ ਨੇ ਕਿਹਾ, "ਇਹ ਕਿਵੇ ਹੋ ਸਕਦਾ ਹੈ? **ਸੂਰਬੀਰ ਬਚਨ ਕੇ ਬਲੀ** ਅਸੀਂ ਆਪਣੇ ਸਿਧਾਂਤ ਨੂੰ ਕਿਵੇਂ ਤਿਆਗ ਸਕਦੇ ਹਾਂ?"

ਜੇਲ੍ਹਰ ਬਾਬਾ ਜੀ ਦੇ ਦ੍ਰਿੜ੍ਹ ਇਰਾਦੇ ਤੋਂ ਅਤਿਅੰਤ ਪ੍ਰਭਾਵਤ ਹੋਇਆ ਉਸ ਨੇ ਆਪਣੀ ਰਿਪੋਰਟ ਵਿਚ ਗਵਰਨਰ ਜਨਰਲ ਲਾਰਡ ਡਲਹੌਜੀ ਨੂੰ ਲਿਖਿਆ:

"ਬਾਬਾ ਮਹਾਰਾਜ ਸਿੰਘ ਜੀ ਦਾ ਸੁਭਾਅ ਮਿਲਵਰਤਨ ਬਹੁਤ ਚੰਗਾ ਹੈ ਪਰ ਖੜਕ ਸਿੰਘ ਨੇ ਮੇਰਾ ਅਪਮਾਨ ਕੀਤਾ ਹੈ ਜਿਸ ਦੇ ਕਾਰਣ ਸਾਰੇ ਕਰਮਚਾਰੀ ਮੈਨੂੰ ਹੱਸਦੇ ਹਨ।" ਅਸੀਂ ਉਪਰ ਲਿਖ ਆਏ ਹਾਂ ਕਿ ਬਾਬਾ ਜੀ ਨੂੰ ਜਿਸ ਕਮਰੇ ਵਿਚ ਰੱਖਿਆ ਗਿਆ ਸੀ ਉਸ ਵਿਚ ਕੋਈ ਜਾਲੀ, ਜੰਗਲਾ, ਰੌਸ਼ਨਦਾਨ ਨਹੀਂ ਸੀ। ਤੁਰਨ-ਫਿਰਨ ਲਈ ਅਗੇ ਵੇਹੜਾ ਨਹੀਂ ਸੀ। ਕੋਈ ਗੱਲਬਾਤ ਨਹੀਂ ਕਰ ਸਕਦਾ ਸੀ। ਕਈ ਵਰਸ਼ ਇਕੋ ਕਮਰੇ ਵਿਚ ਬੰਦ ਰਹਿਣ ਕਰਕੇ, ਉਨ੍ਹਾਂ ਦਾ ਸ੍ਰਸਥ ਕਮਜ਼ੋਰ ਹੋਣ ਲੱਗ ਪਿਆ। ਗੋਡਿਆਂ ਵਿਚ ਪੀੜਾ ਹੋਣ ਲੱਗੀ। ਨੇਤ੍ਰਾਂ ਵਿਚ ਮੋਤੀਆ ਬਿੰਦ ਉਤਰ ਆਇਆ।

ਮਿ: ਚਰਚ ਰੈਜੀਡੈਂਟ ਸਾਹਿਬ ਕੌਂਸਲ ਵਿਚ ਲਿਖਿਆ ਹੈ ਕਿ ਮਹਾਰਾਜ ਸਿੰਘ ਨੂੰ ੧੮੫੦ ਵਿੱਚ ਕਾਲ ਕੋਠੜੀ ਵਿਚ ਬੰਦ ਕੀਤਾ ਸੀ। ਹੁਣ ੩੦ ਜੂਨ, ੧੮੫੩ ਹੈ। ਇਕੋ ਥਾਂ ਰਹਿਣ ਕਰਕੇ ਤੁਰਨ-ਫਿਰਨ ਨਾ ਹੋਣ ਕਰਕੇ ਗੋਡਿਆਂ ਵਿਚ ਪੀੜ ਪੈਦਾ ਹੋ ਗਈ ਹੈ, ਅੱਖਾਂ ਦੀ ਨਿਗ੍ਹਾ ਜਾਂਦੀ ਰਹੀ ਹੈ। ਚਰਚ ਨੇ ਅਗੋ ਲਿਖਿਆ ਹੈ:

"ਮਹਾਰਾਜ ਸਿੰਘ ਨੂੰ ਬਾਹਰ ਤੁਰਨ-ਫਿਰਨ ਦੀ ਆਗਿਆ ਦਿੱਤੀ ਜਾਵੇ, ਉਸ ਨਾਲ ਕੋਈ ਕੈਦੀ ਗੱਲਬਾਤ ਨਹੀਂ ਕਰ ਸਕੇਗਾ ਕਿਉਂਕਿ ਗੋਰੇ ਸਿਪਾਹੀ ਅਤੇ ਅਫ਼ਸਰ ਨਾਲ ਹੋਣਗੇ।"

ਜਿਹੜਾ ਗਵਰਨਰ ਜਨਰਲ ਲਾਰਡ ਡਲਹੌਜੀ ਲਿਖਤੀ ਰੂਪ ਵਿਚ ਇਹ ਕਹਿੰਦਾ ਸੀ ਕਿ ਮਹਾਰਾਜ ਸਿੰਘ ਸ਼ਾਹੀ ਕੈਦੀ ਹੈ, ਇਨ੍ਹਾਂ ਨਾਲ ਚੰਗਾ ਵਰਤਾਉ ਕੀਤਾ ਜਾਵੇ, ਉਸ ਦੇ ਕਰਮਚਾਰੀ ਬਾਬਾ ਜੀ ਉਤੇ ਅਤਿਅੰਤ ਸਖਤੀ ਕਰ ਰਹੇ ਸਨ। ਇਹ ਲਿਖਤਾਂ ਕਹਿਣ ਮਾਤ੍ਰ ਹੀ ਸਨ, ਅਮਲ ਵਾਸਤੇ ਨਹੀਂ ਸਨ ਕਿਉਂਕਿ ਗਵਰਨਰ ਜਨਰਲ ਲਾਰਡ ਡਲਹੌਜੀ ਨੇ ਵੀ ਮਿ: ਚਰਚ ਦੀ ਸਿਫਾਰਿਸ਼ ਅਤੇ ਡਾਕਟਰੀ ਰਿਪੋਰਟ ਤੇ ਕੋਈ ਅਮਲ ਨਹੀਂ ਕੀਤਾ ਬਲਕਿ ਜਵਾਬ ਵਿਚ ਲਿਖਿਆ। "ਹੁਣ ਸ਼ਾਹੀ ਕੈਦੀਆਂ ਬਾਰੇ ਕਾਨੂੰਨ ਦੀ ਸਖ਼ਤੀ ਨਾਲ ਵਰਤੋਂ ਕੀਤੀ ਜਾਵੇ।"

੧੪ ਜਨਵਰੀ ਸੰਨ ੧੮੫੪ ਨੂੰ ਗਵਰਨਰ ਸਿੰਘਾਪੁਰ ਦੇ ਸਕੱਤਰ ਨੇ ਹਿੰਦ ਸਰਕਾਰ ਨੂੰ ਲਿਖਿਆ:

"ਮੈਂ ਆਪ ਜੀ ਦੀ ਸੇਵਾ ਵਿਚ ਭਾਈ ਮਹਾਰਾਜ ਸਿੰਘ ਬਾਰੇ ਅਸਿਸਟੈਂਟ ਸਰਜਨ ਦੀ ਰਿਪੋਰਟ ਭੇਜ ਰਿਹਾ ਹਾਂ, ਜਿਸ ਵਿਚ ਮਹਾਰਾਜ ਸਿੰਘ ਅਤੇ ਖੜਕ ਸਿੰਘ ਦੀ ਸਿਹਤ ਦੀ ਵੇਰਵਾ ਹੈ। ਭਾਈ ਮਹਾਰਾਜ ਸਿੰਘ ਬਿਲਕੁਲ ਨੇਤ੍ਰਹੀਨ ਹੋ ਚੁੱਕੇ ਹਨ, ਹੁਣ ਉਨ੍ਹਾਂ ਲਈ ਅਪ੍ਰੇਸ਼ਨ ਵੀ ਸਫਲ ਨਹੀਂ ਹੋ ਸਕਦਾ।' ਇਸ ਪਤ੍ਰ ਦੇ ਜਵਾਬ ਵਿਚ ਲਿਖਿਆ ਗਿਆ:

'ਭਾਈ ਮਹਾਰਾਜ ਸਿੰਘ ਦੇ ਸ੍ਰਸਥ ਬਾਰੇ ਯੋਗ ਪ੍ਰਬੰਧ ਕੀਤਾ ਜਾਵੇ।' ਪਰ ਹੋਇਆ ਕੁਝ

ਨਹੀਂ। ੧ ਜੁਲਾਈ, ੧੮੫੬ ਨੂੰ ਅਸਿਸਟੈਂਟ ਸਰਜਨ ਮਿ: ਜੈਸਕੂਪਰ ਸਿੰਘਾਪੁਰ ਜੇਲ੍ਹ ਨੇ ਸ਼ਾਹੀ ਕੈਦੀਆਂ ਬਾਰੇ ਅਪਣੀ ਛੇਮਾਹੀ ਰਿਪੋਰਟ ਵਿਚ ਗਵਰਨਰ ਜਨਰਲ ਨੂੰ ਲਿਖਿਆ:

"ਮੈਂ ਬੇਨਤੀ ਕਰਦਾ ਹਾਂ ਕਿ ਖੜਕ ਸਿੰਘ ਦੀ ਸਿਹਤ ਬਿਲਕੁਲ ਠੀਕ ਹੈ, ਪਰ ਮਹਾਰਾਜ ਸਿੰਘ ਦੀ ਹਾਲਤ ਚਿੰਤਾ ਜਨਕ ਹੈ। ਪਿਛਲੇ ਦੋ ਮਹੀਨਿਆਂ ਤੋਂ ਉਸ ਦੀ ਸਿਹਤ ਬਹੁਤ ਗਿਰਦੀ ਜਾ ਰਹੀ ਹੈ। ਉਸ ਦੀ ਜੀਭ ਉਪਰ ਖਬੇ ਪਾਸੇ ਕੈਂਸਰ ਹੋ ਗਿਆ ਹੈ, ਜਿਸ ਵਿਚੋਂ ਖ਼ੂਨ ਰਿਸਦਾ ਰਹਿੰਦਾ ਹੈ। ਇਸ ਕਰਕੇ ਹਾਲਤ ਬਹੁਤ ਖਰਾਬ ਹੈ। ਉਹ ਕਈ ਹਫਤਿਆਂ ਤੋਂ ਪਾਣੀ ਵਿਚ ਨਿੰਬੂ ਤੇ ਲੂਣ ਦਾ ਰਸ ਮਿਲਾਕੇ ਲੈ ਰਿਹਾ ਹੈ। ਮੈਂ ਸਿਫਾਰਿਸ਼ ਕਰਦਾ ਹਾਂ ਕਿ ਕੈਦੀਆਂ ਨੂੰ ਬਾਹਰ ਸੈਰ ਕਰਨ ਦੀ ਖੁਲ੍ਹ ਦਿੱਤੀ ਜਾਵੇ। ਗੰਦੇ ਖ਼ੂਨ ਦੇ ਡਿੱਗਣ ਦੇ ਕਾਰਨ ਕਮਰੇ ਅੰਦਰ ਦੁਰਗੰਧੀ ਫੈਲ ਗਈ ਹੈ। ਕਮਰੇ ਵਿਚ ਤਾਜ਼ੀ ਹਵਾ ਦਾ ਪ੍ਰਵੇਸ਼ ਨਹੀਂ ਹੁੰਦਾ। ਇਸ ਕਰਕੇ ਕਮਰਾ ਬਹੁਤ ਗੰਦਾ ਹੈ। ਖੁਲੀ ਹਵਾ ਵਾਸਤੇ ਇਨ੍ਹਾਂ ਦੀ ਹਵਾਲਾਤ ਵਿਚ ਤਬਦੀਲੀ ਕਰਨੀ ਜ਼ਰੂਰੀ ਹੈ- ਜੇਕਰ ਹੋਰ ਕੁਝ ਨਹੀਂ ਹੋ ਸਕਦਾ ਤਾਂ ਇਨ੍ਹਾਂ ਨੂੰ ਕਿਸੇ ਘੋੜ ਗੱਡੀ ਵਿਚ ਬੈਠਾ ਕੇ ਖੁਲ੍ਹੀ ਹਵਾ ਵਿਚ ਫਿਰਾਇਆ ਜਾਵੇ। ਸੈਰ ਬਹੁਤ ਜ਼ਰੂਰੀ ਹੈ। ਘੱਟੋ-ਘੱਟ ਹਫਤੇ ਵਿਚ ਦੋ ਵਾਰ ਸੈਰ ਕਰਾਈ ਜਾਵੇ।"

ਪਰ ਅਸਿਸਟੈਂਟ ਸਰਜਨ ਜੈਸਕੂਪਰ ਦੀ ਰਿਪੋਰਟ ਤੇ ਕੋਈ ਅਮਲ ਨਹੀਂ ਹੋਇਆ। ਬਾਬਾ ਜੀ ਦੀ ਹਾਲਤ ਅਤਿਅੰਤ ਖਰਾਬ ਹੋ ਗਈ। ਉਪਰੋਕਤ ਡਾਕਟਰੀ ਰਿਪੋਰਟ ਵਿਚ ਬਾਬਾ ਜੀ ਦੀਆਂ ਭਿਆਨਕ ਅਕਹਿ/ਅਸਹਿ ਬੀਮਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬੀਮਾਰੀਆਂ ਗੋਰਾਸ਼ਾਹੀ ਦੀ ਘੜੀ ਨੀਤੀ ਅਨੁਸਾਰ ਹੀ ਪੈਦਾ ਹੋਈਆਂ ਸਨ। ਕਿਉਂਕਿ ਬਾਬਾ ਜੀ ਨੂੰ ਜੇਲ੍ਹ ਦੇ ਉਪਰਲੇ ਕਮਰਿਆਂ ਵਿਚੋਂ ਇਕ ਅਤਿਅੰਤ ਛੋਟੇ ਕਮਰੇ ਵਿਚ ਬੰਦ ਕੀਤਾ ਗਿਆ ਸੀ, ਇਸ ਕਮਰੇ ਦੇ ਜੰਗਲੇ ਰੌਸ਼ਨਦਾਨ ਅਤੇ ਬਾਰੀਆਂ ਬੰਦ ਕੀਤੇ ਗਏ ਸਨ। ਚੁਫੇਰੇ ਦੀਵਾਰ ਹੋਰ ਉੱਚੀ ਕਰ ਦਿੱਤੀ ਗਈ ਸੀ ਜਿਸ ਨਾਲ ਹਵਾ ਦਾ ਆਉਣਾ ਜਾਣਾ ਬੰਦ ਹੋ ਗਿਆ ਸੀ। ਕਿਸੇ ਹਿੰਦੁਸਤਾਨੀ ਨਾਲ ਗੱਲਬਾਤ ਨਹੀਂ ਕਰ ਦਿੱਤੀ ਜਾਂਦੀ ਸੀ। ਰਾਤ ਨੂੰ ਜਾਂ ਦਿਨ ਨੂੰ ਤੁਰਨ-ਫਿਰਨ ਦੀ ਆਗਿਆ ਨਹੀਂ ਸੀ। ਇਹ ਗੁਰੂ ਕਲਗੀਧਰ ਪਿਤਾ ਦਾ ਸ਼ੇਰ ਪਤਾ ਨਹੀਂ ਕਿੰਨੇ ਸੰਕਲਪ ਵਿਕਲਪ ਕਰਦਾ ਹੋਇਆ ਅਨੇਕ ਬੀਮਾਰੀਆਂ ਨਾਲ ਗ੍ਰਸਿਆ ਗਿਆ। ਗੋਡਿਆਂ ਦੀ ਬੀਮਾਰੀ ਨਾਲ ਪੀੜਤ ਹੋ ਗਿਆ, ਨੇਤ੍ਰਾਂ ਦੀ ਜੋਤ ਜਾਂਦੀ ਰਹੀ। ਮੂੰਹ ਦੇ ਖਬੇ ਪਾਸੇ ਕੈਂਸਰ ਹੋ ਗਿਆ ਜਿਸ ਕਰਕੇ ਖਾਣਾ-ਪੀਣਾ ਵੀ ਬੰਦ ਹੋ ਗਿਆ। ਜੇਲ੍ਹਰਾਂ ਵਲੋਂ ਕਮਰਾ ਸਾਫ ਕਰਨ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ ਸੀ। ਦੇਸ ਵਾਸੀਆਂ ਨੂੰ ਇਸ ਅਜ਼ਾਦੀ ਘੁਲਾਟੀਏ ਦਾ ਕੋਈ ਪਤਾ ਨਹੀਂ ਸੀ ਕਿ ਉਹ ਕਿਥੇ ਹੈ? ਕਿਸ ਤਰ੍ਹਾਂ ਦੀ ਹਾਲਤ ਵਿਚ ਹੈ? ਜੀਵਤ ਹੈ ਕਿ ਮਰ ਗਿਆ? ਡੇਰਾ ਨੌਰੰਗਾਬਾਦ ਦੇ ਪ੍ਰਬੰਧਕ ਬਾਬਾ ਜੀ ਬਾਰੇ ਪੂਰੀ ਤਰ੍ਹਾਂ ਅਗਿਆਤ ਸਨ।

ਇਸ ਕਰਕੇ ਪੰਡਿਤ ਸ਼ੇਰ ਸਿੰਘ ਜੀ ਨੇ ਬੀਰਮ੍ਰਿਗੇਸ *ਗੁਰਬਿਲਾਸ ਕਲਪ ਤਰੂ ਗ੍ਰੰਥ* ਦੇ ਪੰਨਾ ੧੫੯੩ ਤੇ ਲਿਖਿਆ ਹੈ ਕਿ, 'ਬਾਬਾ ਜੀ ਨੂੰ ੧੯੦੫ ਬਿ: ਨੂੰ ਅੰਗਰੇਜ਼ ਫੜਕੇ ਕਾਲੇ ਪਾਣੀ ਲੈ ਗਏ ਜਿਥੇ ਉਹ ਸੱਚਖੰਡ ਸਿਧਾਰ ਗਏ।' ਜਦੋਂ ਕਿ ਨਿਰਮਲ ਪੰਥ ਦਾ ਇਹ ਅਨਮੋਲ ਰਤਨ ਸਿੰਘਾਪੁਰ ਦੀ ਜੇਲ੍ਹ ਵਿਚ ਅਕਹਿ/ਅਸਹਿ ਤਸੀਹੇ ਸਹਿੰਦਾ ਹੋਇਆ ੫ ਜੁਲਾਈ, ੧੮੫੬ ਨੂੰ ਅੰਮ੍ਰਿਤ ਵੇਲੇ ਸੱਚਖੰਡ ਸਿਧਾਰ ਗਿਆ।

ਆਪ ਜੀ ਦਾ ਸੰਘਰਸ਼ ਸਪਸ਼ਟ ਰਾਜਨੀਤਿਕ ਸੰਗ੍ਰਾਮ ਸੀ। ਆਪ ਨੇ ਕਿਸੇ ਤਰ੍ਹਾਂ ਦੀ ਧਾਰਮਿਕ ਭਾਵਨਾ ਪ੍ਰਗਟ ਕਰਕੇ ਸਹਿਯੋਗੀਆਂ ਨੂੰ ਕਿਸੇ ਤਰ੍ਹਾਂ ਦੇ ਭੁਲੇਖੇ ਵਿਚ ਨਹੀਂ ਪਾਇਆ ਸੀ। ਸਾਥੀਆਂ ਨੂੰ ਸਪਸ਼ਟ ਦੱਸਿਆ ਸੀ ਕਿ ਮੁੜ ਤੋਂ ਸਿਖ ਰਾਜ ਸਥਾਪਨ ਕਰਨ ਲਈ ਜਾਨਾਂ ਵਾਰਨੀਆਂ ਹਨ। ਗੋਰੇ ਨੂੰ ਪੰਜਾਬ ਵਿਚੋਂ ਕੱਢਣਾ ਹੈ। ਮਹਾਰਾਜ ਦਲੀਪ ਸਿੰਘ ਨੂੰ ਆਪਣੇ ਕਬਜ਼ੇ ਵਿਚ ਕਰਕੇ ਮਹਾਰਾਜਾ ਦਲੀਪ ਸਿੰਘ ਦੇ ਨਾਉਂ ਹੇਠ ਲੜਾਈ ਲੜਨ ਦੀ ਯੋਜਨਾ ਸੀ। ਮਹਾਰਾਣੀ ਜਿੰਦਾਂ ਨੂੰ ਫਰੰਗੀਆਂ ਦੀ ਕੈਦ ਵਿਚੋਂ ਕੱਢਕੇ ਸੁਰਖਿਅਤਾ ਦੇਣੀ ਇਸ ਯੋਜਨਾ ਵਿਚ ਸ਼ਾਮਲ ਸੀ।

ਬਾਬਾ ਜੀ ਸੁਤੰਤ੍ਰਤਾ ਪ੍ਰਾਪਤੀ ਨੂੰ ਕ੍ਰਿਆਤਮਿਕ ਰੂਪ ਦੇਣ ਲਈ ਲੜਾਈ ਦੇ ਮੈਦਾਨ ਵਿਚ ਉਤਰੇ ਸਨ। ਆਪ ਜੀ ਦੀ ਇਨਕਲਾਬੀ ਸੋਚ ਨੇ ਫਰੰਗੀਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਸਮਕਾਲੀ ਅਖਬਾਰ 'ਅੰਮ੍ਰਿਤਸਰ' ਬਾਬਾ ਜੀ ਦੇ ਕ੍ਰਾਂਤੀਕਾਰੀ ਕਾਰਨਾਮਿਆਂ ਦੀਆਂ ਖ਼ਬਰਾਂ ਪਹਿਲੇ ਸਫੇ ਤੇ ਪ੍ਰਕਾਸ਼ਤ ਕਰਦਾ ਸੀ। ਮਾਝੇ, ਮਾਲਵੇ ਅਤੇ ਦੁਆਬੇ ਦੇ ਸਿੱਖ ਰਾਜ ਦੇ ਸਾਬਿਕ ਫੌਜੀ ਬਾਬਾ ਜੀ ਦੀ ਸਕੀਮ ਤੇ ਆਪਣੀਆਂ ਜਾਨਾਂ ਵਾਰਨ ਲਈ ਤਰਲੋਮੱਛੀ ਹੋ ਰਹੇ ਸਨ। ਅੰਗ੍ਰੇਜ਼ਾਂ ਦਾ ਸਾਰਾ ਗੁਪਤ ਸਰਕਾਰੀ ਰਿਕਾਰਡ ਜਿਥੇ ਬਾਬਾ ਜੀ ਨੂੰ 'ਡਾਕੂ' ਕਹਿਕੇ ਆਪਣੇ ਮਨ ਨੂੰ ਹੌਲਾ ਕਰਦਾ ਹੈ ਨਾਲ ਹੀ 'ਗੁਰੂ' ਕਹਿਕੇ ਬਾਬਾ ਜੀ ਦੇ ਉੱਚ ਆਚਰਨ, ਕੁਸ਼ਲ ਨੀਤੀ, ਨਿਪੁੰਨਤਾ, ਜਥੇਬੰਦਕ, ਸੰਗਠਨ ਦੀ ਭਰਪੂਰ ਪ੍ਰਸ਼ੰਸਾ ਵੀ ਕਰਦਾ ਹੈ।

ਬਸ ! ਦੇਸ਼ ਦੇ ਪਹਿਲੇ ਰਾਜਨੀਤਿਕ ਸੰਗ੍ਰਾਮੀਏ ਹੋਣ ਦਾ ਮਾਣ ਬਾਬਾ ਜੀ ਨੂੰ ਹੀ ਜਾਂਦਾ ਹੈ। ਇਸੇ ਕਰਕੇ ਬਾਬਾ ਜੀ ਅਜ਼ਾਦੀ ਦੀਆਂ ਲਹਿਰਾਂ ਦੇ ਪਥ-ਪ੍ਰਦਰਸ਼ਕ ਅਤੇ ਸੁਤੰਤ੍ਰਤਾ ਸੰਗ੍ਰਾਮੀਆਂ ਦੇ ਸਰਦਾਰ ਬਣੇ ਸਨ।

ਅੱਜ ਬਾਬਾ ਮਹਾਰਾਜ ਸਿੰਘ ਜੀ ਦੀ ਅਪੂਰਵ ਘਾਲਣਾ ਨੂੰ ਦੇਸ਼ ਵਾਸੀ ਪੂਰੀ ਤਰ੍ਹਾਂ ਭੁਲ ਚੁੱਕੇ ਸਨ। ਬਾਬਾ ਜੀ ਦੀ ਅਦੁੱਤੀ ਕਰਣੀ ਦਾ ਵੇਰਵਾ ਅੰਗ੍ਰੇਜ਼ ਅਫ਼ਸਰ ਥਾਣੇਦਾਰ ਤੋਂ ਲੈ ਕੇ ਡਿਪਟੀ ਕਮਿਸ਼ਨਰ, ਗਵਰਨਰ ਅਤੇ ਵਾਇਸਰਾਏ ਤੱਕ ਆਪਣੇ ਚਿੱਠੀ-ਪੜ੍ਹ ਡਾਇਰੀਆਂ, ਮੁਕਦਮੇ ਦੀਆਂ ਫਾਇਲਾਂ ਵਿਚ ਸਰਬਪੱਖੀ ਜਾਣਕਾਰੀ ਦਰਜ ਕਰਦੇ ਰਹੇ। ਬਾਬਾ ਜੀ ਨੂੰ ਡਾਕੂ/ਦੇਸ ਧ੍ਰੋਹੀ ਲਿਖਦੇ ਹੋਏ ਵੀ ਬਾਬਾ ਜੀ ਦੀ ਮਹਾਨ ਕੁਰਬਾਨੀ ਦੀ ਪ੍ਰਸ਼ੰਸਾ ਕਰਨੋ ਰਹਿ ਨਹੀਂ ਸਕੇ। ਅਸੀਂ ਅੰਗ੍ਰੇਜ਼ਾਂ ਦੇ ਇਸ ਗਲੋਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਲਿਖਤਾਂ ਦੇ ਕਾਰਣ ਬਾਬਾ ਜੀ ਦੀ ਕੁਰਬਾਨੀ ਪ੍ਰਕਾਸ਼ ਵਿਚ ਆਈ ਹੈ।

ਅੰਗ੍ਰੇਜ਼ਾਂ ਦੇ ਗੁਪਤ ਦਸਤਾਵੇਜ਼ ਜੋ ਹੁਣ ਭਾਰਤ ਸਰਕਾਰ ਨੇ ਸਰਬਤ ਦੇ ਅਧਿਐਨ ਵਾਸਤੇ ਖੋਲ੍ਹ ਦਿਤੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚੋਂ ਸ. ਨਾਹਰ ਸਿੰਘ ਜੀ ਨੇ ਬਾਬਾ ਮਹਾਰਾਜ ਸਿੰਘ ਜੀ ਨਾਲ ਸਬੰਧਤ ਰਿਕਾਰਡ ਉਤਾਰ ਕੇ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ ਜਿਸ ਦਾ ਪੰਜਾਬੀ ਅਨੁਵਾਦ ਭਾਈ ਅਮਰੀਕ ਸਿੰਘ ਜੀ ਨੇ ਕੀਤਾ ਹੈ। ਅਸੀਂ ਇਸ ਅਨੁਵਾਦ ਤੋਂ ਧੰਨਵਾਦ ਸਹਿਤ ਲਾਭ ਉਠਾਇਆ ਹੈ। ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਦਸਤਾਵੇਜ਼ ਅਤੇ ਉਨ੍ਹਾਂ ਦਾ ਸਾਰ ਇਥੇ ਅੰਕਿਤ ਕਰ ਰਹੇ ਹਾਂ:

੧੮ ਅਗਸਤ, ੧੮੪੭

ਸਰਦਾਰ ਲਹਿਣਾ ਸਿੰਘ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਨ੍ਹਾਂ ਪੰਚਾਂ ਨੂੰ ਰਿਹਾ ਕਰ ਦੇਵੇ ਜੋ ਭਾਈ ਮਹਾਰਾਜ ਸਿੰਘ ਦੇ ਪੈਰੋਕਾਰਾਂ ਸਮੇਤ ਫੜੇ ਗਏ ਸਨ। ਭਾਈ (ਮਹਾਰਾਜ ਸਿੰਘ) ਦੇ ਲੁਕਣ ਦੀ ਥਾਂ ਬਾਰੇ ਕੋਈ ਸੁਰਾਗ ਨਹੀਂ ਮਿਲਿਆ।

੪ ਜੂਨ

ਸੁਣਿਆ ਹੈ ਕਿ ਭਾਈ ਮਹਾਰਾਜ ਸਿੰਘ (ਚਨਾਬ ਦਰਿਆ ਵਿਚ) ਡੁੱਬ ਗਏ ਹਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚੋਂ ਬਹੁਤਿਆਂ ਨੇ ਹਥਿਆਰ ਸੁੱਟ ਦਿੱਤੇ ਹਨ। ਇਹ ਗੱਲ ਐਨ ਅਜਿਹੇ ਢੁੱਕਵੇਂ ਸਮੇਂ ਤੇ ਹੋਈ ਹੈ ਜਦੋਂ ਉਨ੍ਹਾਂ ਦੇ ਧਰਮ-ਯੁੱਧ ਦਾ ਪ੍ਰਚਾਰ ਮੇਰੇ ਕੈਂਪ ਵਿਚ ਅਜੇ ਸ਼ੁਰੂ ਹੀ ਹੋਇਆ ਸੀ। ਉਪਰੋਕਤ ਵਿਚਾਰ ਨੂੰ ੧੫ ਜੂਨ ਨੂੰ ਮੁੜ ਗੁਪਤਚਰ ਵਿਭਾਗ ਨੇ ਦੁਹਰਾਇਆ ਹੈ।

੧੫ ਜੂਨ

ਲਾਹੌਰ ਦੇ ਗੁਪਤਚਰ ਵਿਭਾਗ ਤੋਂ ਪਤਾ ਲੱਗਾ ਹੈ ਕਿ ਬਾਗ਼ੀ ਭਾਈ ਮਹਾਰਾਜ ਸਿੰਘ ਚਨਾਬ ਵਿਚ ਡੁੱਬ ਗਏ ਹਨ। ਉਹਨਾਂ ਦੇ ੮੦੦ ਦੀਵਾਨੇ ਪੈਰੋਕਾਰ ਤਾਂ ਉਹਨਾਂ ਦੇ ਨਾਲ ਹੀ ਡੁੱਬ ਗਏ ਪਰ ਬਾਕੀ ਦੇ ੫੦੦ ਪੈਰੋਕਾਰਾਂ ਨੂੰ ਪਕੜ ਲਿਆ ਗਿਆ ਹੈ।

ਜਦੋਂ ਸਰਦਾਰ ਗੁਲਾਬ ਸਿੰਘ ਪਾਸ ਇਸ ਦਾ ਜ਼ਿਕਰ ਕੀਤਾ ਗਿਆ ਤਾਂ ਉਸ ਨੇ ਸਿਰ ਫੇਰਿਆ ਅਤੇ ਭਾਈ ਮਹਾਰਾਜ ਸਿੰਘ ਦੀ ਮੌਤ ਦੀ ਖ਼ਬਰ ਤੇ ਸ਼ੰਕਾ ਪ੍ਰਗਟ ਕੀਤੀ।

ਲਾਹੌਰ ਦੀਆਂ ਰਾਜਸੀ ਡਾਇਰੀਆਂ

ਜਿਲਦ ਜ਼ਜ਼ (1846-48)

ਵਲੋਂ

ਕੈਪਟਨ ਜੇ. ਐਬਟ, ਸ਼ੇਰਵਾਨ ਹਜ਼ਾਰਾ

ਸਹਾਇਕ ਰੈਜ਼ੀਡੈਂਟ 9 ਜੂਨ, 1848

ਵਿਸ਼ਾ: ਮਹਾਰਾਜ ਸਿੰਘ, ਭਾਈ

ਕਲ੍ਹ ਦੀ ਡਾਕ ਵਿਚ ਮੈਨੂੰ ਮੇਜਰ ਨੇਪੀਅਰ (Major Napier) ਵਲੋਂ ਭੇਜਿਆ ਇਕ ਪੱਤਰ ਮਿਲਿਆ ਜਿਸ ਵਿਚ ਭਾਈ ਮਹਾਰਾਜ ਸਿੰਘ ਨੂੰ ਫੜਨ ਲਈ ਕੀਤੇ ਗਏ ਅਸਫਲ ਯਤਨਾਂ ਦਾ ਵਰਨਣ ਸੀ। ਮੈਂ ਰਿਕਾਰਡ ਵਿਚ ਇਹ ਗਲੱ ਦਰਜ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਪਿਛਲੇ ਫਰਵਰੀ ਮਹੀਨੇ ਵਿਚ ਮੈਂ ਕਾਰਜ-ਚਾਲਕ ਰਾਜ-ਪ੍ਰਤੀਨਿਧੀ (Officialing Resident) ਨੂੰ ਜ਼ੋਰ ਦੇ ਕੇ ਇਹ ਗੱਲ ਕਹੀ ਸੀ ਕਿ ਇਸ ਵਿਅਕਤੀ ਨੂੰ ਤੁਰੰਤ ਕਾਬੂ ਕਰਨਾ ਅਤੀ ਜ਼ਰੂਰੀ ਹੈ। ਮੈਂ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਸੀ ਕਿ ਇਸ ਮਨੋਰਥ ਲਈ ਭੇਜੀ ਗਈ ਸੈਨਿਕ ਟੁਕੜੀ ਲੋੜੀਂਦੀ ਸਮਰੱਥਾ ਤੋਂ ਕਿੰਨੀ ਘੱਟ ਸੀ। ਮੈਂ ਉਸ ਨੂੰ ਇਸ ਤੱਥ ਵੱਲ ਵੀ ਧਿਆਨ ਦੇਣ ਲਈ ਆਖਿਆ ਸੀ ਕਿ ਸੈਨਿਕ ਟੁਕੜੀ ਦੇ ਆਪਣੇ ਕਾਰਵਾਈ ਵਾਲੇ ਸਥਾਨ ਤੇ ਪੁੱਜਣ ਤੋਂ ਇਕ ਹਫਤਾ ਪਹਿਲਾਂ ਹੀ ਸੈਨਿਕ ਟੁਕੜੀ ਦੀ ਰਵਾਨਗੀ ਅਤੇ ਇਸ ਦੇ ਮੰਤਵ ਬਾਰੇ ਅਖ਼ਬਾਰਾਂ ਨੇ ਖ਼ਬਰਾਂ ਛਾਪ ਦਿੱਤੀਆਂ ਸਨ। ਜੋ ਕੰਮ ਉਸ ਸਮੇਂ ਬਿਲਕੁਲ ਅਸਾਨ ਸੀ, ਉਹ ਹੁਣ ਅਸੰਭਵ ਹੋ ਗਿਆ ਹੈ ਕਿਉਂਕਿ ਮੁਲਤਾਨ ਵਿਚ ਬਗਾਵਤ ਦਾ ਉਭਰਨਾ ਅਤੇ ਇਸ ਡਾਕੂ ਦਾ, ਜਿਸਨੂੰ ਸੈਨਾ ਇਕ ਸੰਤ ਮਹਾਤਮਾ ਦਾ ਦਰਜਾ ਦੇਣ ਲਈ ਬਿਹਬਲ ਹੈ, ਬਚ ਨਿਕਲਣਾ ਬਾਗੀਆਂ ਦੇ ਹੱਥ ਮਜ਼ਬੂਤ ਕਰੇਗਾ। ਪੋਠੋਹਾਰ ਦੇ ਇਲਾਕੇ ਵਿਚੋਂ ਕੈਪਟਨ ਨਿਕਲਸਨ (Captain Nicholson) ਵਰਗੇ ਜ਼ਬਰਦਸਤ ਨਿਗਰਾਨ ਨੂੰ ਹਟਾ ਲੈਣ ਨਾਲ ਬਰਤਾਨਵੀ ਪ੍ਰਭਾਵ ਦਾ ਜੋ ਕਿ ਇਕ ਵਿਸ਼ਾਲ ਖਲਾਅ ਪੈਦਾ ਹੋ ਗਿਆ ਹੈ, ਇਸ ਦਾ ਬਾਗੀਆਂ ਨੂੰ ਭਾਰੀ ਲਾਭ ਪੁੱਜੇਗਾ।

ਗਵਰਨਰ ਜਨਰਲ ਦੇ
ਉੱਤਰ-ਪੱਛਮੀ ਸਰਹੱਦ ਦੇ ਪੇਸ਼ਾਵਰ ਸਥਿਤ ਏਜੰਟ
ਦੇ ਮੁੱਖ-ਸਹਾਇਕ, ਮੇਜਰ ਜਾਰਜ ਸਟ. ਪੀ. ਲਾਰੈਂਸ
ਦੀ ਰਾਜਸੀ ਡਾਇਰੀ ਵਿਚੋਂ।

## ਦਸਤਾਵੇਜ਼ ਨੰ. ੧੨

ਸੇਵਾ ਵਿਖੇ

ਮੇਜਰ ਐਚ ਪਾਮਰ ਐਮ.ਬੀ.
ਜਲੰਧਰ।

ਸ੍ਰੀ ਮਾਨ ਜੀ,

(ਮਹਾਰਾਜ ਸਿੰਘ ਨੂੰ) ਜੇਲ੍ਹ ਵਿਚੋਂ ਬਚਾਕੇ ਲੈ ਜਾਣ ਦੇ ਕਿਸੇ ਯਤਨ ਦਾ ਤਾਂ ਪ੍ਰਸ਼ਨ ਹੀ ਨਹੀਂ ਸੀ ਉੱਠਦਾ, ਪਰ ਇਹ ਗੱਲ ਪੱਕੀ ਸੀ ਕਿ ਸਿੱਖ ਪਹਿਰੇਦਾਰਾਂ ਨੂੰ ਜਾਂ ਮੇਰੇ ਆਪਣੇ ਆਦਮੀਆਂ ਨੂੰ ਜਾਂ ਦੋਹਾਂ ਨੂੰ ਰਿਸ਼ਵਤ ਦੇ ਦਿੱਤੀ ਜਾਣੀ ਸੀ। ਜਿਹੜਾ ਰਾਜਸੀ ਕੈਦੀ ਪਹਿਲਾਂ ਜੇਲ੍ਹ 'ਚੋਂ ਭੱਜ ਗਿਆ ਸੀ ਉਹ ਨਾ ਤਾਂ ਕੋਈ ਰਸੂਖ ਵਾਲਾ ਆਦਮੀ ਸੀ ਤੇ ਨਾ ਹੀ ਉਸ ਦੇ ਨਾਂ ਨਾਲ ਗੁਰੂ ਦੇ ਨਾਂ ਜਿੰਨੀ ਪਾਵਨਤਾ ਜੁੜੀ ਹੋਈ ਸੀ, ਫਿਰ ਵੀ ਉਹ ਆਦਮੀ ਜੇਲ੍ਹ 'ਚੋਂ ਭੱਜਣ ਵਿਚ ਸਫਲ ਹੋ ਗਿਆ।

ਮੈਂ ਚਾਹੁੰਦਾ ਸਾਂ ਕਿ ਮੈਨੂੰ ਸੈਨਿਕਾਂ ਦੀ ਇਕ ਕੰਪਨੀ ਜਾਂ ਘੱਟੋ-ਘੱਟ ਅੱਸੀ ਪਹਿਰੇਦਾਰ ਅਤੇ ਉਤਨੇ ਹੀ ਸਿੱਖ ਪਹਿਰੇਦਾਰ ਦਿੱਤੇ ਜਾਣ ਜਿਨ੍ਹਾਂ ਦੀ ਕਮਾਨ ਸਿੱਧੀ ਇਕ ਯੂਰਪੀਨ ਅਫਸਰ ਦੇ ਹੱਥ

ਹੋਵੇ। ਕੈਪਟਨ ਟਰਨਰ ਨੇ ਇਹਨਾਂ ਵਿਅਕਤੀਆਂ ਦੀ ਸੰਭਾਲ ਦਾ ਕੰਮ ਆਪਣੇ ਜਿੰਮੇ ਲੈ ਲਿਆ ਹੈ ਅਤੇ ਉਸ ਨੂੰ ਆਸ ਹੈ ਕੱਲ੍ਹ ਨੂੰ ਕੁਝ ਹੋਰ ਆਦਮੀ ਮਿਲ ਜਾਣਗੇ ਅਤੇ ਮੈਨੂੰ ਪੰਜਾਹ ਅਨਿਯਮਿਤ ਘੋੜ ਸਵਾਰ ਮਿਲ ਗਏ ਹਨ।

ਜਲੰਧਰ — ਮੈਂ ਹਾਂ

ਦਫਤਰ, ਡਿਪਟੀ ਕਮਿਸ਼ਨਰ — ਦਸਤਖਤ/ਐਚ ਵੈਨਸਿੱਟਰਟ,

੩੦ ਦਸੰਬਰ, ੧੮੪੯ — ਡਿਪਟੀ ਕਮਿਸ਼ਨਰ

## ਦਸਤਾਵੇਜ਼ ਨੰ. ੫੦

ਜਿੰਨੀ ਛੇਤੀ ਹੋ ਸਕੇ ਭਾਈ ਮਹਾਰਾਜ ਸਿੰਘ ਨੂੰ ਸਿੰਘਾਪੁਰ ਭੇਜ ਦਿੱਤਾ ਜਾਵੇ। ਸਫਰ ਸਮੇਂ ਉਸ ਦੇ ਭੋਜਨ ਆਦਿਕ ਦਾ ਪੂਰਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਸ ਨੂੰ ਬੇ ਲੋੜੀਆਂ ਤਕਲੀਫਾਂ ਤੋਂ ਬਚਾਇਆ ਜਾ ਸਕੇ।

ਭਾਈ ਮਹਾਰਾਜ ਸਿੰਘ ਨਾਲ ਉਪਰੋਕਤ ਸਾਰਜੰਟ ਅਤੇ ਇਕ ਛੋਟੀ ਗਾਰਦ ਭੇਜੀ ਜਾਵੇ ਅਤੇ ਉਸ ਨੂੰ 'ਸਟਰੇਟਸ ਸੈਟਲਮੈਂਟ (**Straits Settlements**) ਦੇ ਗਵਰਨਰ ਦੇ ਸਪੁਰਦ ਕਰ ਦਿੱਤਾ ਜਾਵੇ।

ਕਰਨਲ ਵਟਰਵਰਥ ਨੂੰ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਉਹ ਭਾਈ ਮਹਾਰਾਜ ਸਿੰਘ ਨੂੰ ਸਿੰਘਾਪੁਰ ਦੀ ਜੇਲ੍ਹ ਦੇ ਉਪਰਲੀ ਮੰਜ਼ਲ ਦੇ ਕਮਰਿਆਂ ਵਿਚ ਰਖੇ। ਇਹ ਥਾਂ ਪੂਰਨ ਤੌਰ ਸੁਰੱਖਿਅਤ ਅਤੇ ਸਿਹਤ ਲਈ ਚੰਗੀ ਹੈ।

ਕਰਨਲ ਬਟਰਵਰਥ ਨੂੰ ਇਹ ਵੀ ਸੂਚਿਤ ਕਰ ਦਿੱਤਾ ਜਾਵੇ ਕਿ ਭਾਈ ਮਹਾਰਾਜ ਸਿੰਘ ਇਕ ਰਾਜਸੀ ਕੈਦੀ ਹੈ, ਇਸ ਲਈ ਉਸ ਨਾਲ ਕਠੋਰ ਵਰਤਾਉ ਨਾ ਕੀਤਾ ਜਾਵੇ ਪਰ ਉਸ ਨੂੰ ਠੀਕ ਤਰ੍ਹਾਂ ਹਿਫਾਜਤ ਵਿਚ ਰੱਖਣਾ ਵੀ ਬੜਾ ਜ਼ਰੂਰੀ ਹੈ।

ਚਨਾਰ ਦੇ ਸਥਾਨ ਤੇ ਵੀ ਉਹੀ ਸਾਵਧਾਨੀਆਂ ਵਰਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਹੋਰਨਾਂ ਸਥਾਨਾਂ ਤੇ ਵਰਤਣੀਆਂ ਹਨ। ਕਮਾਂਡਿੰਗ ਅਫ਼ਸਰ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਬਨਾਰਸ ਵਿਖੇ ਗਵਰਨਰ ਜਨਰਲ ਦੇ ਸਹਾਇਕ ਨੂੰ ਰਿਪੋਰਟ ਭੇਜੇ ਅਤੇ ਉਹ ਅਜਿਹੀ ਰਿਪੋਰਟ ਭੇਜਣ ਲਈ ਹੋਰਨਾਂ ਅਧਿਕਾਰੀਆਂ ਵਾਂਗ ਹੀ ਕੈਦੀਆਂ ਪਾਸ ਹਰ ਮਹੀਨੇ ਜਾਇਆ ਕਰੇ। ਭਾਈ (ਮਹਾਰਾਜ ਸਿੰਘ) ਅਤੇ ਮੂਲ ਰਾਜ ਨੂੰ ਬਿਨ-ਬੁਲਾਏ ਮਿਲਣ ਆਏ ਵਿਅਕਤੀਆਂ ਨੂੰ ਅੰਦਰ ਜਾਣ ਤੋਂ ਰੋਕਣ ਲਈ ਖਾਸ ਚੌਕਸੀ ਵਰਤੀ ਜਾਵੇ। ਨਿਰਸੰਦੇਹ, ਲੋਕ ਉਹਨਾਂ ਨਾਲ ਮੁਲਾਕਾਤ ਕਰਨ ਲਈ ਬੜੇ ਉਤਸੁਕ ਹੋਣਗੇ।

ਸਹੀ/ ਡਲਹੌਜੀ (ਗਵਰਨਰ ਜਨਰਲ)
੯ ਅਪ੍ਰੈਲ, ੧੮੫੦

## ਦਸਤਾਵੇਜ਼ ਨੰ. ੫੯

ਵੱਲੋਂ

ਰੈਜ਼ੀਡੈਂਟ ਕੌਂਸਿਲਰ,
ਸਿੰਘਾਪੁਰ।

ਸੇਵਾ ਵਿਖੇ

ਐੱਫ.ਜੇ. ਹੈਲਿਡੇ ਐਸਕੁਆਇਰ,
ਕਾਰਜ ਵਾਹਕ ਸਕੱਤਰ ਹਿੰਦ ਸਰਕਾਰ,
ਫੋਰਟ ਵਿਲੀਅਮ।

ਸਿੰਘਾਪੁਰ,
੧੪ ਜੂਨ, ੧੮੫੦

ਸ੍ਰੀ ਮਾਨ ਜੀ,

ਰਾਜਸੀ ਕੈਦੀ ਭਾਈ ਮਹਾਰਾਜ ਸਿੰਘ ਅਤੇ ਖੜਕ ਸਿੰਘ ਸਹੀ ਸਲਾਮਤ ਇਥੇ ਪਹੁੰਚ ਗਏ ਹਨ ਅਤੇ ਹਦਾਇਤ ਅਨੁਸਾਰ ਉਹਨਾਂ ਨੂੰ ਜੇਲ੍ਹ ਦੇ ਉਪਰਲੇ ਕਮਰਿਆਂ ਵਿਚ ਰਖਿਆ ਗਿਆ ਹੈ।

ਸਤਿਕਾਰ ਸਹਿਤ।

ਤੁਹਾਡਾ ਅਤਿ ਆਗਿਆਕਾਰੀ ਨੌਕਰ

ਸਹੀ/-

ਰੈਜ਼ੀਡੈਂਟ ਕੌਂਸਿਲਰ

ਦਸਤਾਵੇਜ਼ ੮੦ ਵਿਚ ਟੀ ਚਰਚ ਰੈਜ਼ੀਡੈਂਟ ਕੌਂਸਲਰ ਸਿੰਘਾਪੁਰ ਨੇ ੨ ਅਗਸਤ, ੧੮੫੩ ਦੇ ਪਤਰ ਵਿਚ ਲੈਫਟੀਨੈਂਟ ਆਰ ਚਰਚ ਸਕੱਤਰ ਸਰਕਾਰ ਸਟੇਟਸ ਸੈਟਲਮੈਂਟ ਤੋਂ ਆਗਿਆ ਮੰਗੀ ਹੈ ਕਿ ਭਾਈ ਮਹਾਰਾਜ ਸਿੰਘ ਅਤੇ ਖੜਕ ਸਿੰਘ ਨੇ ਦੋ ਪੱਤਰ ਨੌਰੰਗਾਬਾਦ ਭੇਜਣ ਦੀ ਆਗਿਆ ਮੰਗੀ ਹੈ। ਨਾਲ ਹੀ ਲਿਖਿਆ ਹੈ ਇਨ੍ਹਾਂ ਪਤ੍ਰਾਂ ਦਾ ਭਾਵ (ਅਰਥ) ਸਮਝਣ ਦਾ ਮੇਰੇ ਕੋਲ ਕੋਈ ਸਾਧਨ ਨਹੀਂ ਹੈ ਪਰ ਉਹ ਭਰੋਸਾ ਦਵਾ ਰਹੇ ਹਨ ਇਨ੍ਹਾਂ ਪਤ੍ਰਾਂ ਵਿਚ ਕੇਵਲ ਪਰਵਾਰਿਕ ਗੱਲਾਂ ਬਾਤਾਂ ਹੀ ਲਿਖੀਆਂ ਹਨ।

ਦਸਤਾਵੇਜ਼ ੮੧ ਵਿਚ ੭ ਸਤੰਬਰ, ੧੮੫੩ ਨੂੰ ਕਾਰਜਵਾਹਕ ਉਪ ਸਕੱਤਰ ਜੇ. ਲਾਰੰਸ ਐਸਕੁਆਇਰ ਚੀਫ ਕਮਿਸ਼ਨਰ ਪੰਜਾਬ ਨੂੰ ਲਿਖਿਆ ਹੈ ਮੈਂ ਤੁਹਾਨੂੰ ਸਿੰਘਾਪੁਰ ਦੀ ਜੇਲ੍ਹ ਵਿਚ ਬੰਦ ਦੋ ਰਾਜਸੀ ਕੈਦੀਆਂ ਭਾਈ ਮਹਾਰਾਜ ਸਿੰਘ ਅਤੇ ਖੜਕ ਸਿੰਘ ਵਲੋਂ ਪ੍ਰਾਪਤ ਹੋਏ ਪਤ੍ਰ ਭੇਜ ਰਿਹਾ ਹਾਂ ਅਤੇ ਇਸ ਦੇ ਨਾਲ ਹੀ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਪਤ੍ਰਾਂ ਦਾ ਉਲਥਾ ਕਰਵਾ ਲਿਆ ਜਾਵੇ ਅਤੇ ਜੇਕਰ ਇਨ੍ਹਾਂ ਵਿਚ ਕੋਈ ਇਤਰਾਜ ਯੋਗ ਗੱਲ ਨਾ ਲਭੇ ਤਾਂ ਇਨ੍ਹਾਂ ਨੂੰ ਸਿਰਨਾਵੇਂਦਾਰਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ।

ਇਸੇ ਦਸਤਾਵੇਜ਼ ਦੇ ਅਗਲੇ ਪੈਰੇ ਵਿਚ ਫਰੰਗੀ ਅਪਣੀ ਕੁਟਲਨੀਤੀ ਵਰਣਨ ਕਰਦਾ ਹੋਇਆ ਲਿਖਦਾ ਹੈ। "ਮੈਨੂੰ ਇਹ ਗੱਲ ਦਸ ਦੇਣ ਦੀ ਹਦਾਇਤ ਵੀ ਹੋਈ ਹੈ ਕਿ ਗਵਰਨਰ ਜਨਰਲ ਇਨ ਕੌਂਸਲ ਗੁਰੂ [ਮਹਾਰਾਜ ਸਿੰਘ] ਵਲੋਂ ਲਿਖੇ ਕਿਸੇ ਪਤ੍ਰ ਨੂੰ ਭੇਜੇ ਜਾਣ ਦੇ ਵਿਰੁੱਧ ਹਨ।"

ਇਨ੍ਹਾਂ ਪੰਕਤੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਵੇ ਸੰਤ ਮਹਾਰਾਜ ਸਿੰਘ ਨੇ ਸਿੰਘਾਪੁਰ ਦੀ ਜੇਲ੍ਹ ਵਿਚੋਂ ਅਨੇਕ ਪਤ੍ਰ ਲਿਖੇ ਹੋਣਗੇ ਪਰ ਉਹ ਫਰੰਗੀ ਦੀ ਫਾਈਲ ਦਾ ਸ਼ਿੰਗਾਰ ਬਣਦੇ ਰਹੇ ਜਾਂ ਜਲਾ ਦਿੱਤੇ ਜਾਂਦੇ ਰਹੇ। ਬਾਬਾ ਜੀ ਦੇ ਪਤ੍ਰਾਂ ਨੂੰ ਨੌਰੰਗਾਬਾਦ ਜਾਂ ਬਾਬਾ ਜੀ ਦੇ ਕਿਸੇ ਹਿਤੈਸ਼ੀ ਕੋਲ ਭੇਜਣ ਦੇ ਵਿਰੁੱਧ ਫਰੰਗੀ ਦਾ ਰਿਕਾਰਡ ਬੋਲ ਰਿਹਾ ਹੈ।

ਦਸਤਾਵੇਜ਼ ੮੨ ਤੋਂ ਪਤਾ ਲੱਗਦਾ ਹੈ ਕਿ "ਮੋਤੀਏ ਦੇ ਕਾਰਣ ਭਾਈ ਮਹਾਰਾਜ ਸਿੰਘ ਦੀ ਨਿਗ੍ਹਾ ਬਿਲਕੁਲ ਚਲੀ ਗਈ ਹੈ। ਮੋਤੀਏ ਦਾ ਉਪਰੇਸ਼ਨ ਕਰਨ ਨਾਲ ਵੀ ਨਿਗ੍ਹਾ ਠੀਕ ਹੋਣ ਦੀ ਕੋਈ ਬਹੁਤੀ ਸੰਭਾਵਨਾ ਨਹੀਂ।"

ਦਸਤਾਵੇਜ਼ ਨੰ. ੮੪ ਵਿਚ ਲਿਖਿਆ ਹੈ: ਭਾਈ ਮਹਾਰਾਜ ਸਿੰਘ ਦੀ ਸਿਹਤ ਪਿਛਲੇ ਮਹੀਨਿਆਂ ਵਿਚ ਬਹੁਤ ਹੀ ਖਰਾਬ ਹੋ ਗਈ ਹੈ। ਉਸ ਦੀ ਜੀਭ ਦੇ ਖੱਬੇ ਪਾਸੇ ਕੈਂਸਰ ਵਰਗਾ ਜ਼ਖ਼ਮ ਹੋ ਗਿਆ ਹੈ ਜਿਸ ਵਿਚੋਂ ਸਮੇਂ-ਸਮੇਂ ਤੇ ਚੋਖਾ ਖੂਨ ਵਗਦਾ ਰਹਿੰਦਾ ਹੈ। ਉਸ ਦੀ ਧੌਣ ਦੇ ਥੱਲੇ ਦੀਆਂ ਗਿਲਟੀਆਂ ਸੁਜ ਗਈਆਂ ਹਨ। ਪਿਛਲੇ ਦੋ ਤਿੰਨ ਹਫਤਿਆਂ ਤੋਂ ਤਾਂ ਉਹ ਬਹੁਤ ਥੋੜ੍ਹਾ ਖਾਂਦਾ ਹੈ ਅਤੇ ਕੁਝ ਦਿਨਾਂ ਤੋਂ ਤਾਂ ਉਹ ਕੇਵਲ ਥੋੜ੍ਹੀ ਜਿਹੀ ਕਾਂਜੀ ਅਤੇ ਪਾਣੀ ਪੀਂਦਾ ਹੈ।"

ਦਸਤਾਵੇਜ਼ ਨੰ. ੮੬ ਵਿਚ ਲਿਖਿਆ ਹੈ ਕਿ "ਇਸ ਮਹੀਨੇ ਦੀ ੫ ਤਾਰੀਕ ਨੂੰ ਰਾਜਸੀ ਕੈਦੀ ਭਾਈ ਮਹਾਰਾਜ ਸਿੰਘ ਦਾ ਦਿਹਾਂਤ ਹੋ ਗਿਆ ਹੈ।"

ਇਹ ਹੈ ਪਹਿਲੇ ਸੁਤੰਤ੍ਰਤਾ ਸੰਗ੍ਰਾਮੀ ਅਜ਼ਾਦੀ ਦੀ ਲਹਿਰ ਨੂੰ ਪੈਦਾ ਕਰਨ ਵਾਲੇ ਸੂਰਬੀਰ ਬਾਬਾ ਮਹਾਰਾਜ ਸਿੰਘ ਜੀ ਦੀ ਅਪੂਰਵ ਕਰਨੀ ਜਿਸ ਨੇ ਪੰਜਾਬ ਦੀ ਅਜ਼ਾਦੀ ਦਾ ਸਮਦੂ ਦੇ ਤਲਾ 'ਤੇ ਪ੍ਰਣ ਕੀਤਾ ਸੀ।

ਸੂਰਬੀਰ ਧੀਰਜ ਮਤਿ ਪੂਰਾ ਆਪਣੇ ਅੰਤਮ ਸੁਆਸਾਂ ਤੱਕ ਦ੍ਰਿੜ੍ਹ ਰਿਹਾ। ਸਿੰਘਾਪੁਰ ਦੀ ਜੇਲ੍ਹ ਦੇ ਕਰਮਚਾਰੀਆਂ ਦੇ ਮਾਨ-ਅਪਮਾਨ ਤੋਂ ਉੱਪਰ ਉੱਠਕੇ ਨਾਮ ਚਿੰਤਨ ਵਿਚ ਇਕਾਗਰ ਹੋ ਗਿਆ। ਗੋਰਿਆਂ ਦੀਆਂ ਘ੍ਰਿਣਤ/ਅਪਮਾਨਤ ਕਰਤੂਤਾਂ ਦੇ ਕਾਰਣ ਕਦੀ-ਕਦੀ ਬਾਬਾ ਖੜਕ ਸਿੰਘ ਗੋਰਿਆਂ ਨਾਲ ਅਜਿਹਾ ਵਰਤਾਉ ਕਰਨ ਲਈ ਉਤਾਰੂ ਹੋ ਜਾਂਦੇ ਸਨ ਜਿਸ ਤਰ੍ਹਾਂ ਦਾ ਵਰਤਾਰਾ ਗੋਰੇ ਕਰਦੇ ਸਨ।

ਕਰਨੀ ਸ੍ਰੇਸ਼ਟ ਉਹ ਹੁੰਦੀ ਹੈ ਜਿਸ ਦੀ ਸ਼ਤ੍ਰੂ ਵੀ ਪ੍ਰਸ਼ੰਸਾ ਕਰੇ। ਬਾਬਾ ਜੀ ਦੀ ਦੇਸ ਭਗਤੀ, ਸੰਘਰਸ਼ ਦੀ ਅੰਗ੍ਰੇਜ਼ ਅਧਿਕਾਰੀਆਂ ਨੇ ਭਰਪੂਰ ਪ੍ਰਸ਼ੰਸਾ ਕੀਤੀ ਹੈ ਜੋ ਸਰਕਾਰੀ ਰਿਕਾਰਡ ਵਿਚ ਸੁਰਖਸ਼ਤ ਹੈ। ਬਾਬਾ ਜੀ ਨੂੰ ਗ੍ਰਿਫਤਾਰ ਕਰਨ ਵਾਲੇ ਜਲੰਧਰ ਦੇ ਡਿਪਟੀ ਕਮਿਸ਼ਨਰ ਵੈਨਸਟਾਰਟ ਨੇ ਅਪਣੀ ਇਕ ਪਤ੍ਰਕਾ ਵਿਚ ਮਿ: ਮਕਲੋਡ ਕਮਿਸ਼ਨਰ ਦੁਆਬਾ ਨੂੰ ਲਿਖਿਆ ਹੈ "ਕਿ ਮਹਾਰਾਜ ਸਿੰਘ ਦੇ ਤਿੰਨ ਹਫਤੇ ਦੁਆਬੇ ਵਿਚ ਰਹਿਣ ਨਾਲ ਜੋ ਗੜਬੜ ਹੋਈ ਹੈ, ਮਾਝੇ ਵਿਚ ਇਸ ਤੋਂ ਵੀ ਵੱਧ ਹੋ ਸਕਦੀ ਸੀ ਕਿਉਂਕਿ ਮਹਾਰਾਜ ਸਿੰਘ ਮਾਝੇ ਵਿਚ ਬਹੁਤ ਸਮਾ ਰਹੇ ਸਨ। ਉਹ ਉਥੋਂ ਦੇ ਹਾਲਾਤ ਤੋਂ ਪੂਰੀ ਤਰ੍ਹਾਂ ਜਾਣੂ ਸਨ।"

ਅਗੇ ਚੱਲਕੇ ਇਹੀ ਡਿਪਟੀ ਕਮਿਸ਼ਨਰ ਲਿਖਦਾ ਹੈ, **"ਭਾਈ ਮਹਾਰਾਜ ਸਿੰਘ ਕੋਈ ਸਾਧਾਰਣ ਵਿਅਕਤੀ ਨਹੀਂ ਹੈ, ਉਸ ਦਾ ਆਪਣੇ ਦੇਸ਼ ਵਾਸੀਆਂ ਵਿਚ ਉਹੀ ਸਨਮਾਨ ਹੈ ਜੋ ਈਸਾਈਆਂ ਦਾ ਈਸਾ ਵਿਚ। ਹਜ਼ਾਰਾਂ ਲੋਕ ਉਸ ਦੇ ਚਮਤਕਾਰਾਂ ਤੋਂ ਪ੍ਰਭਾਵਿਤ ਹਨ, ਉਸ ਵਿਚ ਪੁਰਾਤਨ ਪੈਗੰਬਰਾਂ ਵਾਲੇ ਸਾਰੇ ਗੁਣ ਵਿਦਮਾਨ ਹਨ।"**

ਇਸੇ ਪ੍ਰਕਣ ਵਿਚ ਬਾਬਾ ਜੀ ਦੇ ਪ੍ਰਭਾਵ (ਅਸਰ ਰਸੂਖ) ਨੂੰ ਵਰਣਨ ਕਰਦੇ ਹੋਏ ਲਿਖਿਆ ਹੈ।

**"ਜੇਕਰ ਮਹਾਰਾਜ ਸਿੰਘ ਬਚ ਕੇ ਨਿਕਲ ਗਿਆ ਅਤੇ ਦੁਬਾਰਾ ਨਾ ਫੜਿਆ ਗਿਆ ਤਾਂ ਸਿੱਖ ਕੌਮ ਦੀ ਸੋਚ ਮਿਲ ਕੇ ਇਕ ਵਿਅਕਤੀ (ਮਹਾਰਾਜ ਸਿੰਘ) ਦੀ ਸੋਚ ਬਣ ਜਾਏਗੀ।"**

ਮਿ: ਮਕਲੋਡ ਕਮਿਸ਼ਨਰ ਦੁਆਬੇ ਨੇ ੧੧ ਅਕਤੂਬਰ, ੧੯੫੦ ਨੂੰ ਆਪਣੀ ਰਿਪੋਰਟ ਵਿਚ ਬਾਬਾ ਮਹਾਰਾਜ ਸਿੰਘ ਜੀ ਦੇ ਸ੍ਰੇਸ਼ਟ ਮਹਾਨ ਗੁਣਾਂ ਦਾ ਵਰਣਨ ਕਰਦੇ ਹੋਏ ਲਿਖਿਆ ਹੈ :

**"ਮੈਨੂੰ ਇਹ ਨਿਸ਼ਚੇ ਪੂਰਬਕ ਚੰਗੀ ਤਰ੍ਹਾਂ ਪਤਾ ਹੈ ਕਿ ਮਹਾਰਾਜ ਸਿੰਘ ਪੂਜਨੀਯ ਮਹਾਂਪੁਰਖ ਹਨ, ਉਨ੍ਹਾਂ ਵਿਚ ਮਹਾਨ ਸਿਆਣਪ, ਸ੍ਵੈ ਵਿਸ਼ਵਾਸ ਹੈ।"**

ਉਹ ਆਪਣੇ ਅੰਦਰ ਸੰਤਪੁਣੇ, ਸ੍ਵੈ-ਭਰੋਸੇ ਦੇ ਗੁਣ ਰਖਦੇ ਹਨ। ਉਨ੍ਹਾਂ ਦੇ ਅਨੁਆਈ ਮੰਨਦੇ ਹਨ ਕਿ ਉਹ ਸ਼ਾਂਤ ਗੰਭੀਰ ਰਹਿਣ ਵਾਲੇ ਹਨ। ਉਨ੍ਹਾਂ ਦੇ ਜੋ ਵਿਚਾਰ ਸਨ ਇਸ ਨੂੰ ਉਹ ਆਪ ਹੀ ਜਾਣਦੇ ਸਨ। ਉਨ੍ਹਾਂ ਵਿਚ ਇਹ ਵਿਸ਼ੇਸ਼ ਗੁਣ ਸੀ ਉਹ ਜੋ ਵੀ ਕੰਮ ਚਾਹੁੰਦੇ ਦੂਸਰਿਆਂ ਤੋਂ ਕਰਵਾਉਣ ਦੀ ਸਮਰੱਥਾ ਰਖਦੇ ਸਨ। ਵਾਪਰਨ ਵਾਲੀਆਂ ਘਟਨਾਵਾਂ ਦਾ ਉਨ੍ਹਾਂ ਨੂੰ ਪਹਿਲਾਂ ਹੀ ਗਿਆਨ ਹੁੰਦਾ ਸੀ। ਜੋ ਗੁਣ ਇਕ ਮਹਾਂਪੁਰਖ ਵਿਚ ਹੁੰਦੇ ਹਨ ਉਨ੍ਹਾਂ ਵਿਚ ਉਹ ਸਾਰੇ ਗੁਣ ਸਨ।

ਉਨ੍ਹਾਂ ਵਿਚ ਸ੍ਵੈ ਵਿਸ਼ਵਾਸ ਦ੍ਰਿੜ੍ਹਤਾ ਉਲੇਖਨੀਯ ਸੀ, ਅਣਖ ਗੈਰਤ ਦੇ ਪੁਤਲੇ ਸਨ। ਇਨ੍ਹਾਂ ਮਹਾਨ ਗੁਣਾਂ ਨੇ ਉਨ੍ਹਾਂ ਨੂੰ ਆਗੂ ਬਣਾਇਆ।' ਆਪਣੀ ਰਿਪੋਰਟ ਦੇ ਅੰਤ ਵਿਚ ਮਿ. ਮੈਕਲੋਡ ਨੇ ਲਿਖਿਆ ਹੈ:

"ਬਾਬਾ ਮਹਾਰਾਜ ਸਿੰਘ ਜੀ ਦਾ ਪਵਿੱਤਰ ਜੀਵਨ ਮਹਾਨ ਗੁਣ ਸੀ ਜਿਸ ਕਾਰਣ ਲੋਕਾਂ ਵਿਚ ਉਨ੍ਹਾਂ ਵਾਸਤੇ ਹੁਣ ਤਕ ਸਤਿਕਾਰ ਹੈ। ਸਾਰੇ ਇਲਾਕਿਆਂ ਵਿਚੋਂ ਉਨ੍ਹਾਂ ਨੇ ਹਜ਼ਾਰਾਂ ਆਦਮੀਆਂ ਨੂੰ ਇਕਤਰ ਕਰ ਲਿਆ ਸੀ।

ਜਦ ਉਹ ਜੰਮੂ ਦੇ ਇਲਾਕੇ ਵਿਚ ਫਿਰ ਰਹੇ ਸਨ ਤਾਂ ਹਜ਼ਾਰਾਂ ਵਿਅਕਤੀ ਉਨ੍ਹਾਂ ਦੇ ਨਾਲ

ਸਨ। ਇਸ ਤੋਂ ਪਤਾ ਲੱਗਦਾ ਕਿ ਉਨ੍ਹਾਂ ਦਾ ਪ੍ਰਭਾਵ ਇਕਲੋ ਦੁਆਬੇ ਵਿਚ ਨਹੀਂ ਮਾਝੇ ਅਤੇ ਮਾਲਵੇ ਵਿਚ ਵੀ ਉਨ੍ਹਾਂ ਦੀ ਲਹਿਰ ਦਾ ਅਸਰ ਸੀ।"

ਬਾਬਾ ਜੀ ਇਸ ਮਹਾਨ ਪ੍ਰਣ ਅਨੁਸਾਰ ੧੮੪੯ ਤੋਂ ੧੮੫੬ (ਅੰਤਿਮ ਸੁਆਸਾਂ) ਤਕ ਆਪਣੇ ਪ੍ਰਣ ਤੇ ਦ੍ਰਿੜ੍ਹਤਾ ਨਾਲ ਕਾਇਮ ਰਹੇ।

ਬਾਬਾ ਜੀ ਨੇ ਅੰਗ੍ਰੇਜ਼ ਨੂੰ ਪੰਜਾਬ (ਅਤੇ ਦੇਸ਼) ਵਿਚੋਂ ਕੱਢਣ ਲਈ ਕਿੰਨ੍ਹਾਂ ਸੰਘਰਸ਼ ਕੀਤਾ। ਕਿਵੇਂ ਪੰਜਾਬ ਨੂੰ ਜਥੇਬੰਦ ਕੀਤਾ? ਸੰਘਰਸ਼ ਵਿਚ ਹਿੰਦੂਆਂ, ਮੁਸਲਮਾਨਾਂ, ਡੋਗਰਿਆਂ, ਰਾਜਪੂਤਾਂ ਨੂੰ ਇਕ ਸੂਤ੍ਰ ਵਿਚ ਬੰਨ੍ਹਿਆ। ਇਨ੍ਹੇ ਮਹਾਨ ਇਕੱਠ ਲਈ ਲੰਗਰ ਦਾ ਪ੍ਰਬੰਧ, ਚਿੱਠੀ ਪੜ੍ਹ ਦਾ ਪ੍ਰਬੰਧ, ਆਪਣੇ ਅਗਿਆਤਵਾਸ ਦਾ ਪ੍ਰਬੰਧ ਕਰਨ ਤੋਂ ਬਾਬਾ ਜੀ ਦੀ ਕੁਸ਼ਲ ਵਿਵਹਾਰਕਤਾ, ਦੂਰ ਦ੍ਰਿਸ਼ਟੀ, ਰਾਜਨੀਤਿਕ ਸੂਝ ਦਾ ਪਤਾ ਲੱਗਦਾ ਹੈ।

ਬਾਬਾ ਮਹਾਰਾਜ ਸਿੰਘ ਜੀ ਤੋਂ ੧੯ ਵਰਸ਼ ਮਗਰੋਂ ੧੮੫੭ ਦਾ ਗਦਰ ਹੋਇਆ। ਗਦਰ ਤੋਂ ੩ ਵਰਸ਼ ਬਾਅਦ ਕੂਕਿਆਂ ਦੀ ਲਹਿਰ ਚੱਲੀ।

## ਬਾਬਾ ਖੁਦਾ ਸਿੰਘ ਜੀ

ਬ੍ਰਹਮਸ੍ਰੋਤ੍ਰੀਯ, ਬ੍ਰਹਮਨੇਸ਼ਟੀ, ਬ੍ਰਹਮਗਿਆਨੀ ਬਾਬਾ ਖੁਦਾ ਸਿੰਘ ਜੀ ਦਾ ਜਨਮ ਮਾਤਾ ਸੁਖਦੇਈ, ਪਿਤਾ ਸ. ਨੱਥਾ ਸਿੰਘ ਦੇ ਘਰ ਪਿੰਡ ਸਿਆਮਗੜ੍ਹ ਜ਼ਿਲ੍ਹਾ ਕੁਰੂਕੇਸ਼ਤ੍ਰ (ਹਰਿਆਣਾ) ਵਿਚ ਹੋਇਆ। ਮਾਤਾ-ਪਿਤਾ ਨੇ ਆਪ ਜੀ ਦਾ ਨਾਮ 'ਜਸਵੰਤ ਸਿੰਘ' ਰੱਖਿਆ। ਬਚਪਨ ਵਿਚ ਆਪ ਜੀ ਨੂੰ ਹਰ ਤਰ੍ਹਾਂ ਦੀ ਸਿੱਖਿਆ ਦਿੱਤੀ ਗਈ। ਗੁਰਮੁਖੀ ਪੜ੍ਹਾ ਕੇ ਗੁਰਬਾਣੀ ਦੇ ਪਾਠੀ ਬਣਾਇਆ ਗਿਆ। ਘੋੜ ਸਵਾਰੀ, ਧਨੁਰ ਵਿੱਦਿਆ (ਸ਼ਸਤ੍ਰ ਅਭਿਆਸ) ਵਿਚ ਪ੍ਰਪੱਕ ਕੀਤਾ ਗਿਆ। ਛੇ ਵਰਸ਼ ਦੀ ਆਯੂ ਵਿਚ ਅੰਮ੍ਰਿਤਪਾਨ ਕਰਾਇਆ ਗਿਆ। ਆਪ ਜੀ ਗੁਰਬਾਣੀ ਦਾ ਮਧੁਰ ਸੁਰ ਵਿਚ ਸ਼ੁਧ ਪਾਠ ਕਰਦੇ ਸਨ। ੧੭ ਵਰਸ਼ ਦੀ ਆਯੂ ਵਿਚ ਬੀਬੀ ਚੰਦ ਕੌਰ ਨਾਲ ਵਿਆਹ ਹੋਇਆ। ਮਾਤਾ ਚੰਦ ਕੌਰ ਵੀ ਸ੍ਰੇਸ਼ਟ ਪਰਿਵਾਰ ਦੀ ਲੜਕੀ ਸੀ। ਉਪਰੰਤ ਮਾਤਾ ਪਿਤਾ ਦੀ ਆਗਿਆ ਨਾਲ ਪੁਲਿਸ ਵਿਚ ਭਰਤੀ ਹੋ ਗਏ ਅਤੇ ਕੁਰੜੀ ਜ਼ਿਲ੍ਹਾ ਕੁਰੂਕਸ਼ੇਤ੍ਰ ਦੇ ਥਾਣੇ ਵਿਚ ਥਾਣੇਦਾਰ ਲਗ ਗਏ। ਆਪ ਜੀ ਗੁਰਬਾਣੀ ਦੇ ਨਿਤਨੇਮੀ, ਪਰਮਾਰਥ ਦੀ ਲਗਨ ਵਾਲੇ, ਉੱਚੇ ਵਿਚਾਰਾਂ ਵਾਲੇ ਧਾਰਮਿਕ ਵਿਅਕਤੀ ਸਨ।

ਇਕ ਵਾਰ ਬਾਬਾ ਬੀਰ ਸਿੰਘ ਜੀ ਕੁਰੜੀ ਵਿਚ ਆਏ। ਸੁਬਹ ਅੰਮ੍ਰਿਤ ਵੇਲੇ ਜਸਵੰਤ ਸਿੰਘ ਜੀ ਧਰਮਸ਼ਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਹੇ ਸਨ। ਬਾਬਾ ਬੀਰ ਸਿੰਘ ਜੀ ਧਰਮਸ਼ਾਲਾ ਵਿਚ ਆ ਕੇ ਪਾਠ ਸ਼ਰਵਨ ਕਰਦੇ ਰਹੇ। ਪਾਠ ਦੀ ਸਮਾਪਤੀ ਕਰਕੇ ਜਸਵੰਤ ਸਿੰਘ ਜੀ ਨੇ ਬਾਬਾ ਜੀ ਨੂੰ ਨਮਸਕਾਰ ਕੀਤੀ। ਬਾਬਾ ਜੀ ਨੇ ਪ੍ਰਸੰਨ ਮੁੱਖ ਫੁਰਮਾਇਆ, "ਭਾਈ ਜਸਵੰਤ ਸਿੰਘ, ਅਸੀਂ ਤਾਂ ਤੁਹਾਨੂੰ ਲੈਣ ਆਏ ਹਾਂ।" ਜਸਵੰਤ ਸਿੰਘ ਨੇ ਆਖਿਆ, "ਜੀ ! ਸਤਿ ਬਚਨ।" ਬਾਬਾ ਜੀ ਨੌਰੰਗਾਬਾਦ ਨੂੰ ਆ ਗਏ ਅਤੇ ਭਾਈ ਜਸਵੰਤ ਸਿੰਘ ਵੀ ਤਿਆਗ ਪੱਤਰ ਦੇ ਕੇ ਬਾਬਾ ਜੀ ਕੋਲ ਨੌਰੰਗਾਬਾਦ ਪਹੁੰਚ ਗਏ। ਭਾਈ ਜਸਵੰਤ ਸਿੰਘ ਨੇ ਨੌਰੰਗਾਬਾਦ ਅਤੇ ਊਨਾ ਸਾਹਿਬ ਵਿਚ ਅਣਥੱਕ, ਅਕਹਿ ਸੇਵਾ ਕੀਤੀ। ਸੁਆਸ-ਸੁਆਸ ਸੇਵਾ ਸਿਮਰਨ ਵਿਚ ਬਤੀਤ ਹੋਣ ਲੱਗਾ। ਨਾਮ ਅਭਿਆਸ ਨਾਲ ਅਵਸਥਾ ਬਹੁਤ ਉੱਚੀ ਹੋ ਗਈ।

ਬਾਬਾ ਖੁਦਾ ਸਿੰਘ ਜੀ ਮਸਤ ਅਲਬੇਲੇ ਬ੍ਰਹਮਗਿਆਨੀ ਮਹਾਂਪੁਰਖ ਸਨ। ਹਰਖ-ਸ਼ੋਕ, ਮਾਨ-ਅਪਮਾਨ ਤੋਂ ਉਪਰ ਸਨ। ਉੱਚੀ ਆਤਮਿਕ ਅਵਸਥਾ ਦੇ ਸੁਆਮੀ ਸਨ। ਸਿੱਖਾਂ ਦੀ ਰਾਜਸੀ ਅਵਸਥਾ ਨੂੰ, ਸਿੱਖ ਰਾਜ ਨੂੰ ਕਾਇਮ ਰੱਖਣ ਲਈ ਬਾਬਾ ਮਹਾਰਾਜ ਸਿੰਘ ਜੀ ਨੇ ਤਿੱਖੇ ਖੰਡੇ ਦੀ ਧਾਰ ਦੇ ਮਾਰਗ ਨੂੰ ਅਪਣਾਇਆ। ਰਾਮ ਨਗਰ, ਚੇਲਿਆਂ ਵਾਲੀ, ਗੁਜਰਾਤ ਦੀਆਂ ਲੜਾਈਆਂ ਵਿਚ ਹਿੱਸਾ ਲਿਆ ਅਤੇ ਫਰੰਗੀ ਨੂੰ ਦੇਸ਼ ਵਿਚੋਂ ਕੱਢਣ ਲਈ ਸੰਘਰਸ਼ ਆਰੰਭ ਦਿੱਤਾ।

ਇਸ ਸਮੇਂ ਸ: ਜਵਾਹਰ ਸਿੰਘ ਜੀ ਨਲੂਏ (ਸਪੁਤ੍ਰ ਸ. ਹਰੀ ਸਿੰਘ ਜੀ ਨਲੂਆ) ਨੇ ਗੁਰੂ

ਦਾ ਵਾਸਤਾ ਪਾਕੇ ਬਾਬਾ ਖੁਦਾ ਸਿੰਘ ਨੂੰ ਪਤ੍ਰਕਾ ਭੇਜੀ ਕਿ ਸਾਨੂੰ ਦਰਸ਼ਨ ਦੇ ਕੇ ਸਤਿਆ ਬਖਸ਼ੋ। ਬਾਬਾ ਖੁਦਾ ਸਿੰਘ ਜੀ ਸੰਤ ਮੰਡਲੀ ਸਹਿਤ ਗੁਜਰਾਤ ਪੁਜ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਦੁਆਰੇ ਵਿਚ ਠਹਿਰੇ। ਇਥੋ ਇਕ ਸਿੰਘ 'ਵੈਰਾਗਸ਼ਸਤਕ' ਪੜ੍ਹ ਰਿਹਾ ਸੀ। ਬਾਬਾ ਖੁਦਾ ਸਿੰਘ ਜੀ ਨੇ ਕਿਹਾ ਇਹ ਵੈਰਾਗਸ਼ਸਤਕ ਪੜ੍ਹਨ ਦਾ ਕਿਹੜਾ ਸਮਾਂ ਹੈ? ਹੁਣ ਦਸਮ ਪਾਤਸ਼ਾਹ ਦੀ ਬੀਰ ਰਸੀ ਬਾਣੀ ਪੜ੍ਹਨ ਦੀ ਲੋੜ ਹੈ। ਸਿੱਖ ਸਾਰੀਆਂ ਲੜਾਈਆਂ ਵਿਚ ਹਾਰ ਗਏ। ਪ੍ਰਸਿੱਧ ਆਗੂ ਗ੍ਰਿਫਤਾਰ ਕਰਕੇ ਜ਼ੇਲ੍ਹਾਂ ਵਿਚ ਸਿੱਟੇ ਗਏ ਅਤੇ ਜਲਾਵਤਨ ਕੀਤੇ ਗਏ। ਬਾਬਾ ਖੁਦਾ ਸਿੰਘ ਜੀ ਨੂੰ ੨੦-੨੫ ਸੰਤਾਂ ਨਾਲ ਗ੍ਰਿਫਤਾਰ ਕਰਕੇ ਹੈਰੀਸਨ ਦੇ ਕੈਂਪ ਵਿਚ ਬੰਦ ਕਰ ਦਿੱਤਾ ਗਿਆ। ਇਸ ਸਮੇਂ ਬਾਬਾ ਜੀ ਦੀ ਧਰਮ ਪਤਨੀ ਮਾਤਾ ਚੰਦ ਕੌਰ ਵੀ ਨਾਲ ਸੀ।

ਕਈ ਕਮਜ਼ੋਰਾਂ ਨੇ ਕਿਹਾ, 'ਅਸੀਂ ਅਕਾਰਣ ਹੀ ਫਸ ਗਏ।' ਬਾਬਾ ਜੀ ਨੇ ਕਿਹਾ, 'ਜਿਸ ਨੇ ਜਾਣਾ ਹੈ ਚਲੇ ਜਾਉ, ਤੁਹਾਡੇ ਲਈ ਹੁਣ ਵੀ ਦਰਵਾਜ਼ੇ ਖੁਲ੍ਹੇ ਹਨ।' ਹੈਰੀਸਨ ਸੁਬਹ-ਸ਼ਾਮ ਜ਼ੇਲ੍ਹ ਵਿਚ ਆਉਂਦਾ ਅਤੇ ਕਾਫੀ ਸਮਾਂ ਬਾਬਾ ਜੀ ਕੋਲ ਖੜ੍ਹਕੇ ਸਹਿਮ ਪਾਉਣ ਵਾਲੀਆਂ ਗੱਲਾਂ ਕਰਦਾ ਰਹਿੰਦਾ ਪਰ ਬਾਬਾ ਜੀ ਨੇ ਕਦੇ ਉਸ ਨਾਲ ਅੱਖ ਨਹੀਂ ਮਿਲਾਈ ਸੀ। ਇਕ ਦਿਨ ਮਾਤਾ ਚੰਦ ਕੌਰ ਨੇ ਆਖਿਆ, 'ਮਹਾਰਾਜ! ਤੁਸੀਂ ਉਠਕੇ ਹੈਰੀਸਨ ਨੂੰ ਸਲਾਮ ਤਾਂ ਕਹਿ ਦਿਉ ਕਰੋ।' ਬਾਬਾ ਜੀ ਨੇ ਸਿੰਘਘੋਸ਼ਨਾ ਵਿਚ ਆਖਿਆ, 'ਤੂੰ ਸਾਨੂੰ ਡਰਾਉਂਦੀ ਹੈ?' ਅਸੀਂ ਖੁਦ ਬਾਦਸ਼ਾਹ ਹਾਂ, ਸਰਬ ਦੇਵਤੇ ਸਾਡੇ ਅੱਗੇ ਝੁਕਦੇ ਹਨ। ਅਸੀਂ ਹੈਰੀਸਨ ਨੂੰ ਕਿਉਂ ਸਲਾਮ ਕਰੀਏ? ਅਸੀਂ ਕਿਸੇ ਦੇ ਅਧੀਨ ਨਹੀਂ ਹਾਂ।'

ਪਹਿਰੇ ਤੇ ਖੜ੍ਹੇ ਪਹਿਰੇਦਾਰ ਨੇ ਕਿਹਾ, 'ਤੁਸੀਂ ਕੈਦੀ ਹੋ।' ਬਾਬਾ ਜੀ ਨੇ ਕਿਹਾ, 'ਸਾਰਾ ਸੰਸਾਰ ਕੈਦੀ ਹੈ। ਕੋਈ ਘਰ ਵਿਚ ਕੈਦੀ ਹੈ, ਕੋਈ ਨੌਕਰੀ ਵਿਚ ਕੈਦੀ ਹੈ, ਕੋਈ ਖਾਹਸ਼ਾਂ ਦਾ ਕੈਦੀ ਹੈ, ਅਸੀਂ ਸੁਤੰਤ੍ਰ ਹਾਂ। ਅਸੀਂ ਕਿਤੇ ਉਠੀਏ-ਬੈਠੀਏ ਸਾਡੇ ਤੇ ਕੋਈ ਪ੍ਰਤਿਬੰਧ ਨਹੀਂ, ਤੂੰ ਵੱਡਾ ਕੈਦੀ ਹੈਂ। ਇਥੋਂ ਕਿਸੇ ਪਾਸੇ ਜਾ ਨਹੀਂ ਸਕਦਾ। ਤੇਰਾ ਹੈਰੀਸਨ ਆਪਣੇ ਤੋਂ ਉਪਰਲੇ ਵੱਡੇ ਦਾ ਕੈਦੀ ਹੈ। ਅਸੀਂ ਹਰ ਤਰ੍ਹਾਂ ਆਪਣੇ ਆਨੰਦ ਵਿਚ ਸੁਤੰਤ੍ਰ ਹਾਂ':

*ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥*
*ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥*

*(ਪੰਨਾ ੨੭੩)*

ਇਸ ਵੇਲੇ ਸੰਤ ਹੁਕਮ ਸਿੰਘ, ਸੰਤ ਹਜ਼ੂਰਾ ਸਿੰਘ ਸਾਰੀ ਸੰਤ ਮੰਡਲੀ ਵਾਸਤੇ ਸ਼ਹਿਰ ਵਿਚੋਂ ਮਧੂਕਰੀ ਕਰ ਕੇ ਲਿਆਉਂਦੇ ਸਨ। ਬਾਬਾ ਜੀ ਸਮੇਤ ਸਾਰੀ ਮੰਡਲੀ ਨੂੰ ਭੋਜਨ ਛਕਾਉਂਦੇ ਸਨ।

ਇਕ ਦਿਨ ਹੈਰੀਸਨ ਦੇ ਹੁਕਮ ਨਾਲ ਸਾਰੀ ਸੰਤ ਮੰਡਲੀ ਨੂੰ ਰਿਹਾ ਕਰਕੇ, ਇਕ ਸੇਵਾਦਾਰ ਸਮੇਤ ਬਾਬਾ ਜੀ ਨੂੰ ਵਜ਼ੀਰਾਬਾਦ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ, ਮਗਰੋਂ ਗੁਜ਼ਰਾਂਵਾਲੇ ਦੇ ਕਿਲ੍ਹੇ ਵਿਚ ਭੇਜ ਦਿੱਤੇ। ਕਿਲ੍ਹੇ ਵਿਚ ਇਕ ਕੈਦੀ ਸੋਢੀ ਸਦਾ ਸਿੰਘ ਬਹੁਤ ਉਦਾਸ ਸੀ ਜੋ ਬਾਬਾ ਜੀ ਦੇ ਚਰਨਾਂ ਵਿਚ ਡਿੱਗ ਕੇ ਰੋਣ ਲੱਗ ਪਿਆ।

ਬਾਬਾ ਜੀ ਨੇ ਕਿਹਾ, 'ਪਹਿਲਾਂ ਕੀ ਕਰਦਾ ਸੀ?' ਜਵਾਬ ਵਿਚ ਸੋਢੀ ਸਦਾਂ ਸਿੰਘ ਨੇ ਕਿਹਾ, 'ਸ਼ਰਾਬੀ ਕਬਾਬੀ ਸਾਂ, ਸ਼ਿਕਾਰ ਦੁਆਰਾ ਅਨੇਕ ਜੀਵ ਮਾਰਦਾ ਸਾਂ।' ਬਾਬਾ ਜੀ ਨੇ ਕਿਹਾ, 'ਜੇ ਹੁਣ ਕੈਦ ਤੋਂ ਰਿਹਾ ਹੋ ਜਾਵੇਂ ਤਾਂ ਕੀ ਕਰੇਂਗਾ?'

ਸਦਾ ਸਿੰਘ ਨੇ ਆਖਿਆ, 'ਮਹਾਰਾਜ! ਸਾਰਾ ਜੀਵਨ ਸੇਵਾ ਉਪਕਾਰ ਲਈ ਚੰਗੇ ਕੰਮਾਂ ਵਿਚ ਲਾਵਾਂਗਾ। ਬਾਬਾ ਜੀ ਦਾ ਇਕ ਅਨਨ੍ਯ ਸੇਵਕ ਕਰਮ ਸਿੰਘ ਸੀ। ਉਸ ਨੇ ਬੇਨਤੀ ਕੀਤੀ, 'ਮੈਂ ਆਪ ਜੀ ਦੀ ਜ਼ਮਾਨਤ ਕਰਾਉਣੀ ਚਾਹੁੰਦਾ ਹਾਂ।' ਬਾਬਾ ਜੀ ਨੇ ਆਖਿਆ, 'ਅਸੀਂ ਇਥੇ ਹਰ ਤਰ੍ਹਾਂ ਪ੍ਰਸੰਨ ਹਾਂ ਸਾਨੂੰ ਕਿਸੇ ਤਰ੍ਹਾਂ ਦਾ ਕਸ਼ੋਭ ਨਹੀਂ। ਇਕਾਂਤ ਸਥਾਨ ਹੋਣ ਕਰਕੇ ਸਿਮਰਨ ਵਿਚ ਮਨ ਇਕਾਗਰ ਰਹਿੰਦਾ ਹੈ। ਤੁਸੀਂ ਸੋਢੀ ਸਦਾ ਸਿੰਘ ਦੀ ਜ਼ਮਾਨਤ ਕਰਵਾ ਦਿਉ। ਭਾਈ ਕਰਮ ਸਿੰਘ

ਜੀ ਨੇ ਬਾਬਾ ਜੀ ਦੇ ਨਾਲ ਸੋਢੀ ਸਦਾ ਸਿੰਘ ਦੀ ਜ਼ਮਾਨਤ ਵੀ ਕਰਵਾ ਦਿੱਤੀ। ਬਾਬਾ ਜੀ ਜ਼ੇਲ੍ਹ ਤੋਂ ਬਾਹਰ ਆ ਗਏ। ੧੦ ਦਿਨ ਗੁਜਰਾਂਵਾਲੇ ਕਥਾ ਕੀਰਤਨ, ਸਤਿਸੰਗ, ਨਾਮ ਬਾਣੀ ਦਾ ਪ੍ਰਵਾਹ ਚਲਦਾ ਰਿਹਾ। ਡਿਪਟੀ ਕਮਿਸ਼ਨਰ ਨੇ ਬਾਬਾ ਜੀ ਨੂੰ ਵਜੀਰਾਬਾਦ ਬੁਲਾਇਆ। ੧੯ ਦਿਨ ਵਜੀਰਾਬਾਦ ਸਤਿਸੰਗ ਹੁੰਦਾ ਰਿਹਾ ਅਨੇਕ ਆਦਮੀ ਨਾਮ ਬਾਣੀ ਨਾਲ ਜੁੜੇ। ਅੰਗ੍ਰੇਜ਼ ਅਫਸਰਾਂ ਨੂੰ ਨਿਸ਼ਚੈ ਹੋ ਗਿਆ ਕਿ ਇਹ ਨਿਰੋਲ ਧਾਰਮਿਕ ਮਹਾਂਪੁਰਖ ਹਨ। ਇਨ੍ਹਾਂ ਨੂੰ ਸੰਸਾਰ ਨਾਲ ਕੋਈ ਲਗਾਉ ਨਹੀਂ ਹੈ। ਵਜ਼ੀਰਾਬਾਦ ਤੋਂ ਅਨੇਕ ਪਿੰਡਾਂ ਵਿਚ ਸਤਿਸੰਗ ਕਰਦੇ ਸਤਿਨਾਮੁ ਦਾ ਉਪਦੇਸ਼ ਦਿੰਦੇ ਡੇਹਰਾ ਬਾਬਾ ਨਾਨਕ ਦਰਸ਼ਨ ਕਰਨ ਚਲੇ ਗਏ ਪਰ ਡੇਹਰਾ ਬਾਬਾ ਨਾਨਕ ਦੇ ਮਹੰਤ ਨੇ ਮੁਖਬਰੀ ਕਰ ਦਿੱਤੀ ਕਿ 'ਸਰਕਾਰ ਦੇ ਸਭ ਤੋਂ ਵੱਡੇ ਵਿਰੋਧੀ ਭਾਈ ਮਹਾਰਾਜ ਸਿੰਘ ਦੇ ਸੰਤ ਖੁਦਾ ਸਿੰਘ ਜੀ ਗੁਰਭਾਈ ਹਨ। ਇਨ੍ਹਾਂ ਤੋਂ ਭਾਈ ਮਹਾਰਾਜ ਸਿੰਘ ਦੀ ਸੰਪਤੀ ਦਾ ਪਤਾ ਕਰਨਾ ਚਾਹੀਦਾ ਹੈ।' ਆਪ ਜੀ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। ਬੇਦੀ ਅਤਰ ਸਿੰਘ ਅਤੇ ਹੋਰ ਬੇਦੀ ਸਾਹਿਬਜ਼ਾਦਿਆਂ ਨੇ ਜ਼ਮਾਨਤ ਦੇ ਕੇ ਛਡਵਾਇਆ ਅਤੇ ਮਹੰਤ ਨੂੰ ਫਿਟਕਾਰਾਂ ਪਾਈਆਂ। ਬਾਬਾ ਮਹਾਰਾਜ ਸਿੰਘ ਤੋਂ ਡਰੇ ਹੋਏ ਅੰਗ੍ਰੇਜ਼ ਅੰਦਰ ਗਤੀ ਬਾਬਾ ਖੁਦਾ ਸਿੰਘ ਤੇ ਵੀ ਨਿਗਰਾਨੀ ਰਖਦੇ ਸਨ ਅਤੇ ਨੌਰੰਗਾਬਾਦ ਦੇ ਡੇਰੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਸਨ।

ਬਾਬਾ ਜੀ ਨੌਰੰਗਾਬਾਦ ਆਕੇ ਠਹਿਰੇ ਹੋਏ ਸਨ। ਨੌਰੰਗਾਬਾਦ ਦੇ ਨੰਬਰਦਾਰ ਫਤਹ ਸਿੰਘ ਅਤੇ ਮਤਾਬ ਸਿੰਘ ਟੁੰਡੇ ਨੇ ਸ਼ਿਕਾਇਤ ਕੀਤੀ ਕਿ ਨੌਰੰਗਾਬਾਦ ਦੇ ਡੇਰੇ ਵਿਚ ਹਥਿਆਰਾਂ ਦਾ ਜ਼ਖੀਰਾ ਹੈ ਅਤੇ ਬਾਬਾ ਖੁਦਾ ਸਿੰਘ ਦੀਆਂ ਸਰਗਰਮੀਆਂ ਅੰਗ੍ਰੇਜ਼ਾਂ ਦੇ ਖਿਲਾਫ਼ ਹਨ। ਇਸ ਕਿਰਕੇ ਡਿਪਟੀ ਕਮਿਸ਼ਨਰ ਸੈਂਡਲ ਤੇ ਫੌਜ਼ੀ ਕਮਾਂਡਰ ਹੈਰੀਸਨ ਨੇ ਬਾਬਾ ਜੀ ਨੂੰ ਅੰਮ੍ਰਿਤਸਰ ਬੁਲਾਇਆ। ਬਾਬਾ ਜੀ ਨੌਰੰਗਾਬਾਦ ਤੋਂ ਅੰਮ੍ਰਿਤਸਰ ਪੁੱਜੇ ਅਤੇ ਕਾਲਿਆਂਵਾਲੀ ਦੇ ਬੁੰਗੇ ਵਿਚ ਠਹਿਰੇ। ਇਥੇ ਵੀ ਸੁਬਹ-ਸ਼ਾਮ ਸਤਿਸੰਗ ਆਰੰਭ ਹੋ ਗਿਆ। ਸੰਗਤ ਦਾ ਅਥਾਹ ਇਕੱਠ ਹੋਣ ਲੱਗਾ।

ਮਗਰੋਂ ਤਰਨ ਤਾਰਨ ਦੇ ਥਾਣੇਦਾਰ ਨੂੰ ਨੌਰੰਗਾਬਾਦ ਦੇ ਡੇਰੇ ਦੀ ਤਲਾਸ਼ੀ ਲਈ ਅਤੇ ਸਾਰੇ ਡੇਰੇ ਨੂੰ ਅਤਿਅੰਤ ਡੂੰਘਿਆਈ ਤੱਕ ਪੁਟ ਸਿਟਿਆ ਪਰ ਡੇਰੇ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੋਇਆ।

ਬਾਬਾ ਖੁਦਾ ਸਿੰਘ ਜੀ ਕੋਲ ਸੰਗਤਾਂ ਦੀ ਆਵਾਜਾਈ ਵੇਖਕੇ ਆਪਣੀ ਪੂਜਾ ਵਿਚ ਫ਼ਰਕ ਪੈਂਦਾ ਵੇਖਕੇ ਪੁਜਾਰੀਆਂ ਨੇ ਡਿਪਟੀ ਕਮਿਸ਼ਨਰ ਕੋਲ ਸ਼ਿਕਾਇਤ ਕੀਤੀ ਕਿ ਬਾਬਾ ਖੁਦਾ ਸਿੰਘ ਜੀ ਬਾਬਾ ਮਹਾਰਾਜ ਸਿੰਘ ਦੇ ਵੱਡੇ ਗੁਰਭਾਈ ਹਨ, ਇਨ੍ਹਾਂ ਨੂੰ ਬਹੁਤੀ ਖੁਲ੍ਹ ਦੇਣੀ ਚੰਗੀ ਨਹੀਂ ਹੈ।

ਇਕ ਦਿਨ ਸੰਗਤ ਦਾ ਅਥਾਹ ਇਕੱਠ ਸੀ। ਡਿਪਟੀ ਕਮਿਸ਼ਨਰ ਸੈਂਡਲ ਅਤੇ ਫੌਜੀ ਕਮਾਂਡਰ ਹੈਰੀਸਨ ਨੇ ਕੰਵਰ ਨੌਨਿਹਾਲ ਸਿੰਘ ਦੇ ਬੁੰਗੇ ਵਿਚ ਬੈਠਕੇ ਸਾਰੇ ਇਕੱਠ ਨੂੰ ਦੂਰਬੀਨ ਨਾਲ ਵੇਖਿਆ। ਬਾਬਾ ਜੀ ਦਾ ਪ੍ਰਭਾਵ, ਸੰਗਤਾਂ ਨਾਲ ਪ੍ਰੇਮ ਵੇਖਕੇ ਇਨ੍ਹਾਂ ਨੇ ਇਹੀ ਪ੍ਰਭਾਵ ਲਿਆ ਕਿ ਬਾਬਾ ਜੀ ਸਰਕਾਰ ਵਾਸਤੇ ਕਿਸੇ ਵੇਲੇ ਵੀ ਖਤਰਨਾਕ ਬਣ ਸਕਦੇ ਹਨ। ਇਸ ਲਈ ਬਾਬਾ ਜੀ ਨੂੰ ਕੋਤਵਾਲੀ ਸਦਿਆ ਗਿਆ ਅਤੇ ਪੁੱਛਿਆ, 'ਮਹਾਰਾਜ ਸਿੰਘ ਜੀ ਨਾਲ ਤੁਹਾਡਾ ਕੀ ਸੰਬੰਧ ਹੈ?'

ਬਾਬਾ ਜੀ ਨੇ ਆਖਿਆ, 'ਅਸੀਂ ਦੋਨੋਂ ਬਾਬਾ ਬੀਰ ਸਿੰਘ ਜੀ ਦੇ ਸ਼ਿਸ਼ ਹਾਂ। ਉਹ ਮੇਰੇ ਗੁਰਭਾਈ ਅਤੇ ਡੇਰੇ ਦੇ ਮਹੰਤ ਸਨ।' ਇਸ ਤੋਂ ਬਾਅਦ ਬਾਬਾ ਜੀ ਨੂੰ ਅੰਮ੍ਰਿਤਸਰ ਕੁਤਵਾਲੀ ਵਿਚ ਬੰਦ ਕਰ ਦਿੱਤਾ ਗਿਆ। ਫਿਰ ਵੀ ਪੁਛ-ਪੜਤਾਲ ਕਰਦੇ ਰਹੇ। ਅੰਤ 'ਸਰ ਜਾਨਲਾਰੰਸ' ਨੇ ਬਾਬਾ ਜੀ ਨੂੰ ਪੰਜ ਸਾਥੀਆਂ ਸਮੇਤ ਤਿੰਨ-ਤਿੰਨ ਸਾਲ ਦੀ ਕੈਦ ਬਾਮੁਸ਼ਕਤ ਜਾਂ ਪੰਜ-ਪੰਜ ਹਜ਼ਾਰ ਦੀਆਂ ਨਕਦ ਜ਼ਮਾਨਤਾ ਦੇਕੇ ਬਾਹਰ ਰਹਿਣ ਦਾ ਹੁਕਮ ਸੁਣਾਇਆ।

ਬਾਬਾ ਜੀ ਨੇ ਜਾਨਲਾਰੰਸ ਦਾ ਹੁਕਮ ਸੁਣਾਉਣ ਵਾਲੇ ਜ਼ਮਾਦਾਰ ਨੂੰ ਕਿਹਾ, 'ਸਾਡੀ ਲਾਰੰਸ ਨਾਲ ਗੱਲ ਕਰਾਉ।' ਜਾਨਲਾਰੰਸ ਨੇ ਗੱਲ ਕਰਨ ਤੋਂ ਇਨਕਾਰ ਕੀਤਾ ਤੇ ਕਿਹਾ, 'ਮੈਨੂੰ ਪਤਾ ਹੈ ਬਾਬਾ ਜੀ ਬੇਕਸੂਰ ਹਨ ਪਰ ਮੈਂ ਮਜ਼ਬੂਰ ਹਾਂ' ਅਤੇ ਬਾਬਾ ਜੀ ਨੂੰ ਅੰਮ੍ਰਿਤਸਰ ਤੋਂ ਲਾਹੌਰ ਲੈ ਜਾਕੇ ਜ਼ੇਲ੍ਹ ਵਿਚ ਬੰਦ ਕਰ ਦਿੱਤਾ। ਜ਼ੇਲ੍ਹ ਵਿਚ ਪਹਿਲਾਂ ਵੀ ਕਈ ਸਿੰਘ ਬੰਦ ਸਨ ਜੋ ਦਰਸ਼ਨ ਕਰਕੇ

ਪਰਮ ਪ੍ਰਸੰਨ ਹੋਏ। ਜ਼ੇਲ੍ਹ ਵਿਚ ਵੀ ਸਤਿਸੰਗ ਹੋਣ ਲੱਗਾ ਪਰ ਕੁਝ ਸਮੇਂ ਮਗਰੋਂ ਬਾਬਾ ਜੀ ਨੂੰ ਲਾਹੌਰ ਤੋਂ ਅੰਮ੍ਰਿਤਸਰ ਜ਼ੇਲ੍ਹ ਵਿਚ ਭੇਜ ਦਿੱਤਾ। ਪਹਿਲੇ ਸਿੰਘ ਉਦਾਸ ਹੋ ਗਏ ਅਤੇ ਬੋਲੇ, 'ਮਹਾਰਾਜ ! ਸਾਨੂੰ ਵੀ ਨਾਲ ਲੈ ਚਲੋ।' ਬਾਬਾ ਜੀ ਨੇ ਆਖਿਆ, 'ਭਾਈ ਸਭ ਕੁਝ ਗੁਰੂ ਦੇ ਹੁਕਮ ਵਿਚ ਵਰਤ ਰਿਹਾ ਹੈ ਚਿੰਤਾ ਨਾ ਕਰੋ ਤੁਸੀਂ ਛੇਤੀ ਹੀ ਬੰਧਨ ਮੁਕਤ ਹੋ ਜਾਵੋਗੇ। ਸੁਬਹ ਉਠ ਕੇ ਸ਼ਨਾਨ ਕਰਕੇ ਸ਼ਬਦ ਦਾ ਅਭਿਆਸ ਕਰੋ, ਨਿਤਨੇਮ ਦੀ ਬਾਣੀ ਦਾ ਪਾਠ ਕਰਕੇ ਸੁਖਮਨੀ ਸਾਹਿਬ ਅਤੇ ਅਕਾਲ ਉਸਤਤ ਦਾ ਪਾਠ ਕਰਨਾ।' ਬਾਬਾ ਜੀ ਦੀ ਜ਼ਮਾਨਤ ਦਾ ਯਤਨ ਕੀਤਾ ਗਿਆ ਤਾਂ ਸਰਕਾਰ ਨੇ ੧੫ ਹਜ਼ਾਰ ਰੁਪਏ ਦੀ ਜ਼ਮਾਨਤ ਮੰਗੀ।

ਲਾਹੌਰ ਦੇ ਚਾਰ ਮਹਾਂਪੁਰਖਾਂ ਸੰਤ ਸਾਹਿਬ ਸਿੰਘ, ਮਹੰਤ ਭਗਤ ਸਿੰਘ ਸ਼ਹੀਦਗੰਜ ਵਾਲੇ, ਭਾਈ ਅਮੋਲਕ ਸਿੰਘ ਨਿਹੰਗ ਅਤੇ ਸ: ਜੀਤ ਸਿੰਘ ਨੇ ਬਾਬਾ ਜੀ ਦੀ ਜ਼ਮਾਨਤ ਦੇਣ ਦਾ ਵਿਚਾਰ ਬਣਾਇਆ। ਇਸ ਭਾਵ ਦੀ ਜ਼ਿਲ੍ਹੇ ਵਿਚ ਬਿਨੈ ਪਤ੍ਰਕਾ ਦਿੱਤੀ। ਉਹ ਵਾਪਸ ਖੁਦਾਬਖਸ਼ ਕੋਤਵਾਲ ਕੋਲ ਆਈ। ਉਸ ਨੇ ਇਨ੍ਹਾਂ ਚੌਹਾਂ ਜ਼ਮਾਨਤੀਆਂ ਦੀ ਆਰਥਕ ਅਵਸਥਾ ਵੇਖਕੇ ਸ਼ਿਫਾਰਸ਼ ਕਰ ਦਿੱਤੀ। ਜਮਾਨਤ ਪਰਵਾਨ ਹੋ ਗਈ ਅਤੇ ਬਾਬਾ ਜੀ ਨੂੰ ਰਿਹਾ ਕਰ ਦਿੱਤਾ ਗਿਆ।

ਜ਼ਮਾਨਤੀਆਂ ਨੇ ਡੀ.ਸੀ. ਨੂੰ ਪੁੱਛਿਆ, 'ਹੁਣ ਬਾਬਾ ਜੀ ਕਿਥੇ ਰਹਿਣ?' ਡੀ.ਸੀ. ਨੇ ਆਖਿਆ, 'ਜਿੱਥੇ ਇਨ੍ਹਾਂ ਦੀ ਇੱਛਾ ਹੈ।' ਬਾਬਾ ਜੀ ਨੇ ਚਾਰਾਂ ਜ਼ਮਾਨਤੀਆਂ ਨੂੰ ਆਖਿਆ, 'ਭਾਈ ਹੁਣ ਅਸੀਂ ਤੁਹਾਡੇ ਕੋਲ ਲਾਹੌਰ ਵਿਚ ਹੀ ਰਹਾਂਗੇ।'

ਅੰਮ੍ਰਿਤਸਰ ਦੀ ਸੰਗਤ ਨੇ ਬਾਬਾ ਜੀ ਦਾ ਅਤੇ ਚਾਰਾਂ ਜ਼ਮਾਨਤੀਆਂ ਦਾ ਪੁਸ਼ਪਹਾਰ ਪਹਿਨਾਕੇ ਜਲੂਸ ਕਢਿਆ। ਜਲੂਸ ਅੱਗੇ ਗਤਕਾ ਪਾਰਟੀਆਂ ਬੈਂਡ ਵਾਜੇ ਵਾਲੇ ਚਲ ਰਹੇ ਸਨ। ਸੰਗਤਾਂ ਉਪਰ ਕੇਸਰ ਛਿੜਕਿਆ ਜਾ ਰਿਹਾ ਸੀ, ਫੁੱਲਾਂ ਦੀ ਵਰਖਾ ਹੋ ਰਹੀ ਸੀ, ਰਣਸਿੰਘੇ ਵੱਜ ਰਹੇ ਸਨ। ਜੈਕਾਰੇ ਆਕਾਸ਼ ਗੂੰਜਾ ਰਹੇ ਸਨ। ਇਹ ਮਹਾਨ ਸ਼ੋਭਾ ਯਾਤ੍ਰਾ ਸ੍ਰੀ ਹਰਿਮੰਦਰ ਸਾਹਿਬ ਜਾਕੇ ਸਮਾਪਤ ਹੋਈ। ਬਾਬਾ ਜੀ ਨੇ ਸੁਧਾਸਰ ਸਰੋਵਰ ਵਿਚ ਇਸ਼ਨਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਹੋਰ ਗੁਰਦੁਆਰਿਆਂ ਵਿਚ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਚੜ੍ਹਾਕੇ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ ਅਤੇ ਲਾਹੌਰ ਨੂੰ ਚਲੇ ਗਏ।

ਬਾਬਾ ਜੀ ਲਾਹੌਰ ਵਿਚ ਰਹਿਕੇ ਨਾਮ-ਬਾਣੀ, ਕਥਾ-ਕੀਰਤਨ ਨਾਲ ਜਨ ਸਾਧਾਰਣ ਨੂੰ ਸਦ-ਮਾਰਗ ਪਾਉਣ ਲੱਗੇ। ਸੰਗਤ ਦਾ ਅਥਾਹ ਇਕੱਠ ਰਹਿਣ ਲੱਗਾ। ਸਾਧਾਂ, ਸੰਤਾਂ, ਸਦ-ਗ੍ਰਿਹਿਸਥੀਆਂ ਦੀ ਹਰ ਵੇਲੇ ਆਵਾਜਾਈ ਲੱਗੀ ਰਹਿੰਦੀ।

ਇਕ ਦਿਨ ਕਿਸੇ ਵਿਸ਼ੇਸ਼ ਆਦਮੀ ਨੇ ਸਰ ਜਾਨ ਲਾਰੰਸ ਨੂੰ ਕਿਹਾ, "ਤੁਸੀਂ ਬਾਬਾ ਖੁਦਾ ਸਿੰਘ ਨੂੰ ਲਾਹੌਰ ਵਿਚ ਬਿਠਾ ਲਿਆ ਹੈ। ਉਨ੍ਹਾਂ ਕੋਲ ਹਰ ਵੇਲੇ ਅਥਾਹ ਇਕੱਠ ਰਹਿੰਦਾ ਹੈ। ਇਸ ਵਾਸਤੇ ਉਨ੍ਹਾਂ ਨੇ ਗੁਜ਼ਾਰੇ ਦਾ ਵੀ ਤੁਹਾਨੂੰ ਪ੍ਰਬੰਧ ਕਰਨਾ ਚਾਹੀਦਾ ਹੈ।"

ਜਾਨ ਲਾਰੰਸ ਨੇ ਕਿਹਾ, 'ਬਾਬਾ ਜੀ ਸਰਬ ਸਮਰਥ ਹਨ, ਸਰਵਗਜ ਹਨ, ਅਸੀਂ ਮੁਲਾਜ਼ਮ ਉਨ੍ਹਾਂ ਦੀ ਕੀ ਸਹਾਇਤਾ ਕਰ ਸਕਦੇ ਹਾਂ।'

ਇਕ ਦਿਨ ਸ: ਜਵਾਹਰ ਸਿੰਘ ਜੀ ਨਲੂਏ ਨੇ ਬਾਬਾ ਜੀ ਨੂੰ ਬੇਨਤੀ ਕੀਤੀ, 'ਜੇ ਆਗਿਆ ਦਿਉ ਤਾਂ 'ਸਰ ਜਾਨ ਲਾਰੰਸ' ਨੂੰ ਗੁਜ਼ਾਰੇ ਵਾਸਤੇ ਬਿਨੈ ਕੀਤੀ ਜਾਵੇ।'

ਬਾਬਾ ਜੀ ਨੇ ਆਖਿਆ, 'ਸ਼ੇਰ ਕਿਸੇ ਅੱਗੇ ਹੱਥ ਨਹੀਂ ਅੱਡਿਆ ਕਰਦੇ, ਉਹ ਆਪਣੀ ਮਾਰ ਆਮ ਮਾਰਦੇ ਹਨ। ਪੰਜੇ ਨਾਲ ਹਾਥੀਆਂ ਦੇ ਸਿਰ ਫੋੜ ਦਿੰਦੇ ਹਨ। ਬਾਜ ਕਦੀ ਦੂਜਿਆਂ ਦੀ ਮਾਰ ਵੱਲ ਨਹੀਂ ਤਕਦੇ। ਅੱਗੇ ਵਾਸਤੇ ਅਜਿਹੀ ਕਮਜ਼ੋਰੀ ਵਾਲੀ ਗੱਲ ਸਾਡੇ ਅੱਗੇ ਨਹੀਂ ਕਰਨੀ। ਸਾਡੀ ਚਿੰਤਾ ਗੁਰੂ ਕਲਗੀਧਰ ਪਾਤਸ਼ਾਹ ਨੂੰ ਹੈ, ਅਸੀਂ ਸਰਬ ਸੰਸਾਰ ਦੇ ਪਾਤਸ਼ਾਹ ਦੇ ਪੁੱਤਰ ਹਾਂ। ਅਸੀਂ ਜਾਨ ਲਾਰੰਸ ਨੂੰ ਕੁਝ ਨਹੀਂ ਸਮਝਦੇ।'

ਸੰਮਤ ੧੯੦੯ ਬਿ: ਵਿਚ ਬਾਬਾ ਖੇਮ ਸਿੰਘ ਜੀ ਬੇਦੀ ਬਾਬਾ ਜੀ ਨੂੰ ਮਿਲਣ ਆਏ। ਬਾਬਾ

ਖੇਮ ਸਿੰਘ ਨੇ ਵੀ ਬਾਬਾ ਬੀਰ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਇਸ ਤਰ੍ਹਾਂ ਬਾਬਾ ਖੇਮ ਸਿੰਘ ਜੀ ਬਾਬਾ ਜੀ ਦੇ ਗੁਰਭਾਈ ਸਨ। ਬਾਬਾ ਜੀ ਨੇ ਬੇਦੀ ਜੀ ਨੂੰ ਆਖਿਆ, 'ਤੁਸੀਂ ਗੁਰੂ ਨਾਨਕ ਦੇਵ ਜੀ ਦੀ ਅੰਸ-ਵੰਸ ਹੋ, ਜੀਵ ਘਾਤ ਨਾ ਕਰੋ। ਆਪ ਨਾਮ ਜਪੋ। ਅੱਗੇ ਸੰਗਤ ਨੂੰ ਜਪਾਓ, ਸਤਿ ਸੰਗਤ ਕਰੋ, ਲੰਗਰ ਚਲਾਉ।'

੧੯੧੬ ਬਿ: ਵਿਚ ਬਾਬਾ ਜੀ ਦੇ ਪੂਜਣ ਮਾਤਾ ਜੀ ਆਪ ਜੀ ਦੀ ਹਾਜ਼ਰੀ ਵਿਚ ਸਚਖੰਡ ਸਿਧਾਰੇ। ਮਾਤਾ ਜੀ ਦੇ ਦੁਸਹਿਰੇ ਤੱਕ ਸਹਿਜਪਾਠ ਅਤੇ ਕਥਾ ਕੀਰਤਨ ਹੁੰਦਾ ਰਿਹਾ। ਦਸਹਿਰੇ ਤੇ ਅਪਾਰ ਸੰਗਤ ਇਕਤਰ ਹੋਈ। ਇਸ ਸਮੇਂ ਅਤੁੱਟ ਲੰਗਰ ਵਰਤਾਇਆ।

ਸੰਮਤ ੧੯੧੭ ਵਿਚ ਮਹਾਰਾਜ ਨਰਿੰਦਰ ਸਿੰਘ ਜੀ ਪਟਿਆਲਾਪਤੀ ਦਰਸ਼ਨ ਕਰਨ ਆਇਆ ਅਤੇ ਬੇਨਤੀ ਕੀਤੀ, 'ਮੈਨੂੰ ਕੋਈ ਸੇਵਾ ਦੱਸੋ ਮੈਂ ਲੰਗਰ ਲਈ ਕੁਝ ਭੇਟਾ ਕਰਨਾ ਚਾਹੁੰਦਾ ਹਾਂ।' ਬਾਬਾ ਜੀ ਨੇ ਆਖਿਆ 'ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਰਾਜੇ ਚੁਲੀ ਨਿਆਵ ਕੀ ਅਨੁਸਾਰ ਪਰਜਾ ਦੀ ਪਾਲਣਾ ਕਰੋ। ਨਿਆਏ ਅਤੇ ਅਜਿਹਾ ਪ੍ਰਬੰਧ ਕਰੋ ਜਿਸ ਨਾਲ ਸਭ ਸੁਖੀ ਰਹਿਣ।'

ਮੁਦਕੀ, ਫੇਰੂ ਸ਼ਹਿਰ ਅਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਗਦਾਰੀ ਕਰਨ ਵਾਲਾ ਮੇਰਠ ਦਾ ਗੌੜ ਬ੍ਰਾਹਮਣ/ਸਿੱਖ ਜਰਨੈਲ ਤੇਜ ਸਿਹੁੰ ਵੀ ਲਾਹੌਰ ਵਿਚ ਰਹਿੰਦਾ ਸੀ। ਉਸ ਦੀ ਇੱਛਾ ਸੀ ਕਿ ਬਾਬਾ ਜੀ ਮੇਰੇ ਘਰ ਲੰਗਰ ਛੱਕਣ ਜਾਂ ਮੈਂ ਡੇਰੇ ਵਿਚ ਹਾਜ਼ਿਰ ਹੋ ਕੇ ਲੰਗਰ ਛਕਾਵਾਂ ਪਰ ਬਾਬਾ ਜੀ ਨੇ ਸਿੱਖ ਰਾਜ ਦਾ ਬੇੜਾ ਡੋਬਣ ਵਾਲੇ ਗਦਾਰ ਨੂੰ ਆਪਣੀ ਨੀਤੀ ਨਾਲ ਨਾ ਡੇਰੇ ਆਉਣ ਦਾ ਮੌਕਾ ਦਿੱਤਾ ਅਤੇ ਨਾ ਉਸ ਦੇ ਘਰ ਗਏ।

ਅੰਮ੍ਰਿਤਸਰ ਦੇ ਇਕ ਪਾਪੀ ਨੇ ਬਾਬਾ ਮਹਾਰਾਜ ਸਿੰਘ ਵੱਲੋਂ ਬਾਬਾ ਜੀ ਦੇ ਨਾਮ ਲਿਖੀ ਨਕਲੀ ਚਿੱਠੀ ਡਿਪਟੀ ਕਮਿਸ਼ਨਰ ਸੈਂਡਲ ਨੂੰ ਦਿੱਤੀ। ਡੀ.ਸੀ. ਨੇ ਬਾਬਾ ਜੀ ਨੂੰ ਲਾਹੌਰ ਤੋਂ ਅੰਮ੍ਰਿਤਸਰ ਬੁਲਾਇਆ।

ਬਾਬਾ ਜੀ ਅੰਮ੍ਰਿਤਸਰ ਪੁੱਜੇ। ਡੀ.ਸੀ. ਨੇ ਕਿਹਾ, 'ਤੁਸੀਂ ਲਾਹੌਰ ਦੇ ਡੀ.ਸੀ. ਨੂੰ ਅੰਮ੍ਰਿਤਸਰ ਆਉਣ ਦੀ ਇਤਿਲਾਹ ਦੇ ਕੇ ਨਹੀਂ ਆਏ?'

ਬਾਬਾ ਜੀ ਨੇ ਕਿਹਾ, 'ਇਕ ਵਾਰ ਵਾਹਿਗੁਰੂ ਅਕਾਲ ਪੁਰਖ ਨੂੰ ਇਤਿਲਾਹ ਦੇ ਦਿੱਤੀ ਹੈ ਹੁਣ ਵਾਰ-ਵਾਰ ਬੰਦਿਆਂ ਨੂੰ ਇਤਿਲਾਹ ਦੇਣ ਲੋੜ ਨਹੀਂ।' ਡੀ.ਸੀ.-'ਅੱਜ ਕੱਲ੍ਹ ਬਾਬਾ ਮਹਾਰਾਜ ਸਿੰਘ ਜੀ ਕਿੱਥੇ ਹਨ?' ਬਾਬਾ ਜੀ-'ਤੁਹਾਡੇ ਪੇਟ ਵਿਚ ਹਨ।'

ਡੀ.ਸੀ. (ਚਿੱਠੀ ਵਿਖਾਕੇ) 'ਕੀ ਇਹ ਚਿੱਠੀ ਬਾਬਾ ਮਹਾਰਾਜ ਸਿੰਘ ਨੇ ਤੁਹਾਨੂੰ ਭੇਜੀ ਹੈ।'

ਬਾਬਾ ਜੀ-ਜਦੋਂ ਉਸ ਪਵਿੱਤ੍ਰ ਆਤਮਾ (ਬਾਬਾ ਮਹਾਰਾਜ ਸਿੰਘ) ਨੂੰ ਤੁਸੀਂ ਖਾ ਲਿਆ ਹੈ ਤਾਂ ਚਿੱਠੀ ਕਿਸ ਨੇ ਲਿਖਣੀ ਸੀ? ਨਕਲੀ ਚਿੱਠੀਆਂ ਭਾਵੇਂ ਰੋਜ਼ਾਨਾ ਲਿਖੀ ਜਾਉ।'

ਇਸ ਸਮੇਂ ਫੇਰ ਭਾਈ ਭਗਤ ਸਿੰਘ ਜੀ ਨੇ ਪੰਜ ਹਜ਼ਾਰ ਦੀ ਜ਼ਮਾਨਤ ਦਿੱਤੀ। ਤਿੰਨ ਸਾਲ ਖ਼ਤਮ ਹੋਣ ਤੋਂ ਬਾਅਦ ਬਾਬਾ ਹਾਕਮ ਸਿੰਘ ਜੀ ਗੋਇੰਦਵਾਲ ਵਾਲਿਆਂ ਨੇ ਤੀਜੀ ਵਾਰ ਜ਼ਮਾਨਤ ਕਰਾਈ।

ਬਾਬਾ ਜੀ ਆਪਣੇ ਡੇਰੇ ਲਾਹੌਰ ਵਿਚ ਰਹਿੰਦੇ ਰਹੇ। ਡੇਰੇ ਦਾ ਨਾਮ 'ਬਾਬਾ ਖੁਦਾ ਸਿੰਘ ਵਾਲਾ ਡੇਰਾ' ਪ੍ਰਸਿੱਧ ਹੋ ਗਿਆ। ਆਪਣੀ ਮਰਯਾਦਾ ਅਨੁਸਾਰ ਸਤਿਸੰਗ ਕਰਦੇ ਜਨ-ਸਾਧਾਰਣ ਨੂੰ ਨਾਮ-ਬਾਣੀ ਨਾਲ ਜੋੜਦੇ ਰਹੇ।

੧੫ ਦਿਨ ਪਹਿਲਾਂ ਆਪ ਜੀ ਨੇ ਦਸ ਦਿੱਤਾ ਕਿ, 'ਭਾਈ ! ਹੁਣ ਅਸੀਂ ਸੱਚਖੰਡ ਨੂੰ ਜਾਵਾਂਗੇ।' ਇਹ ਕਹਿਣ ਤੋਂ ਬਾਅਦ ਨਿਜਾਨੰਦ ਵਿਚ ਇਕਾਗਰ ਆਤਮਿਕ ਚਿੰਤਨ ਵਿਚ ਲੱਗ ਗਏ। ਪੰਜ ਦਿਨ ਪਹਿਲਾਂ ਅੰਨ ਪਾਣੀ ਦਾ ਤਿਆਗ ਕਰ ਦਿੱਤਾ। ਅਸੂ ਵਦੀ ੧੦ਵੀਂ ਸੰਮਤ ੧੯੧੮ ਬਿ: ਨੂੰ ਸਤਿਨਾਮੁ ਦਾ ਚਿੰਤਨ ਕਰਦੇ ਹੋਏ ਸਤਿ ਨਾਲ ਅਭੇਦ ਹੋ ਗਏ।

## ਗੁਰਦਵਾਰਾ ਸੁਧਾਰ

ਸੰਨ ੧੯੨੦ ਤੋਂ ੧੯੨੫ ਤਕ ਅਕਾਲੀ ਲਹਿਰ/ਗੁਰਦੁਆਰਾ ਸੁਧਾਰ ਲਹਿਰ ਚਲੀ ਜਿਸ ਵਿਚ ਸਿਖ ਕੌਮ ਨੇ ਅਥਾਹ ਕੁਰਬਾਨੀ ਕੀਤੀ। ਵਾਸਤ੍ਵ ਵਿਚ ਇਹ ਅੰਗਰੇਜ਼ ਦੇ ਖਿਲਾਫ ਆਜ਼ਾਦੀ ਦੀ ਲਹਿਰ ਸੀ। ਇਸ ਸਮੇਂ ਹਜ਼ਾਰਾਂ ਆਦਮੀ ਜੇਲ੍ਹਾਂ ਵਿਚ ਸੁੱਟੇ ਗਏ। ਲੱਖਾਂ ਨੇ ਜੁਰਮਾਨੇ ਭਰੇ, ਕੁਰਕੀਆਂ ਕਰਵਾਈਆਂ, ਅਕਹਿ-ਅਸਹਿ ਕਸ਼ਟ ਸਹੇ ਅਤੇ ਸ਼ਹੀਦੀਆਂ ਪਾਈਆਂ।

ਇਸ ਸਮੇਂ ਹਰ ਮੋਰਚੇ ਵਿਚ ਨਿਰਮਲੇ ਸੰਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਦੁਖ-ਤਸੀਹੇ ਝੱਲੇ ਅਤੇ ਜਲਾਵਤਨ ਹੋਏ। ੧੯੨੦ ਤੋਂ ਲੈ ਕੇ ਹੁਣ ਤੱਕ ਪੰਥ ਦਾ ਸਾਥ ਦਿੰਦੇ ਆ ਰਹੇ ਹਨ। ਭਾਵੇਂ ਮਹਾਂਪੁਰਖਾਂ ਦਾ ਇਤਿਹਾਸ ਬੜਾ ਲੰਮਾ ਹੈ ਜਿਵੇਂ ਮਹੰਤ ਮੂਲ ਸਿੰਘ ਜੀ ਛੇ ਮਹੀਨੇ ਕੈਦ ਰਹੇ। ਮਗਰੋਂ ਆਪ ਸ਼੍ਰੋ. ਗ. ਪ੍ਰ. ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਸਮੇਂ ਆਪ ਦੋ ਸਾਲ ਮੁਲਤਾਨ ਜੇਲ੍ਹ ਵਿਚ ਰਹੇ। ੫੦੦/- ਰੁਪਏ ਜੁਰਮਾਨਾ ਭਰਿਆ। ਸਾਰੇ ਮਹਾਂਪੁਰਖਾਂ ਦੀ ਇਸ ਤਰ੍ਹਾਂ ਦੀ ਸੇਵਾ ਹੈ। ਇਨ੍ਹਾਂ ਸੰਤਾਂ ਤੋਂ ਬਿਨ੍ਹਾਂ ਜੋ ਵੱਖ-ਵੱਖ ਮੋਰਚਿਆਂ ਵਿਚ ਅਕਹਿ ਅਸਹਿ ਤਸੀਹੇ ਸਹਿੰਦੇ ਰਹੇ ਉਨ੍ਹਾਂ ਮਹਾਂਪੁਰਖਾਂ ਦੇ ਕੇਵਲ ਨਾਵਾਂ ਦੀ ਸੂਚੀ ਇਸ ਤਰ੍ਹਾਂ ਹੈ:

ਸੰਤ ਗੁਰਬਖਸ਼ ਸਿੰਘ ਜੀ ਗਿਆਨੀ ਲਿਖਾਰੀ ਬੁੰਗਾ ਤਲਵੰਡੀ ਸਾਬੋ, ਸੰਤ ਬਲਬੀਰ ਸਿੰਘ ਜੀ 'ਵਿਯੋਗੀ' ਸੰਤਪੁਰਾ ਮਾਡਲਟਾਊਨ ਦਿੱਲੀ, ਸੰਤ ਪ੍ਰੀਤਮ ਸਿੰਘ ਜੀ ਕੋਟਫਤੂਹੀ ਜ਼ਿਲ੍ਹਾ ਜਲੰਧਰ, ਸੰਤ ਪ੍ਰਤਾਪ ਸਿੰਘ ਜੀ 'ਰਾਣਾ' ਹਰਿਦੁਆਰ, ਸੰਤ ਗੁਰਦਿਆਲ ਸਿੰਘ ਜੀ ਬੋਪਾਰਾਏ, ਸੰਤ ਅਜਾਇਬ ਸਿੰਘ ਜੀ ਲੰਮਾ ਜਟਪੁਰਾ, ਪੰਡਿਤ ਬਸੰਤ ਸਿੰਘ ਜੀ ਵੈਦ ਬ੍ਰਹਮਕੁਟੀ ਵਾਰਾਣਸੀ, ਮਹੰਤ ਟਹਿਲ ਸਿੰਘ ਜੀ ਡਫਰਵਾਲ ਵਾਲੇ, ਸੰਤ ਗਿਆਨੀ ਸੁੰਦਰ ਸਿੰਘ ਜੀ ਕਥਾਵਾਲੇ, ਮਹੰਤ ਕੁੰਢਾ ਸਿੰਘ ਜੀ ਕੋਟਭਾਈ, ਮਹੰਤ ਸੁੱਚਾ ਸਿੰਘ ਜੀ ਕੋਟ ਭਾਈ, ਮਹੰਤ ਨਾਰਾਇਣ ਸਿੰਘ ਜੀ ਜੰਮੂ (ਕਸ਼ਮੀਰ), ਸੰਤ ਗਿਆਨੀ ਰਾਮ ਸਿੰਘ ਜੀ ਪਿੰਡੀਘੇਬ, ਸੰਤ ਹਾਕਮ ਸਿੰਘ ਜੀ ਗਿਆਨੀ (ਛੋਟੇ ਸੰਤ), ਸੰਤ ਪਾਲਾ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ, ਸੰਤ ਗੁਰਬਖਸ਼ ਸਿੰਘ ਜੀ ਜਬੋਵਾਲ, ਸੰਤ ਰਾਮ ਸਿੰਘ ਜੀ ਸੂਰਮਾ ਆਦਿ।

ਜੈਤੋ ਦੇ ਮੋਰਚੇ ਵਿਚ ਪੰਜ ਸੌ ਸਿੰਘਾਂ ਦਾ ੧੧ਵਾਂ ਸ਼ਹੀਦੀ ਜੱਥਾ ਸ੍ਰੀਮਾਨ ਸੰਤ ਸੰਤੋਖ ਸਿੰਘ ਜੀ ਬਡੂਵਾਲ ਵਾਲਿਆਂ ਦੀ ਪ੍ਰਧਾਨਗੀ (ਜਥੇਦਾਰੀ) ਹੇਠ ੨੩ ਜੁਲਾਈ, ੧੯੨੪ ਨੂੰ ਸ੍ਰੀ ਅਕਾਲ ਤਖ਼ਤ (ਅੰਮ੍ਰਿਤਸਰ) ਤੋਂ ਅਰਦਾਸ ਕਰਕੇ ਤੁਰਿਆ। ਅਨੇਕ ਪਿੰਡਾਂ ਵਿਚ ਦੀ ਪ੍ਰਚਾਰ ਕਰਦਾ ਹੋਇਆ ਪਹਿਲੀ ਸਤੰਬਰ (੧੯੨੪ ਈ:) ਨੂੰ ਜੈਤੋ ਵਿਚ ਆਕੇ ਗ੍ਰਿਫਤਾਰ ਹੋਇਆ।

ਪੰਜ ਸੌ ਸਿੰਘਾਂ ਦਾ ੭ਵਾਂ ਸ਼ਹੀਦੀ ਜੱਥਾ ਪਹਿਲੀ ਜੂਨ ੧੯੨੪ ਈ: ਨੂੰ ਤਖ਼ਤ ਕੇਸਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਤੋਂ ਅਰਦਾਸ ਕਰਕੇ ਤੁਰਿਆ ਜੋ ਅਨੇਕ ਪਿੰਡਾਂ ਵਿਚ ਦੀ ਪ੍ਰਚਾਰ ਕਰਦਾ ਹੋਇਆ ੨੯ ਜੂਨ (੧੯੨੪ ਈ:) ਨੂੰ ਜੈਤੋ ਜਾ ਕੇ ਗ੍ਰਿਫਤਾਰ ਹੋਇਆ। ਇਸ ਜਥੇ ਵਿਚ ਦੁਆਬੇ ਦੇ ਨਿਰਮਲ ਭੇਖ ਦੇ ਮਹਾਂਪੁਰਖ, ਨਾਮ-ਅਭਿਆਸੀ, ਵਿਦਵਾਨ, ਵਿਰਕਤ, ਜਤਿੰਦ੍ਰੇ, ਮਹੰਤ, ਸੰਤ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ ਜਿਨ੍ਹਾਂ ਵਿੱਚੋਂ ਹੇਠ ਲਿਖੇ ਮਹਾਂਪੁਰਖਾਂ ਦੇ ਨਾਮ ਵਰਣਨਯੋਗ ਹਨ:

ਸੰਤ ਹਰਨਾਮ ਸਿੰਘ ਜੀ ਜਿਆਨ ਵਾਲੇ, ਸੰਤ ਸੁਾਮੀ ਦਲੇਲ ਸਿੰਘ ਜੀ ਵਿਰਕਤ ਸ਼ਾਹਅਬਾਦ ਵਾਲੇ, ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲੇ, ਸੰਤ ਦੀਵਾਨ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਨੰਗਲ ਖੁਰਦ, ਸੰਤ ਪਾਲ ਸਿੰਘ ਜੀ, ਸੰਤ ਰਤਨ ਸਿੰਘ ਜੀ ਗਿਆਨੀ, ਸੰਤ ਪ੍ਰੀਤਮ ਸਿੰਘ ਜੀ ਲਹਿਲੀ ਖੁਰਦ, ਸੰਤ ਹਰੀ ਸਿੰਘ ਜੀ ਸੁਖਈ, ਸੰਤ ਪ੍ਰਦਮਨ ਸਿੰਘ ਜੀ, ਸੰਤ ਪੰਡਿਤ ਪੂਰਨ ਸਿੰਘ ਜੀ, ਸੰਤ ਦਲੀਪ ਸਿੰਘ ਜੀ ਡਮੇਲੀ, ਸੰਤ ਪ੍ਰੀਤਮ ਸਿੰਘ ਜੀ ਲਾਇਲਪੁਰ ਆਦਿਕ ਨਿਰਮਲੇ ਮਹਾਂ ਪੁਰਖ ੭ਵੇਂ ਸ਼ਹੀਦੀ ਜਥੇ ਵਿਚ ਸ਼ਾਮਲ ਸਨ।

ਇਸ ਤਰ੍ਹਾਂ ਇਹ ਮਹਾਂ ਪੁਰਖ ਕੌਮ ਦੀ ਆਨ ਸ਼ਾਨ ਲਈ ਮਰਦੇ ਮਿਟਦੇ ਰਹੇ। ਜਿਸ ਤਰ੍ਹਾਂ ਦੀ ਪੰਥ, ਦੇਸ਼ ਅਤੇ ਸਮਾਜ ਨੂੰ ਲੋੜ ਪੈਂਦੀ ਰਹੀ ਹੈ। ਉਸੀ ਤਰ੍ਹਾਂ ਦੀ ਸੇਵਾ ਲਈ ਇਹ ਮਹਾਂ ਪੁਰਖ

ਮੈਦਾਨ ਵਿਚ ਉਤਦਰਦੇ ਰਹੇ ਹਨ। ਨਿਰਮਲ ਪੰਥ ਦੀ ਸਰਬ ਸੇਵਾ ਸ਼ਾਸਤ੍ਰ-ਸ਼ਸਤ੍ਰ, ਦੇਗ-ਤੇਗ, ਸ਼ਕਤੀ-ਭਗਤੀ ਉੱਤੇ ਪੰਥ ਅਤੇ ਮਨੁੱਖਤਾ ਨੂੰ ਮਾਣ ਹੈ।

## ਸਹਾਇਕ ਗ੍ਰੰਥਾਂ ਦੀ ਸੂਚੀ


੧ ਸ੍ਰੀ ਬੀਰ ਮ੍ਰਿਮੇਸ ਗੁਰਬਿਆਸ ਦੇਵਤਰੂ- ਪੰਡਿਤ ਸ਼ੇਰ ਸਿੰਘ

੨ ਮਹਾਨ ਕੋਸ਼ - ਭਾਈ ਕਾਨ੍ਹ ਸਿੰਘ ਜੀ ਨਾਭਾ

੩ ਨਿਰਮਲ ਪੰਥ ਪ੍ਰਦੀਪਕਾ-ਗਿਆਨੀ ਗਿਆਨ ਸਿੰਘ ਜੀ

੪ ਪੰਥ ਪ੍ਰਕਾਸ਼

੫ ਤਵਾਰੀਖ ਗੁਰੂ ਖਾਲਸਾ

੬ ਗੁਰਧਾਮ ਸੰਗ੍ਰਹਂ

੭ ਤਵਾਰੀਖ ਅੰਮ੍ਰਿਤਸਰ

੮ ਗੁਰਮੱਤ ਨਿਰਣਯ ਸਾਗਰ ਪੰਡਿਤ ਤਾਰਾ ਸਿੰਘ ਜੀ ਨਰੋਤਮ

੯ ਗੁਰਤੀਰਥ ਸੰਗ੍ਰਹ

੧੦ ਬਾਬਾ ਮਹਾਰਾਜ ਸਿੰਘ- ਗਿਆਨੀ ਮੇਹਰ ਸਿੰਘ ਜੀ ਕੁਰੂਕਸ਼ੇਤ

੧੧ ਬਾਬਾ ਬੀਰ ਸਿੰਘ ਜੀ- ਗਿਆਨੀ ਪ੍ਰਤਾਪ ਸਿੰਘ ਜੀ

੧੨ ਬਾਬਾ ਖੁਦਾ ਸਿੰਘ ਜੀ

੧੩ ਗੁਰਬਿਲਾਸ (ਅਪ੍ਰਕਾਸ਼ਤ) ਭਾਈ ਮੋਹਰ ਸਿੰਘ ਜੀ (ਅਖੀਂ ਡਿਠੇ ਹਲਾਤ)

੧੪ ਨਿਰਮਲ ਪੰਥ ਦਰਸ਼ਨ (੪ ਭਾਗ) ਮਹੰਤ ਦਿਆਲ ਸਿੰਘ ਜੀ ਲਾਹੌਰ

੧੫ ਨਿਰਮਲ ਭੇਖ ਭੂਸ਼ਨ - ਮਹੰਤ ਗਨੇਸ਼ਾ ਸਿੰਘ ਜੀ

੧੬ ਨਿਰਮਲ ਸੰਪ੍ਰਦਾਇ- (ਸੰਪਾ.) ਪ੍ਰੋ. ਪ੍ਰੀਤਮ ਸਿੰਘ ਜੀ (ਗੁਰੂ ਨਾਨਕ ਦੇਵ ਯੂਨੀਵਰਸਿਟੀ)

੧੭ ਨਿਰਮਲ ਪੰਥ ਬੋਧ - ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ

੧੮ ਨਿਰਮਲ ਪੰਥ ਦੀ ਗੌਰਵ ਗਾਥਾ

੧੯ ਨਿਰਮਲ ਭੇਖ ਭਾਸ਼ਕਰ

੨੦ ਸਿਖ ਸੰਪ੍ਰਦਾਵਲੀ - ਪ੍ਰੋ: ਪਿਆਰਾ ਸਿੰਘ ਜੀ ਪਦਮ

੨੧ ਕਲਮ ਦੇ ਚਮਤਕਾਰ - ਪ੍ਰੋ: ਪਿਆਰਾ ਸਿੰਘ ਜੀ ਪਦਮ

੨੨ ਨਿਰਮਲ ਪ੍ਰਭਾਕਰ ਪੰਡਿਤ ਨਿਹਾਲ ਸਿੰਘ ਜੀ ਲਾਹੌਰ

੨੩ ਸਿਖੀ ਪ੍ਰਭਾਕਰ

੨੪ ਭਾਰਤ ਮੱਤ ਦਰਪਨ - ਮਹੰਤ ਗਨੇਸ਼ਾ ਸਿੰਘ ਜੀ

੨੫ ਨਿਰਮਲਿਆਂ ਦੀ ਆਦਿ ਉਤਪਤੀ - ਸੰਤ ਗੁਰਦਿੱਤ ਸਿੰਘ

੨੬ ਪਹੁਲ ਕੀ ਮਿਰਯਾਦਾ ਦਾ ਗ੍ਰੰਥ - ਸੰਤ ਝੰਡਾ ਸਿੰਘ

੨੭ ਨਿਰਮਲ ਪ੍ਰਭਾਕਰ - ਸੰਤ ਤਾਰਾ ਸਿੰਘ

੨੮ ਇਤਿਹਾਸ ਡੇਰਾ ਬਾਬਾ ਗਾਂਧਾ ਸਿੰਘ - ਗਿਆਨੀ ਗੁਰਚਰਨ ਸਿੰਘ ਮੁਕਤਿਸਰ

੨੯ ਗੁਰਮਤਿ ਦਿਗਯ ਵਿਜਯ - ਪੰਡਿਤ ਈਸ਼ਰ ਸਿੰਘ ਜੀ ਕਾਸੀ

੩੦ ਵਾਹਿਗੁਰੂ ਮੰਤ੍ਰਾਰਥ (ਭਾਖਾ)

੩੧ ਗੁਰੂਮੰਤ੍ਰਾਰਥ (ਸੰਸਕ੍ਰਿਤ)

੩੨ ਉਦਾਸੀ ਸਿਖਾਂ ਦੀ ਵਿਥਿਆ - ਭਾਈ ਰਣਧੀਰ ਸਿੰਘ

੩੩ ਪਛਮੀ ਪ੍ਰਕਾਸ਼ - ਗਿਆਨੀ ਮੋਹਨ ਸਿੰਘ ਅਜ਼ਾਦ

੩੪ ਸਿਖ ਰਾਜ ਕਿਵੇਂ ਗਿਆ ਗਿਆਨੀ ਸੋਹਨ ਸਿੰਘ ਸੀਤਲ

੩੫ ਦੁਖੀਏ ਮਾਂ ਪੁੱਤ

੩੬ ਵਿਸ਼ਵ ਕੋਸ਼ (2 ਭਾਗ) ਡਾ. ਰਤਨ ਸਿੰਘ ਜੀ ਜੱਗੀ

੩੭ ਪੰਜਾਬ ਕੋਸ਼ (2 ਭਾਗ) ਰਛਪਾਲ ਸਿੰਘ ਗਿੱਲ (ਭਾਸ਼ਾ ਵਿਭਾਗ)

੩੮ ਬਾਬਾ ਮਹਾਰਾਜ ਸਿੰਘ ਬਾਰੇ ਸਰਕਾਰੀ ਦਸਤਾਵੇਜ਼ ਮੂਲ ਅੰਗ੍ਰੇਜ਼ੀ ਸੰਗ੍ਰਹ ਸ: ਨਾਹਰ ਸਿੰਘ (ਅਨੁਵਾਦਿਕ) ਭਾਈ ਅਮਰੀਕ ਸਿੰਘ (ਹਿੰਦੀ)

੩੯ ਨਿਰਮਲ ਸੰਪ੍ਰਦਾਇ ਪੰਡਿਤ ਅਰਜੁਨ ਸਿੰਘ ਜੀ ਮੁਨੀ

੫੦ ਗੁਰੂ ਬੰਸ ਖਾਲਸਾ ਪੰਥ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ

੫੧ ਸੁਧਾਸਰ ਕੇ ਰਤਨ

# ਨਿਰਮਲੇ ਪੰਚਾਇਤੀ ਅਖਾੜੇ ਦੀ ਸਥਾਪਨਾ ਅਤੇ ਉਦੇਸ਼

*ਮਹੰਤ ਬਲਵੰਤ ਸਿੰਘ ਸੈਕਟਰੀ**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੱਖਣ ਵਿਖੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖ ਪੰਥ ਨੂੰ ਸੰਗਠਤ ਰੂਪ ਵਿਚ ਜਥੇਬੰਦ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋਜੁਗ ਅਟਲ ਇਸ਼ਟ (ਗੁਰੂ) ਨਿਯੁਕਤ ਕਰਕੇ ਨਿਰਮਲ ਭੇਖ ਨੂੰ ਗੁਰਬਾਣੀ ਦਾ ਪ੍ਰਚਾਰ, ਧਰਮ ਦੀ ਸਥਾਪਨਾ ਕਰਨ ਦਾ ਅਤੇ ਖਾਲਸੇ ਨੂੰ ਧਰਮ ਦੀ ਰਖਿਆ ਕਰਨ ਦਾ ਆਦੇਸ਼ ਦਿੱਤਾ। ਨਾਲ ਹੀ ਹਜ਼ੂਰੀ ਨਿਰਮਲੇ ਸੰਤਾਂ ਨੂੰ ਪੂਰਵ ਗੁਰੂ ਸਾਹਿਬਾਨ ਦੇ ਸਥਾਨ ਪ੍ਰਗਟ ਕਰਕੇ ਧਰਮ ਪ੍ਰਚਾਰ ਦੇ ਕੇਂਦਰ/ਡੇਰੇ ਘਟਾਉਣ ਦੀ ਆਗਿਆ ਕੀਤੀ। ਬਹੁਤ ਸਾਰੇ ਮਹਾਂਪੁਰਖ ਗੁਰੂ ਜੀ ਦੀ ਆਗਿਆ ਅਨੁਸਾਰ ਗੁਰਦਵਾਰਿਆਂ-ਡੇਰਿਆਂ ਨੂੰ ਕਾਇਮ ਕਰਨ ਲੱਗੇ। ਬਹੁਤ ਸਾਰੇ ਮਹਾਂਪੁਰਖ ਭਾਈ ਰਾਮ ਕੋਇਰ ਜੀ ਕੋਲ ਜਾ ਕੇ ਸਤਿਸੰਗ ਕਰਨ ਲੱਗੇ। ਬਹੁਤ ਸਾਰੇ ਦੇਸ ਵਿਚ ਭ੍ਰਮਣ ਕਰਕੇ ਗੁਰਮਤਿ-ਗੁਰਬਾਣੀ ਦਾ ਪ੍ਰਚਾਰ ਕਰਨ ਲਗੇ। ਤੀਰਥਾਂ, ਕੁੰਭ ਮੇਲਿਆਂ ਤੇ ਸੁਤੰਤ੍ਰ ਫਿਰਨ ਲਗੇ। ਨਜ਼ਦੀਕ ਦੇ ਥਾਂ ਤੋਂ ਭੋਜਨ ਛਕ ਕੇ ਆਤਮਿਕ ਆਨੰਦ ਵਿਚ ਰਹਿਣ ਲਗੇ।

ਇਸ ਸਮੇਂ ਖਟ ਦਰਸ਼ਨ ਸਾਧੂ ਸਮਾਜ ਜਿਵੇਂ: ਉਦਾਸੀਆਂ, ਸੰਨਿਆਸੀਆਂ, ਬੈਰਾਗੀਆਂ ਅਤੇ ਅਨਯ ਸੰਪ੍ਰਦਾਵਾਂ ਵਿਚ ਕੋਈ ਦ੍ਵੈਸ਼, ਈਰਖਾ, ਭ੍ਰਾਤੀ, ਨਫਰਤ ਨਹੀਂ ਸੀ। ਸਰਬ ਸੰਪ੍ਰਦਾਵਾਂ ਦੇ ਸਾਧੂ ਇਕ ਦੂਸਰੇ ਦਾ ਸਮ ਸਤਿਕਾਰ ਕਰਦੇ ਸਨ। ਇਸ ਤਰ੍ਹਾਂ ਸਬਰ ਸੰਪ੍ਰਦਾਵਾਂ ਵਿਚ ਕਾਫੀ ਸਮਾਂ ਪ੍ਰੇਮ ਚਲਦਾ ਰਿਹਾ।

ਸੰਮਤ ੧-੧੦-੧੧ ਤੋਂ ਬਾਅਦ ਖਟ ਦਰਸ਼ਨ ਸਾਧੂ ਸਮਾਜ ਦੇ ਮਹਾਂਪੁਰਖਾਂ ਵਿਚ ਥੋਹੜੀ-ਥੋਹੜੀ ਸੰਪ੍ਰਦਾਇਕਤਾ, ਈਰਖਾ-ਦ੍ਵੈਸ਼ ਪੈਣੀ ਆਰੰਭ ਹੋ ਗਈ, ਭੰਡਾਰਿਆਂ ਵਿਚ ਲੰਗਰ ਸਮੇਂ ਚੰਗੇ-ਚੰਗੇ ਨਿਰਮਲੇ ਵਿਰਕਤ ਮਹਾਂ ਪੁਰਖਾਂ ਦਾ ਵੀ ਦੂਸਰੀਆਂ ਸੰਪ੍ਰਦਾਵਾਂ ਵਿਚ ਅਪਮਾਨ ਹੋਣ ਲਗਾ ਅਤੇ ਇਹ ਅਪਮਾਨ ਇਥੋਂ ਤਕ ਵਧ ਗਿਆ ਜਦ ਨਿਰਮਲੇ ਵਿਰਕਤ ਕਿਸੀ ਅੰਨ ਛੇਤ੍ਰ/ਭੰਡਾਰੇ ਵਿਚ ਭੋਜਨ ਲਈ ਜਾਂਦੇ ਸਨ ਤਾਂ ਅਨਜਮਤੀ ਸਾਧੂ ਅਵਾਜੇ ਕਸਦੇ ਹੋਏ ਕਹਿੰਦੇ ਸਨ 'ਚੋਟੀ ਦਿਉ ਰੋਟੀ ਲਉ' ਭਾਵ 'ਦਾਹੜੀ ਕੇਸ ਮੰਨਾਓ, ਅਤੇ ਰੋਟੀ ਖਾਓ।' ਉਂਗਲਾ ਦੀ ਕੈਂਚੀ ਦੇ ਸੰਕੇਤ ਦਵਾਰਾ ਵੀ ਅਪਮਾਨਤ ਕਰਦੇ ਸਨ। ਇਸ ਵਾਰਤਾ ਨੂੰ ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਵਿਚ ਵਿਸਤਾਰ ਨਾਲ ਲਿਖਿਆ ਹੈ:

*ਦਸਮ ਗੁਰੂ ਕੇ ਜਿਹ ਸਿਖ ਸਾਧੂ।*
*ਤਹਾਂ ਬਿਹੰਗਮ ਜਾਤ ਅਬਾਧੂ।*
*ਪੈਸਾ ਪਾਸ ਨ ਕੋਊ ਰਖੈਂ ਹੈਂ।*

---

* ਨਿਰਮਲ ਪੰਚਾਇਤੀ ਅਖਾੜਾ ਨਿਰਮਲਾ, ਕਨਖਲ (ਹਰਿਦਵਾਰ)

*ਅਕਸਰ ਭੋਜਨ ਪਾਯੋ ਚਾਹੈਂ।*
*ਝੰਡੇ ਖੜ੍ਹੇ ਕਰਤ ਹੈਂ ਜਾਈ।*
*ਸਾਧ ਉਦਾਸੀ ਔਰ ਗੁਸਾਈਂ।*
*ਲੰਗਰ ਵੀ ਦੇਵਤ ਬਡ ਵੈ ਹੈਂ।*
*ਨਿਜ ਨਿਜ ਭੇਖਣ ਤਾਈਂ ਸਭੈ ਹੈਂ।*
*ਸਿੰਘ ਨਾਮ ਵਾਰੇ ਜਬਿ ਮੁਨ ਕੈਂ।*
*ਭੋਜਨ ਪਾਵਨ ਚਾਹੈਂ ਉਨ ਕੈਂ।*
*ਕੈਂਚੀ ਅੱਗਯੋ ਸੋਉ ਦਿਖੈਂ ਹੈਂ।*
*ਮੂੰਡ ਮੁੰਡਾਓ ਖਾਓ ਕਹੈ ਹੈਂ।*
*ਤਾਨੇ ਔਰ ਅਧਿਕਯਾ ਦੈ ਕੇ।*
*ਬੇ ਸਿਦਕੀ ਸਿੰਘੈਂ ਭੁਚਲੈ ਕੇਂ।*
*ਮੂੰਡ ਮੂੰਡਿ ਨਿਜ ਸਾਧੂ ਬਨੈ ਹੈ।*
*ਇਹ ਘਾਟਾ ਸਿੰਘਨ ਮੈਂ ਪੈ ਹੈ। (ਪੰਨਾ 2803-4)*

ਇਸ ਅਪਮਾਨ ਨੇ ਨਿਰਮਲਿਆਂ ਨੂੰ ਵੀ ਤੀਰਥਾਂ 'ਤੇ ਆਪਣੇ ਮਕਾਨ/ਲੰਗਰ/ਅਖਾੜੇ ਬਨਾਉਣ ਲਈ ਪ੍ਰੇਰਿਤ ਕੀਤਾ। ਪਹਿਲੀ ਸਭਾ ਸੰਮਤ 1816/1759 ਈ. ਵਿਚ ਲਾਈ ਗਈ ਸੀ। ਫਿਰ ਹਰੇਕ ਕੁੰਭ ਅਤੇ ਅਰਧ ਕੁੰਭ ਤੇ ਸਭਾਵਾਂ ਅਤੇ ਵਿਚਾਰਾਂ ਹੋਣ ਲੱਗੀਆਂ। ਸੰਮਤ 1936 ਬਿ. ਵਿਚ ਉਦਾਸੀ ਮਹਾਤਮਾ ਨੇ "ਨਾਨਕ ਸਾਹੀ ਉਦਾਸੀਨ-ਪੰਚਾਇਤੀ ਅਖਾੜਾ" (ਵੱਡਾ) ਸਥਾਪਤ ਕਰ ਦਿੱਤਾ ਸੀ, ਪਰ ਗੁਸਾਈ, ਸੰਨਿਆਸੀ, ਵੈਸ਼ਨਵ ਸਾਰੇ ਕੁੰਭ ਪਰਵਾਂ ਨੂੰ ਆਪਣੀ ਨਿੱਜ ਦੀ ਜਾਗੀਰ ਸਮਝਦੇ ਸਨ। ਸੰਮਤ 1876 (1819 ਈ.) ਨੂੰ ਉਦਾਸੀਨ ਪੰਚਾਇਤੀ ਅਖਾੜਾ (ਵੱਡਾ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਕਨਖਲ (ਹਰਿਦੁਆਰ) ਕੁੰਭ ਤੇ ਇਸ਼ਨਾਨ ਲਈ ਆਇਆ। ਗੁਸਾਈਂ, ਸੰਨਿਆਸੀ ਨਵੇਂ ਅਖਾੜੇ ਦੇ ਆਉਣ ਤੇ ਕ੍ਰੋਧ ਵਿਚ ਆ ਗਏ। ਜਦ ਉਦਾਸੀ ਅਖਾੜਾ ਦਕਸ਼ ਪ੍ਰਜਾ ਪਤਿ ਦੇ ਮੰਦਰ ਵਿਚ ਦਰਸ਼ਨ ਲਈ ਆਇਆ ਤਾਂ ਉਪਰੋਕਤ ਸੰਪ੍ਰਦਾਵਾਂ ਦੇ ਕ੍ਰੋਧ ਦੀ ਸੀਮਾ ਕਾਬੂ ਤੋਂ ਬਾਹਰ ਹੋ ਗਈ। ਸੰਨਿਆਸੀਆਂ ਨੇ ਉਦਾਸੀਆਂ ਦੀ ਛਾਉਣੀ ਨੂੰ ਅੱਗ ਲਾ ਦਿੱਤੀ। ਅਟੱਲ ਅਖਾੜੇ ਦੇ ਮਹੰਤ ਭੈਰੋਂ ਗਿਰ ਨੇ ਕਈ ਉਦਾਸੀ ਮਹਾਤਮਾ ਕਤਲ ਕਰ ਦਿੱਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੇ ਵੀ ਤਲਵਾਰਾਂ ਦੇ ਵਾਰ ਕੀਤੇ।

ਇਸ ਕੁੰਭ ਪਰਵ ਉੱਤੇ ਬਹੁਤ ਸਾਰੇ ਸਿੱਖ ਰਾਜੇ, ਮਹਾਰਾਜੇ ਅਤੇ ਸਰਦਾਰ ਇਸ਼ਨਾਨ ਲਈ ਆਏ ਹੋਏ ਸਨ ਜਿਵੇਂ ਮਹਾਰਾਜ ਸਾਹਿਬ ਸਿੰਘ ਪਟਿਆਲਾ ਪਤੀ, ਰਾਜਾ ਭੂਪ ਸਿੰਘ ਰੋਪੜ ਵਾਲਾ, ਸ. ਬਘੇਲ ਸਿੰਘ ਛਛਰੌਲੀ ਵਾਲਾ, ਸ. ਜੋਧ ਸਿੰਘ ਕਲਸੀਆਂ, ਸ. ਦਸੌਂਧਾ ਸਿੰਘ ਸਢੌਰਾ, ਸ. ਰਾਏ ਸਿੰਘ ਬੂੜੀਆ ਆਦਿਕ ਬਹੁਗਿਣਤੀ ਵਿਚ ਪੁੱਜੇ ਹੋਏ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਕੋਈ ਸਿੱਖ ਸਹਿਣ ਨਹੀਂ ਕਰ ਸਕਦਾ। ਉਦਾਸੀਆਂ ਨੇ ਸਿੱਖ ਰਾਜਿਆਂ ਕੋਲ ਜਾ ਕੇ ਪੁਕਾਰ ਕੀਤੀ। ਮਹਾਰਾਜਾ ਪਟਿਆਲਾ ਤੇ ਦੂਸਰੇ ਸਰਦਾਰ ਰੋਆਬ ਵਿਚ ਆ ਗਏ। ਸੰਨਿਆਸੀਆਂ ਨੂੰ ਸਜਾ ਦੇਣ ਲਈ ਫੌਜ ਸਹਿਤ ਟੁੱਟਕੇ ਪੈ ਗਏ। ਭੈਰੋਂ ਗਿਰ ਸਮੇਤ ਬਹੁਤ ਸਾਰੇ ਸੰਨਿਆਸੀ ਮੌਤ ਦੇ ਘਾਟ ਉਤਾਰੇ ਗਏ। ਸੰਨਿਆਸੀਆਂ ਦੀ ਛਾਉਣੀ ਫੂਕ ਦਿੱਤੀ ਗਈ। ਕੁੰਭ ਤੇ ਪੁੱਜੇ ਯਾਤ੍ਰੀਆਂ ਕੋਲੋਂ ਸੰਨਿਆਸੀ- "ਮੂੰਡ-ਮੁੰਡਾਈ" ਨਾਉਂ ਰੱਖਕੇ ਸਵਾ ਰੁਪਈਆ ਟੈਕਸ ਲੈਂਦੇ ਸਨ। ਸਿੱਖ ਰਾਜਿਆਂ ਨੇ ਅਗੇ ਵਾਸਤੇ ਇਹ ਟੈਕਸ ਬੰਦ ਕਰਵਾ ਦਿੱਤਾ। ਉਦਾਸੀਆਂ ਨੂੰ ਸਾਂਤਵਨਾ ਦਿੱਤੀ ਗਈ।

ਇਸ ਘਟਨਾ ਨਾਲ ਸਰਬ ਸੰਪ੍ਰਦਾਵਾਂ ਵਿਚ ਨਫਰਤ ਪੈਦਾ ਹੋ ਗਈ, ਜਿਸਦਾ ਨਿਰਮਲਿਆਂ ਤੇ ਹੋਰ ਵੀ ਵੱਧ ਪ੍ਰਭਾਵ ਪਿਆ। ਅਜੇਹੀਆਂ ਕਈ ਹੋਰ ਘਟਨਾਵਾਂ ਦੇ ਕਾਰਣ ਨਿਰਮਲੇ ਹਰ ਕੁੰਭ ਮੇਲੇ ਤੇ ਕਦੀ ਸਪਤਸਰੋਵਰ, ਕਦੀ ਬਾਬਾ ਦਰਗਾਹਾ ਸਿੰਘ ਦੇ ਡੇਰੇ ਵਿਚ ਛਾਉਣੀ ਲਾ ਕੇ ਧਰਮ

ਪ੍ਰਚਾਰ ਅਤੇ ਲੰਗਰ ਦਾ ਪ੍ਰਬੰਧ ਕਰਨ ਲੱਗੇ। ਸੰਨ 1819 ਈ. ਨੂੰ ਉਦਾਸੀਆਂ, ਸੰਨਿਆਸੀਆਂ ਵਾਲੀ ਇਹ ਘਟਨਾ ਵਾਪਰੀ ਸੀ, ਇਸ ਸਮੇਂ ਨਿਰਮਲ ਪੰਥ ਦੀ ਛਾਉਣੀ ਸਪਤ ਸਰੋਵਰ ਲੱਗੀ ਹੋਈ ਸੀ ਅਤੇ ਪਹਿਲੀ ਵਾਰ (ਧ੍ਵਜਾ) ਕੇਸਰੀ ਨਿਸ਼ਾਨ ਖੜ੍ਹਾ ਕੀਤਾ ਗਿਆ ਸੀ। ਸਾਰੇ ਰਾਜੇ, ਮਹਾਰਾਜੇ, ਸਰਦਾਰ ਨਿਰਮਲ ਛਾਉਣੀ ਵਿਚ ਸਤਿ-ਸੰਗਿ, ਕਥਾ-ਕੀਰਤਨ, ਲੰਗਰ, ਰਿਹਾਇਸ਼ ਦੀ ਮਰਿਯਾਦਾ ਦੇਖ ਕੇ ਬੜੇ ਪ੍ਰਸੰਨ ਹੋਏ ਸਨ। ਮਾਇਆ ਦੁਆਰਾ ਅਤੇ ਹੱਥੀਂ ਸੇਵਾ ਵੀ ਕਰਦੇ ਰਹੇ। ਇਸ ਕੁੰਭ ਪਰਵ ਉਤੇ ਨਿਰਮਲ ਭੇਖ ਨੇ ਨਿਰਣੈ ਕਰ ਲਿਆ ਕਿ ਆ ਰਹੇ ਕੁੰਭ ਤੇ ਵਿਧੀਵਤ ਨਿਰਮਲ ਭੇਖ ਦਾ ਵੀ ਪੰਚਾਇਤੀ ਅਖਾੜਾ ਕਾਇਮ ਕੀਤਾ ਜਾਵੇ। ਇਹ ਕੁੰਭ ਪਰਵ ਸਫਲਤਾ ਪੂਰਬਕ ਸਮਾਪਤ ਹੋਇਆ।

ਇਸ ਤੋਂ ਬਾਅਦ 1912 ਬਿ. (1855 ਈ.) ਦੇ ਕੁੰਭ ਤੇ ਨਿਰਮਲ ਅਖਾੜੇ ਦੀ ਸਥਾਪਨਾ ਲਈ ਵਿਸ਼ਾਲ ਇਕੱਤ੍ਰਤਾ ਕੀਤੀ ਗਈ ਜਿਸ ਵਿਚ ਪੰਜਾਬ ਦੇ ਅਤੇ ਦੇਸ਼ ਦੇ ਸਰਵ ਪ੍ਰਸਿੱਧ ਨਿਰਮਲੇ ਮਹਾਂਪੁਰਖ ਉਤਸ਼ਾਹ ਨਾਲ ਪੁੱਜੇ। ਅਖਾੜੇ ਦੇ ਵਿਧੀਵਤ ਵਿਧਾਨ, ਨਾਮ ਅਤੇ 'ਸ੍ਰੀ ਮਹੰਤ' ਦੀ ਚੋਣ ਤੇ ਵਿਚਾਰ ਹੋਈ। ਇਸ ਇਕੱਤ੍ਰਤਾ ਵਿਚ ਆਏ ਸੈਂਕੜੇ ਮਹਾਂਪੁਰਸ਼ਾਂ ਵਿਚੋਂ ਵਿਰਕਤ ਸ਼੍ਰੋਮਣੀ ਬਾਬਾ ਮਹਿਤਾਬ ਸਿੰਘ ਜੀ, ਸੰਤ ਧਿਆਨ ਸਿੰਘ ਜੀ ਝਾੜੀ (ਰਿਸ਼ੀਕੇਸ਼ ਵਾਲੇ), ਸੰਤ-ਗੁਲਾਬ ਸਿੰਘ ਜੀ, ਸੰਤ ਸਾਹਿਬ ਸਿੰਘ ਜੀ ਵਿਰਕਤ, ਮਹੰਤ ਗਾਂਧਾ ਸਿੰਘ ਜੀ ਬਰਨਾਲਾ, ਮਹੰਤ ਹੀਰਾ ਸਿੰਘ ਜੀ ਠੀਕਰੀਵਾਲਾ, ਮਹੰਤ ਰਾਮ ਸਿੰਘ ਜੀ ਕਬੇਰੀਏ, ਮਹੰਤ ਗੁਲਾਬ ਸਿੰਘ ਜੀ ਨਿਹਾਲੇਵਾਲਾ, ਠਾਕਰ ਗੁਰਦਿਆਲ ਸਿੰਘ ਜੀ ਗੰਧੀਆਂ, ਮਹੰਤ ਗੁਲਾਬ ਸਿੰਘ ਜੀ ਬੇਰ ਆਦਿਕ ਸੈਂਕੜੇ ਮਹਾਂਪੁਰਸ਼ ਉਪਸਥਿਤ ਸਨ। ਕਾਫੀ ਸੋਚ-ਵਿਚਾਰ ਤੋਂ ਬਾਅਦ ਅਖਾੜੇ ਦੀ ਸਥਾਪਨਾ ਕੀਤੀ ਗਈ। ਨਾਮ- "ਸ੍ਰੀ ਨਿਰਮਲ ਪੰਚਾਇਤੀ ਅਖਾੜਾ" ਪ੍ਰਵਾਨ ਹੋਇਆ। ਕੇਂਦਰ ਕਨਖਲ ਵਿਚ ਰੱਖਿਆ ਗਿਆ। ਤਪੋਨਿਧੀ ਵਿਰਕਤ ਸ਼੍ਰੋਮਣੀ ਸ੍ਰੀ ਮਾਨ ੧੦੨ ਬਾਬਾ ਮਹਿਤਾਬ ਸਿੰਘ ਜੀ ਨੂੰ "ਸ੍ਰੀ ਮਹੰਤ" ਨਿਯਤ ਕੀਤਾ ਗਿਆ। ਨਿਰਮਲ ਅਖਾੜੇ ਦੀ ਸਥਾਪਨਾ ਕਰਕੇ ਮਰਿਯਾਦਾ ਪੱਤ੍ਰ ਲਿਖਿਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਖਟ-ਦਰਸ਼ਨ ਸਾਧੂ ਸਮਾਜ ਨੂੰ ਭੰਡਾਰਾ ਕੀਤਾ ਗਿਆ।

ਕੁੰਭ ਮੇਲਿਆਂ ਅਤੇ ਕੁਰੁਕਛੇਤ੍ਰ ਵਰਗੇ ਤੀਰਥਾਂ ਤੇ ਨਿਰਮਲੇ ਸੰਤਾਂ ਦਾ ਸਤਿ-ਸੰਗ, ਕਥਾ, ਕੀਰਤਨ, ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵੇਖ ਕੇ ਸਿੱਖ ਰਾਜੇ ਅਤੇ ਸਰਦਾਰ ਬਹੁਤ ਪ੍ਰਭਾਵਤ ਹੋਏ ਸਨ। ਇਕ ਵਾਰ ਕਸਬਾ ਭਵਾਨੀਗੜ੍ਹ (ਜ਼ਿਲ੍ਹਾ ਸੰਗਰੂਰ) ਵਿਖੇ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ, ਮਹਾਰਾਜ ਭਰਪੂਰ ਸਿੰਘ ਅਤੇ ਮਹਾਰਾਜਾ ਸਰੂਪ ਸਿੰਘ ਜੀਂਦ ਇਕਠੇ ਹੋਏ ਸਨ। ਇਸ ਸਮੇਂ ਵਿਚਾਰ ਵਿਟਾਂਦਰਾ ਕਰਦਿਆਂ ਨਿਰਮਲੇ ਸੰਤਾਂ ਦਾ ਗੁਰਮਤਿ ਪ੍ਰਚਾਰ, ਸੇਵਾ, ਸਿਮਰਨ ਅਤੇ ਸ੍ਰੀ ਮਾਨ ਸੰਤ ਬਾਬਾ ਮਹਿਤਾਬ ਸਿੰਘ ਜੀ ਦੇ ਤਪ-ਤਿਆਗ ਦੀ ਵਾਰਤਾ ਵੀ ਚਲੀ। ਇਸ ਸਮੇਂ ਤਿੰਨ ਮਹਾਰਾਜਿਆਂ ਨੇ ਇਕ ਮੱਤ ਇਹ ਵਿਚਾਰ ਬਣਾਇਆ ਕਿ ਜੋ ਬਾਬਾ ਮਹਿਤਾਬ ਸਿੰਘ ਜੀ ਦੀ ਸਰਪ੍ਰਸਤੀ ਹੇਠ ਨਿਰਮਲ ਪੰਚਾਇਤੀ ਅਖਾੜਾ ਕਾਇਮ ਹੋਇਆ ਹੈ ਉਸ ਨੂੰ ਆਰਥਿਕ ਪੱਖ ਤੋਂ ਵੀ ਸ਼ਕਤੀ ਸ਼ਾਲੀ ਅਤੇ ਸੁਦ੍ਰਿੜ੍ਹ ਬਣਾਇਆ ਜਾਵੇ। ਨਿਰਮਲੇ ਸੰਤਾਂ ਦੇ ਧਰਮ ਪ੍ਰਚਾਰ ਵਾਸਤੇ ਸਦੀਵੀਂ ਸੇਵਾ ਕੀਤੀ ਜਾਵੇ। ਇਸ ਵਿਚਾਰ ਵਿਮਰਸ਼ ਤੋਂ ਬਾਅਦ ਸੰਮਤ 1918, ਸੰਨ 1816 ਈ: ਵਿਚ ਸ: ਵੀਰ ਸਿੰਘ ਆਹਲੂਵਾਲੀਏ ਦੇ ਹੱਥ ਪਤ੍ਰਕਾ ਦੇ ਕੇ ਹਰਿਦਵਾਰ ਬਾਬਾ ਮਹਿਤਾਬ ਸਿੰਘ ਜੀ ਦੀ ਸੇਵਾ ਵਿਚ ਭੇਜਿਆ ਗਿਆ। ਪਤ੍ਰਕਾ ਦੇ ਲੇਖ ਅਨੁਸਾਰ ਚੁਣੇ ਪ੍ਰਤਿਸ਼ਠ ਵਿਦਵਾਨ ਮਹਾਂ ਪੁਰਖਾਂ ਅਤੇ ਸੰਤ ਮੰਡਲੀ ਸਹਿਤ ਪਟਿਆਲੇ ਪੁਜ ਗਏ। ਪੰਜਾਬ ਦੇ ਵੀ ਚੋਣਵੇਂ ਮਹਾਂਪੁਰਖਾਂ ਨੂੰ ਪਟਿਆਲੇ ਵਿਚ ਬੁਲਾਇਆ ਗਿਆ। ਸਮੂਹ ਸੰਤਾਂ ਦਾ ਬਾਰਾਂਦਰੀ (ਪਟਿਆਲੇ) ਵਿਚ ਉਤਾਰਾ ਹੋਇਆ। ਰੋਜ਼ਾਨਾ ਗੁਰਬਾਣੀ ਦਾ ਕਥਾ ਕੀਰਤਨ ਅਤੇ ਵਿਦਵਾਨਾਂ ਦੇ ਪ੍ਰਵਚਨ ਹੋਣ ਲੱਗੇ। ਮਹਾਰਾਜ ਨਰਿੰਦਰ ਸਿੰਘ ਜੀ ਰੋਜ਼ਾਨਾ ਕਥਾ ਵਿਚ ਹਾਜ਼ਰੀ ਭਰਦੇ ਅਤੇ ਪਟਿਆਲਾ ਨਿਵਾਸੀ ਸਾਧ

ਸੰਗਤ ਬਹੁ ਸੰਖਯਾ ਵਿਚ ਪ੍ਰਵਚਨ ਸੁਣ ਕੇ ਪ੍ਰਸੰਨਤਾ ਅਨੁਭਵ ਕਰਨ ਲੱਗੀ। ਇਕ ਦਿਨ ਸਮੂੰਹ ਰਾਜਿਆਂ ਅਤੇ ਸਰਦਾਰਾਂ ਨੇ ਮਿਲ ਕੇ ਅਖਾੜੇ ਨੂੰ ਪੱਕੇ ਪੈਰੀਂ ਕਰਨ ਦਾ ਆਪਣਾ ਸੰਕਲਪ ਦੱਸਿਆ। ਭਾਵੇਂ ਬਾਬਾ ਮਹਿਤਾਬ ਸਿੰਘ ਪ੍ਰਵ੍ਰਿਤੀ ਵਿਚ ਪੈਣ ਤੋਂ ਸੰਕੋਚ ਕਰਦੇ ਸਨ: ਪਰ ਅਨਜ ਸੰਪ੍ਰਦਾਵਾਂ ਦੇ ਅਪਮਾਨ ਜਨਕ ਸ਼ਬਦ 'ਚੋਟੀ ਦਿਓ ਰੋਟੀ ਲਓ' ਵਰਗੇ ਵਰਤਾਵ ਨੂੰ ਵੇਖਦਿਆਂ ਹੋਇਆ ਮਹਾਰਾਜਿਆਂ ਦੇ ਇਸ ਪ੍ਰਭਾਵ ਨੂੰ ਪਰਵਾਨ ਕਰ ਲਿਆ। ਪਰਸਪਰ ਮਿਲ ਕੇ ਦਿਨ ਨਿਯਤ ਕਰਕੇ ਮਹਾਰਾਜਾ ਪਟਿਆਲਾ ਦੇ ਅਹਿਲਕਾਰਾਂ ਲਾਲ ਨਿਹਾਲ ਚੰਦ, ਦੀਵਾਨ ਕੁਲਵੰਤ ਰਾਏ, ਮੀਰ ਮੁਨਸ਼ੀ ਅਬਦੁਲ ਨਬੀ ਖਾਨ, ਖਲੀਫਾ ਮੁਹੰਮਦ ਹਸਨ ਖਾਨ ਅਤੇ ਸ੍ਰ: ਵਸਾਵਾ ਸਿੰਘ ਆਦਿ ਅਲਿਹਕਾਰਾਂ, ਮਹੰਤ ਹੀਰਾ ਸਿੰਘ ਠੀਕਰੀਵਾਲਾ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਪੰਡਿਤ ਰਾਮ ਸਿੰਘ ਜੀ ਕਬੇਰੀਏ ਆਦਿ ਮਹਾਂ ਪੁਰਖਾਂ ਦੀ ਸੰਮਤੀ ਨਾਲ ਅਖਾੜੇ ਦੇ ਨਿਯਮ ਤਿਆਰ ਕਰਕੇ ਚਨਾਰਥਲੀਆਂ ਵਾਲੀ ਹਵੇਲੀ ਬਾਬਾ ਮਹਿਤਾਬ ਸਿੰਘ ਜੀ ਨੂੰ ਅਖਾੜੇ ਦੇ ਪ੍ਰਬੰਧ ਵਾਸਤੇ ਦਿੱਤੀ ਗਈ। ਸਾਰੇ ਸੰਤਾਂ ਨੇ ਜਲੂਸ ਦੀ ਸ਼ਕਲ ਵਿਚ ਹਵੇਲੀ ਵਿਚ ਪ੍ਰਵੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਦੀਵਾਨ ਸਜਿਆ। ਸਾਰੇ ਪੰਜਾਬ ਦੇ ਨਿਰਮਲੇ ਮਹਾਂ ਪੁਰਖ ਮਹਾਰਾਜ ਨਰਿੰਦਰ ਸਿੰਘ ਪਟਿਆਲਾ ਪਤੀ, ਮਹਾਰਾਜਾ ਭਰਪੂਰ ਸਿੰਘ ਨਾਭਾ ਨਰੇਸ਼, ਮਹਾਰਾਜਾ ਸਰੂਪ ਸਿੰਘ ਜੀ ਜੀਂਦ ਅਤੇ ਕਲਸੀਆਂ, ਛਛਰੌਲੀ, ਭਦੌੜ, ਮਲੌਦ, ਖਮਾਣੋ ਆਦਿਕ ਸਰਦਾਰ ਹਾਜ਼ਰ ਸਨ। ਮਹਾਰਾਜ ਨਰਿੰਦਰ ਸਿੰਘ ਜੀ ਪਟਿਆਲਾ ਨੇ 82000 (ਬਿਆਸੀ ਹਜ਼ਾਰ) ਰੁਪਏ ਝੰਡੀ ਅਤੇ ਭੈਣੀ ਦੇ ਪਿੰਡਾਂ ਦੀ ਮੁਆਫੀ, ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਵਲੋਂ 16000 (ਸੋਲਾ ਹਜ਼ਾਰ) ਰੁਪਏ ਨਗਦ ਅਤੇ ਹਰੀਕੇ ਪਿੰਡ ਦੀ ਮੁਆਫੀ। ਮਹਾਰਾਜਾ ਸਰੂਪ ਸਿੰਘ ਜੀ ਜੀਂਦ ਵਲੋਂ 20,000 (ਵੀਹ ਹਜ਼ਾਰ) ਰੁਪਏ ਨਗਦ ਮੰਡਲਾਂ ਵਾਲਾ ਅਤੇ ਬਲਮਗੜ੍ਹ (ਦੋ ਪਿੰਡ) ਅਰਦਾਸ ਕਰਾਏ। ਸ. ਲਹਣਾ ਸਿੰਘ ਕਲਸੀਆਂ ਨੇ 200 ਸੌ ਰੁਪਏ ਸਾਲਾਨਾ ਦੇਣਾ ਨਿਯਤ ਕੀਤਾ। ਇਸ ਤੋਂ ਬਾਅਦ ਪੰਜਾਬ ਦੇ ਸਰਦਾਰਾਂ ਨੇ ਦਾਨ ਦੇ ਅਰਦਾਸੇ ਕਰਾਏ। ਭੇਟਾ ਪੂਜਾ ਅਰਪਨ ਕੀਤੀ। ਮਹਾਰਾਜਾ ਫਰੀਦ ਕੋਟ ਵੱਲੋਂ ਪਿੰਡ ਚਮੇਲੀ ਅਰਦਾਸ ਕਰਾਇਆ ਗਿਆ।

ਧਰਮ ਪ੍ਰਚਾਰ ਕਰਨ ਲਈ ਰਮਤ ਅਖਾੜਾ ਵੀ ਕਾਇਮ ਕੀਤਾ ਗਿਆ। ਜਿਸ ਦੇ ਚਾਰ ਮੁਖੀਏ ਮਹੰਤ ਭੋਲਾ ਸਿੰਘ ਜੀ ਛੰਨਾ, ਮਹੰਤ ਕਾਨ੍ਹ ਸਿੰਘ ਜੀ ਸੰਧੀਆਂ, ਮਹੰਤ ਕਰਮ ਸਿੰਘ ਜੀ ਵਿਰਕਤ, ਮਹੰਤ ਨਿਹਾਲ ਸਿੰਘ ਜੀ ਤਲਵੰਡੀ ਸਾਬੋ ਚੁਣੇ ਗਏ। ਅਰਦਾਸ ਕਰਕੇ ਦੇਗ ਵਰਤਾਈ ਗਈ। ਇਹ ਇਤਿਹਾਸ ਸਮਾਗਮ ਸਮਾਪਤ ਹੋਇਆ। ਸ਼ਾਮ ਨੂੰ ਖੁਸ਼ੀ ਵਿਚ ਬਹੁਤ ਵੱਡਾ ਯੱਗ ਕੀਤਾ ਗਿਆ ਅਤੇ ਅਖਾੜੇ ਕਰਕੇ ਤਿੰਨ ਸਰਕਾਰਾਂ ਵਲੋਂ ਰਾਜਸੀ ਪਰਵਾਨਗੀ ਦਿੱਤੀ ਗਈ। ਯਾਦ ਰਹੇ ਇਸ ਦਸਤੂਰ ਉਲ ਅਮਲ ਅਨੁਸਾਰ ਹੁਣ ਅਖਾੜੇ ਦਾ ਨਾਮ 'ਪੰਚਾਇਤੀ ਅਖਾੜਾ ਨਿਰਮਲਾ' ਕਨਖਲ ਰਖਿਆ ਗਿਆ।

## ਮਸੌਦਾ ਦਸਤੂਰੁਲ ਅਮਲ
### (ਉਰਦੂ ਵਿਚ)
### ਸਰਕਾਰੀ ਮੁਹਰ

ਮਹਾਤਮਾ ਭਾਈ ਮਹਿਤਾਬ ਸਿੰਘ ਜੀ ਨੇ ਸਰਕਾਰ ਸੇ ਇਸ ਤਰਹ ਪਰ ਬਿਆਨ ਕੀਆ ਕਿ ਸਾਧੂ, ਸੰਨਿਆਸੀ, ਬੈਰਾਗੀ, ਉਦਾਸੀ, ਸ੍ਰੀ ਗੰਗਾ ਜੀ ਔਰ ਪ੍ਰਯਾਗ ਵਗੈਰਾ ਪਰ ਬਮੌਕੇ ਮੇਲੇਹਾਇ ਅਪਨੇ ਅਪਨੇ ਅਖਾੜਿਆਂ ਮੇਂ ਜੁਦਾ ਜੁਦਾ ਭੰਡਾਰਾ ਕਰਤੇ ਹੈਂ ਚੂੰਕਿ ਇਸ ਭੰਡਾਰੇ ਕਰਨੇ ਦਾ ਪੁੰਨ ਔਰ ਧਰਮ ਬਹੁਤ ਹੈ, ਅਗਰ ਸਰਕਾਰ ਸੇ ਇਸ ਧਰਮ ਕੀ ਮਰਯਾਦਾ ਕਾਇਮ ਹੋ ਜਾਵੇ ਤੇ ਬਹੁਤ ਮੁਨਾਸਬ ਹੈ। ਚੁਨਾਂਚਿ ਸਰਕਾਰ ਕੋ ਯਿਹ ਹਦਾਇਤ ਭਾਈ ਸਾਹਿਬ ਮੌਸੂਫ ਬਹੁਤ ਪਸੰਦ ਆਈ।

ਲਿਹਾਜ਼ਾ ਸਰਕਾਰ ਸੇ ਵਾਸਤੇ ਮੁਸਰਫ ਇਸ ਧਰਮ ਮਰਯਾਦਾ ਕੋ ਦੋ ਦਿਹ ਜਮਾ ੪੧੦੦) ਰੁਪੈ ਸਾਲ ਤਮਾਮ ਅਜ਼ ਰੂਇ ਸਨਦ ਅਲਹਿਦਾ ਮਿਤੀ ਸਉਣ ਸੁਦੀ ੧੨ ਸਾਲ ੧੯੧੯ ਮਾਫ ਵ ਮਰਕੂਉਲ-ਕਲਮ ਕੀਤੇ ਗਏ, ਔਰ ਚੂੰਕਿ ਕਾਇਮੀ ਇਸ ਮਰਯਾਦਾ ਕੀ ਬਾ-ਨਜ਼ਰ ਹੋਨੇ ਕਾਰ ਸਵਾਬ ਔਰ ਧਰਮ ਅਰਥ ਕੇ ਸਰਕਾਰ ਕੋ ਅਜ਼ ਤਹਿ ਦਿਲ ਮਨਜ਼ੂਰ ਹੈ। ਲਿਹਾਜ਼ਾ ਯਾਅਨੇ ਸਰਕਾਰ ਸੇ ੮੨000) ਰੁਪੈ ਯਕਲਖ਼ਤ ਬਤੌਰ ਪੇਸ਼ਗੀ ਬ-ਅੰਦਾਜ਼ੇ ਆਮਦਨੀ ੨੦ ਸਾਲ ਮੁਵਾਜ਼ਿਆਤਿ ਮਜ਼ਕੂਰ ਇਲਾਵਾ ਅਜ਼ ਆਮਦਨੀ ਦੇਹਾਂਤ ਮਜ਼ਕੂਰ ਦੀਆ ਜਾ ਕਰ ਬਾਇਤਿਫ਼ਾਕ ਵਾ ਸਲਾਹ ਚਾਚਾ ਸਾਹਿਬ ਰਾਜਾ ਸਰੂਪ ਸਿੰਘ ਸਾਹਿਬ ਬਹਾਦਰ ਵਾਲੀਇ ਜੀਂਦ ਵਾ ਬਰਾਦਰ ਅਜ਼ੀਜ਼ ਰਾਜਾ ਭਰਪੂਰ ਸਿੰਘ ਸਾਹਿਬ ਬਹਾਦਰ ਵਾਲੀਏ ਨਾਭਾ ਯਿਹ ਦਸਤੂਰੁਲ ਅਮਲ, ਵਾਸਤੇ ਅਮਲ ਦਰਾਮਦ ਆਇੰਦਾ, ਇਸ ਧਰਮ ਮਰਯਾਦਾ ਦੇ ਬਇੰਦਰਾਜ ਦਫ਼ਿਆਤਿ ਮੁਫ਼ਸਲਾ ਜ਼ੈਲ ਮੁਕੱਰਰ ਕੀਆ ਗਿਆ ਤਾਂਕਿ ਬਮੂਜਬ ਇਸ ਕੇ ਅਮਲ ਦਰਾਮਦ ਹੋਤਾ ਰਹੇ। ਇਸ ਕੇ ਖਿਲਾਫ਼ ਅਮਲ ਮੇਂ ਨਾ ਆਵੇ।

ਦਫਾ ੧ : ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਮਾਲਕ ਅਖਾੜੇ ਕੇ ਹੈਂ। ਉਨ ਕੇ ਪੀਛੇ ਸੇ ਇਨ ਕਾ ਜਾਨਸ਼ੀਨ ਮਾਲਕ ਹੋਗਾ।

ਦਫਾ ੨ : ਜੋ ੮੨,੦੦੦/- ਰੁਪਏ ਬਤੌਰ ਪੇਸ਼ਗੀ ਬੀਸ ਸਾਲ ਬ ਨਜ਼ਰ ਇਜਰਾਏ ਕਾਰੋ ਬਾਰ ਧਰਮ ਅਰਥ ਅਖਾੜੇ ਧਰਮ ਧਜਾ ਸਿੱਖਾਨ ਵਾ ਸਾਧਾਨ ਨਿਰਮਲਾ ਪੰਥ ਗੁਰੂ ਖਾਲਸਾ ਜੀ ਦੀਏ ਗਏ ਹੈਂ, ਚਾਹੀਏ ਕਿ ਹਰ ਚਾਹਾਰ ਮਹੰਤਾਨ ਮੁਕਰਾਰ ਅਜ਼ ਆਮਦਨੀ ਸੂਦ ਦਾ ਤਜਾਰਤ ਵਗੈਰਾ ਬਿਓਪਾਰ ਉਸ ਕੇ ਯਾਨੀ ਕਾਰੋਬਾਰ ਮੁਤਲੱਕਾ, ਅਖਾੜਾ ਮੌਸੂਫ ਵਾ ਤਾਮੀਰ ਮਕਾਨਾਤ ਜਾਰੀ ਰਖੇਂ ਔਰ ਜਮਾ ਅਸਲ ਸੇ ਸਰਫ਼ ਨਾ ਕਰੇ।

ਦਫਾ ੩ : ਬੰਦੋਬਸਤ ਵਾ ਨਿਗਾਹਦਾਸ਼ਤ ਖ਼ਜ਼ਾਨਾ ਅਖਾੜਾ ਜ਼ੁਮੇ ਹਰ ਏਕ ਅਖਾੜੇ ਕੇ ਰਹੇਗਾ, ਔਰ ਭਾਈ ਸਾਹਿਬ ਕੋ ਕੁੰਜੀ ਖ਼ਜ਼ਾਨੇ ਕੀ ਜਿਸ ਕੇ ਪਾਸ ਰੱਖਨੀ ਮਨਜ਼ੂਰ ਹੋਗੀ, ਉਸ ਕੇ ਪਾਸ ਰਹੇਗੀ।

ਦਫਾ ੪ : ਜਨਾਬ ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਕੋ ਅਖ਼ਤਿਆਰ ਹਾਸਿਲ ਹੈ ਕਿ ਅਪਨੀ ਮਰਜ਼ੀ ਔਰ ਸਲਾਹ ਸੇ ਬਦਲੀ ਸਦਲੀ ਮਹੰਤਾਂ ਕੀ ਕਰਤੇ ਰਹੇਂ।

ਦਫਾ ੫ : ਜੇ ਸਿੱਖ ਸਾਧ ਅਖਾੜੇ ਮੇਂ ਹੋਵੇ ਪਹਿਲੇ ਉਨ ਸੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਹਾਥ ਲਗਾਇਆ ਜਾਵੇ ਕਿ ਰੁਪਯਾ ਅਪਨੇ ਪਾਸ ਨਾ ਰਖੈ। ਜੋ ਜਿਸ ਕੇ ਪਾਸ ਹੋਵੇ ਖ਼ਜ਼ਾਨੇ ਮੇਂ ਦਾਖਿਲ ਕਰ ਦੇਵੇ।

ਦਫਾ ੬ : ਜੋ ਕੋਈ ਸਿੱਖ ਅੱਛਾ ਔਰ ਲਾਇਕ ਹੋਵੇ, ਭਾਈ ਸਾਹਿਬ ਉਸ ਕੇ ਅਹੁਦਾ ਮਹੰਤੀ ਔਰ ਦੂਸਰੇ ਕਾਰੋਬਾਰ ਅਖਾੜੇ ਪਰ ਮੁਕੱਰਰ ਕਰੇਂ। ਜੋ ਕੋਈ ਰਹਿਤਨਾਮੇ ਸੇ (ਭਾਵ ਅਖਾੜੇ ਦੀ ਰਹਿਤ ਮਰਯਾਦਾ ਤੋਂ) ਬਰਖਿਲਾਫ਼ ਹੋਵੇ ਵਾਸਤੇ ਮੌਕੂਫੀ ਔਰ ਸਜ਼ਾਇ ਉਸ ਕੀ ਕੇ ਭਾਈ ਸਾਹਿਬ ਕੋ ਅਖ਼ਤਿਆਰ ਹੈ।

ਦਫਾ ੭ : ਭਾਈ ਸਾਹਿਬ ਮੌਸੂਫ ਅਪਨੀ ਜ਼ਿੰਦਗੀ ਮੇਂ ਜਿਸ ਕੋ ਅਪਨੀ ਜਗ੍ਹਾ ਕਾਇਮ ਕੀਆ ਚਾਹੇਂ ਬ ਸਲਾਹ ਵ ਤਜਵੀਜ਼ ਤੀਨੋ ਸਰਕਾਰੋਂ ਕੋਂ ਮੁਕੱਰਰ ਕਰੇਂ।

ਦਫਾ ੮ : ਬਸੂਰਤੇ ਕਿ ਬਾਅਦ ਭਾਈ ਸਾਹਿਬ ਕੇ ਉਨਕਾ ਜਾਨਸ਼ੀਨ ਚਲਨ ਔਰ ਰਵੱਈਏ ਸੇ ਅੱਛਾ ਨਹੀਂ ਹੋਗਾ ਤੋਂ ਵਾਸਤੇ ਮੌਕੂਫੀ ਉਸ ਕੋ ਔਰ ਕਾਇਮ ਕਰਨੇ ਬਜਾਏ ਉਸ ਕੇ ਤੀਨੋਂ ਸਰਕਾਰੋਂ ਕੋ ਅਖ਼ਤਿਆਰ ਹਾਸਿਲ ਹੈ।

ਦਫਾ ੯ : ਦਰ ਬਾਬ ਬੰਦੋ-ਬਸਤ ਵਾ ਇਜ ਰਾਇ ਕਾਰੋਬਾਰ ਅਖਾੜੇ ਮਜ਼ਕਾਰ ਬਮੂਜਬ ਦਸਤੂਰ

ਅਖਾੜਾ ਪੰਚਾਇਤੀ ਕੇ, ਅਮਲ ਦਰਆਮਦ ਹੋਤਾ ਰਹੇ। ਮਿਤੀ ਸਾਉਨੀ ਸੁਦੀ-੧੨ ਬਾਰਾਂ, ਸਾਲ ੧੯੧੯ ਮੁਤਾਬਿਕ ਦਸ ਸਫਰ ਸੰਨ ੧੨੨੮ ਹਿਜਰੀ ਗੁਰੂ ਵਾਰ*।

ਮੋਹਰ ਨਿਸ਼ਾਨੀ ਕੁਲਵੰਤ ਰਾਏ ਦੀਵਾਨ

ਰਮਤ ਨਿਰਮਲ ਅਖਾੜੇ ਦੇ ਨਿਯਮ:-

(੧) ਰਮਤ ਵਿਚ ਵੱਧ ਤੋਂ ਵੱਧ ਪੰਜਾਹ ਤੇ ਘਟ ਤੋਂ ਘੱਟ ੨੦ ਸਾਧੂ ਹੋਇਆ ਕਰਨਗੇ। ਜਿਨ੍ਹਾਂ ਵਿਚ ਚਾਰ ਮੁਖੀਏ ਮਹੰਤ, ਇਕ ਗ੍ਰੰਥੀ, ਇਕ ਪੁਜਾਰੀ, ਇਕ ਪੰਡਿਤ ਜਾਂ ਗਿਆਨੀ, ਇਕ ਕੁਠਾਰੀ, ਦੋ ਕਾਰਬਾਰੀ, ਇਕ ਸ੍ਰੀ ਭੰਡਾਰੀ, ਇਕ ਚੌਕੀ ਰਾਗੀ ਸਿੰਘਾਂ ਦੀ ਜ਼ਰੂਰ ਹੋਇਆ ਕਰੇਗੀ।

(੨) ਤੀਰਥ, ਦਾਨ, ਸੰਤ ਮਹਿਮਾ ਅਤੇ ਕੁੰਭਾਂ ਦੀ ਮਹਾਨਤਾ ਦਸਣ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਅਖਾੜੇ ਦਾ ਮੁਖ ਉਦੇਸ਼ ਹੋਵੇਗਾ।

(੩) ਜਿਸ ਪਿੰਡ ਜਾਂ ਸ਼ਹਿਰ ਵਿਚ ਜਾਣ ਦੀ ਸਲਾਹ ਹੋਵੇ ਉਸ ਪਿੰਡ ਦੇ ਮੁਖੀ ਮੁਖੀ ਆਦਮੀਆਂ ਜਾਂ ਮਹੰਤ ਸੰਤ ਨੂੰ ਦੋ ਦਿਨ ਪਹਿਲਾਂ ਖਬਰ ਕਰਨੀ ਜ਼ਰੂਰੀ ਹੈ।

(੪) ਹੁਨਾਲਾ ਹੋਏ ਜਾਂ ਸਿਆਲਾ ਪਿੰਡੋਂ ਬਾਹਰ ਬਾਹਰ ਆਪਣੀ ਚਾਂਦਨੀ ਹੇਠਾਂ ਉਤਾਰਾ ਕਰਨਾ।

(੫) ਹਰ ਥਾਂ ਦੋਇ ਵੇਲੇ ਕਥਾ ਕੀਰਤਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵੇਰੇ ਪੂਜਾ ਤੇ ਸੰਧਯਾ ਨੂੰ ਆਰਤੀ ਹੋਇਆ ਕਰੇ।

(੬) ਆਪਣੇ ਵਿਤ ਅਨੁਸਾਰ ਜਿਸ ਤਰ੍ਹਾਂ ਦਾ ਕੋਈ ਪ੍ਰੇਮੀ ਭੰਡਾਰਾ ਜਾਂ ਪੂਜਾ ਕਰੇ ਉਸ ਨੂੰ ਪ੍ਰਸੰਨਤਾ ਨਾਲ ਪਰਵਾਨ ਕਰਨਾ।

(੭) ਪਿੰਡ ਦੀ ਮਰਜ਼ੀ ਤੋਂ ਬਿਨਾਂ ਇਕ ਦਿਨ ਵੀ ਜ਼ਿਆ ਰਹਿਣਾ ਯੋਗ ਨਹੀਂ ਸਮਝਿਆ ਜਾਵੇਗਾ।

(੮) ਜਿਸ ਨਗਰੋਂ ਵਿਦਾਇਗੀ ਮਿਲ ਜਾਏ, ਫਿਰ ਉਸ ਬਾਰ੍ਹਾਂ ਵਰ੍ਹਿਆਂ ਤੋਂ ਪਹਿਲ ਪ੍ਰਵੇਸ਼ ਨਹੀਂ ਕਰਨਾ। ਹਾਂ ਡੇਰੇਦਾਰ ਜਾਂ ਕੋਈ ਪ੍ਰੇਮੀ ਕਿਸੇ ਖਾਸ ਮੌਕੇ ਬੁਲਾਏ ਤਾਂ ਕੋਈ ਡਰ ਨਹੀਂ।

(੯) ਚੁਮਾਸੇ ਦੇ ਦੋ ਤਿੰਨ ਮਹੀਨੇ ਰਿਆਸਤ ਵਿਚ ਜਾਂ ਕਿਸੇ ਖਾਸ ਵਡੇ ਨਗਰ ਵਿਚ ਰਹਿ ਕੇ ਬਤੀਤ ਕਰਨੇ।

---

* ਇਸ ਦਸਤੂਰੁਲ ਅਮਲ ਤੋਂ ਇਲਾਵਾ ਇਕ ਦਸਤੂਰੁਲ-ਅਮਲ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ੩੦ ਦਫਾ ਵਾਲਾ ਵੀ ਲਿਖਿਆ ਹੈ। ਨਿਰਮਲ ਭੇਖ ਦੁਆਰਾ ਇਸ ਉਤੇ ਟੀਕਾ ਟਿੱਪਣੀ ਹੋ ਚੁੱਕੀ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੂੰ ਮਹੰਤ ਬੁੱਢਾ ਸਿੰਘ ਜੀ ਰਿਖੀਕੇਸ਼ ਵਾਲਿਆਂ ਨੇ ਸਮਸਤ ਨਿਰਮਲ ਸਮਾਜ ਵੱਲੋਂ ਅਤੇ ਆਪਣੇ ਵੱਲੋਂ ਇਕ ਚਿੱਠੀ ਲਿਖੀ ਸੀ ਕਿ ਨਿਰਮਲ ਅਖਾੜੇ ਸੰਬੰਧੀ ਤਿੰਨਾਂ ਸਿੱਖ ਸਟੇਟਾਂ ਨੇ ਜੋ ਦਫਾ ੯ ਵਾਲੇ ਦਸਤੂਰੁਲ ਅਮਲ ਕਾਇਮ ਕੀਤੇ ਸਨ ਤੇ ਜਿਨ੍ਹਾਂ ਦੀ ਪਰਵਾਨਗੀ ਸੰਮਤ ੧੯੧੯ (੧੮੬੨ ਈ:) ਨੂੰ ਦਿੱਤੀ ਗਈ ਸੀ ਇਸ ਵੇਲੇ ਅਖਾੜੇ ਦੇ ਹੈਡ ਆਫਿਸ ਕਨਖਲ ਵਿਚ ਪਏ ਹਨ, ਉਨ੍ਹਾਂ ਨਾਲ ਤੁਹਾਡਾ ੩੦ ਦਫਾਵਾਂ ਵਾਲਾ ਦਸਤੂਰੁਲ-ਅਮਲ ਮੇਲ ਨਹੀਂ ਖਾਂਦਾ। ਇਸ ਦੇ ਉਤਰ ਵਿਚ ਭਾਈ ਸਾਹਿਬ ਜੀ ਨੇ ਹੇਠ ਲਿਖੀ ਚਿੱਠੀ ਮਹੰਤ ਬੁੱਢਾ ਸਿੰਘ ਜੀ ਨੂੰ ਲਿਖੀ। ਜਿਸਦੀ ਹੂ-ਬ-ਹੂ ਨਕਲ ਇਸ ਤਰ੍ਹਾਂ ਹੈ:

੧. ਸ੍ਰੀਮਾਨ ਮਹੰਤ ਜੀ,

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

ਮਹਾਨ ਕੋਸ਼ ਦੀ ਦੂਜੀ ਐਡੀਸ਼ਨ ਛਪਣ ਸਮੇਂ ਧਰਮ ਧੁਜਾ ਦੇ ਇਤਿਹਾਸ ਵਿਚ ਜੋ ਤਰੁਟੀ ਰਹਿ ਗਈ ਹੈ ਉਹ ਪੂਰੀ ਕਰ ਦਿੱਤੀ ਜਾਵੇਗੀ। ਨਿਰਮਲੇ ਸੰਤਾਂ ਦੀ ਸੇਵਾ ਵਿਚ (ਜਿਨ੍ਹਾਂ ਲਈ ਮੇਰੇ ਮਨ ਅੰਦਰ ਬੜਾ ਆਦਰ ਹੈ) ਪ੍ਰਾਰਥਨਾ ਹੈ ਕਿ ਉਹ ਅਖਾੜੇ ਸੰਬੰਧੀ ਸਹੀ ਹਾਲ ਲਿਖ ਕੇ ਮੇਰੇ ਪਾਸ ਭੇਜਣ ਦੀ ਕਿਰਪਾ ਕਰਨ।

ਨਾਭਾ ੧ ਅੱਸੂ
ਸਾਲ ੪੬੬
੧੨ ਸਤੰਬਰ, ੧੯੩੫

ਪੰਥ ਦਾ ਸੇਵਾ
ਕਾਨ੍ਹ ਸਿੰਘ

(੧੦) ਹਰ ਥਾਂ ਰੋਜ਼ ਦੀ ਪੂਜਾ ਤੇ ਵਿਦਾਇਗੀ ਅਲਗ ਅਲਗ ਵਹੀ ਵਿਚ ਲਿਖੀ ਜਾਇਆ ਕਰੇ।

(੧੧) ਆਪਣੇ ਖਰਚ ਤੋਂ ਇਲਾਵਾ ਜਿਤਨੀ ਪੂਜਾ ਬਚੇ ਉਹ ਛੇ ਮਹੀਨਿਆਂ ਪਿਛੋਂ ਕਨਖਲਾਂ ਭੇਜੀ ਜਾਇਆ ਕਰੇ।

(੧੨) ਹਰ ਇਕ ਸਾਧੂ ਲਈ ਜ਼ਰੂਰੀ ਹੋਵੇਗਾ ਕਿ ਬਸਤ੍ਰ ਭਗਵਾਂ ਪਹਿਰੇ, ਨਹੀਂ ਤਾਂ ਘੱਟ ਘੱਟ ਸਿਰ ਦਾ ਸਾਫਾ ਜ਼ਰੂਰ ਭਗਵਾਂ ਰੱਖੇ।

(੧੩) ਭਾਵੇਂ ਰਮਤ ਕਿਤਨੀ ਦੂਰ ਹੋਵੇ ਪਰ ਕੁੰਭ ਦੇ ਮੌਕੇ ਹਰੀਦ੍ਵਾਰ, ਪ੍ਰਯਾਗ ਰਾਜ ਆਦਿ ਤੀਰਥਾਂ ਪੁਰ ਪੁਜਣਾ ਜ਼ਰੂਰੀ ਹੋਵੇਗਾ।

(੧੪) ਜਿਤਨੇ ਅਹੁਦਿਆਂ ਵਾਲੇ ਸਾਧੂ ਹੋਣ, ਹਰ ਇਕ ਨੂੰ ਚੰਗੀ ਕਸ਼ਮੀਰੀ ਚਾਦਰ ਕੱਢੀ ਹੋਈ, ਜੋ ਰਿਆਸਤ ਵਲੋਂ ਮਿਲਿਆ ਕਰੇਗੀ, ਦਿੱਤੀ ਜਾਇਆ ਕਰੇ।

(੧੫) ਹਰ ਇਕ ਸਾਧੂ ਨੂੰ ਛੇ ਮਹੀਨਿਆਂ ਪਿਛੋਂ ਵਰਤਾਰਾ ਦੇ ਰੁਪਏ ਦਾ ਕਪੜਾ ਤੇ ਅੱਠ ਆਨੇ ਸਿਲਾਈ ਦਿੱਤੀ ਜਾਇਆ ਕਰੇ। ਨਾਲ ਹੀ ਇਕ ਜੋੜਾ ਜੁੱਤੀ ਦਾ। ਹਾਂ ਕਿਸੇ ਖਾਸ ਕੰਮ ਕਰਨ ਵਾਲੇ ਨੂੰ ਤਿੰਨਾਂ ਮਹੀਨਿਆਂ ਪਿਛੋਂ ਵੀ ਜੋੜਾ ਦੇ ਦਿੱਤਾ ਜਾਇਆ ਕਰੇ ਤਾਂ ਕੋਈ ਹਰਜ ਨਹੀਂ।

### ਰਮਤ ਅਖਾੜੇ ਦੇ ਮੁਖੀਏ ਮਹੰਤਾਂ ਲਈ ਨਿਯਮ:-

(੧) ਜੋ ਸਾਧੂ ਜਾਂ ਮਹੰਤ ਰਮਤ ਅਖਾੜੇ ਦੀ ਸੇਵਾ ਕਰਨੀ ਚਾਹੇ, ਪਹਿਲਾਂ ਘੱਟੋ ਘੱਟ ਤਿੰਨ ਵਰ੍ਹਿਆਂ ਲਈ ਰਹਿਣਾ ਪ੍ਰਵਾਨ ਕਰੇ।

(੨) ਹਰ ਇਕ ਅਹੁਦੇਦਾਰ ਜਾਂ ਸਾਧੂ ਪਾਸੋਂ ਮੇਲ ਮਿਲਾਪ ਨਾਲ ਕੰਮ ਲੈਣ।

(੪) ਕਿਸੇ ਅਹੁਦੇਦਾਰ ਜਾਂ ਸਾਧੂ ਦਾ ਅਖਾੜੇ ਵਿਚ ਥੋੜ੍ਹਾ ਜਿਹਾ ਵੀ ਅਯੋਗ ਵਰਤਾਵ ਤਕਣ ਤਾਂ ਉਸ ਨੂੰ ਝਟ ਕੱਢ ਦੇਣ ਦਾ ਯਤਨ ਕਰਨ।

(੫) ਰਮਤ ਦੇ ਮੁਤੱਲਕ ਹਿਸਾਬ ਕਿਤਾਬ ਦੀ ਰਿਪੋਰਟ ਇਕ ਮਹੀਨੇ ਪਿਛੋਂ ਸ੍ਰੀ ਮਹੰਤਾਂ ਸਾਹਿਬਾਂ ਨੂੰ ਕਨਖਲ ਭੇਜਦੇ ਰਹਿਣ।

(੬) ਅਖਾੜੇ ਵਿਚ ਟਿਕੇ ਹੋਇ ਕਿਸੇ ਸੰਤ ਮਹੰਤ ਨੂੰ ਕਿਤੋਂ ਵੀ ਕੁਝ ਪੂਜਾ ਭੇਟ ਮਿਲੇ ਤਾਂ ਉਹ ਪੰਚਾਇਤੀ ਸਮਝੀ ਜਾਏ।

(੭) ਜੇ ਕਿਸੇ ਮੁਖੀਏ ਮਹੰਤ ਦਾ ਅਖਾੜੇ ਵਿਚ ਅਯੋਗ ਵਰਤਾਓ ਵੇਖਿਆ ਜਾਏ ਤਾਂ ਸ੍ਰੀ ਮਹੰਤ ਸਾਹਿਬ ਉਸ ਨੂੰ ਕੱਢ ਸਕਦੇ ਹਨ ਤੇ ਉਸ ਦੀ ਜਗ੍ਹਾ ਹੋਰ ਕੋਈ ਭੇਜ ਸਕਦੇ ਹਨ।

(੮) ਕੋਈ ਜਮਾਤੀ ਮੁਖੀਆ ਮਹੰਤ ਛੇ ਮਹੀਨਿਆਂ ਤੋਂ ਪਹਿਲਾਂ ਆਪਣੇ ਨਿਜ ਦੇ ਕੰਮ ਨਾ ਜਾਏ ਜੇ ਜਾਏ ਤਾਂ ਆਪਣੇ ਖਰਚ ਪਰ ਜਾਏ।

(੯) ਮੁਖੀਏ ਮਹੰਤ ਆਪਣੀ ਸਲਾਹ ਨਾਲ ਕੁਠਾਰੀ, ਗ੍ਰੰਥੀ ਤੇ ਕਾਰਬਾਰੀ ਰਖ ਸਕਦੇ ਹਨ।

(੧੦) ਮੁਕਾਮੀ ਮਹੰਤਾਂ ਤੇ ਮਕਾਨਾਂ ਦੀ ਨਿਗਰਾਨੀ ਰਖਣੀ ਉਹਨਾਂ ਦਾ ਮੁਖ ਫ਼ਰਜ਼ ਹੋਵੇਗਾ।

### ਰਮਤ ਅਖਾੜੇ ਦੇ ਸਾਧੂਆਂ ਲਈ ਨਿਯਮ:-

(੧) ਹਰ ਇਕ ਸਾਧੂ ਮੁਖੀਏ ਮਹੰਤ ਦੀ ਆਗਿਆ ਵਿਚ ਰਹੇਗਾ।

(੨) ਪੂਜਾ ਆਰਤੀ ਵੇਲੇ, ਚਾਹ ਸ਼ਰਦਯਾਈ, ਚਾਂਦਨੀ ਲਗਾਉਣ, ਉਤਾਰਨ ਵਿਚ, ਉਠਾਂ ਤੇ ਲੱਦਣ ਲੱਦਾਨ ਵਿਚ ਸਭ ਸਾਧੂ ਹਿੱਸਾ ਲੀਤਾ ਕਰਨਗੇ।

(੩) ਗੁਰੂ ਜੀ ਦੇ ਹਜ਼ੂਰ ਵਿਚ ਕੋਈ ਸਾਧੂ ਨੰਗੇ ਸਿਰ ਨਹੀਂ ਬੈਠ ਸਕੇਗਾ।

(੪) ਨਿਰਮਲ ਭੇਖ ਦੀ ਇੱਜ਼ਤ ਨੂੰ ਸਨਮੁਖ ਰਖਦੇ ਹੋਏ ਸਬਰ, ਸੰਤੋਖ ਵਿਚ ਰਹਿਣ ਦਾ ਯਤਨ ਕੀਤਾ ਜਾਵੇਗਾ।

(੫) ਕੋਈ ਸਾਧੂ ਜਾਂ ਅਹੁਦੇਦਾਰ ਕਿਸੇ ਮਹੰਤ ਦਾ ਨਿਰਾਦਰ ਜਾਂ ਹੋਰ ਭੈੜਾ ਵਰਤਾਉ ਕਰਕੇ

ਅਖਾੜੇ 'ਚੋਂ ਚੋਰੀ ਜਾਏਗਾ ਤਾਂ ਮੁਖੀਏ ਮਹੰਤਾਂ ਦੀ ਆਗਿਆ ਤੋਂ ਬਿਨਾਂ ਭੇਖ ਦੀ ਕਿਸੇ ਪੰਗਤ ਵਿਚ ਉਹ ਬੈਠਣ ਦਾ ਅਧਿਕਾਰੀ ਨਹੀਂ ਸਮਝਿਆ ਜਾਏਗਾ।

ਇਹ ਸਾਰੇ ਨਿਯਮ ਕਈ ਦਿਨ ਦੇ ਵਿਚਾਰ ਵਟਾਂਦਰਾ ਦੁਆਰਾ ਤਿਆਗ ਕਰਕੇ ਅਤੇ ਪੂਰੇ ਭੇਖ ਨੂੰ ਸੁਣਾ ਕੇ ਪਰਵਾਨਗੀ ਲਈ ਗਈ। ਇਹ ਚਤਰਮਾਸਾ ਪਟਿਆਲੇ ਵਿਚ ਹੀ ਪੂਰਾ ਕੀਤਾ ਅਤੇ ਪਹਿਲੇ ਨੌਰਾਤੇ ਨੂੰ 'ਰਮਤ ਨਿਰਮਲ ਪੰਚਾਇਤੀ ਅਖਾੜਾ' ਸ਼ੁਭ ਮਹੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਖੁਲ੍ਹੀ ਦੇਗ ਵਰਤਾ ਕੇ ਧਰਮ ਪ੍ਰਚਾਰ ਵਾਸਤੇ ਯਾਤਰਾ ਲਈ ਤੌਰ ਦਿੱਤਾ।

ਆਪ ਪੂਜਜ ਸ੍ਰੀ ਮਹੰਤ ਜੀ ਮਹਾਰਾਜ ਪਟਿਆਲੇ ਵਿਚ ਕੁਝ ਸਮਾਂ ਹੋਰ ਠਹਿਰੇ, ਧਰਮ ਧੁਜਾ ਦਾ ਸਾਰਾ ਪ੍ਰਬੰਧ ਕੀਤਾ। ਇਕ ਮਹੰਤ, ਇਕ ਕੁਠਾਰੀ, ਇਕ ਗ੍ਰੰਥੀ, ਦੋ ਕਾਰਬਾਰੀ ਧਰਮ ਧੁਜਾ ਵਿਚ ਨਿਯੁਕਤ ਕੀਤੇ। ਪ੍ਰਬੰਧ ਕਰਕੇ ਸ੍ਰੀ ਮਹੰਤ ਜੀ ਮਹਾਰਾਜ ਕਨਖਲ ਨੂੰ ਚਲੇ ਗਏ। ਪਟਿਆਲੇ ਵਾਲੀ ਹਵੇਲੀ ਵਿਚ ਅਖਾੜੇ ਦਾ ਪ੍ਰਬੰਧ ਕਰਨ ਲੱਗੇ। ਜੋ ਅਖਾੜਿਆਂ ਵਿਚ ਸੋਭਾ/ਸਜਾਵਟ ਦਾ ਸਮਾਨ ਹੁੰਦਾ ਹੈ, ਧੀਰੇ ਧੀਰੇ ਉਸ ਦੀ ਪੂਰਤੀ ਬਾਰੇ ਵਿਚਾਰ ਕਰਨ ਲੱਗੇ।

ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ ਦਾ ਜਨਮ ਪਿੰਡ ਵੱਡੀਆਂ ਲੇਲ੍ਹਾਂ ਰਿਆਸਤ ਪਟਿਆਲਾ (ਹੁਣ ਜ਼ਿਲ੍ਹਾ ਸੰਗਰੂਰ) ਵਿਚ ਹੋਇਆ ਸੀ। ਕੁਝ ਚਿਰ ਘਰ ਕੰਮ ਕਰਦੇ ਹੋਏ ਪਿੰਡ ਡੇਰੇ ਵਿਚ ਪੜ੍ਹਦੇ ਰਹੇ। ਬਾਣੀ ਨਾਲ ਅਜੇਹਾ ਪ੍ਰੇਮ ਲੱਗਾ, ਹਰ ਸਮੇਂ ਪਾਠ ਕਰਦੇ ਰਹਿੰਦੇ। ਅੰਤ ਘਰ ਤੋਂ ਉਪਰਾਮ ਹੋ ਕੇ ਰਿਖੀਕੇਸ਼ ਝਾੜੀ ਵਿਚ ਸੰਤ ਧਰਮ ਸਿੰਘ ਜੀ ਦੇ ਚਰਨਾ ਵਿਚ ਜਾ ਰਹੇ। ਸੇਵਾ ਕਰਦੇ ਹੋਏ ਸ਼ਿਸ਼ ਬਣਕੇ ਸਿਮਰਨ ਵਿਚ ਲੱਗ ਗਏ। ਸਿਮਰਨ ਨਾਲ ਅਤਿਅੰਤ ਤਪ-ਤੇਜ, ਪ੍ਰਤਾਪ ਵਧਿਆ। ਪਹਿਲਾਂ ਆਪ ਜੀ ਪੂਰਣ ਵਿਰਕਤ ਸਨ। 'ਸ੍ਰੀ ਮਹੰਤ' ਬਣਕੇ ਅਮੁੱਲੀ ਸੇਵਾ ਕੀਤੀ। 1821 ਵਿਚ ਜਨਮ, 1862 ਤੋਂ 1871 ਤੱਕ 9 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 51 ਸਾਲ ਸੀ। ਆਪ ਜੀ ਤੋਂ ਬਾਅਦ ਹੇਠ ਲਿਖੇ ਅਨੁਸਾਰ 'ਸ੍ਰੀ ਮਹੰਤ' ਹੋਏ ਹਨ:

ਦੂਸਰੇ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ- ਜਨਮ 1818 ਈ. ਪਿੰਡ ਚੀਮਾ ਜ਼ਿਲ੍ਹਾ ਸੰਗਰੂਰ, ਗੁਰੂ ਪੰਡਿਤ ਮਾਨ ਕਬੇਰੀਏ, ਸੰਨ 1871 ਤੋਂ ਸੰ 1896 ਈ. ਤਕ 25 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 78 ਵਰਸ਼ ਸੀ।

ਪੰਡਿਤ ਰਾਮ ਸਿੰਘ ਜੀ ਕਬਰੇ ਵਾਲਿਆਂ ਨੇ ਕ੍ਰਮਵਾਰ ਪੰਡਿਤ ਤਾਰਾ ਸਿੰਘ ਜੀ 'ਸਰੋਤਮ' ਅਤੇ ਪੰਡਿਤ ਦੀਵਾਨ ਸਿੰਘ ਜੀ 'ਠੀਕਰੀਵਾਲਾ' ਨੂੰ "ਨਾਇਬ ਸ੍ਰੀ ਮਹੰਤ" ਬਣਾਇਆ ਸੀ। ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਦਾ ਜਨਮ ਸੰਨ 1822 ਈ. ਪਿੰਡ ਕਾਰਵਾ, ਜ਼ਿਲ੍ਹਾ ਗੁਰਦਾਸਪੁਰ, ਗੁਰੂ ਗੁਲਾਬ ਸਿੰਘ ਜੀ। ਸੰਨ 1875 ਈ. ਤੋਂ ਸੰਨ 1891 ਈ. ਤੱਕ 16 ਵਰਸ਼ 'ਨਾਇਬ ਸ੍ਰੀ ਮਹੰਤ' ਰਹੇ। ਕੁਝ ਆਯੂ 69 ਵਰਸ਼ ਸੀ। ਪੰਡਿਤ ਦੀਵਾਨ ਸਿੰਘ ਜੀ ਦਾ ਜਨਮ 1833 ਈ. ਪਿੰਡ ਠੀਕਰੀਵਾਲਾ, ਗੁਰੂ ਹੀਰਾ ਸਿੰਘ, ਸੰਨ 1891 ਈ. ਤੋਂ 1896 ਈ. ਤਕ 5 ਵਰਸ਼ 'ਉਪ ਸ੍ਰੀ ਮਹੰਤ' ਰਹੇ। ਕੁਲ ਆਯੂ 63 ਵਰਸ਼ ਸੀ।

ਤੀਸਰੇ ਸ੍ਰੀ ਮਹੰਤ ਪੰਡਿਤ ਊਧਣ ਸਿੰਘ ਜੀ ਨਯਾਯਕ- ਜਨਮ ਸੰਨ 1841 ਈ. ਪਿੰਡ ਕੱਲਾ ਜ਼ਿਲ੍ਹਾ ਅੰਮ੍ਰਿਤਸਰ, ਗੁਰੂ ਗੁਲਾਬ ਸਿੰਘ, ਸੰਨ 1896 ਤੋਂ ਸੰਨ 1905 ਈ. ਤੱਕ 9 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 68 ਵਰਸ਼ ਸੀ।

ਚੌਥੇ ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ- ਜਨਮ ਸੰਨ 1845 ਈ. ਪਿੰਡ ਸਰਲੀਆਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ, ਗੁਰੂ ਗੁਲਾਬ ਸਿੰਘ ਜੀ ਗਿੜਵੜੀ ਵਾਲੇ, ਸੰਨ 1905 ਈ. ਤੋਂ ਸੰਨ 1908 ਈ. ਤੱਕ 3 ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ 63 ਵਰਸ਼ ਸੀ।

ਪੰਜਵੇਂ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ- ਜਨਮ ਸੰਨ 1861

ਈ. ਪਿੰਡ ਹਰੀਕੇ ਕਲਾਂ, ਜ਼ਿਲ੍ਹਾ ਮੁਕਤਿਸਰ, ਗੁਰੂ ਮਸਤਾਨ ਸਿੰਘ, ਸੰਨ 1908 ਈ. ਤੋਂ ਸੰਨ 1927 ਈ. ਤੱਕ 19 ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ 66 ਵਰਸ਼ ਸੀ।

ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲਿਆਂ ਦੇ ਸਮੇਂ ਵਿਚ ਪੰਡਿਤ ਮੋਹਰ ਸਿੰਘ ਜੀ ਪਟਿਆਲੇ ਵਾਲੇ 'ਉਪ ਸ੍ਰੀ ਮਹੰਤ' ਰਹੇ ਜਿੰਨ੍ਹਾਂ ਦਾ ਜਨਮ 1863 ਈ., ਸੰਨ 1920 ਤੋਂ ਸੰਨ 1927 ਈ. ਤੱਕ 8 ਵਰਸ਼ 'ਉਪ ਸ੍ਰੀ ਮਹੰਤ' ਰਹੇ। ਕੁਲ ਆਯੂ 64 ਵਰਸ਼ ਸੀ।

**ਛੇਵੇਂ ਸ੍ਰੀ ਮਹੰਤ ਪੰਡਿਤ ਦਯਾ ਸਿੰਘ ਜੀ ਉਮੋਵਾਲੇ**- ਜਨਮ 1868 ਈ. ਵਿਚ ਹੋਇਆ। ਪਿੰਡ ਹੀਰੋ ਖੁਰਦ, ਜ਼ਿਲ੍ਹਾ ਪਟਿਆਲਾ, ਗੁਰੂ ਮਲੂਕ ਸਿੰਘ। ਸੰਨ 1927 ਈ. ਤੋਂ ਸੰਨ 1929 ਈ. ਤੱਕ 3 ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ 61 ਵਰਸ਼ ਸੀ।

**ਸੱਤਵੇਂ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਂਸ਼ੀ ਵਾਲੇ**- ਜਨਮ ਸੰਨ 1876 ਈ., ਪਿੰਡ ਗੋਂਦਵਾਲ, ਜ਼ਿਲ੍ਹਾ ਸਰਮੋਧਾ ( ਪਾਕਿਸਤਾਨ), ਗੁਰੂ ਮੱਖਣ ਸਿੰਘ, ਸੰਨ 1931 ਈ. ਤੋਂ ਸੰਨ 1934 ਈ. ਤੱਕ 4 ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ 59 ਵਰਸ਼ ਸੀ।

**ਅੱਠਵੇਂ ਸ੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਪਿੰਡੀਬੇਬ ਵਾਲੇ**- ਜਨਮ 1886 ਈ., ਪਿੰਡ ਭਿੰਡਰ ਕਲਾਂ, ਜ਼ਿਲ੍ਹਾ ਮੋਗਾ। ਪਿਤਾ ਸ੍ਰ. ਨੱਥਾ ਸਿੰਘ, ਮਾਤਾ ਮਹਿਤਾਬ ਕੌਰ, ਗੁਰੂ ਭਗਤ ਸਿੰਘ, ਸੰਨ 1934 ਈ. ਤੋਂ ਸੰਨ 1986 ਈ. ਤੱਕ 51 ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ 100 ਵਰਸ਼ ਸੀ।

**ਨੌਵੇਂ ਸ੍ਰੀ ਮਹੰਤ ਪੰਡਿਤ ਬਲਵੀਰ ਸਿੰਘ ਜੀ ਸ਼ਾਸਤ੍ਰੀ ਪਟਨੇ ਵਾਲੇ**- ਜਨਮ ਸੰਨ 1925 ਈ. ਪਿੰਡ ਅਤੇ ਜ਼ਿਲ੍ਹਾ ਮੁਕਤਿਸਰ, ਪਿਤਾ ਸ੍ਰ. ਕਾਲਾ ਸਿੰਘ, ਮਾਤਾ ਪ੍ਰਤਾਪ ਕੌਰ, ਗੁਰੂ ਹਰਦੇਵ ਸਿੰਘ, ਸੰਨ 1986 ਈ. ਤੋਂ ਸੰਨ 1993 ਈ. ਤੱਕ 7 ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ 68 ਵਰਸ਼ ਸੀ।

**ਦਸਵੇਂ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਸਿੰਘ ਜੀ (ਵਰਤਮਾਨ)**- ਜਨਮ ਸੰਨ 1940 ਈ., ਪਿੰਡ ਬਹਿਲੋਲਪੁਰ, ਜ਼ਿਲ੍ਹਾ ਮੇਰਠ, (ਯੂ.ਪੀ.), ਪਿਤਾ- ਸ੍ਰ. ਦਰਿਆਵ ਸਿੰਘ, ਮਾਤਾ ਗੰਗਾ ਦੇਵੀ, ਗੁਰੂ ਸੁਾਮੀ ਲਾਲ ਸਿੰਘ, ਸੰਨ 1993 ਈ. ਤੋਂ 'ਸ੍ਰੀ ਮਹੰਤ' ਦੀ ਪਦਵੀ ਤੇ ਵਿਭੂਸ਼ਤ ਹਨ।

ਆਪ ਜੀ ਦੇ ਸਮੇਂ ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਨਿਰਮਲ ਭੇਖ, ਖਟ-ਦਰਸ਼ਨ, ਸਾਧੂ ਸਮਾਜ ਵਿਚ ਮਹਾਨ ਸਤਿਕਾਰ ਪ੍ਰਾਪਤ ਕਰ ਰਿਹਾ ਹੈ। ਨਿਰਮਲ ਪੰਥ ਵਾਸਤੇ ਇਹ ਗੌਰਵ ਦੀ ਗੱਲ ਹੈ ਕਿ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਵਰਤਮਾਨ 'ਸ੍ਰੀ ਮਹੰਤ' ਪੂਰਵ ਮਹਾਂਪੁਰਖਾਂ ਦੀ ਤਰ੍ਹਾਂ ਤਪ-ਤੇਜ, ਪ੍ਰਤਾਪ ਵਾਲੇ, ਤਪੋਨਿਧੀ, ਜਿਤੇਂਦ੍ਰਯ, ਵਿਰਕਤ ਸ਼੍ਰੋਮਣੀ ਮਹਾਂਪੁਰਖ ਹਨ, ਜਿਨ੍ਹਾਂ ਦਾ ਭਾਰਤੀਯ ਖਟ-ਦਰਸ਼ਨ ਸਾਧੂ ਸਮਾਜ ਵਿਚ ਪਰਮ ਸਤਿਕਾਰ ਹੈ ਅਤੇ ਸਰਵੋਪਰਿ ਸਥਾਨ ਹੈ। ਆਪ ਜੀ ਦੀ ਅਧਿਅਕਸ਼ਤਾ ਹੇਠ ਨਿਰਮਲ ਪੰਥ ਦਾ ਭਵਿੱਖ ਉਜ਼ੂਲ ਹੈ।

**ਕੇਂਦ੍ਰੀਯ ਸਥਾਨ ਕਨਖਲ (ਹਰਿਦਵਾਰ)**

ਪੰਚਾਇਤੀ ਅਖਾੜਾ ਨਿਰਮਲਾ ਦਾ ਕਨਖਲ ਕੇਂਦ੍ਰੀਯ ਸਥਾਨ ਹੈ। ਮਹਾਰਾਜਾ ਨਰਿੰਦਰ ਸਿੰਘ ਜੀ ਨੇ ਆਖਾੜੇ ਦੇ ਮਹਾਂਪੁਰਖਾਂ ਦੀ ਰਿਹਾਇਸ਼ ਲਈ ਗੰਗਾ ਦੇ ਕਿਨਾਰੇ ਤੇ ਮਹਾਰਾਜਾ ਕਰਮ ਸਿੰਘ ਜੀ ਵਾਲੀ ਪ੍ਰਾਚੀਨ ਹਵੇਲੀ ਦਾਨ ਵਿਚ ਦਿੱਤੀ। ਪਰ ਹੁਣ ਪ੍ਰਮੁਖ ਸਥਾਨ ਦੀਆਂ ਤਿੰਨ ਇਮਾਰਤਾਂ ਭਵਨਾ ਵਾਲੀ ਹਵੇਲੀ, ਬਹਲ ਖਾਨਾ ਅਤੇ ਕੁਠਾਰ ਵਾਲੀ ਹਵੇਲੀ ਹੈ। ਕੁਠਾਰ ਵਾਲੀ ਹਵੇਲੀ ਵਿਚ ਸ੍ਰੀ ਮਹੰਤ ਜੀ, ਸੈਕਟਰੀ ਜੀ ਕੁਠਾਰੀ ਗ੍ਰੰਥੀ, ਪੁਜਾਰੀ, ਕਾਰਬਾਰੀ ਆਦਿਕ ਸਰਬ ਪ੍ਰਮੁੱਖ ਅਧਿਕਾਰੀ ਮਹਾਂ ਪੁਰਖਾਂ ਦਾ ਨਿਵਾਸ ਹੈ। ਪਹਿਲੀਆਂ ਦੋ ਹਵੇਲੀਆਂ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਆ ਦੇ ਸਮੇਂ ਨੀਲਾਮੀ ਵਿਚ 31 ਜਨਵਰੀ, 1877 ਨੂੰ ਲਈਆਂ ਸਨ। ਕੁਠਾਰ ਵਾਲੀ ਹਵੇਲੀ 7250/- ਰੁਪਏ ਵਿਚ 5 ਅਪ੍ਰੈਲ, 1878 ਨੂੰ ਮੁਲ ਖਰੀਦੀ ਸੀ।

ਪਿੰਡ ਏਕੜ

ਇਸ ਪਿੰਡ ਨੂੰ 51777 ਰੁਪਏ 10 ਆਨੇ 2 ਪੈਸੇ ਵਿਚ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਆਂ ਸਮੇਂ ਸੰਨ 1882 ਵਿਚ ਮੁਲ ਖਰੀਦਿਆ। ਏਕੜ ਦੇ ਨਾਲ ਲੱਗਦਾ ਪਿੰਡ ਬਹਾਦਰਪੁਰ ਅਤੇ ਮਿਰਜਾਪੁਰ ਸ੍ਰੀ ਮਹੰਤ ਪੰਡਿਤ ਊਧਣ ਸਿੰਘ ਜੀ ਨੇ ਸੰਨ 1897 ਨੂੰ ਖਰੀਦੇ। ਬਹਾਦਰਪੁਰ ਦਾ ਰਹਿੰਦਾ ਚੌਥਾ ਹਿੱਸਾ ਵੀ 1900 ਈ. ਵਿਚ ਖਰੀਦ ਲਿਆ। ਪਿੰਡ ਕੜਛ ਅਤੇ ਰਾਏ ਪੁਰ ਦੀ ਜ਼ਮੀਨ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲਿਆਂ ਨੇ ਖਰੀਦੀ। ਵਾੜਿਆਂ ਵਾਲਾ ਪਿੰਡ ਸ੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਨੇ 51000/- ਰੁਪਏ ਵਿਚ 23/4/1942 ਨੂੰ ਮੁਲ ਲਿਆ ਪਿੰਡ ਇਬਰਾਹੀਮ 150000/- ਰੁਪਏ ਵਿਚ 26/10/1943 ਨੂੰ ਖਰੀਦਿਆ। ਕਨਖਲ ਸ਼ਹਿਰ ਵਿਚ ਇਕ ਮਕਾਨ ਚਾਰ ਦੁਕਾਨਾਂ 24 ਫਰਵਰੀ, 1890 ਵਿਚ ਪੰਡਿਤ ਰਾਮ ਸਿੰਘ ਕਬੇਰੀਆਂ ਨੇ ਖਰੀਦੀਆਂ। ਹਰਿਦਵਾਰ ਰੇਲਵੇ ਸਟੇਸ਼ਨ ਕੋਲ ਪਹਾੜ ਨਾਲ ਲੱਗਦੀ ਵਿਸ਼ਾਲ (ਲੰਮੀ ਚੌੜੀ) ਜ਼ਮੀਨ 1880 ਈ. ਵਿਚ ਖਰੀਦੀ। ਕੁੰਭ ਸਮੇਂ ਨਿਰਮਲ ਅਖਾੜੇ ਦੀ ਛਾਉਣੀ ਏਥੇ ਹੀ ਲੱਗਦੀ ਹੈ। ਅਜਿਹਾ ਮੌਕੇ ਦਾ ਥਾਉਂ ਖਟ ਦਰਸ਼ਨ ਸਾਧੂ ਸਮਾਜ ਦੇ ਕਿਸੇ ਅਖਾੜੇ ਕੋਲ ਵੀ ਨਹੀਂ ਹੈ। ਕੁੰਭ ਸਮੇਂ ਇਥੈ ਹਜ਼ਾਰਾਂ (ਲੱਖਾਂ) ਵਿਅਕਤੀ ਆਰਾਮ ਕਰਦੇ ਹਨ। ਸ੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਨੇ ਇਥੇ ਸੁੰਦਰ ਮਕਾਨ ਬਣਾਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਮਰਾ, ਲੰਗਰ ਆਦਿਕ ਦਰਸ਼ਨੀਯ ਹਨ। ਕੇਸਰੀ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਪੁਲਿਸ ਚੌਂਕੀ ਕੋਲ ਵੀ ਇਕ ਬਾਗ ਹੈ ਜੋ ਠੇਕੇ ਉੱਤੇ ਚਾੜ੍ਹਿਆ ਜਾਂਦਾ ਹੈ।

ਪੀਲੀ ਕੋਠੀ ਇਲਾਹਾਬਾਦ

ਇੱਥੇ ਵੀ ਨਿਰਮਲ ਅਖਾੜੇ ਦਾ ਦਰਸ਼ਨੀਯ ਸਥਾਨ ਹੈ। ਇਹ ਥਾਂ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਆਂ ਨੇ ਸੰਨ 1880 ਈ. ਵਿਚ ਖਰੀਦਿਆ ਸੀ। ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨੇ ਇਸ ਮਕਾਨ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਵਾਸਤੇ ਪਿੰਡ ਭਰੇਤਾ, ਕਨੌਠੀ, ਤਸੌਰਾ, ਕਲਿਆਣ ਪੁਰ ਉਰਫ ਨੌਨਾਰੀ, ਮਨੇਠੂ, ਕੈਮਲਪੁਰ ਅਤੇ ਖਾਨਾਪੁਰ 2 ਸੱਤ ਪਿੰਡ 56960/- ਰੁਪਏ ਵਿਚ ਸੰਨ 1904 ਈ. ਨੂੰ ਖਰੀਦੇ ਸਨ ਪਰ ਹੁਣ ਇਹ ਸਾਰੇ ਪਿੰਡ ਸਰਕਾਰ ਨੇ ਮੁਆਵਜ਼ਾ ਦੇ ਕੇ ਅਪਣੇ ਅਧੀਨ ਕਰ ਲਏ ਹਨ। ਪੀਲੀ ਕੋਠੀ ਵਿਚ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਨੇ ਬਹੁਤ ਸੁੰਦਰ ਇਮਾਰਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਦਰਸ਼ਨੀਯ ਹਰਿਮੰਦਰ ਬਣਾਇਆ ਹੈ। ਇਤਿਹਾਸਕ ਗੁਰਦਵਾਰਾ ਪੱਕੀ ਸੰਗਤ ਵੀ ਨਿਰਮਲ ਅਖਾੜੇ ਦੇ ਪ੍ਰਬੰਧ ਵਿਚ ਹੈ। ਇਥੇ ਗੁਰੂ ਤੇਗ ਬਹਾਦਰ ਜੀ ਨੇ ਕਾਫੀ ਸਮਾਂ ਨਿਵਾਸ ਰੱਖਿਆ ਹੈ। ਇਸ ਗੁਰਦਵਾਰਾ ਸਾਹਿਬ ਦੀ ਇਮਾਰਤ ਵੀ ਅਖਾੜੇ ਨੇ ਅਤਿਅੰਤ ਸੁੰਦਰ ਬਣਾਈ ਹੈ।

ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨੇ ਜਿਸ ਮਕਾਨ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਵਾਸਤੇ ਪਿੰਡ ਭਰੇਤਾ, ਕਨੌਠੀ, ਤਸੌਰਾ, ਕਲਿਆਣਪੁਰ ਉਰਫ਼ ਨੌਨਾਰੀ, ਮਨੇਠੂ, ਕੈਮਲਪੁਰ ਅਤੇ ਖਾਨਾਪੁਰ ਸੱਤ ਪਿੰਡ ੫੬੯੬੦/- ਰੁਪਏ ਵਿਚ ੧੯੦੪ ਈ. ਨੂੰ ਖ੍ਰੀਦੇ ਪਰ ਹੁਣ ਇਹ ਸਾਰੇ ਪਿੰਡ ਸਰਕਾਰ ਨੇ ਮੁਆਵਜਾ ਦੇਕੇ ਆਪਣੇ ਅਧੀਨ ਕਰ ਲਏ ਹਨ। ਇਥੇ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਨੇ ਬਹੁਤ ਹੀ ਸੁੰਦਰ ਇਮਾਰਤਾਂ ਬਣਾਈਆਂ ਹਨ।

ਗੁਰਦ੍ਵਾਰਾ ਪੱਕੀ ਸੰਗਤ ਪ੍ਰਯਾਗਰਾਜ- ਇਸ ਸਥਾਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਕਾਫੀ ਸਮਾਂ ਨਿਵਾਸ ਰੱਖਿਆ ਹੈ। ਇਹ ਸਥਾਨ ਪੰਚਾਇਤੀ ਅਖਾੜਾ ਨਿਰਮਲਾ ਦੇ ਪ੍ਰਬੰਧ ਵਿਚ ਹੈ। ਜਿਸ ਦੀ ਇਮਾਰਤ ਅਤਿਅੰਤ ਸੁੰਦਰ ਬਣੀ ਹੋਈ ਹੈ।

ਗੁਰਦ੍ਵਾਰਾ ਬਾਲ ਲੀਲ੍ਹਾ ਮੈਣੀ ਸੰਗਤ, ਪਟਨਾ ਸਾਹਿਬ- ਇਹ ਗੁਰਦ੍ਵਾਰਾ ਰਾਜਾ ਫਤਹਿ ਚੰਦ ਦਾ ਰਿਹਾਇਸ਼ੀ ਮਹਿਲ ਸੀ। ਇਸ ਮਕਾਨ ਵਿਚ ਰਾਣੀ ਵਿਸੰਭਰਾ ਦੇਵੀ ਕੋਲ ਗੁਰੂ ਗੋਬਿੰਦ ਸਿੰਘ ਜੀ ਪੰਜ ਵਰਸ਼ ਦੀ ਆਯੂ ਵਿਚ ਖੇਡਣ ਆਇਆ ਕਰਦੇ ਸਨ। ਇਹ ਸਥਾਨ ਵੀ ਪ੍ਰਾਚੀਨ

# ਮਾਝੇ ਦੇ ਨਿਰਮਲੇ ਡੇਰਿਆਂ ਦਾ ਸੰਖੇਪ ਇਤਿਹਾਸ ਅਤੇ ਉਨ੍ਹਾਂ ਦੀ ਮਰਯਾਦਾ

*ਮਹੰਤ ਗਿਆਨੀ ਸੁਖਚੈਨ ਸਿੰਘ**

*ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨਾ ਕੋਈ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਨੂੰ ਗਿਆਨ ਤੇ ਨਿਰਮਲ ਬੁੱਧੀ ਦੇ ਪ੍ਰਕਾਸ਼ ਨਾਲ ਅੰਦਰਲਾ ਹਨੇਰਾ ਬਾਹਰ ਕੱਢਣ ਦੇ ਸਮਰਥ ਬਣਾਉਣ ਦੇ ਇੱਛੁਕ ਸਨ। ਆਪ ਜੀ ਨੂੰ ਸੰਸਕ੍ਰਿਤ ਦਾ ਗਿਆਨ ਸੀ। ਇਸ ਦੇ ਗੂੜ੍ਹੇ ਅਧਿਐਨ ਲਈ ਪੰਜ ਸਿੰਘ ਉਚੇਚੇ ਤੌਰ ਉੱਤੇ ਕਾਸ਼ੀ ਭੇਜੇ ਜੋ ਬਾਅਦ ਵਿੱਚ 'ਨਿਰਮਲਾ' ਸੰਗਿਆ ਨਾਲ ਪੁਕਾਰੇ ਗਏ।

*ਪਹੁੰਚੇ ਕਾਂਸ਼ੀ ਪੁਰੀ ਉਦਾਰੇ। ਚੇਤਨ ਮਨ ਮੈਂ ਰਹੇ ਵਿਚਾਰੇ।*
*ਸਾਧ ਨਿਰਮਲੇ ਤਹਿ ਬਿਦਤਾਏ। ਵਿਦਯਾ ਪਢੀ ਅਧਿਕ ਮਨ ਲਾਏ।*

ਇਨ੍ਹਾਂ ਪੰਡਤ ਗੁਰਸਿੱਖਾਂ ਨੇ ਗੁਰਮਤਿ ਵਿੱਦਿਆ ਦੇ ਪ੍ਰਸਾਰਨ ਲਈ, ਦੇਸ਼ ਭਰ ਵਿੱਚ ਰਟਨ ਕਰਕੇ ਥਾਂ- ਥਾਂ ਤੇ ਪ੍ਰਚਾਰ ਕੀਤਾ। ਨਿਰਮਲ ਸੰਪ੍ਰਦਾਇ ਦੇ ਸੰਤਾਂ ਦੀ ਉੱਚ ਅਤੇ ਨਿਸ਼ਕਾਮ ਵਿੱਦਿਆ ਦੀ ਖ਼ੁਸ਼ਬੂ ਸਧਾਰਨ ਜੀਵਾਂ ਅਤੇ ਰਾਜਿਆਂ ਮਹਾਰਾਜਿਆਂ ਵਿੱਚ ਵੀ ਫੈਲ ਗਈ। ਉਹ ਵੀ ਆਪ ਜੀ ਦੇ ਸ਼ਿਸ਼ ਬਣ ਗਏ। ਉਨ੍ਹਾਂ ਨੇ ਇਸ ਵਿੱਦਿਆ ਦੇ ਪ੍ਰਚਾਰ ਲਈ ਬਹੁਤ ਸਾਰਾ ਧਨ, ਜ਼ਮੀਨ, ਜਗੀਰਾਂ ਆਦਿ ਭੇਟ ਕਰਕੇ ਸਹੂਲਤਾਂ ਮੁਹੱਈਆ ਕਰ ਦਿੱਤੀਆਂ। ਵਿਰਕਤ ਨਿਰਮਲੇ ਸੰਤਾਂ ਨੇ ਸ਼ੁਰੂ ਵਿੱਚ ਸਹੂਲਤਾਂ ਵਾਲੇ ਧਨ ਨੂੰ ਠੁਕਰਾ ਦਿੱਤਾ। ਪਰ ਰਾਜਿਆਂ ਵੱਲੋਂ ਬਾਰ-ਬਾਰ ਪ੍ਰਾਰਥਨਾ ਕਰਨ ਤੇ ਕਲਿਆਣ ਦੀ ਭਾਵਨਾ ਨੂੰ ਮੁਖ ਰੱਖਕੇ ਇਹ ਸਹੂਲਤਾਂ ਸਵੀਕਾਰ ਕਰ ਲਈਆਂ। ਵੱਖ-ਵੱਖ ਸਥਾਨਾਂ ਤੇ ਡੇਰੇ ਬਣਾ ਕੇ ਆਤਮਿਕ ਖ਼ੁਰਾਕ ਬ੍ਰਹਮ ਵਿੱਦਿਆ ਦੇ ਨਾਲ-ਨਾਲ ਸਰੀਰਿਕ ਖ਼ੁਰਾਕ, ਲੰਗਰ ਅਤੇ ਦਵਾ-ਦਾਰੂ, ਤੀਰਥ ਅਸਥਾਨਾਂ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵਿੱਚ ਇਹ ਧਨ ਸਾਰਥਕ ਕਰਨਾ ਸ਼ੁਰੂ ਕਰ ਦਿੱਤਾ। ਨਿਰਮਲੇ ਸੰਤਾਂ ਦੇ ਧਰਮ ਦੇ ਪ੍ਰਚਾਰ ਕਰਨ ਕਰਕੇ ਇਨ੍ਹਾਂ ਦੀਆਂ ਵੱਖ-ਵੱਖ ਸੰਪ੍ਰਦਾਵਾਂ ਅਤੇ ਅਨੇਕਾਂ ਡੇਰੇ ਆਸ਼ਰਮ ਬਣ ਗਏ। ਅੰਮ੍ਰਿਤਸਰ ਕਿਉਂਕਿ ਸਿੱਖੀ ਤੇ ਸਿੱਖਾਂ ਦਾ ਕੇਂਦਰ ਰਿਹਾ ਹੈ, ਇਸ ਲਈ ਇਸ ਨਗਰੀ ਵਿੱਚ ਵੀ ਨਿਰਮਲ ਸੰਪ੍ਰਦਾਇ ਨੇ ਅਨੇਕ ਡੇਰੇ, ਬੁੰਗੇ, ਆਸ਼ਰਮ ਕਾਇਮ ਕੀਤੇ। ਅਸੀਂ ਆਪਣੇ ਲੇਖ ਵਿੱਚ ਇਨ੍ਹਾਂ ਮਾਝੇ ਦੇ ਡੇਰਿਆਂ ਦਾ ਸੰਖਿਪਤ ਬਿਓਰਾ ਦੇ ਰਹੇ ਹਾਂ।

## 1. ਬੁੰਗਾ ਨਿਰਮਲਿਆਂ (ਨਿਰਮਲ ਅਖਾੜਾ, ਮਹੰਤ ਮੂਲ ਸਿੰਘ ਰਜਿ.) ਅੰਮ੍ਰਿਤਸਰ

ਨਿਰਮਲ ਅਖਾੜੇ ਵਾਲੇ ਬੁੰਗੇ ਦਾ ਸੰਬੰਧ ਸੰਤ ਕੁਇਰ ਸਿੰਘ ਜੀ ਸੰਪ੍ਰਦਾਇ ਨਾਲ ਹੈ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਕਰਮਾ ਦੇ ਨਾਲ ਲੱਗਦੇ ਇਸ ਬੁੰਗੇ ਦੀ ਬੁਨਿਆਦ

* ਨਿਰਮਲ ਅਖਾੜਾ ਮਹੰਤ ਮੂਲ ਸਿੰਘ, ਜੀ.ਟੀ. ਰੋਡ, ਅੰਮ੍ਰਿਤਸਰ

1750 ਈ. ਵਿੱਚ ਰੱਖੀ ਸੀ। ਇਹ ਉਹੀ ਬੁੰਗਾ ਸੀ ਜਿਸ ਦੇ ਪੁਲ ਹੇਠੋਂ ਲੰਘ ਕੇ ਸ੍ਰੀ ਦਰਬਾਰ ਸਾਹਿਬ ਵੱਲੋਂ ਸ੍ਰੀ ਬਾਬਾ ਅਟੱਲ ਸਾਹਿਬ ਵੱਲ ਜਾਈਦਾ ਸੀ। ਇਹ ਬੁੰਗਾ ਸਭ ਤੋਂ ਪੁਰਾਣਾ ਮੰਨਿਆ ਜਾਂਦਾ ਹੈ, ਅਤੇ ਇਸ ਤੋਂ ਸੁੱਤੇ-ਸਿੱਧ ਇਹ ਸੂਚਨਾ ਵੀ ਪ੍ਰਾਪਤ ਹੁੰਦੀ ਹੈ ਕਿ ਅੰਮ੍ਰਿਤਸਰ ਵਿੱਚ ਸਭ ਤੋਂ ਪਹਿਲਾਂ ਟਿਕਾਣਾ ਕਰਨ ਵਾਲੇ ਨਿਰਮਲੇ ਸੰਤ ਕੁਇਰ ਸਿੰਘ ਜੀ ਸਨ। ਬਾਬਾ ਗੁਰਬਖ਼ਸ਼ ਸਿੰਘ ਜੀ ਲਾਂਗਰੀ (ਜਿਨ੍ਹਾਂ ਨੇ ਬਾਬਾ ਧਰਮ ਸਿੰਘ ਜੀ 'ਪਿਆਰੇ' ਪਾਸੋਂ ਅੰਮ੍ਰਿਤ ਛਕਿਆ ਸੀ) ਆਪ ਦੇ ਅੰਮ੍ਰਿਤ-ਉਪਦੇਸ਼ੀ ਹਨ। ਆਪ ਦਾ ਜੀਵਨ ਫ਼ਕੀਰਾਨਾ ਸੀ। ਅੰਤ, ਆਪਣੇ ਉੱਤਰ-ਧਿਕਾਰੀ ਸੰਤ ਰਣ ਸਿੰਘ ਜੀ ਨੂੰ ਸੇਵਾ ਬਖ਼ਸ਼ ਕੇ ਆਪ 1822 ਈ. ਨੂੰ ਪਰਲੋਕ ਗਮਨ ਕਰ ਗਏ।

**ਸੰਤ ਰਣ ਸਿੰਘ ਜੀ** ਬੜੇ ਪਵਿੱਤਰ ਜੀਵਨ ਵਾਲੇ ਮਹਾਂਪੁਰਸ਼ ਸਨ। ਜਿੰਨਾ ਚਿਰ ਉਨ੍ਹਾਂ ਦਾ ਸਰੀਰ ਰਿਹਾ, ਦੋਵੇਂ ਵੇਲੇ ਨੇਮ ਨਾਲ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਜਾਂਦੇ ਰਹੇ। ਅਧਿਕ ਸਮਾਂ ਨਾਮ-ਅਭਿਆਸ ਅਤੇ ਸਾਧ ਸੰਗਤ ਵਿਚ ਹੀ ਬਤੀਤ ਕਰਦੇ ਅਤੇ ਮਧੁਕਰੀ ਲਿਆ ਕੇ ਆਏ ਸਾਧਾਂ, ਅਭਿਆਗਤਾਂ ਤਥਾ ਹੋਰ ਲੋੜਵੰਦਾਂ ਨੂੰ ਛਕਾਉਂਦੇ। ਇਸ ਕਾਰਨ ਇਸ ਅਸਥਾਨ ਦੀ ਬਹੁਤ ਪ੍ਰਸਿੱਧੀ ਹੋਈ। ਏਥੋਂ ਤੱਕ ਕਿ ਆਪ ਨੇ ਆਪਣੇ ਘਰ ਦੀ ਜਾਇਦਾਦ ਵੀ ਵੇਚ ਵੱਟ ਕੇ ਇਸ ਬੁੰਗੇ ਨੂੰ ਸੋਹਣਾ ਤੇ ਵਿਸ਼ਾਲ ਬਣਾਉਣ ਵਿਚ ਲਾ ਦਿੱਤੀ। ਆਖ਼ਰ, 1843 ਈ. ਵਿੱਚ ਆਪਣੇ ਸ਼ਿੱਸ਼, ਸੰਤ ਜੋਗਾ ਸਿੰਘ ਜੀ ਦੇ ਨਾਂ ਬੁੰਗੇ ਦੀ ਵਸੀਅਤ ਕਰ ਕੇ ਅਕਾਲ ਚਲਾਣਾ ਕਰ ਗਏ।

**ਮਹੰਤ ਜੋਗਾ ਸਿੰਘ ਜੀ** ਨੇ ਵੀ ਸਿਮਰਨ ਤੇ ਸੇਵਾ ਕਾਰਨ ਵੱਡੀ ਪ੍ਰਸਿੱਧੀ ਪ੍ਰਾਪਤ ਕੀਤੀ। ਆਪ, ਆਏ ਗਏ ਸੰਤਾਂ, ਸਾਧਾਂ ਨੂੰ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ ਕਰਦੇ। ਆਪ ਵੱਲੋਂ ਚਲਾਏ ਗੁਰੂ ਕੇ ਲੰਗਰ ਦੇ ਪ੍ਰਭਾਵ ਹੇਠ ਹੀ ਸਰਕਾਰ ਵੱਲੋਂ 1852 ਈ. ਵਿੱਚ ਸਿਆਲਕੋਟ ਵਾਲੀ ਜਗੀਰ ਇਸ ਬੁੰਗੇ ਦੇ ਨਾਂ ਲਾਈ ਗਈ ਜੋ ਦੇਸ਼ ਦੀ ਵੰਡ ਤੱਕ ਜਾਰੀ ਰਹੀ। 1863 ਈ. ਵਿੱਚ ਆਪਣੇ ਚੇਲੇ ਸੰਤ ਤਾਰਾ ਸਿੰਘ ਜੀ ਦੇ ਨਾਂ ਵਸੀਅਤ ਕਰਕੇ ਆਪ ਸੰਨ 1864 ਈ. ਵਿੱਚ ਗੁਰਪੁਰੀ ਸਿਧਾਰ ਗਏ।

**ਮਹੰਤ ਤਾਰਾ ਸਿੰਘ ਜੀ** ਤੋਂ ਬਾਅਦ **ਮਹੰਤ ਹਰਨਾਮ ਸਿੰਘ ਜੀ**, ਇਨ੍ਹਾਂ ਤੋਂ ਬਾਅਦ **ਮਹੰਤ ਕਾਸ਼ੀ ਸਿੰਘ ਜੀ**, ਇਨ੍ਹਾਂ ਤੋਂ ਬਾਅਦ **ਮਹੰਤ ਰਾਮ ਸਿੰਘ ਜੀ** ਨੇ ਇਸ ਬੁੰਗੇ ਦੀ ਸੋਹਣੀ ਸੇਵਾ-ਸੰਭਾਲ ਕੀਤੀ ਅਤੇ ਜੱਸ ਖੱਟਿਆ। ਮਹੰਤ ਰਾਮ ਸਿੰਘ ਜੀ ਨੇ ਪੰਡਤ ਬੰਨਾ ਸਿੰਘ ਜੀ ਪਾਸੋਂ ਬ੍ਰਿਤੀ ਪ੍ਰਭਾਕਰ, ਵਿਚਾਰ ਸਾਗਰ, ਮੋਕਸ਼ ਪੰਥ ਪ੍ਰਕਾਸ਼ ਭਾਸ਼ਾ ਵੇਦਾਂਤ ਦੇ ਗ੍ਰੰਥ ਪੜ੍ਹੇ। ਆਪ ਗੁਰਮਤਿ/ਗੁਰਬਾਣੀ, ਗੁਰਇਤਿਹਾਸ ਅਤੇ ਵੇਦਾਂਤ ਤੇ ਧੁਰੰਧਰ ਵਿਦਵਾਨ ਸਨ। ਨਿਮਰਤਾ ਸੇਵਾ ਦੀ ਭਾਵਨਾ ਵਾਲੇ ਸਨ। ਆਪ ਜੀ ਨੇ ਅਨੇਕਾਂ ਵਿਦਿਆਰਥੀਆਂ ਨੂੰ ਵਿੱਦਿਆ ਦਾਨ ਦਿੱਤਾ ਅਤੇ ਧਰਮ ਦਾ ਪ੍ਰਚਾਰ ਕੀਤਾ। ਆਪ ਜੀ ਦੇ ਉੱਤਰ-ਧਿਕਾਰੀ ਮਹੰਤ ਮੂਲ ਸਿੰਘ ਜੀ ਸਨ।

**ਸ੍ਰੀ ਮਾਨ ਮਹੰਤ ਮੂਲ ਸਿੰਘ ਜੀ**

ਆਪ ਜੀ ਦਾ ਜਨਮ ਗੋਇੰਦਵਾਲ ਸਾਹਿਬ ਦਾ ਹੈ। ਆਪ ਜੀ ਨੇ ਤਪੋਨਿਧੀ ਸ੍ਰੀ ਮਾਨ ਸਵਾਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਤੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕੀਤੀ। ਕਈ ਸਾਲ ਨਾਮ ਸਿਮਰਨ ਸੇਵਾ ਅਤੇ ਵਿੱਦਿਆ ਅਧਿਐਨ ਕਰਦੇ ਰਹੇ। ਉਸ ਸਮੇਂ ਅਕਾਲੀ ਲਹਿਰ ਬੜੇ ਜ਼ੋਰ ਨਾਲ ਚੱਲ ਰਹੀ ਸੀ। ਬਹੁਤ ਨਿਰਮਲੇ ਸੰਤਾਂ ਨੂੰ ਨਾਲ ਲੈ ਕੇ ਗੁਰੂ ਦੇ ਬਾਗ਼ ਦੇ ਮੋਰਚੇ ਵਿਚ ਗ੍ਰਿਫਤਾਰ ਹੋ ਗਏ। ਛੇ ਮਹੀਨੇ ਜੇਲ੍ਹ ਵਿੱਚ ਰਹੇ। 13 ਸਾਲ ਲੋਕਲ ਕਮੇਟੀ ਅਤੇ ਸ਼੍ਰੋ.ਗੁ.ਪ੍ਰ. ਕਮੇਟੀ ਦੇ ਮੈਂਬਰ ਰਹੇ। ਸ਼੍ਰੋ.ਗੁ.ਪ੍ਰ. ਕਮੇਟੀ ਦੇ ਕਾਨੂੰਨ ਖਿਲਾਫ਼ ਕਰਾਰ ਦਿੱਤੇ ਜਾਣ ਤੇ ਬਤੌਰ ਮੈਂਬਰ ਦੋ ਸਾਲ ਮੁਲਤਾਨ ਜੇਲ੍ਹ ਵਿੱਚ ਨਜ਼ਰਬੰਦ ਰਹੇ। 500 ਰੁਪਏ ਜੁਰਮਾਨਾ ਵੀ ਭਰਿਆ। ਕ੍ਰਿਪਾਨ ਦੀ ਅਜ਼ਾਦੀ ਦੇ ਮੋਰਚੇ ਵਿੱਚ ਵੀ ਆਪ ਜੀ ਨੇ ਜੇਲ੍ਹ ਯਾਤਰਾ ਕੀਤੀ। ਸ਼੍ਰੋ.ਗੁ.ਪ੍ਰ. ਕਮੇਟੀ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਅਖੰਡ ਪਾਠਾਂ ਦੇ ਮੁੱਖ ਪ੍ਰਬੰਧਕ ਰਹੇ। ਲੰਗਰ ਕਮੇਟੀ ਦੇ ਵੀ ਜਥੇਦਾਰ ਰਹੇ। ਕਈ ਸਾਲ ਗੁਰੂ ਕੇ ਬਾਗ਼ ਵਿੱਚ ਸੂਰਜ ਪ੍ਰਕਾਸ਼ ਦੀ ਕਥਾ ਵੀ ਕਰਦੇ ਰਹੇ ਸਨ। ਆਪ ਜੀ ਦੀ ਨਿਰਮਾਣ, ਅਲੋਭ,

ਅਣਥੱਕ, ਬੇਦਾਗ ਪੰਥਕ ਸੇਵਾ ਨੂੰ ਵੇਖ ਕੇ ਸ਼੍ਰੋ.ਗੁ.ਪ੍ਰ. ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਕਰ ਦਿੱਤਾ। ਮਗਰੋਂ ਆਪ ਜੀ ਹੈੱਡ ਗ੍ਰੰਥੀ ਨਿਯੁਕਤ ਹੋਏ। ਆਪ ਇਸ ਪਦਵੀ ਤੇ 23 ਸਾਲ ਆਨਰੇਰੀ ਦੀ ਸੇਵਾ ਕਰਦੇ ਰਹੇ। ਸ਼੍ਰੋ.ਗੁ.ਪ੍ਰ. ਕਮੇਟੀ ਦੇ ਇਤਿਹਾਸ ਵਿੱਚ ਆਪ ਹੀ ਇੱਕ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੇ ਸੇਵਾ ਕੀਤੀ ਹੈ। ਆਪ ਜੀ ਨਿਰਮਲ ਭੇਖ ਵਿੱਚ ਉੱਚ ਪਦਵੀਆਂ ਤੇ ਵੀ ਸੁਸ਼ੋਭਿਤ ਰਹੇ। ਇੱਕ ਸਾਲ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਕੋਠਾਰੀ ਰਹੇ। 1962 ਵਿੱਚ ਹਰਿਦਵਾਰ ਕੁੰਭ ਦੇ ਵੀ ਕੋਠਾਰੀ ਰਹੇ। 1946 ਵਿੱਚ ਨਿਰਮਲ ਮਹਾਂ-ਮੰਡਲ ਦੇ ਪ੍ਰਧਾਨ ਚੁਣੇ ਗਏ। 1954 ਵਿੱਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸੈਕਟਰੀ ਬਣਾਏ ਗਏ। ਇਸ ਤਰ੍ਹਾਂ ਅਨੇਕ ਪਦਵੀਆਂ ਉੱਪਰ ਆਪ ਜੀ ਸੇਵਾ ਕਰਦੇ ਰਹੇ।

ਜਦ ਸ਼੍ਰੋ.ਗੁ.ਪ੍ਰ. ਕਮੇਟੀ ਨੇ ਪਰਕਰਮਾ ਖੁਲ੍ਹੀ ਕਰਨ ਦੀ ਸਕੀਮ ਬਣਾਈ ਤਾਂ ਸਭ ਤੋਂ ਪਹਿਲਾਂ ਆਪ ਜੀ ਨੇ ਆਪਣੇ ਬੁੰਗੇ ਨਿਰਮਲਿਆਂ ਨੂੰ ਸ਼੍ਰੋ.ਗੁ.ਪ੍ਰ. ਕਮੇਟੀ ਨੂੰ ਸੰਭਾਲ ਦਿੱਤਾ ਸੀ। ਅਤੇ ਆਪਣੇ ਬੁੰਗੇ ਨੂੰ ਉੱਤਰੀ ਬਾਹੀ ਵੱਲ ਵਰਤਮਾਨ ਬਿਲਡਿੰਗ ਵਿੱਚ ਟਿਕਾਣਾ ਕਰ ਲਿਆ। ਆਪ ਜੀ ਨੇ ਬੁੰਗੇ ਨਿਰਮਲਿਆਂ ਦਾ ਨਾਂ ਨਿਰਮਲ ਅਖਾੜਾ ਮਹੰਤ ਮੂਲ ਸਿੰਘ (ਰਜਿ.) ਰੱਖ ਲਿਆ। 14 ਮਾਰਚ, 1982 ਨੂੰ ਆਪਣੇ ਸ਼ਿਸ਼ ਗਿਆਨੀ ਨਿਰੰਜਨ ਸਿੰਘ ਜੀ ਨੂੰ ਮਹੰਤ ਨਿਯੁਕਤ ਕੀਤਾ। ਆਪ ਜੀ 97 ਸਾਲ ਦੀ ਉਮਰ ਭੋਗ ਕੇ 11-6-82 ਨੂੰ ਬ੍ਰਹਮ ਲੀਨ ਹੋ ਗਏ। ਸੁਣਨ ਸਾਰ ਜਲੰਧਰ ਰੇਡੀਉ ਨੇ ਇਹ ਸ਼ੋਕ ਮਈ ਖ਼ਬਰ ਪ੍ਰਸਾਰਨ ਕੀਤੀ। ਸ਼ੋਕ ਵਿੱਚ ਸ਼੍ਰੋ.ਗੁ.ਪ੍ਰ. ਕਮੇਟੀ ਦੇ ਦਫ਼ਤਰ ਬੰਦ ਹੋ ਗਏ।

**ਸ੍ਰੀ ਮਾਨ ਮਹੰਤ ਨਿਰੰਜਨ ਸਿੰਘ ਜੀ ਗਿਆਨੀ**

ਆਪ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਹੀ ਸੰਤ ਬਾਬਾ ਜਵੰਦ ਸਿੰਘ ਜੀ ਨੇ ਆਪਣੇ ਕੋਲ ਲੈ ਲਿਆ। ਬਾਬਾ ਜੀ ਦਾ ਡੇਰਾ ਪਿੰਡ ਖੁਵਾਸਪੁਰ ਵਿੱਚ ਹੀ ਸੀ। ਸੇਵਾ ਕਰਦੇ ਵਿੱਦਿਆ ਪੜ੍ਹਦੇ ਰਹੇ। ਬਚਪਨ ਵਿੱਚ ਹੀ ਗੁਰਬਾਣੀ ਦਾ ਗਿਆਨ ਪ੍ਰਾਪਤ ਕਰ ਲਿਆ। ਉਪਰੰਤ ਗੁਰ ਇਤਿਹਾਸ, ਵੇਦਾਂਤ ਨੀਤੀ, ਸਾਹਿਤਯ, ਕਾਵਿ ਅਤੇ ਆਯੁਰਵੈਦਿਕ ਵਿੱਚ ਪ੍ਰਵੀਨਤਾ ਪ੍ਰਾਪਤ ਕੀਤੀ। ਵੇਦਾਂਤ ਅਤੇ ਨੀਤੀ ਦੇ, ਕਈ ਭਾਸ਼ਾ ਦੇ ਗ੍ਰੰਥ ਸਾਰਕਤਾਵਲੀ, ਵਿਚਾਰਮਾਲਾ, ਵੈਰਾਗਸ਼ਤਕ ਆਪ ਜੀ ਦੇ ਕਨਠਸਤ ਸਨ। ਸ੍ਰੀ ਮਹੰਤ ਪੰਡਤ ਸੁੱਚਾ ਸਿੰਘ ਜੀ ਦੀ ਪਾਰਖੂ ਅੱਖ ਨੇ ਆਪ ਜੀ ਦੀ ਵਿਵਹਾਰ ਕੁਸ਼ਲਤਾ ਨੂੰ ਅਨੁਭਵ ਕਰਕੇ ਸੰਨ 1948 ਈ. ਨੂੰ ਕੀਟਗੰਜ ਪੀਲੀ ਕੋਠੀ ਇਲਾਹਾਬਾਦ ਕੁਠਾਰੀ ਮਹੰਤ ਨਿਯਤ ਕੀਤਾ। ਆਪ ਜੀ ਦੇ ਸਮੇਂ ਪੀਲੀ ਕੋਠੀ ਵਿੱਚ ਨਵੀਂ ਇਮਾਰਤ ਅਤੇ ਮੱਧ ਵਿੱਚ ਅਤਿਅੰਤ ਸੁੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਥਾਨ (ਹਰਿਮੰਦਰ) ਆਪ ਜੀ ਨੇ ਬਣਵਾਇਆ। ਸੰਨ 1957 ਈ. ਵਿੱਚ ਧਰਮਧੱਜਾ ਪਟਿਆਲਾ ਪਿੰਡ ਕੱਲਰ ਭੈਣੀ ਵਿੱਚ ਕੁਠਾਰੀ ਮਹੰਤ ਲਏ ਗਏ। ਪਟਿਆਲੇ ਤੋਂ ਬਦਲ ਕੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦਵਾਰ ਕੁਠਾਰੀ ਬਣਾਏ ਗਏ। ਤਿੰਨ ਸਾਲ ਆਪ ਜੀ ਨੇ ਇਹ ਸੇਵਾ ਨਿਭਾਈ। ਫੇਰ ਤਿੰਨ ਸਾਲ ਪਿੰਡ ਖੁਵਾਸਪੁਰ ਦੇ ਸਰਪੰਚ ਰਹੇ। ਸ੍ਰੀ ਮਹੰਤ ਪੰਡਤ ਸੁੱਚਾ ਸਿੰਘ ਜੀ ਨੇ ਆਪ ਜੀ ਨੂੰ ਉਜੈਨ ਨਿਰਮਲ ਪੰਚਾਇਤੀ ਅਖਾੜੇ ਦਾ ਮਕਾਨ ਬਣਾਉਣ ਵਾਸਤੇ ਭੇਜਿਆ। ਤਿੰਨ ਮਹੀਨਿਆਂ ਵਿੱਚ ਬਿਲਡਿੰਗ ਤਿਆਰ ਕਰ ਦਿੱਤੀ। ਆਪ ਜੀ ਨੇ ਉਜੈਨ ਦਾ ਕੁੰਭ ਮੇਲਾ ਵੀ ਕੀਤਾ। 1950 ਤੇ 1974 ਵਿੱਚ ਹਰਿਦ੍ਵਾਰ ਕੁੰਭ ਮੇਲਿਆਂ ਉਪਰ ਵੀ ਜਖੀਰੀਏ ਰਹੇ। ਨਾਸਿਕ ਅਤੇ ਹਰਿਦਵਾਰ ਵਿੱਚ ਵੀ ਆਪ ਜੀ ਨੇ ਅਖਾੜੇ ਦੀਆਂ ਬਹੁਤ ਇਮਾਰਤਾਂ ਬਣਾਈਆਂ। ਆਪ ਜੀ ਦੀ ਜ਼ਿੰਦਗੀ ਦਾ ਬਹੁਤ ਸਮਾਂ ਅਖਾੜੇ ਨੂੰ ਸਮਰਪਿਤ ਰਿਹਾ। ਆਪ ਨਿਰਮਲ ਮਹਾਂਮੰਡਲ ਅੰਮ੍ਰਿਤਸਰ ਦੇ ਚਾਰ ਸਾਲ ਜਨਰਲ ਸਕੱਤਰ ਵੀ ਰਹੇ। ਸੰਨ 1984 ਈ. ਵਿੱਚ ਦਰਬਾਰ ਸਾਹਿਬ ਤੇ ਹੋਏ ਆਕ੍ਰਮਣ ਤੋਂ ਬਾਅਦ ਕੌਲਸਰ ਵਾਲਾ ਸਥਾਨ ਵੀ ਗਲਿਆਰਾ ਸਕੀਮ ਵਿੱਚ ਆ ਗਿਆ। ਮਹੰਤ ਨਿਰੰਜਨ ਸਿੰਘ ਜੀ ਅਤੇ ਉਨ੍ਹਾਂ ਦੇ ਸ਼ਿਸ਼ ਮਹੰਤ ਗੋਪਾਲ ਸਿੰਘ ਜੀ ਨੇ ਜੰਡਿਆਲਾ ਗੁਰੂ ਵੱਲ ਜੀ.ਟੀ. ਰੋਡ ਤੇ ਸੰਤ ਐਵਿਨਿਊ ਵਿੱਚ ਛੇ ਕਨਾਲ ਥਾਂ ਖ਼ਰੀਦ ਕੇ ਨਿਰਮਲ ਅਖਾੜਾ ਮਹੰਤ ਮੂਲ ਸਿੰਘ ਦੀ ਅਦੁੱਤੀ ਵਿਸ਼ਾਲ ਭਵ-

ਇਮਾਰਤ ਬਣਾਈ ਹੈ। ਨੌਂ ਅਗਸਤ, 1992 ਨੂੰ ਆਪ ਜੀ ਨੇ ਆਪਣੇ ਉੱਤਰ-ਧਿਕਾਰੀ ਮਹੰਤ ਗੋਪਾਲ ਸਿੰਘ ਜੀ ਨਿਰਮਲ ਭੇਖ ਦੀ ਹਾਜ਼ਰੀ ਵਿੱਚ ਪੱਗ ਦੇ ਕੇ ਮਹੰਤ ਨਿਯਤ ਕਰ ਦਿੱਤਾ।

**ਮਹੰਤ ਗੋਪਾਲ ਸਿੰਘ ਜੀ**

ਆਪ ਜੀ ਨੇ ਮੈਟਰਿਕ ਤੱਕ ਵਿੱਦਿਆ ਪਿੰਡ ਖੁਵਾਸਪੁਰ ਵਿੱਚ ਪ੍ਰਾਪਤ ਕੀਤੀ ਉਪਰੰਤ ਆਪ ਜੀ ਫੌਜ ਵਿੱਚ ਭਰਤੀ ਹੋ ਗਏ। ਸੇਵਾ ਦੀ ਭਾਵਨਾ ਨੂੰ ਵੇਖ ਕੇ ਆਪ ਦੇ ਗੁਰਦੇਵ ਨੇ ਆਪ ਜੀ ਨੂੰ ਵਾਪਿਸ ਬੁਲਾ ਲਿਆ। ਆਪ ਜੀ ਦੇ ਦਾਦਾ ਗੁਰੂ ਮਹੰਤ ਮੂਲ ਸਿੰਘ ਜੀ ਗੁਰਬਾਣੀ ਗੁਰ ਇਤਿਹਾਸ ਦੇ ਮਹਾਨ ਵਿਦਵਾਨ ਸਨ। ਉਨ੍ਹਾਂ ਦੀ ਸੇਵਾ ਵਿੱਚ ਰਹਿ ਕੇ ਗੁਰਮਤਿ ਗਿਆਨ ਪ੍ਰਾਪਤ ਕਰਦੇ ਰਹੇ। ਆਯੂਰਵੈਦਿਕ ਦਾ ਗਿਆਨ ਪੰਡਤ ਤਾਰਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਤੋਂ ਪ੍ਰਾਪਤ ਕੀਤਾ। ਆਪ ਜੀ ਨੇ ਸ੍ਰੀਮਾਨ ਸ੍ਰੀ ਮਹੰਤ ਪੰਡਤ ਬਲਬੀਰ ਸਿੰਘ ਜੀ ਸ਼ਾਸਤਰੀ ਦੇ ਸਮੇਂ ਵਿੱਚ ਚਾਰ ਕੁੰਭ ਪੁਰਵਾ ਹਰਿਦੁਆਰ, ਇਲਾਹਾਬਾਦ, ਨਾਸਿਕ ਅਤੇ ਉਜੈਨ ਵਿੱਚ ਆਪ ਮੁੱਖ ਪ੍ਰਬੰਧਕ ਜਖੀਰੀਏ/ਕੁਠਾਰੀ ਰਹੇ। ਇਸੇ ਤਰ੍ਹਾਂ 1995 ਈ. ਇਲਾਹਾਬਾਦ ਦੀ ਅਰਥ ਕੁੰਭੀ ਦਾ ਵੀ ਯੋਗਤਾ ਨਾਲ ਪ੍ਰਬੰਧ ਕੀਤਾ। ਆਪ ਜੀ ਵੀ ਭੇਖ ਦੀ ਸੇਵਾ ਵਿੱਚ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ। ਆਪ ਜੀ ਨੇ ਆਪਣੇ ਉੱਤਰ-ਧਿਕਾਰੀ ਸੰਤ ਸੁਖਚੈਨ ਸਿੰਘ ਗਿਆਨੀ, ਸੰਤ ਜੈਲ ਸਿੰਘ ਸ਼ਾਸਤਰੀ ਨੂੰ ਨਿਰਮਲ ਭੇਖ ਦੀ ਹਾਜ਼ਰੀ ਵਿੱਚ 15 ਮਾਰਚ, 2004 ਨੂੰ ਪੱਗ ਦੇ ਕੇ ਮਹੰਤ ਨਿਯੁਕਤ ਕੀਤਾ।

**ਗਿਆਨੀ ਮਹੰਤ ਸੁਖਚੈਨ ਸਿੰਘ**

ਦਾਸ ਨੇ ਮੈਟ੍ਰਿਕ ਦੀ ਵਿੱਦਿਆ ਪਿੰਡ ਖੁਵਾਸਪੁਰ ਤੋਂ ਪ੍ਰਾਪਤ ਕੀਤੀ। ਧਾਰਮਿਕ ਵਿੱਦਿਆ ਗੁਰਬਾਣੀ ਦਾ ਪਾਠ-ਬੋਧ ਤੇ ਭਾਸ਼ਾ ਦੇ ਗ੍ਰੰਥ ਆਯੁਰਵੈਦਿਕ ਦੇ ਗ੍ਰੰਥ ਆਪਣੇ ਦਾਦਾ ਗੁਰੂ ਮਹੰਤ ਨਿਰੰਜਨ ਸਿੰਘ ਜੀ ਤੋਂ ਪ੍ਰਾਪਤ ਕੀਤੇ। ਅਰਥਾਂ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ, ਨਾਨਕ ਪ੍ਰਕਾਸ਼, ਗੁਰਪ੍ਰਤਾਪ ਸੂਰਜ, ਭਾਈ ਗੁਰਦਾਸ ਦੀਆਂ ਵਾਰਾਂ, ਸਾਰਕੁਤਾਵਲੀ ਭਾਵਰਸਾਅੰਮ੍ਰਿਤ, ਵਿਚਾਰ ਮਾਲਾ, ਅਧਿਆਤਮਕ ਪ੍ਰਕਾਸ਼ ਅਤੇ ਵਿਚਾਰ ਸਾਗਰ ਪ੍ਰਸਿੱਧ ਵਿਦਵਾਨ ਸ੍ਰੀ ਮਾਨ ਮਹੰਤ ਸੰਤ ਸੁਰਜੀਤ ਸਿੰਘ ਜੀ ਸੇਵਾ ਪੰਥੀ ਰੀਵਾੜੀ ਵਾਲਿਆਂ ਤੋਂ ਪ੍ਰਾਪਤ ਕੀਤੀ। ਆਪ ਗੁਰਬਾਣੀ ਤੇ 'ਗੁਰਪ੍ਰਤਾਪ ਸੂਰਜ' ਦੀ ਸੁੰਦਰ ਕਥਾ ਕਰਦੇ ਅਤੇ ਦੇਸ਼ ਵਿੱਚ ਧਰਮ ਪ੍ਰਚਾਰ ਕਰ ਰਹੇ ਹਨ।

**ਮਹੰਤ ਜੈਲ ਸਿੰਘ ਸ਼ਾਸਤਰੀ**

ਆਪ ਜੀ ਨੇ ਮੈਟ੍ਰਿਕ ਦੀ ਵਿੱਦਿਆ ਪਿੰਡ ਖੁਵਾਸਪੁਰ ਤੋਂ ਪ੍ਰਾਪਤ ਕੀਤੀ। ਮੂਲ ਪਾਠ ਦੀ ਸੰਥਿਆ, ਭਾਸ਼ਾ ਦੇ ਗ੍ਰੰਥ ਆਪਣੇ ਦਾਦਾ ਗੁਰੂ ਮਹੰਤ ਨਿਰੰਜਨ ਸਿੰਘ ਜੀ ਤੋਂ ਪ੍ਰਾਪਤ ਕੀਤੇ ਆਦਿ ਗ੍ਰੰਥਾਂ ਦਾ ਅਧਿਐਨ ਕੀਤਾ। ਲਘੂ ਸਿਧਾਂਤ ਆਦਿ ਸਵਾਮੀ ਆਤਮਾ ਨੰਦ ਜੀ ਪਾਸੋਂ ਪੜ੍ਹਿਆ। ਵਿਆਕਰਨ, ਬਹਾਲ ਗੜ ਗੁਰੂ ਕੁਲ ਅਚਾਰੀਆ ਪਰਸ਼ੋਤਮ ਨੰਦ ਜੀ ਤੋਂ ਪੜ੍ਹੇ। ਨਿਆਏ ਜੋਗ ਸੰਗਿਆ, ਵੇਦਾਂਤ ਦਰਸ਼ਨਾਂ ਅਤੇ ਉਪਨਿਸ਼ਦਾਂ, ਨਿਸ਼ਦ ਗੀਤਾ, ਅਚਾਰੀਆ ਮਹਾਂਮੰਡਲੇਸ਼ਵਰ ਸਵਾਮੀ ਦਿਵਿਆ ਨੰਦ ਜੀ ਮਹਾਰਾਜ ਕੈਲਾਸ਼ ਆਸ਼ਰਮ ਰਿਸ਼ੀ ਕੇਸ਼ ਅਤੇ ਵਿਚਾਰ ਸਾਗਰ, ਬਿਰਤੀ ਪ੍ਰਭਾਕਰ ਆਦਿਕ ਗ੍ਰੰਥਾਂ ਦਾ ਅਧਿਐਨ ਸੰਕਰਾ ਨਦੀ ਦੀ ਗੀਤਾ ਵਿਰਕਤ ਸੁਆਮੀ ਰਵੀਪੁਰੀ (ਮੋਨੀ ਜੀ) ਮਹਾਰਾਜ ਤੋਂ ਪ੍ਰਾਪਤ ਕੀਤਾ। ਆਪ ਜੀ ਵਿੱਦਿਆ ਪੜ੍ਹਨ ਦੇ ਨਾਲ-ਨਾਲ ਧਰਮ ਪ੍ਰਚਾਰ ਵੀ ਕਰ ਰਹੇ ਹਨ।

2. ਡੇਰਾ ਠਾਕੁਰਾਂ, ਚੌਕ ਮੋਨੀ

ਇਹ ਡੇਰਾ ਸ੍ਰੀ ਠਾਕੁਰ ਦਿਆਲ ਸਿੰਘ ਜੀ ਦੇ ਨਾਂ ਉੱਤੇ ਪ੍ਰਸਿੱਧ ਹੈ। ਜਦ ਆਪ ਅਜੇ ਪੰਦਰਾਂ ਸੋਲ੍ਹਾਂ ਵਰ੍ਹਿਆਂ ਦੇ ਸਨ ਤਾਂ ਆਪ ਦੇ ਮਾਤਾ-ਪਿਤਾ ਜੀ ਸੁਰਗਵਾਸ ਹੋ ਗਏ। ਇਸ ਉਦਾਸੀਨ ਅਵਸਥਾ ਵਿੱਚ ਆਪ ਸੰਤ ਮਹਾਰਾਜ ਰਾਮ ਸਿੰਘ ਜੀ ਦੇ, ਜੋ ਬਾਬਾ ਅਟੱਲ ਸਾਹਿਬ ਦੇ ਨੇੜੇ, ਮਸਾਣਾਂ ਵਿੱਚ ਬਣੀ ਕੱਖਾਂ ਦੀ ਕੁਟੀਆ ਵਿੱਚ ਰਿਹਾ ਕਰਦੇ ਸਨ, ਸਤਿਸੰਗੀ ਹੋ ਗਏ। ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਅੱਧ, ਸੰਤਾਂ ਦੀ ਸੇਵਾ ਵਿੱਚ ਅਰਪਣ ਕਰਕੇ, ਬਚਦੇ ਅੱਧ ਨਾਲ

ਆਪਣਾ ਗੁਜ਼ਾਰਾ ਤੋਰਦੇ ਰਹੇ। ਆਖ਼ਰ, ਸੰਤ ਮਹਾਰਾਜ ਜੀ ਨਾਲ ਅਜਿਹਾ ਪ੍ਰੇਮ ਪਿਆ ਕਿ ਆਪ ਉਨ੍ਹਾਂ ਦੇ ਸ਼ਿੱਸ਼ ਬਣ ਗਏ। ਆਪ ਨੇ ਸੰਤਾਂ ਪਾਸੋਂ ਬੜੀ ਸ਼ਰਧਾ ਨਾਲ ਵਿੱਦਿਆ ਪ੍ਰਾਪਤ ਕੀਤੀ। ਸੰਤ ਮਹਾਰਾਜ ਨੇ ਆਪ ਦੀ ਰੁਚੀ ਵੇਖ ਕੇ ਪ੍ਰਵਿਰਤੀ ਵਿੱਚ ਹੀ ਨਿਵਿਰਤੀ ਮਾਰਗ ਧਾਰਨ ਦੀ ਆਗਿਆ ਕੀਤੀ। ਸੰਤਾਂ ਦੇ ਸਦੀਵੀ ਵਿਛੋੜੇ ਦੇ ਪਿੱਛੋਂ ਆਪ ਕੁਝ ਸਮਾਂ ਬੜੇ ਵੈਰਾਗ ਵਿੱਚ ਰਹੇ। ਆਪ ਦੀ ਬਿਰਤੀ ਸਿਮਰਨ ਵਿੱਚ ਚੰਗੀ ਜੁੜਦੀ ਸੀ। ਆਪ ਦੇ ਡੇਰੇ ਵਿੱਚ ਸੈਂਕੜੇ ਸਾਧੂ ਤੇ ਲੋੜਵੰਦ ਸਵੇਰੇ ਸ਼ਾਮ ਲੰਗਰ ਦੀ ਪੰਗਤ ਵਿੱਚ ਬੈਠਦੇ ਸਨ। ਆਪ ਫ਼ੁਰਮਾਇਆ ਕਰਦੇ ਸਨ "ਭਾਈ ਲੰਗਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ, ਇਸ ਨੂੰ ਚਲਾਉਣ ਦਾ ਫ਼ਿਕਰ ਵੀ ਉਸੇ ਨੂੰ ਹੀ ਹੈ"।

ਕਹਿੰਦੇ ਹਨ ਇੱਕ ਵੇਰ ਸ਼ਹਿਰ ਵਿੱਚ ਅਫ਼ਵਾਹ ਉੱਡ ਗਈ ਕਿ ਅੱਜ ਠਾਕੁਰਾਂ ਦਾ ਲੰਗਰ, ਰਸਦ ਨਾ ਹੋਣ ਕਰਕੇ, ਬੰਦ ਰਹੇਗਾ। ਬੱਸ; ਫੇਰ ਕੀ ਸੀ, ਪ੍ਰੇਮੀਆਂ ਨੇ ਸ਼ਾਮ ਤੋਂ ਪਹਿਲਾਂ ਪਹਿਲਾਂ ਅਨਾਜ ਦੇ ਢੇਰ ਲਾ ਦਿੱਤੇ।

ਆਪ ਦੇ ਤਪ-ਤੇਜ ਤੇ ਜੱਸ ਨੂੰ ਸੁਣ ਕੇ ਮਹਾਰਾਜ ਰਣਜੀਤ ਸਿੰਘ, ਮਹਾਰਾਣੀ ਜਿੰਦਾਂ, ਅਤੇ ਪਟਿਆਲਾ, ਆਦਿ ਰਿਆਸਤਾਂ ਦੇ ਮਹਾਰਾਜੇ ਦਰਸ਼ਨਾਂ ਨੂੰ ਆਉਂਦੇ ਤੇ ਲੰਗਰ ਲਈ ਕੁਝ ਜਗੀਰ ਲਾਉਣ ਦੀ ਸੇਵਾ ਮੰਗਦੇ। ਪਰੰਤੂ ਸ੍ਰੀ ਠਾਕੁਰ ਜੀ ਹਮੇਸ਼ਾਂ ਖਿਮਾ ਮੰਗਦੇ।

ਆਪ ਜੀ ਆਪਣੇ ਅਸਥਾਨ ਲਈ, ਸੰਨ 1858 ਈ. ਵਿੱਚ, ਸ੍ਰੀ ਮਾਨ ਠਾਕੁਰ ਗੁਲਾਬ ਸਿੰਘ ਜੀ ਨੂੰ ਯੋਗ ਉੱਤਰ-ਅਧਿਕਾਰੀ ਨਿਯਤ ਕਰ ਕੇ, ਸੰਨ 1859 ਈ. ਵਿੱਚ ਬੈਕੁੰਠ ਨਿਵਾਸ ਕਰ ਗਏ।

ਸ੍ਰੀ ਮਾਨ ਠਾਕੁਰ ਗੁਲਾਬ ਸਿੰਘ ਜੀ ਤੋਂ ਬਾਅਦ ਸ੍ਰੀ ਮਾਨ ਠਾਕੁਰ ਭਗਤ ਸਿੰਘ ਜੀ ਤੋਂ ਬਾਅਦ ਸ੍ਰੀ ਮਾਨ ਠਾਕੁਰ ਕਿਸ਼ਨ ਸਿੰਘ ਜੀ ਤੋਂ ਬਾਅਦ ਸ੍ਰੀ ਮਾਨ ਠਾਕੁਰ ਜੀਵਨ ਸਿੰਘ ਜੀ ਮਹੰਤ ਬਣੇ।

### ਮਹੰਤ ਠਾਕੁਰ ਜੀਵਨ ਸਿੰਘ ਜੀ

ਆਪ ਜੀ ਨੇ ਡੇਰੇ ਦੀ ਬਹੁਤ ਸੇਵਾ ਕੀਤੀ ਤੇ ਵਿੱਦਿਆ ਅਭਿਆਸ ਮਨ ਲਗਾ ਕੇ ਕੀਤਾ। ਕਾਫ਼ੀ ਸਮਾਂ ਅਖਾੜੇ ਵਿੱਚ ਰਹਿ ਕੇ ਵੀ ਸੇਵਾ ਕੀਤੀ। ਡੇਰੇ ਦੀ ਨਵੀਂ ਬਿਲਡਿੰਗ ਬਣਾਈ। ਇਸ ਡੇਰੇ ਵਿੱਚ ਬਹੁਤ ਸਾਧੂ ਮਹਾਤਮਾ ਰਹਿੰਦੇ ਸਨ। ਜੋ ਕਿ ਇਸ ਡੇਰੇ ਅਤੇ ਦੂਸਰੇ ਡੇਰਿਆਂ ਤੋਂ ਵਿੱਦਿਆ ਪ੍ਰਾਪਤ ਕਰਕੇ ਇਸ ਸਥਾਨ ਉੱਪਰ ਰਹਿੰਦੇ ਸਨ। ਆਪ ਜੀ ਨੇ ਲੰਗਰ ਦਾ ਬਹੁਤ ਪ੍ਰਵਾਹ ਚਲਾਇਆ ਸੀ। ਆਪ ਨਿਮਰਤਾ ਅਤੇ ਵਿਸ਼ਾਲ ਹਿਰਦੇ ਵਾਲੇ ਸਨ। ਆਪ ਜੀ ਦੇ ਸ਼ਿਸ਼ ਸੰਤ ਸਜਨ ਸਿੰਘ ਜੀ ਸਨ।

### ਸ੍ਰੀਮਾਨ ਮਹੰਤ ਸਜਨ ਸਿੰਘ ਜੀ

ਆਪ ਜੀ ਨੇ ਅੱਠਵੀਂ ਤੱਕ ਵਿੱਦਿਆ ਗੁਰਮੁਖੀ ਅਤੇ ਉਰਦੂ ਪੜ੍ਹਿਆ ਉਪਰੰਤ ਘਰ ਦਾ ਤਿਆਗ ਕਰ ਦਿੱਤਾ। ਆਪ ਜੀ ਨੇ ਡੇਰੇ ਦੀ ਬਹੁਤ ਤਰੱਕੀ ਕੀਤੀ। ਰਾਤ ਦਿਨ ਡੇਰੇ ਦੀ ਸੇਵਾ ਵਿੱਚ ਲੱਗੇ ਰਹੇ। ਡੇਰੇ ਵਿੱਚ ਕਈ ਅਧੂਰੇ ਕਾਰਜ ਪੂਰੇ ਕੀਤੇ। ਆਪ ਜੀ ਨੇ ਆਪਣੇ ਉੱਤਰ-ਧਿਕਾਰੀ ਮਹੰਤ ਹਰਦਿਆਲ ਸਿੰਘ ਜੀ ਨੂੰ ਨਿਯੁਕਤ ਕੀਤਾ। ਇਨ੍ਹਾਂ ਦੇ ਜੀਵਨ ਕਾਲ ਵਿੱਚ ਡੇਰਾ ਪਤਨ ਨੂੰ ਚਲਾ ਗਿਆ। ਕਈ ਪਾਸਿਆਂ ਤੋਂ ਮੁਕਦਮੇ ਚਲ ਪਏ। ਕਈ ਦਾਅਵੇਦਾਰ ਬਣ ਗਏ। ਮਹੰਤ ਹਰਿਦਿਆਲ ਸਿੰਘ ਜੀ ਸਵਰਗਵਾਸ ਹੋ ਗਏ। ਨਿਰਮਲ ਭੇਖ ਨੇ ਇਸ ਡੇਰੇ ਦਾ ਮਹੰਤ ਜਰਨੈਲ ਸਿੰਘ ਜੀ ਨੂੰ ਨਿਯੁਕਤ ਕੀਤਾ ਜੋ ਕਿ ਇਸ ਡੇਰੇ ਦੀ ਸੇਵਾ ਕਰ ਰਹੇ ਹਨ। ਡੇਰੇ ਦੀ ਸਾਰੀ ਨਵੀਂ ਇਮਾਰਤ ਬਣਾਈ ਹੈ। ਲੰਗਰ ਦਾ ਪ੍ਰਵਾਹ ਚਲਾਉਂਦੇ ਹਨ। ਆਏ ਗਏ ਸਾਧੂ ਮਹਾਤਮਾ ਦੀ ਸੇਵਾ ਕਰਦੇ ਹਨ।

### 3. ਡੇਰਾ ਸ੍ਰੀ ਮਾਨ ਮਹੰਤ ਮਿਸ਼ਰਾ ਸਿੰਘ ਜੀ, ਚੌਕ ਲਛਮਣ ਸਰ

ਸ੍ਰੀ ਮਾਨ ਮਹੰਤ ਮਿਸ਼ਰਾ ਸਿੰਘ ਜੀ, ਠਾਕੁਰ ਦਿਆਲ ਸਿੰਘ ਜੀ ਦੇ ਸ਼ਿੱਸ਼ ਸਨ। ਆਪ ਜੀ ਨੇ 20 ਵਰ੍ਹੇ ਦੀ ਉਮਰ ਤੱਕ ਗੁਰਮਤਿ ਅਤੇ ਰਾਗ ਵਿੱਦਿਆ ਵਿੱਚ ਚੰਗੀ ਨਿਪੁੰਨਤਾ ਹਾਸਿਲ ਕੀਤੀ।

27 ਵਰ੍ਹੇ ਦੇ ਸਨ ਜਦੋਂ ਆਪ ਠਾਕੁਰ ਦਿਆਲ ਸਿੰਘ ਜੀ ਦੇ ਸ਼ਿਸ਼ ਬਣੇ। ਡੇਰੇ ਦੀ ਹੋਰ ਸੇਵਾ ਦੇ ਨਾਲ-ਨਾਲ ਸਵੇਰੇ ਸ਼ਾਮ ਅਤਿ ਰਸ-ਭਿੰਨਾ ਤੇ ਸੁਰੀਲਾ ਕੀਰਤਨ ਵੀ ਕਰਿਆ ਕਰਦੇ। ਆਪ ਪ੍ਰਸਿੱਧ ਰਾਗੀਆਂ ਵਿੱਚੋਂ ਗਿਣੇ ਜਾਂਦੇ ਸਨ। ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰੇਮ ਦੀ ਚੌਂਕੀ ਕਰਨਾ ਉਹਨਾਂ ਦਾ ਨਿੱਤ ਕਰਮ ਸੀ। ਆਪ ਜੀ ਨੇ 40 ਸਾਲ ਬਿਨਾਂ ਨਾਗਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਚਾਰ ਘੜੀ ਦਿਨ ਚੜ੍ਹੇ ਬਿਲਾਵਲ ਦੀ ਚੌਂਕੀ ਦੀ ਹਾਜ਼ਰੀ ਕੀਰਤਨ ਦੁਆਰਾ ਨਿਬਾਹ ਕੇ ਸਤਿਗੁਰ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਸਨ। ਇਸ ਸਮੇਂ, ਸ੍ਰੀ ਦਰਬਾਰ ਸਾਹਿਬ ਵਿੱਚ ਵਿਸ਼ੇਸ਼ ਇਕੱਠ ਹੋ ਜਾਂਦਾ। ਇਕ ਵੇਰ ਸ੍ਰੀ ਮਾਨ ਬਾਬਾ ਫ਼ਤਹ ਸਿੰਘ ਨੇ ਜੋ ਵਾਸਤਵ ਵਿੱਚ ਇਸ ਡੇਰੇ ਦੇ ਬਾਨੀ ਸਨ, ਜਦ ਸੰਤ ਮਿਸ਼ਰਾ ਸਿੰਘ ਜੀ ਦਾ ਰਸ-ਭਿੰਨਾ ਕੀਰਤਨ ਸੁਣਿਆ ਤਾਂ ਠਾਕੁਰ ਦਿਆਲ ਸਿੰਘ ਜੀ ਪਾਸੋਂ ਇਨ੍ਹਾਂ ਦੀ ਮੰਗ ਕਰ ਲਈ। ਠਾਕੁਰ ਜੀ ਨੇ ਇਹ ਬੇਨਤੀ ਪਰਵਾਨ ਕਰ ਲਈ। ਸੰਤ ਫ਼ਤਹ ਸਿੰਘ ਜੀ ਨੇ ਸੰਤ ਮਿਸ਼ਰਾ ਸਿੰਘ ਜੀ ਨੂੰ ਸੰਨ 1957 ਈ. ਵਿੱਚ ਆਪਣਾ ਜਾ-ਨਸ਼ੀਨ ਨੀਯਤ ਕੀਤਾ ਅਤੇ ਮਕਾਨ, ਜ਼ਮੀਨ ਤੇ ਹੋਰ ਤਮਾਮ ਮਲਕੀਅਤ ਆਪ ਦੇ ਹੱਕ ਵਿੱਚ ਲਿਖ ਦਿੱਤੀ।

ਰਾਗ ਸਿੱਖਣ ਦੇ ਅਭਿਲਾਖੀ ਸਦਾ ਆਪ ਪਾਸ ਟਿਕੇ ਰਹਿੰਦੇ। ਸੰਤਾਂ-ਮਹਾਤਮਾਵਾਂ ਨਾਲ ਆਪ ਦਾ ਵੱਡਾ ਮੇਲ-ਮਿਲਾਪ ਰਹਿੰਦਾ।

ਗੱਲ ਕੀ, ਆਪ ਕਥਨੀ ਤੇ ਕਰਨੀ ਵਾਲੇ ਮਹਾਂਪੁਰਸ਼ ਸਨ। ਆਪ ਦੇ ਕੀਰਤਨ ਦੇ ਕਮਾਲ ਦੀ ਇੱਕ ਦੰਦ-ਕਥਾ, ਆਮ ਲੋਕਾਂ ਵਿੱਚ, ਇਉਂ ਪ੍ਰਸਿੱਧ ਹੈ:

ਇਕ ਦਿਨ ਆਪ ਸ੍ਰੀ ਦਰਬਾਰ ਸਾਹਿਬ ਕੀਰਤਨ ਕਰ ਰਹੇ ਸਨ, ਸੰਗਤਾਂ ਨੇ ਬੇਨਤੀ ਕੀਤੀ: "ਮਹਾਰਾਜ ਅੱਜ ਕਲ੍ਹ ਬਹੁਤ ਔੜ-ਲੱਗੀ ਹੋਈ ਹੈ, ਕਿਰਪਾ ਕਰੋ ਤੇ ਗੁਰਬਾਣੀ ਦਾ ਕੋਈ ਸ਼ਬਦ ਮਲਾਰ ਰਾਗ ਵਿੱਚ ਗਾਇਨ ਕਰੋ। ਉਸ ਵੇਲੇ ਆਪਨੇ ਐਸੀ ਮਗਨਤਾ ਤੇ ਇਕਸੁਰਤਾ ਨਾਲ ਮਲਾਰ ਰਾਗ ਗਾਇਆ ਕਿ ਵੇਖਦਿਆਂ-ਵੇਖਦਿਆਂ ਬੱਦਲ ਚੜ੍ਹ ਆਇਆ ਤੇ ਦੱਬ ਕੇ ਮੀਂਹ ਵੱਸਿਆ।

ਆਪ ਨੇ ਸੰਤ ਰਤਨ ਸਿੰਘ ਜੀ ਦੀ ਸੇਵਾ ਉੱਤੇ ਪ੍ਰਸੰਨ ਹੋ ਕੇ, ਮਹੰਤੀ ਦੀ ਦਸਤਾਰ ਆਪਣੀ ਹੱਥੀਂ ਉਨ੍ਹਾਂ ਨੂੰ ਦੇ ਦਿੱਤੀ ਅਤੇ ਆਪਣਾ ਜੀਵਨ ਭਜਨ ਬੰਦਗੀ ਕਰਦੇ ਹੋਏ 1887 ਈ. ਦੇ ਪੋਹ ਵਿੱਚ ਗੁਰਪੁਰੀ ਸਿਧਾਰ ਗਏ।

## ਸ੍ਰੀ ਮਾਨ ਮਹੰਤ ਰਤਨ ਸਿੰਘ ਜੀ

ਆਪ ਬੜੇ ਪਵਿੱਤਰ ਤੇ ਉੱਚ-ਜ਼ਿੰਦਗੀ ਵਾਲੇ ਮਹਾਂਪੁਰਸ਼ ਹੋਏ ਹਨ। ਆਪ ਉਦਾਰਤਾ, ਨਿਰਮਾਣਤਾ, ਸਹਿਣਸ਼ੀਲਤਾ, ਸਤਿ-ਸੰਤੋਖ ਤੇ ਗੁਰਮਤਿ-ਗਿਆਨ ਦੇ ਪੁੰਜ ਸਨ। 13 ਸਾਲ ਦੀ ਆਯੂ ਵਿੱਚ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਪਾਠੀ ਬਣ ਗਏ ਸਨ। 20 ਸਾਲ ਦੀ ਆਯੂ ਵਿੱਚ ਜਦ ਨੌਕਰੀ ਦੀ ਭਾਲ ਵਿੱਚ ਪਿਸ਼ੌਰ ਗਏ ਤਾਂ ਉੱਥੇ, ਪਹਿਲੀ ਵਾਰ, ਮਹੰਤ ਮਿਸ਼ਰਾ ਸਿੰਘ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਦਾ ਵੈਰਾਗਮਈ, ਮਨਮੋਹਣਾ ਕੀਰਤਨ ਸੁਣ ਕੇ, ਸਰਕਾਰੀ ਨੌਕਰੀ ਦੀ ਥਾਂ, ਸੱਚੀ ਸਰਕਾਰ ਦੀ ਨੌਕਰੀ ਕਰਨ ਦਾ ਫੁਰਨਾ ਉਤਪੰਨ ਹੋਇਆ। ਓਥੋਂ ਹੀ ਸਿੱਧੇ, ਸੰਤਾਂ ਨਾਲ ਅੰਮ੍ਰਿਤਸਰ ਆ ਗਏ ਤੇ ਵਿੱਦਿਆ ਪੜ੍ਹਨ ਦੇ ਨਾਲ-ਨਾਲ ਡੇਰੇ ਦੇ ਕੰਮ-ਕਾਜ ਤੇ ਸੇਵਾ ਨੂੰ ਏਨੇ ਸੁਚੱਜੇ ਢੰਗ ਨਾਲ ਸੰਭਾਲਿਆ।

ਆਪ ਨੇ ਗੁਰਮਤਿ ਦੇ ਪ੍ਰਚਾਰ ਲਈ ਧੰਨੀ, ਪੋਠੋਹਾਰੀ, ਪਿਸ਼ੌਰ, ਕਮਾਲੀਆ, ਝੰਗ, ਆਦਿ ਸ਼ਹਿਰਾਂ ਵਿੱਚ ਕਈ ਵੇਰ ਦੌਰੇ ਕੀਤੇ ਅਤੇ ਅੰਮ੍ਰਿਤ-ਪ੍ਰਚਾਰ ਕੀਤਾ। ਆਪ ਕਮਾਲੀਏ ਵਿੱਚ ਸਾਲ ਭਰ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਦੇ ਰਹੇ। 1920-21 ਈ. ਵਿੱਚ ਆਪ ਨੇ "ਨਿਰਮਲ ਮਹਾਮੰਡਲ" ਦੀ ਸਥਾਪਨਾ ਕੀਤੀ ਅਤੇ ਸਰਬ ਸੰਮਤੀ ਨਾਲ ਇਸ ਦੇ ਪਹਿਲੇ ਪ੍ਰਧਾਨ ਥਾਪੇ ਗਏ।

ਆਪ ਜੀ ਨੇ ਸ੍ਰੀ ਮਾਨ ਸੰਤ ਹਾਕਮ ਸਿੰਘ ਜੀ ਨੂੰ ਯੋਗ ਉੱਤਰ-ਅਧਿਕਾਰੀ ਸਮਝ ਕੇ 1923 ਈ. ਵਿੱਚ ਆਪਣੀ ਗੱਦੀ ਬਖ਼ਸ਼ ਦਿੱਤੀ।

## ਮਹੰਤ ਹਾਕਮ ਸਿੰਘ ਜੀ

ਆਪ ਸੱਤ, ਅੱਠ ਸਾਲ ਦੀ ਆਯੂ ਵਿੱਚ ਅੰਮ੍ਰਿਤਸਰ ਦੇ ਡੇਰੇ ਆਏ। ਜਿਸ ਵੇਲੇ ਸੰਤਾਂ ਦੇ ਦਰਸ਼ਨ ਕੀਤੇ ਤਾਂ ਮਾਤਾ ਪਿਤਾ ਨਾਲ ਵਾਪਸ ਨਾ ਪਰਤੇ। ਏਥੇ ਹੀ ਸਾਧ-ਸੰਗਤ ਦੀ ਸੇਵਾ ਤੇ ਵਿੱਦਿਆ-ਪੜ੍ਹਨ ਵਿੱਚ ਪ੍ਰਵਿਰਤ ਹੋ ਗਏ। ਪਹਿਲਾਂ, ਭਾਸ਼ਾ, ਵੇਦਾਂਤ ਦੇ ਪੁਸਤਕ ਤੇ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਨਾਲ ਵਾਚੇ। ਆਪ ਦੀ ਸੋਹਣੀ ਧੀਮੀ ਅਵਾਜ਼ ਦੇ ਮਧੁਰ ਬੋਲ ਸੰਤਾਂ ਦੇ ਦਿਲ ਵਿੱਚ ਘਰ ਕਰ ਗਏ। ਆਪ "ਨਿਰਮਲ ਮਹਾਮੰਡਲ" ਦਾ ਸਕੱਤਰ ਵੀ ਰਹੇ। 1929 ਈ. ਵਿੱਚ ਪ੍ਰਯਾਗ ਰਾਜ ਦੇ ਕੁੰਭ ਉਤੇ ਆਪ ਨੂੰ "ਨਿਰਮਲ ਮਹਾਮੰਡਲ" ਦੇ ਪ੍ਰਧਾਨ ਚੁਣ ਲਿਆ ਗਿਆ, ਜੋ ਸੇਵਾ ਆਪ ਨੇ 15-16 ਸਾਲ ਬੜੇ ਸੁਚੱਜ ਨਾਲ ਨਿਭਾਈ। ਵੱਡੇ ਮਹਾਂਪੁਰਸ਼ਾਂ ਵਾਂਗ, ਸਾਲ ਦੇ ਸਾਲ, ਇਹ ਵੀ ਬਾਹਰ ਪ੍ਰਚਾਰ ਕਰਨ ਜਾਂਦੇ। ਕਥਾ-ਵਿਆਖਿਆਨ ਦਾ ਢੰਗ ਬੜਾ ਸੁੰਦਰ, ਸੋਹਣਾ ਤੇ ਮਿੱਠਾ ਸੀ। ਆਪ ਸੰਸਕ੍ਰਿਤ ਗ੍ਰੰਥਾਂ ਦੇ ਪੰਡਤ ਹੋਣ ਦੇ ਨਾਲ-ਨਾਲ ਫ਼ਾਰਸੀ ਦੇ ਵੀ ਉਘੇ ਵਿਦਵਾਨ ਸਨ। ਸੰਗਤਾਂ ਆਪ ਦੇ ਪਿਆਰ ਅਤੇ ਵਿਚਾਰ ਤੋਂ ਬਹੁਤ ਪ੍ਰਭਾਵਿਤ ਹੁੰਦੀਆਂ। ਆਪ ਜੀ 13 ਅਗਸਤ, 1973 ਈ. ਨੂੰ ਸਵਰਗਵਾਸ ਹੋਏ। ਆਪ ਦੇ ਜਾਨਸ਼ੀਨ ਮਹੰਤ ਮਨਜੀਤ ਸਿੰਘ ਜੀ ਸਨ।

## ਸ੍ਰੀਮਾਨ ਮਹੰਤ ਮਨਜੀਤ ਸਿੰਘ ਜੀ

ਆਪ ਜੀ ਪੰਜ ਸਾਲ ਦੀ ਉਮਰ ਵਿੱਚ ਪੜ੍ਹਨ ਬਿਠਾਏ। ਆਪ ਜੀ ਨੇ ਆਈ. ਟੀ. ਆਈ. ਤੱਕ ਵਿੱਦਿਆ ਪ੍ਰਾਪਤ ਕੀਤੀ। ਡੇਰਾ ਬਾਬਾ ਮਿਸ਼ਰਾ ਸਿੰਘ ਆਪ ਸੁਬਹ-ਸ਼ਾਮ ਦਰਸ਼ਨ, ਨਮਸਕਾਰ ਕਰਨ ਆਇਆ ਕਰਦੇ ਸਨ। ਸਤਿਸੰਗ, ਕਥਾ-ਕੀਰਤਨ, ਮਹਾਂ ਪੁਰਖਾਂ ਦੇ ਦਰਸ਼ਨ, ਉਪਦੇਸ਼ ਦਾ ਅਜਿਹਾ ਅਸਰ ਹੋਇਆ ਕਿ ਆਪ ਡੇਰੇ ਵਿੱਚ ਬਹੁਤਾ ਸਮਾਂ ਰਹਿ ਕੇ ਸੇਵਾ ਕਰਦੇ ਸਨ। ਆਪ ਜੀ ਆਪਣੇ ਮਹਾਂਪੁਰਖਾਂ ਦੀ ਆਗਿਆ ਵਿੱਚ ਰਹਿ ਕੇ ਸੇਵਾ ਕਰਦੇ ਧਾਰਮਿਕ ਵਿੱਦਿਆ ਪੜ੍ਹਨ ਲੱਗੇ। ਆਪ ਜੀ ਨੇ ਗੁਰਮਤਿ ਗੁਰਬਾਣੀ ਦਾ ਪੂਰਨ ਅਧਿਐਨ ਕੀਤਾ। ਮਹਾਂਪੁਰਖਾਂ ਦੀਆਂ ਖੁਸ਼ੀਆਂ ਅਤੇ ਅਸ਼ੀਰਵਾਦ ਪ੍ਰਾਪਤ ਕੀਤੇ। ਸੰਨ 1960 ਵਿੱਚ ਪੰਜਾਬੀ ਸੂਬਾ ਮੋਰਚੇ ਵਿੱਚ ਗਿਰਫ਼ਤਾਰੀ ਦਿੱਤੀ। ਹਿਸਾਰ ਜੇਲ੍ਹ ਵਿੱਚ ਰਹਿੰਦੇ ਹੋਏ ਵੀ ਪੰਜਾਬੀ ਭਾਸ਼ਾ ਅਤੇ ਗੁਰਬਾਣੀ ਦਾ ਪਾਠ ਸ਼ੁਧ ਕਰਵਾਉਂਦੇ ਰਹੇ। ਆਪ ਨਿਮਰਤਾ ਦੇ ਅਵਤਾਰ ਸਨ। ਕੋਮਲ ਹਿਰਦੇ ਵਾਲੇ ਸ਼ਾਂਤੀ ਦੀ ਮੂਰਤਿ ਸਨ। ਆਪ ਜੀ ਰਾਗ ਵਿੱਦਿਆ ਸਿਖਾਉਣ ਦਾ ਖ਼ਾਸ ਪ੍ਰਬੰਧ ਰੱਖਦੇ ਸਨ। ਨਿਰਮਲ ਮਹਾਂਮੰਡਲ ਦੇ ਕਰਮਵਾਰ ਜਨਰਲ ਸਕੱਤਰ ਅਤੇ ਪ੍ਰਧਾਨ ਵੀ ਰਹੇ ਹਨ। ਪੁਰਾਣੀ ਇਮਾਰਤ ਢਾਹ ਕੇ ਲੱਖਾਂ ਰੁਪਏ ਖ਼ਰਚ ਕੇ ਕਈ ਸਾਲ ਦੇ ਅਣਥੱਕ ਪਰਿਸ਼੍ਰਮ ਨਾਲ ਆਸ਼ਰਮ ਦੀ ਨਵੀਂ ਇਮਾਰਤ ਤਿਆਰ ਕੀਤੀ। ਬਾਬਾ ਮਿਸ਼ਰਾ ਸਿੰਘ ਜੀ ਦੀ ਸੁੰਦਰ ਸਮਾਧੀ ਤਿਆਰ ਕੀਤੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਆਪ ਜੀ ਨੇ ਸਮੇਂ ਮੁਤਾਬਕ ਪਿੰਡ ਠੱਠਾ ਝਬਾਲ ਰੋਡ ਉੱਤੇ ਬਾਬਾ ਬੁੱਢਾ ਜੀ ਦੇ ਸਾਹਮਣੇ ਅਦੁੱਤੀ ਫਾਰਮ ਬਣਾਇਆ ਹੈ। ਆਪ ਅਨੇਕਾਂ ਉਪਕਾਰ ਕਰਦੇ ਸਿਮਰਨ ਦੀ ਜਾਚ ਦੱਸਦੇ ਯੁਵਾ ਅਵਸਥਾ ਵਿੱਚ ਹੀ 27 ਮਈ, 1993 ਨੂੰ ਸੱਚ-ਖੰਡ ਸਿਧਾਰ ਗਏ। ਆਪ ਜੀ ਦੇ ਉੱਤਰ-ਧਿਕਾਰੀ ਮਹੰਤ ਭੁਪਿੰਦਰ ਸਿੰਘ ਜੀ ਹਨ।

## ਮਹੰਤ ਭੁਪਿੰਦਰ ਸਿੰਘ ਜੀ

ਆਪ ਜੀ ਨੇ ਮੈਟਰਿਕ ਤੱਕ ਦੀ ਵਿੱਦਿਆ ਹਰਿਦੁਆਰ ਤੋਂ ਪ੍ਰਾਪਤ ਕੀਤੀ। 1985 ਈ. ਵਿੱਚ ਸ੍ਰੀ ਅੰਮ੍ਰਿਤਸਰ ਜੀ ਦੀ ਯਾਤਰਾ ਕਰਨ ਆਏ। ਬਾਬਾ ਮਿਸ਼ਰਾ ਸਿੰਘ ਜੀ ਦੇ ਡੇਰੇ ਸ੍ਰੀ ਮਾਨ ਮਹੰਤ ਮਨਜੀਤ ਸਿੰਘ ਜੀ ਦੇ ਦਰਸ਼ਨ, ਕਥਾ, ਉਪਦੇਸ਼ ਸਰਵਣ ਕਰਕੇ ਪ੍ਰਸੰਨ ਹੋ ਗਏ। ਆਪ ਜੀ ਡੇਰੇ ਵਿੱਚ ਰਹਿ ਕੇ ਸੇਵਾ ਕਰਦੇ ਹੋਏ ਗੁਰਮਤਿ ਦੀ ਵਿੱਦਿਆ ਵੀ ਪ੍ਰਾਪਤ ਕਰਦੇ ਰਹੇ। ਸੇਵਾ ਸਿਮਰਨ ਦੁਆਰਾ ਸ੍ਰੀ ਮਾਨ ਮਹੰਤ ਮਨਜੀਤ ਸਿੰਘ ਜੀ ਕ੍ਰਿਪਾ ਦੇ ਪਾਤਰ ਬਣੇ। ਆਪ ਜੀ ਨਿੱਤਾਪ੍ਰਤਿ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੇ ਹਨ। ਆਏ ਗਏ ਮਹਾਂਪੁਰਸ਼

ਦੀ ਸੇਵਾ ਕਰਦੇ ਹਨ। ਡੇਰੇ ਦੀ ਇਮਾਰਤ ਬਣਾ ਰਹੇ ਹਨ। ਇਸ ਤਰ੍ਹਾਂ ਅਨੇਕਾਂ ਪ੍ਰਕਾਰ ਦੀ ਡੇਰੇ ਦੀ ਸੇਵਾ ਕਰ ਰਹੇ ਹਨ।

4. ਸ੍ਰੀਮਾਨ ਮਹੰਤ ਭਗਤ ਸਿੰਘ ਜੀ ਪਿੰਡੀਘੇਬ (ਧੂੰਦਾ ਥੇਹ)

ਆਪ ਤਪ ਦੀ ਮੂਰਤੀ ਤੇ ਇੱਕ ਪਵਿੱਤਰ ਜ਼ਿੰਦਗੀ ਵਾਲੇ ਮਹਾਤਮਾ ਹੋ ਗੁਜ਼ਰੇ ਹਨ। ਆਪ ਜੀ ਦੇ ਪਿਤਾ ਜੀ ਵਿਦਵਾਨ ਸਨ। ਆਪ ਜੀ ਨੂੰ ਪੜ੍ਹਨ ਦਾ ਸ਼ੌਂਕ ਸੀ। ਕਈ ਪੁਸਤਕਾਂ ਪਿਤਾ ਜੀ ਪਾਸੋਂ ਅਰਥਾਂ ਸਹਿਤ ਪੜ੍ਹੇ। ਨਾਲ ਹੀ ਪੋਥੀਆਂ ਦੀ ਸੁੰਦਰ ਲਿਖਤ ਦਾ ਅਭਿਆਸ ਰਖਦੇ ਰਹੇ। ਸ੍ਰੀ ਠਾਕੁਰ ਨਿਹਾਲ ਸਿੰਘ ਜੀ ਦੀ ਆਗਿਆ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਣ ਦੀ ਸੇਵਾ ਅਰੰਭ ਦਿੱਤੀ। ਜਦੋਂ ਇੱਕ ਵਰ੍ਹੇ ਤੱਕ ਸੰਪੂਰਨ ਲਿਖੇ ਗਏ ਤਾਂ ਦੀਵਾਨ ਵਿੱਚ ਪ੍ਰਕਾਸ਼ ਕਰਾ ਕੇ ਦਰਸ਼ਨ ਕਰਾਏ ਗਏ। ਸਾਧ ਸੰਗਤ ਦਰਸ਼ਨ ਕਰ ਕੇ ਬੜੀ ਪ੍ਰਸੰਨ ਹੋਈ। ਸੋਹਣੀ ਸ਼ੁੱਧ ਲਿਖਤ ਵੇਖ ਕੇ ਠਾਕੁਰ ਜੀ ਬੜੇ ਖ਼ੁਸ਼ ਹੋਏ। ਆਪ ਜੀ ਨੇ ਪੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਣ ਦੀ ਸੇਵਾ ਕੀਤੀ। ਇੱਕ ਥੋਹੇ ਖਾਲਸੇ ਦੁਖ ਭੰਜਨੀ ਸਾਹਿਬ, ਦੂਜੇ ਡੇਰਾ ਮੁਰਾਲਾ ਜ਼ਿਲ੍ਹਾ ਗੁਜਰਾਤ, ਤੀਜੇ ਪਿੰਡੀਘੇਬ ਆਪਣੇ ਅਸਥਾਨ, ਚੌਥੇ ਥਟਾ ਬਿਸਾਲ, ਪੰਜਵੇਂ ਹੋਤੀ ਮਰਦਾਨ ਪੰਚਾਇਤੀ ਧਰਮਸ਼ਾਲਾ ਵਿੱਚ ਪ੍ਰਕਾਸ਼ ਕਰਾਏ। ਇਸ ਤਰ੍ਹਾਂ ਇਹ ਸੇਵਾ ਆਪ ਬੜੇ ਨਿਰਮਾਣ ਹੋ ਕੇ ਕਈ ਵਰ੍ਹੇ ਕਰਦੇ ਰਹੇ। ਆਪ ਜੀ ਸਵੇਰੇ ਰੋਜ਼ ਸੀਲ ਨਦੀ ਦੇ ਕਿਨਾਰੇ ਸਮਾਧੀ ਇਸਥਿਤ ਜਾ ਹੁੰਦੇ। ਹਿੰਦੂ ਸਿੱਖ ਕੀ, ਮੁਸਲਮਾਨ ਭੀ ਆਪ ਦੇ ਮੁਰੀਦ ਹੋਏ। ਕਈ ਵਾਰ ਸਾਰੀ ਰਾਤ ਠੰਡੇ ਪਾਣੀ ਵਿੱਚ ਰਬ ਨੂੰ ਯਾਦ ਕਰਦੇ ਰਹੇ। ਗੋਇੰਦਵਾਲ ਸਾਹਿਬ ਦੇ ਦਰਸ਼ਨਾਂ ਨੂੰ ਆਏ ਇਥੋਂ ਇਕ ਮੀਲ ਦੀ ਵਿਥ ਤੇ ਉਜਾੜ ਵਿੱਚ ਬਿਆਸ ਦਰਿਆ ਦੇ ਕਿਨਾਰੇ ਖਕੇ ਦੇ ਥੇਹ ਉੱਤੇ ਡੇਰਾ ਜਾ ਜਮਾਇਆ ਜਿਹੜਾ ਇਸ ਵੇਲੇ ਸੰਤਾਂ ਦਾ ਥੇਹ ਕਰਕੇ ਪ੍ਰਸਿੱਧ ਹੈ। ਆਪ ਜੀ ਦੇ ਅਨੇਕਾਂ ਸ਼ਿਸ਼ ਸਨ। ਆਪ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸਭਨਾਂ ਵਿੱਚੋਂ ਯੋਗ ਅਧਿਕਾਰੀ ਸ੍ਰੀ ਮਾਨ ਪੰਡਤ ਸੁੱਚਾ ਸਿੰਘ ਜੀ ਜੋ ਉਸ ਵੇਲੇ ਕਾਂਸ਼ੀ ਵਿੱਚ ਪੜ੍ਹਨ ਗਏ ਹੋਏ ਸਨ ਉਨ੍ਹਾਂ ਨੂੰ ਬੁਲਾ ਕਰਕੇ ਡੇਰੇ ਦੇ ਮਹੰਤ ਨਿਯੁਕਤ ਕੀਤਾ।

**ਸ੍ਰੀ ਮਹੰਤ ਪੰਡਤ ਸੁੱਚਾ ਸਿੰਘ ਜੀ** ਆਪ ਜੀ ਨੇ ਡੇਰੇ ਦੀ ਬਹੁਤ ਤਰੱਕੀ ਕੀਤੀ। ਅਨੇਕਾਂ ਵਿਦਿਆਰਥੀਆਂ ਨੂੰ ਵਿੱਦਿਆ ਦਾ ਦਾਨ ਪ੍ਰਦਾਨ ਕੀਤਾ। ਸੰਮਤ 1991 ਵਿੱਚ ਜਦੋਂ ਪਹਿਲੇ ਸ੍ਰੀ ਮਹੰਤ ਸਾਹਿਬ ਜੀ ਸ੍ਰੀ ਮਾਨ ਪੰਡਤ ਜੀਵਨ ਸਿੰਘ ਜੀ ਪਰਲੋਕਗਮਨ ਕਰ ਗਏ ਤਾਂ ਪਿਛੋਂ ਭੇਖ ਨੇ ਸਰਬ ਸੰਮਤੀ ਨਾਲ ਆਪ ਜੀ ਨੂੰ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦੁਆਰ ਸ੍ਰੀ ਮਹੰਤ ਦੀ ਗੱਦੀ ਪੁਰ ਅਸਥਾਪਨ ਕੀਤਾ। ਸੋ ਆਪ ਜੀ ਜ਼ਿਆਦਾਤਰ ਕਨਖਲ ਨਿਰਮਲ ਪੰਚਾਇਤੀ ਅਖਾੜੇ ਵਿੱਚ ਰਹਿੰਦੇ ਆਪ ਜੀ ਨੇ ਅਖਾੜੇ ਦੀ ਬਹੁਤ ਤਰੱਕੀ ਕੀਤੀ। ਆਪ ਜੀ ਦੇ ਅਨੇਕਾਂ ਸ਼ਿਸ਼ ਸਨ। ਸੰਤ ਕ੍ਰਿਪਾਲ ਸਿੰਘ ਜੀ ਨੂੰ ਧੂੰਦਾ ਥੇਹ ਦਾ ਮਹੰਤ ਨਿਯੁਕਤ ਕੀਤਾ।

**ਮਹੰਤ ਕ੍ਰਿਪਾਲ ਸਿੰਘ ਜੀ** ਆਪ ਜੀ ਦਾ ਬਚਪਨ ਘਰ ਵਿੱਚ ਲੰਘਿਆ। ਗੁਰਮੁਖੀ ਵਿੱਦਿਆ ਸਿੱਖੀ। ਦਰਸ਼ਨ ਕਰਨ ਵਾਸਤੇ ਧੂੰਦਾ ਥੇਹ ਸਾਹਿਬ ਗਏ। ਮਹਾਂਪੁਰਖਾਂ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਮਹਾਂਪੁਰਖਾਂ ਦੇ ਪਾਸ ਹੀ ਰਹਿਣ ਲੱਗ ਪਏ। ਆਪ ਜੀ ਨੇ ਅਨੇਕਾਂ ਵਿਦਿਆਰਥੀਆਂ ਨੂੰ ਵਿੱਦਿਆ ਦਾ ਦਾਨ ਦਿੱਤਾ। ਕਿੰਨੇ ਹੀ ਗੁਰਬਾਣੀ ਦੇ ਪਾਠੀ ਅਤੇ ਰਾਗੀ ਬਣਾਏ। ਡੇਰੇ ਦਾ ਉਲੇਖਨੀਯ ਵਿਕਾਸ ਕੀਤਾ। ਆਪ ਜੀ ਵੈਦ ਵੀ ਸਨ। ਸਭ ਨੂੰ ਮੁਫ਼ਤ ਔਸ਼ਧੀ ਦਿੰਦੇ ਸਨ। ਆਪ ਜੀਵਨ ਭਰ ਉਪਕਾਰ ਕਰਦੇ ਹੋਏ ਸੱਚਖੰਡ ਸਿਧਾਰ ਗਏ। ਆਪ ਜੀ ਦੇ ਸ਼ਿਸ਼ ਮਹੰਤ ਤ੍ਰਿਲੋਚਨ ਸਿੰਘ ਜੀ ਨੂੰ ਡੇਰੇ ਦਾ ਮਹੰਤ ਥਾਪਿਆ।

ਮਹੰਤ ਤਰਲੋਚਨ ਸਿੰਘ ਜੀ ਪ੍ਰਧਾਨ ਨਿਰਮਲ ਮਹਾਮੰਡਲ (ਰਜਿ.) ਅੰਮ੍ਰਿਤਸਰ

ਆਪ ਜੀ 5-6 ਸਾਲ ਦੀ ਆਯੂ ਵਿੱਚ ਗੁਰਮਤਿ ਦੀ ਵਿੱਦਿਆ ਪੜ੍ਹਨ ਵਾਸਤੇ ਆਪਣੇ ਗੁਰਦੇਵ ਮਹੰਤ ਕਿਰਪਾਲ ਸਿੰਘ ਜੀ ਪਾਸ ਆਏ। ਆਪ ਜੀ ਨੇ ਗੁਰਬਾਣੀ ਦਾ ਅਰਥ ਬੋਧ ਗੁਰ ਇਤਿਹਾਸ ਅਤੇ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ। ਰਾਗ ਕੀਰਤਨ ਵੀ ਸਿੱਖਿਆ। ਆਪ ਜੀ

ਨੇ ਐਫ. ਏ. ਤੱਕ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਨੇ ਡੇਰੇ ਦੀ ਬਹੁਤ ਤਰੱਕੀ ਕੀਤੀ। ਨਵਾਂ ਦਰਬਾਰ ਹਾਲ ਬਣਾਇਆ। ਭੇਖ ਨੇ ਆਪ ਜੀ ਨੂੰ ਨਿਰਮਲ ਮਹਾਂਮੰਡਲ ਦਾ ਪ੍ਰਧਾਨ ਬਣਾਇਆ। ਜੋ ਕਿ ਆਪ ਜੀ ਬੜੇ ਪ੍ਰੇਮ ਨਾਲ ਸੇਵਾ ਨਿਭਾ ਰਹੇ ਹਨ। ਆਪ ਨਿਮਰਤਾ ਵਾਲੇ, ਕੋਮਲ ਸੁਭਾ ਵਾਲੇ ਮਹਾਂਪੁਰਖ ਹਨ। ਇਲਾਕੇ ਤੇ ਭੇਖ ਵਿੱਚ ਆਪ ਜੀ ਦਾ ਬਹੁਤ ਸਤਿਕਾਰ ਹੈ।

5. ਬਾਬੇਆਣਾ ਡੇਰਾ ਬਾਬਾ ਬੱਠਾ ਜੀ, ਪਿੰਡ ਜੋਧੇ ਬਲਸਰਾਂਹ

ਬਾਬਾ ਬੱਠਾ ਜੀ ਦਾ ਜਨਮ ਪਉਂਟਾ ਸਾਹਿਬ ਦੇ ਨਜ਼ਦੀਕ ਬ੍ਰਾਹਮਣ ਵੰਸ਼ ਵਿੱਚ ਹੋਇਆ ਸੀ। ਸ੍ਰੀ ਖਡੂਰ ਸਾਹਿਬ ਵਿਖੇ ਸੰਤ ਰਾਮ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਸੰਤਾਂ ਨੇ ਮੇਹਰ ਭਰਿਆ ਥਾਪੜਾ ਦਿੱਤਾ। ਨਾਮ ਦੀ ਦਾਤ ਦਿੱਤੀ। ਗੁਰਮੰਤਰ ਦੇ ਕੇ ਨਦਰੀ ਨਿਹਾਲ ਕਰ ਦਿੱਤਾ। ਆਪ ਪਿੰਡ ਜੋਧੇ ਬਲਸਰਾਂਹ ਦੇ ਜੰਗਲ ਵਿੱਚ ਆਣ ਬੈਠੇ, ਨਾਮ ਅਭਿਆਸ ਵਿੱਚ ਤੱਤਪਰ ਹੋ ਗਏ। ਆਪ ਨਰ ਤੋਂ ਨਰਾਇਣ ਬਣ ਕੇ ਲਖਾਂ ਦਾ ਉਧਾਰ ਕਰਦੇ ਸਵਰਗਵਾਸ ਹੋ ਗਏ। ਸਥਾਨ ਦੀ ਸੇਵਾ-ਸੰਭਾਲ ਬਾਬਾ ਗੁਪਾਲ ਰਾਜ ਜੀ ਆ ਕੇ ਕਰਨ ਲੱਗੇ।

ਬਾਬਾ ਗੁਪਾਲ ਰਾਜ ਜੀ ਆਪ ਜੀ ਨੇ ਸੇਵਾ ਦੀ ਅਥਾਹ ਘਾਲਣਾ ਘਾਲੀ। ਬਾਬੇਆਣੇ ਦੇ ਸਥਾਨ ਦਾ ਨਾਂ 'ਡੇਰਾ ਬੱਠਾ ਜੀ ਪ੍ਰਸਿੱਧ ਕੀਤਾ' ਆਪ ਜੀ ਦੀਆਂ ਇਲਾਕੇ ਵਿੱਚ ਅਨੇਕਾਂ ਕਰਾਮਾਤਾਂ ਪ੍ਰਸਿੱਧ ਹਨ। ਆਪ ਜੀ ਦੇ ਸ਼ਿਸ਼ ਸੰਤ ਘਨਈਆ ਸਿੰਘ ਜੀ ਸਨ। ਸੰਤ ਘਨਈਆ ਸਿੰਘ ਜੀ ਨੇ ਆਪ ਪੱਗ ਨਹੀਂ ਲਈ। ਆਪਣੇ ਹਸਤ ਕਮਲਾਂ ਨਾਲ ਪੱਗ ਸੰਤ ਗੁਰਮੁਖ ਸਿੰਘ ਜੀ ਨੂੰ ਦੇ ਦਿੱਤੀ। ਮਹੰਤ ਗੁਰਮੁਖ ਸਿੰਘ ਜੀ ਨੇ ਵੀ ਮਹੰਤੀ ਦਾ ਤਿਆਗ ਕਰ ਦਿੱਤਾ ਅਤੇ ਸੰਤ ਬਿਸ਼ਨ ਸਿੰਘ ਜੀ ਨੂੰ ਡੇਰੇ ਦੀ ਸੇਵਾ ਕਰਨ ਦੀ ਬੇਨਤੀ ਕੀਤੀ। ਸੰਤ ਬਿਸ਼ਨ ਸਿੰਘ ਜੀ ਨੇ ਆਪਣੇ ਸ਼ਿਸ਼ ਸੰਤ ਬਹਾਦਰ ਸਿੰਘ ਜੀ ਨੂੰ ਮਹੰਤ ਨਿਯੁਕਤ ਕੀਤਾ। ਜੋ ਯੋਗਤਾ ਨਾਲ ਸੇਵਾ-ਸੰਭਾਲ ਕਰਦੇ ਰਹੇ। ਮਹੰਤ ਬਹਾਦਰ ਸਿੰਘ ਜੀ ਤੋਂ ਬਾਅਦ ਉੱਤਰ-ਧਿਕਾਰੀ ਮਹੰਤ ਪੂਰਨ ਸਿੰਘ ਜੀ ਨਿਯਤ ਹੋਏ। ਜੋ ਜੀਵਨ ਭਰ ਮਰਿਯਾਦਾ ਅਨੁਸਾਰ ਸੇਵਾ ਕਰਦੇ ਰਹੇ। ਮਹੰਤ ਪੂਰਨ ਸਿੰਘ ਜੀ ਪ੍ਰਲੋਕ ਗਮਨ ਕਰ ਗਏ ਤਾਂ ਨਿਰਮਲ ਭੇਖ ਨੇ ਸੰਤ ਦਇਆ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਆਪ ਜੀਵਨ ਭਰ ਡੇਰੇ ਦੀ ਸੇਵਾ-ਸੰਭਾਲ ਕਰਦੇ ਰਹੇ। ਨਾਮ ਬਾਣੀ ਦਾ ਪ੍ਰਵਾਹ ਜਾਰੀ ਰੱਖਿਆ। ਅੰਤ ਆਪਣੇ ਸ਼ਿਸ਼ ਸੰਤ ਸੰਤੋਖ ਸਿੰਘ ਜੀ ਨੂੰ ਉੱਤਰ-ਧਿਕਾਰੀ ਨਿਯਤ ਕਰਕੇ ਸਚਖੰਡ ਸਿਧਾਰ ਗਏ।

ਮਹੰਤ ਸੰਤੋਖ ਸਿੰਘ ਜੀ

ਆਪ ਜੀ ਸਦ ਗੁਣਾਂ ਦੇ ਧਾਰਨੀ, ਨਿਮਰਤਾ ਵਾਲੇ ਮਹਾਂਪੁਰਖ ਹਨ। ਡੇਰਾ ਬਾਬਾ ਬੱਠਾ ਜੀ ਬਾਬੇਆਣਾ ਦਾ ਆਪ ਜੀ ਨੇ ਕਾਇਆ ਕਲਪ ਕਰ ਦਿੱਤਾ ਹੈ। ਮਹਾਂਪੁਰਖਾਂ ਦੀਆਂ ਸਮਾਧਾਂ ਦੀ ਸੇਵਾ ਉਲੇਖਨੀਯ ਹੈ। ਗੁਰਦੁਆਰਾ ਸਾਹਿਬ ਵਾਸਤੇ ਹਾਲ ਦੀ ਸੇਵਾ ਆਰੰਭ ਹੈ। ਸੁੰਦਰ ਸਰੋਵਰ ਬਣਿਆ ਹੈ। ਬਾਗ ਬ੍ਰਿਛ ਪੁਰਾਤਨ ਡੇਰੇ ਦਾ ਦ੍ਰਿਸ਼ ਪੈਦਾ ਕਰਦੇ ਹਨ। ਆਪ ਜੀ ਦਾ ਸਮਾਂ ਸੇਵਾ ਸਿਮਰਨ ਵਿੱਚ ਬੇਤੀਤ ਹੁੰਦਾ ਹੈ।

6. ਡੇਰਾ ਤਪਿਆਣਾ ਸਾਹਿਬ, ਸੰਤ ਨੱਥਾਂ ਸਿੰਘ ਜੀ

ਆਪ ਜੀ ਬਚਪਨ ਵਿੱਚ ਸੰਤ ਦਰਸਾ ਸਿੰਘ ਜੀ ਦੇ ਚਰਨਾਂ 'ਚ ਸੇਵਾ ਕਰਦੇ, ਵਿੱਦਿਆ ਪੜ੍ਹਦੇ, ਸਿਮਰਨ, ਤਪੱਸਿਆ ਕਰਦੇ ਰਹੇ। ਵਿਰਕਤ ਰਹਿੰਦੇ ਹੋਏ ਸਭ ਤੀਰਥਾਂ ਦੀ ਯਾਤਰਾ ਕੀਤੀ। ਲਗਾਤਾਰ 45 ਸਾਲ ਸਿਮਰਨ ਤਪੱਸਿਆ ਕੀਤੀ। ਆਪ ਜੀ ਦੀ ਸ਼ਕਤੀ ਅਤੇ ਚਮਤਕਾਰਾਂ ਦੀਆਂ ਅਨੇਕਾਂ ਕਹਾਣੀਆਂ ਇਲਾਕੇ ਵਿੱਚ ਪ੍ਰਚੱਲਿਤ ਹਨ। ਸੰਤ ਸੰਤਾ ਸਿੰਘ ਜੀ ਨੂੰ ਆਪਣਾ ਉੱਤਰ-ਧਿਕਾਰੀ ਨਿਯੁਕਤ ਕਰਕੇ ਸੰਮਤ 1902 ਵਿੱਚ ਬ੍ਰਹਮ ਲੀਨ ਹੋ ਗਏ।

ਮਹੰਤ ਸੰਘਾ ਸਿੰਘ ਜੀ ਮਹਾਨ ਵਿਦਵਾਨ, ਵੈਰਾਗ, ਤਿਆਗ ਵਾਲੇ ਵਿਰਕਤ ਸਨ ਜੋ ਪ੍ਰਵਿਰਤੀ ਵਿੱਚ ਰੁੱਚੀ ਨਹੀਂ ਸਨ ਰੱਖਦੇ। ਇਸ ਵਾਸਤੇ ਆਪਣੇ ਗੁਰਭਾਈ ਸੰਤ ਦੇਵਾ ਸਿੰਘ ਜੀ

ਨੂੰ ਮਹੰਤ ਨਿਯਤ ਕਰਕੇ ਤੀਰਥ ਯਾਤਰਾ ਚਲੇ ਗਏ। ਮਹੰਤ ਦੇਵਾ ਸਿੰਘ ਜੀ ਦੋ ਸਾਲ ਡੇਰੇ ਦੀ ਸੇਵਾ ਕਰਕੇ ਆਪਣੇ ਗੁਰਭਾਈ ਸੰਤ ਰਤਨ ਸਿੰਘ ਜੀ ਨੂੰ ਮਹੰਤ ਬਣਾ ਕੇ ਸਮਾ ਗਏ।

ਮਹੰਤ ਰਤਨ ਸਿੰਘ ਜੀ ਦਾ ਜਨਮ ਗੋਇੰਦਵਾਲ ਸਾਹਿਬ ਦਾ ਹੈ। ਸੰਤ ਨੱਥਾਂ ਸਿੰਘ ਜੀ ਦੇ ਸ਼ਿਸ਼ ਬਣ ਕੇ ਸੇਵਾ ਕਰਦੇ ਅਤੇ ਵਿੱਦਿਆ ਪੜ੍ਹਦੇ ਰਹੇ। ਸਤਿਸੰਗ ਅਤੇ ਲੰਗਰ ਜਾਰੀ ਕੀਤਾ। ਸੰਤ ਨੱਥਾਂ ਸਿੰਘ ਜੀ ਦੀ ਯਾਦਗਾਰੀ ਗੁਫਾ ਦੀ ਮੁਰੰਮਤ ਕਰਵਾਈ ਅਤੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਅੰਤ ਆਪਣੇ ਸ਼ਿਸ਼ ਸੰਤ ਗੰਗਾ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਦੇ ਕੇ ਪਰਲੋਕ ਸਿਧਾਰ ਗਏ।

ਮਹੰਤ ਗੰਗਾ ਸਿੰਘ ਜੀ ਆਪ ਬ੍ਰਾਹਮਣ ਵੰਸ਼ ਵਿੱਚੋਂ ਸਨ। ਆਪ ਨੇ ਡੇਰੇ ਦੀ ਅਥਾਹ ਸੇਵਾ ਕੀਤੀ। ਸ੍ਰੀ ਤਪਿਆਣਾ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਕਰਵਾਈ। ਆਪ ਜੀ ਨੇ ਸੰਤ ਤਾਰਾ ਸਿੰਘ ਜੀ ਰਿਸ਼ੀ ਨੂੰ ਉੱਤਰ-ਧਿਕਾਰੀ ਨਿਯੁਕਤ ਕੀਤਾ ਅਤੇ ਸਮਾ ਗਏ। ਆਪ ਬਹੁਤ ਹੀ ਨਿਰਮਤਾ ਅਤੇ ਕੋਮਲ ਵਿਚਾਰਾਂ ਵਾਲੇ ਸਨ। ਮਹਾਂਪੁਰਖਾਂ ਦੀ ਬੀਮਾਰੀ ਅਤੇ ਬਿਰਧ ਅਵਸਥਾ ਵਿੱਚ ਬਹੁਤ ਸੇਵਾ ਕੀਤੀ। ਅਕਾਲੀਆਂ ਨੇ ਆਪ ਜੀ ਨਾਲ ਡੇਰੇ ਤੇ ਕਬਜ਼ੇ ਦਾ ਕੇਸ ਲੜਿਆ। ਪਰ ਆਪ ਜੀ ਨੇ ਸਫਲਤਾ ਨਾਲ ਜਿੱਤ ਪ੍ਰਾਪਤ ਕੀਤੀ। ਆਪ ਜੀ ਦੇ ਸ਼ਿਸ਼ ਸੰਤ ਤਿਰਲੋਕ ਸਿੰਘ ਜੀ ਚਕਰਵਰਤੀ ਅਤੇ ਸੰਤ ਪੂਰਨ ਸਿੰਘ ਜੀ ਵੈਦ ਹਨ। ਸੰਤ ਪੂਰਨ ਸਿੰਘ ਜੀ ਡੇਰੇ ਦੀ ਅਥਾਹ ਸੇਵਾ ਕਰ ਰਹੇ ਹਨ। ਨਾਮ ਬਾਣੀ ਦਾ ਪ੍ਰਵਾਹ ਚਲਾ ਰਹੇ ਹਨ।

**7. ਸੰਤ ਚੇਤਨ ਸਿੰਘ ਜੀ, ਡੇਰਾ ਖੂਹ ਰਾਣੀ ਵਾਲਾ, 'ਨਿਰਮਲ ਆਸ਼ਰਮ'-ਸ੍ਰੀ ਖਡੂਰ ਸਾਹਿਬ**

ਆਪ ਜੀ ਦਾ ਜਨਮ-ਪਿੰਡ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੰਮਤ 1932 ਵਿੱਚ ਹੋਇਆ। ਬਚਪਨ ਵਿੱਚ ਹੀ ਸੰਤ ਨਿਹਾਲ ਸਿੰਘ ਜੀ ਦੇ ਸ਼ਿਸ਼ ਬਣ ਗਏ। ਖਡੂਰ ਸਾਹਿਬ ਵਾਲਾ ਵਰਤਮਾਨ ਸਥਾਨ ਸੰਮਤ 1955 ਵਿੱਚ ਕਾਇਮ ਕੀਤਾ। ਆਪ ਮਹਾਨ ਵਿਦਵਾਨ, ਭਜਨੀਕ, ਨਿਮ੍ਰਤਾ ਵਾਲੇ ਵੈਦਯ ਕਵੀ ਸਨ। ਸੁਲਝੇ ਹੋਏ ਚਕਿਤਸਕ ਸਨ। ਵਿਰਕਤ ਵ੍ਰਿਤੀ ਵਿੱਚ ਰਹਿੰਦੇ ਸਨ। ਆਪ ਪੰਜਾਬੀ ਦੇ ਚੰਗੇ ਕਵੀ ਸਨ। ਆਪ ਜੀ ਦੇ ਸ਼ਿੱਸ਼ ਪੰਡਤ ਤਾਰਾ ਸਿੰਘ ਜੀ, ਸੰਤ ਹਰਭਜਨ ਸਿੰਘ ਜੀ ਆਦਿਕ ਕਈ ਸਨ। ਪਰ ਪੰਡਤ ਤਾਰਾ ਸਿੰਘ ਜੀ ਨੂੰ ਸਥਾਨ ਦੇ ਕੇ ਮਹੰਤ ਨਿਯਤ ਕਰਕੇ ਸੰਤ 1989 ਵਿੱਚ ਪ੍ਰਲੋਕ ਸਿਧਾਰ ਗਏ।

**ਪੰਡਤ ਤਾਰਾ ਸਿੰਘ ਜੀ**

ਜਨਮ-ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਨੌਂ ਵਰਸ਼ ਦੀ ਆਯੂ ਵਿੱਚ ਮਾਤਾ-ਪਿਤਾ ਜੀ ਨੇ ਸੰਤ ਚੇਤਨ ਸਿੰਘ ਜੀ ਦੇ ਸਮਰਪਣ ਕਰ ਦਿੱਤਾ। ਮਹਾਂਪੁਰਖਾਂ ਨੇ ਪਰਵਰਿਸ਼ ਕਰਕੇ ਵਿੱਦਿਆ ਪੜ੍ਹਾਈ। ਆਪ ਜੀ ਨੇ ਗੁਰਬਾਣੀ, ਗੁਰ-ਇਤਿਹਾਸ, ਵੇਦਾਂਤ ਅਤੇ ਭਾਸ਼ਾ ਦੇ ਅਨਯ ਗਰੰਥਾਂ ਦਾ ਅਧਿਐਨ ਕੀਤਾ। ਗੁਰੂ ਘਰ ਦੇ ਗਿਆਨੀ ਬਣ ਗਏ। ਚਕਿਤਸਾ ਵਿੱਚ ਪੂਰਨ ਯੋਗਤਾ ਪ੍ਰਾਪਤ ਕੀਤੀ।

ਨਿਰਮਲ ਆਸ਼ਰਮ ਗੁਰਬਾਣੀ ਵੇਦਾਂਤ, ਸਾਹਿਤ ਅਤੇ ਆਯੁਰਵੈਦਿਕ ਵਿੱਦਿਆ ਦਾ ਕੇਂਦਰ ਹੈ। ਇਸ ਆਸ਼ਰਮ ਵਿੱਚ ਪੁਰਾਤਨ ਮਰਿਯਾਦਾ ਅਨੁਸਾਰ ਗੁਰਮੁਖੀ ਵਿੱਦਿਆ, ਗੁਰਬਾਣੀ ਦਾ ਸ਼ੁੱਧ ਪਾਠ ਸਿਖਾਇਆ ਜਾਂਦਾ ਹੈ। ਇਲਾਕੇ ਦੇ ਅਨੇਕ ਬੱਚੇ ਪੜ੍ਹਦੇ ਹਨ। ਮਹੰਤ-ਸੰਤ ਅਭਿਆਗਤ ਆਏ ਰਹਿੰਦੇ ਹਨ। ਆਏ ਹਰ ਵਿਅਕਤੀ ਦਾ ਆਪ ਪਰਮ ਸਤਿਕਾਰ ਕਰਦੇ ਸਨ। ਫਰੀ ਔਸ਼ਧੀ ਦੁਆਰਾ ਸੈਂਕੜੇ ਰੋਗੀਆਂ ਦੇ ਰੋਗ ਨਿਵ੍ਰਿਤ ਕਰਦੇ ਸਨ। ਨਿਰਮਲ ਭੇਖ ਵਿੱਚ ਅਤੀ ਸਤਿਕਾਰ ਸੀ। ਆਪ ਜੀ ਨੇ ਅਨੇਕਾਂ ਵਿਦਿਆਰਥੀਆਂ ਨੂੰ ਵਿੱਦਿਆ ਦਾਨ ਦਿੱਤਾ। ਮਧੁਰਭਾਸ਼ਾ, ਨਿਮਰਤਾ ਵਾਲੇ, ਉਦਾਰਚਿੱਤ ਸਨ। ਸਾਰੇ ਕਾਰਜ ਮਰਿਯਾਦਾ ਅਨੁਸਾਰ ਕਰਦੇ ਸਨ।

ਪੰਡਤ ਸਾਧੂ ਸਿੰਘ ਜੀ ਸ਼ਾਸਤ੍ਰੀ ਪ੍ਰਧਾਨ ਸਰਬ ਭਾਰਤ ਨਿਰਮਲ ਮਹਾਂਮੰਡਲ (ਰਜਿ.)

ਅੰਮ੍ਰਿਤਸਰ ਚੱਕ ਵੇਂਹਡਲ ਵਾਲੇ, ਸੰਤਭਾਗ ਸਿੰਘ ਜੀ, ਸੰਤ ਚੰਨਣ ਸਿੰਘ ਜੀ, ਸੰਤ ਗਿਆਨ ਸਿੰਘ ਜੀ ਵਿਰਕਤ, ਸੰਤ ਨਾਰਾਇਣ ਸਿੰਘ ਜੀ, ਸੰਤ ਪਿਆਰਾ ਸਿੰਘ ਜੀ, ਬਾਬਾ ਵੈਦ ਸੰਤ ਜਸਪਾਲ ਸਿੰਘ ਜੀ ਅਤੇ ਪੰਡਤ ਸੁਰਜੀਤ ਸਿੰਘ ਜੀ ਸ਼ਿਸ਼ ਹਨ। ਉੱਤਰ-ਧਿਕਾਰੀ ਪੰਡਤ ਸੁਰਜੀਤ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯਤ ਕੀਤਾ।

**ਮਹੰਤ ਪੰਡਤ ਸੁਰਜੀਤ ਸਿੰਘ ਜੀ**

ਆਪ ਜੀ ਦਾ ਜਨਮ ਸੰਨ 1925 ਈ: ਵਿੱਚ ਪਿਤਾ ਸ੍ਰ. ਠਾਕੁਰ ਸਿੰਘ, ਮਾਤਾ ਚੰਨਣ ਕੌਰ ਪਿੰਡ ਰਾਜੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। 22 ਸਾਲ ਦੀ ਉਮਰ ਵਿੱਚ ਆਪ ਜੀ ਨੇ ਪਿੰਡ ਬੰਪਾਰਾਏ ਜ਼ਿਲ੍ਹਾ ਲੁਧਿਆਣਾ ਵਿੱਚ ਜਾ ਕੇ ਗਿਆਨੀ ਗੁਰਦਿਆਲ ਸਿੰਘ ਜੀ ਕੋਲੋਂ ਪੰਜ ਸਾਲ ਗੁਰਬਾਣੀ ਦਾ ਅਰਥ ਬੋਧ ਪ੍ਰਾਪਤ ਕੀਤਾ। ਸੰਤ 1950 ਈ. ਵਿੱਚ ਪੰਡਤ ਤਾਰਾ ਸਿੰਘ ਜੀ ਦੇ ਚਰਨਾਂ ਵਿੱਚ ਖਡੂਰ ਸਾਹਿਬ ਆ ਗਏ। ਮਰਿਯਾਦਾ ਪੂਰਵਕ ਸ਼ਿਸ਼ ਬਣ ਕੇ ਸੇਵਾ ਕਰਦੇ ਵਿੱਦਿਆ ਅਧਿਐਨ ਕਰਨ ਲੱਗੇ। ਗੁਰਬਾਣੀ ਗੁਰ-ਇਤਿਹਾਸ, ਵੇਦਾਂਤ ਆਯੁਰਵੈਦਿਕ ਦਾ ਪਠਨ-ਪਾਠਨ ਕੀਤਾ।

ਫਿਰ ਸੰਸਕ੍ਰਿਤ ਪੜ੍ਹਨ ਵਾਸਤੇ ਹਰਿਦਵਾਰ ਚਲੇ ਗਏ। ਛੇ ਸਾਲ ਮਨ ਲਾ ਕੇ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕੀਤਾ। ਇਸ ਤਰ੍ਹਾਂ ਆਪ ਧੁਰੰਧਰ ਵਿਦਵਾਨ ਬਣ ਗਏ। ਵਿੱਦਿਆ ਪ੍ਰਾਪਤੀ ਤੋਂ ਬਾਅਦ ਡੇਰੇ ਵਿੱਚ ਆ ਕੇ ਮਹਾਂ-ਪੁਰਖਾਂ ਦੀ ਆਗਿਆ ਅਨੁਸਾਰ ਸੇਵਾ/ਉਪਕਾਰ ਵਿੱਚ ਲੱਗ ਗਏ। ਆਪ ਜੀ ਦੀ ਨਿਮਰਤਾ, ਵਿਦਵਤਾ ਅਤੇ ਅਨੇਕ ਸਦ ਗੁਣਾਂ ਨੂੰ ਵੇਖ ਕੇ ਮਹਾਂ-ਪੁਰਖਾਂ ਨੇ ਆਪਣੇ ਹਥੀਂ 3 ਜੂਨ, ਸੰਨ 1990 ਈ. ਨੂੰ ਨਿਰਮਲ ਭੇਖ ਦੇ ਇਕੱਠ ਵਿੱਚ ਆਪ ਜੀ ਨੂੰ ਪੱਗ ਦੇ ਕੇ ਮਹੰਤ ਨਿਯਤ ਕਰ ਦਿੱਤਾ।

ਆਪ ਜੀ ਨੇ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਿਆ। ਆਪ ਜੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਮੁਖੀਏ ਮਹੰਤ ਰਹੇ। ਆਪ ਜੀ ਗੁਰਬਾਣੀ ਦਾ ਪਾਠ ਬੋਧ, ਵੇਦਾਂਤ, ਸਾਹਿਤਯ ਅਤੇ ਆਯੁਰਵੈਦਿਕ ਵਿੱਦਿਆ ਪੁਰਾਤਨ ਮਰਿਯਾਦਾ ਅਨੁਸਾਰ ਚਲਾਉਂਦੇ ਰਹੇ। ਆਸ਼ਰਮ ਦਾ ਮਹਾਨ ਵਿਕਾਸ ਕੀਤਾ। ਆਪਣੇ ਗੁਰਦੇਵ ਪੰਡਤ ਤਾਰਾ ਸਿੰਘ ਜੀ ਦੀ ਸਮਾਧੀ ਦੀ ਦਰਸ਼ਨੀਯ ਸੰਗੇਮਰਮਰ ਦੀ ਇਮਾਰਤ ਬਣਾਈ। ਸੰਗਤਾਂ ਵਾਸਤੇ ਅਨੇਕ ਕਮਰੇ ਅਤੇ ਇੱਕ ਹਾਲ ਤਿਆਰ ਕੀਤਾ। ਆਸ਼ਰਮ ਵਿੱਚੋਂ ਅਨੇਕਾਂ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਕੇ ਪ੍ਰਚਾਰ ਕਰ ਰਹੇ ਹਨ। ਇਲਾਕੇ ਦੇ ਪ੍ਰੇਮੀ ਆਤਮਿਕ ਅਤੇ ਸਰੀਰਕ ਰੋਗਾਂ ਦੀ ਨਿਵ੍ਰਿਤੀ ਵਾਸਤੇ ਪੁਜਦੇ ਹਨ ਅਤੇ ਸੁਸਥ ਹੋ ਕੇ ਵਾਪਸ ਜਾਂਦੇ ਹਨ। ਸੰਤ ਸਤਿਨਾਮ ਸਿੰਘ ਜੀ, ਸੰਤ ਸੁਰਿੰਦਰ ਸਿੰਘ ਜੀ, ਸੰਤ ਬਲਵਿੰਦਰ ਸਿੰਘ ਜੀ, ਸੰਤ ਬਿਕਰ ਸਿੰਘ ਜੀ ਆਪ ਜੀ ਸ਼ਿਸ਼ ਹਨ। ਆਪ ਜੀ ਦੇ ਸਵਰਗਵਾਸ ਹੋ ਜਾਣ ਤੇ ਨਿਰਮਲ ਭੇਖ ਨੇ ਸੰਤ ਬਿਕਰ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ।

**ਸੰਤ ਬਿਕਰ ਸਿੰਘ ਜੀ** ਜੋ ਕਿ ਆਪਣੇ ਗੁਰਦੇਵਾਂ ਦੀ ਤਰ੍ਹਾਂ ਡੇਰੇ ਦੀ ਸੇਵਾ ਕਰਦੇ ਹਨ ਮਿਲਨਸਾਰ ਹਨ। ਅੱਜ ਕਲ੍ਹ ਡੇਰੇ ਵਿੱਚ ਜਨ ਸਧਾਰਨ ਨੂੰ ਔਸ਼ਧੀ ਅਤੇ ਗੁਰਬਾਣੀ ਦਾ ਪਾਠ-ਬੋਧ ਕਰਾ ਰਹੇ ਹਨ। ਆਏ ਗਏ ਮਹਾਂਪੁਰਖਾਂ ਦੀ ਸੇਵਾ ਕਰਦੇ ਹਨ। ਆਪਣੇ ਗੁਰਦੇਵਾਂ ਦੀ ਯਾਦ ਵਿੱਚ ਲੰਗਰ ਹਾਲ ਦੀ ਇਮਾਰਤ ਬਣਾਈ ਹੈ। ਡੇਰੇ ਦੀ ਤਨ ਮਨ ਨਾਲ ਸੇਵਾ ਕਰਦੇ ਹਨ।

**8. ਡੇਰਾ ਮਮਨ ਕੇ**

ਸੰਤ ਭਾਗ ਸਿੰਘ ਜੀ ਨੇ ਇਸ ਡੇਰੇ ਨੂੰ ਕਾਇਮ ਕੀਤਾ। ਆਪ ਜੀ ਸ੍ਰੀਮਾਨ ਪੰਡਤ ਤਾਰਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਦੇ ਸ਼ਿਸ਼ ਸਨ ਜੋ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ। ਆਪ ਸੇਵਾ ਭਾਵਨਾ ਅਤੇ ਨਿਮਰਤਾ ਵਾਲੇ ਸਨ। ਆਪ ਜੀ ਦੇ ਸ਼ਿਸ਼ ਸੰਤ ਤਿਰਲੋਕ ਸਿੰਘ ਜੀ ਅਤੇ ਮਹੰਤ ਹਰਭਜਨ ਸਿੰਘ ਜੀ ਹਨ ਜੋ ਕਿ ਡੇਰੇ ਦੀ ਅਣਥੱਕ ਸੇਵਾ ਕਰਦੇ ਰਹੇ। ਨਾਮ ਬਾਣੀ ਦਾ ਪ੍ਰਵਾਹ ਚਲਾਉਂਦੇ ਰਹੇ।

9. ਡੇਰਾ ਕਿਲ੍ਹਾ ਪਿੰਡ ਭੈਲ-ਸੰਤ ਧਿਆਨ ਸਿੰਘ ਜੀ ਵਿਰਕਤ

ਜਨਮ-ਪਿੰਡ ਨੂਰਪੁਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਸੰਤ ਰਾਮ ਸਿੰਘ ਜੀ ਦੇ ਸ਼ਿਸ਼ ਬਣ ਗਏ। ਪੂਰਨ ਵਿਰਕਤ ਸਨ। ਜਾਮਾਰਾਏ, ਭੇਲ, ਜੌਹਲ ਪਿੰਡਾਂ ਦੇ ਵਿਚਕਾਰ ਸਿਮਰਨ ਤਪੱਸਿਆ ਕਰਦੇ ਰਹੇ। ਇਲਾਕੇ ਵਿੱਚ ਯਸ਼ ਅਤੇ ਪ੍ਰਤਾਪ ਵਧਿਆ। ਅਨੇਕ ਪ੍ਰਾਣੀ ਉਪਦੇਸ਼ ਪ੍ਰਾਪਤ ਕਰਕੇ ਸਦ-ਮਾਰਗ ਪਏ। ਨਾਮ-ਬਾਣੀ ਦੇ ਨਿਤਨੇਮੀ ਬਣੇ।

ਆਪ ਜੀ ਦੇ ਗੁਰਭਾਈ ਸੰਤ ਅਤਰ ਸਿੰਘ ਜੀ ਮੋਨੀ ਸੋਢਰ ਮੰਦਰ ਵਾਲੇ ਮੰਡਲੀ ਸਹਿਤ ਜਲੰਧਰ ਤੋਂ ਆਏ। ਉਨ੍ਹਾਂ ਨੇ ਪ੍ਰੇਰਨਾ ਕਰਕੇ ਸੰਤ ਗਿਆਨੀ ਜੀਵਨ ਸਿੰਘ ਜੀ ਅਤੇ ਸੰਤ ਗਿਆਨੀ ਆਤਮਾ ਸਿੰਘ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਆਰੰਭ ਕਰਾਈ। ਕਹਿੰਦੇ ਹਨ ਕਿ ਰੋਜ਼ਾਨਾ ਕਥਾ ਦੇ ਭੋਗ ਸਮੇਂ ਸਵਾ ਮਣ ਘਿਉ ਦਾ ਕੜਾਹ ਪ੍ਰਸ਼ਾਦਿ ਹੁੰਦਾ ਸੀ। ਤਿੰਨ ਮਹੀਨੇ ਕਥਾ ਚਾਲੂ ਰਹੀ। ਅਨੇਕ ਸੰਤ-ਮਹੰਤ, ਵਿਦਵਾਨ ਵਿਰਕਤ ਆਏ ਹੋਏ ਸਨ। ਸੰਤ ਮਹਾਂ-ਪੁਰਸ਼ਾਂ ਦੇ ਇਕੱਠ ਕਾਰਨ ਕੁੰਭ ਮੇਲੇ ਦਾ ਦ੍ਰਿਸ਼ ਬਣਿਆ ਹੋਇਆ ਸੀ। ਇਸ ਕਥਾ ਦੇ ਭੋਗ ਦੇ ਸਮਾਗਮ ਉੱਪਰ ਹੀ ਸੰਤ ਧਿਆਨ ਸਿੰਘ ਜੀ ਵਿਰਕਤ ਨੇ ਕਿਹਾ ਕਿ ਇਸ ਡੇਰੇ ਦੇ ਮਾਲਕ ਸੰਤ ਹਨ। ਜਿਹੜਾ ਰਹੇ ਸੇਵਾ ਕਰੇ। ਵਿੱਦਿਆ ਪੜ੍ਹੇ ਅਤੇ ਰੋਟੀ ਖਾਏ। ਸੋ ਇਸ ਡੇਰੇ ਵਿੱਚ ਕੋਈ ਮਹੰਤ ਨਹੀਂ ਬਣਦਾ। ਖੁਲ੍ਹੀਆਂ ਸੰਤ ਮੰਡਲੀਆਂ ਰਹਿੰਦੀਆਂ ਹਨ। ਕੋਈ ਆ ਜਾਂਦਾ ਹੈ ਕੋਈ ਚਲਿਆ ਜਾਂਦਾ ਹੈ।

ਆਪ ਜੀ ਦੇ ਚੇਲੇ ਸੰਤ ਪਾਲਾ ਸਿੰਘ (ਪਾਲਾ ਰਾਮ), ਸੰਤ ਮੰਗਲ ਸਿੰਘ ਜੀ, ਪੰਡਤ ਸੁਰੈਣ ਸਿੰਘ ਜੀ (ਪੰਡਤ ਸ਼ੰਕਰਾ ਨੰਦ), ਸੰਤ ਝੰਡਾ ਸਿੰਘ ਜੀ (ਅਚੁਯਤਾ ਨੰਦ), ਸੰਤ ਗੁਰਮੁਖ ਸਿੰਘ ਜੀ ਸ਼੍ਰੋਮਣੀ ਵਿਰਕਤ, ਸੰਤ ਮੰਗਲ ਸਿੰਘ ਜੀ ਤੁਰੀਆ ਸਵਾਮੀ ਮੰਗਲ ਹਰੀ ਜੀ ਜਾਮਾਰਾਏ ਵਾਲੇ ਆਦਿ ਕਈ ਸ਼ਿਸ਼ ਹੋਏ ਹਨ। ਆਪ ਜੀਵਨ ਭਰ ਨਾਮ ਸਿਮਰਨ ਕਰਦੇ, ਸਦ-ਮਾਰਗ ਪਾਉਂਦੇ, ਬ੍ਰਹਮ ਵਿੱਦਿਆ ਦਾ ਉਪਦੇਸ਼ ਦਿੰਦੇ ਹੋਏ ਸੰਮਤ 1961 ਵਿੱਚ ਬ੍ਰਹਮਲੀਨ ਹੋ ਗਏ।

**ਸੰਤ ਪਾਲਾ ਸਿੰਘ** ਜੀ ਜਨਮ-ਪਿੰਡ ਕੋਟ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸੰਤ ਧਿਆਨ ਸਿੰਘ ਜੀ ਵਿਰਕਤ ਦੇ ਸ਼ਿਸ਼ ਬਣੇ। ਸੇਵਾ ਕਰਦੇ ਵਿੱਦਿਆ ਪੜ੍ਹਦੇ ਸਿਮਰਨ ਤਪੱਸਿਆ ਵਿੱਚ ਲੱਗ ਗਏ। ਸੰਤ ਧਿਆਨ ਸਿੰਘ ਜੀ ਤੋਂ ਮਗਰੋਂ ਡੇਰੇ ਦੇ ਮੁੱਖੀ ਪ੍ਰਬੰਧਕ ਬਣੇ। ਦਿਨੇ ਪਿੰਡਾਂ ਵਿੱਚ ਮਧੂਕਰੀ ਦਾ ਪ੍ਰਸ਼ਾਦ ਆਉਂਦਾ ਹੈ। ਸ਼ਾਮ ਦਾ ਪ੍ਰਸ਼ਾਦਾ ਡੇਰੇ ਵਿੱਚ ਪਕਾਇਆ ਜਾਂਦਾ ਹੈ। ਡੇਰੇ ਵਿੱਚ ਦਰਸ਼ਨੀਯ ਸਮਾਧ ਹੈ। ਇਸ ਪੱਧਤੀ ਦੇ ਸਾਰੇ ਸਾਧੂ ਪਰਮ ਹੰਸ ਅਤੇ ਕੇਸਧਾਰੀ ਹਨ ਜੋ ਆਪਣੇ ਆਪ ਨੂੰ ਸੰਪ੍ਰਦਾਇ ਖਡੂਰ ਸਾਹਿਬ ਦੇ ਨਿਰਮਲੇ ਸਾਧੂ ਮੰਨਦੇ ਹਨ। ਸੰਮਤ 1986 ਵਿੱਚ ਬੈਕੁੰਠ ਸਿਧਾਰ ਗਏ। ਆਪ ਜੀ ਦੇ ਸ਼ਿਸ਼ ਸੰਤ ਰਾਮਾਨੰਦ ਜੀ (ਸੰਤ ਰਾਮ ਸਿੰਘ ਜੀ), ਸੰਤ ਗੁਰਚਰਨ ਸਿੰਘ ਜੀ, ਸੰਤ ਪੂਰਨ ਸਿੰਘ ਜੀ ਅਤੇ ਸੁਆਮੀ ਮੰਗਲ ਹਰੀ ਜੀ ਵਿਰਕਤ ਆਦਿ ਸਨ।

**ਸੁਆਮੀ ਮੰਗਲ ਹਰੀ ਜੀ** ਆਪ ਜੀ ਦਾ ਜਨਮ ਪਿੰਡ ਜਾਮਾਰਾਏ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਸੰਤ ਪਾਲਾ ਸਿੰਘ ਜੀ ਦੇ ਸ਼ਿਸ਼ ਬਣ ਕੇ ਸੇਵਾ ਕਰਦੇ ਵਿੱਦਿਆ ਪੜ੍ਹਦੇ ਰਹੇ। ਭਾਸ਼ਾ ਦੇ ਗ੍ਰੰਥ ਪੜ੍ਹ ਕੇ ਵੇਦਾਂਤ ਦਾ ਪੂਰਨ ਮਨਨ ਨਿਦਿਆਸਨ ਕੀਤਾ। ਗੁਰੂ ਆਗਿਆ ਪ੍ਰਾਪਤ ਕਰਕੇ ਕਾਂਸ਼ੀ ਜੀ ਵਿੱਚ ਸੰਸਕ੍ਰਿਤ ਪੜ੍ਹਨ ਚਲੇ ਗਏ ਅਤੇ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਬਣੇ। ਆਪ ਬ੍ਰਹਮ ਗਿਆਨੀ ਜਤਿੰਦ੍ਰਯ ਉੱਚ ਜੀਵਨ ਵਾਲੇ ਮਹਾਂ-ਪੁਰਖ ਸਨ। ਉੱਤਰ ਪ੍ਰਦੇਸ਼ ਵਿੱਚ ਜੀਵਨ ਭਰ ਗੁਰਬਾਣੀ ਅਤੇ ਬ੍ਰਹਮ ਵਿੱਦਿਆ ਦਾ ਉਪਦੇਸ਼ ਦਿੰਦੇ ਰਹੇ। ਅਨੇਕ ਉਦਾਸੀ, ਸੰਨਿਆਸੀ ਅਤੇ ਬ੍ਰਾਹਮਣਾਂ ਨੂੰ ਪੜ੍ਹਾਇਆ। ਪ੍ਰਸਿੱਧ ਵਿਦਵਾਨ ਮਹਾਂ ਮੰਡਲੇਸ਼੍ਵਰ ਸ੍ਰੀ 108 ਸਵਾਮੀ ਬਾਮਦੇਵ ਜੀ ਨੇ ਆਪ ਜੀ ਦੇ ਚਰਨਾਂ ਵਿੱਚ ਬੈਠ ਕੇ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਨੇ ਹਿੰਦੀ ਅਤੇ ਸੰਸਕ੍ਰਿਤ ਵਿੱਚ ਮੂਲ ਗ੍ਰੰਥ ਭਾਸ਼ਯ, ਟੀਕੇ ਅਤੇ ਅਨੇਕ ਅਨੁਵਾਦ ਕੀਤੇ ਹਨ। ਜਿਨ੍ਹਾਂ ਵਿਚੋਂ ਪੈਂਤੀਸ ਅਖਰੀ ਟੀਕਾ ਦੇਵ ਨਾਗਰੀ, ਸੂਰ ਸਿਧੀ ਭਾਸ਼ਾ ਟੀਕਾ, ਬ੍ਰਹਮ ਅਭਿਆਸ, ਮੂਰਤੀ ਪੂਜਨ, ਪ੍ਰਵਚਨ,

ਮੀਮਾਂਸਾ ਵਾਰਤਕ ਹਿੰਦੀ, ਗੀਤਾ ਭਾਸ਼ਯ (ਟੀਕਾ ਅਪ੍ਰਕਾਸ਼ਿਤ) (ਸੰਸਕ੍ਰਿਤ), ਵਿਵੇਕ ਵਤੀ ਸ੍ਵਯੰ ਰਚਨਾ ਸ੍ਵਯੰ ਭਾਸ਼ਯ ਕੀਤਾ।

ਸੰਮਤ 1972 ਤੋਂ ਸੰਮਤ 2029 ਤੱਕ ਬ੍ਰਹਮ ਵਿੱਦਿਆ ਦਾ ਉਪਦੇਸ਼ ਦੇ ਕੇ ਹਜ਼ਾਰਾਂ ਨੂੰ ਸਦ ਮਾਰਗ ਪਾ ਕੇ ਪਿੰਡ ਉਸਟਾ ਜ਼ਿਲ੍ਹਾ ਮਥਰਾ ਵਿੱਚ ਬ੍ਰਹਮ ਲੀਨ ਹੋ ਗਏ।

**ਸੰਤ ਰਾਮਾ ਨੰਦ (ਸੰਤ ਰਾਮ ਸਿੰਘ ਜੀ)** ਜਨਮ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸੰਤ ਪਾਲਾ ਸਿੰਘ ਜੀ ਦੇ ਸ਼ਿਸ਼ ਬਣੇ। ਨਾਮ ਰੰਗ ਵਿੱਚ ਅਜਿਹੇ ਰੰਗ ਗਏ ਮਹਾਂਪੁਰਖ ਪ੍ਰਸਿੱਧ ਹੋਏ। ਜੀਵਨ ਭਰ ਮਿੱਟੀ ਦੇ ਬਰਤਨਾਂ ਵਿੱਚ ਭੋਜਨ ਛੱਕਿਆ। ਬ੍ਰਹਮ ਵਿੱਦਿਆ ਦਾ ਉਪਦੇਸ਼ ਦਿੰਦੇ ਹੋਏ ਠਠੀਆਂ ਮਹਾਂ ਵਿਖੇ ਬ੍ਰਹਮ ਲੀਨ ਹੋ ਗਏ। ਆਪ ਜੀ ਦੇ ਸ਼ਿਸ਼ ਸ੍ਰੀ 108 ਸਵਾਮੀ ਲਾਲ ਸਿੰਘ ਜੀ (ਸਵਾਮੀ ਨਿਰਮਲ ਹਰੀ ਜੀ)।

## 10. ਨਿਰਮਲ ਵੇਦਾਂਤ ਨਿਕੇਤਨ ਅੰਮ੍ਰਿਤਸਰ

ਸਵਾਮੀ ਨਿਰਮਲ ਹਰੀ ਜੀ ਦਾ ਜਨਮ-ਅੰਮ੍ਰਿਤਸਰ ਵਿਖੇ ਹੋਇਆ। 18 ਸਾਲ ਦੀ ਉਮਰ ਵਿੱਚ ਸਵਾਮੀ ਰਾਮ ਸਿੰਘ ਜੀ ਦੇ ਸ਼ਿਸ਼ ਬਣੇ। ਸੇਵਾ ਕਰਦੇ ਅਤੇ ਵਿੱਦਿਆ ਪੜ੍ਹਦੇ ਰਹੇ। ਵੇਦਾਂਤ ਦੇ ਚੰਗੇ-ਚੰਗੇ ਗ੍ਰੰਥਾਂ ਦਾ ਅਧਿਐਨ ਕੀਤਾ। ਜੀਵਨ ਭਰ ਬ੍ਰਹਮ ਵਿੱਦਿਆ ਦਾ ਉਪਦੇਸ਼ ਦਿੰਦੇ ਰਹੇ। ਅੰਮ੍ਰਿਤਸਰ ਸ਼ਹਿਰ ਵਿੱਚ ਮਾਲ ਰੋਡ ਉੱਤੇ ਵੇਦਾਂਤ ਨਿਕੇਤਨ ਨਾਮ ਦਾ ਆਸ਼ਰਮ ਬਣਾਇਆ। ਸਤਿਸੰਗ ਅਰੰਭ ਕੀਤਾ ਜਿਸ ਨਾਲ ਘਰ-ਘਰ ਵਿੱਚ ਜੀਵ ਬ੍ਰਹਮ ਦੀ ਏਕਤਾ ਤੇ ਵਿਚਾਰਾਂ ਹੋਣ ਲੱਗ ਪਈਆਂ। ਆਪ ਜੀ ਦੀ ਵਿਆਖਿਆ ਦੀ ਸ਼ੈਲੀ ਪ੍ਰਭਾਵਸ਼ਾਲੀ ਸੀ ਜਿਸ ਦਾ ਸਰੋਤਿਆਂ ਉੱਤੇ ਅਕਹਿ ਅਸਰ ਪੈਂਦਾ ਸੀ। ਜਿਥੇ ਆਪ ਜਾਂਦੇ ਵੇਦਾਂਤ ਸੰਮੇਲਨ ਦੇ ਸਮਾਗਮ ਆਰੰਭ ਹੋ ਜਾਂਦੇ। ਦੇਸ਼ ਵਿੱਚ ਵੇਦਾਂਤ ਸੰਮੇਲਨਾਂ ਦੀ ਆਪ ਜੀ ਨੇ ਲਹਿਰ ਤੋਰ ਦਿੱਤੀ। ਦੀਪਮਾਲਾ ਦੇ ਸਮੇਂ ਅੰਮ੍ਰਿਤਸਰ ਵਿੱਚ ਬੜਾ ਭਵਯ ਵੇਦਾਂਤ ਸੰਮੇਲਨ ਕਰਦੇ ਸਨ। ਜਿਸ ਵਿੱਚ ਦੇਸ਼ ਦੇ ਕੋਨੇ-ਕੋਨੇ ਵਿੱਚੋਂ ਮਹਾਂਪੁਰਖ ਤੇ ਵਿਦਵਾਨ ਸ਼ਾਮਿਲ ਹੁੰਦੇ ਸਨ। ਜਿਸ ਵਿੱਚ ਕੇਵਲ ਬ੍ਰਹਮ ਵਿੱਦਿਆ ਦਾ ਹੀ ਚਿੰਤਨ ਹੁੰਦਾ ਹੈ। ਦੀਪਮਾਲਾ ਦੇ ਇਸ ਸੰਮੇਲਨ ਵੇਖਣ ਨਾਲ ਹੀ ਸੰਬੰਧ ਰੱਖਦਾ ਹੈ।

ਆਪ ਜੀ ਨੇ ਵੇਦਾਂਤ ਉੱਤੇ ਹਿੰਦੀ, ਉਰਦੂ, ਅੰਗਰੇਜ਼ੀ ਵਿੱਚ ਕਈ ਗ੍ਰੰਥ ਲਿਖੇ ਹਨ ਜਿਨ੍ਹਾਂ ਵਿਚੋਂ ਜਪੁਜੀ ਦਾ ਹਿੰਦੀ ਟੀਕਾ ਪ੍ਰਸਿੱਧ ਹੈ। ਆਪ ਜੀ ਦੇ ਉਪਦੇਸ਼ ਨੂੰ ਪ੍ਰਚਾਰਨ ਵਾਸਤੇ 'ਮਨਨ' ਮਾਸਕ ਪੱਤਰ ਵੀ ਨਿਕਲਦਾ ਰਿਹਾ ਹੈ। ਆਪ ਜੀਵਨ ਭਰ ਅਨੇਕ ਉਪਕਾਰ ਕਰਕੇ 20 ਮਈ, 1971 ਈ. ਵਿੱਚ ਬ੍ਰਹਮ ਲੀਨ ਹੋਏ। ਆਪ ਜੀ ਦੇ ਸ਼ਿਸ਼ ਸੁਆਮੀ ਸਚਦਾਨੰਦ ਜੀ ਅਤੇ ਨਿਰਮਲ ਭੇਖ ਭੂਸ਼ਨ ਵਿੱਦਿਆ ਮਾਰਤੰਡ ਪੂਜਯ ਸ੍ਰੀ ਮਹੰਤ ਪੰਡਤ ਗਿਆਨ ਦੇਵ ਸਿੰਘ ਜੀ। ਸਵਾਮੀ ਨਿਰਮਲ ਚੇਤਨ ਮੰਦਰ ਵੈਸਟ ਪਟੇਲ ਨਗਰ। ਸਚਖੰਡਵਾਸੀ ਬ੍ਰਹਮਚਾਰੀ ਆਨੰਦਘਨ (ਨਿਰਮਲ ਵੇਦਾਂਤ ਨਿਕੇਤਨ ਅੰਮ੍ਰਿਤਸਰ) ਬੈਕੁੰਠਪੁਰ ਵਾਸੀ, ਵਾਸੀ ਸੁਆਮੀ ਦੇਵ ਜੀ ਗੜ੍ਹ ਮੁਕਤੇਸ਼੍ਵਰ ਕੀਰਤਨ ਭਵਨ।

**ਮਹਾਂਮੰਡਲੇਸ਼ਵਰ ਸੁਆਮੀ ਸਚਦਾਨੰਦ ਜੀ** ਆਪ ਜੀ ਦਾ ਜਨਮ 4 ਜਨਵਰੀ, 1940 ਨੂੰ ਹੋਇਆ। 10 ਜਨਵਰੀ, 1962 ਨੂੰ ਪੂਜਯ ਨਿਰਮਲ ਸੁਆਮੀ ਦੇ ਸ਼ਿਸ਼ ਬਣੇ। 20 ਮਈ, 1971 ਵਿੱਚ ਮਹੰਤ ਨਿਯਤ ਹੋਏ। ਆਪ ਧੁਰੰਧਰ ਵਿਦਵਾਨ, ਅਪੂਰਵ ਵਕਤਾ, ਮਹਾਨ ਵਿਅਕਤੀਤਵ ਦੇ ਸੁਆਮੀ ਸਨ। ਆਪ ਜੀ ਦੇ ਮਹਾਨ ਗੁਣਾਂ ਨੂੰ ਵੇਖਕੇ ਨਿਰਮਲ ਭੇਖ ਨੇ ਆਪ ਜੀ ਨੂੰ ਮਹਾਂਮੰਡਲੇਸ਼ਵਰ ਦੀ ਪਦਵੀ ਨਾਲ ਸਨਮਾਨਿਤ ਕੀਤਾ ਹੈ। ਨਿਰਮਲ ਸਚਦਾਨੰਦ ਆਸ਼ਰਮ ਵਿੱਚ ਵਿਦਿਆਰਥੀ ਪੜ੍ਹਦੇ ਹਨ, ਛੇਤ੍ਰ ਲੱਗਦਾ ਹੈ, ਅਥਾਹ ਸੰਪਤੀ ਵਾਲਾ ਦਰਸ਼ਨੀਯ ਆਸ਼ਰਮ ਹੈ। ਸੁਆਮੀ ਸ੍ਵਰੂਪਾਨੰਦ ਜੀ ਐਮ.ਏ. ਸ਼ਾਸਤਰੀ ਵੇਦਾਂਤਾਚਾਰਯ ਅਤੇ ਸੰਤ ਰਾਮੇਸ਼੍ਵਰੀ ਦੇਵੀ ਜੀ ਸ਼ਿਸ਼ ਹਨ। ਆਪ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਆਪ ਜੀ ਦੇ ਗੁਰਭਾਈ ਨਿਰਮਲ ਭੇਖ ਭੂਸ਼ਨ

ਵਿੱਦਿਆ ਮਾਰਤੰਡ ਸ੍ਰੀਮਾਨ ਸ੍ਰੀ ਮਹੰਤ ਪੰਡਤ ਗਿਆਨ ਦੇਵ ਸਿੰਘ ਜੀ ਨੂੰ ਇਸ ਡੇਰੇ ਦਾ ਮਹੰਤ ਸਥਾਪਿਤ ਕੀਤਾ।

**ਨਿਰਮਲ ਭੇਖ ਭੂਸ਼ਨ ਵਿੱਦਿਆ ਮਾਰਤੰਡ ਸ੍ਰੀਮਾਨ ਸ੍ਰੀ ਮਹੰਤ ਪੰਡਤ ਗਿਆਨ ਦੇਵ ਸਿੰਘ ਜੀ**

ਆਪ ਜੀ ਨੇ ਭਾਸ਼ਾ ਦੇ ਧਾਰਮਿਕ ਗ੍ਰੰਥ ਅਤੇ ਵੇਦਾਂਤ ਦੇ ਗ੍ਰੰਥ ਕਾਂਸ਼ੀ ਵਿੱਚੋਂ ਵੇਦਾਂਤਾਚਾਰਯ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ। ਵੇਦਾਂ, ਉਪਨਿਸ਼ਦਾਂ ਦਾ ਪਠਨ-ਪਾਠਨ ਮਹਾਮੰਡਲੇਸ਼ਵਰ ਸਵਾਮੀ ਵਾਮਦੇਵ ਜੀ ਦੀ ਮੰਡਲੀ ਵਿੱਚੋਂ ਪ੍ਰਾਪਤ ਕੀਤਾ। ਆਪ ਜੀ ਦੀ ਸੇਵਾ ਤੋਂ ਖ਼ੁਸ਼ ਹੋ ਕੇ ਸਵਾਮੀ ਜੀ ਨੇ ਸੰਤ ਮੰਡਲੀ ਦੀ ਜ਼ੁੰਮੇਵਾਰੀ ਆਪ ਜੀ ਨੂੰ ਸੌਂਪ ਦਿੱਤੀ ਜੋ ਕਿ ਬੜੇ ਪ੍ਰੇਮ ਨਾਲ ਨਿਭਾ ਰਹੇ ਹਨ। 1993 ਵਿੱਚ ਸ੍ਰੀ ਮਹੰਤ ਪੰਡਤ ਬਲਬੀਰ ਸਿੰਘ ਜੀ ਸ਼ਾਸਤਰੀ ਬ੍ਰਹਮ ਲੀਨ ਹੋ ਗਏ ਤਾਂ ਨਿਰਮਲ ਭੇਖ ਤੇ ਸਾਧੂ ਸਮਾਜ ਨੇ ਆਪ ਜੀ ਨੂੰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸ੍ਰੀ ਮਹੰਤ ਸਾਹਿਬ ਦੀ ਗੱਦੀ ਤੇ ਵਿਭੂਸ਼ਤ ਕੀਤਾ। ਆਪ ਜੀ ਧੁਰੰਧਰ ਵਿਦਵਾਨ, ਮਹਾਨ ਪਵਿੱਤਰ ਆਤਮਾ, ਜਤਿੰਦਰੇਯ ਤਤ੍ਵੇਤਾ ਸਤਿਪੁਰਖ ਹਨ। ਆਪ ਜੀ ਦਾ ਜੀਵਨ ਵਿੱਦਿਆ ਅਧਿਐਨ, ਵਿੱਦਿਆ-ਦਾਨ, ਧਰਮ-ਪ੍ਰਚਾਰ, ਸਦ ਉਪਦੇਸ਼, ਪਰਉਪਕਾਰ ਕਰਨ ਵਿੱਚ ਹੀ ਲੱਗੇ ਰਹਿੰਦੇ ਹਨ।

ਆਪ ਜੀ ਨੇ 59ਵਾਂ ਵੇਦਾਂਤ ਸੰਤ ਸੰਮੇਲਨ ਆਪਣੀ ਨਿਗਰਾਨੀ ਹੇਠ ਕਰਵਾਇਆ। ਡੇਰੇ ਦੀ ਉਨਤੀ ਕਰ ਰਹੇ ਹਨ। ਨਿਰਮਲ ਸੰਤ ਵਿਰਕਤ ਮੰਡਲੀ ਚਲਾ ਰਹੇ ਹਨ। ਆਪ ਜੀ ਭੇਖ ਦੀ ਅਤੇ ਡੇਰੇ ਦੀ ਤਨ ਮਨ ਨਾਲ ਸੇਵਾ ਕਰ ਰਹੇ ਹਨ।

**11. ਡੇਰਾ ਬਬੇਕਸਰ**

ਇਸ ਡੇਰੇ ਦਾ ਸੰਬੰਧ ਕਟਈ ਸੰਪ੍ਰਦਾਇ ਨਾਲ ਹੈ। ਸ੍ਰੀ ਬਾਬਾ ਮੋਹਰ ਸਿੰਘ ਜੀ ਇਸ ਸੰਪ੍ਰਦਾਇ ਦੇ ਵੱਡੇ ਵਡੇਰੇ ਹੋਏ ਹਨ, ਜਿਨ੍ਹਾਂ ਤੋਂ ਸਾਰੀ ਸੰਪ੍ਰਦਾਇ ਦਾ ਵਿਸਤਾਰ ਹੋਇਆ। ਇਹ ਲੱਕ ਨਾਲ ਇਕ ਪਰਨਾ ਬੰਨ੍ਹ ਕੇ ਰੱਖਦੇ ਸਨ, ਜਿਸ ਕਰਕੇ ਇਨ੍ਹਾਂ ਤੋਂ ਅੱਗੇ ਸੰਪ੍ਰਦਾਇ ਦਾ ਨਾਂ ਕਟਈ ਪ੍ਰਸਿੱਧ ਹੋਇਆ। ਇਹ ਸੰਤ ਸੰਪੂਰਨ ਸਿੰਘ ਜੀ ਦੇ ਉੱਤਰਅਧਿਕਾਰੀ ਸਨ ਜਿਨ੍ਹਾਂ ਨੇ ਮਹਾਰਾਜ ਸੰਤ ਨੱਥਾ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ। **ਸੰਤ ਨੱਥਾ ਸਿੰਘ ਜੀ ਬਾਬਾ ਧਰਮ ਸਿੰਘ ਜੀ ਪਿਆਰੇ** ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

**ਬਾਬਾ ਮੋਹਰ ਸਿੰਘ** ਜੀ 140 ਵਰ੍ਹੇ ਦੀ ਆਯੂ ਭੋਗ ਕੇ 1854 ਈ. ਵਿੱਚ ਗੁਰਦੁਆਰਾ ਬਾਸਰਕੇ (ਸੰਨ ਸਾਹਿਬ) ਵਿੱਚ ਗੁਰਪੁਰੀ ਸਿਧਾਰੇ। ਆਪ ਤਗੜੇ ਨਾਮ-ਅਭਿਆਸੀ ਸਨ ਅਤੇ ਵਧੇਰੇ ਕਰਕੇ ਬਬੇਕ-ਸਰ ਦੇ ਨੇੜੇ ਟਿਕਦੇ ਸਨ। ਇਨ੍ਹਾਂ ਦੇ ਉਪਰੰਤ ਇਸ ਡੇਰੇ ਦੇ ਮਹੰਤ, ਇਨ੍ਹਾਂ ਦੇ ਸ਼ਿਸ਼, **ਮਹੰਤ ਠਾਕੁਰ ਸਿੰਘ ਜੀ** ਹੋਏ ਅਤੇ ਉਨ੍ਹਾਂ ਦੇ ਪਿਛੋਂ, ਕ੍ਰਮਵਾਰ, **ਮਹੰਤ ਵਸਾਖਾ ਸਿੰਘ, ਮਹੰਤ ਸੁੰਦਰ ਸਿੰਘ, ਮਹੰਤ ਸਰੈਣ ਸਿੰਘ ਤੇ ਪੰਡਤ ਹਰਨਾਮ ਸਿੰਘ** ਜੀ ਡੇਰੇ ਦੇ ਕ੍ਰਮਵਾਰ ਮਹੰਤ ਰਹੇ। ਇਹ ਸਾਰੇ ਹੀ ਬੜੇ ਉਦਾਰ-ਚਿੱਤ ਤੇ ਵਿਦਵਾਨ ਹੋਏ ਹਨ।

**ਪੰਡਤ ਹਰਨਾਮ ਸਿੰਘ** ਜੀ ਨੇ ਕੁਝ ਸਮਾਂ ਕਾਸ਼ੀ ਵਿੱਚ ਰਹਿ ਕੇ ਵਿੱਦਿਆ ਪ੍ਰਾਪਤ ਕੀਤੀ ਅਤੇ ਸਰਬ ਹਿੰਦ ਨਿਰਮਲ ਮਹਾਮੰਡਲ ਦੇ ਮੀਤ-ਸਕੱਤਰ ਵੀ ਰਹੇ। ਆਪ ਜੀ ਦਾ ਸ਼ਹਿਰ ਵਿੱਚ ਪਰਮ ਸਤਿਕਾਰ ਸੀ। ਆਪ 1971 ਈ. ਵਿੱਚ ਸਵਰਗਵਾਸ ਹੋ ਗਏ। ਉਪਰੰਤ **ਮਹੰਤ ਅਜੀਤ ਸਿੰਘ** ਜੀ ਨੂੰ ਡੇਰੇ ਦਾ ਮੁੱਖੀ ਥਾਪਿਆ। ਆਪ ਜੀ ਨੇ ਧਾਰਮਿਕ ਅਤੇ ਆਯੁਰਵੈਦਿਕ ਦੀ ਵਿੱਦਿਆ ਪ੍ਰਾਪਤ ਕੀਤੀ। ਡੇਰੇ ਦਾ ਜੀਰਨ ਉਧਾਰ ਕੀਤਾ। ਨਵੀਂ ਇਮਾਰਤ ਬਣਾਈ। ਸਮੂਹ ਸਹੂਲਤਾਂ ਉਪਲੱਬਧ ਕੀਤੀਆਂ। ਆਪਣੇ ਸ਼ਿਸ਼ ਸੰਤ ਰਾਮ ਸਿੰਘ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਜੋ ਕਿ 10+2 ਦੀ ਵਿੱਦਿਆ ਪ੍ਰਾਪਤ ਕਰ ਰਿਹਾ ਹੈ ਡੇਰੇ ਦੀ ਸੇਵਾ ਕਰਦਾ ਹੈ।

**12. ਡੇਰਾ ਅੰਤਰ-ਜਾਮੀਆਂ**

ਇਸ ਡੇਰੇ ਦਾ ਸੰਬੰਧ ਵੀ ਕਟਈ ਸੰਪ੍ਰਦਾਇ ਨਾਲ ਹੈ ਅਤੇ ਇਸ ਦੇ ਪਹਿਲੇ ਮਹੰਤ ਮਹਾਰਾਜ ਬਸੰਤ ਸਿੰਘ ਜੀ ਸਨ। ਇਹ ਬਾਬਾ ਮੋਹਰ ਸਿੰਘ ਜੀ ਕਟਈ ਦੇ ਸ਼ਿਸ਼ ਸਨ। ਬਾਲ ਉਮਰ ਵਿੱਚ

ਹੀ ਸੰਤ ਹੋਏ। ਆਪ ਸਨੱਧ-ਬੱਧ ਰਹਿੰਦੇ ਸਨ। ਆਪ ਨੇ 1801 ਈ. ਵਿੱਚ ਡੇਰੇ ਵਾਲੀ ਵਰਤਮਾਨ ਜ਼ਮੀਨ ਮੁੱਲ ਲੈ ਕੇ ਬੜਾ ਸੁੰਦਰ ਅਸਥਾਨ ਬਣਾਇਆ। ਆਪ ਦੇ ਬਾਅਦ ਮਹੰਤ ਦਸੌਂਧਾ ਸਿੰਘ ਜੀ ਅੰਤਰਜਾਮੀ ਨੇ ਡੇਰੇ ਦਾ ਚਾਰਜ ਸੰਭਾਲਿਆ ਅਤੇ ਉਨ੍ਹਾਂ ਦੇ ਨਾਮ ਉੱਤੇ ਹੀ ਡੇਰੇ ਦਾ ਨਾਂ ਅੰਤਰਜਾਮੀ ਪ੍ਰਸਿੱਧ ਹੋਇਆ। ਸੰਤ ਬਿਸ਼ਨ ਸਿੰਘ ਨੂੰ ਉੱਤਰ ਅਧਿਕਾਰੀ ਨੀਯਤ ਕਰ ਕੇ ਆਪ 1847 ਈ. ਵਿੱਚ ਪਰਲੋਕ ਸਿਧਾਰ ਗਏ। ਮਹੰਤ ਬਿਸ਼ਨ ਸਿੰਘ ਜੀ ਦੇ ਪਿੱਛੋਂ ਮਹੰਤ ਸਾਧੂ ਸਿੰਘ ਜੀ ਤੇ ਫੇਰ ਮਹੰਤ ਠਾਕੁਰ ਸਿੰਘ ਜੀ ਨੇ ਡੇਰੇ ਦੀ ਸੇਵਾ ਸੰਭਾਲੀ। ਮਹੰਤ ਠਾਕੁਰ ਸਿੰਘ ਮਹੰਤੀ ਪ੍ਰਾਪਤ ਕਰਨ ਤੋਂ ਬਾਅਦ ਵੀ, ਮਧੂਕੜੀ ਲਿਆਉਂਦੇ ਰਹੇ। ਆਪ ਜੀ ਕਿਸੇ ਨੂੰ ਮਹੰਤੀ ਦਿੱਤੇ ਬਿਨਾਂ 1927 ਈ. ਵਿੱਚ ਪਰਲੋਕ ਸਿਧਾਰ ਗਏ।

ਸੰਤ ਗਣੇਸ਼ਾ ਸਿੰਘ ਜੀ ਨੂੰ ਇਸ ਡੇਰੇ ਮਹੰਤ ਬਣਾਇਆ। ਆਪ ਨੇ ਜਿੱਥੇ ਕਈ ਵਰ੍ਹੇ ਗੁਰੂ-ਘਰ ਦੀ ਸੇਵਾ ਅਤੇ ਵੇਦਾਂਤ ਭਾਸ਼ਾ ਦੇ ਪੁਸਤਕ ਪੜ੍ਹੇ, ਓਥੇ ਤਰਨਤਾਰਨ ਸਾਹਿਬ ਵਿੱਚ ਪੰਡਤ ਹਜ਼ੂਰਾ ਸਿੰਘ ਜੀ ਦੀ ਸੇਵਾ ਵਿੱਚ ਰਹਿ ਕੇ ਅੰਗ੍ਰੇਜ਼ੀ ਤੇ ਉਰਦੂ ਦੀ ਵਿੱਦਿਆ ਵੀ ਪ੍ਰਾਪਤ ਕੀਤੀ। 10-12 ਸਾਲ ਪੜ੍ਹਦਿਆਂ-ਪੜ੍ਹਦਿਆਂ ਵੈਦਿਕ ਵਿੱਚ ਵੀ ਬੜੇ ਨਿਪੁੰਨ ਹੋ ਗਏ। 1906 ਈ. ਵਿੱਚ 'ਏਕੜ' ਪਿੰਡ ਦੇ ਮਹੰਤ ਰਹੇ ਅਤੇ ਬਾਅਦ ਵਿੱਚ "ਸ੍ਰੀ ਨਿਰਮਲ ਪੰਚਾਇਤੀ ਅਖਾੜਾ" ਦੇ ਸਕੱਤਰ ਬਣੇ। 1913 ਈ. ਵਿੱਚ ਆਪ ਨੇ ਅਖਾੜੇ ਦੇ ਨਿਯਮਾਂ ਵਿੱਚ ਕੁੱਝ ਤਰਮੀਮਾਂ ਕਰ ਕੇ ਇਨ੍ਹਾਂ ਨੂੰ ਰਜਿਸਟਰ ਕਰਾਇਆ, ਜਿਨ੍ਹਾਂ ਦੇ ਆਧਾਰ ਉੱਤੇ ਅੱਜ ਤੱਕ ਅਖਾੜੇ ਦਾ ਕੰਮ ਚੱਲ ਰਿਹਾ ਹੈ। ਇਹ ਪਹਿਲਾਂ, ਨਿਰਮਲ ਪੱਤ੍ਰ ਦੇ ਐਡੀਟਰ ਤੇ ਫੇਰ ਕਈ ਵਰ੍ਹੇ ਚੀਫ਼ ਐਡੀਟਰ ਰਹੇ। ਮਹੰਤ ਗਣੇਸ਼ਾ ਸਿੰਘ ਜੀ ਨੇ 20 ਦੇ ਕਰੀਬ ਗ੍ਰੰਥ ਰਚੇ ਜਿਨ੍ਹਾਂ ਵਿੱਚੋਂ ਕੁਝ ਕੁ ਨਾਂ ਇਸ ਪ੍ਰਕਾਰ ਹਨ:

ਭਾਰਤ ਮਤ ਦਰਪਨ (ਇਸ ਵਿੱਚ ਭਾਰਤ ਦੇ 200 ਮਤ-ਮਤਾਂਤਰਾਂ ਦਾ ਵਰਣਨ ਹੈ।), ਨਿਰਮਲ ਭੂਸ਼ਣ, ਨਿਰਮਲ ਪ੍ਰਬੋਧ, ਯਤੀ ਨਿਧਾਨ ਸਟੀਕ, ਮੇਘ ਬਿਨੋਦ ਪ੍ਰਕਾਸ਼, ਇਸਤ੍ਰੀ ਚਕਿਤਸਾ, ਜੇਬੀ ਵੈਦ (ਪੁਰਖ ਚਕਿਤਸਾ), ਵਿਆਧੀ ਵਿਨਾਸ਼ਕ ਟੀਕਾ, ਬਾਲ ਚਕਿਤਸਾ।

ਆਖ਼ਰ ਆਪ 90 ਸਾਲ ਦੀ ਉਮਰ ਵਿੱਚ ਗੁਰਪੁਰੀ ਸਿਧਾਰੇ।

ਆਪ ਤੋਂ ਬਾਅਦ, ਭੇਖ ਨੇ, ਮਹੰਤ ਲਾਲ ਸਿੰਘ ਜੀ, ਖੁੰਡਾ ਨਿਵਾਸੀ ਨੂੰ, ਇਸ ਡੇਰੇ ਦਾ ਮਹੰਤ ਨਿਯਤ ਕੀਤਾ। ਇਨ੍ਹਾਂ ਦੇ ਗੁਰ-ਭਾਈ ਪੰਡਤ ਕਰਤਾਰ ਸਿੰਘ ਜੀ, ਡੇਰੇ ਦੀ ਸੇਵਾ ਨੂੰ ਨਿਭਾਉਂਦੇ ਰਹੇ। 15 ਸਾਲ ਦੀ ਉਮਰ ਵਿੱਚ ਵਿੱਦਿਆ ਪੜ੍ਹਨ ਲੱਗੇ। ਗੁਰਮਤਿ ਅਤੇ ਆਯੁਰਵੈਦਿਕ ਪੜ੍ਹ ਕੇ ਗੁਜਰਾਂ ਵਾਲੇ ਜਾ ਕੇ ਸੰਸਕ੍ਰਿਤ ਪੜ੍ਹਦੇ ਰਹੇ। ਮਹੰਤ ਗਣੇਸ਼ਾ ਸਿੰਘ ਜੀ ਤੋਂ ਬਾਅਦ ਡੇਰਾ ਅੰਤਰਜਾਮੀ ਮੋਨੀ ਚੌਂਕ ਦਾ ਪ੍ਰਬੰਧ ਕਰਦੇ ਰਹੇ। ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਮੁਖੀਏ ਮਹੰਤ ਵੀ ਰਹੇ। ਆਪ ਭਾਸ਼ਾ, ਗੁਰਮਤਿ, ਵੇਦਾਂਤ ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ। ਵਿਆਖਿਆਨ ਦੀ ਸ਼ੈਲੀ ਅਤਿਅੰਤ ਸੁੰਦਰ ਅਤੇ ਵਿਦਵਤਾ ਭਰੀ ਹੁੰਦੀ ਸੀ। ਆਪ ਜੀ ਨੇ ਡੇਰਾ ਅੰਤਰਜਾਮੀ ਦੀ ਮਹੰਤੀ ਦੀ ਵਸੀਅਤ ਸ੍ਰੀ ਮਾਨ ਮਹੰਤ ਮਿੱਤ੍ਰਪ੍ਰਕਾਸ਼ ਸਿੰਘ ਦੀ ਕੁਠਾਰੀ ਅਤੇ ਮਹੰਤ ਤੇਜਾ ਸਿੰਘ ਜੀ ਗੁਰੂਸਰ ਖੁੱਡਾ ਦੇ ਨਾਂ ਕੀਤੀ। ਆਪ ਜੀ ਸਵਰਗਵਾਸ ਹੋ ਗਏ।

**ਮਹੰਤ ਮਿੱਤ੍ਰਪ੍ਰਕਾਸ਼ ਸਿੰਘ ਜੀ, ਮਹੰਤ ਤੇਜਾ ਸਿੰਘ ਜੀ**

ਆਪ ਜੀ ਨੇ ਸਕੂਲੀ ਵਿੱਦਿਆ ਮੈਟ੍ਰਿਕ ਤੱਕ ਪਾਸ ਕੀਤੀ। ਧਾਰਮਿਕ ਵਿੱਦਿਆ ਸੰਤ ਹਜ਼ਾਰਾ ਸਿੰਘ ਜੀ ਅਤੇ ਸੁਆਮੀ ਬ੍ਰਹਮਾ ਨੰਦ ਜੀ ਤੋਂ ਪੜ੍ਹੀ ਹੈ। ਸ੍ਰੀ ਮਾਨ ਮਹੰਤ ਹਰਨਾਮ ਸਿੰਘ ਜੀ ਹਰਸ਼ੀ ਪਿੰਡ ਵਾਲਿਆਂ ਦੇ ਸ਼ਿਸ਼ ਬਣਕੇ ਸੇਵਾ ਵਿੱਚ ਲੱਗ ਗਏ। ਆਪ ਜੀ ਡੇਰੇ ਦੀ ਸੇਵਾ ਕਰ ਰਹੇ ਹਨ। ਆਪ ਜੀ ਨਿਰਮਲ ਪੰਚਾਇਤੀ ਅਖਾੜੇ ਦੇ ਕੁਠਾਰੀ ਹਨ ਅਤੇ ਆਪ ਦੇ ਗੁਰਭਾਈ ਮਹੰਤ ਤੇਜਾ ਸਿੰਘ ਜੀ ਗੁਰੂਸਰ ਖੁੱਡੇ ਵਾਲੇ ਡੇਰੇ ਦੇ ਮਹੰਤ ਹਨ ਅਤੇ ਇਸ ਦੇ ਨਾਲ-ਨਾਲ ਇਸ ਡੇਰੇ ਦੀ ਸੇਵਾ-ਸੰਭਾਲ ਕਰ ਰਹੇ ਹਨ। ਰਿਹਾਇਸ਼ ਲਈ ਕਮਰੇ ਅਤੇ ਸੁੰਦਰ ਦਰਬਾਰ ਹਾਲ ਤਿਆਰ ਕੀਤਾ ਹੈ। ਆਏ ਗਏ ਮਹਾਤਮਾ ਦੀ ਸੇਵਾ ਕਰਦੇ ਹਨ।

**ਡੇਰਾ ਬਾਬਾ ਪਰਦੁਮਨ ਸਿੰਘ ਜੀ**

ਇਸ ਡੇਰੇ ਦੇ ਅਬਾਦ ਹੋਣ ਤੋਂ ਪਹਿਲਾਂ ਜੋ ਮਹਾਂਪੁਰਖ ਹੋਏ ਹਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ। ਪਹਿਲੇ ਮਹਾਂਪੁਰਖ ਸੰਤ ਬਹਾਦਰ ਸਿੰਘ ਜੀ ਨੇ ਸੰਤ ਮੱਲ ਸਿੰਘ ਜੀ ਪੰਡੋਰੀ ਨਿਝਰਾਂ ਵਾਲਿਆਂ ਤੋਂ ਗੁਰ ਸ਼ਬਦ ਦੀ ਪ੍ਰਾਪਤੀ ਕੀਤੀ। ਸੰਤ ਬਹਾਦਰ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ। ਚੇਲਿਆਂ ਵਾਲੀ ਦੀ ਜੰਗ ਵਿੱਚ ਸਿੱਖਾਂ ਦੀ ਹਾਰ ਹੋਣ ਕਰਕੇ ਆਪ ਉਦਾਸ ਹੋ ਗਏ, ਘਰ ਨਹੀਂ ਗਏ ਕੁਰੂਕਸ਼ੇਤਰ, ਕਪਾਲ ਮੋਚਨ ਵਿੱਚ ਦੀ ਹਰਿਦੁਆਰ ਚਲੇ ਗਏ। ਕੁਝ ਸਮਾਂ ਬਾਅਦ ਪੰਡੋਰੀ ਨਿਝਰਾਂ ਵਿੱਚ ਆ ਕੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਕਰਨ ਲੱਗੇ। ਡੇਰੇ ਵਿੱਚ ਇੱਕ ਪਾਸੇ ਬੈਠਣ ਜੋਗੀ ਕੁਲੀ ਬਣਾ ਲਈ। ਰਾਤ ਦਿਨ ਚਿੰਤਨ ਵਿੱਚ ਬਤੀਤ ਕਰਨ ਲੱਗੇ। ਆਪ ਜੀ ਦਾ ਨਿੰਦ੍ਰਾ ਅਤੇ ਭੁਖ ਉੱਤੇ ਪੂਰਨ ਕਾਬੂ ਸੀ। ਕਈ-ਕਈ ਦਿਨ ਨਿਰਅਹਾਰ ਰਹਿੰਦੇ ਸਨ। ਕਿਸੇ-ਕਿਸੇ ਦਿਨ ਪਿੰਡ ਵਿਚੋਂ ਰੋਟੀ ਲੈ ਕੇ ਉੱਥੇ ਹੀ ਛੱਕ ਕੇ ਵਾਪਸ ਆ ਜਾਂਦੇ ਸਨ। ਸੰਤ ਕਾਨ੍ਹ ਸਿੰਘ ਜੀ ਆਪ ਦੇ ਸ਼ਿਸ਼ ਸਨ ਜੋ ਹਰ ਸਮੇਂ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਸਨ। ਆਪ ਜੀ 90 ਸਾਲ ਦੀ ਉਮਰ ਵਿੱਚ ਸੱਚਖੰਡ ਸਿਧਾਰ ਗਏ। **ਸੰਤ ਕਾਨ੍ਹ ਸਿੰਘ ਜੀ** ਆਪਣੇ ਮਹਾਂਪੁਰਖਾਂ ਦੀਆਂ ਅਸਥੀਆਂ ਹਰਿਦੁਆਰ ਲੈ ਕੇ ਗਏ। ਅਗੋਂ ਕਾਸ਼ੀ ਜੀ ਚਲੇ ਗਏ ਮਹਾਂਪੁਰਖਾਂ ਦਾ ਵਾਕ ਯਾਦ ਆਇਆ ਕਿ ਵਿੱਦਿਆ ਪ੍ਰਾਪਤ ਕਰਨੀ ਚਾਹੀਦੀ ਹੈ। ਬਸ ! ਪੜ੍ਹਨ ਲੱਗ ਪਏ। ਮਨ ਲਾ ਕੇ ਸੰਸਕ੍ਰਿਤ ਪੜ੍ਹੀ। ਵੇਦਾਂਤ ਅਤੇ ਨਯਾਯ ਵਿੱਚ ਉਲੇਖਨੀਯ ਸਫਲਤਾ ਪ੍ਰਾਪਤ ਕੀਤੀ। ਭ੍ਰਮਣ ਕਰਦੇ ਹਰਿਦੁਆਰ ਕੁੰਭ ਮੇਲੇ ਤੇ ਆਏ। ਬਾਬਾ ਦਰਗਾਹ ਸਿੰਘ ਦੇ ਡੇਰੇ ਵਿੱਚ ਕਥਾ ਕਰਦੇ ਰਹੇ। ਇਥੋਂ ਪੰਜਾਬ ਵੱਲ ਆ ਗਏ। ਕੁਝ ਸਮਾਂ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਗੁਰਬਾਣੀ ਦੀ ਕਥਾ ਕਰਦੇ ਰਹੇ। ਪੜ੍ਹਨ ਵਾਲੇ ਕਈ ਵਿਦਿਅਰਥੀਆਂ ਨੂੰ ਕੋਲ ਰੱਖਦੇ ਸਨ। ਜਿਨ੍ਹਾਂ ਨੂੰ ਵਿਧੀਵਤ ਗੁਰਮੰਤਰ ਦਿੱਤਾ। ਉਹ ਤਿੰਨ ਸ਼ਿਸ਼ ਸਨ। ਸੰਤ ਪ੍ਰਦੁਮਨ ਸਿੰਘ ਜੀ, ਸੰਤ ਈਸ਼ਰ ਸਿੰਘ ਜੀ ਅਤੇ ਸੰਤ ਵਿਸ਼ੰਭਰ ਸਿੰਘ ਜੀ। ਤਿੰਨੇ ਵਿਦਵਾਨ ਵਿਚਾਰਸ਼ੀਲ ਸਨ।

**ਸੰਤ ਪ੍ਰਦੁਮਨ ਸਿੰਘ ਜੀ** ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਅਤੇ ਕਥਾ ਕੀਰਤਨ ਦਾ ਅਜਿਹਾ ਪ੍ਰੇਮ ਹੋਇਆ ਕਈ ਸਾਲ ਆਪ ਅੰਮ੍ਰਿਤਸਰ ਰਹੇ। ਆਪਣੇ ਦੋਨਾਂ ਗੁਰਭਾਈਆਂ ਨਾਲ ਵਿਚਾਰ ਕਰਕੇ ਚੌਂਕ ਮੋਨੀ (ਮੂਲੇ ਕੀ ਗਲੀ) ਵਿੱਚ ਜਗ੍ਹਾ ਖ਼ਰੀਦ ਕੇ ਡੇਰਾ ਕਾਇਮ ਕੀਤਾ। ਕਥਾ ਕੀਰਤਨ ਦਾ ਅਨੰਦ ਪ੍ਰਾਪਤ ਕਰਨ ਲੱਗੇ। ਆਪ ਜੀ ਵੀ ਆਪਣੇ ਮਹਾਂਪੁਰਖਾਂ ਦੀ ਤਰ੍ਹਾਂ ਵਿਚਾਰਸ਼ੀਲ, ਵਿਦਵਾਨ, ਨਾਮ ਅਭਿਆਸੀ, ਪਰਉਪਕਾਰੀ ਮਹਾਂਪੁਰਖ ਸਨ। ਅਨੇਕਾਂ ਵਿਦਿਆਰਥੀਆਂ ਨੂੰ ਵਿੱਦਿਆ ਦਾਨ ਕੀਤਾ। ਅੰਤ ਸਮੇਂ ਆਪਣੇ ਗੁਰਭਾਈ ਸੰਤ ਈਸ਼ਰ ਸਿੰਘ ਜੀ ਨੂੰ ਇਸ ਸਥਾਨ ਦੀ ਮਹੰਤੀ ਦੇ ਕੇ ਆਪ ਸੱਚਖੰਡ ਸਿਧਾਰ ਗਏ।

**ਮਹੰਤ ਈਸ਼ਰ ਸਿੰਘ** ਜੀ ਦਾ ਜਨਮ ਪਿੰਡ ਵੱਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਬਚਪਨ ਵਿੱਚ ਹੀ ਸੰਤ ਕਾਨ੍ਹ ਸਿੰਘ ਜੀ ਦੇ ਸ਼ਿਸ਼ ਬਣ ਕੇ ਸੇਵਾ ਕਰਦੇ ਪੜ੍ਹਦੇ ਰਹੇ। ਆਪ ਜੀ ਆਪਣੇ ਗੁਰਭਾਈ ਦੇ ਨਾਲ ਡੇਰੇ ਦੀ ਇਮਾਰਤ ਬਣਾਉਣ ਵਿੱਚ ਅਣਥੱਕ ਸੇਵਾ ਕੀਤੀ ਅਤੇ ਸਦਾ ਡੇਰੇ ਦੀ ਸੇਵਾ-ਸੰਭਾਲ ਵਿੱਚ ਲੱਗੇ ਰਹੇ। ਆਪ ਜੀ ਆਪਣੇ ਸ਼ਿਸ਼ ਸੰਤ ਤਰਲੋਕ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਦੇ ਕੇ ਪ੍ਰਲੋਕ ਗਮਨ ਕਰ ਗਏ।

**ਮਹੰਤ ਤ੍ਰਿਲੋਕ ਸਿੰਘ** ਜੀ ਆਪ ਜੀ ਦਾ ਬਚਪਨ ਪਿੰਡ ਠੱਠਾ ਘਰਿਆਲਾ ਵਿੱਚ ਹੀ ਲੰਘਿਆ। ਪਿੰਡ ਵਿੱਚ ਉਦਾਸੀ ਸੰਤਾਂ ਦੇ ਡੇਰੇ ਵਿੱਚੋਂ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ। ਆਪ ਨਿਮਰਤਾ ਵਾਲੇ ਵਿਚਾਰਸ਼ੀਲ ਮਹਾਂਪੁਰਖ ਸਨ। ਡੇਰੇ ਦੀ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਿਆ ਸੀ। ਨਿਰਮਲ ਭੇਖ ਨਾਲ ਪ੍ਰੇਮ ਰਖਦੇ ਸਨ। ਆਪ ਜੀ ਦਾ ਪਰਮ ਸਤਿਕਾਰ ਸੀ। ਅੰਮ੍ਰਿਤਸਰ ਦੇ ਉਦਾਸੀਨ, ਸੇਵਾ ਪੰਥੀ, ਨਿਹੰਗ ਸਿੰਘ ਅਤੇ ਕਾਰ-ਸੇਵਾ ਵਾਲੇ ਸਮੂਹ ਮਹਾਂਪੁਰਖਾਂ ਦਾ ਪ੍ਰੇਮ ਸੀ। ਆਪ ਜੀ ਨੌਵੇਂ ਮਹੱਲੇ ਦੇ ਸਲੋਕ ਬੜੇ ਪ੍ਰੇਮ ਨਾਲ ਪੜ੍ਹਦੇ ਸਨ ਜੋ ਕਿ ਬਹੁਤ ਲੋਕ ਸੁਣਨ ਵਾਸਤੇ

ਆਉਂਦੇ ਸਨ। ਆਪ ਜੀ ਆਪਣੇ ਸ਼ਿਸ਼ ਸੰਤ ਅਮਰੀਕ ਸਿੰਘ ਨੂੰ ਡੇਰੇ ਦਾ ਮਹੰਤ ਬਣਾ ਕੇ ਸਵਰਗਵਾਸ ਹੋ ਗਏ।

**ਮਹੰਤ ਅਮਰੀਕ ਸਿੰਘ ਜੀ ਵੈਦ** ਆਪ ਜੀ ਨੇ ਮੈਟ੍ਰਿਕ ਦੀ ਵਿੱਦਿਆ ਪਿੰਡ ਠੱਠਾ ਵਿੱਚੋਂ ਪ੍ਰਾਪਤ ਕੀਤੀ। ਉਪਰੰਤ ਫੌਜ ਵਿੱਚ ਭਰਤੀ ਹੋ ਗਏ। ਕੁਝ ਸਮੇਂ ਉਪਰੰਤ ਮਹਾਂਪੁਰਖ ਦੀ ਆਗਿਆ ਨਾਲ ਪੈਨਸ਼ਨ ਲੈ ਕੇ ਵਾਪਿਸ ਆ ਕੇ ਮਹੰਤ ਤਰੋਲਕ ਸਿੰਘ ਜੀ ਦੇ ਡੇਰੇ ਰਹਿ ਕੇ ਧਾਰਮਿਕ ਵਿੱਦਿਆ ਪੜ੍ਹਦੇ ਰਹੇ ਅਤੇ ਆਪਣੇ ਪਿਤਾ ਸੰਤ ਅਨੋਖ ਸਿੰਘ ਜੀ ਤੋਂ ਵੈਦਿਕ ਦਾ ਗਿਆਨ ਪ੍ਰਾਪਤ ਕੀਤਾ। ਆਪ ਜੀ ਨੇ ਡੇਰੇ ਦੀ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਿਆ ਹੈ। ਆਪ ਨਬਜ਼ ਦੇ ਚੰਗੇ ਗਿਆਤਾ ਹਨ। ਜਨ ਸਧਾਰਨ ਦੀ ਸੇਵਾ ਕਰਦੇ ਹਨ।

### 14. ਡੇਰਾ ਸ੍ਰੀ ਮਾਨ ਗਿਆਨੀ ਬਖ਼ਸ਼ੀਸ਼ ਸਿੰਘ ਜੀ ਅਤੇ ਸੰਤ ਖੜਕ ਸਿੰਘ, ਚੌਂਕ ਬਾਬਾ ਸਾਹਿਬ

ਇਹ ਡੇਰਾ ਸ੍ਰੀ ਮਾਨ ਗਿਆਨੀ ਬਖਸ਼ੀਸ਼ ਸਿੰਘ ਜੀ ਦੇ ਉੱਤਰ-ਧਿਕਾਰੀ ਸੰਤ ਹੀਰਾ ਸਿੰਘ ਜੀ, ਨੇ 1907 ਈ. ਵਿੱਚ ਸਥਾਪਿਤ ਕੀਤਾ। ਸ੍ਰੀਮਾਨ ਬਾਬਾ ਮਹਿਤਾਬ ਸਿੰਘ ਜੀ ਜੋ ਸ੍ਰੀ ਮਾਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਦੇ ਸ਼ਿਸ਼ ਹੋਏ ਹਨ ਸੰਤ ਹੀਰਾ ਸਿੰਘ ਜੀ ਦੇ ਅੰਮ੍ਰਿਤ-ਉਪਦੇਸ਼ੀ ਹਨ। ਇਹ ਪ੍ਰਸਿੱਧ ਵਿਦਵਾਨ ਹੋਏ ਹਨ। ਗਿਆਨੀ ਹਮੀਰ ਸਿੰਘ ਜੀ ਸੇਵਾ-ਪੰਥੀ, ਆਦਿ ਅਨੇਕ ਗੁਣੀ-ਗਿਆਨੀਆਂ ਨੇ ਇਨ੍ਹਾਂ ਪਾਸੋਂ ਵਿੱਦਿਆ ਪ੍ਰਾਪਤ ਕੀਤੀ। ਇਨ੍ਹਾਂ ਨੂੰ ਸੰਤ ਹੀਰਾ ਸਿੰਘ ਜੀ ਵਲੋਂ ਉਚੇਚੀ ਪ੍ਰੇਰਨਾ ਹੋਈ ਸੀ ਕਿ ਅੰਮ੍ਰਿਤਸਰ ਵਿੱਚ ਰਹਿ ਕੇ ਹੀ ਵਿੱਦਿਆ ਦਾ ਦਾਨ ਕਰਨ। ਸੋ, ਸੰਤਾਂ ਪਾਸੋਂ ਆਸ਼ੀਰਵਾਦ ਪ੍ਰਾਪਤ ਕਰ ਕੇ ਆਪ ਨੇ ਅਜਿਹਾ ਹੀ ਕੀਤਾ ਅਤੇ ਅਭਿਲਾਖੀ ਸੱਜਣਾਂ ਨੂੰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦੇਂਦੇ ਰਹੇ ਅਤੇ ਪਿਛੋਂ ਸ੍ਰੀ ਦਸਮ ਗ੍ਰੰਥ ਜੀ ਦੀ। 40 ਵਰ੍ਹੇ ਆਪ ਜੀ ਨੇ ਵਿੱਦਿਆ-ਦਾਨ ਦੀ ਸੇਵਾ ਨਿਭਾਈ ਅਤੇ ਅੰਤ ਸੰਤ ਖੜਗ ਸਿੰਘ ਜੀ ਨੂੰ ਡੇਰੇ ਦੀ ਵਾਗ-ਡੋਰ ਸੌਂਪ ਕੇ 1913 ਈ. ਵਿੱਚ ਪਰਲੋਕ ਸਿਧਾਰ ਗਏ।

ਸ੍ਰੀ ਮਾਨ ਗਿਆਨੀ ਬਖ਼ਸ਼ੀਸ਼ ਸਿੰਘ ਜੀ ਦੇ ਛੋਟੇ ਭਰਾਤਾ ਤੇ ਗੁਰ-ਭਾਈ ਸੰਤ ਪਰਤਾਪ ਸਿੰਘ ਜੀ ਸਨ। ਆਪ ਜੀ ਮਧੂਕੜੀ ਲਿਆਉਂਦੇ ਅਤੇ ਗਿਆਨੀ ਜੀ ਅਤੇ ਆਈ ਸਾਧ-ਸੰਗਤ ਨੂੰ ਛਕਾਉਣ ਦੀ ਸੇਵਾ ਕਰਦੇ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਗੜੇ ਲਿਖਾਰੀ ਸਨ। ਆਪ ਜੀ ਦਾ ਪਰਲੋਕਗਮਨ 1939 ਈ. ਵਿੱਚ ਹੋਇਆ।

ਸੰਤ ਖੜਗ ਸਿੰਘ ਜੀ, ਸ੍ਰੀ ਮਾਨ ਗਿਆਨੀ ਬਖ਼ਸ਼ੀਸ਼ ਸਿੰਘ ਜੀ ਦੇ ਗੁਰ-ਭਾਈ ਸਨ। ਇਨ੍ਹਾਂ ਦੇ ਉੱਤਰ- ਅਧਿਕਾਰੀ ਸਨ, ਮਹੰਤ ਰਣ ਸਿੰਘ ਜੀ। ਆਪ ਦੋਵੇਂ ਹੀ ਸਦਾ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਦੀ ਸੇਵਾ ਅਤੇ ਅੰਮ੍ਰਿਤ ਪ੍ਰਚਾਰ ਵਿੱਚ ਤੱਤਪਰ ਰਹਿੰਦੇ। ਸੰਤ ਰਣ ਸਿੰਘ ਜੀ ਹਮੇਸ਼ਾਂ ਸ੍ਰੀ ਤਰਨ ਤਾਰਨ ਮਸਿਆ ਤੋਂ ਦੋ ਦਿਨ ਪਹਿਲਾਂ ਲੰਗਰ ਤਿਆਰ ਕਰ ਕੇ ਲਿਜਾਇਆ ਕਰਦੇ ਸਨ। ਅੱਜ ਕੱਲ੍ਹ ਇਸ ਡੇਰੇ ਦੀ ਸੇਵਾ ਉਨ੍ਹਾਂ ਦੇ ਉੱਤਰ-ਅਧਿਕਾਰੀ ਸੰਤ ਗੁਰਬਚਨ ਸਿੰਘ ਜੀ ਨੂੰ ਸੌਂਪੀ ਜੋ ਬੜੇ ਮਿਲਣਸਾਰ ਤੇ ਗਤਕੇ ਦੇ ਬੜੇ ਮਾਹਿਰ ਹਨ। ਆਪ ਡੇਰੇ ਦਾ ਪ੍ਰਬੰਧ ਬੜੀ ਸੁਯੋਗਤਾ ਨਾਲ ਚਲਾ ਰਹੇ ਹਨ। ਆਪ ਜੀ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੇ ਜਥੇ ਵਿੱਚ ਕਈ ਸਾਲ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਤਿਹਾਸ ਦਾ ਅਰਥ ਬੋਧ ਪ੍ਰਾਪਤ ਕਰਕੇ ਗੁਰਮਤਿ ਦੇ ਗਿਆਨੀ ਬਣੇ। ਸੰਤ ਦਲੀਪ ਸਿੰਘ ਜੀ ਉਸਤਾਦ ਤੋਂ ਸ਼ਸਤਰ ਵਿੱਦਿਆ ਵਿੱਚ ਕਮਾਲ ਪ੍ਰਾਪਤ ਕੀਤੀ। ਇਸ ਤਰ੍ਹਾਂ ਆਪ ਜੀ ਨੇ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਵਿੱਚ ਪ੍ਰਵੀਨਤਾ ਪ੍ਰਾਪਤ ਕੀਤੀ। ਆਪ ਜੀ ਦੀ ਗਤਕਾ ਪਾਰਟੀ ਕੁੰਭ ਮੇਲਿਆਂ ਉੱਤੇ ਧਨਰ ਵਿੱਦਿਆ ਦੇ ਜੋਹਰ ਵਿਖਾ ਕੇ ਨਾਮਣਾ ਖਟ ਚੁੱਕੀ ਹੈ ਅਤੇ ਇਨਾਮ ਪ੍ਰਾਪਤ ਕਰ ਚੁੱਕੀ ਹੈ। ਆਪ ਚੋਟੀ ਦੇ ਵੈਦ ਸਨ। ਮੁਫਤ ਔਸ਼ਧੀ ਦਿੰਦੇ ਸਨ। ਆਪ ਜੀ ਦੇ ਪਰਲੋਕ ਗਮਨ ਤੋਂ ਬਾਅਦ ਡੇਰੇ ਦਾ ਮਹੰਤ ਦਰਬਾਰਾ ਸਿੰਘ ਜੀ ਨੂੰ ਨਿਯੁਕਤ ਕੀਤਾ।

15. ਡੇਰਾ ਬਉਲੀ ਸ. ਬਘੇਲ ਸਿੰਘ (ਮਿਸਲ ਕਰੋੜੀਆਂ)

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਸਮੇਂ ਸ. ਬਘੇਲ ਸਿੰਘ ਜੀ, ਡੇਰਾ ਬਾਉਲੀ ਵਾਲੀ ਥਾਂ ਤੇ ਆਪਣਾ ਸਮਾਨ ਆਦਿ ਰੱਖਿਆ ਕਰਦੇ ਸਨ। ਇਹ ਅਸਥਾਨ ਉਨ੍ਹਾਂ ਨੇ ਸ. ਸ਼ਾਮ ਸਿੰਘ ਜੀ ਅਟਾਰੀ ਵਾਲੇ ਦੀ ਪ੍ਰੇਰਨਾ ਅਨੁਸਾਰ, ਗੋਦੜੀਏ ਸੰਤ ਮਲੂਕ ਸਿੰਘ ਜੀ ਨੂੰ ਦਿੱਤਾ। ਇਨ੍ਹਾਂ ਤੋਂ ਬਾਅਦ ਇਸ ਡੇਰੇ ਦੇ ਮੁੱਖ ਸੇਵਾਦਾਰ ਸੰਤ ਨੌਰੰਗ ਸਿੰਘ ਜੀ ਬਣੇ। ਉਪਰੰਤ ਸੰਤ ਅਤਰ ਸਿੰਘ ਜੀ ਨੇ 69 ਸਾਲ ਇਸ ਡੇਰੇ ਦੀ ਸੇਵਾ ਨਿਭਾਈ। ਸੰਤ ਅਤਰ ਸਿੰਘ ਤੋਂ ਬਾਅਦ ਮਹੰਤ ਤਿਰਲੋਕ ਸਿੰਘ ਜੀ, ਜੋ ਵਧੇਰੇ ਕਰਕੇ ਪੰਜ ਗਰਾਈਂ, ਜ਼ਿਲ੍ਹਾ ਫਰੀਦਕੋਟ ਵਿੱਚ ਨਿਵਾਸ ਰੱਖਦੇ ਹਨ, ਇਸ ਡੇਰੇ ਦੇ ਮੁੱਖ ਸੰਚਾਲਕ ਹਨ। ਇਨ੍ਹਾਂ ਤੋਂ ਬਾਅਦ ਮਹੰਤ ਮਾਹਣਾ ਸਿੰਘ ਜੀ ਸਨ ਅਤੇ ਆਪ ਨੇ ਡੇਰੇ ਦਾ ਕੰਮ ਚਲਾਉਣ ਲਈ ਗਿ. ਗੰਗਾ ਸਿੰਘ ਨਿਯੁਕਤ ਕੀਤਾ ਹੈ। ਇ ਆਏ ਗਏ ਸੰਤਾਂ ਨੂੰ ਗੁਰਬਾਣੀ, ਗੁਰ-ਇਤਿਹਾਸ ਤੇ ਹੋਰ ਨੀਤੀ ਸ਼ਾਸਤਰ, 'ਸਾਰਕੁਤਾਵਲੀ', 'ਭਾਵਰਸਾਮ੍ਰਿਤ' ਆਦਿ ਗ੍ਰੰਥਾਂ ਦਾ ਬੋਧ ਕਰਾਉਣ ਦੀ ਸੇਵਾ ਕਰਦੇ ਰਹੇ। ਆਪ ਜੀ ਤੋਂ ਬਾਅਦ ਮਹੰਤ ਦਰਸ਼ਨ ਸਿੰਘ ਜੀ ਮੁਖੀਏ ਮਹੰਤ ਪੰਜ ਗਰਾਈਂ ਵਾਲੇ ਅਤੇ ਮਹੰਤ ਨਾਜਰ ਸਿੰਘ ਜੀ ਸੈਕਟਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦੁਆਰ, ਮਹੰਤ ਨਛੱਤਰ ਸਿੰਘ ਜੀ ਇਸ ਡੇਰੇ ਦੀ ਸੇਵਾ-ਸੰਭਾਲ ਕਰਦੇ ਸਨ।

ਮਹੰਤ ਨਾਜਰ ਸਿੰਘ ਜੀ ਅਤੇ ਮਹੰਤ ਨੱਛਤਰ ਸਿੰਘ ਜੀ ਸਵਰਗਵਾਸ ਹੋ ਗਏ ਹਨ ਅਤੇ ਮਹੰਤ ਦਰਸ਼ਨ ਸਿੰਘ ਜੀ ਮੁਖੀਏ ਮਹੰਤ ਪੰਜ ਗਰਾਈਂ ਵਾਲਿਆਂ ਦੀ ਨਿਗਰਾਨੀ ਵਿੱਚ ਸੰਤ ਹਰਨੇਕ ਸਿੰਘ ਜੀ ਇਸ ਡੇਰੇ ਦੀ ਸੇਵਾ ਕਰ ਰਹੇ ਹਨ। ਆਪ ਸਭ ਨਾਲ ਬੜਾ ਪਿਆਰ ਅਤੇ ਮੇਲ-ਮਿਲਾਪ ਰਖਦੇ ਹਨ। ਆਏ ਮਹਾਂਪੁਰਖਾਂ ਦੀ ਸੇਵਾ ਕਰਦੇ ਹਨ।

16. ਡੇਰਾ ਸੰਤ ਜੋਗਾ ਸਿੰਘ ਜੀ-ਸੰਸਥਾਪਕ ਸੰਤ ਧਰਮ ਸਿੰਘ ਜੀ ਵਿਰਤਕ

ਸੰਤ ਧਰਮ ਸਿੰਘ ਜੀ ਵਿਰਤਕ ਠਾਕਰ ਬੱਲਾ ਸਿੰਘ ਜੀ ਖਡੂਰ ਵਾਲਿਆਂ ਦੇ ਸ਼ਿਸ਼ ਸਨ। ਡੇਰੇ 'ਚ ਸੇਵਾ ਕਰਕੇ ਪੜ੍ਹਦੇ ਰਹੇ। ਨਾਮ ਬਾਣੀ ਦਾ ਅਤੀ ਅਭਿਆਸ ਕੀਤਾ। ਕਾਫੀ ਸਾਲ ਰਿਸ਼ੀਕੇਸ਼ ਝਾੜੀ ਵਿੱਚ ਸਿਮਰਨ ਤਪੱਸਿਆ ਵੀ ਕੀਤੀ। ਸੰਤ ਜੋਗਾ ਸਿੰਘ ਜੀ ਨੂੰ ਉੱਤਰ-ਧਿਕਾਰੀ ਨਿਯੁਕਤ ਕਰਕੇ ਆਪ ਸੱਚਖੰਡ ਸਿਧਾਰ ਗਏ।

**ਮਹੰਤ ਜੋਗਾ ਸਿੰਘ** ਜੀ ਜਨਮ ਪਿੰਡ ਪੱਤੋ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਆਪ ਜੀ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਹਰਿਦ੍ਵਾਰ, ਰਿਸ਼ੀਕੇਸ਼ ਝਾੜੀਆਂ ਵਿੱਚ ਬੈਠ ਕੇ ਇਕਾਗਰ ਚਿਤ ਹੋ ਕੇ ਚਿੰਤਨ ਵਿੱਚ ਲੱਗ ਗਏ। ਬਿਨਾਂ ਨਾਮ ਸਿਮਰਨ ਤੋਂ ਕੋਈ ਗੱਲਬਾਤ ਨਹੀਂ ਕਰਦੇ ਸਨ। ਆਪ ਜੀ ਨੇ ਡੇਰੇ ਦੇ ਪ੍ਰਬੰਧ ਨੂੰ ਬੜੀ ਯੋਗਤਾ ਨਾਲ ਚਲਾਇਆ। ਸਤਸੰਤ, ਕਥਾ-ਕੀਰਤਨ, ਲੰਗਰ ਦਾ ਪ੍ਰਵਾਹ ਜਾਰੀ ਰੱਖਿਆ। ਮੁਜ਼ੱਫਰਾਬਾਦ ਵਿੱਚ ਆਪ ਜੀ ਦੇ ਹੱਥਾਂ ਦੀ ਵੈਰਾਂਗਣ ਅਤੇ ਬਰਛਾ ਡੇਰੇ ਵਿੱਚ ਹਨ। ਆਪਣੇ ਸ਼ਿਸ਼ ਸਪੁੱਤਰ ਸੰਤ ਦਇਆ ਸਿੰਘ ਜੀ ਨੂੰ ਉੱਤਰ-ਧਿਕਾਰੀ ਨਿਯੁਕਤ ਕੀਤਾ।

**ਮਹੰਤ ਦਇਆ ਸਿੰਘ** ਜੀ ਜਨਮ 6 ਸਾਵਣ, ਸੰਮਤ 1906 ਨੂੰ ਹੋਇਆ। ਬਚਪਨ ਵਿੱਚ ਵਿੱਦਿਆ ਪੜ੍ਹਦੇ ਰਹੇ। ਗੁਰਬਾਣੀ, ਗੁਰ-ਇਤਿਹਾਸ ਪੜ੍ਹਨ ਤੋਂ ਬਾਅਦ ਕਾਂਸ਼ੀ ਚਲੇ ਗਏ। ਇਥੇ ਸੰਸਕ੍ਰਿਤ ਵਿੱਦਿਆ ਪੜ੍ਹੀ। ਚੰਗੇ- ਚੰਗੇ ਵਿਦਵਾਨ, ਗੁਣੀ-ਗਿਆਨੀ ਆਪਣੇ ਨਾਲ ਰੱਖ ਕੇ ਹਰ ਵਰਸ਼ ਸਿੱਖੀ ਸੇਵਕੀ ਵਿੱਚ ਦੌਰਾ ਕਰਦੇ ਸਨ। ਆਪਣੇ ਸਪੁੱਤਰ ਸੰਤ ਨਾਰਾਇਣ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਆਪ ਜੀ ਦੀ ਆਯੂ ਕੇਵਲ ਡੇਢ ਕੁ ਸਾਲ ਦੀ ਹੀ ਸੀ ਜਦੋਂ ਗੁਰੂ ਪਿਤਾ ਸੁਚਖੰਡ ਸਿਧਾਰ ਗਏ। ਆਪ ਜੀ ਦੀ ਪਾਲਣਾ ਅਤੇ ਡੇਰੇ ਦਾ ਪ੍ਰਬੰਧ ਸਰਬਰਾਹ ਕਰਦੇ ਰਹੇ।

ਆਪ ਚੰਗੇ ਰਾਗੀ ਤੇ ਗੁਰੂ ਘਰ ਦੇ ਵਿਦਵਾਨ ਬਣੇ। ਕਸ਼ਮੀਰ ਸਟੇਟ ਵੱਲੋਂ ਸ਼੍ਰੋ. ਗੁ. ਪ੍ਰ. ਕਮੇਟੀ ਦੇ ਮੈਂਬਰ ਰਹੇ। ਅਕਾਲੀ ਲਹਿਰ ਵਿੱਚ ਵੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਹਿੱਸਾ ਪਾਇਆ ਅਤੇ ਕਸ਼ਮੀਰ ਵਿੱਚੋਂ ਜਥੇ ਲੈ ਕੇ ਗਏ। ਆਪ ਜੀ ਨੇ ਆਪਣੇ ਗੁਰਭਾਈ ਭਾਈ ਕਿਸ਼ਨ ਸਿੰਘ ਜੀ ਦੇ ਨਾਂ ਡੇਰੇ ਦੀ ਵਸੀਅਤ ਕਰ ਦਿੱਤੀ। ਮਹੰਤ ਕਿਸ਼ਨ ਸਿੰਘ ਜੀ ਦਾ ਜਨਮ ਭਾਈ

ਸਾਹਿਬ ਸਿੰਘ ਰੰਧਾਵੇ ਦੇ ਘਰ ਹੋਇਆ। ਆਪ ਨਾਮ ਬਾਣੀ ਦੇ ਰਸੀਏ ਅਤੇ ਪਵਿੱਤਰ ਜੀਵਨ ਵਾਲੇ ਸਨ। ਸੰਨ 1947 ਵਿੱਚ ਪਿੰਡ ਮੁਜ਼ੱਫਰਾਬਾਦ ਤੇ ਕਬਾਇਲੀਆਂ ਦਾ ਹਮਲਾ ਹੋਇਆ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੇ ਕਬਾਇਲੀਆਂ ਹੱਥੋਂ ਸ਼ਹੀਦ ਹੋ ਗਏ। ਇਹ ਸਥਾਨ ਪਾਕਿਸਤਾਨ ਵਿੱਚ ਹੈ। ਆਪ ਜੀ ਦੇ ਸ਼ਿਸ਼ ਸੰਤ ਕੁਲਦੀਪ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਆਪ ਜੀ ਨੂੰ ਸੇਵਾ ਦੀ ਬੜੀ ਲਗਨ ਸੀ। ਨਿਮਰਤਾ ਵਾਲਾ ਸੁਭਾਅ ਸੀ। ਆਪ ਨੌਜਵਾਨ ਅਵਸਥਾ ਵਿੱਚ ਹੀ ਗੁਰਪੁਰੀ ਸਿਧਾਰ ਗਏ। ਡੇਰੇ ਦੇ ਮਹੰਤ ਆਪ ਜੀ ਦੇ ਪਿਤਾ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੂੰ ਨਿਯੁਕਤ ਕੀਤਾ। ਆਪ ਜੀ ਨੇ ਗਿਆਨੀ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ। 16 ਸਾਲ, 1947 ਤੋਂ 1962 ਤੱਕ ਸ੍ਰੀ ਦਰਬਾਰ ਸਾਹਿਬ ਦੇ ਪਹਿਲਾਂ ਗ੍ਰੰਥੀ ਅਤੇ ਫਿਰ ਹੈੱਡ ਗ੍ਰੰਥੀ ਦੀ ਪਦਵੀ ਤੇ ਸੇਵਾ ਕਰਦੇ ਰਹੇ। ਸਿੰਘ ਸਾਹਿਬ ਪਦ ਦਾ ਰੈਜ਼ੂਲੇਸ਼ਨ ਆਪ ਜੀ ਨੇ ਪਾਸ ਕਰਵਾਇਆ। ਜੋ ਕਿ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘਾਂ ਅਤੇ ਅਕਾਲ ਤਖ਼ਤਾਂ ਦੇ ਜਥੇਦਾਰਾਂ ਦੇ ਨਾਂ ਨਾਲ ਲੱਗਦਾ ਹੈ। 1965 ਵਿੱਚ ਆਪ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਬੜੇ ਉਤਸ਼ਾਹ ਅਤੇ ਪ੍ਰੇਮ ਨਾਲ ਆਪ ਜੀ ਨੇ ਸੇਵਾ ਨਿਭਾਉਣਾ ਕੀਤੀ। ਆਪ ਜੀ ਨੇ 1970 ਵਿੱਚ ਅਜ਼ਾਦ ਉਮੀਦਵਾਰ ਵਜੋਂ ਕਾਗਜ਼ ਦਾਖਲ ਕੀਤੇ ਅਤੇ ਰਾਜ ਸਭਾ ਲਈ ਮੈਂਬਰ ਚੁਣੇ ਗਏ। ਆਪ ਜੀ ਨੇ ਦੇਸ਼ ਕੌਮ ਦੀ ਅਣਥੱਕ ਸੇਵਾ ਕੀਤੀ। ਡੇਰੇ ਦੀ ਬਹੁਤ ਤਰੱਕੀ ਕੀਤੀ। ਆਪਣੇ ਪੁੱਤਰ ਚੇਲੇ **ਸੰਤ ਜਸਵਿੰਦਰ ਸਿੰਘ** ਜੀ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਜੋ ਕਿ ਬਹੁਤ ਮਿਲਣਸਾਰ ਹਨ, ਸੰਤ ਸੰਗੀ ਹਨ, ਮਹੰਤੀ ਦੇ ਨਾਲ-ਨਾਲ ਆਪ ਜੀ ਐਚ.ਡੀ.ਐਫ.ਸੀ. ਬੈਂਕ ਵਿੱਚ ਮੈਨੇਜਰ ਦੀ ਡਿਊਟੀ ਵੀ ਸੰਭਾਲ ਰਹੇ ਹਨ। ਡੇਰੇ ਦਾ ਪ੍ਰਬੰਧ ਪੁਰਾਤਨ ਮਰਿਯਾਦਾ ਅਨੁਸਾਰ ਚਲਾ ਰਹੇ ਹਨ ਅਤੇ ਆਏ ਗਏ ਮਹਾਂਪੁਰਖਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ।

**17. ਨਿਰਮਲ ਤਖਤ ਰਮਦਾਸ, ਸੰਸਥਾਪਕ ਸ੍ਰੀ ਸੰਤ ਜਸਵੰਤ ਸਿੰਘ ਜੀ**

ਆਪ ਜੀ ਦਾ ਜਨਮ ਨਾਨਕੇ ਘਰ ਹੋਇਆ। ਸਕੂਲ ਵਿੱਚ ਮੈਟ੍ਰਿਕ ਪਾਸ ਕੀਤੀ। ਬਚਪਨ ਤੋਂ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਦੂਰ ਨੇੜੇ ਜਾ ਕੇ ਵੀ ਸਾਧਾਂ/ਸੰਤਾਂ ਨਾਲ ਪਰਮਾਰਥ ਸੰਬੰਧੀ ਵਿਚਾਰ ਵਿਮਰਸ਼ ਕਰਦੇ ਸਨ। ਸੰਤ ਹੀਰਾ ਸਿੰਘ ਜੀ ਨੇ ਆਪ ਜੀ ਦੀ ਪਦਮ ਰੇਖਾ ਵੇਖ ਕੇ ਫ਼ਰਮਾਇਆ, ਭਾਈ ਸਮਾਂ ਆਵੇਗਾ, ਬੜਾ ਤਪ-ਤੇਜ, ਪ੍ਰਤਾਪ ਵਧੇਗਾ। ਲੱਖਾਂ ਦੀ ਕਲਿਆਣ ਤੁਹਾਡੇ ਕੋਲੋਂ ਹੋਵੇਗੀ। ਤੁਹਾਡੇ ਸਥਾਨ ਤੇ ਨਾਮ-ਬਾਣੀ, ਕਥਾ-ਕੀਰਤਨ ਦਾ ਪਰਵਾਹ ਵਹਿੰਦਾ ਰਹੇਗਾ। ਮਹਾਂਪੁਰਖਾਂ ਨੇ ਹੱਸ ਕੇ ਫ਼ਰਮਾਇਆ, ਪਰ ਇੱਕ ਗੱਲ ਯਾਦ ਰਖੀਂ, ਧਨੋ ਆਵੇ ਤਾਂ ਮਾਣੋ ਨ ਵੜਨ ਦੇਵੀਂ।

'ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ' ਆਪ ਜੀ ਨੇ ਆਖਿਆ। ਸੰਤ ਗੰਗਾ ਸਿੰਘ ਜੀ ਨੇ ਸਪੱਸ਼ਟ ਕੀਤਾ। ਮਹਾਂਪੁਰਖਾਂ ਦਾ ਭਾਵ ਹੈ ਕਿ ਤੁਹਾਡੇ ਕੋਲ ਅਪਾਰ ਧਨ ਆਵੇਗਾ ਧਨ ਨਾਲ ਮਾਣ ਨਹੀਂ ਕਰਨਾ, ਨਿਮਰਤਾ ਰਖਣੀ। ਮਹਾਂਪੁਰਖਾਂ ਤੋਂ ਪ੍ਰਸੰਨਤਾ ਭਰਿਆ ਵਰਦਾਨ ਪ੍ਰਾਪਤ ਕਰਕੇ ਆਪ ਨਿਮਰਤਾ ਪੂਰਵਕ ਸੇਵਾ ਕਰਦੇ ਰਹੇ ਅਤੇ ਨਾਮ ਦਾ ਅਭਿਆਸ ਜਾਰੀ ਰੱਖਿਆ। ਆਪ ਜੀ ਨੇ 'ਝੰਡਾ ਰਮਦਾਸ' ਵਿਖੇ ਬਾਬਾ ਬੁੱਢਾ ਜੀ ਦੀ ਸਮਾਧ ਤੇ ਆ ਕੇ ਨੌਂ ਮਹੀਨੇ ਅਕਹਿ ਸਿਮਰਨ ਕੀਤਾ। ਇੱਕ ਦਿਨ ਸੁਪਨੇ ਵਿੱਚ ਬਉਲੀ ਸਾਹਿਬ ਦੇ ਦਰਸ਼ਨ ਹੋਏ ਅਤੇ ਕਾਰ-ਸੇਵਾ ਦੀ ਆਗਿਆ ਹੋਈ। ਆਪ ਇਕੱਲਿਆਂ ਹੀ ਕਾਰ-ਸੇਵਾ ਅਰੰਭ ਕਰ ਦਿੱਤੀ। ਇੱਕ ਦਿਨ ਮਹੰਤ ਰੁਘਵੀਰ ਸਿੰਘ ਜੀ ਅਤੇ ਸੰਤ ਸੁਰੈਣ ਸਿੰਘ ਜੀ ਭੂਰੀ ਵਾਲੇ ਆਪ ਜੀ ਨੂੰ ਮਿਲਣ ਆਏ। ਪੁੱਛਿਆ ਸੰਤ ਜੀ ਕਿੱਥੋਂ ਆਏ ਹੋ? ਕੀ ਮਨੋਰਥ ਹੈ? ਆਪ ਜੀ ਨੇ ਆਪਣਾ ਪੂਰਾ ਪਰਿਚਯ ਦਿੱਤਾ। ਮਹੰਤ ਰਘੁਵੀਰ ਸਿੰਘ ਜੀ ਨੇ ਦੋ ਪਰਚੀਆਂ ਲਿਖਕੇ ਬਾਬਾ ਬੁੱਢਾ ਜੀ ਦੀ ਸਮਾਧ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰਖੀਆਂ। ਇੱਕ ਪਰਚੀ ਤੇ ਲਿਖਿਆ ਸੀ ਕਿ, 'ਕਾਰ ਸੇਵਾ ਦੀ ਆਗਿਆ ਹੈ' ਅਤੇ ਦੂਜੀ ਪਰਚੀ ਤੇ ਲਿਖਿਆ ਸੀ ਕਿ 'ਕਾਰ ਸੇਵਾ ਦੀ ਆਗਿਆ ਨਹੀਂ ਹੈ।' ਫਿਰ ਅਰਦਾਸ ਕਰਕੇ ਸੰਤ

ਸੁਰੈਣ ਸਿੰਘ ਜੀ ਭੂਰੀ ਵਾਲਿਆਂ ਨੂੰ ਇੱਕ ਪਰਚੀ ਲਿਆਉਣ ਵਾਸਤੇ ਕਿਹਾ ਜੋ ਖੋਲ੍ਹ ਕੇ ਪੜ੍ਹੀ ਤਾਂ ਲਿਖਿਆ ਸੀ 'ਕਾਰ ਸੇਵਾ ਦੀ ਆਗਿਆ ਹੈ।' ਇਸ ਤੋਂ ਬਾਅਦ ਮਹੰਤ ਰਘੁਵੀਰ ਸਿੰਘ ਜੀ ਨੇ ਵਿਧੀਵਤ ਇਹ ਸਥਾਨ ਆਪ ਜੀ ਨੂੰ ਸੰਭਾਲ ਕੇ ਸੇਵਾ ਕਰਨ ਦੀ ਆਗਿਆ ਕੀਤੀ। ਆਪਣੇ ਹੱਥੀਂ ਸਥਾਨ ਦੀ ਨੀਂਹ ਰੱਖਕੇ ਸਥਾਨ ਸੰਭਾਲ ਦਿੱਤਾ।

ਸੰਨ 1951 ਈ. ਵਿੱਚ ਆਪ ਜੀ ਨੇ ਮਹਾਨ ਸੰਤ ਸੰਮੇਲਨ ਕੀਤਾ ਜਿਸ ਵਿੱਚ ਨਿਰਮਲ ਭੇਖ ਦੇ ਸਮੂਹ ਮਹਾਂਪੁਰਖਾਂ ਅਤੇ ਖਟ ਦਰਸ਼ਨ ਸਾਧੂ ਸਮਾਜ, ਧੁਰੰਧਰ ਵਿਦਵਾਨ, ਪੰਡਤ ਗਿਆਨੀ, ਰਾਗੀ, ਮਹੰਤ, ਮੰਡਲੇਸ਼੍ਵਰ, ਵਿਰਕਤ ਸਭ ਪਹੁੰਚੇ। ਸ੍ਰੀਮਾਨ 108 ਸ੍ਰੀ ਮਹੰਤ ਪੰਡਤ ਸੁੱਚਾ ਸਿੰਘ ਜੀ ਵੀ ਦਰਸ਼ਨ ਦੇ ਰਹੇ ਸਨ। ਇਸ ਸਮੇਂ ਪੰਜ ਸੌ ਸਹਿਜ ਪਾਠਾਂ ਦਾ ਅਤੇ ਗਿਆਨੀ ਸੁੰਦਰ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪਾਇਆ ਗਿਆ। ਇਸ ਇਤਿਹਾਸਕ ਇਕੱਠ ਵਿੱਚ ਪੂਜਯ ਸ੍ਰੀ ਮਹੰਤ ਸਵਾਮੀ ਸੁੱਚਾ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਕਿ ਸਥਾਨ ਦਾ ਨਾਂ ਕਰਨ ਕੀਤਾ ਜਾਵੇ। ਸ੍ਰੀ ਮਹੰਤ ਜੀ ਨੇ "ਦੁਖ ਭੰਜਨ ਤੇਰਾ ਨਾਮ ਜੀ, ਦੁਖ ਭੰਜਨ ਤੇਰਾ ਨਾਮ। ਆਠ ਪਹਰ ਅਰਾਧੀਐ ਪੂਰਨ ਸਤਿਗੁਰ ਗਿਆਨ।" ਸ਼ਬਦ ਦਾ ਪਾਠ। ਅਰਦਾਸ ਕਰਕੇ ਡੇਰੇ ਦਾ ਨਾਂ ਨਿਰਮਲ ਤਖਤ ਤਲਾਬ ਬਾਬਾ ਬੁੱਢਾ ਜੀ" ਰੱਖਿਆ। ਜੋ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨ ਹੋਇਆ। ਇਸ ਤਰ੍ਹਾਂ ਬਾਬਾ ਜਸਵੰਤ ਸਿੰਘ ਜੀ ਪਰਉਪਕਾਰ ਕਰਦੇ ਹੋਏ ਪ੍ਰੇਮੀਆਂ ਨੂੰ ਨਾਮ-ਬਾਣੀ, ਸਿਮਰਨ ਨਾਲ ਜੋੜਦੇ ਹੋਏ 24 ਜੂਨ, 1973 ਈ. ਨੂੰ ਸਵਰਗਵਾਸ ਹੋ ਗਏ। ਆਪ ਜੀ ਦੇ ਉੱਤਰ-ਧਿਕਾਰੀ ਆਪ ਜੀ ਦੇ ਸਪੁੱਤਰ ਸ਼ਿਸ਼ ਸੰਤ ਬਾਬਾ ਭਗਵੰਤ ਭਜਨ ਸਿੰਘ ਜੀ ਹਨ।

ਮਹੰਤ ਬਾਬਾ ਭਗਵੰਤ ਭਜਨ ਸਿੰਘ ਜੀ ਆਪ ਜੀ ਨੇ ਬੀ.ਏ. ਤੱਕ ਦੀ ਵਿੱਦਿਆ ਪ੍ਰਾਪਤ ਕੀਤੀ। ਉਪਰੰਤ ਧਾਰਮਿਕ ਵਿੱਦਿਆ ਗਿਆਨੀ ਸੁੰਦਰ ਸਿੰਘ ਜੀ ਕਥਾ ਵਾਲਿਆਂ ਤੋਂ ਪ੍ਰਾਪਤ ਕੀਤੀ। ਹਰ ਸਮੇਂ ਪਿਤਾ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਿਰ ਰਹਿਣ ਲੱਗੇ। ਆਪ ਜੀ ਤਦ-ਤੇਜ ਵਾਲੇ ਮਹਾਂਪੁਰਖ ਹਨ। ਸ੍ਵਾਸ-ਸ੍ਵਾਸ ਪਰਉਪਕਾਰ ਵਿੱਚ ਬਤੀਤ ਹੁੰਦਾ ਹੈ। ਆਪ ਜੀ ਹਜ਼ਾਰਾਂ ਪ੍ਰੇਮੀਆਂ ਨੂੰ ਨਾਮ ਬਾਣੀ ਸਿੱਖੀ ਨਾਲ ਜੋੜਦੇ, ਪਰਉਪਕਾਰ, ਸੇਵਾ-ਸਿਮਰਨ ਕਰਾਉਂਦੇ ਹਨ। ਡੇਰਾ ਨਿਰਮਲ ਤਖਤ ਰਮਦਾਸ ਦੀਆਂ ਹੋਰ ਵੀ ਸ਼ਾਖਾਵਾਂ ਹਨ ਜਿੱਥੇ ਹਰ ਸਮੇਂ ਧਰਮ-ਪ੍ਰਚਾਰ, ਕਥਾ ਕੀਰਤਨ, ਸਤਿਸੰਗ ਦਾ ਪ੍ਰਵਾਹ ਚਲਦਾ ਹੈ:

1. ਆਤਮ ਦਰਸ਼ੀ ਹਰਿਮੰਦਰ ਦਕੋਹਾ, ਜਲੰਧਰ ਛਾਉਣੀ
2. ਬਾਬੇ ਦਾ ਬਾਗ ਕੜਾਲ ਕਲਾਂ ਡਾਕ : ਖੈੜਾ ਦੋਨਾ, ਕਪੂਰਥਲਾ
3. ਦੂਖ ਨਿਵਾਰਨ ਬਿਸ਼ਨਪੁਰੀ ਬਿਲਾਸਪੁਰ, ਜ਼ਿਲ੍ਹਾ ਰਾਮਪੁਰ (ਉੱਤਰ ਪ੍ਰਦੇਸ਼)
4. ਨਵਾਬ ਗੰਜਖੇੜਾ, ਡਾਕ. ਬਾਜਪੁਰ ਜ਼ਿਲ੍ਹਾ ਨੈਨੀਤਾਲ (ਯੂ.ਪੀ.)
5. ਦਸ਼ਮੇਸ਼ ਨਗਰ, ਡਾ: ਚੰਦੜ ਕਲਾਂ, ਜ਼ਿਲ੍ਹਾ ਹਿਸਾਰ (ਹਰਿਆਣਾ)

ਇਹ ਉਪਰੋਕਤ ਪੰਜ ਕੇਂਦਰ ਸ੍ਰੀ ਬਾਬਾ ਜਸਵੰਤ ਸਿੰਘ ਜੀ ਦੇ ਸਮੇਂ ਵਿੱਚ ਸਥਾਪਿਤ ਕੀਤੇ ਗਏ ਸਨ। ਹੇਠਂ ਲਿਖੇ ਤਿੰਨ ਕੇਂਦਰ ਸ੍ਰੀ ਬਾਬਾ ਭਗਵੰਤ ਭਜਨ ਸਿੰਘ ਜੀ ਨੇ ਕਾਇਮ ਕੀਤੇ ਹਨ:

6. ਪਿੰਡ ਨੀਲੋਖੇੜੀ, ਕਰਨਾਲ
7. ਪਿੰਡ ਬੁੱਢਪੁਰ, ਡਾ. ਅਲੀਪੁਰ ਜੀ.ਟੀ. ਰੋਡ (ਕਰਨਾਲ)।
8. ਹੈਲੋ ਮਾਜਰਾ, ਚੰਡੀਗੜ੍ਹ

ਧਰਮ ਪ੍ਰਚਾਰ ਵਾਸਤੇ ਆਪ ਜੀ ਵਲੋਂ 'ਨਿਰਮਲ ਮਾਰਗ' ਮਾਸਕ ਪੱਤ੍ਰਿਕਾ ਵੀ ਚੱਲ ਰਿਹਾ ਹੈ। ਆਪ ਜੀ ਨੇ ਬਾਬਾ ਬੁੱਢਾ ਜੀ ਦੀ ਸ਼ਤਾਬ੍ਦੀ ਦਾ ਸਮਾਗਮ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਮਨਾਇਆ ਸੀ। ਆਪ ਜੀ ਨੇ ਦਕੋਹਾ ਜਲੰਧਰ ਛਾਉਣੀ ਵਿਖੇ ਹਸਪਤਾਲ ਦੀ ਸਥਾਪਨਾ ਕੀਤੀ ਹੈ। ਜਿਸ ਵਿੱਚ ਟੈਸਟ ਟਿਊਬ ਬੇਬੀ ਦਾ ਯੋਗ ਪ੍ਰਬੰਧ ਕੀਤਾ ਹੈ। ਆਪ ਜੀ ਭੇਖ ਦੀ ਅਤੇ ਆਈ ਸਾਧ ਸੰਗਤ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ।

18. **ਡੇਰਾ ਸਤਲਾਣੀ, ਕੌਲਸਰ ਸਾਹਿਬ**

ਇਸ ਡੇਰੇ ਦਾ ਸੰਬੰਧ ਸ੍ਰੀ ਬਾਬਾ ਕੂਮਾ ਸਿੰਘ ਜੀ ਸੰਪ੍ਰਦਾਇ ਨਾਲ ਹੈ ਜਿਸ ਦੇ ਮੁਖੀ ਭਾਈ ਬੁਲਾਕਾ ਸਿੰਘ ਜੀ ਹੋਏ ਹਨ। ਆਪ ਕਈ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਹਾਜ਼ਰ ਰਹੇ। ਗੁਰੂ ਜੀ ਦੀ ਆਪ ਜੀ ਤੇ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਸੀ। ਤਲਵੰਡੀ ਸਾਬੋ (ਦਮਦਮਾ ਸਾਹਿਬ) ਤੋਂ ਦੱਖਣ ਨੂੰ ਜਾਣ ਸਮੇਂ ਆਪ ਜੀ ਨੂੰ ਲਾਹੌਰ ਜਾ ਕੇ ਆਪਣੇ ਪਰਿਵਾਰ ਦੀ ਸੇਵਾ ਸੰਭਾਲ ਕਰਨ ਲਈ ਕਿਹਾ। ਲਾਹੌਰ ਵਿੱਚ ਇੱਕ ਸਿੱਖ ਨੇ, ਆਪਣੀ ਲੜਕੀ ਦਾ ਵਿਆਹ ਉਨ੍ਹਾਂ ਦੇ ਨਾਲ ਕਰ ਦਿੱਤਾ। ਕੁਝ ਸਮੇਂ ਬਾਅਦ ਆਪ ਜੀ ਦੇ ਘਰ ਤਿੰਨ ਲੜਕੇ ਹੋਏ, ਜਿਨ੍ਹਾਂ ਵਿਚੋਂ ਛੋਟੇ, ਭਾਈ ਵਸਤੀ ਰਾਮ ਦੀ ਜ਼ਿੰਦਗੀ ਬੜੀ ਪਵਿੱਤਰ ਮੰਨੀ ਗਈ ਹੈ। ਆਪ ਦਾ ਲਿਬਾਸ ਫ਼ਕੀਰਾਨਾ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਵਰਗੀਆਂ ਸ਼ਖ਼ਸੀਅਤਾਂ ਆਪ ਦੀ ਆਗਿਆ ਮੰਨਣ ਵਿੱਚ ਵਡਿਆਈ ਸਮਝਦੀਆਂ ਸਨ। ਭਾਈ ਵਸਤੀ ਰਾਮ ਜੀ ਦੀ ਸੰਪ੍ਰਦਾਇ, ਨਾਦੀ ਤੇ ਬਿੰਦੀ, ਦੋਹਾਂ ਰੂਪਾਂ ਵਿੱਚ ਪ੍ਰਚੱਲਿਤ ਹੋਈ। ਆਪ 90 ਸਾਲ ਦੀ ਉਮਰ ਵਿੱਚ ਲਾਹੌਰ ਵਿੱਚ ਸੰਨ 1803 ਈ. ਵਿੱਚ ਸਮਾਏ। ਆਪ ਦੇ ਨਾਂ ਉਤੇ ਅੱਜ ਵੀ ਅੰਮ੍ਰਿਤਸਰ ਵਿੱਚ ਅਨਾਜ, ਆਦਿ ਦੀ ਪ੍ਰਸਿੱਧ ਮੰਡੀ ਢਾਬ ਵਸਤੀ ਰਾਮ ਕਰਕੇ ਕਾਇਮ ਹੈ।

ਭਾਈ ਵਸਤੀ ਰਾਮ ਦੇ ਸੇਵਕ **ਬਾਬਾ ਸੇਵਾ ਸਿੰਘ ਜੀ** ਅਤੇ ਉਨ੍ਹਾਂ ਦੇ ਅੱਗੇ **ਬਾਬਾ ਕੂਮਾ ਸਿੰਘ ਜੀ** ਹੋਏ ਜਿਨ੍ਹਾਂ ਨੇ ਰਾਜ-ਦਰਬਾਰਾਂ ਵਿੱਚ ਵੀ ਬੜਾ ਨਾਂ ਖੱਟਿਆ। ਬਾਬਾ ਕੂਮਾ ਸਿੰਘ ਜੀ ਦੇ ਸ਼ਿਸ਼, ਬਾਬਾ ਦਇਆ ਸਿੰਘ ਜੀ ਤੋਂ ਬਾਅਦ ਬਾਬਾ ਬੀਰ ਸਿੰਘ ਦਿਲੀ ਤੋੜ ਸਿੰਘ, ਇਨ੍ਹਾਂ ਤੋਂ ਬਾਅਦ ਬਾਬਾ ਕਿਰਪਾ ਸਿੰਘ ਜੀ ਹੋਏ ਹਨ, ਜਿਨ੍ਹਾਂ ਗੁਰਦੁਆਰਾ ਸਤਲਾਣੀ ਸਾਹਿਬ, ਆਦਿ ਗੁਰ-ਅਸਥਾਨਾਂ ਵਿੱਚ ਨਿਵਾਸ ਕਰ ਕੇ ਗੁਰਮਤਿ-ਮਰਯਾਦਾ ਸਥਾਪਿਤ ਕੀਤੀ। ਮਹੰਤ ਕਿਰਪਾ ਸਿੰਘ ਜੀ ਦੇ ਸ਼ਿਸ਼ ਭਾਈ ਸਾਹਿਬ ਸਿੰਘ, ਅਤੇ ਉਨ੍ਹਾਂ ਦੇ ਅੱਗੇ, ਮਹੰਤ ਅਮਰ ਸਿੰਘ ਹੋਏ। ਇਹ ਸ਼ਾਦੀ-ਸ਼ੁਦਾ ਸਨ ਅਤੇ ਬਹੁਤ ਤਜਰਬੇਕਾਰ ਹਕੀਮ ਵੀ ਸਨ। ਉਨ੍ਹਾਂ ਨੇ ਆਪਣੇ ਜੀਉਂਦੇ ਜੀ ਆਪਣੇ ਚੇਲੇ ਮਹੰਤ ਸੁਰਿੰਦਰ ਸਿੰਘ ਨੂੰ ਉੱਤਰ-ਅਧਿਕਾਰੀ ਬਣਾ ਦਿੱਤਾ।

**ਮਹੰਤ ਸੁਰਿੰਦਰ ਸਿੰਘ ਜੀ** ਆਪ ਜੀ ਨੇ ਮੈਟ੍ਰਿਕ ਤੱਕ ਦੀ ਵਿੱਦਿਆ ਆਪਣੇ ਨਗਰ ਤੋਂ ਪ੍ਰਾਪਤ ਕੀਤੀ। ਪਿਤਾ ਗੁਰੂ ਦੇਵ ਦੇ ਚਰਨਾਂ ਵਿੱਚ ਧਾਰਮਿਕ ਵਿੱਦਿਆ ਅਤੇ ਆਯੁਰਵੈਦਿਕ ਵਿੱਦਿਆ ਦਾ ਅਧਿਐਨ ਕੀਤਾ। ਚਕਿਤਸਾ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ। ਔਸ਼ਧੀ ਦਵਾਰਾ ਜਨ ਸਧਾਰਨ ਦੀ ਸੇਵਾ ਕਰਦੇ ਰਹੇ। ਨਾਲ ਹੀ ਪਿਤਾ ਗੁਰਦੇਵ ਦੀ ਆਗਿਆ ਦਾ ਪਾਲਣ ਕਰਦੇ ਰਹੇ। ਆਪ ਭੇਖ ਦੇ ਸਰਬੱਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਸਨ। ਨਿਰਮਲ ਮਹਾਂਮੰਡਲ ਅੰਮ੍ਰਿਤਸਰ ਦੇ ਖਜ਼ਾਨਚੀ ਸਨ। ਆਪ ਜੀ ਦਾ ਪ੍ਰਾਚੀਨ ਇਤਿਹਾਸਿਕ ਸਥਾਨ 'ਡੇਰਾ ਸਤਲਾਨੀ ਵਾਲਾ' ਗਲਿਆਰਾ ਸਕੀਮ ਵਿੱਚ ਆ ਗਿਆ। ਆਪ ਜੀ ਨੇ ਸ਼ੀਘਰ ਹੀ ਪਰਿਸ਼੍ਰਮ ਕਰਕੇ ਡੇਰਾ ਸਤਲਾਣੀ ਵਾਲਾ ਅਜੀਤ ਨਗਰ ਵਿੱਚ ਸਥਾਪਿਤ ਕਰ ਦਿੱਤਾ। ਆਪ ਜੀ ਨੇ ਆਪਣੇ ਪੋਤਰੇ ਚੇਲੇ **ਸੰਤ ਗੁਰਿੰਦਰ ਸਿੰਘ ਜੀ** ਨੂੰ ਡੇਰੇ ਦਾ ਮਹੰਤ ਬਣਾਇਆ। ਜੋ ਕਿ ਜਵਾਨ ਅਵਸਥਾ ਵਿੱਚ ਗੁਰਪੁਰੀ ਸਿਧਾਰ ਗਏ। ਨਿਰਮਲ ਭੇਖ ਨੇ ਮਹੰਤ ਸੁਰਿੰਦਰ ਸਿੰਘ ਜੀ ਦੇ ਪੁੱਤਰ ਸੰਤ ਹਰਜਿੰਦਰ ਸਿੰਘ ਨੂੰ ਪਿੰਡ ਰਾਣੀਆਂ ਡੇਰੇ ਦਾ ਮਹੰਤ ਬਣਾਇਆ।

**ਮਹੰਤ ਹਰਜਿੰਦਰ ਸਿੰਘ ਜੀ** ਆਪ ਜੀ ਨੇ +2 ਤੱਕ ਦੀ ਵਿੱਦਿਆ ਪ੍ਰਾਪਤ ਕੀਤੀ। ਪਿਤਾ ਗੁਰਦੇਵ ਤੋਂ ਆਯੂਰਵੈਦਿਕ ਗਿਆਨ ਪ੍ਰਾਪਤ ਕੀਤਾ। ਡੇਰੇ ਦੀ ਸੇਵਾ ਸੰਭਾਲ ਬੜੇ ਪ੍ਰੇਮ ਨਾਲ ਕਰਦੇ ਹਨ। ਨਿਮਰਤਾ ਵਾਲੇ ਅਤੇ ਵਿਚਾਰਸ਼ੀਲ ਹਨ। ਸੰਤ ਰੂੜ ਸਿੰਘ ਵੈਦ ਦੀ ਆਪ ਜੀ ਦੇ ਨਾਲ ਡੇਰੇ ਦੀ ਸੇਵਾ ਅਤੇ ਆਪ ਜੀ ਦਾ ਸਾਥ ਦਿੰਦੇ ਹਨ। ਦੋਵੇਂ ਸਿਆਣੇ ਵੈਦ ਹਨ। ਸਾਧ ਸੰਗਤ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ।

19. ਡੇਰਾ ਸੰਤ ਜੈਮਲ ਸਿੰਘ ਜੀ ਭੂਰੀ ਵਾਲੇ-ਡੇਰਾ ਤਪੋਵਨ ਅੰਮ੍ਰਿਤਸਰ

ਸੰਤ ਜੈਮਲ ਸਿੰਘ ਜੀ ਭੂਰੀ ਵਾਲੇ ਕਾਰ-ਸੇਵਾ ਦੇ ਇਤਿਹਾਸ ਵਿੱਚ ਆਪਣੇ ਸਮੇਂ ਦੇ ਮਹਾਨ ਪੁਰਸ਼ ਹੋਏ ਹਨ। ਆਪ ਜੀ ਨੇ ਅਨੇਕਾਂ ਗੁਰਦਵਾਰਿਆਂ ਦੀ ਕਾਰ ਸੇਵਾ ਕਰਵਾਈ। ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਪਰਕਰਮਾ ਅਤੇ ਆਟਾ ਮੰਡੀ ਵੱਲ ਦੀ ਡਿਉੜੀ ਦੀ ਸੇਵਾ ਕਰਵਾਈ। ਆਪ ਜੀ ਜਪੁਜੀ ਸਾਹਿਬ ਦੇ 25 ਪਾਠ ਰੋਜ਼ਾਨਾ ਕਰਦੇ ਸਨ। ਝਾੜੂ ਟੋਕਰੀ ਅਤੇ ਖੁਰਪੀ ਪ੍ਰਾਪਤ ਕੀਤੀ। ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖਤ, ਬਾਬਾ ਅਟੱਲ, ਰਾਮਸਰ, ਬਬੇਕਸਰ, ਆਦਿ ਸਾਰੇ ਗੁਰਧਾਮਾਂ ਵਿੱਚ ਝਾੜੂ ਫੇਰ ਕੇ ਪਰਕਰਮਾ ਸਾਫ਼ ਕਰਦੇ ਸਨ। ਆਪ ਜੀ ਨੇ ਤਰਨਤਾਰਨ ਰੋਡ ਤੇ ਧਰਮ ਪ੍ਰਚਾਰ, ਸੰਗਤ ਦੀ ਰਿਹਾਇਸ਼ ਅਤੇ ਲੰਗਰ ਲਈ ਦਰਸ਼ਨੀਯ ਵਿਸ਼ਾਲ ਆਸ਼ਰਮ 'ਤਪੋਬਨ' ਬਣਾਇਆ ਜਿਸ ਵਿਚ ਖਟ-ਦਰਸ਼ਨ ਸਾਧੂ ਸਮਾਜ ਦੀਆਂ ਸੰਤ ਮੰਡਲੀਆਂ ਉਤਰਦੀਆਂ ਰਹਿੰਦੀਆਂ ਹਨ। ਨਾਮ ਬਾਣੀ, ਕਥਾ-ਕੀਰਤਨ ਚਲਦਾ ਰਹਿੰਦਾ ਹੈ। ਡੇਰੇ ਵੱਲੋਂ ਮੰਡਲੀ ਦੇ ਵਿਰਕਤਾਂ ਲਈ ਨਵੇਂ-ਨਵੇਂ ਭੋਜਨ ਤਿਆਰ ਕਰਕੇ ਸਤਿਕਾਰ ਕੀਤਾ ਜਾਂਦਾ ਹੈ। ਮੰਡਲੀਆਂ ਕਈ-ਕਈ ਮਹੀਨੇ ਰਹਿ ਕੇ ਧਰਮ ਉਪਦੇਸ਼ ਦਿੰਦੀਆਂ ਹਨ। ਵਿਸ਼ੇਸ਼ ਕਰਕੇ ਦੀਵਾਲੀ ਸਮੇਂ ਸੰਤ ਸਮੇਲਨ ਹੁੰਦਾ ਹੈ। ਆਪ ਜੀ ਸਾਰੇ ਕੁੰਭਾਂ ਪਰਵਾਂ ਤੇ ਲੰਗਰ ਛੇੜ੍ਹ ਲਾਉਂਦੇ ਹਨ। ਆਪ ਅਨੇਕ ਉਪਕਾਰ ਕਰਦੇ ਹੋਏ 1976 ਵਿੱਚ ਬ੍ਰਹਮ ਲੀਨ ਹੋ ਗਏ।

ਸ੍ਰੀ ਸੰਤ ਗੁਰਦਿਆਲ ਸਿੰਘ ਜੀ ਭੂਰੀ ਵਾਲੇ ਮਹਾਂਪੁਰਖਾਂ ਦੇ ਉੱਤਰ-ਧਿਕਾਰੀ ਸੰਤ ਗੁਰਦਿਆਲ ਸਿੰਘ ਜੀ ਨਿਯਤ ਹੋਏ। ਵੱਡੇ ਮਹਾਂਪੁਰਖਾਂ ਸਮੇਂ ਕਾਰ ਸੇਵਾ ਦਾ ਸਾਰਾ ਪ੍ਰਬੰਧ ਆਪ ਜੀ ਨਾਲ ਹੋ ਕੇ ਕਰਦੇ ਸਨ। ਹੁਣ ਆਪ ਪੁਰਾਤਨ ਮਰਿਯਾਦਾ ਨੂੰ ਕਾਇਮ ਰਖਦੇ ਹੋਏ ਗੁਰਦੁਆਰਿਆਂ ਦੀ ਕਾਰ ਸੇਵਾ ਦੀ ਅਥਾਹ ਘਾਲਣਾ ਘਾਲੀ। ਕੇਵਲ ਪੰਜਾਬ ਵਿੱਚ ਹੀ ਨਹੀਂ ਉਤਰ ਪ੍ਰਦੇਸ਼ ਵਿੱਚ ਗੁਰਦੁਆਰੇ ਅਤੇ ਸਕੂਲ ਕਾਲਜਾਂ ਦੀਆਂ ਵਿਸ਼ਾਲ ਇਮਾਰਤਾਂ ਬਣਾਈਆਂ ਹਨ। ਸਪਤ ਸਰੋਵਰ (ਹਰਿਦਵਾਰ) ਵਿੱਚ ਨਾਨਕਪੁਰਾ ਵਿਸ਼ਾਲ ਦਰਸ਼ਨੀਯ ਆਸ਼ਰਮ ਕਾਇਮ ਕੀਤਾ ਹੈ ਜਿਥੇ ਅੱਠੇ ਪਹਿਰ ਲੰਗਰ ਚਲਦਾ ਹੈ। ਨਾਨਕ ਪੁਰਾ ਵਿੱਚ ਖਟ ਦਰਸ਼ਨ ਸਾਧੂ ਸਮਾਜ ਦੀਆਂ ਵਿਰਕਤ ਮੰਡਲੀਆਂ ਦਾ ਹਰ ਸਮੇਂ ਤਾਤਾ ਲੱਗਾ ਰਹਿੰਦਾ ਹੈ। ਆਪ ਜੀ ਵੱਡੇ ਮਹਾਂਪੁਰਖਾਂ ਦੀ ਸਿਮ੍ਰਤੀ ਵਿਚ ਦੀਵਾਲੀ ਦੇ ਨੇੜੇ ਅਦੁੱਤੀ ਸੰਤ ਸਮੇਲਨ ਕਰਵਾਉਂਦੇ ਹਨ। ਖਟ ਦਰਸ਼ਨ ਸਾਧੂ ਸਮਾਜ ਇਕੱਤਰ ਹੁੰਦਾ ਹੈ। ਆਪ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਆਪ ਜੀ ਦੇ ਸ਼ਿਸ਼ ਸੰਤ ਕਸ਼ਮੀਰ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ।

ਮਹੰਤ ਕਸ਼ਮੀਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਡੇਰਾ ਤਪੋਬਨ ਅਤੇ ਇਸਦੇ ਨਾਲ ਲੱਗਦੇ ਡੇਰਿਆਂ ਦੀ ਸੇਵਾ ਕਰਵਾ ਰਹੇ ਹਨ। ਆਪ ਜੀ ਆਪਣੇ ਪੂਰਨ ਮਹਾਂਪੁਰਖਾਂ ਦੀ ਮਰਯਾਦਾ ਨੂੰ ਕਾਇਮ ਰਖਦੇ ਹੋਏ ਲੰਗਰ ਅਤੇ ਵਿਰਕਤ ਮੰਡਲੀਆਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ਹਨ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ 300 ਸਾਲਾ ਗੁਰਤਾਗੱਦੀ ਦਿਵਸ ਦੇ ਸਮੇਂ ਆਪ ਜੀ ਨੇ ਬਹੁਤ ਵੱਡੇ ਪੱਧਰ ਤੇ ਲੰਗਰ ਲਾਇਆ ਸੀ ਜੋ ਕਿ ਦੇਖਣ ਯੋਗ ਸੀ। ਆਪ ਤਨ ਮਨ ਨਾਲ ਨਿਰਮਲ ਭੇਖ ਦੀ ਸੇਵਾ ਕਰ ਰਹੇ ਹਨ।

20. ਡੇਰਾ ਚੌਂਕ ਮਹਿਤਾ

ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਇਸ ਡੇਰੇ ਨੂੰ ਕਾਇਮ ਕੀਤਾ। ਆਪ ਜੀ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾ ਵਾਲਿਆਂ ਤੋਂ ਵਿੱਦਿਆ ਪ੍ਰਾਪਤ ਕੀਤੀ। ਮਹਾਂਪੁਰਖਾਂ ਦੀ ਸੇਵਾ ਕਰਦੇ ਰਹੇ। ਮਹਾਂਪੁਰਖਾਂ ਨੇ ਆਪ ਜੀ ਨੂੰ ਅਨੇਕਾਂ ਅਸ਼ੀਰਵਾਦ ਦਿੱਤੇ। ਆਪ ਜੀ ਨੇ ਡੇਰੇ ਵਿੱਚ ਵਿੱਦਿਆ ਦਾ ਪ੍ਰਵਾਹ ਚਲਾਇਆ। ਜੱਥਾ ਫੇਰਦੇ ਰਹੇ। ਆਪ ਜੀ ਨੇ ਅਨੇਕਾਂ ਵਿਦਿਆਰਥੀਆਂ ਨੂੰ ਗਿਆਨੀ ਬਣਾਉਣਾ ਕੀਤਾ। ਆਪ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਡੇਰੇ ਦੇ ਮੁੱਖੀ ਬਣੇ। ਜਿੰਨਾਂ ਨੇ ਅਨੇਕਾਂ ਵਿਦਿਆਰਥੀਆਂ ਨੂੰ

ਵਿੱਦਿਆ ਦਾ ਦਾਨ ਦਿੱਤਾ। ਜੱਥਾ ਫੇਰਿਆ। ਅਨੇਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਦੇ ਲੜ ਲਾਉਣਾ ਕੀਤਾ। ਦੇਸ਼ ਕੌਮ ਦੀ ਸੇਵਾ ਕੀਤੀ। ਆਪ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ **ਬਾਬਾ ਠਾਕੁਰ ਸਿੰਘ ਜੀ** ਨੂੰ ਡੇਰੇ ਦਾ ਮਹੰਤ ਥਾਪਿਆ ਗਿਆ। ਆਪ ਜੀ ਦੇ ਜੀਵਨ ਕਾਲ ਵਿੱਚ ਅਨੇਕਾਂ ਵਿਦਿਆਰਥੀਆਂ ਨੇ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਦੇਸ਼ ਕੌਮ ਦੀ ਸੇਵਾ ਕਰਦੇ ਰਹੇ। ਮਹਾਂਪੁਰਖਾਂ ਦੀ ਯਾਦ ਵਿੱਚ ਮਹਿਤੇ ਚੌਂਕ ਵਿੱਚ ਹਸਪਤਾਲ ਬਣਾਇਆ ਅਤੇ ਇੱਕ ਅਕੈਡਮੀ ਵੀ ਤਿਆਰ ਕੀਤੀ। ਜਿੱਥੋਂ ਅਨੇਕਾਂ ਵਿਦਿਆਰਥੀ ਵਿੱਦਿਆ ਪ੍ਰਾਪਤ ਕਰਦੇ ਹਨ। ਆਪ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਗਿਆਨੀ ਹਰਨਾਮ ਸਿੰਘ ਜੀ ਨੂੰ ਡੇਰੇ ਦਾ ਮਹੰਤ ਥਾਪਿਆ।

**ਮਹੰਤ ਗਿਆਨੀ ਹਰਨਾਮ ਸਿੰਘ ਜੀ** ਆਪ ਜੀ ਨੇ ਵੱਡੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਅਤੇ ਗੁਰਇਤਿਹਾਸ, ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਅਨੇਕਾਂ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ 300 ਸਾਲਾ ਗੁਰਤਾਗੱਦੀ ਦਿਵਸ ਦੇ ਸਮੇਂ ਆਪ ਜੀ ਨੇ ਸ੍ਰੀ ਦਸਮ ਗ੍ਰੰਥ ਦਾ ਪਾਠ-ਬੋਧ ਕਰਵਾਇਆ। ਜਿਸ ਤੋਂ ਅਨੇਕਾਂ ਵਿਦਿਆਰਥੀਆਂ ਨੇ ਲਾਭ ਪ੍ਰਾਪਤ ਕੀਤਾ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਵੀ ਛਪਵਾ ਕੇ ਸੰਗਤ ਦੀ ਭੇਟ ਕੀਤਾ। ਆਪ ਅਨੇਕਾਂ ਪਰਉਪਕਾਰ ਕਰਦੇ ਡੇਰੇ ਦੀ ਤਰਕੀ ਕਰ ਰਹੇ ਹਨ। ਦੇਸ਼ ਕੌਮ ਦੀ ਸੇਵਾ ਕਰ ਰਹੇ ਹਨ। ਭੇਖ ਨਾਲ ਬਹੁਤ ਪਿਆਰ ਹੈ। ਆਏ ਗਏ ਮਹਾਂਪੁਰਖਾਂ ਦਾ ਬਹੁਤ ਸਤਿਕਾਰ ਕਰਦੇ ਹਨ।

### 21. ਗੁਰਮਤਿ ਕੀਰਤਨ ਵਿਦਿਆਲਯ (ਬੁੰਗਾ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ)

ਇਹ ਬੁੰਗਾ ਚੌਂਕ ਬਾਬਾ ਸਾਹਿਬ ਵਿੱਚ ਹੈ। ਇਸ ਬੁੰਗੇ ਨੂੰ ਜਥੇਦਾਰ ਹਰਿਭਜਨ ਸਿੰਘ ਜੀ ਨੇ ਬਣਾਇਆ ਹੈ। ਮਗਰੋਂ ਸੰਤ ਮੋਹਨ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਨਾਂ ਵਸੀਅਤ ਕਰ ਦਿੱਤੀ। ਗਿਆਨੀ ਸੰਤ ਸਿੰਘ ਜੀ ਮੁੱਖ ਸੇਵਾਦਾਰ ਹਨ। ਇਸ ਬੁੰਗੇ ਵਿੱਚ ਗੁਰਮਤਿ ਦੀ ਵਿੱਦਿਆ ਅਤੇ ਕੀਰਤਨ ਸਿਖਾਇਆ ਜਾਂਦਾ ਹੈ। ਅਨੇਕ ਵਿਦਿਆਰਥੀ ਪੜ੍ਹ ਰਹੇ ਹਨ। ਵਿਦਿਆਰਥੀਆਂ ਨੂੰ ਸਮੂਹ ਸਹੂਲਤਾਂ ਬੁੰਗੇ ਵਲੋਂ ਦਿੱਤੀਆਂ ਜਾਂਦੀਆਂ ਹਨ। ਆਪ ਜੀ ਨਿਮਰਤਾ ਵਾਲੇ ਮਹਾਂਪੁਰਖ ਹਨ।

### 22. ਡੇਰਾ ਗਲੀ ਬਾਗ਼ ਵਾਲੀ, ਅੰਮ੍ਰਿਤਸਰ

ਇਹ ਡੇਰਾ ਸਾਈਂ ਲੋਕ **ਸੰਤ ਰਾਮ ਸਿੰਘ ਜੀ** ਨੇ 1873 ਈ. ਵਿੱਚ ਬਾਗ਼ ਵਾਲੀ ਗਲੀ ਵਿੱਚ ਬਣਵਾਇਆ। ਆਪ ਸ੍ਰੀ ਸਾਈਂ ਲੋਕ ਸੁੱਖਾ ਸਿੰਘ ਜੀ, ਰਾਵਲਪਿੰਡੀ ਦੇ ਸਕੇ ਭਾਈ, ਸੇਵਕ ਤੇ ਉੱਤਰ-ਅਧਿਕਾਰੀ ਸਨ। ਸਾਈਂ ਲੋਕ ਸੰਤ ਰਾਮ ਸਿੰਘ ਜੀ ਦੀ ਧਾਰਨੀ ਪੁਰਾਤਨ ਸਾਧੂਆਂ ਵਾਲੀ ਅਤੇ ਕਥਨੀ ਸੁੰਦਰ ਸੀ। ਆਪ ਸਤਿਸੰਤ ਤੇ ਕਥਾ-ਕੀਰਤਨ ਦੇ ਪ੍ਰਵਾਹ ਦੇ ਨਾਲ-ਨਾਲ ਦਵਾਈ ਬੂਟੀ ਦੇਣ ਦਾ ਕੰਮ ਵੀ ਕਰਦੇ ਸਨ। 1881 ਈ. ਨੂੰ ਜਦ ਸਾਈਂ ਲੋਕ ਸੰਤ ਸੁੱਖਾ ਸਿੰਘ ਜੀ ਬੀਮਾਰ ਹੋਏ ਤਾਂ ਆਪ ਨੂੰ ਅੰਮ੍ਰਿਤਸਰੋਂ ਉਚੇਚਾ ਬੁਲਾ ਭੇਜਿਆ ਅਤੇ ਡੇਰੇ ਦੀ ਸੇਵਾ ਬਖ਼ਸ਼ਦੇ ਹੋਏ ਆਪ ਦੇ ਨਾਂ ਵਸੀਅਤ ਲਿਖ ਦਿੱਤੀ; ਪਰੰਤੂ, ਜਦ ਅੰਮ੍ਰਿਤਸਰ ਦੇ ਸਤਿਸੰਗੀਆਂ ਦੀ ਖਿੱਚ ਨੇ ਉਪਰਾਮ ਕਰ ਦਿੱਤਾ ਤਾਂ ਦੋ ਵਰ੍ਹਿਆਂ ਉਪਰੰਤ ਓਥੋਂ ਦੇ ਡੇਰੇ ਦੀ ਪੱਗ ਆਪਣੇ ਛੋਟੇ ਗੁਰਭਾਈ ਮਹੰਤ ਨੰਦ ਸਿੰਘ ਜੀ ਨੂੰ ਦੇ ਕੇ ਮੁੜ ਅੰਮ੍ਰਿਤਸਰ ਆ ਬਿਰਾਜੇ। ਆਖ਼ਰ, ਆਪਣੇ ਸ਼ਿਸ਼ਾਂ ਵਿੱਚੋਂ ਪੰਡਤ ਤਾਰਾ ਸਿੰਘ ਜੀ ਨੂੰ ਆਪਣਾ ਉੱਤਰ-ਅਧਿਕਾਰੀ ਥਾਪ ਕੇ 1887 ਈ. ਨੂੰ ਸਰੀਰ ਤਿਆਗ ਗਏ।

ਇਕ ਵੇਰਾਂ ਪੰਡਤ ਤਾਰਾ ਸਿੰਘ ਜੀ ਕਸ਼ਮੀਰ ਗਏ। ਆਪ ਦੀ ਸ਼ੋਭਾ ਸੁਣ ਕੇ ਮਹਾਰਾਜਾ ਸਾਹਿਬ ਨੇ ਦਰਸ਼ਨ ਦੇਣ ਦੀ ਪ੍ਰਾਰਥਨਾ ਕੀਤੀ। ਆਪ ਗਏ ਤਾਂ ਪਾਸ ਬੈਠੇ ਇੱਕ ਬ੍ਰਾਹਮਣ ਨੇ ਸੰਸਕ੍ਰਿਤ ਦਾ ਇੱਕ ਸ਼ਲੋਕ ਅਸ਼ੁੱਧ ਬੋਲ ਦਿੱਤਾ, ਜਿਸ ਉੱਤੇ ਪੰਡਤ ਜੀ ਨੇ ਕਿਹਾ "ਬ੍ਰਾਹਮਣ ਦੇਵਤਾ ! ਪੰਡਤਾਂ ਦੇ ਪਾਸ ਬੈਠਿਆਂ ਸ਼ਲੋਕ ਅਸ਼ੁੱਧ ਨਹੀਂ ਬੋਲੀਦਾ।" ਇਸ ਉੱਤੇ ਬ੍ਰਾਹਮਣ ਨੂੰ ਗੁੱਸਾ ਚੜ੍ਹ ਗਿਆ। ਵਿਆਕਰਨ ਦੀ ਕੋਟੀ ਉੱਤੇ ਬਹਿਸ ਚਲ ਪਈ। ਪੰਡਤ ਹੋਰਾਂ ਨੇ ਬ੍ਰਾਹਮਣ ਨੂੰ ਕੋਟੀ ਵਿੱਚ ਅਜਿਹਾ ਰੋਲਿਆ ਕਿ ਉਸ ਨੂੰ ਹਾਰ ਮੰਨਣੀ ਪਈ।

ਆਪ ਨੇ ਜਪੁਜੀ ਸਾਹਿਬ ਦੀ ਟੀਕਾ ਤਿਆਰ ਕੀਤੀ, ਜਿਸ ਨੂੰ ਆਪ ਦੇ ਸਤਿਸੰਗੀ, ਮਹੰਤ ਮੋਹਰ ਸਿੰਘ ਜੀ ਨੇ ਪ੍ਰਕਾਸ਼ਿਤ ਕੀਤਾ। ਆਪ ਸੰਸਕ੍ਰਿਤ ਤੇ ਆਯੁਰਵੈਦਿਕ ਦੇ ਪ੍ਰਸਿੱਧ ਵਿਦਵਾਨ ਸਨ। ਆਪ 1904 ਈ. ਵਿੱਚ ਗੁਰਪੁਰੀ ਸਿਧਾਰ ਗਏ।

ਮਹੰਤ ਹਰਨਾਮ ਸਿੰਘ ਜੀ ਆਪ ਜੀ ਨੇ ਕਾਸ਼ੀ ਜਾ ਕੇ ਵਿੱਦਿਆ ਪ੍ਰਾਪਤ ਕੀਤੀ ਸੀ। ਆਪ ਜੀ ਨੇ ਡੇਰੇ ਦੀ ਮਹਾਨ ਤਰੱਕੀ ਕੀਤੀ। ਗਲੀ ਬਾਗ ਵਾਲੀ ਵਿੱਚ ਇੱਕ ਨਵਾਂ ਮਕਾਨ ਬਣਾਇਆ। ਡੇਰੇ ਵਿੱਚ ਤਿੰਨ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਰਖਵਾਈ। ਅਨੇਕਾਂ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਆਯੁਰਵੈਦਿਕ ਵਿੱਦਿਆ ਪੜ੍ਹਾਈ। ਆਪ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸ੍ਰੀ ਮਾਨ ਮਹੰਤ ਹਰੀ ਸਿੰਘ ਜੀ ਨੂੰ ਡੇਰੇ ਦਾ ਮਹੰਤ ਬਣਾਇਆ। ਮਹੰਤ ਬਣਨ ਤੋਂ ਬਾਅਦ ਆਪ ਜੀ ਨੇ ਗਿਆਨੀ ਲਧਾ ਸਿੰਘ ਜੀ ਕੋਲੋਂ ਡੇਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਰੰਭ ਕਰਾਈ ਜਿਸ ਦਾ ਭੋਗ 11 ਮਹੀਨਿਆਂ ਵਿੱਚ ਪਿਆ। ਆਪ ਜੀ 1945 ਈ. ਨੂੰ "ਨਿਰਮਲ ਮਹਾਂਮੰਡਲ" ਦੇ ਸਕੱਤਰ ਚੁਣੇ ਗਏ, ਜਿਸ ਸੇਵਾ ਨੂੰ ਇਨ੍ਹਾਂ ਨੇ ਤਿੰਨ ਸਾਲ ਨਿਭਾਇਆ। ਆਪ ਕਈ ਵਾਰੀ "ਨਿਰਮਲ ਮੰਡਲ" ਦੇ ਪ੍ਰਮੁੱਖ ਕਰਤਾ ਰਹੇ। 1946 ਈ. ਨੂੰ ਆਪ ਭੇਖ ਵੱਲੋਂ ਕਨਖਲ ਦੇ ਇਕੱਠ ਵਿੱਚ ਸਿੱਖ ਪ੍ਰਤੀਨਿਧ ਪੰਥਕ ਬੋਰਡ ਦੇ ਵਰਕਿੰਗ ਮੈਂਬਰ ਚੁਣੇ ਗਏ। ਆਪ ਜੀ ਪੰਜਾਬੀ ਵੈਦ ਅਖ਼ਬਾਰ ਦੇ ਸੰਪਾਦਕ ਰਹੇ। ਆਪ ਵੈਦ-ਮੰਡਲ ਦੇ ਪ੍ਰਧਾਨ ਵੀ ਰਹੇ, ਅਤੇ ਨਿਰਮਲ ਉਦੇਸ਼ ਦੀ ਸੰਪਾਦਨਾ ਵੀ ਕਰਦੇ ਰਹੇ। ਮਹੰਤ ਅਮਰ ਸਿੰਘ ਜੀ ਆਪ ਜੀ ਦੇ ਸ਼ਿਸ਼ ਸਨ। ਜਿਨ੍ਹਾਂ ਨੇ ਡੇਰੇ ਨੂੰ ਚਲਾਉਣ ਵਾਸਤੇ ਆਪਣੇ ਸ਼ਿਸ਼ ਸੰਤ ਅਮਰੀਕ ਸਿੰਘ ਨੂੰ ਨਿਯੁਕਤ ਕੀਤਾ। ਜੋ ਯੋਗਤਾ ਨਾਲ ਡੇਰੇ ਨੂੰ ਚਲਾਉਂਦੇ ਰਹੇ। ਆਪ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਲਛਮਣ ਸਿੰਘ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਜੋ ਕਿ ਇਸ ਡੇਰੇ ਦੀ ਅਤੇ ਲਖੀਮਪੁਰ (ਯੂ.ਪੀ.) ਡੇਰੇ ਦੀ ਸੇਵਾ ਕਰ ਰਹੇ ਹਨ। ਇਸ ਅਸਥਾਨ ਤੇ ਬਾਬਾ ਵੈਦ ਸੰਤ ਜਸਪਾਲ ਸਿੰਘ ਸੇਵਾ ਕਰ ਰਹੇ ਹਨ ਜੋ ਔਸ਼ਧੀ ਦਵਾਰਾ ਰੋਗੀਆਂ ਦੇ ਰੋਗ ਨਵਿਰਤ ਕਰ ਰਹੇ ਹਨ। ਡੇਰੇ ਵਿਖੇ ਕੀਰਤਨ ਵੀ ਸਿਖਾਇਆ ਜਾਂਦਾ ਹੈ। ਆਏ ਗਏ ਮਹਾਂਪੁਰਖਾਂ ਦੀ ਸੇਵਾ ਕਰਦੇ ਹਨ।

23. ਡੇਰਾ ਵਰਪਾਲਾਂ

ਮਹੰਤ ਠਾਕੁਰ ਬਹਾਲ ਸਿੰਘ ਜੀ ਦੇ ਸ਼ਿਸ਼ ਸੰਤ ਸਾਵਨ ਸਿੰਘ ਜੀ ਸਨ। ਇਨ੍ਹਾਂ ਦੇ ਸ਼ਿਸ਼ ਮਹੰਤ ਗੁਲਾਬ ਸਿੰਘ ਜੀ ਨਿਯੁਕਤ ਹੋਏ। ਆਪ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ। ਕੁਝ ਸਮਾਂ ਆਪ ਨੇ ਇਹ ਸੇਵਾ ਨਿਭਾਉਣਾ ਕੀਤੀ। ਆਪ ਪੂਰੀ ਪੰਜ ਗ੍ਰੰਥੀ ਅਤੇ ਗੀਤਾ ਦਾ ਨਿਤਨੇਮ ਨਾਲ ਪਾਠ ਕਰਦੇ ਸਨ। ਆਪਣੇ ਸ਼ਿਸ਼ ਸੰਤ ਸੇਵਾ ਸਿੰਘ ਜੀ ਨੂੰ ਮਹੰਤ ਨਿਯੁਕਤ ਕੀਤਾ। ਆਪ ਜੀ ਆਏ ਸੰਤਾਂ ਨੂੰ ਗੋਦੜੀਆਂ ਸਿਉ ਕੇ ਦਿਆ ਕਰਦੇ ਸਨ।

ਮਹੰਤ ਸੇਵਾ ਸਿੰਘ ਜੀ ਆਪ ਜੀ ਦਾ ਜਨਮ ਪਿੰਡ ਵਰਪਾਲ ਦਾ ਹੈ। ਵਰਪਾਲਾਂ ਦੇ ਲੋਕ ਸਖੀ ਸਰਵਰ ਨੂੰ ਮੰਨਣ ਵਾਲੇ ਸੁਲਤਾਨੀਏ ਸਨ। ਆਪ ਸੁਲਤਾਨੀਆਂ ਦਾ ਅੰਨ-ਜਲ ਨਹੀਂ ਵਰਤਦੇ ਸਨ। ਫਲ-ਪਤ੍ਰ ਖਾ ਕੇ ਨਿਰਵਾਹ ਕਰਦੇ ਰਹੇ। ਸਿਮਰਨ ਤਪੱਸਿਆ ਦੇ ਪ੍ਰਭਾਵ ਨਾਲ ਪਿੰਡ ਨਿਵਾਸੀ ਚਰਨਾਂ ਵਿੱਚ ਆਉਣ ਲੱਗੇ। 150 ਪ੍ਰਾਣੀਆਂ ਨੂੰ ਆਪ ਜੀ ਨੇ ਅੰਮ੍ਰਿਤਪਾਨ ਕਰਾਇਆ। ਆਪ ਜੋ ਬਚਨ ਕਹਿੰਦੇ ਪੂਰਾ ਹੁੰਦਾ ਸੀ। ਵਰਪਾਲਾਂ ਵਿੱਚ ਦਰਸ਼ਨੀਯ ਮਕਾਨ ਬਣਾਇਆ। ਆਪਣੇ ਸ਼ਿਸ਼ ਸੰਤ ਲਾਲ ਸਿੰਘ ਜੀ ਨੂੰ ਮਹੰਤ ਨਿਯੁਕਤ ਕੀਤਾ। ਆਪ ਗੁਰਪੁਰੀ ਸਿਧਾਰ ਗਏ।

ਮਹੰਤ ਲਾਲ ਸਿੰਘ ਜੀ ਆਪ ਜੀ ਦੀਵਾਲੀ ਦੇ ਸਮੇਂ ਅੰਮ੍ਰਿਤਸਰ ਆਏ। ਸੰਤ ਸੇਵਾ ਸਿੰਘ ਜੀ ਦੇ ਦਰਸ਼ਨ ਕਰਕੇ ਸ਼ਿਸ਼ ਬਣ ਗਏ। ਕਥਾ ਕੀਰਤਨ ਵਿੱਦਿਆ ਪ੍ਰਾਪਤ ਕੀਤੀ। ਆਯੂਰਵੈਦਿਕ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਨੇ ਅਨੇਕਾਂ ਅਸਾਧ ਰੋਗੀਆਂ ਦੇ ਰੋਗ ਕੱਟੇ। ਦੂਰ-ਦੂਰ ਦੇ ਰੋਗੀ ਆਉਂਦੇ ਅਤੇ ਸਵਸਥ ਹੋ ਕੇ ਜਾਂਦੇ। ਡੇਰੇ ਵਿੱਚ ਕਿੰਨੇ ਹੀ ਸਾਧੂ ਟਿਕੇ ਰਹਿੰਦੇ ਸਨ।

ਆਪ ਜੀ ਹਰਿਦੁਆਰ ਦੇ ਦਰਸ਼ਨਾਂ ਨੂੰ ਗਏ। ਉੱਥੇ ਹੀ ਸੱਚਖੰਡ ਸਿਧਾਰ ਗਏ। ਆਪ ਦੇ ਸ਼ਿਸ਼ ਸੰਤ ਕਿਸ਼ਨ ਸਿੰਘ ਜੀ ਨੂੰ ਮਹੰਤ ਨਿਯੁਕਤ ਕੀਤਾ।

**ਮਹੰਤ ਕਿਸ਼ਨ ਸਿੰਘ ਜੀ** ਗੁਰਮੁਖੀ ਗੁਰਬਾਣੀ ਪੜ੍ਹਦੇ ਸੇਵਾ ਕਰਦੇ ਰਹੇ। ਡੇਰੇ ਵਿੱਚੋਂ ਪੜ੍ਹਾਈ ਕਰਕੇ ਪੰਡਤ ਹਮੀਰ ਸਿੰਘ ਕੋਲੋਂ ਭਾਸ਼ਾ ਦੇ ਗ੍ਰੰਥ ਅਤੇ ਸੰਸਕ੍ਰਿਤ ਪੜ੍ਹਦੇ ਰਹੇ। ਉੱਚ ਵਿੱਦਿਆ ਵਾਸਤੇ ਕਾਸ਼ੀ ਦੀ ਵਿੱਦਿਆ ਪੜ੍ਹਦੇ ਰਹੇ। ਆਯੁਰਵੈਦਿਕ ਵਿੱਚ ਵੀ ਯੋਗਤਾ ਪ੍ਰਾਪਤ ਕੀਤੀ। ਰਮਤ ਦੇ ਮੁਖੀ ਮਹੰਤ ਵੀ ਰਹੇ। ਨਿਰਮਲ ਭੇਖ ਦਾ ਅਖ਼ਬਾਰ ਨਿਰਮਲ ਸਮਾਚਾਰ ਕੱਢਿਆ। ਜਿਸ ਦੇ ਆਪ ਐਡੀਟਰ ਸਨ। ਇਸ ਸੇਵਾ ਨੂੰ ਆਪ ਜੀਵਨ ਭਰ ਨਿਭਾਉਂਦੇ ਰਹੇ।

**ਸੰਤ ਦਿਆਲ ਸਿੰਘ ਜੀ** ਆਪ ਪਿੰਡ ਤੋਂ ਬਾਹਰ ਖੂਹ ਉੱਤੇ ਰਿਹਾਇਸ਼ ਰੱਖੀ। ਸੰਮਤ 1925 ਤੋਂ ਬਾਅਦ ਪਿੰਡ ਵਾਲਾ ਵਰਤਮਾਨ ਸਥਾਨ ਡੇਰਾ ਕਾਇਮ ਕੀਤਾ। ਆਪ ਜੀ ਤੋਂ ਬਾਅਦ ਕ੍ਰਮਵਾਰ ਮਹੰਤ ਚੰਦਾ ਸਿੰਘ ਜੀ, ਮਹੰਤ ਬਿਸ਼ਨ ਸਿੰਘ ਜੀ, ਮਹੰਤ ਬੀਰ ਸਿੰਘ ਜੀ, ਮਹੰਤ ਮਹਿਲ ਸਿੰਘ ਜੀ, ਇਨ੍ਹਾਂ ਤੋਂ ਬਾਅਦ ਮਹੰਤ ਹਰਬੰਸ ਸਿੰਘ ਜੀ ਡੇਰੇ ਦੀ ਸੇਵਾ ਕਰਦੇ ਰਹੇ। ਇਨ੍ਹਾਂ ਦੇ ਚੇਲੇ ਮਹੰਤ ਗੁਰਚਰਨ ਸਿੰਘ ਜੀ ਨਿਯੁਕਤ ਹੋਏ ਜੋ ਕਿ ਡੇਰੇ ਦੀ ਸੇਵਾ-ਸੰਭਾਲ ਅਤੇ ਆਏ ਗਏ ਮਹਾਂਪੁਰਖਾਂ ਦਾ ਪ੍ਰੇਮ ਨਾਲ ਸਤਿਕਾਰ ਕਰਦੇ ਹਨ।

**24. ਸੰਪ੍ਰਦਾਇ ਠਾਕੁਰ ਬਹਾਲ ਸਿੰਘ ਜੀ**

ਪੂਜਯ ਠਾਕੁਰ ਬਹਾਲ ਸਿੰਘ ਜੀ ਬਾਬਾ ਚੜ੍ਹਤ ਸਿੰਘ ਜੀ ਦੇ ਸ਼ਿਸ਼ ਸਨ। ਉੱਚੇ ਜੀਵਨ ਵਾਲੇ, ਨਾਮ ਅਭਿਆਸੀ, ਪਰਉਪਕਾਰੀ ਮਹਾਨ ਆਤਮਾ ਸਨ। ਰਾਜੇ ਮਹਾਰਾਜੇ ਚਰਨੀ ਲੱਗਦੇ ਸਨ। ਇਸ ਸੰਪ੍ਰਦਾਇ ਨੂੰ ਸੰਪ੍ਰਦਾਇ ਭਗੀਰਥੀ ਵੀ ਕਹਿੰਦੇ ਹਨ। ਆਪ ਜੀ ਨੇ ਅਨੇਕਾਂ ਤੀਰਥਾਂ ਦੀ ਯਾਤਰਾ ਕੀਤੀ। ਹਰਿਦੁਆਰ ਕਾਫੀ ਸਮਾਂ ਬਤੀਤ ਕੀਤਾ। ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਘੀ ਮੰਡੀ ਦਰਵਾਜ਼ੇ ਬਾਹਰ ਆਣ ਰਹੇ। ਇਹ ਸਥਾਨ ਉਸ ਵੇਲੇ ਬੜਾ ਏਕਾਂਤ ਅਤੇ ਸੁੰਦਰ ਸੀ। ਆਪ ਹਰ ਸਮੇਂ ਸਮਾਧੀ ਸਥਿਰ ਰਹਿੰਦੇ ਸਨ। ਮਜੀਠੇ ਵਾਲੇ ਸਰਦਾਰ ਆਪ ਜੀ ਉੱਪਰ ਸ਼ਰਧਾ ਰਖਦੇ ਸਨ। ਆਪ ਜਿੱਥੇ ਤਪ ਦੀ ਨਿਧੀ ਸਨ ਉੱਥੇ ਸ਼ਸਤ੍ਰ ਵਿੱਦਿਆ ਵਿੱਚ ਵੀ ਅਦੁੱਤੀ ਯੋਗਤਾ ਰਖਦੇ ਸਨ। ਤੀਰਾਂ ਦਾ ਸ਼ਬਦ ਬੇਧੀ ਨਿਸ਼ਾਨਾ ਲੈਣ ਵਿੱਚ ਨਿਪੁੰਨ ਸਨ। ਆਪ ਜੀ ਦੇ ਅਨੇਕਾਂ ਚਮਤਕਾਰ ਪ੍ਰਸਿੱਧ ਹਨ। ਇਸ ਤਰ੍ਹਾਂ ਆਪ ਜੀ 90 ਸਾਲ ਦੀ ਆਯੂ ਵਿੱਚ ਸੱਚਖੰਡ ਸਿਧਾਰ ਗਏ। ਆਪ ਜੀ ਦੀ ਸਮਾਧੀ ਡੇਰੇ ਵਿੱਚ ਕਾਇਮ ਹੈ। ਮਹੰਤ ਦਲ ਸਿੰਘ ਜੀ ਨੂੰ ਆਪ ਜੀ ਦਾ ਉੱਤਰ-ਧਿਕਾਰੀ ਬਣਾਇਆ।

**ਮਹੰਤ ਦਲ ਸਿੰਘ ਜੀ** ਆਪ ਜੀ ਦਾ ਜਨਮ ਠਾਕੁਰ ਬਹਾਲ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਵਿਦਵਾਨ ਤਪ-ਤੇਜ ਵਾਲੇ ਪਰਉਪਕਾਰੀ ਸਨ। ਡੇਰੇ ਦਾ ਬਹੁਤ ਵਿਕਾਸ ਕੀਤਾ। ਆਪਣੇ ਗੁਰਭਾਈ ਸੰਤ ਪ੍ਰਤਾਪ ਸਿੰਘ ਨੂੰ ਉੱਤਰ-ਧਿਕਾਰੀ ਨਿਯਤ ਕਰਕੇ ਪ੍ਰਲੋਕਗਮਨ ਕਰ ਗਏ। ਆਪ ਜੀ ਦੀ ਸਮਾਧੀ ਵੱਡੇ ਮਹਾਂਪੁਰਖਾਂ ਦੇ ਨਾਲ ਬਣੀ ਹੋਈ ਹੈ।

**ਮਹੰਤ ਪ੍ਰਤਾਪ ਸਿੰਘ ਜੀ** ਆਪ ਜੀ ਦਾ ਜਨਮ ਠਾਕੁਰ ਬਹਾਲ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਬੜੇ ਵਿਵਹਾਰ ਕੁਸ਼ਲ ਨੀਤੀ ਨਿਪੁੰਨ ਸਨ। ਸੰਨ 1852 ਈ. ਤੋਂ 1893 ਈ. ਦੇ ਸਰਕਾਰੀ ਕਾਗਜ਼ਾਂ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਡੇਰੇ ਦੇ ਕਈ ਮੁਕਦਮਿਆਂ ਵਿੱਚ ਮਿਊਂਸੀਪਲ ਕਮੇਟੀ ਅਤੇ ਪੁਜਾਰੀਆਂ ਨਾਲ ਡਟ ਕੇ ਸਫਲਤਾ ਪ੍ਰਾਪਤ ਕੀਤੀ। ਆਪਣੇ ਸ਼ਿਸ਼ ਸੰਤ ਖਜ਼ਾਨ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਦੇ ਕੇ ਸਮਾ ਗਏ।

**ਮਹੰਤ ਖਜ਼ਾਨ ਸਿੰਘ ਜੀ** ਆਪ ਜੀ ਦਾ ਜਨਮ ਮਹੰਤ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਤਪ ਤੇਜ ਵਾਲੇ ਮਹਾਂਪੁਰਖ ਹੋਏ ਹਨ। ਸਾਧੂ ਸਮਾਜ ਨਾਲ ਆਪ ਜੀ ਦਾ ਬਹੁਤ ਪ੍ਰੇਮ ਸੀ। ਆਪ ਜੀ ਦੇ ਸਮੇਂ ਡੇਰੇ ਵਿੱਚ ਸੈਂਕੜੇ ਸਾਧੂ ਰਹਿੰਦੇ ਸਨ। ਲੰਗਰ ਚਲਦਾ ਸੀ। ਉੱਤਰ-ਧਿਕਾਰੀ ਆਪਣੇ ਸ਼ਿਸ਼ ਸੰਤ ਨਾਰਾਇਣ ਸਿੰਘ ਜੀ ਨੂੰ ਨਿਯਤ ਕੀਤਾ।

**ਮਹੰਤ ਨਰਾਇਣ ਸਿੰਘ ਜੀ** ਆਪ ਜੀ ਨੇ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਿਆ।

ਆਪ ਭੇਖ ਪ੍ਰਸਿੱਧ ਮਹਾਂਪੁਰਖ ਹੋਏ ਹਨ। ਆਪਣੇ ਸ਼ਿਸ਼ ਸੰਤ ਹਰਨਾਮ ਸਿੰਘ ਜੀ ਨੂੰ ਮਹੰਤ ਨਿਯਤ ਕਰਕੇ ਸਮਾ ਗਏ।

ਮਹੰਤ ਹਰਨਾਮ ਸਿੰਘ ਜੀ ਪੁਰਾਤਨ ਮਰਿਯਾਦਾ ਅਨੁਸਾਰ ਡੇਰੇ ਨੂੰ ਚਲਾਉਂਦੇ ਰਹੇ। ਆਪ ਜੀ ਦਾ ਕੋਈ ਚੇਲਾ ਨਹੀਂ ਸੀ। ਇਸ ਵਾਸਤੇ ਆਪ ਜੀ ਮਗਰੋਂ ਸੰਪ੍ਰਦਾਇ ਨੇ ਇਕਠੇ ਹੋ ਕੇ ਸੰਤ ਅਲੱਵੇਲ ਜੀ ਨੂੰ ਮਹੰਤ ਬਣਾਇਆ। ਆਪ ਜੀ ਤੋਂ ਮਗਰੋਂ ਮਹੰਤ ਬਾਜ ਸਿੰਘ ਜੀ ਆਪ ਜੀ ਦੇ ਉੱਤਰ-ਧਿਕਾਰੀ ਬਣੇ। ਆਪ ਜੀ ਤਪ ਤੇਜ ਵਾਲੇ ਮਹਾਂਪੁਰਖ ਹੋਏ ਹਨ। ਕਈ ਵਿਰਕਤ ਸਾਧੂ ਆਪ ਜੀ ਦੇ ਸ਼ਿਸ਼ ਸਨ। ਇਸ ਵਾਸਤੇ ਆਪ ਜੀ ਦੇ ਕਿਸੇ ਸ਼ਿਸ਼ ਨੇ ਡੇਰੇ ਦੀ ਗੱਦੀ ਨੂੰ ਗ੍ਰਹਿਣ ਨਹੀਂ ਕੀਤਾ। ਮਹੰਤ ਸਾਹਿਬ ਸਿੰਘ ਜੀ ਦੇ ਸ਼ਿਸ਼ ਸੰਤ ਕਾਲਾ ਸਿੰਘ ਜੀ ਨੂੰ ਮਹੰਤ ਬਣਾਇਆ। ਆਪ ਜੀ ਨੇ ਯੋਗਤਾ ਨਾਲ ਡੇਰੇ ਦੀ ਸੇਵਾ ਕੀਤੀ। ਸੰਪ੍ਰਦਾਇ ਨੇ ਬਾਬਾ ਵੀਰ ਸਿੰਘ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ।

ਮਹੰਤ ਵੀਰ ਸਿੰਘ ਜੀ ਆਪ ਜੀ ਦਾ ਜਨਮ ਪਿੰਡ ਵਰਪਾਲਾਂ ਦਾ ਸੀ। ਆਪ ਜੀ ਨੇ ਨਿਰਮਲ ਪੰਚਾਇਤੀ ਅਖਾੜੇ ਦੀ ਬਹੁਤ ਸੇਵਾ ਕੀਤੀ। ਸੰਗਰੂਰ ਮੁਕਾਮੀ ਮਹੰਤ ਰਹੇ। ਡੇਰਾ ਵਰਪਾਲਾਂ ਦੇ ਵੀ ਮਹੰਤ ਰਹੇ। ਡੇਰੇ ਦੀ ਅਤਿਅੰਤ ਉਨਤੀ ਕੀਤੀ। ਡੇਰੇ ਦੀ ਜ਼ਮੀਨ ਜਾਇਦਾਦ ਨੂੰ ਅਧਿਕਾਰ ਵਿੱਚ ਕੀਤਾ। ਡੇਰਾ ਬਾਬਾ ਬਹਾਲ ਸਿੰਘ ਦਾ ਵੀ ਬਹੁਤ ਵਿਕਾਸ ਕੀਤਾ। ਆਪ ਜੀ ਦੇ ਗੁਰਪੁਰੀ ਸਿਧਾਰਨ ਤੋਂ ਬਾਅਦ ਮਹੰਤ ਮਹਿਲ ਸਿੰਘ ਜੀ ਨੂੰ ਆਪ ਜੀ ਦਾ ਉੱਤਰ-ਧਿਕਾਰੀ ਬਣਾਇਆ।

ਮਹੰਤ ਮਹਿਲ ਸਿੰਘ ਜੀ ਆਪ ਜੀ ਦਾ ਜਨਮ ਪਿੰਡ ਵਰਪਾਲਾਂ ਵਿੱਚ ਹੋਇਆ। ਜਨਮ ਤੋਂ ਸਖਤ ਬਿਮਾਰ ਹੋ ਗਏ। ਬਚਨ ਦੀ ਕੋਈ ਉਮੀਦ ਨਹੀਂ ਸੀ। ਪਰਿਵਾਰ ਵਿੱਚ ਸ਼ੋਕ ਪੈ ਗਿਆ। ਮਾਤਾ ਪਿਤਾ ਦੁਖ ਦੇ ਘੋਰ ਨਿਰਾਸ ਵਿੱਚ ਸੰਤ ਬਾਬਾ ਸੇਵਾ ਸਿੰਘ ਜੀ ਦੇ ਚਰਨਾਂ ਵਿੱਚ ਪੁੱਜੇ। ਪਰਿਵਾਰ ਦਾ ਦੁੱਖ ਵੇਖ ਕੇ ਬਾਬਾ ਜੀ ਦ੍ਰਵੀਭੂਤ ਹੋ ਗਏ। ਘਰ ਆਏ ਬੱਚੇ ਦੇ ਸਿਰ ਤੇ ਹੱਥ ਰਖਿਆ। ਸਤਿਨਾਮ ਦਾ ਮੰਤਰ ਪੜ੍ਹ ਕੇ ਆਚਮਨ ਦਿੱਤਾ ਬੱਚਾ ਠੀਕ ਹੋ ਗਿਆ। ਸੁਆਸਾਂ ਦੀ ਗਤੀ ਠੀਕ ਹੋ ਗਈ। ਬਾਬਾ ਜੀ ਨੇ ਆਖਿਆ ਬੱਚਾ ਚਿਰੰਜੀਵੀ ਹੋਵੇਗਾ। ਮਾਤਾ ਪਿਤਾ ਨੇ ਬਾਬਾ ਜੀ ਨੂੰ ਸਪੁਰਦ ਕਰ ਦਿੱਤਾ। ਆਪ ਜੀ ਨੇ ਡੇਰੇ ਦੇ ਮਹੰਤ ਬਣ ਕੇ ਬਹੁਤ ਤਰੱਕੀ ਕੀਤੀ। ਆਪ ਮਹਾਨ ਨੀਤੀਵੇਤਾ ਚਤਰ ਅਤੇ ਵਿਵਹਾਰ ਕੁਸ਼ਨ ਸਨ। ਮਿਲਨਸਾਰ ਅਤੇ ਕੋਮਲ ਸੁਭਾਅ ਵਾਲੇ ਸਨ। ਆਪ ਜੀ ਦੇ ਸ਼ਿਸ਼ ਸੰਤ ਇਕਬਾਲ ਸਿੰਘ ਜੀ ਸਨ।

ਮਹੰਤ ਇਕਬਾਲ ਸਿੰਘ ਜੀ ਆਪ ਜੀ ਨੇ ਮੈਟ੍ਰਿਕ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ। ਮਹੰਤ ਮਹਿਲ ਸਿੰਘ ਦੇ ਸ਼ਿਸ਼ ਬਣ ਕੇ ਸੇਵਾ ਕਰਦੇ, ਧਾਰਮਿਕ ਵਿੱਦਿਆ ਪੜ੍ਹਦੇ ਰਹੇ। ਕੁਝ ਸਮਾਂ ਫੌਜ ਵਿੱਚ ਨੌਕਰੀ ਕੀਤੀ। ਮਹਾਂਪੁਰਖਾਂ ਦੇ ਕਹਿਣ ਤੇ ਫੌਜ 'ਚੋਂ ਪੈਂਸ਼ਨ ਲੈ ਕੇ ਮੁੜ ਸੇਵਾ ਵਿੱਚ ਆਣ ਹਾਜ਼ਿਰ ਹੋਏ। ਰਾਤ ਦਿਨ ਅਣਥੱਕ ਸੇਵਾ ਕਰਦੇ ਰਹੇ। ਡੇਰੇ ਦੀ ਮਹਾਨ ਤਰੱਕੀ ਕੀਤੀ। ਸਾਰੀ ਨਵੀਂ ਇਮਾਰਤ ਬਣਾਈ। ਸਮਾਧਾਂ ਦੀ ਮੁਰੰਮਤ ਸੇਵਾ- ਸੰਭਾਲ ਕੀਤੀ। ਡੇਰੇ ਦੀ ਖੁਰਦ-ਬੁਰਦ ਹੋਈ ਜਾਇਦਾਦ ਨੂੰ ਪ੍ਰਬੰਧ ਹੇਠ ਲਿਆਂਦਾ। ਇਸ ਵਾਸਤੇ ਕਈ ਸਾਲ ਕੇਸ ਵੀ ਲੜਨੇ ਪਏ। ਪਰ ਹਰ ਤਰ੍ਹਾਂ ਕਾਮਯਾਬੀ ਪ੍ਰਾਪਤ ਕਰਕੇ ਡੇਰੇ ਦੀ ਪਹਿਲੀ ਸ਼ਾਨ ਨੂੰ ਬਹਾਲ ਕਰ ਦਿੱਤਾ। ਆਪ ਜੀ ਨਿਰਮਲ ਮਹਾਂਮੰਡਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਵੀ ਰਹੇ ਹਨ। ਆਪਣੇ ਪੁੱਤਰ ਚੇਲੇ ਸੰਤ ਸੁਖਬੀਰ ਸਿੰਘ ਨੂੰ ਡੇਰੇ ਦਾ ਮਹੰਤ ਨਿਯੁਕਤ ਕੀਤਾ। ਜੋ ਕਿ ਬੜੇ ਮਿਲਨਸਾਰ ਹਨ। ਡੇਰੇ ਦੀ ਸੇਵਾ ਕਰਦੇ ਹਨ ਆਏ ਮਹਾਂਪੁਰਖਾਂ ਦਾ ਸਤਿਕਾਰ ਕਰਦੇ ਹਨ।

25. ਡੇਰਾ ਵਲੌਂ ਜ਼ਿਲ੍ਹਾ ਅੰਮ੍ਰਿਤਸਰ

ਇਹ ਡੇਰਾ ਸੰਤ ਕਰਮ ਸਿੰਘ ਜੀ ਦੇ ਚੇਲੇ ਠਾਕੁਰ ਗੁਲਾਬ ਸਿੰਘ ਜੀ ਦਾ ਅਬਾਦ ਕੀਤਾ ਹੋਇਆ ਹੈ। ਆਪ ਸ਼ਾਦੀ-ਸ਼ੁਦਾ ਸਨ। ਆਪ ਜੀ ਦੇ ਸਵਰਗਵਾਸ ਹੋਣ ਉਪਰੰਤ ਆਪ ਜੀ ਦੇ

ਸਪੁੱਤਰ ਪੰਡਤ ਹਰਭਜਨ ਸਿੰਘ ਦੇ ਚੇਲੇ ਮਹਾਰਾਜ ਜਵਾਲਾ ਸਿੰਘ ਜੀ ਮਿਰਜ਼ੇ ਵਾਲੇ ਜੋ ਭਾਸ਼ਾ ਦੇ ਚੰਗੇ ਵਿਦਵਾਨ ਸਨ। 6-7 ਸਾਲ ਮੋਹਤਮ ਰਹੇ। ਉਨ੍ਹਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਮਾਤਾ ਭਾਗੋ (ਸੁਪਤਨੀ ਸੰਤ ਕਰਮ ਸਿੰਘ) ਮਹੰਤ ਰਹੇ। ਇਸ ਡੇਰੇ ਦੀ ਨੀਂਹ ਆਪਣੇ ਹੱਥੀਂ ਰਖਾਈ। ਚੂਨੇ ਕਲੀ ਦਾ ਕੰਮ ਆਪਣੇ ਹੱਥੀਂ ਕਰਦੇ ਰਹੇ। ਆਟਾ ਦਾਣਾ ਪਿੰਡ 'ਚੋਂ ਲਿਆ ਕੇ ਆਏ ਸਾਧੂ ਸੰਤਾਂ ਦੀ ਸੇਵਾ ਕਰਦੇ ਸਨ। ਇੱਕ ਚਾਂਦੀ ਦੀ ਸੋਟੀ ਅਤੇ ਚੌਰ ਠਾਕੁਰਾਂ ਦੇ ਡੇਰੇ ਅਤੇ ਨਿਰਮਲ ਪੰਚਾਇਤੀ ਅਖਾੜੇ ਕਨਖਲ ਦੀ ਭੇਟਾ ਜਾ ਕੇ ਕੀਤਾ। ਆਪ ਹੱਥੀਂ ਸੂਤ ਕਤ ਕੇ ਕਪੜੇ ਤਿਆਰ ਕਰਦੇ ਸਨ। ਆਏ ਗਏ ਸੰਤਾਂ ਨੂੰ ਦਿੰਦੇ ਸਨ। ਆਪ ਜੀ ਨੇ ਸੰਤ ਸੁੰਦਰ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਸੌਂਪ ਦਿੱਤੀ। ਆਪ ਜੀ ਨੇ ਗੁਰੂ ਘਰ ਦੀ ਵਿੱਦਿਆ ਪ੍ਰਾਪਤ ਕੀਤੀ। ਭਾਸ਼ਾ ਦੇ ਪੰਡਤ ਪ੍ਰਸਿੱਧ ਹੋਏ। ਡੇਰੇ ਦੀ ਬੜੀ ਤਰੱਕੀ ਕੀਤੀ। ਆਪਣੇ ਚੇਲੇ ਸੰਤ ਕਰਤਾਰ ਸਿੰਘ ਨੂੰ ਮਹੰਤ ਬਣਾਇਆ। ਆਪ ਆਏ ਗਏ ਮਹਾਂਪੁਰਖਾਂ ਦੀ ਸੇਵਾ ਕਰਦੇ ਸਨ। ਸੁਭਾਅ ਦੇ ਮਿਲਨਸਾਰ ਸਨ। ਪਰ ਸਿੱਖਾਂ ਨਾਲ ਕੇਵਲ ਇਤਨੀ ਗੱਲ ਤੋਂ ਰੰਜਸ਼ ਵੱਧ ਗਈ ਕਿ ਅਸਥਾਨ ਤਿਆਰ ਹੋਣ ਤੋਂ ਬਾਅਦ ਆਪ ਨੇ ਨਿਰਮਲ ਭੇਖ ਅਪਾਰ ਤਾਸ ਬਿਨ ਅਵਰ ਨ ਕੋਈ ਲਿਖ ਦਿੱਤਾ। ਸ਼੍ਰੋਮਣੀ ਗੁ. ਪ੍ਰ. ਕਮੇਟੀ ਪਾਸੋਂ ਵੀ ਲਿਖਵਾ ਲਿਆਂਦਾ ਕਿ ਇਹ ਗੁਰਦੁਆਰਾ ਨਹੀਂ। ਪਰ ਕਈ ਸਿੱਖ ਨਾ ਮੰਨੇ। ਇਸ ਵਾਸਤੇ ਆਪ ਜੀ ਨੇ ਕੁਟੀਆ ਬਣਵਾ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਆਏ ਗਏ ਸਾਧੂ ਸੰਤਾਂ ਦੀ ਸੇਵਾ ਕਰਦੇ ਹਨ।

26. ਨਿਰਮਲ ਆਸ਼ਰਮ (ਸ਼ਰੀਫਪੁਰਾ)

ਸੰਤ ਪ੍ਰੀਤਮ ਹਰੀ ਜੀ ਸ੍ਰੀਮਾਨ 108 ਸੰਤ ਬਾਬਾ ਦਲੇਰ ਸਿੰਘ ਜੀ ਵਿਰਕਤ ਸੰਪ੍ਰਦਾਇ ਨੌਰੰਗਾਬਾਦੀ ਮਹਾਂਪੁਰਖਾਂ ਦੇ ਅਨੇਕਾਂ ਸ਼ਿਸ਼ ਸਨ। ਸੰਤ ਪ੍ਰੀਤਕ ਹਰੀ ਜੀ ਨੇ ਧਾਰਮਿਕ ਅਤੇ ਵੇਦਾਂਤ ਦੀ ਵਿੱਦਿਆ ਪ੍ਰਾਪਤ ਕੀਤੀ। ਤਾਂ ਸੰਤ ਬਾਬਾ ਦਲੇਰ ਸਿੰਘ ਜੀ ਨੇ ਆਪ ਜੀ ਨੂੰ ਬਚਨ ਕੀਤਾ ਕਿ ਆਪ ਅੰਮ੍ਰਿਤਸਰ ਜਾ ਕੇ ਧਰਮ ਦਾ ਪ੍ਰਚਾਰ ਕਰੋ। ਆਪ ਜੀ ਨੇ ਨਿਰਮਲ ਆਸ਼ਰਮ ਸ਼ਰੀਫਪੁਰਾ ਵਿੱਚ ਡੇਰਾ ਬਣਾਉਣਾ ਕੀਤਾ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਧਰਮ ਪ੍ਰਚਾਰ ਕਰ ਰਹੇ ਹਨ। ਆਪ ਜੀ ਦੇ ਸ਼ਿਸ਼ ਸੁਆਮੀ ਆਤਮ ਜੋਤੀ ਅਚਾਰਯ ਸਵਾਮੀ ਪ੍ਰੀਤਮ ਜੋਤੀ ਹਰੀ, ਅਚਾਰਯ ਸਵਾਮੀ ਸਤਪ੍ਰੀਤ ਹਰੀ, ਸੁਆਮੀ ਗੁਰਪ੍ਰੀਤ ਹਰੀ, ਸੰਤ ਮਨੋਹਰ ਹਰੀ, ਸੰਤ ਗੁਰਦਿਆਲ ਸਿੰਘ ਬੇਦੀ, ਰਮਨੀਕ ਹਰੀ, ਗੋਪਾਲ ਹਰੀ, ਰਜਨੀ ਹਰੀ, ਦਲਜੀਤ ਹਰੀ, ਕ੍ਰਿਸ਼ਨਾ ਹਰੀ, ਦਰਸ਼ਨਾ ਹਰੀ, ਮਾਤਾ ਸੁਰਜੀਤ ਕੌਰ ਹਰੀ ਦੀਵਾਨੀ, ਸੁਰਿੰਦਰ ਹਰੀ, ਮਾਸਟਰ ਦਲਜੀਤ ਸਿੰਘ ਤੁਲੀ ਆਦਿਕ ਆਪ ਜੀ ਦੇ ਸ਼ਿਸ਼ ਹਨ।

ਆਪ ਜੀ ਨੇ ਆਤਮ ਅਨੁਭਵ ਆਸ਼ਰਮ ਅਤੇ ਚੈਰੀਟੇਬਲ ਟ੍ਰਸਟ (ਰਜਿ.) ਸ਼ਰੀਫਪੁਰਾ ਅੰਮ੍ਰਿਤਸਰ ਹਰੀਗੋਬਿੰਦ ਆਸ਼ਰਮ ਅਤੇ ਚੈਰੀਟੇਬਲ ਟ੍ਰਸਟ (ਰਜਿ.) ਗੋਲ ਮਸੀਤ ਬਜ਼ਾਰ ਅੰਮ੍ਰਿਤਸਰ ਬਣਾਉਣਾ ਕੀਤੇ। ਜਿਸ ਤੋਂ ਅਨੇਕਾਂ ਹੀ ਜੀਵ ਗਿਆਨ ਦੀ ਪ੍ਰਾਪਤੀ, ਆਨੰਦ ਦੀ ਪ੍ਰਾਪਤੀ, ਪ੍ਰਮਾਤਮਾ ਦਾ ਅਨੁਭਵ ਪ੍ਰਾਪਤ ਕਰ ਰਹੇ ਹਨ। ਆਸ਼ਰਮ ਵਿੱਚ ਲੰਗਰ, ਧਰਮ ਦਾ ਪ੍ਰਚਾਰ ਅਤੇ ਗਰੀਬਾਂ ਦੀ ਸੇਵਾ ਕੀਤੀ ਜਾਂਦੀ ਹੈ।

27. ਡੇਰਾ ਸੰਤਨ ਕੀ ਕੁਟੀਆ ਸ਼ਾਹਪੁਰ

ਸ੍ਰੀਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਦਲੇਰ ਸਿੰਘ ਜੀ ਵਿਰਕਤ ਜਿਨ੍ਹਾਂ ਦੇ ਅਨੇਕਾਂ ਸ਼ਿਸ਼ ਹੋਏ ਹਨ। ਉਨ੍ਹਾਂ ਵਿੱਚੋਂ ਸੰਤ ਦਵਿੰਦਰ ਸਿੰਘ ਆਪ ਜੀ ਦੇ ਸ਼ਿਸ਼ ਸਨ। ਆਪ ਜੀ ਨੇ ਪਿੰਡ ਸ਼ਾਹਪੁਰ ਵਿੱਚ ਕੁਟੀਆ ਤਿਆਰ ਕੀਤੀ। ਜਿਸ ਵਿੱਚ ਅਨੇਕਾਂ ਵਿਦਿਆਰਥੀਆਂ ਨੂੰ ਗੁਰਮਤਿ ਦੀ ਵਿੱਦਿਆ, ਰਾਗ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਲੰਗਰ ਅਤੇ ਨਾਮ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਆਪ ਜੀ ਦੇਸ਼ਾਂ ਵਿਦੇਸ਼ਾਂ ਵਿੱਚ ਧਰਮ ਪ੍ਰਚਾਰ ਕਰਦੇ ਰਹਿੰਦੇ ਹਨ। ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਹਨ।

28. ਸੰਤਨ ਕੀ ਕੁਟੀਆ ਅੰਮ੍ਰਿਤਸਰ

ਇਸ ਆਸ਼ਰਮ ਨੂੰ ਸ੍ਰੀ ਮਾਨ 108 ਮਹੰਤ ਜਗਦੀਸ਼ ਸਿੰਘ ਜੀ ਨੇ ਕਾਇਮ ਕੀਤਾ। ਆਪ ਜੀ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਸਨ। ਆਪ ਜੀ ਜੋਗ ਵਸ਼ਿਸ਼ਟ ਅਤੇ ਰਮਾਇਣ, ਮਹਾਭਾਰਤ ਦੀ ਕਥਾ ਲਗਾਤਾਰ ਕਰਦੇ ਰਹਿੰਦੇ ਸਨ। ਆਪ ਜੀ ਦੇ ਸ਼ਿਸ਼ ਸੰਤ ਕ੍ਰਿਸ਼ਨ ਸਿੰਘ ਜੀ ਹਨ। ਜੋ ਕਿ ਦੇਸ਼ਾਂ ਵਿਦੇਸ਼ਾਂ ਵਿੱਚ ਗੁਰਮਤਿ ਅਤੇ ਗੁਰਬਾਣੀ ਦਾ ਪ੍ਰਚਾਰ ਕਰਦੇ ਹਨ। ਆਪ ਜੀ ਨੇ ਡੇਰੇ ਦੀ ਬਹੁਤ ਤਰੱਕੀ ਕੀਤੀ ਹੈ। ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਹੈ।

29. ਡੇਰਾ ਸ੍ਰੀ ਹਰਿਗੋਬਿੰਦ ਪੁਰ ਸੰਸਥਾਪਕ ਸੰਤ ਗੁਲਾਬ ਸਿੰਘ ਜੀ

ਇਥੇ ਕਿਸੇ ਸਮੇਂ ਸੰਤ ਬਾਬਾ ਜੱਸਾ ਸਿੰਘ ਜੀ ਵਿਰਾਜੇ ਸਨ। ਉਨ੍ਹਾਂ ਦੀ ਸਿਮ੍ਰਤੀ ਵਿੱਚ ਸੰਤ ਗੁਲਾਬ ਸਿੰਘ ਜੀ ਨੇ ਇਹ ਡੇਰਾ ਕਾਇਮ ਕੀਤਾ। ਆਪ ਗੁਰਮਤਿ ਅਤੇ ਸੰਸਕ੍ਰਿਤ ਦੇ ਵਿਦਵਾਨ ਪੂਰਨ ਮਹਾਂਪੁਰਖ ਸਨ। ਸੰਤ ਮੰਡਲੀ ਸਹਿਤ ਇਥੇ ਆਏ ਅਤੇ ਡੇਰੇ ਦੀ ਸਥਾਪਨਾ ਕੀਤੀ। ਅੰਤ ਆਪਣੇ ਸ਼ਿਸ਼ ਪੰਡਤ ਹਮੀਰ ਸਿੰਘ ਜੀ ਨੂੰ ਡੇਰਾ ਸੰਭਾਲ ਕੇ ਪਰਲੋਕ ਗਮਨ ਕਰ ਗਏ।

ਪੰਡਤ ਹਮੀਰ ਸਿੰਘ ਜੀ ਆਪ ਜੀ ਨੇ ਕਾਸ਼ੀ ਜੀ ਵਿਚੋਂ ਵਿੱਦਿਆ ਪ੍ਰਾਪਤ ਕਰਕੇ ਅਤੇ ਮਹੰਤ ਬਣ ਕੇ ਇਸ ਡੇਰੇ ਵਿੱਚ ਸਾਧੂ ਬ੍ਰਾਹਮਣਾਂ ਲਈ ਪਾਠਸ਼ਾਲਾ ਚਾਲੂ ਕਰਕੇ ਬਣਾਉਣ ਲੱਗੇ। ਆਪ ਜੀ ਤੋਂ ਬਾਅਦ ਮਹੰਤ ਗੁਰਦਿੱਤ ਸਿੰਘ ਜੀ ਤੋਂ ਬਾਅਦ ਸੰਤ ਵੀਰ ਸਿੰਘ ਜੀ ਮਹੰਤ ਨਿਯੁਕਤ ਹੋਏ। ਆਪ ਜੀ ਵੀ ਕਾਸ਼ੀ ਤੋਂ ਵਿੱਦਿਆ ਪ੍ਰਾਪਤ ਕਰ ਕੇ ਆਏ ਸਨ। ਆਪ ਜੀ ਦੀ ਸਮਾਧੀ ਡਿਉੜੀ ਨੇੜੇ ਡੇਰੇ ਅੰਦਰ ਕਾਇਮ ਹੈ। ਆਪ ਜੀ ਦੇ ਉੱਤਰ-ਧਿਕਾਰੀ ਮਹੰਤ ਕਿਸ਼ਨ ਜੀ ਸਨ। ਆਪ ਜੀ ਨੇ ਇਸ ਡੇਰੇ ਦੀ ਬੜੀ ਤਰੱਕੀ ਕੀਤੀ। ਅਨੇਕਾਂ ਵਿਦਿਆਰਥੀਆਂ ਨੂੰ ਵਿੱਦਿਆ ਦਾ ਦਾਨ ਦਿੱਤਾ। ਇਨ੍ਹਾਂ ਦੇ ਸਮਾ ਜਾਣ ਤੋਂ ਮਗਰੋਂ ਗੁਰਭਾਈ ਸੰਤ ਜੈਮਲ ਸਿੰਘ ਜੀ ਮਹੰਤ ਬਣੇ।

ਮਹੰਤ ਜੈਮਲ ਸਿੰਘ ਜੀ ਆਪ ਜੀ ਵੀ ਵਿਦਵਾਨ ਪੰਡਤ ਅਤੇ ਨਾਮ ਅਭਿਆਸੀ ਸਨ। ਇਨ੍ਹਾਂ ਦੇ ਸ਼ਿਸ਼ ਸੰਤ ਮੇਹਰ ਸਿੰਘ ਜੀ ਮਹੰਤ ਬਣੇ। ਜੋ ਕਿ ਡੇਰੇ ਦੇ ਕਾਗਜ਼ਾਤ ਆਪਣੇ ਨਾਲ ਘਰ ਲੈ ਗਏ। ਮਗਰੋਂ ਮਹੰਤ ਜੋਗਿੰਦਰ ਸਿੰਘ ਜੀ ਰਹੇ ਜਿਨ੍ਹਾਂ ਨੇ ਖੰਡਰ ਹੋਏ ਡੇਰੇ ਨੂੰ ਅਬਾਦ ਕੀਤਾ। ਇਨ੍ਹਾਂ ਤੋਂ ਬਾਅਦ ਸੰਤ ਲਛਮਣ ਸਿੰਘ ਨੂੰ ਡੇਰੇ ਦਾ ਮਹੰਤ ਬਣਾਇਆ ਜੋ ਕਿ ਬੜੇ ਪ੍ਰੇਮ ਨਾਲ ਇਸ ਡੇਰੇ ਦੀ ਸੇਵਾ ਕਰ ਰਹੇ ਹਨ।

## ਸਹਾਇਕ ਗ੍ਰੰਥਾਂ ਦੀ ਸੂਚੀ

1. *ਨਿਰਮਲ ਪੰਥ ਦਰਸ਼ਨ* — ਮਹੰਤ ਦਿਆਲ ਸਿੰਘ ਜੀ ਲਾਹੌਰ
2. *ਸ੍ਰੀ ਨਿਰਮਲ ਪੰਥ ਬੋਧ* — ਗਿਆਨੀ ਬਲਵੰਤ ਸਿੰਘ ਕੋਠਾ ਗੁਰੂ
3. *ਨਿਰਮਲ ਸੰਪ੍ਰਦਾਇ* — ਸੰਪਾਦਕ ਪ੍ਰੀਤਮ ਸਿੰਘ ਜੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
4. *ਅਨੁਭਵ ਸ਼ਤਕ* — ਗਿਆਨੀ ਸੁਖਚੈਨ ਸਿੰਘ, ਅੰਮ੍ਰਿਤਸਰ
5. *ਨਿਰਮਲ ਸੰਤ ਪਰੰਪਰਾ* — ਡਾ. ਨਿਰਮਲ ਕੌਸ਼ਿਕ
6. *ਨਿਰਮਲ ਪੰਥ ਦਾ ਇਤਿਹਾਸ* — ਡਾ. ਪਰਮਜੀਤ ਸਿੰਘ

# ਦੁਆਬਾ ਨਿਰਮਲ ਮੰਡਲ ਦੇ ਯੋਗਦਾਨ ਦੀ ਪ੍ਰਮਾਣਿਕਤਾ ਅਤੇ ਪ੍ਰਸੰਗਿਕਤਾ

*ਪ੍ਰੋ. ਹਰਬੰਸ ਸਿੰਘ ਬੋਲੀਨਾ*

ਪੰਜਾਬ ਦੇ ਦੁਆਬਾ ਖੇਤਰ ਵਿੱਚ ਨਿਰਮਲੇ ਮਹਾਂਪੁਰਸ਼ਾਂ/ਸੰਤਾਂ/ਮਹੰਤਾਂ ਦੀ ਇੱਕ ਰਜਿਸਟਰਡ ਸੰਸਥਾ 'ਦੁਆਬਾ ਨਿਰਮਲ ਮੰਡਲ' ਦੇ ਨਾਂ ਹੇਠ ਕਾਰਜਸ਼ੀਲ ਹੈ। "ਨਿਰਮਲੇ ਸਤਪੁਰਸ਼ਾਂ ਨੇ ਸਤਿਗੁਰੂ ਜੀ ਦੇ ਆਦਰਸ਼ ਅਨੁਸਾਰ ਸੇਵਾ ਸਿਮਰਨ ਤੇ ਕਿਰਤ ਨੂੰ ਮੁੱਖ ਰੱਖਿਆ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਪਰਉਪਕਾਰ ਚਿਤਵਦੇ ਰਹੇ। ਇਹ ਪੰਥਕ ਕਾਰਜ ਵਿੱਚ ਅੱਗੇ ਹੋ ਕੇ ਹਿੱਸਾ ਪਾਉਂਦੇ ਰਹੇ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੇ ਨਿਰਮਲੇ ਸੰਤ ਹੀ ਹਨ। ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤਰਤਾ ਅੰਦੋਲਨ ਵਿੱਚ ਸਭ ਤੋਂ ਅੱਗੇ ਰਹੇ ਹਨ। ਦੇਸ਼ ਸੇਵਾ ਧਰਮ ਪ੍ਰਚਾਰ ਵਿੱਦਿਆ ਪ੍ਰਚਾਰ ਵਿੱਚ ਵੀ ਉਲੇਖਣੀਯ ਸੇਵਾ ਕਰ ਰਹੇ ਹਨ।"[1] ਨਿਰਮਲ ਸੰਪ੍ਰਦਾ ਦੇ ਉਦੇਸ਼ਾਂ ਦੇ ਪ੍ਰਚਾਰ ਅਤੇ ਪਾਸਾਰ ਲਈ ਜਿਥੇ ਦੁਆਬਾ ਨਿਰਮਲ ਮੰਡਲ ਇਕ ਵਿਲਖਣ ਅਤੇ ਮਹੱਤਵਪੂਰਨ ਸੰਸਥਾ ਹੈ, ਉੱਥੇ ਨਿਰਮਲ ਭੇਖ ਦੀਆਂ ਦੋ ਮਹੱਤਵਪੂਰਨ ਸੰਸਥਾਵਾਂ ਨਿਰਮਲ ਪੰਚਾਇਤੀ ਅਖਾੜਾ ਅਤੇ ਨਿਰਮਲ ਮਹਾਂਮੰਡਲ ਨਾਲ ਵੀ ਸੰਬੰਧਿਤ ਹੈ। "ਨਿਰਮਲ ਭੇਖ ਵਿੱਚ ਹਜ਼ਾਰਾਂ ਜਪੀ, ਤਪੀ, ਤਤਵੇਤਾ, ਤਪੋਨਿਧੀ, ਸਮਦਰਸ਼ੀ, ਬ੍ਰਹਮਗਿਆਨੀ, ਕਰਮ ਅਭਿਆਸੀ, ਵਿਦਵਾਨ, ਪੰਡਿਤ, ਇਤਿਹਾਸਕਾਰ, ਸਾਹਿਤਕਾਰ, ਵੈਦ ਜੋਤਸ਼ੀ, ਰਾਗੀ, ਮਹੰਤ, ਸੰਤ, ਮੰਡਲੇਸ਼ਵਰ, ਤੇਗ ਦੇ ਧਨੀ, ਦੇਗ ਦੇ ਦਾਤੇ, ਪਰਉਪਕਾਰੀ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦੇ ਪਵਿੱਤਰ ਕਾਰਨਾਮੇ ਇਤਿਹਾਸ ਵਿੱਚ ਸਦਾ ਚਮਕਦੇ ਰਹਿਣਗੇ ਅਤੇ ਪ੍ਰੇਰਨਾ ਦਾ ਸ੍ਰੋਤ ਬਣੇ ਰਹਿਣਗੇ।"[2] ਨਿਰਮਲ ਭੇਖ, ਨਿਰਮਲ ਪੰਚਾਇਤੀ ਅਖਾੜੇ ਦੀ ਸਿਰਮੌਰ ਸੰਸਥਾ ਸ੍ਰੀਮਾਨ ਸ੍ਰੀ ਮਹੰਤ/ਸੰਤ ਮਹਿਤਾਬ ਸਿੰਘ ਜੀ ਤੋਂ ਲੈ ਕਰ ਕੇ ਸ੍ਰੀਮਾਨ ਸ੍ਰੀ ਮਹੰਤ ਸੰਤ ਬਾਬਾ ਗਿਆਨ ਦੇਵ ਸਿੰਘ ਜੀ ਤੱਕ ਉਪਰੋਕਤ ਆਸ਼ਿਆਂ ਦੀ ਪੂਰਤੀ ਲਈ ਨਿਰੰਤਰ ਯਤਨਸ਼ੀਲ ਹੈ। ਪੰਜਾਬ ਅੰਦਰ, ਜਿਥੇ ਮਾਝਾ, ਮਾਲਵਾ ਨਿਰਮਲ ਮੰਡਲ, ਨਿਰਮਲ ਭੇਖ ਦੇ ਆਸ਼ਿਆਂ ਅਤੇ ਉਦੇਸ਼ਾਂ ਦੀ ਪੂਰਤੀ ਲਈ ਯਥਾਯੋਗ ਹਿੱਸਾ ਪਾ ਰਹੇ ਹਨ, ਉੱਥੇ ਦੁਆਬਾ ਨਿਰਮਲ ਮੰਡਲ ਦੇ ਵਿਲੱਖਣ ਯੋਗਦਾਨ ਦਾ ਵਰਨਨ ਇਸ ਖੋਜ ਪੱਤਰ ਦਾ ਆਧਾਰ ਹੈ। ਨਿਰਮਲੇ ਮਹਾਂਪੁਰਸ਼ਾਂ ਲਈ ਆਮ ਤੌਰ 'ਤੇ ਮਹੰਤ ਪਦ ਦੀ ਵਰਤੋਂ ਹੁੰਦੀ ਹੈ ਅਤੇ ਵਿਦਵਾਨ ਨਿਰਮਲੇ ਮਹਾਂਪੁਰਸ਼ਾਂ ਨੂੰ ਪੰਡਿਤ ਵੀ ਕਿਹਾ ਜਾਂਦਾ ਹੈ। ਦੁਆਬੇ ਵਿੱਚ ਨਿਰਮਲੇ ਮਹਾਂਪੁਰਸ਼ਾਂ ਲਈ ਸੰਤ, ਮਹੰਤ, ਸੰਤ ਮਹਾਂਪੁਰਸ਼, ਸੰਤ ਬਾਬਾ, ਬਾਬਾ ਆਦਿ ਪਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਨਿਰਮਲੇ ਮਹਾਂਪੁਰਸ਼ਾਂ ਦੇ ਤਪ ਅਤੇ ਸੇਵਾ ਅਸਥਾਨ, ਜੋ ਮੂਲ ਰੂਪ ਵਿੱਚ ਇਨ੍ਹਾਂ ਅਸਥਾਨਾਂ ਦੇ ਮੋਢੀ ਸੰਤ ਮਹਾਂਪੁਰਸ਼ਾਂ ਨੇ ਨਾਮ ਬਾਣੀ ਦੇ ਅਭਿਆਸ ਅਤੇ ਸਿਮਰਨ ਲਈ ਹੋਂਦ ਵਿੱਚ ਲਿਆਂਦੇ, ਸਮਾਂ ਬੀਤਣ ਨਾਲ ਇਹ ਅਸਥਾਨ ਡੇਰਾ, ਕੁਟੀਆ, ਆਸ਼ਰਮ, ਨਿਰਮਲ ਤਖਤ, ਧਾਮ, ਠਾਠ, ਸੰਤ

* ਕੋਆਰਡੀਨੇਟਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਲਾਇਲਪੁਰ ਖਾਲਸਾ ਕਾਲਜ, ਜਲੰਧਰ।

ਸਰ, ਤਪ ਅਸਥਾਨ, ਸੰਤ ਸਾਗਰ, ਸੰਤਗੜ੍ਹ, ਟਿਕਾਣਾ, ਗੁਰਦੁਆਰਾ ਆਦਿ ਨਾਵਾਂ ਨਾਲ ਪ੍ਰਚੱਲਿਤ ਹੋ ਗਏ। ਨਿਰਮਲੇ ਮਹਾਂਪੁਰਸ਼ਾਂ ਦੇ ਅਸਥਾਨਾਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਕਰਕੇ, ਸਿੱਖ ਸੰਗਤ ਨੇ ਇਨ੍ਹਾਂ ਨੂੰ ਗੁਰਦੁਆਰਾ ਰੂਪ ਵਿੱਚ ਪ੍ਰਵਾਨ ਅਤੇ ਪ੍ਰਚੱਲਿਤ ਕੀਤਾ। ਪਰ ਇਨ੍ਹਾਂ ਨਿਰਮਲੇ ਡੇਰਿਆਂ ਦਾ ਵਿਵਾਦਤ ਡੇਰਾਵਾਦ ਨਾਲ ਕੋਈ ਸੰਬੰਧ ਨਹੀਂ। ਨਿਰਮਲੇ ਸੰਤਾਂ ਵਿੱਚ ਗੁਰੂ ਅਤੇ ਚੇਲੇ ਦੀ ਪਰੰਪਰਾ ਮੌਜੂਦ ਹੈ। ਗੁਰੂ (ਮੌਜੂਦਾ ਮੁਖੀ) ਗੁਰੂ ਡੰਮ ਤੋਂ ਨਿਰਲੇਪ ਰਹਿੰਦਾ ਹੈ। ਚੇਲੇ ਨੂੰ ਵਧੇਰੇ ਕਰਕੇ ਸ਼ਿਸ਼ ਵੀ ਕਿਹਾ ਜਾਂਦਾ ਹੈ। ਨਿਰਮਲੇ ਮਹਾਂਪੁਰਸ਼ਾਂ ਦੇ ਇਸ਼ਟ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਪਰੰਤੂ ਜਦੋਂ ਵੀ ਕਿਸੇ ਵਿਅਕਤੀ ਜਾਂ ਸੰਸਥਾ ਨੇ ਆਪਣੀ ਸੌੜੀ ਅਤੇ ਦੂਸ਼ਿਤ ਸੋਚ ਅਧੀਨ ਇਨ੍ਹਾਂ ਅਸਥਾਨਾਂ ਨੂੰ 'ਡੇਰਾਵਾਦ' ਨਾਲ ਜੋੜ ਕੇ ਪੇਸ਼ ਕਰਨਾ ਚਾਹਿਆ ਤਾਂ ਉਸ ਦਾ ਕਾਰਨ ਸਦਾ ਹੀ ਨਿਰਮਲ ਭੇਖ ਅਤੇ ਦੁਆਬਾ ਨਿਰਮਲ ਮੰਡਲ ਦੇ ਵਿਧੀ ਵਿਧਾਨ ਪ੍ਰਤੀ ਨਾਕਾਰਾਤਮਕ ਪੇਤਲੀ ਸੋਚ ਹੀ ਰਹੀ।

ਦੁਆਬਾ ਨਿਰਮਲ ਮੰਡਲ, ਦੁਆਬੇ ਦੇ ਕੁਝ ਇੱਕ ਨਿਰਮਲੇ ਸੰਤਾਂ ਮਹਾਂਪੁਰਸ਼ਾਂ ਦੇ ਅਣਥਕ ਯਤਨਾਂ ਅਤੇ ਸਾਕਾਰਾਤਮਕ ਸੋਚ ਦੇ ਸਿੱਟੇ ਵਜੋਂ ਹੋਂਦ ਵਿੱਚ ਆਇਆ। ਇਸ ਲਈ ਇਕ ਸਰਬ ਸਾਂਝਾ ਧਰਾਤਲ ਤਿਆਰ ਕਰਨ ਲਈ ਸੰਤ ਮੇਲਾ ਸਿੰਘ ਜੀ ਨਿਰਮਲ ਆਸ਼ਰਮ ਬੰਗਾ ਵਾਲਿਆਂ ਨੇ ਵਿਸ਼ੇਸ਼ ਉਪਰਾਲੇ ਕੀਤੇ, ਉਨ੍ਹਾਂ ਇਸ ਉਦੇਸ਼ ਦੀ ਪੂਰਤੀ ਲਈ ਦੁਆਬੇ ਦੇ ਸਮੁੱਚੇ ਨਿਰਮਲ ਭੇਖ ਨਾਲ ਨਿੱਜੀ ਸੰਪਰਕ ਪੈਦਾ ਕੀਤਾ। ਉਨ੍ਹਾਂ ਦੇ ਇਸ ਨਿਵੇਕਲੇ ਅਤੇ ਦੂਰਅੰਦੇਸ਼ੀ ਅਨੁਭਵ ਦੀ ਪੂਰਤੀ ਲਈ ਸੰਤ ਬਖਤਾਵਰ ਸਿੰਘ ਜੀ ਅਲਾਚੌਰ, ਸੰਤ ਜਵਾਲਾ ਸਿੰਘ ਜੀ ਹਰਖੋਵਾਲ ਅਤੇ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਆਰੰਭਕ ਪੜਾਅ ਉੱਤੇ ਦੁਆਬਾ ਨਿਰਮਲ ਮੰਡਲ ਨਾਂ ਦੀ ਸੰਸਥਾ ਲਈ ਪੰਜ ਮੈਂਬਰੀ ਕਮੇਟੀ ਬਣਾਉਣ ਦਾ ਵਿਚਾਰ ਵੀ ਸਾਹਮਣੇ ਆਇਆ ਪਰ ਬਾਅਦ ਵਿੱਚ ਇੱਕ ਸੰਪੂਰਨ ਵਿਧੀ ਵਿਧਾਨ ਅਨੁਸਾਰ, ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ, ਸਕੱਤਰ, ਕਾਰਜਕਾਰਣੀ ਬਣਾਉਣ ਬਾਰੇ ਸਹਿਮਤੀ ਹੋ ਗਈ ਹੈ। ਸੰਤ ਮੇਲਾ ਸਿੰਘ ਜੀ ਨੂੰ ਦੁਆਬਾ ਨਿਰਮਲ ਮੰਡਲ ਦੇ ਪਹਿਲੇ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੋਇਆ। ਕੁਝ ਸਮੇਂ ਲਈ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲੇ, ਸੰਤ ਜਵਾਲਾ ਸਿੰਘ ਜੀ ਜਿਆਣ ਵਾਲੇ ਅਤੇ ਸੰਤ ਮਾਨ ਸਿੰਘ ਜੀ ਨੰਗਲ ਖੁਰਦ ਵਾਲੇ ਲੰਮਾ ਸਮਾਂ ਪ੍ਰਧਾਨ ਦੇ ਅਹੁਦੇ ਉੱਪਰ ਰਹੇ। ਸੰਤ ਮੇਲਾ ਸਿੰਘ ਜੀ ਦੇ ਉਤਰਾਧਿਕਾਰੀ ਸੰਤ ਮਲਕੀਤ ਸਿੰਘ ਜੀ ਨੂੰ ਵੀ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੋਇਆ। ਸੰਤ ਮਲਕੀਤ ਸਿੰਘ ਜੀ (ਨਿਰਮਲ ਆਸ਼ਰਮ ਬੰਗਾ) ਦੇ ਉਤਰਾਧਿਕਾਰੀ ਸੰਤ ਭਾਗ ਸਿੰਘ ਜੀ ਮੌਜੂਦਾ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੇ ਹਨ।

ਸੰਤ ਤੇਜਾ ਸਿੰਘ ਜੀ[3] (ਗੁਰੂਸਰ ਖੁੱਡਾ ਵਾਲਿਆਂ) ਨੇ ਦੁਆਬੇ ਦੇ ੪੭ ਨਿਰਮਲੇ ਅਸਥਾਨਾਂ ਦਾ ਵਰਨਨ ਕੀਤਾ ਹੈ, ਜਿਹੜੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜ਼ਿਲਿਆਂ ਵਿੱਚ ਸਥਾਪਿਤ ਹਨ। ਇਨ੍ਹਾਂ ਵਿੱਚੋਂ ਕੁਝ ਇੱਕ ਅਸਥਾਨ ਪ੍ਰਮੁੱਖ ਸੰਪ੍ਰਦਾਵਾਂ ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਦੁਆਬਾ ਨਿਰਮਲ ਮੰਡਲ ਦੇ ਅਸਥਾਨ, ਇਨ੍ਹਾਂ ਦੇ ਮੋਢੀ ਸੰਸਥਾਪਕਾਂ ਦੇ ਨਾਵਾਂ ਅਤੇ ਪ੍ਰਥਮ ਸਥਾਨਾਂ ਦੇ ਨਾਵਾਂ ਉਪਰ ਹੀ ਪ੍ਰਚੱਲਿਤ ਹੋਏ ਹਨ। ਦੁਆਬੇ ਵਿਚਲੇ ਨਿਰਮਲੇ ਅਸਥਾਨਾਂ ਨੂੰ ਸੰਸਥਾਪਕਾਂ 'ਤੇ ਆਧਾਰਿਤ ਇਸ ਤਰ੍ਹਾਂ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(1) ਦੁਆਬੇ ਦੇ ਵਸਨੀਕ ਅਤੇ ਦੁਆਬੇ ਵਿੱਚ ਹੀ ਅਸਥਾਨ
(2) ਦੁਆਬੇ ਤੋਂ ਬਾਹਰੀ ਇਲਾਕੇ ਤੋਂ ਅਤੇ ਦੁਆਬੇ ਵਿੱਚ ਅਸਥਾਨ
(3) ਦੁਆਬੇ ਦੇ ਵਸਨੀਕ ਅਤੇ ਦੁਆਬੇ ਤੋਂ ਬਾਹਰ ਅਸਥਾਨ
(4) ਦੁਆਬੇ ਦੇ ਵਸਨੀਕ ਅਤੇ ਪੰਜਾਬ ਤੋਂ ਬਾਹਰ ਅਸਥਾਨ
(5) ਦੁਆਬੇ ਦੇ ਵਸਨੀਕ ਅਤੇ ਭਾਰਤ ਤੋਂ ਬਾਹਰ ਅਸਥਾਨ

ਮਿਸਾਲ ਦੇ ਤੌਰ 'ਤੇ ਪਹਿਲੇ ਵਰਗ ਵਿੱਚ ਸੰਤ ਹਰਨਾਮ ਸਿੰਘ ਜੀ (ਜਿਆਣ), ਦੂਜੇ ਵਰਗ

ਵਿੱਚ ਸੰਤ ਕਪੂਰ ਸਿੰਘ ਜੀ ਨਿਰਬਾਣ (ਚਾਹਵਾਲੇ), ਤੀਜੇ ਵਰਗ ਵਿੱਚ ਸੰਤ ਮਹਾਂਹਰਨਾਮ ਸਿਘ ਜੀ, ਚੌਥੇ ਵਰਗ ਵਿੱਚ ਸੰਤ ਸੇਵਾ ਸਿੰਘ ਜੀ (ਕਿਲਾ ਆਨੰਦਗੜ੍ਹ) ਅਤੇ ਪੰਜਵੇਂ ਵਰਗ ਵਿੱਚ ਸੰਤ ਗਿਆਨ ਸਿੰਘ ਜੀ (ਨਿਰਮਲ ਕੁਟੀਆ ਜੌਹਲਾਂ) ਆਦਿ ਸ਼ਾਮਲ ਹਨ।

ਇਸ ਖੋਜ ਪੇਪਰ ਦਾ ਆਧਾਰ ਦੋ ਪੁਸਤਕਾਂ 'ਨਿਰਮਲ ਦਰਪਣ' ਅਤੇ 'ਸਿੱਖ ਸੰਪ੍ਰਦਾਵਲੀ' ਵਿਚਲੇ ਉਦੇਸ਼ਾਂ ਅਤੇ ਦਿਸ਼ਾ ਨਿਰਦੇਸ਼ਾਂ ਨੂੰ ਬਣਾਇਆ ਗਿਆ ਹੈ। 9 ਜੁਲਾਈ, 1967 ਨੂੰ ਨਿਰਮਲ ਆਸ਼ਰਮ ਬੰਗਾ ਵਿਖੇ ਦੁਆਬਾ ਨਿਰਮਲ ਮੰਡਲ ਦੇ ਇਕਠ ਵਿੱਚ ਪਾਸ ਕੀਤੇ ਕੀਤੇ ਗਏ ਅਤੇ ਅਨੁਸਾਰ ਵਰਕਿੰਗ ਕਮੇਟੀ ਨੇ ਇਨ੍ਹਾਂ ਨਿਯਮਾਂ ਨੂੰ ਸ਼ੰਸ਼ੋਧਨ ਕੀਤਾ ਜੋ 22 ਮਾਰਚ, 1968 ਈ. ਨੂੰ ਬਾੜੀਆਂ ਕਲਾਂ, ਦੁਆਬਾ ਨਿਰਮਲ ਮੰਡਲ ਦੇ ਜਨਰਲ ਇਕੱਠ ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਗਏ। ਜਿਨ੍ਹਾਂ ਦਾ ਮਨੋਰਥ "ਦੁਆਬਾ 'ਦੇਸ਼ ਨਿਵਾਸੀ ਨਿਰਮਲ ਭੇਖ ਦੀ ਧਾਰਮਿਕ ਆਰਥਿਕ ਅਤੇ ਸਮਾਜਿਕ ਭਲਾਈ ਲਈ ਯਤਨ ਕਰਨਾ ਤੇ ਆਪਣੇ ਹੱਕਾਂ ਦੀ ਰਾਖੀ ਕਰਨੀ। ਭੇਖ ਦੀ ਸੁਤੰਤਰਤਾ ਬਣਾਈ ਰੱਖਣ ਦਾ ਉਪਰਾਲਾ ਕਰਦੇ ਰਹਿਣਾ। ਨਿਰਮਲ ਭੇਖ ਅਤੇ ਦੇਸ਼ ਦੇ ਭਲੇ ਲਈ ਧਾਰਮਿਕ ਅਤੇ ਸਮਾਜਿਕ ਸੁਧਾਰ ਆਦਿ ਦਾ ਸਮੇਂ ਸਮੇਂ ਪ੍ਰਚਾਰ ਕਰਨਾ। ਵਿੱਦਿਆ ਦੀ ਉਨਤੀ ਲਈ ਵਿਦਿਆਲੇ ਖੋਲ੍ਹਣੇ, ਦੈਨਿਕ ਮਾਸਿਕ ਪੱਤਰ ਕੱਢਣੇ ਆਦਿ।"[4] ਇਹਨਾਂ ਮਤਿਆਂ ਤੋਂ ਦੁਆਬਾ ਨਿਰਮਲ ਮੰਡਲ ਦੀ ਕਾਰਜਸ਼ੈਲੀ ਨਿਰਧਾਰਤ ਹੋ ਜਾਂਦੀ ਹੈ। 'ਸਿੱਖ ਸੰਪ੍ਰਦਾਵਲੀ' ਨਾਂ ਦੀ ਪੁਸਤਕ ਵਿੱਚ ਨਿਰਮਲ ਭੇਵ ਵਿੱਚ ਕੁਝ ਨਵੀਆਂ ਪ੍ਰਵ੍ਰਿਤੀਆਂ ਅਥਵਾ ਨੀਤੀਆਂ ਦੀ ਆਸ ਪ੍ਰਗਟਾਈ ਹੈ ਕਿ 'ਅਸੀਂ ਚਾਹਾਂਗੇ ਕਿ ਇਹ ਪੁਰਾਤਨ ਗਿਆਨ ਵਾਲੀ ਸੰਪ੍ਰਦਾ ਨਵੀਨ ਗਿਆਨ ਵਿਗਿਆਨ ਨਾਲ ਵੀ ਵਿਭੂਸ਼ਤ ਹੋਏ ਤਾਂ ਕਿ ਗੁਰਮਤਿ ਸਿਧਾਂਤਾਂ ਦੀ ਨਵੇਂ ਜ਼ਮਾਨੇ ਅਨੁਸਾਰ ਪ੍ਰਸੰਗਿਕਤਾ ਦਰਸਾਈ ਜਾਵੇ।"[5]

ਦੁਆਬਾ ਨਿਰਮਲ ਮੰਡਲ ਦੇ ਯੋਗਦਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ, ਪ੍ਰਚਾਰ ਅਤੇ ਪਾਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਅਤੇ ਕਥਾ, ਗੁਰਬਾਣੀ ਕੀਰਤਨ, ਅੰਮ੍ਰਿਤ ਸੰਚਾਰ, ਇਤਿਹਾਸਕ ਅਸਥਾਨਾਂ ਦੀ ਉਸਾਰੀ, ਆਜ਼ਾਦੀ ਦੀ ਲੜਾਈ ਅਤੇ ਅਕਾਲੀ ਮੋਰਚੇ, ਸਮਾਜ ਸੁਧਾਰ, ਵਿੱਦਿਅਕ ਪਾਸਾਰ, ਧਾਰਮਿਕ ਸਾਹਿਤ ਰਚਨਾ, ਪੱਤਰਕਾਰੀ, ਮੰਡਲੀਆਂ, ਕਾਰ ਸੇਵਾ, ਹਸਪਤਾਲ, ਡਿਸਪੈਂਸਰੀਆਂ, ਮੈਡੀਕਲ ਕੈਂਪ, ਲੰਗਰ, ਨਗਰ ਕੀਰਤਨ, ਚੇਤਨਾ ਮਾਰਚ ਖੇਡਾਂ, ਵਾਤਾਵਰਣ ਦੀ ਸ਼ੁੱਧਤਾ, ਸੜਕਾਂ ਅਤੇ ਪੁੱਲ, ਸ਼੍ਰੋਮਣੀ ਕਮੇਟੀ, ਸਰਕਾਰ ਆਦਿ ਦੇ ਅੰਤਰਗਤ ਵਾਚਿਆ ਜਾ ਸਕਦਾ ਹੈ।

ਦੁਆਬਾ ਨਿਰਮਲ ਮੰਡਲ ਦਾ ਹਰ ਡੇਰਾ ਉਪਰੋਕਤ ਵਰਣਿਤ ਖੇਤਰਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਕਾਰਜਸ਼ੀਲ ਹੈ। ਇਕ ਹੋਰ ਮਹੱਤਵਪੂਰਨ ਪਹਿਲੂ, ਦੁਆਬਾ ਨਿਰਮਲ ਮੰਡਲ ਦੇ ਮਹਾਂਪੁਰਸ਼ਾਂ ਦਾ ਤਖਤ ਸ੍ਰੀ ਕੇਸ਼ ਗੜ੍ਹ ਸਾਹਿਬ ਪ੍ਰਤੀ ਵਿਸ਼ੇਸ਼ ਸਤਿਕਾਰ ਦੀ ਭਾਵਨਾ ਹੈ, ਇਸ ਪਾਵਨ ਗੁਰਧਾਮ ਪ੍ਰਤੀ ਆਪਣੀ ਸਦੀਵੀ ਸਾਂਝ ਬਣਾਈ ਰੱਖਣ ਲਈ ਦੁਆਬੇ ਦੇ ਅਨੇਕਾਂ ਮਹਾਂਪੁਰਸ਼ਾਂ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਪੋ ਆਪਣੇ ਵਿਸ਼ਾਲ ਅਸਥਾਨ ਉਸਾਰੇ ਹੋਏ ਹਨ। ਦੁਆਬਾ ਨਿਰਮਲ ਮੰਡਲ ਦੇ ਪ੍ਰਮੁੱਖ ਸੰਤ ਮਹਾਂਪੁਰਸ਼ਾਂ ਅਤੇ ਉਨ੍ਹਾਂ ਦੇ ਅਸਥਾਨ ਅਤੇ ਵਿਚਾਰ ਪ੍ਰਗਟਾਉਣ ਤੋਂ ਪਹਿਲਾਂ, ਇਸ ਨਿਰਮਲ ਮੰਡਲ ਦੇ ਯੋਗਦਾਨ ਦੀ ਸਮੁੱਚਤਾ ਨੂੰ ਵਾਚਣਾ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਅਤੇ ਚਿੰਤਨ ਦਾ ਪ੍ਰਚਾਰ ਤੇ ਪਾਸਾਰ ਹਰ ਨਿਰਮਲੇ ਸੰਤ ਮਹਾਂਪੁਰਸ਼ ਦਾ ਪਰਮ ਉਦੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਕਥਾ ਵਿੱਚ ਸੰਤ ਮੇਲਾ ਸਿੰਘ (ਨਿਰਮਲ ਆਸ਼ਰਮ ਬੰਗਾ) ਵਾਲਿਆਂ ਦਾ ਪ੍ਰਮੁੱਖ ਸਥਾਨ ਹੈ ਜਿਨ੍ਹਾਂ ਆਪਣੇ ਜੀਵਨ ਕਾਲ ਵਿੱਚ 39 ਕਥਾ ਸੰਪੂਰਨ ਕੀਤੀਆਂ ਅਤੇ 40ਵੀਂ ਕਥਾ "ਛਿਅ ਘਰ ਛਿਅ ਗੁਰ ਛਿਅ ਉਪਦੇਸ਼" ਤੱਕ ਪਹੁੰਚੀ ਸੀ ਕਿ ਆਪ ਜੀ ਅਕਾਲ ਚਲਾਣਾ ਕਰ ਗਏ। 40ਵੀਂ ਕਥਾ ਉਨ੍ਹਾਂ ਦੇ ਉਤਰਾਧਿਕਾਰੀ ਸੰਤ ਮਲਕੀਤ ਸਿੰਘ ਜੀ ਨੇ ਸੰਪੂਰਨ ਕੀਤੀ। ਗੁਰਬਾਣੀ ਕੀਰਤਨ ਵਿੱਚ ਸੰਤ ਸਰਬਣ ਸਿੰਘ ਗੰਧਰਭ ਜੀ (ਡਬਲ ਐਮ.ਏ. ਸੰਗੀਤ) ਡੁਮੇਲੀ ਵਾਲਿਆਂ ਦਾ ਵਿਸ਼ੇਸ਼ ਸਥਾਨ ਹੈ, ਜਿਨ੍ਹਾਂ ਨੂੰ 32 ਵੱਖੋ-ਵੱਖਰੇ ਸਾਜ ਵਜਾਉਣ ਦੀ ਮੁਹਾਰਤ ਸੀ। ਉਨ੍ਹਾਂ ਦੇ ਉਤਰਾਧਿਕਾਰੀ ਸੰਤ ਪ੍ਰੀਤਮ ਸਿੰਘ ਜੀ

ਰਾਗ ਵਿੱਦਿਆ ਅਤੇ ਕੀਰਤਨ ਦੀ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ। ਸੰਤ ਗੁਰਦਿਆਲ ਸਿੰਘ ਜੀ ਟਾਂਡੇ ਵਾਲਿਆਂ ਦਾ ਗੁਰਬਾਣੀ ਕੀਰਤਨ ਅਤੇ ਵਿਖਿਆਨ ਵਿੱਚ ਪ੍ਰਮੁੱਖ ਸਥਾਨ ਹੈ। ਦੇਸ਼ ਵਿਦੇਸ਼ ਵਿੱਚ ਅੰਮ੍ਰਿਤ ਸੰਚਾਰ ਦੀ ਨਿਰੰਤਰਤਾ ਲਈ ਨਿਰਮਲ ਕੁਟੀਆ ਜੌਹਲਾਂ ਦੇ ਸੰਸਥਾਪਕ ਸੰਤ ਬਸੰਤ ਸਿੰਘ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਸੰਤ ਸੇਵਾ ਸਿੰਘ ਜੀ ਰਾਮਪੁਰ ਖੇੜੇ ਵਾਲੇ ਵੀ ਇਸ ਪਾਸੇ ਵਿਸ਼ੇਸ਼ ਰੂਪ ਵਿੱਚ ਰੁਚਿਤ ਹਨ। ਵਿੱਦਿਆ ਦੇ ਪਾਸਾਰ ਲਈ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ (ਬੇਗੋਵਾਲ) ਵਾਲਿਆਂ ਵੱਲੋਂ ਆਰੰਭੇ ਯਤਨਾਂ ਨੂੰ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਵਧੇਰੇ ਪ੍ਰਫੁਲਿਤ ਕੀਤਾ। ਸੰਤ ਦਲੀਪ ਸਿੰਘ ਜੀ ਡੂਮੇਲੀ ਵਾਲੇ, ਸੰਤ ਸੇਵਾ ਸਿੰਘ ਜੀ ਕਾਰ ਸੇਵਾ ਵਾਲੇ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸੰਤ ਲਾਭ ਸਿੰਘ ਜੀ (ਕਿਲਾ ਆਨੰਦਗੜ੍ਹ ਵਾਲੇ), ਸੰਤ ਮਹਿੰਦਰ ਸਿੰਘ ਜੀ ਹਰਖੋਵਾਲ, ਸੰਤ ਹਰੀ ਸਿੰਘ ਜੀ ਕਹਾਰਪੁਰ, ਸੰਤ ਤੇਜਾ ਸਿੰਘ ਜੀ (ਗੁਰੂਸਰ ਖੁੱਡਾ ਵਾਲੇ), ਸੰਤ ਰਾਮ ਸਿੰਘ ਜੀ (ਤਾਜੇਵਾਲ ਵਾਲੇ), ਸੰਤ ਬਲਬੀਰ ਸਿੰਘ ਜੀ ਅਤੇ ਸੰਤ ਜਸਵੰਤ ਸਿੰਘ ਜੀ ਨੈਕੀ ਵਾਲੇ, ਸੰਤ ਰੋਸ਼ਨ ਸਿੰਘ ਜੀ ਮਕਸੂਦਪੁਰ ਵਾਲੇ ਅਤੇ ਆਧੁਨਿਕ ਯੁੱਗ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਸੰਤ ਮਲਕੀਤ ਸਿੰਘ ਜੀ ਜੱਬੜ ਵਾਲੇ ਇਸ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਕਾਰ ਸੇਵਾ ਵਿਸ਼ੇਸ਼ ਕਰਕੇ ਇਤਿਹਾਸਕ ਅਸਥਾਨਾਂ ਦੀ ਉਸਾਰੀ ਵਿੱਚ ਸੰਤ ਹਰਨਾਮ ਸਿੰਘ ਜੀ (ਜਿਆਣ) ਸੰਤ ਹਰੀ ਸਿੰਘ ਜੀ (ਕਹਾਰਪੁਰ), ਸੰਤ ਸੇਵਾ ਸਿੰਘ ਜੀ (ਕਾਰ ਸੇਵਾ), ਸੰਤ ਕਰਤਾਰ ਸਿੰਘ ਜੀ (ਕਾਰ ਸੇਵਾ), ਸੰਤ ਨੌਰੰਗ ਸਿੰਘ ਜੀ (ਭਾਈ ਸਾਹਿਬ) ਗੁੜਿਆਂ ਵਾਲੇ, ਸੰਤ ਬਸੰਤ ਸਿੰਘ ਜੀ (ਨਿਰਮਲ ਕੁਟੀਆ ਜੌਹਲਾਂ), ਸੰਤ ਦੀਦਾਰ ਸਿੰਘ ਜੀ (ਹਰਖੋਵਾਲ) ਅਤੇ ਸੰਤ ਨਿਰੰਜਨ ਸਿੰਘ ਜੀ (ਪੰਜ ਤੀਰਥਾਂ) ਦਾ ਨਾਂ ਵਰਨਨਯੋਗ ਹੈ। ਪੁੱਲ ਅਤੇ ਸੜਕਾਂ ਦੇ ਨਿਰਮਾਣ ਵਿੱਚ ਸੰਤ ਸੇਵਾ ਸਿੰਘ ਜੀ (ਕਾਰ ਸੇਵਾ) ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸੰਤ ਲਾਭ ਸਿੰਘ ਜੀ, ਸੰਤ ਮਹਿੰਦਰ ਸਿੰਘ ਜੀ ਹਰਖੋਵਾਲ, ਸੰਤ ਨੌਰੰਗ ਸਿੰਘ ਜੀ (ਗੁੜਿਆਂ ਵਾਲੇ), ਸੰਤ ਸੇਵਾ ਸਿੰਘ ਜੀ (ਰਾਮਪੁਰ ਖੇੜੇ ਵਾਲੇ) ਸੰਤ ਬਸੰਤ ਸਿੰਘ ਜੀ (ਨਿਰਮਲ ਕੁਟੀਆ ਜੌਹਲਾਂ) ਸੰਤ ਮਲਕੀਤ ਸਿੰਘ ਜੀ ਜੱਬੜ ਵਾਲੇ ਅਤੇ ਬੀਬੀ ਜਗੀਰ ਕੌਰ ਜੀ (ਬੇਗੋਵਾਲ) ਨੇ ਵਿਸ਼ੇਸ਼ ਯੋਗਦਾਨ ਪਾਇਆ। ਗੁਰੂ ਕੇ ਲੰਗਰ ਦੀ ਸਥਾਈ ਸਥਾਪਤੀ ਅਤੇ ਵਿਸ਼ੇਸ਼ ਮੌਕਿਆਂ ਉਪਰ ਵਿਸ਼ਾਲ ਪ੍ਰਬੰਧ ਕਰਨ ਵਿੱਚ ਸੰਤ ਬਾਬਾ ਨਿਧਾਨ ਸਿੰਘ ਜੀ (ਹਜ਼ੂਰ ਸਾਹਿਬ), ਸੰਤ ਸੇਵਾ ਸਿੰਘ ਜੀ (ਕਾਰ ਸੇਵਾ), ਸੰਤ ਨਿਰੰਜਨ ਸਿੰਘ ਜੀ (ਪੰਜ ਤੀਰਥਾਂ) ਸੰਤ ਹਰਦੇਵ ਸਿੰਘ ਜੀ (ਤਲਵੰਡੀ ਅਰਾਈਆਂ), ਸੰਤ ਕਰਮ ਸਿੰਘ ਜੀ (ਚਾਹ ਵਾਲੇ ਜੌਹਲਾਂ), ਸੰਤ ਜੀਤ ਸਿੰਘ ਜੀ (ਨਿਰਮਲ ਕੁਟੀਆ ਜੌਹਲਾਂ) ਅਤੇ ਸੰਤ ਮਲਕੀਤ ਸਿੰਘ ਜੀ (ਜੱਬੜ ਵਾਲੇ) ਸ਼ਾਮਲ ਹਨ। ਧਾਰਮਿਕ ਪੁਸਤਕਾਂ ਦੇ ਸੰਪਾਦਕ ਅਤੇ ਰਚਨਾਕਾਰ ਦੇ ਰੂਪ ਵਿੱਚ ਸੰਤ ਗਣੇਸ਼ਾ ਸਿੰਘ ਜੀ (ਗੁਰੂਸਰ ਖੁੱਡਾ), ਸੰਤ ਸੇਵਾ ਸਿੰਘ ਜੀ (ਰਾਮਪੁਰ ਖੇੜਾ), ਸੰਤ ਟਹਿਲ ਸਿੰਘ ਜੀ (ਸੁੱਜੋ) ਸੰਤ ਤੇਜਾ ਸਿੰਘ ਜੀ (ਗੁਰੂਸਰ ਖੁੱਡਾ) ਅਤੇ ਸੰਤ ਜੀਤ ਸਿੰਘ ਜੀ (ਨਿਰਮਲ ਕੁਟੀਆ ਜੌਹਲਾਂ) ਵਾਲਿਆਂ ਦਾ ਪ੍ਰਮੁੱਖ ਸਥਾਨ ਹੈ। ਪੱਤਰਕਾਰੀ ਵਿੱਚ ਸੰਤ ਸੁਖਵੰਤ ਸਿੰਘ ਜੀ ਨਾਹਲੇਂ (ਨਿਰਮਲ ਦਰਸ਼ਨ) ਅਤੇ ਸੰਤ ਤੇਜਾ ਸਿੰਘ ਜੀ ਸੰਤ ਭਗਵੰਤ ਭਜਨ ਸਿੰਘ ਜੀ (ਨਿਰਮਲ ਮਾਰਗ) ਦਾ ਨਾਂ ਵਿਸ਼ੇਸ਼ ਰੂਪ ਵਿੱਚ ਲਿਆ ਜਾਂਦਾ ਹੈ। ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਸਹੀ ਮਾਰਗ ਤੇ ਪਾਉਣ ਲਈ, ਸੰਤ ਬਲਬੀਰ ਸਿੰਘ ਜੀ ਅਤੇ ਸੰਤ ਜਸਵੰਤ ਸਿੰਘ (ਨੈਕੀ ਵਾਲੇ), ਸੰਤ ਸੇਵਾ ਸਿੰਘ ਜੀ (ਰਾਮਪੁਰ ਖੇੜੇ ਵਾਲੇ), ਸੰਤ ਮਲਕੀਤ ਸਿੰਘ ਜੀ (ਜੱਬੜਵਾਲੇ), ਸੰਤ ਹਰਦੇਵ ਸਿੰਘ ਜੀ (ਤਲਵੰਡੀ ਅਰਾਈਆਂ ਵਾਲੇ) ਅਤੇ ਸੰਤ ਤੇਜਾ ਸਿੰਘ ਜੀ (ਗੁਰੂਸਰ ਖੁੱਡੇ ਵਾਲੇ) ਵਧੇਰੇ ਯਤਨਸ਼ੀਲ ਹਨ। ਵਾਤਾਵਰਣ ਦੀ ਸ਼ੁੱਧਤਾ ਵਿਸ਼ੇਸ਼ ਕਰਕੇ ਕਾਲੀ ਬੇਈਂ ਦੀ ਸਫ਼ਾਈ ਦੇ ਮਹਾਨ ਕਾਰਜ ਨੂੰ ਅਪਨਾ ਕੇ ਸੰਤ ਬਲਬੀਰ ਸਿੰਘ ਜੀ (ਸੀਚੇਵਾਲ) ਨੇ ਵਿਲੱਖਣਤਾ ਸਥਾਪਿਤ ਕੀਤੀ ਹੈ। ਹਸਪਤਾਲ ਅਤੇ ਡਿਸਪੈਂਸਰੀਆਂ ਦੀ ਸਥਾਪਨਾ ਅਤੇ ਫ੍ਰੀ ਮੈਡੀਕਲ ਕੈਂਪਾਂ ਦੇ ਆਯੋਜਨ ਵਿੱਚ ਸੰਤ ਭਾਗ ਸਿੰਘ ਜੀ (ਨਿਰਮਲ ਆਸ਼ਰਮ ਬੰਗਾ) ਸੰਤ ਗੁਰਬਚਨ ਸਿੰਘ ਜੀ (ਪਠਲਾਵੇ ਵਾਲੇ),

ਸੰਤ ਸੇਵਾ ਸਿੰਘ ਜੀ (ਰਾਮਪੁਰ ਖੇੜਾ), ਸੰਤ ਗੁਰਦਿਆਲ ਸਿੰਘ ਜੀ (ਟਾਂਡੇ ਵਾਲੇ), ਸੰਤ ਭਗਵੰਤ ਭਜਨ ਸਿੰਘ ਜੀ (ਨਿਰਮਲ ਤਖ਼ਤ ਦਕੋਹਾ), ਸੰਤ ਕਰਮ ਸਿੰਘ ਜੀ (ਚਾਹ ਵਾਲੇ), ਸੰਤ ਤੇਜਾ ਸਿੰਘ ਜੀ (ਗੁਰੂ ਸਰ ਖੁਡੇ ਵਾਲੇ), ਸੰਤ ਪ੍ਰੀਤਮ ਸਿੰਘ ਜੀ (ਬਣਾ ਸਾਹਿਬ) ਦਾ ਵਰਨਨਯੋਗ ਸਥਾਨ ਹੈ। ਜੈਤੋ ਦੇ ਮੋਰਚੇ ਵਿੱਚ ਸੰਤ ਹਰਨਾਮ ਸਿੰਘ ਜੀ (ਜਿਆਣ) ਸੰਤ ਦਲੀਪ ਸਿੰਘ ਜੀ (ਡੁਮੇਲੀ) ਸੰਤ ਪ੍ਰੀਤਮ ਸਿੰਘ ਜੀ ਸੰਤ ਚੰਨਣ ਸਿੰਘ ਜੀ, ਸੰਤ ਨਿਰੰਜਨ ਸਿੰਘ ਜੀ (ਪੰਜ ਤੀਰਥਾਂ) ਆਦਿ ਨੇ ਗ੍ਰਿਫਤਾਰੀ ਦਿੱਤੀ ਅਤੇ ਅਨੇਕਾਂ ਕਸ਼ਟ ਸਹਾਰੇ। ਧਰਮ ਦੇ ਪ੍ਰਚਾਰ ਤੇ ਪਾਸਾਰ ਵਿੱਚ ਨਿਰਮਲ ਭੇਖ ਦੀਆਂ ਮੰਡਲੀਆਂ ਵਿਭਿੰਨ ਸੰਤ ਮਹਾਂਪੁਰਸ਼ਾਂ ਦੀ ਅਗਵਾਈ ਵਿੱਚ ਯਤਨਸ਼ੀਲ ਰਹੀਆਂ। ਇਨ੍ਹਾਂ ਵਿੱਚ ਦੁਆਬੇ ਵਿੱਚੋਂ ਸੰਤ ਹਮੀਰ ਸਿੰਘ ਜੀ ਗੁਰੂਸਰ ਖੁਡਾ ਵਾਲਿਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸੰਤ ਸ਼ੇਰ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ) ਅਤੇ ਬੀਬੀ ਜਗੀਰ ਕੌਰ ਜੀ ਦਾ ਨਾਂ ਵਰਨਨਯੋਗ ਹੈ। ਸ਼੍ਰੋਮਣੀ ਕਮੇਟੀ ਦਾ 80 ਸਾਲਾ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਔਰਤ, ਉਹ ਵੀ ਦੁਆਬਾ ਨਿਰਮਲ ਮੰਡਲ ਨਾਲ ਸੰਬੰਧਿਤ ਨੂੰ ਪੰਥ ਦੀ ਸਿਰਮੌਰ ਜਥੇਬੰਦੀ ਦਾ ਪ੍ਰਧਾਨ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਪੰਜਾਬ ਸਰਕਾਰ ਵਿੱਚ ਸੰਤ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ) ਐਮ.ਐਲ.ਏ. ਸੰਤ ਬਾਵਾ ਹਰਨਾਮ ਸਿੰਘ ਜੀ ਅਤੇ ਬੀਬੀ ਜਗੀਰ ਕੌਰ ਜੀ ਨੂੰ ਮੰਤਰੀ ਵਜੋਂ ਸੇਵਾ ਨਿਭਾਉਣ ਦਾ ਮੌਕਾ ਮਿਲਿਆ। ਉਪਰੋਕਤ ਸੰਖਿਪਤ ਵੇਰਵਾ ਇਸ ਪੱਖ ਦਾ ਸੂਚਕ ਹੈ ਕਿ ਦੁਆਬੇ ਦੇ ਨਿਰਮਲੇ ਮਹਾਂਪੁਰਸ਼ਾਂ ਦਾ ਸਮਾਜ ਦੇ ਵਿਭਿੰਨ ਖੇਤਰਾਂ ਵਿੱਚ ਵਿਲੱਖਣ ਅਤੇ ਸਕਾਰਾਤਮਕ ਯੋਗਦਾਨ ਰਿਹਾ ਹੈ, ਜਿਸ ਦੇ ਅੰਤਰਗਤ ਕੁਝ ਇੱਕ ਪ੍ਰਮੁੱਖ ਨਿਰਮਲੇ ਸੰਤ ਮਹਾਂਪੁਰਸ਼ਾਂ ਅਤੇ ਉਨ੍ਹਾਂ ਦੇ ਅਸਥਾਨਾਂ ਦਾ ਵਰਨਨ ਅਤਿ ਜ਼ਰੂਰੀ ਹੈ।

ਦੁਆਬੇ ਦੇ ਅਨੇਕਾਂ ਨਿਰਮਲੇ ਸੰਤ, ਹੋਤੀ ਮਰਦਾਨ ਸੰਪ੍ਰਦਾ ਨਾਲ ਸੰਬੰਧਿਤ ਹਨ। ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਸ਼ਿਸ਼ ਸੰਤ ਹਰਨਾਮ ਸਿੰਘ ਜੀ ਨੇ ਜਿਆਣ (ਹੁਸ਼ਿਆਰਪੁਰ) ਵਿਖੇ ਡੇਰਾ ਸਥਾਪਿਤ ਕੀਤਾ। ਗੁਰਬਾਣੀ ਪ੍ਰਚਾਰ ਪਾਸਾਰ, ਅੰਮ੍ਰਿਤ ਸੰਚਾਰ ਤੋਂ ਇਲਾਵਾ ਆਪ ਜੀ ਨੇ ਜੈਤੋ ਦੇ ਮੋਰਚੇ ਵਿੱਚ ਇੱਕ ਜਥੇ ਦੀ ਅਗਵਾਈ ਕੀਤੀ। ਸੰਤ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਅਤੇ ਇਨ੍ਹਾਂ ਦੇ ਸ਼ਿਸ਼ਾਂ ਵਿਸ਼ੇਸ਼ ਕਰਕੇ ਉਤਰਾਧਿਕਾਰੀਆਂ ਦਾ ਵਿਲੱਖਣ ਭਾਂਤ ਦਾ ਪਹਿਰਾਵਾ, ਅਕਸਰ ਵਿਸ਼ੇਸ਼ ਖਿੱਚ ਦਾ ਕਾਰਨ ਬਣਦਾ ਰਿਹਾ ਹੈ। ਇਨ੍ਹਾਂ ਦੇ ਅਨੇਕਾਂ ਸ਼ਿਸ਼ ਹੋਏ ਜਿਨ੍ਹਾਂ ਵਿੱਚ ਸੰਤ ਹਰੀ ਸਿੰਘ ਜੀ (ਕਹਾਰਪੁਰ), ਸੰਤ ਬਸੰਤ ਸਿੰਘ ਜੀ (ਜੌਹਲਾਂ) ਸੰਤ ਕੇਸਰਾ ਸਿੰਘ ਜੀ (ਬੋਲੀਨਾ), ਸੰਤ ਰਤਨ ਸਿੰਘ ਜੀ (ਜੈਤੇਵਾਲੀ), ਸੰਤ ਦਲੇਲ ਸਿੰਘ ਜੀ (ਟੂਟੋ ਮਜਾਰਾ) ਸੰਤ ਨੌਰੰਗ ਸਿੰਘ ਜੀ (ਗੁੜੇ), ਸੰਤ ਪਾਲ ਸਿੰਘ ਜੀ, ਸੰਤ ਚੰਨਣ ਸਿੰਘ ਜੀ (ਨੌਲੀ) ਆਦਿ ਸ਼ਾਮਲ ਹਨ। ਸੰਤ ਹਰਨਾਮ ਸਿੰਘ ਜੀ ਨੇ ਆਪਣੇ ਸਹਿਯੋਗੀ ਨਿਰਮਲੇ ਮਹਾਂਪੁਰਸ਼ਾਂ ਦੀ ਸਹਾਇਤਾ ਨਾਲ ਹਰ ਸਾਲ ਦੂਸ਼ਿਤ ਤੇ ਬਦਨਾਮ ਹੋ ਰਹੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ ਦੀ ਪਰੰਪਰਾ ਨੂੰ ਪੁਨਰ ਸੁਰਜੀਤ ਕੀਤਾ ਅਤੇ ਮਾੜੇ ਅਨਸਰਾਂ ਤੋਂ ਇਨ੍ਹਾਂ ਸਮਾਗਮਾਂ ਨੂੰ ਮੁਕਤ ਕਰਾ ਦਿੱਤਾ। ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਦੀ ਮੌਜੂਦਾ ਇਮਾਰਤ ਦੀ ਉਸਾਰੀ ਦੀ ਆਰੰਭਤਾ ਆਪ ਜੀ ਨੇ ਕਰਵਾਈ ਅਤੇ ਆਪ ਜੀ ਦੇ ਉਤਰਾਧਿਕਾਰੀ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਨੇ ਇਸ ਨੂੰ ਸੰਪੂਰਨ ਕਰਾਇਆ। ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ, ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਦੀ ਯਾਦਗਾਰੀ ਦੇਣ ਹੈ। ਆਪ ਜੀ ਦੇ ਅਨੇਕਾਂ ਸ਼ਿਸ਼ਾਂ ਵਿੱਚੋਂ ਸੰਤ ਭਾਗ ਸਿੰਘ ਜੀ ਜੱਬੜ ਮਾਣਕੋ ਵਾਲਿਆਂ ਦਾ ਨਾਂ ਵੀ ਸ਼ਾਮਲ ਹੈ। ਆਪ ਜੀ ਦੇ ਪੰਜ ਸ਼ਿਸ਼ ਹੋਏ, ਜਿਨ੍ਹਾਂ ਵਿੱਚੋਂ ਸੰਤ ਹਰਦਿਆਲ ਸਿੰਘ ਜੀ ਮੁਸਾਫਿਰ ਉਤਰਾਧਿਕਾਰੀ ਬਣੇ, ਇਨ੍ਹਾਂ ਦੇ ਸ਼ਿਸ਼ ਸੰਤ ਮਲਕੀਤ ਸਿੰਘ ਜੀ ਉਤਰਾਧਿਕਾਰੀ ਸਥਾਪਿਤ ਹੋਏ। ਆਪ ਜੀ ਦੇ ਸਹਾਇਕ ਸੰਤ ਦਿਲਾਵਰ ਸਿੰਘ, ਬ੍ਰਹਮ ਜੀ ਹਨ। ਸੰਤ ਮਲਕੀਤ ਸਿੰਘ ਜੀ ਜੱਬੜ ਵਾਲਿਆਂ ਨੇ ਵਿੱਦਿਅਕ ਪਾਸਾਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਖਿਆਲਾ (ਹੁਸ਼ਿਆਰਪੁਰ) ਵਿਖੇ ਸੰਤ ਬਾਬਾ ਭਾਗ ਸਿੰਘ ਇੰਜੀਨੀਅਰਿੰਗ ਐਂਡ

ਟੈਕਨਾਲੋਜੀ ਇੰਸਟੀਚਿਊਟ, ਸੰਤ ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ ਦੀ ਸਥਾਪਨਾ ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਆਰੰਭਤਾ ਨਾਲ ਵਰਨਨਯੋਗ ਹਿੱਸਾ ਪਾਇਆ ਹੈ। ਇਲਾਕੇ ਵਿੱਚ ਸੜਕਾਂ ਅਤੇ ਪੁਲਾਂ ਦਾ ਨਿਰਮਾਣ ਆਪ ਜੀ ਵੱਲੋਂ ਜਨਹਿੱਤ ਵਿੱਚ ਆਰੰਭੇ ਸਮਾਜਿਕ ਕਾਰਜਾਂ ਦੀ ਵਿਲੱਖਣ ਪਛਾਣ ਹੈ। ਸੰਤ ਭਾਗ ਸਿੰਘ ਜੀ ਹੁਰਾਂ ਨੇ ਆਪਣਾ ਸਰੀਰ ਹੁਸ਼ਿਆਰਪੁਰ ਵਿਖੇ ਤਿਆਗਿਆ। ਇਸ ਅਸਥਾਨ ਦੇ ਮੌਜੂਦਾ ਉਤਰਾਧਿਕਾਰੀ ਸੰਤ ਕੁਲਵੰਤ ਸਿੰਘ ਜੀ ਹਨ।

ਸੰਤ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਨੇ ਇੱਕ ਹੋਰ ਸ਼ਿਸ਼ ਸੰਤ ਬਿਸ਼ਨ ਸਿੰਘ ਜੀ ਨੰਗਲ ਖੁਰਦ ਵਾਲੇ ਹੋਏ। ਉਨ੍ਹਾਂ ਦੇ ਉਤਰਾਧਿਕਾਰੀ ਸੰਤ ਮਾਨ ਸਿੰਘ ਜੀ ਕਥਾ ਵਾਰਤਾ ਵਿੱਚ ਵਧੇਰੇ ਨਿਪੁੰਨ ਸਨ। ਆਪ ਜੀ ਲੰਮਾ ਸਮਾਂ ਦੁਆਬਾ ਨਿਰਮਲ ਮੰਡਲ ਦੇ ਪ੍ਰਧਾਨ ਰਹੇ। ਸੰਤ ਹਰਨਾਮ ਸਿੰਘ ਜੀ ਦੇ ਸ਼ਿਸ਼ ਸੰਤ ਜਗਤ ਸਿੰਘ ਜੀ ਵੀ ਹੋਏ ਜਿਨ੍ਹਾਂ ਡੇਰਾ (ਬਾਹੋਵਾਲ) ਅਸਥਾਨ ਸਥਾਪਿਤ ਕੀਤਾ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਪ੍ਰੀਤਮ ਸਿੰਘ ਜੀ ਦੇਸੀ ਦਵਾਈਆਂ ਦੇ ਮਾਹਿਰ ਸਨ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਹਰਮੀਤ ਸਿੰਘ ਜੀ ਅਤੇ ਸੰਤ ਜਗਤਾਰ ਸਿੰਘ ਜੀ ਹਨ। ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਦੇ ਸ਼ਿਸ਼ ਸੰਤ ਰਾਮ ਸਿੰਘ ਜੀ ਤਾਜੇਵਾਲ ਹੋਏ। ਆਪ ਜੀ ਨੇ ਵਿੱਦਿਆ ਦੇ ਪਾਸਾਰ ਲਈ ਪਿੰਡ ਤਾਜੇਵਾਲ (ਹੁਸ਼ਿਆਰਪੁਰ) ਵਿਖੇ ਸਕੂਲ ਦੀ ਸਥਾਪਨਾ ਕੀਤੀ। ਆਪ ਲੰਮਾ ਸਮਾਂ ਦੁਆਬਾ ਨਿਰਮਲ ਮੰਡਲ ਦੇ ਜਨਰਲ ਸਕੱਤਰ ਰਹੇ। ਸੰਤ ਹਰਨਾਮ ਸਿੰਘ ਜੀ ਦੇ ਇੱਕ ਹੋਰ ਸ਼ਿਸ਼ ਸੰਤ ਦਲੇਲ ਸਿੰਘ ਜੀ ਦਾ ਦੁਆਬਾ ਨਿਰਮਲ ਮੰਡਲ ਵਿੱਚ ਵਿਸ਼ੇਸ਼ ਸਥਾਨ ਹੈ। ਆਪ ਜੀ ਦੇ ਸ਼ਿਸ਼ ਸੰਤ ਜਗਦੇਵ ਸਿੰਘ ਜੀ ਮੋਨੀ ਡੇਰਾ ਜਿਆਣ ਦੇ ਉਤਰਾਧਿਕਾਰੀ ਹਨ।

ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਇੱਕ ਸ਼ਿਸ਼ ਸੰਤ ਮੰਗਲ ਸਿੰਘ ਜੀ ਸਨ ਜਿਨ੍ਹਾਂ ਪਾਲਦੀ (ਹੁਸ਼ਿਆਰਪੁਰ) ਵਿਖੇ ਡੇਰੇ ਦੀ ਸਥਾਪਨਾ ਕੀਤੀ। ਇਸ ਅਸਥਾਨ ਦੇ ਮੌਜੂਦਾ ਉਤਰਾਧਿਕਾਰੀ ਸੰਤ ਸੰਤੋਖ ਸਿੰਘ ਜੀ ਹਨ। ਦੁਆਬੇ ਦੇ ਅਨੇਕਾਂ ਨਿਰਮਲੇ ਮਹਾਂਪੁਰਸ਼ਾਂ ਦੀ ਤਰ੍ਹਾਂ ਪਾਲਦੀ ਵਾਲੇ ਮਹਾਂਪੁਰਸ਼ਾਂ ਨੇ ਵੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਇੱਕ ਵਿਸ਼ਾਲ ਡੇਰੇ ਦਾ ਨਿਰਮਾਣ ਕਰਵਾਇਆ। ਹੋਲੇ ਮਹੱਲੇ ਦੌਰਾਨ ਦੁਆਬਾ ਨਿਰਮਲ ਮੰਡਲ ਵੱਲੋਂ ਸਜਾਏ ਜਾਂਦੇ ਨਗਰ ਕੀਰਤਨ ਦੀ ਸਮਾਪਤੀ ਅਤੇ ਕੀਰਤਨ ਦਰਬਾਰ ਸਮਾਗਮ ਇਸ ਡੇਰੇ ਵਿਖੇ ਹੀ ਹੁੰਦੇ ਹਨ।

ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਸ਼ਿਸ਼ ਸੰਤ ਮਾਝਾ ਸਿੰਘ ਜੀ ਨੇ ਦੇਸ਼ ਦੀ ਵੰਡ ਤੋਂ ਬਾਅਦ ਮਕਸੂਦਪੁਰ ਵਿਖੇ ਸਥਾਈ ਡੇਰਾ ਸਥਾਪਿਤ ਕੀਤਾ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਰੋਸ਼ਨ ਸਿੰਘ ਜੀ ਹਨ। ਜਿਨ੍ਹਾਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਦੇ ਪ੍ਰਵਾਹ ਦੇ ਨਾਲ-ਨਾਲ ਵਿੱਦਿਆ ਦੇ ਪਾਸਾਰ ਲਈ ਅਨੇਕਾਂ ਯਤਨ ਆਰੰਭੇ। ਜਿਸ ਦੇ ਸਿੱਟੇ ਵਜੋਂ ਸੰਤ ਮਾਝਾ ਸਿੰਘ ਕਰਮਜੋਤ ਸੀਨੀਅਰ ਸੈਕੰਡਰੀ ਸਕੂਲ ਮਕਸੂਦਪੁਰ, ਸੰਤ ਮਾਝਾ ਸਿੰਘ ਕਰਮਜੋਤ ਕਾਲਜ ਫਾਰ ਵੂਮੈਨ ਮਿਆਣੀ ਅਤੇ ਸੰਤ ਬਾਬਾ ਮਾਝਾ ਸਿੰਘ ਕਰਮਜੋਤ ਮਾਡਲ ਹਾਈ ਸਕੂਲ ਮਿਆਣੀ (ਹੁਸ਼ਿਆਰਪੁਰ) ਹੋਂਦ ਵਿੱਚ ਆਏ ਹਨ।

ਹੋਤੀ ਮਰਦਾਨ ਸੰਪ੍ਰਦਾ ਨਾਲ ਸੰਬੰਧਿਤ ਸੰਤ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਦੇ ਸ਼ਿਸ਼ ਸੰਤ ਬਸੰਤ ਸਿੰਘ ਜੀ ਨੇ 1920 ਈ: ਵਿੱਚ ਨਿਰਮਲ ਕੁਟੀਆ ਜੌਹਲਾਂ (ਜਲੰਧਰ) ਦੀ ਸਥਾਪਨਾ ਕੀਤੀ। ਗੁਰਬਾਣੀ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੇ ਨਾਲ-ਨਾਲ ਆਪ ਜੀ ਨੇ ਸੱਗਰਾਂਵਾਲੀ ਅਤੇ ਰਾਮਸਰ (ਜਲੰਧਰ) ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨ ਛੋਹ ਅਸਥਾਨਾਂ ਦੀ ਉਸਾਰੀ ਆਰੰਭੀ ਜਿਹੜੀ ਆਪ ਜੀ ਦੇ ਉਤਰਾਧਿਕਾਰੀਆਂ ਨੇ ਸੰਪੂਰਨ ਕੀਤੀ। ਆਪ ਜੀ ਨੇ ਇਲਾਕੇ ਵਿੱਚ ਇੱਕ ਸੜਕ ਦਾ ਨਿਰਮਾਣ ਕਰਾਇਆ। ਜਲੰਧਰ ਸ਼ਹਿਰ ਵਿਖੇ ਤਕਰੀਬਨ ਅੱਠ ਦਹਾਕਿਆਂ ਤੋਂ ਨਿਰਮਲ ਕੁਟੀਆ ਦੇ ਸੰਤ ਮਹਾਂਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਝਲਾਉਣ ਦੀ ਸੇਵਾ ਨਿਭਾ ਰਹੇ ਹਨ। ਆਪ ਜੀ ਦੇ ਉਤਰਾਧਿਕਾਰੀ ਸੰਤ ਗਿਆਨ ਸਿੰਘ ਜੀ ਨੇ 6 ਇਤਿਹਾਸਕ ਅਸਥਾਨਾਂ ਦੀ ਸੇਵਾ

ਕਰਵਾਈ ਅਤੇ ਇੰਗਲੈਂਡ ਵਿਖੇ ਬਰੈਡਫੋਰਡ, ਓਲਡਬਰੀ ਅਤੇ ਹਾਈ ਵੈਕਮ ਸ਼ਹਿਰਾਂ ਵਿੱਚ 'ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ' ਨਾਂ ਹੇਠ ਤਿੰਨ ਅਸਥਾਨ ਸਥਾਪਿਤ ਕੀਤੇ। ਸੰਤ ਗਿਆਨ ਸਿੰਘ ਜੀ ਦੇ ਉਤਰਾਧਿਕਾਰੀ ਸੰਤ ਹਰਭਜਨ ਸਿੰਘ ਜੀ ਵਿੱਰਕਤ ਹੋਏ ਅਤੇ ਉਨ੍ਹਾਂ ਦੇ ਸ਼ਿਸ਼ ਸੇਵਾ, ਸਿਮਰਨ, ਸਹਿਜ ਦੇ ਧਾਰਨੀ ਸੰਤ ਜੀਤ ਸਿੰਘ ਜੀ ਮੌਜੂਦਾ ਉਤਰਾਧਿਕਾਰੀ ਸਥਾਪਿਤ ਹੋਏ ਜਿਹੜੇ ਆਪਣੇ ਸਹਾਇਕ ਸੰਤ ਜਸਪਾਲ ਸਿੰਘ ਜੀ ਦੇ ਸਹਿਯੋਗ ਨਾਲ ਸੰਤ ਬਸੰਤ ਸਿੰਘ ਜੀ ਵਲੋਂ ਸਥਾਪਿਤ ਅਤੇ ਆਰੰਭੀ ਮਰਿਆਦਾ ਨੂੰ ਨਿਭਾਅ ਰਹੇ ਹਨ। ਵਿੱਦਿਆ ਦੇ ਪਾਸਾਰ ਲਈ ਸੰਤ ਜੀਤ ਸਿੰਘ ਜੀ ਨੇ ਜੌਹਲਾਂ ਵਿਖੇ ਇੱਕ ਸਕੂਲ ਦਾ ਨਿਰਮਾਣ ਕਰਾਇਆ। ਨਿਰਮਲ ਕੁਟੀਆ ਦੇ ਪੂਰਵਵਰਤੀ ਸੰਤ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਅਤੇ ਨਿਰਮਲ ਕੁਟੀਆ ਦੇ ਇਤਿਹਾਸ ਨੂੰ ਨਿਰਮਲ ਬਸੰਤ ਬਹਾਰ ਪੁਸਤਕ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਪੇਸ਼ ਕੀਤਾ। ਇੱਕ ਹੋਰ ਕਿਤਾਬ 'ਨਿਰਮਲ ਸੰਖੇਪ ਮਹਿਮਾ' ਵੀ ਛਾਪੀ। ਇਹ ਦੋਵੇਂ ਪੁਸਤਕਾਂ ਭੇਟਾ ਰਹਿਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਨਿਰਮਲ ਕੁਟੀਆ ਦੀ ਇਹ ਵਿਲੱਖਣ ਪਰੰਪਰਾ ਸੰਤ ਬਸੰਤ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚੱਲਿਤ ਹੈ ਕਿ ਆਪਣਾ ਉਤਰਾਧਿਕਾਰੀ ਆਪਣੇ ਜੀਵਨ ਕਾਲ ਵਿੱਚ ਹੀ ਸਥਾਪਿਤ ਕਰ ਦਿੱਤਾ ਜਾਂਦਾ ਹੈ ਤਾਂ ਜੋ ਕੁਟੀਆ ਦੇ ਮੁਖੀ ਮਹੰਤ/ਸੰਤ ਦੇ ਅਕਾਲ ਚਲਾਣੇ ਉਪਰੰਤ ਕੁਟੀਆ ਅਤੇ ਇਸ ਨਾਲ ਸੰਬੰਧਿਤ ਅਸਥਾਨਾਂ ਦੇ ਸੰਚਾਲਨ, ਮੁਖੀ, ਮਹੰਤ/ਸੰਤ ਭਾਵ ਉਤਰਾਧਿਕਾਰੀ ਥਾਪਣ ਸਮੇਂ ਕਿਸੇ ਪ੍ਰਕਾਰ ਦਾ ਨਿਰਮਲ ਭੇਖ, ਭਾਈਚਾਰਕ ਜਾਂ ਕਾਨੂੰਨੀ ਵਿਵਾਦ ਪੈਦਾ ਨਾ ਹੋਣਾ। ਅਕਾਲ ਚਲਾਣਾ ਕਰ ਗਏ ਕੁਟੀਆ ਦੇ ਮੁਖੀ ਮਹੰਤ/ਸੰਤ ਦੇ ਨਮਿਤ ਭੋਗ/ਅੰਤਿਮ ਅਰਦਾਸ ਦੇ ਨਿਸ਼ਚਿਤ ਸਮੇਂ ਉਪਰ ਸੰਗਤ ਅਤੇ ਨਿਰਮਲ ਭੇਖ/ਸੰਪ੍ਰਦਾ ਦੇ ਮੌਜੂਦ ਸੰਤ ਮਹਾਂਪੁਰਸ਼ਾਂ ਵਲੋਂ ਅਕਾਲ ਚਲਾਣਾ ਕਰ ਗਏ ਮੁਖੀ ਮਹੰਤ/ਸੰਤ ਵਲੋਂ ਆਪਣੇ ਜੀਵਨ ਕਾਲ ਵਿੱਚ ਹੀ ਥਾਪੇ ਉਤਰਾਧਿਕਾਰੀ ਦੀ ਬਕਾਇਦਾ ਦਸਤਾਰਬੰਦੀ ਕਰਕੇ ਨਿਰਮਲ ਕੁਟੀਆ ਦਾ ਉਤਰਾਧਿਕਾਰੀ/ਮੁਖੀ ਮਹੰਤ/ਸੰਤ ਸਥਾਪਿਤ ਕੀਤਾ ਜਾਂਦਾ ਹੈ। ਸਾਰੀ ਕਾਰਵਾਈ ਬਾਕੀ ਨਿਰਮਲੇ ਮਹਾਂਪੁਰਸ਼ ਵਾਂਗ ਕੁਟੀਆ ਦੇ ਆਪਣੇ ਮੇਜਰਨਾਮੇ (ਰਜਿਸਟਰ) ਵਿੱਚ ਦਰਜ ਕੀਤੀ ਜਾਂਦੀ ਹੈ। ਇਸ ਕਾਰਵਾਈ ਨੂੰ ਪੁਸ਼ਟੀ ਵਜੋਂ ਦੁਆਬਾ ਨਿਰਮਲ ਮੰਡਲ ਦੇ ਕਾਰਵਾਈ ਰਜਿਸਟਰ ਵਿੱਚ ਪ੍ਰਚੱਲਿਤ ਵਿਧੀ ਵਿਧਾਨ ਅਨੁਸਾਰ ਦਰਜ ਕਰ ਦਿੱਤਾ ਜਾਂਦਾ ਹੈ ਅਤੇ ਇਸ ਦੀ ਪ੍ਰੋੜਤਾ ਸ੍ਰੀ ਨਿਰਮਲ ਪੰਚਾਇਤ ਅਖਾੜਾ ਕਨਖਲ ਹਰਿਦੁਆਰ ਦੇ ਸ੍ਰੀ ਮਹੰਤ/ਸਕੱਤਰ/ਕੋਠਾਰੀ ਦੁਆਰਾ ਕੀਤੀ ਜਾਂਦੀ ਹੈ।

ਦੁਆਬਾ ਨਿਰਮਲ ਮੰਡਲ ਦਾ ਇੱਕ ਹੋਰ ਮਹੱਤਵਪੂਰਨ ਅੰਗ ਹਰਖੋਵਾਲ ਸੰਪ੍ਰਦਾ ਹੈ ਜਿਸ ਦੀ ਸਥਾਪਨਾ ਸੰਤ ਜਵਾਲਾ ਸਿੰਘ ਜੀ ਨੇ ਹਰਖੋਵਾਲ (ਹੁਸ਼ਿਆਰਪੁਰ) ਵਿਖੇ ਕੀਤੀ। ਆਪ ਜੀ ਵੀ ਹੋਤੀ ਮਰਦਾਨ ਸੰਪ੍ਰਦਾ ਨਾਲ ਸੰਬੰਧਿਤ ਸਨ। ਸੇਵਾ ਅਤੇ ਸਿਮਰਨ ਦੇ ਖੇਤਰ ਵਿੱਚ ਆਪ ਜੀ ਦਾ ਵਰਨਨਯੋਗ ਸਥਾਨ ਹੈ। ਆਪ ਜੀ ਦਾ ਸੰਤ ਦਲੀਪ ਸਿੰਘ ਜੀ ਡੁਮੇਲੀ ਵਾਲਿਆਂ ਨਾਲ ਅਥਾਹ ਪਿਆਰ ਅਤੇ ਸਾਂਝ ਸੀ। ਆਪ ਜੀ ਸੰਤ ਦਲੀਪ ਸਿੰਘ ਜੀ ਡੁਮੇਲੀ ਵਾਲਿਆਂ ਦੇ ਤਪ ਅਸਥਾਨ ਵਿਖੇ ਅਕਾਲ ਚਲਾਣਾ ਕਰ ਗਏ। ਸੰਤ ਮਹਿੰਦਰ ਸਿੰਘ ਜੀ ਆਪ ਜੀ ਦੇ ਉਤਰਾਧਿਕਾਰੀ ਸਥਾਪਿਤ ਹੋਏ। ਜਿਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਡੇਰਾ ਸਥਾਪਿਤ ਕਰਨ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਣਾਇਆ ਪਰ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਨੂੰ ਸੰਭਾਲ ਦਿੱਤਾ ਗਿਆ। ਆਨੰਦਪੁਰ ਸਾਹਿਬ ਲਾਗੇ ਦਰਿਆ ਸਤਲੁਜ ਉਪਰ ਪੁਲ ਆਪ ਜੀ ਦੀ ਪ੍ਰੇਰਨਾ ਅਤੇ ਯਤਨਾਂ ਦੁਆਰਾ ਬਣਿਆ। ਆਪ ਜੀ ਦੇ ਅਨੇਕਾਂ ਸ਼ਿਸ਼ ਸਨ, ਜਿਨ੍ਹਾਂ ਵਿੱਚੋਂ ਸੰਤ ਦੀਦਾਰ ਸਿੰਘ ਜੀ ਹਰਖੋਵਾਲ, ਵਾਲੇ ਉਤਰਾਧਿਕਾਰੀ ਵਜੋਂ ਸਥਾਪਿਤ ਹੋਏ। ਵੱਡੇ ਵੱਡੇ ਗੁਰਮਤਿ ਅਤੇ ਇਤਿਹਾਸਕ ਸਮਾਗਮਾਂ ਅਤੇ ਹਰ ਮੱਸਿਆ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਲੰਗਰ ਲਗਾਉਣ ਦਾ ਉਪਰਾਲਾ ਆਪ ਜੀ ਦਾ ਵਿਲੱਖਣ ਯੋਗਦਾਨ ਹੈ। 6ਵੀਂ ਪਾਤਸ਼ਾਹੀ ਜੀ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ ਦੀ ਉਸਾਰੀ ਆਪ ਜੀ ਦੇ ਵੱਡਮੁੱਲੇ ਕਾਰਜਾਂ

ਵਿੱਚ ਸ਼ਾਮਲ ਹੈ। ਆਪ ਜੀ ਨੇ ਸੰਤ ਮਹਿੰਦਰ ਸਿੰਘ ਜੀ ਵੱਲੋਂ ਸਥਾਪਿਤ ਡੇਰਾ ਸੰਤ ਗੜ੍ਹ (ਜਲੰਧਰ) ਦੀ ਸਥਾਪਨਾ ਉਪਰੰਤ ਇਸ ਦੇ ਵਿਸਥਾਰ ਵਿੱਚ ਵਰਨਨਯੋਗ ਵਾਧਾ ਕੀਤਾ।

ਦੁਆਬਾ ਨਿਰਮਲ ਮੰਡਲ ਦਾ ਇੱਕ ਹੋਰ ਪ੍ਰਮੁੱਖ ਅਸਥਾਨ ਡੇਰਾ ਟਿੱਬਾ ਸਾਹਿਬ (ਹੁਸ਼ਿਆਰਪੁਰ) ਵਿਖੇ ਸਥਿਤ ਹੈ, ਜਿਸ ਨੂੰ ਸੰਤ ਆਇਆ ਸਿੰਘ ਜੀ ਦੇ ਸ਼ਿਸ਼ ਸੰਤ ਸਾਹਿਬ ਸਿੰਘ ਜੀ ਨੇ ਅਬਾਦ ਕੀਤਾ। ਇਸ ਡੇਰੇ ਦੀ ਨੀਂਹ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੇ ਰੱਖੀ। ਸੰਤ ਸਾਹਿਬ ਸਿੰਘ ਜੀ ਦੇ ਉਤਰਾਧਿਕਾਰੀ ਸੰਤ ਸੋਹਨ ਸਿੰਘ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸੰਤ ਲਛਮਣ ਸਿੰਘ ਜੀ ਹੋਏ, ਜਿਨ੍ਹਾਂ ਇਸ ਡੇਰੇ ਦੀ ਇਮਾਰਤ ਦਾ ਵਿਕਾਸ ਕਰਨ ਦੇ ਨਾਲ ਸ੍ਰੀ ਆਨੰਦਪੁਰ ਸਾਹਿਬ ਇੱਕ ਹੋਲੇ ਮਹੱਲੇ ਦੇ ਸਮਾਗਮਾਂ ਵਿੱਚ ਸੰਗਤ ਦੇ ਸੁੱਖ ਸਹੂਲਤ ਲਈ ਇੱਕ ਵਿਸ਼ਾਲ ਡੇਰਾ ਸਥਾਪਿਤ ਕੀਤਾ। ਗੁਰਬਾਣੀ ਦੇ ਪ੍ਰਚਾਰ ਅਤੇ ਪਾਸਾਰ ਦੇ ਨਾਲ-ਨਾਲ ਆਪ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ, ਗੁਰਦੁਆਰਾ ਹੋਲਗੜ੍ਹ ਦੀ ਉਸਾਰੀ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਜੀ ਦੇ ਉਤਰਾਧਿਕਾਰੀ ਸੰਤ ਕਰਮਜੀਤ ਸਿੰਘ ਜੀ ਅਤੇ ਸੰਤ ਬਲਬੀਰ ਸਿੰਘ ਜੀ ਹਨ।

ਦੁਆਬੇ ਦੇ ਨਿਰਮਲੇ ਮਹਾਂਪੁਰਸ਼ਾਂ ਵਿੱਚ ਚਾਹਵਾਲੇ ਸੰਤ ਮਹਾਂਪੁਰਸ਼ਾਂ ਦਾ ਵਿਸ਼ੇਸ਼ ਸਥਾਨ ਹੈ। ਜੌਹਲਾਂ (ਜਲੰਧਰ) ਡੇਰਾ ਸੰਤ ਸਾਗਰ ਚਾਹਵਾਲਾ ਦੀ ਸਥਾਪਨਾ ਇਸ ਸੰਸਥਾ ਦੇ ਮੁਖੀ ਸੰਤ ਕਪੂਰ ਸਿੰਘ ਜੀ ਨਿਰਬਾਣ (ਚਾਹ ਵਾਲਿਆਂ) ਨੇ ਕੀਤੀ ਜਿਨ੍ਹਾਂ ਦਾ ਪ੍ਰਚਾਰ ਕੇਂਦਰ ਪਿਸ਼ਾਵਰ (ਪਾਕਿਸਤਾਨ) ਤੋਂ ਲੈ ਕੇ ਦੇਹਰਾਦੂਨ (ਯੂ.ਪੀ.) ਤੱਕ ਫੈਲਿਆ ਹੋਇਆ ਸੀ। ਉਨ੍ਹਾਂ ਪੰਜਾਬ, ਹਿਮਾਚਲ ਅਤੇ ਉਤਰ ਪ੍ਰਦੇਸ਼ ਵਿੱਚ ਗੁਰਮਤਿ ਪ੍ਰਚਾਰ ਦੇ ਖੇਤਰ ਸਥਾਪਿਤ ਕੀਤੇ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਪ੍ਰੀਤਮ ਸਿੰਘ ਜੀ ਅਤੇ ਸੰਤ ਸੁੰਦਰ ਸਿੰਘ ਜੀ (ਚਾਹ ਵਾਲੇ) ਹੋਏ। ਜਿਨ੍ਹਾਂ ਨੇ ਬੱਬਰ ਅਕਾਲੀ ਲਹਿਰ ਦੇ ਮੋਢੀ, ਜਥੇਦਾਰ ਕਿਸ਼ਨ ਸਿੰਘ ਗੜਗੱਜ ਅਤੇ ਉਸ ਦੇ ਸਾਥੀਆਂ ਨੂੰ ਅੰਮ੍ਰਿਤਪਾਨ ਕਰਾਇਆ ਤਾਂ ਜੋ ਉਹ ਆਪਣੇ ਉਦੇਸ਼ ਦੀ ਪੂਰਤੀ ਲਈ ਇੱਕ ਪਰਪੱਕ ਅਤੇ ਸੰਪੂਰਨ ਵਿਅਕਤੀ ਵਜੋਂ ਵਿਚਰ ਸਕਣ। ਚਾਹ ਵਾਲੇ ਮਹਾਂਪੁਰਸ਼ਾਂ ਨੇ ਦੁਆਬੇ ਵਿੱਚ ਆਨੰਦ ਕਾਰਜ ਦੀ ਪ੍ਰਥਾ ਨੂੰ ਪ੍ਰਫੁੱਲਿਤ ਕਰਨ ਵਿੱਚ ਮੋਹਰੀ ਯੋਗਦਾਨ ਪਾਇਆ। ਇਸ ਸੰਪ੍ਰਦਾ ਦੇ ਮੁਖੀ ਵਲੋਂ 'ਆਰਤਾ ਛ' ਦੇ ਰੂਪ ਵਿੱਚ ਸੰਪਾਦਿਤ ਬਾਣੀ ਆਦਿ ਦਾ ਸੰਗ੍ਰਹਿ, ਕੀਰਤਨ ਰੂਪ ਵਿੱਚ ਗਾਇਆ ਜਾਂਦਾ ਹੈ, ਜਿਹੜਾ (ਆਰਤੀ) ਸੰਕਲਪ ਅਤੇ ਮਰਿਆਦਾ ਨੂੰ ਨਵੇਂ ਅਰਥਾਂ ਵਿੱਚ ਅੱਗੇ ਤੋਰਨ ਦਾ ਇੱਕ ਸਾਰਥਕ ਯਤਨ ਹੈ। ਇਸ ਸੰਪ੍ਰਦਾ ਦੇ ਪੰਜਾਬ ਤੋਂ ਇਲਾਵਾ, ਹਿਮਾਚਲ ਪ੍ਰਦੇਸ਼ ਵਿੱਚ ਡੇਰਾ ਬੇਲੀ (ਬਹਿਰਾਲ) ਪਾਉਂਟਾ ਸਾਹਿਬ, ਡੇਰਾ ਦੜੀ ਭੁੰਗਰਨੀ ਪਾਉਂਟਾ ਸਾਹਿਬ ਅਤੇ ਡੇਰਾ ਖੈਰੀਆਂ (ਡੋਈਵਾਲਾ) ਉਤਰਾਂਚਲ ਵੀ ਸ਼ਾਮਲ ਹਨ, ਜਿਹੜੇ ਗੁਰਮਤਿ ਪ੍ਰਚਾਰ ਦੇ ਮਹਾਨ ਕੇਂਦਰ ਹਨ। ਸੰਤ ਪ੍ਰੀਤਮ ਸਿੰਘ ਜੀ ਅਤੇ ਸੰਤ ਸੁੰਦਰ ਸਿੰਘ ਜੀ ਦੇ ਉਤਰਾਧਿਕਾਰੀ ਸੰਤ ਠਾਕਰ ਸਿੰਘ ਜੀ (ਚਾਹਵਾਲੇ) ਅਤੇ ਸੰਤ ਬਿਸ਼ਨ ਸਿੰਘ ਜੀ (ਚਾਹਵਾਲੇ) ਹੋਏ, ਜਿਨ੍ਹਾਂ ਸੰਤ ਕਪੂਰ ਸਿੰਘ ਜੀ ਨਿਰਬਾਣ ਦੀ ਚਲਾਈ ਪਰੰਪਰਾ ਨੂੰ ਅੱਗੇ ਤੋਰਿਆ। ਇਸ ਸੰਪ੍ਰਦਾ ਦੇ ਮੌਜੂਦਾ ਉਤਰਾਧਿਕਾਰੀ ਸੰਤ ਕਰਮ ਸਿੰਘ ਜੀ (ਚਾਹ ਵਾਲੇ) ਹਨ। ਨਿਮਰਤਾ, ਬੰਦਗੀ, ਤਿਆਗ, ਸੇਵਾ ਅਤੇ ਸਾਦਗੀ ਦੀ ਸਾਕਾਰ ਮੂਰਤ ਹਨ। ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਸਮਾਗਮ ਅਤੇ ਸ੍ਰੀ ਤਰਨ ਤਾਰਨ ਸਾਹਿਬ ਵਿਖੇ ਹਰ ਮੱਸਿਆ ਨੂੰ ਲੰਗਰ ਲਗਾਉਣਾ ਆਪ ਜੀ ਦੀ ਪ੍ਰਮੁੱਖ ਰੁਚੀ ਰਹੀ ਹੈ। ਸੰਬੰਧਿਤ ਡੇਰਿਆਂ ਵਿਖੇ ਫ੍ਰੀ ਮੈਡੀਕਲ ਕੈਂਪ ਲਗਾਉਣੇ, ਲੋੜਵੰਦਾਂ ਦੀ ਹਰ ਪ੍ਰਕਾਰ ਸਹਾਇਤਾ ਕਰਨੀ ਆਪ ਜੀ ਦੇ ਪ੍ਰਮੁੱਖ ਉਪਰਾਲੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਅਤੇ ਪ੍ਰਚਾਰ ਇਸ ਸੰਪ੍ਰਦਾ ਦੀ ਵਿਲੱਖਣਤਾ ਹੈ।

ਦੁਆਬਾ ਨਿਰਮਲ ਮੰਡਲ ਦੀ ਇਕ ਹੋਰ ਮਹੱਤਵਪੂਰਨ ਸੰਪ੍ਰਦਾ ਡੇਰਾ ਪਠਲਾਵਾ ਹੈ। ਇਸ ਅਸਥਾਨ ਦੇ ਸੰਸਥਾਪਕ ਸੰਤ ਸ਼ਾਮ ਸਿੰਘ ਜੀ ਸਨ, ਜਿਨ੍ਹਾਂ ਦੇ ਉਤਰਾਧਿਕਾਰੀ ਸੰਤ ਖਜ਼ਾਨ ਸਿੰਘ ਜੀ ਹੋਏ ਅਤੇ ਇਨ੍ਹਾਂ ਦੇ ਉਤਰਾਧਿਕਾਰੀ ਸੰਤ ਘਨੱਈਆ ਸਿੰਘ ਜੀ ਹੋਏ। ਸੰਤ ਘਨੱਈਆ ਸਿੰਘ ਜੀ ਦੇ ਅਨੇਕਾਂ ਸ਼ਿਸ਼ ਹੋਏ ਜਿਨ੍ਹਾਂ ਵਿੱਚ ਸੰਤ ਸੇਵਾ ਸਿੰਘ ਜੀ (ਕਿਲਾ ਆਨੰਦਗੜ੍ਹ ਵਾਲੇ) ਅਤੇ ਸੰਤ

ਕਰਤਾਰ ਸਿੰਘ ਜੀ ਸ਼ਾਮਲ ਹਨ। ਕਾਰ ਸੇਵਾ ਦੇ ਖੇਤਰ ਵਿੱਚ ਸੰਤ ਸੇਵਾ ਸਿੰਘ ਜੀ (ਕਿਲਾ ਆਨੰਦਗੜ੍ਹ) ਵਾਲਿਆਂ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ। ਕਿਲਾ ਆਨੰਦਗੜ੍ਹ ਤੋਂ ਇਲਾਵਾ, ਕੀਰਤਪੁਰ ਸਾਹਿਬ ਦੇ ਵਿਭਿੰਨ ਅਸਥਾਨਾਂ ਦੇ ਨਾਲ ਨਾਲ ਗੁਰਦੁਆਰਾ ਬਿਭੌਰ ਸਾਹਿਬ, ਗੁਰਦੁਆਰਾ ਗੁਰੂ ਕਾ ਲਾਹੌਰ ਅਤੇ ਸੁਕੇਤ ਮੰਡੀ ਵਿਖੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਲਾਭ ਸਿੰਘ ਜੀ ਅਤੇ ਸੰਤ ਭਾਗ ਸਿੰਘ ਜੀ ਹੋਏ। ਸੰਤ ਲਾਭ ਸਿੰਘ ਜੀ ਨੇ ਸੰਗਤ ਦੀ ਸਹੂਲਤ ਲਈ ਚੰਦਪੁਰ ਬੇਲਾ ਅਤੇ ਰਾਮਗੜ੍ਹ ਬੇਲਾ ਵਿਖੇ ਦਰਿਆ ਸਤਲੁਜ ਉਪਰ ਪੁੱਲ ਬਣਵਾਏ, ਗੁਰੂ ਹਰਿ ਰਾਏ ਸਾਹਿਬ ਮਾਰਗ ਦਾ ਨਿਰਮਾਣ ਅਤੇ ਬੀਤ ਦੇ ਇਲਾਕੇ ਵਿੱਚ ਸੜਕ ਦਾ ਨਿਰਮਾਣ ਕਰਾਇਆ। ਵਿੱਦਿਆ ਦੇ ਪਾਸਾਰ ਲਈ ਸੰਤ ਬਾਬਾ ਸੇਵਾ ਸਿੰਘ ਜੀ ਮੈਮੋਰੀਅਲ ਕਾਲਜ ਨੂਰਪੁਰ ਬੇਦੀ, ਸੰਤ ਬਾਬਾ ਸੇਵਾ ਸਿੰਘ ਖਾਲਸਾ ਮੈਮੋਰੀਅਲ ਸਕੂਲ ਭਲੜੀ (ਨੰਗਲ), ਸੰਤ ਬਾਬਾ ਸੇਵਾ ਸਿੰਘ ਖਾਲਸਾ ਮੈਮੋਰੀਅਲ ਸਕੂਲ (ਗੁਰੂ ਕੇ ਚੱਕ), ਸੰਤ ਬਾਬਾ ਸੇਵਾ ਸਿੰਘ ਮਾਡਲ ਸਕੂਲ ਸੁਕੇਤ ਮੰਡੀ, ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਉਸਾਰੀ ਅਧੀਨ ਹੈ। ਗੁਰਦੁਆਰਾ ਗੁਰ ਕੇ ਮਹਿਲ ਅਤੇ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਆਪ ਜੀ ਦੇ ਵਿਲੱਖਣ ਕਾਰਜ ਹਨ।

ਸੰਤ ਕਰਤਾਰ ਸਿੰਘ ਜੀ ਦੇ ਸ਼ਿਸ਼, ਸੰਤ ਗੁਰਬਚਨ ਸਿੰਘ ਜੀ ਡੇਰਾ ਪਠਲਾਵਾ ਦੇ ਮੌਜੂਦਾ ਉਤਰਾਧਿਕਾਰੀ ਹਨ। ਆਪ ਜੀ ਦੁਆਬਾ ਨਿਰਮਲ ਮੰਡਲ ਦੇ ਜਨਰਲ ਸਕੱਤਰ ਹਨ। ਡੇਰੇ ਵਿੱਚ ਹਰ ਸਾਲ ਅੱਖਾਂ ਦਾ ਫ੍ਰੀ ਮੈਡੀਕਲ ਚੈਕਅੱਪ ਅਤੇ ਓਪਰੇਸ਼ਨ ਦਾ ਕੈਂਪ, ਡਿਸਪੈਂਸਰੀ, ਨੌਜਵਾਨਾਂ ਲਈ ਹੈਲਥ ਕਲੱਬ ਆਪ ਜੀ ਦੇ ਮਹੱਤਵਪੂਰਨ ਸਮਾਜਿਕ ਕਾਰਜ ਹਨ। ਆਪ ਜੀ ਸਹਿਜ ਅਤੇ ਸਾਦਗੀ ਦਾ ਉਤਮ ਸੁਮੇਲ ਹਨ। ਸੰਤ ਘਨੱਈਆ ਸਿੰਘ ਜੀ ਦੇ ਇੱਕ ਸ਼ਿਸ਼ ਸੰਤ ਤਾਰਾ ਸਿੰਘ ਜੀ ਨੇ, ਬਲਾਚੌਰ ਵਿਖੇ ਡੇਰੇ ਦੀ ਸਥਾਪਨਾ ਕੀਤੀ, ਮੌਜੂਦਾ ਉਤਰਾਧਿਕਾਰੀ ਸੰਤ ਮਾਨ ਸਿੰਘ ਜੀ ਹਨ। ਸੰਤ ਘਨੱਈਆ ਸਿੰਘ ਜੀ ਦੇ ਹੀ ਇਕ ਸ਼ਿਸ਼ ਸੰਤ ਕਰਮ ਸਿੰਘ ਜੀ ਲੰਗੜੋਏ ਵਾਲੇ ਹੋਏ ਜਿਨ੍ਹਾਂ ਦੇ ਅਨੇਕਾਂ ਸ਼ਿਸ਼ਾਂ ਵਿੱਚੋਂ ਸੰਤ ਹਰੀ ਸਿੰਘ ਜੀ ਨੈਕੀ ਵਾਲੇ ਹੋਏ। ਉਨ੍ਹਾਂ ਦੇ ਸ਼ਿਸ਼ ਸੰਤ ਬਲਬੀਰ ਸਿੰਘ, ਸੰਤ ਜਸਵੰਤ ਸਿੰਘ ਜੀ, ਸੰਤ ਹਰਿਸੋਹਣ ਸਿੰਘ ਜੀ ਅਤੇ ਸੰਤ ਕਸ਼ਮੀਰਾ ਸਿੰਘ ਜੀ ਹੋਏ। ਸੰਤ ਕਸ਼ਮੀਰਾ ਸਿੰਘ ਜੀ ਡੇਰਾ ਨੈਕੀ ਵਾਲਾ ਕੋਟ ਫਤੂਹੀ ਦੇ ਉਤਰਾਧਿਕਾਰੀ ਹਨ। ਨੈਕੀ (ਮੰਨਣਹਾਣਾ) ਵਾਲੇ ਸੰਤ ਬਲਬੀਰ ਸਿੰਘ ਜੀ ਅਤੇ ਸੰਤ ਜਸਵੰਤ ਸਿੰਘ ਜੀ ਖੇਡਾਂ ਪ੍ਰਤੀ ਨੌਜਵਾਨ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ ਵੱਡੇ ਪੱਧਰ 'ਤੇ ਕੁਸ਼ਤੀਆਂ ਦਾ ਪ੍ਰਬੰਧ ਕਰਦੇ ਹਨ। ਲੜਕੀਆਂ ਅੰਦਰ ਵਿੱਦਿਆ ਦੇ ਪਾਸਾਰ ਲਈ ਸੰਤ ਹਰੀ ਸਿੰਘ ਮੈਮੋਰੀਅਲ ਕਾਲਜ, ਚੇਲਾ ਮਖਸੂਸਪੁਰ (ਹੁਸ਼ਿਆਰਪੁਰ) ਇਸ ਡੇਰੇ ਦੀ ਅਦੁੱਤੀ ਦੇਣ ਹੈ।

ਦੁਆਬਾ ਨਿਰਮਲ ਮੰਡਲ ਦੀ ਇੱਕ ਹੋਰ ਮਹੱਤਵਪੂਰਨ ਅਤੇ ਵਿਲੱਖਣ ਸੰਸਥਾ ਡੇਰਾ ਸੰਤ ਬਾਬਾ ਪ੍ਰੇਮ ਸਿੰਘ (ਮੁਰਾਲੇ ਵਾਲੇ) ਬੇਗੋਵਾਲ ਹੈ। ਡੇਰਾ ਮੁਰਾਲਾ ਸੰਤ ਗੁਲਾਬ ਸਿੰਘ ਜੀ ਦੇ ਸ਼ਿਸ਼ ਸੰਤ ਹਮੀਰ ਸਿੰਘ ਜੀ ਨੇ ਸਥਾਪਿਤ ਕੀਤਾ। ਜਿਨ੍ਹਾਂ ਦੇ ਸ਼ਿਸ਼ ਸੰਤ ਅਰਜਨ ਸਿੰਘ ਅਤੇ ਸੰਤ ਬਿਸ਼ਨ ਸਿੰਘ ਜੀ ਹੋਏ। ਸੰਤ ਬਿਸ਼ਨ ਸਿੰਘ ਜੀ ਦੇ ਪੰਜ ਸ਼ਿਸ਼ ਸਨ, ਸੰਤ ਭਾਗ ਸਿੰਘ ਜੀ, ਸੰਤ ਸੁੰਦਰ ਸਿੰਘ ਜੀ (ਭਿੰਡਰਾਂਵਾਲੇ), ਸੰਤ ਪ੍ਰੇਮ ਸਿੰਘ ਜੀ, ਸੰਤ ਜੈ ਸਿੰਘ ਜੀ ਅਤੇ ਸੰਤ ਪ੍ਰਤਾਪ ਸਿੰਘ ਜੀ ਹੋਏ। ਸੰਤ ਪ੍ਰੇਮ ਸਿੰਘ ਜੀ ਗੁਰਮਤਿ ਪ੍ਰਚਾਰ, ਵਿੱਦਿਆ ਪਾਸਾਰ, ਧਾਰਮਿਕ ਅਤੇ ਰਾਜਨੀਤਿਕ ਸਰਗਰਮੀਆਂ ਵਿੱਚ ਵਿਸ਼ੇਸ਼ ਰੂਪ ਵਿੱਚ ਕਾਰਜਸ਼ੀਲ ਰਹੇ। ਆਪ ਜੀ ਪੰਜਾਬ ਅਸੈਂਬਲੀ ਦੇ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੇ ਲੰਮਾ ਸਮੇਂ ਮੈਂਬਰ ਅਤੇ ਕਾਰਜਕਾਰਣੀ ਦੇ ਮੈਂਬਰ ਵੀ ਰਹੇ। ਇਲਾਕੇ ਵਿੱਚ ਵਿੱਦਿਆ ਦੇ ਪਾਸਾਰ ਲਈ ਸਕੂਲਾਂ ਦਾ ਨਿਰਮਾਣ ਕੀਤਾ। ਸੰਤ ਬਾਵਾ ਹਰਨਾਮ ਸਿੰਘ ਜੀ ਆਪ ਜੀ ਦੇ ਉਤਰਾਧਿਕਾਰੀ ਸਥਾਪਿਤ ਹੋਏ। ਆਪ ਜੀ ਨੂੰ ਪੰਜਾਬ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਹ ਦੁਆਬਾ ਨਿਰਮਲ ਮੰਡਲ ਦੀ ਵਿਲੱਖਣ ਪ੍ਰਾਪਤੀ ਮੰਨੀ ਜਾਂਦੀ ਹੈ।

ਵਿੱਦਿਆ ਦੇ ਪਾਸਾਰ ਲਈ ਸੰਤ ਪ੍ਰੇਮ ਸਿੰਘ ਜੀ ਵਲੋਂ ਆਰੰਭੀ ਸੇਵਾ ਨੂੰ ਜਾਰੀ ਰਖਦਿਆਂ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਅਤੇ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ ਵਿਖੇ ਸਥਾਪਿਤ ਕੀਤੇ। ਨਡਾਲੇ ਵਾਲੇ ਕਾਲਜ ਲਈ ਥਾਂ ਵੀ ਆਪਣੇ ਡੇਰੇ ਦੀ ਜ਼ਮੀਨ ਵਿੱਚੋਂ ਹੀ ਦਿੱਤੀ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਬਾਵਾ ਚਰਨਜੀਤ ਸਿੰਘ ਅਤੇ ਮੌਜੂਦਾ ਉਤਰਾਧਿਕਾਰੀ ਬੀਬੀ ਜਗੀਰ ਕੌਰ ਜੀ ਹਨ। ਬੀਬੀ ਜੀ ਅਜਿਹੀ ਪਹਿਲੀ ਔਰਤ ਹੈ ਜਿਸ ਨੂੰ ਦੁਆਬਾ ਨਿਰਮਲ ਮੰਡਲ ਦੇ ਕਿਸੇ ਡੇਰਾ ਅਥਵਾ ਸੰਪ੍ਰਦਾ ਦਾ ਮੁਖੀ ਅਤੇ ਉਤਰਾਧਿਕਾਰੀ ਹੋਣ ਦਾ ਮਾਣ ਪ੍ਰਾਪਤ ਹੋਇਆ। ਆਪ ਜੀ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਵਿਲੱਖਣ ਵਕਤਾ ਹੋਣ ਦੇ ਨਾਲ ਨਾਲ ਗੁਰਬਾਣੀ ਕੀਰਤਨ ਦੀ ਮੁਹਾਰਤ ਵੀ ਰੱਖਦੇ ਹਨ। ਆਪ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਔਰਤ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੋਇਆ ਅਤੇ ਆਪ ਜੀ ਤਿੰਨ ਵਾਰ ਇਸ ਸੰਸਥਾ ਦੇ ਪ੍ਰਧਾਨ ਚੁਣੇ ਗਏ। ਬੀਬੀ ਜੀ ਪਹਿਲੀ ਔਰਤ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਪ ਪ੍ਰਧਾਨ ਬਣਾਇਆ ਗਿਆ ਹੈ। ਆਪ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਵੀ ਰਹੇ। ਲੋੜਵੰਦਾਂ ਦੀ ਮਦਦ, ਗੁਰਬਾਣੀ ਉਚਾਰਨ ਲਈ ਵਿਸ਼ੇਸ਼ ਉਪਰਾਲੇ, ਪੁਰਾਤਨ ਕੀਰਤਨ ਸ਼ੈਲੀ ਦੀ ਪ੍ਰਫੁਲਿਤਾ, ਔਰਤਾਂ ਦੇ ਹੱਕਾਂ ਪ੍ਰਤੀ ਆਵਾਜ਼ ਉਠਾਉਣਾ, ਵਿੱਦਿਅਕ ਪਾਸਾਰ, ਅੰਮ੍ਰਿਤ ਸੰਚਾਰ, ਫ੍ਰੀ ਮੈਡੀਕਲ ਕੈਂਪ, ਲੁਬਾਣਾ, ਸਿਕਲੀਗਰ ਵਣਜਾਰਾ ਜਾਤੀਆਂ ਲਈ ਵਿਸ਼ੇਸ਼ ਰੂਪ ਵਿੱਚ, ਇਨ੍ਹਾਂ ਦੇ ਉਥਾਨ ਲਈ ਯਤਨ ਆਦਿ ਆਪ ਜੀ ਦੇ ਮਹੱਤਵਪੂਰਨ ਯਤਨ ਅਤੇ ਮਨੋਰਥ ਹਨ, ਜਿਸ ਲਈ ਆਪ ਜੀ ਨੂੰ 'ਵਣਜਾਰਾ ਮਾਂ', ਦੇ ਖਿਤਾਬ ਨਾਲ ਵੀ ਸਨਮਾਨਿਆ ਜਾ ਚੁੱਕਾ ਹੈ। ਦੁਆਬਾ ਨਿਰਮਲ ਮੰਡਲ ਦੇ ਆਪਸੀ ਪ੍ਰੇਮ ਭਾਵ ਅਤੇ ਸ਼੍ਰੋਮਣੀ ਕਮੇਟੀ ਨਾਲ ਇਸ ਮੰਡਲ ਦੀ ਪਰਸਪਰ ਸਾਂਝ ਦੇ ਸਦੀਵੀਪਣ ਲਈ ਆਪ ਜੀ ਸਦਾ ਹੀ ਯਤਨਸ਼ੀਲ ਰਹਿੰਦੇ ਹਨ।

ਦੁਆਬੇ ਦੇ ਨਿਰਮਲੇ ਮਹਾਂਪੁਰਸ਼ਾਂ ਵਿੱਚ ਕਾਰ ਸੇਵਾ ਦੇ ਸੰਬੰਧ ਵਿੱਚ ਸੰਤ ਕਰਤਾਰ ਸਿੰਘ ਜੀ ਠੱਠਾ ਟਿੱਬਾ ਵਾਲਿਆਂ ਦਾ ਵਿਸ਼ੇਸ਼ ਸਥਾਨ ਹੈ। ਆਪ ਜੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੇ ਸ਼ਿਸ਼ ਸੰਤ ਭਾਗ ਸਿੰਘ ਜੀ ਦੇ ਉਤਰਾਧਿਕਾਰੀ ਸੰਤ ਜਗਤ ਸਿੰਘ ਜੀ ਦੇ ਸ਼ਿਸ਼ ਅਤੇ ਉਤਰਾਧਿਕਾਰੀ ਸਨ। ਬੇਰ ਸਾਹਿਬ, ਹਰਿਮੰਦਰ ਸਾਹਿਬ ਅਤੇ ਪਟਨਾ ਸਾਹਿਬ ਵਿਖੇ ਗੁਰਧਾਮਾਂ ਦੀ ਉਸਾਰੀ ਅਤੇ ਸੋਨਾ ਚੜ੍ਹਾਉਣ ਦੀ ਸੇਵਾ ਆਪ ਜੀ ਦੇ ਵਿਲੱਖਣ ਕਾਰਜਾਂ ਵਿੱਚ ਸ਼ਾਮਲ ਹੈ।

ਦੁਆਬਾ ਨਿਰਮਲ ਮੰਡਲ ਵਿੱਚ ਡੁਮੇਲੀ ਵਾਲੇ ਸੰਤ ਮਹਾਂਪੁਰਸ਼ਾਂ ਦਾ ਵਿਸ਼ੇਸ਼ ਸਥਾਨ ਹੈ। ਇਸ ਅਸਥਾਨ ਦੀ ਸੇਵਾ ਸਥਾਪਨਾ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਅਤਿ ਨਿਕਟਵਰਤੀ ਸੰਤ ਦਲੀਪ ਸਿੰਘ ਜੀ ਨੇ ਕੀਤੀ। ਆਪ ਜੀ ਨੇ ਜੈਤੋ ਦੇ ਮੋਰਚੇ ਵਿੱਚ ਇਕ ਜੱਥੇ ਦੀ ਅਗਵਾਈ ਕਰਦਿਆਂ ਗ੍ਰਿਫ਼ਤਾਰੀ ਦਿੱਤੀ। ਆਪ ਜੀ ਦੇ ਉਤਰਾਧਿਕਾਰੀ ਸੰਤ ਹਰਬੰਸ ਸਿੰਘ ਜੀ (ਗਿਆਨੀ ਜੀ) ਅਤੇ ਸੰਤ ਸਰਬਣ ਸਿੰਘ ਜੀ ਗੰਧਰਭ (ਰਾਗਾ ਸਿੰਘ) ਡਬਲ ਐਮ.ਏ. (ਸੰਗੀਤ) ਹੋਏ। ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਆਪ ਜੀ ਵੱਖੋਂ ਵੱਖਰੇ 32 ਸਾਜ਼ਾਂ ਨੂੰ ਵਜਾਉਣ ਦੀ ਮੁਹਾਰਤ ਰੱਖਦੇ ਸਨ। ਆਪ ਜੀ ਨੇ ਸੰਤ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਬਣਾਇਆ ਅਤੇ ਅੱਜ ਕੱਲ੍ਹ ਇਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹੈ। ਸੰਤ ਹਰਬੰਸ ਸਿੰਘ ਜੀ ਨੇ ਵੂਲਵਰਹੈਂਪਟਨ (ਇੰਗਲੈਂਡ) ਵਿਖੇ ਵੀ ਡੇਰਾ ਸਥਾਪਿਤ ਕੀਤਾ। ਸ੍ਰੀ ਆਨੰਦਪੁਰ ਸਾਹਿਬ ਵਿਖੇ ਵੀ ਇਕ ਵਿਸ਼ਾਲ ਡੇਰਾ ਬਣਾਇਆ ਜਿੱਥੋਂ ਹੋਲੇ ਮਹੱਲੇ ਸਮੇਂ ਦੁਆਬਾ ਨਿਰਮਲ ਮੰਡਲ ਵੱਲੋਂ ਕੱਢੇ ਜਾਂਦੇ ਨਿਰੋਲ ਧਾਰਮਿਕ ਨਗਰ ਕੀਰਤਨ ਦੀ ਆਰੰਭਤਾ ਹੁੰਦੀ ਹੈ। ਇਸ ਸੰਸਥਾ ਦੇ ਮੌਜੂਦਾ ਉਤਰਾਧਿਕਾਰੀ ਸੰਤ ਪ੍ਰੀਤਮ ਸਿੰਘ ਜੀ ਹਨ। ਆਪ ਜੀ ਹੋਰਨਾਂ ਪੱਖਾਂ ਦੇ ਨਾਲ ਨਾਲ ਸੰਤ ਬਾਬਾ ਦਲੀਪ ਸਿੰਘ ਜੀ ਵੱਲੋਂ ਗੁਰਬਾਣੀ ਕੀਰਤਨ ਗਾਇਨ ਅਤੇ ਸਿਖਲਾਈ ਦੀ ਪਰੰਪਰਾ ਨੂੰ ਜੀਵਤ ਰੱਖਣ ਲਈ ਹਰ ਸੰਭਵ ਯਤਨ ਕਰ ਰਹੇ ਹਨ।

ਦੁਆਬਾ ਨਿਰਮਲ ਮੰਡਲ ਦਾ ਇੱਕ ਮਹੱਤਵਪੂਰਨ ਅੰਗ ਪੰਡੋਰੀ ਨਿੱਝਰਾਂ ਦੀ ਨਿਰਮਲ ਸੰਪ੍ਰਦਾ

ਹੈ ਜਿਸ ਦੀ ਸਥਾਪਨਾ ਸੰਤ ਬਾਬਾ ਮੱਲ ਸਿੰਘ ਜੀ ਨੇ ਕੀਤੀ। ਉਨ੍ਹਾਂ ਦੇ ਸ਼ਿਸ਼ ਅਤੇ ਉਤਰਾਧਿਕਾਰੀ ਕ੍ਰਮਵਾਰ ਸੰਤ ਗੁਰਦਿਤ ਸਿੰਘ ਜੀ, ਸੰਤ ਰਾਮ ਸਿੰਘ ਜੀ ਸੰਤ ਸੁਰਜਨ ਸਿੰਘ ਜੀ, ਸੰਤ ਅਮੋਲਕ ਸਿੰਘ ਅਤੇ ਸੰਤ ਨਰਿੰਦਰਜੀਤ ਸਿੰਘ ਜੀ ਹੋਏ। ਇਸ ਸੰਪ੍ਰਦਾ ਨਾਲ ਸੰਬੰਧਿਤ ਸਥਾਨ ਨਿਰਮਲ ਕੁਟੀਆ ਡਮੁੰਡਾ ਵੀ ਹੈ। ਜਿਸ ਦੀ ਸਥਾਪਨਾ ਸੰਤ ਇੰਦਰ ਸਿੰਘ ਜੀ ਨੇ ਕੀਤੀ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਕਰਮ ਸਿੰਘ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸੰਤ ਮਨਮੋਹਣ ਸਿੰਘ ਜੀ (ਦੇਵਪੁਰਾ ਆਸ਼ਰਮ ਹਰਿਦੁਆਰ) ਵਾਲੇ ਹੋਏ। ਪੰਡੋਰੀ ਨਿੱਝਰਾਂ ਸੰਪ੍ਰਦਾ ਦੇ ਸੰਤ ਰਾਮ ਸਿੰਘ ਜੀ ਦੇ ਸ਼ਿਸ਼ ਸੰਤ ਮਹਾਂ ਹਰਨਾਮ ਸਿੰਘ ਜੀ ਹੋਏ ਜਿਨ੍ਹਾਂ ਭੁੱਚੋ ਕਲਾਂ (ਬਠਿੰਡਾ) ਵਿਖੇ ਆਪਣਾ ਡੇਰਾ ਸਥਾਪਿਤ ਕੀਤਾ। ਇਨ੍ਹਾਂ ਦੇ ਦੋ ਸ਼ਿਸ਼ ਸੰਤ ਰਾਮ ਸਿੰਘ ਜੀ (ਮਲੂਕੇ/ਰਾਮ ਟਿੱਲੇ ਵਾਲੇ) ਅਤੇ ਸੰਤ ਨੰਦ ਸਿੰਘ ਜੀ (ਨਾਨਕਸਰ ਕਲੇਰਾਂ) ਵਾਲੇ ਹੋਏ।

ਡੇਰਾ ਸਿੰਗੜੀਵਾਲਾ ਨਿਰਮਲੇ ਸੰਤਾਂ ਦੀ ਇੱਕ ਹੋਰ ਮਹੱਤਵਪੂਰਨ ਸੰਸਥਾ ਹੈ ਜਿਸ ਦੇ ਸੰਸਥਾਪਕ ਸੰਤ ਹੀਰਾ ਸਿੰਘ ਜੀ ਸਨ। ਇਨ੍ਹਾਂ ਦੇ ਸ਼ਿਸ਼ ਸੰਤ ਜਸਵੰਤ ਸਿੰਘ, ਸੰਤ ਰਾਮ ਸਿੰਘ ਅਤੇ ਸੰਤ ਗੰਗਾ ਸਿੰਘ ਜੀ ਹੋਏ। ਸੰਤ ਜਸਵੰਤ ਸਿੰਘ ਜੀ ਨੇ ਨਿਰਮਲ ਤਖਤ ਰਮਦਾਸ ਅਤੇ ਨਿਰਮਲ ਤਖਤ ਦਕੋਹਾ ਦੀ ਸਥਾਪਨਾ ਕੀਤੀ। ਆਪ ਜੀ ਨੇ ਗੁਰਬਾਣੀ ਕੀਰਤਨ ਦੀ ਪੁਰਾਤਨ ਸ਼ੈਲੀ ਨੂੰ ਜੀਵਤ ਰੱਖਣ ਲਈ ਹਰ ਸਾਲ ਬਸੰਤ ਪੰਚਮੀ ਦੇ ਤਿਉਹਾਰ 'ਤੇ ਕੀਰਤਨ ਦਰਬਾਰ ਕਰਾਉਣ ਦੀ ਪਰੰਪਰਾ ਆਰੰਭੀ ਜਿਹੜੀ ਆਪ ਜੀ ਦੇ ਉਤਰਾਧਿਕਾਰੀ ਸੰਤ ਭਗਵੰਤ ਭਜਨ ਸਿੰਘ ਜੀ ਵੱਲੋਂ ਨਿਰੰਤਰ ਜਾਰੀ ਹੈ। ਇਸ ਦੇ ਨਾਲ ਹੀ ਡੇਰੇ ਵਿਖੇ ਸੰਤ ਜਸਵੰਤ ਸਿੰਘ ਮੈਮੋਰੀਅਲ ਹਸਪਤਾਲ ਵੀ ਸਥਾਪਿਤ ਕੀਤਾ ਹੈ। ਨਿਰਮਲ ਤਖਤ ਦਕੋਹਾ ਵੱਲੋਂ 'ਨਿਰਮਲ ਮਾਰਗ' ਨਾਂ ਦਾ ਮਾਸਿਕ ਪੱਤਰ ਵੀ ਕੱਢਿਆ ਜਾਂਦਾ ਹੈ।

ਦੁਆਬਾ ਨਿਰਮਲ ਮੰਡਲ ਵਿੱਚ ਡੇਰਾ ਗੁਰੂਸਰ ਖੁੱਡਾ ਦਾ ਵਿਸ਼ੇਸ਼ ਸਥਾਨ ਹੈ, ਜਿਸ ਦੇ ਸੰਸਥਾਪਕ ਸੰਤ ਬੂਟਾ ਸਿੰਘ ਜੀ ਸਨ। ਇਸ ਦੇ ਉਤਰਾਧਿਕਾਰੀ ਸੰਤ ਹੀਰਾ ਸਿੰਘ ਜੀ ਸਨ, ਜਿਨ੍ਹਾਂ ਦੇ ਸ਼ਿਸ਼ ਸੰਤ ਗਣੇਸ਼ਾ ਸਿੰਘ ਜੀ ਨੂੰ ਨਿਰਮਲ ਸੰਪ੍ਰਦਾ ਦੇ ਮਹਾਨ ਵਿਦਵਾਨ ਸੰਤ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਆਪ ਜੀ ਦੁਆਰਾ ਤਕਰੀਬਨ 20 ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ ਗਈ। ਆਪ ਜੀ 20 ਸਾਲ ਨਿਰਮਲ ਪੰਚਾਇਤੀ ਅਖਾੜੇ ਦੇ ਸਕੱਤਰ ਰਹੇ। ਆਪ ਜੀ ਨੂੰ ਨਿਰਮਲ ਪੰਚਾਇਤੀ ਅਖਾੜੇ ਦਾ ਵਿਧਾਨ ਬਣਾ ਕੇ ਰਜਿਸਟਰਡ ਕਰਾਉਣ ਦਾ ਮਾਣ ਪ੍ਰਾਪਤ ਹੈ। ਸੰਤ ਹੀਰਾ ਸਿੰਘ ਦੇ ਸ਼ਿਸ਼ ਸੰਤ ਹਮੀਰ ਸਿੰਘ ਅਤੇ ਇਨ੍ਹਾਂ ਦੇ ਸ਼ਿਸ਼ ਸੰਤ ਲਾਲ ਸਿੰਘ ਹੋਏ ਜਿਹੜੇ ਨਿਰਮਲ ਮਹਾਂਮੰਡਲ ਦੇ ਮੀਤ ਪ੍ਰਧਾਨ ਅਤੇ ਪ੍ਰਧਾਨ ਰਹੇ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਤੇਜਾ ਸਿੰਘ ਐਮ.ਏ. (ਆਨਰਜ਼) ਹਨ। ਜਿਨ੍ਹਾਂ ਦਾ ਸਮਾਜ ਸੁਧਾਰ ਅਤੇ ਵਿੱਦਿਆ ਪਾਸਾਰ ਵਿੱਚ ਮਹੱਤਵਪੂਰਨ ਸਥਾਨ ਹੈ। ਫ੍ਰੀ ਮੈਡੀਕਲ ਕੈਂਪ ਦਾ ਆਯੋਜਨ, ਸਕੂਲਾਂ ਦੀਆਂ ਇਮਾਰਤਾਂ ਦੀ ਨਵ ਉਸਾਰੀ ਗਰੀਬ ਲੜਕੀਆਂ ਦੇ ਵਿਆਹ ਦੇ ਨਾਲ ਨਾਲ ਵਿੱਦਿਆ ਦੇ ਪਾਸਾਰ ਲਈ ਸੰਤ ਲਾਲ ਸਿੰਘ ਮੈਮੋਰੀਅਲ ਹਾਈ ਸਕੂਲ ਦੀ ਸਥਾਪਨਾ ਅਤੇ ਮਹੰਤ ਲਾਲ ਸਿੰਘ ਸਪੋਰਟਸ ਕਲੱਬ (ਰਜਿ:) ਵੀ ਬਣਾਈ ਹੈ। ਕਥਾ ਕੀਰਤਨ ਵਿੱਚ ਆਪ ਜੀ ਦੀ ਨਿਵੇਕਲੀ ਪਛਾਣ ਹੈ। ਆਨੰਦਪੁਰ ਸਾਹਿਬ ਵਿਖੇ ਦੁਆਬਾ ਨਿਰਮਲ ਮੰਡਲ ਵੱਲੋਂ ਨਗਰ ਕੀਰਤਨ ਕੱਢਣ ਦੀ ਪਰੰਪਰਾ ਆਪ ਜੀ ਦੀ ਸੋਚ ਦਾ ਹੀ ਸਿੱਟਾ ਹੈ। ਇਸ ਡੇਰੇ ਦੀ ਇੱਕ ਸ਼ਾਖਾ ਡੇਰਾ ਅੰਤਰਜਾਮੀਆ (ਅੰਮ੍ਰਿਤਸਰ ਸਾਹਿਬ) ਵਿਖੇ ਸਥਾਪਿਤ ਹੈ ਜਿਸ ਦੇ ਉਤਰਾਧਿਕਾਰੀ ਸੰਤ ਤੇਜਾ ਸਿੰਘ ਜੀ ਅਤੇ ਸੰਤ ਮਿੱਤਰ ਪ੍ਰਕਾਸ਼ ਸਿੰਘ ਜੀ ਹਨ। ਸੰਤ ਮਿੱਤਰ ਪ੍ਰਕਾਸ਼ ਸਿੰਘ ਜੀ ਨਿਰਮਲ ਪੰਚਾਇਤੀ ਅਖਾੜੇ ਕਨਖਲ (ਹਰਿਦੁਆਰ) ਵਿਖੇ ਕੋਠਾਰੀ ਦੀ ਮਹੱਤਵਪੂਰਨ ਸੇਵਾ ਨਿਭਾ ਰਹੇ ਹਨ।

ਦੁਆਬਾ ਨਿਰਮਲ ਮੰਡਲ ਦੇ ਯੋਗਦਾਨ ਦਾ ਵਰਨਨ ਕਰਦਿਆਂ ਸੰਤ ਸਾਧੂ ਸਿੰਘ ਜੀ ਦੁਆਰਾ ਸਥਾਪਿਤ ਡੇਰਾ ਬਾੜੀਆਂ ਕਲਾਂ ਦਾ ਹਵਾਲਾ ਦੇਣਾ ਵੀ ਜ਼ਰੂਰੀ ਹੈ। ਇਨ੍ਹਾਂ ਦੇ ਉਤਰਾਧਿਕਾਰੀ ਦੇ

ਸ਼ਿਸ਼ ਸੰਤ ਪਿਆਰਾ ਸਿੰਘ ਦੁਆਬਾ ਨਿਰਮਲ ਮੰਡਲ ਦੇ ਸਕੱਤਰ ਰਹੇ, ਮੌਜੂਦਾ ਉਤਰਾਧਿਕਾਰੀ ਸੰਤ ਪ੍ਰੀਤਮ ਸਿੰਘ ਜੀ ਹਨ। ਸਾਹਿਤ ਰਚਨਾ ਵਿੱਚ ਸੰਤ ਗਣੇਸ਼ਾ ਸਿੰਘ ਜੀ ਤੋਂ ਬਾਅਦ ਨਿਰਮਲੇ ਸੰਤ ਬਾਬਾ ਟਹਿਲ ਸਿੰਘ ਜੀ ਦੀ ਨਾਂ ਆਉਂਦਾ ਹੈ। ਸੁੱਜੋ (ਨਵਾਂ ਸ਼ਹਿਰ) ਵਿਖੇ ਡੇਰੇ ਦੇ ਨਾਲ ਸੰਬੰਧਿਤ ਗੁਰਇਤਿਹਾਸ ਅਤੇ ਸਰਬਪੱਖੀ ਅਧਿਆਤਮਕ ਗਿਆਤਾ ਸਨ। ਆਪ ਨੇ ਤਕਰੀਬਨ 14 ਪੁਸਤਕਾਂ ਦੀ ਰਚਨਾ ਕੀਤੀ। ਆਪ ਦੁਆਰਾ ਲਿਖਿਆ 'ਇਨਸਾਨ ਹੈਵਾਨ ਸੰਬਾਦ' ਪੜ੍ਹਨਯੋਗ ਹੈ। ਜਿਸ ਵਿੱਚ ਸੰਸਾਰ ਭਰ ਦੇ ਪਸ਼ੂ ਪੰਛੀਆਂ ਨੇ ਮਨੁੱਖ ਦੇ ਅਤਿਆਚਾਰੀ ਸੁਭਾਅ ਦੀ ਸ਼ਿਕਾਇਤ ਕੀਤੀ ਹੈ। "ਦੱਸਿਆ ਹੈ ਕਿ ਮਨੁੱਖ ਕਿਵੇ ਪਸ਼ੂ ਪੰਛੀਆਂ ਨੂੰ ਅਕਹਿ ਅਤੇ ਅਸਹਿ ਤਸੀਹੇ ਦਿੰਦਾ ਹੈ। ਆਪ ਜੀ ਦੀ ਕਲਪਨਾ ਅਤੇ ਫੁਰਨਾ ਸ਼ਕਤੀ ਅੱਗੇ ਸਿਰ ਝੁਕਦਾ ਹੈ।ਅਜੋਕੇ ਪ੍ਰਸੰਗ ਵਿੱਚ ਇਸ ਪੁਸਤਕ ਦਾ ਬਹੁਤ ਮਹੱਤਵ ਹੈ।"[6]

ਵਾਤਾਵਰਨ ਦੀ ਸੁੱਧਤਾ ਲਈ ਅਤਿਅੰਤ ਸੁਚੇਤ ਨਿਰਮਲ ਕੁਟੀਆ ਸੀਚੇਵਾਲ ਦਾ ਵਰਨਨ ਅਤਿ ਜ਼ਰੂਰੀ ਹੈ, ਜਿਸ ਦੇ ਸੰਸਥਾਪਕ ਸੰਤ ਭੋਲਾ ਸਿੰਘ ਜੀ ਹੋਏ। ਇਨ੍ਹਾਂ ਦੇ ਉਤਰਾਧਿਕਾਰੀ ਸੰਤ ਅਵਤਾਰ ਸਿੰਘ ਜੀ ਹੋਏ ਜਿਨ੍ਹਾਂ ਦੇ ਉਤਰਾਧਿਕਾਰੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਲਿਆਂ ਨੇ ਵਾਤਾਵਰਣ ਦੀ ਸ਼ੁੱਧਤਾ ਅਤੇ ਵਿਸ਼ੇਸ਼ ਰੂਪ ਵਿੱਚ ਕਾਲੀ ਬੇਈਂ ਦੀ ਸਫ਼ਾਈ ਸੁਧਾਰ ਦੇ ਸੰਬੰਧ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਕੇ ਨਿਵੇਕਲੀ ਪਛਾਣ ਸਥਾਪਿਤ ਕੀਤੀ ਹੈ। ਅਜੋਕੇ ਸਮਾਜ ਸੁਧਾਰ ਕਾਰਜਾਂ ਦੇ ਨਾਲ ਨਾਲ ਵਿੱਦਿਆ ਪਾਸਾਰ ਲਈ ਸ੍ਰੀ ਮਾਨ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਅਤੇ ਸ੍ਰੀ ਮਾਨ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਦੀ ਸਥਾਪਨਾ ਵੀ ਕੀਤੀ ਹੈ।

ਦੁਆਬਾ ਨਿਰਮਲ ਮੰਡਲ ਦਾ ਇੱਕ ਹੋਰ ਮਹੱਤਵਪੂਰਨ ਅੰਗ ਗੁਰਦੁਆਰਾ ਰਾਮਪੁਰ ਖੇੜਾ (ਹੁਸ਼ਿਆਰਪੁਰ) ਹੈ ਜਿਸ ਦੀ ਸਥਾਪਨਾ ਸੰਤ ਬਾਬਾ ਹਰਨਾਮ ਸਿੰਘ ਜੀ ਹੁਰਾਂ ਨੇ ਕੀਤੀ। ਜਿੱਥੇ ਅਨੇਕਾਂ ਮਹਾਂਪੁਰਸ਼ਾਂ ਨੇ ਜੈਤੋ ਦੇ ਮੋਰਚੇ ਵਿੱਚ ਹਿੱਸਾ ਲਿਆ ਉੱਥੇ ਆਪ ਜੀ ਨੇ ਧਰਮ ਯੁੱਧ ਮੋਰਚੇ ਵਿੱਚ ਬਹੁਤ ਵੱਡੇ ਜੱਥੇ ਨਾਲ ਗ੍ਰਿਫਤਾਰੀ ਦਿੱਤੀ। ਆਪ ਦੇ ਉਤਰਾਧਿਕਾਰੀ ਸੰਤ ਸੇਵਾ ਸਿੰਘ ਜੀ ਹਨ। ਮਹੰਤ ਗਣੇਸ਼ਾ ਸਿੰਘ ਅਤੇ ਮਹੰਤ ਟਹਿਲ ਸਿੰਘ ਤੋਂ ਬਾਅਦ ਗੁਰਮਤਿ ਸਾਹਿਤ ਰਚਨਾ ਵਿੱਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਜੀ ਨੇ ਤਕਰੀਬਨ 21 ਪੁਸਤਕਾਂ ਦੀ ਰਚਨਾ ਕੀਤੀ ਜਿਨ੍ਹਾਂ ਵਿੱਚ ਸੋ ਕਿਨੇਹਿਆ, ਸ਼ਬਦ ਗੁਰ ਪੀਰਾ, ਗੁਰੂ ਗ੍ਰੰਥ ਸਾਹਿਬ ਦਰਸ਼ਨ, ਗੁਰਮਤਿ ਦੇ ਪਾਂਧੀ, ਗੁਰ ਸਾਗਰ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ਆਦਿ ਸ਼ਾਮਲ ਹਨ। ਮਹੱਤਵਪੂਰਨ ਪੱਖ ਇਹ ਹੈ ਕਿ ਇਹ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਵੀ ਪ੍ਰਕਾਸ਼ਿਤ ਹਨ ਅਤੇ ਇਨ੍ਹਾਂ ਨੂੰ ਕੈਸਟ ਰੂਪ ਵਿੱਚ ਵੀ ਸੰਭਾਲਿਆ ਹੈ ਤੇ ਪੇਸ਼ ਕੀਤਾ ਹੈ। ਇਸ ਤੋਂ ਵੀ ਵੱਡਾ ਪੱਖ ਇਨ੍ਹਾਂ ਨੂੰ ਭੇਟਾ ਰਹਿਤ ਵੰਡਿਆ ਜਾ ਰਿਹਾ ਹੈ। ਗੁਰਬਾਣੀ ਦੇ ਸ਼ੁੱਧ ਉਚਾਰਨ ਲਈ ਸੰਤ ਬਾਬਾ ਹਰਨਾਮ ਸਿੰਘ ਜੀ ਗੁਰਮਤਿ ਸੰਗੀਤ ਵਿਦਿਆਲਾ ਦੀ ਸਥਾਪਨਾ ਕੀਤੀ ਹੋਈ ਹੈ। ਸਮੇਂ ਦੀ ਲੋੜ ਅਤੇ ਸਹੂਲਤ ਨੂੰ ਮੁੱਖ ਰੱਖਦਿਆਂ, ਗੁਰਦੁਆਰੇ ਵਿੱਚ ਸਿੱਖ ਅਜਾਇਬ ਘਰ, ਆਡੀਟੋਰੀਅਮ, ਸਮਾਜਿਕ ਚੇਤਨਾ ਲਈ ਚਲਦੇ ਫਿਰਦੇ ਆਡੀਟੋਰੀਅਮ ਦਾ ਪ੍ਰਬੰਧ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਦੀ ਸੇਵਾ ਸੰਭਾਲ ਅਤੇ ਨਵੇਂ ਸਰੂਪਾਂ ਨੂੰ ਮੰਗ ਅਨੁਸਾਰ ਸੰਬੰਧਿਤ ਅਸਥਾਨ ਤੱਕ ਪਹੁੰਚਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਹੈ। ਬੇਸਹਾਰਾ ਬਜ਼ੁਰਗਾਂ ਦੀ ਪੱਕੀ ਰਿਹਾਇਸ਼ ਦੇ ਪ੍ਰਬੰਧ ਦੇ ਨਾਲ ਨਾਲ ਇੱਥੇ 'ਸੰਤ ਬਾਬਾ ਹਰਨਾਮ ਸਿੰਘ ਜੀ ਚੈਰੀਟੇਬਲ ਡਿਸਪੈਂਸਰੀ' ਅਤੇ 'ਸੰਤ ਬਾਬਾ ਹਰਨਾਮ ਸਿੰਘ ਜੀ ਚੈਰੀਟੇਬਲ ਆਈ ਹਸਪਤਾਲ' ਦੀ ਸਥਾਪਨਾ ਵੀ ਕੀਤੀ ਹੋਈ ਹੈ। ਸਕੂਲਾਂ ਕਾਲਜਾਂ ਦੀ ਸਹਾਇਤਾ, ਯੋਗ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਸੜਕਾਂ ਤੇ ਪੁਲਾਂ ਦਾ ਨਿਰਮਾਣ, ਸਟਰੀਟ ਲਾਈਟਾਂ, ਖੇਡ ਕਲੱਬਾਂ ਦੀ ਸਹਾਇਤਾ ਅਤੇ

ਕੁਦਰਤੀ ਆਫਤਾਂ ਦੌਰਾਨ ਹਰ ਪ੍ਰਕਾਰ ਦੀ ਸਹਾਇਤਾ ਲਈ ਤਤਪਰ ਰਹਿਣਾ ਇਸ ਅਸਥਾਨ ਦਾ ਮੁੱਖ ਉਦੇਸ਼ ਹੈ।

ਦੁਆਬਾ ਨਿਰਮਲ ਮੰਡਲ ਦੇ ਸੰਸਥਾਪਕ ਸੰਤ ਬਾਬਾ ਮੇਲਾ ਸਿੰਘ ਜੀ ਦੇ ਅਸਥਾਨ ਨਿਰਮਲ ਆਸ਼ਰਮ ਬੰਗਾ ਦਾ ਵਰਨਨ ਅਤਿ ਜ਼ਰੂਰੀ ਹੈ। ਇਸ ਆਸ਼ਰਮ ਦੇ ਸੰਸਥਾਪਕ ਸੰਤ ਰਣ ਸਿੰਘ ਜੀ ਹੋਏ। ਉਨ੍ਹਾਂ ਦੇ ਉਤਰਾਧਿਕਾਰੀ ਸੰਤ ਮੇਲਾ ਸਿੰਘ ਜੀ ਦੂਰਦਰਸ਼ੀ ਅਨੁਭਵੀ ਅਵਸਥਾ ਵਿੱਚ ਵਿਚਰਨ ਵਾਲੇ ਸਨ। ਆਪ ਜੀ ਦੇ ਉਦਮ ਅਤੇ ਯਤਨ ਸਦਕਾ ਦੁਆਬਾ ਨਿਰਮਲ ਹੋਂਦ ਵਿੱਚ ਆਇਆ ਅਤੇ ਆਪ ਜੀ ਨੂੰ ਇਸ ਸੰਸਥਾ ਦਾ ਪ੍ਰਧਾਨ ਥਾਪਿਆ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਣਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਚਰਨਕੰਵਲ (ਬੰਗਾ) ਦੀ ਉਸਾਰੀ ਵਰਗੇ ਮਹਾਨ ਕਾਰਜ ਦੇ ਨਾਲ ਨਾਲ ਆਪ ਜੀ ਵੱਲੋਂ ਆਪਣੇ ਜੀਵਨ ਕਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 39 ਕਥਾ ਕੀਤੀਆਂ। 40ਵੀਆਂ ਕਥਾ ਸਿਰਫ਼ 'ਛਿਅ ਘਰ ਛਿਅ ਗੁਰ ਛਿਅ ਉਪਦੇਸ਼' ਤੱਕ ਹੀ ਪਹੁੰਚੀ ਸੀ ਕਿ ਆਪ ਜੀ ਅਕਾਲ ਚਲਾਣਾ ਕਰ ਗਏ। ਆਪ ਜੀ ਦੇ ਉਤਰਾਧਿਕਾਰੀ ਸੰਤ ਮਲਕੀਤ ਸਿੰਘ ਜੀ ਨੇ ਇਸ 40ਵੀਂ ਕਥਾ ਨੂੰ ਸੰਪੂਰਨ ਕੀਤਾ। ਆਪ ਜੀ ਨੂੰ ਸੰਤ ਮਾਨ ਸਿੰਘ ਜੀ (ਨੰਗਲ ਖੁਰਦ) ਤੋਂ ਬਾਅਦ ਦੁਆਬਾ ਨਿਰਮਲ ਮੰਡਲ ਦਾ ਪ੍ਰਧਾਨ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਜੀ ਦੇ ਉਤਰਾਧਿਕਾਰੀ ਸੰਤ ਭਾਗ ਸਿੰਘ ਜੀ ਦੁਆਬਾ ਨਿਰਮਲ ਮੰਡਲ ਦੇ ਮੌਜੂਦਾ ਪ੍ਰਧਾਨ ਹਨ। ਨਿਰਮਲ ਭੇਖ ਵਿੱਚ ਇੱਕ ਸੁਲਝੇ, ਅਨੁਭਵੀ ਕਥਾ ਵਾਚਕ ਅਤੇ ਸੁਯੋਗ ਪ੍ਰਬੰਧਕ ਵਜੋਂ ਸਥਾਪਿਤ ਸੰਤ ਭਾਗ ਸਿੰਘ ਜੀ ਸਮਾਜ ਸੁਧਾਰ ਲਈ ਸਦਾ ਹੀ ਤਤਪਰ ਰਹਿੰਦੇ ਹਨ। ਹਰ ਸਾਲ ਦੋ ਵਾਰੀ ਆਸ਼ਰਮ ਵਿਖੇ ਫ੍ਰੀ ਅੱਖਾਂ ਦਾ ਮੁਫਤ ਚੈਕਅੱਪ ਅਤੇ ਓਪਰੇਸ਼ਨ ਦਾ ਕੈਂਪ ਆਪ ਦੀ ਵੱਡਮੁੱਲੀ ਦੇਣ ਹੈ। ਆਪਣੇ ਮਿੱਠਬੋਲੜੇ, ਸੰਜਮੀ ਅਤੇ ਸਹਿਜ ਸੁਭਾਅ ਕਾਰਨ ਜਿੱਥੇ ਆਪ ਨਿਰਮਲ ਮੰਡਲ ਦੇ ਸਮੁੱਚੇ ਨਿਰਮਲੇ ਮਹਾਂਪੁਰਸ਼ਾਂ ਨੂੰ ਸਦਾ ਹੀ ਇੱਕ ਲੜੀ ਵਿੱਚ ਪ੍ਰੋਈ ਰੱਖਣ ਲਈ ਯਤਨਸ਼ੀਲ ਰਹਿੰਦੇ ਹਨ, ਉੱਥੇ ਹੋਰ ਸਿੱਖ ਸੰਪ੍ਰਦਾਵਾਂ ਅਤੇ ਸੰਸਥਾਵਾਂ ਨਾਲ ਨਿੱਜੀ ਰੂਪ ਵਿੱਚ ਅਤੇ ਦੁਆਬਾ ਨਿਰਮਲ ਮੰਡਲ ਦੇ ਬਾਕੀ ਆਹੁਦੇਦਾਰਾਂ ਦੇ ਭਰਪੂਰ ਸਹਿਯੋਗ ਕਾਰਨ ਦੁਆਬੇ ਦੇ ਧਾਰਮਿਕ ਖੇਤਰ ਵਿੱਚ ਸਦਾ ਸੁਖਾਵੇਂ ਮਾਹੌਲ ਲਈ ਤਤਪਰ ਰਹਿਣਾ ਆਪ ਜੀ ਦੀ ਨਿਵੇਕਲੀ ਸੂਝ ਅਤੇ ਪਛਾਣ ਦਾ ਪ੍ਰਗਟਾਵਾ ਹੈ।

ਦੋ ਪੁਸਤਕਾਂ 'ਨਿਰਮਲ ਦਰਪਣ' ਅਤੇ 'ਸਿੱਖ ਸੰਪ੍ਰਦਾਵਲੀ' ਵਿਚਲੇ ਉਦੇਸ਼ਾਂ ਅਤੇ ਦਿਸ਼ਾ ਨਿਰਦੇਸ਼ਾਂ 'ਤੇ ਆਧਾਰਿਤ ਉਪਰੋਕਤ ਸੰਖਿਪਤ ਵਿਚਾਰ ਚਰਚਾ ਦੁਆਬਾ ਨਿਰਮਲ ਮੰਡਲ ਦੇ ਯੋਗਦਾਨ ਦੀ ਪ੍ਰਮਾਣਿਕਤਾ ਅਤੇ ਪ੍ਰਸੰਗਿਕਤਾ ਨੂੰ ਸਥਾਪਿਤ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਸ੍ਰੀ ਨਿਰਮਲ ਪੰਥ ਬੋਧ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ, ਹਰਿਦੁਆਰ (ਉਤਰ ਪ੍ਰਦੇਸ਼), 1998, ਪੰਨਾ 30
2. ਓਹੀ, ਪੰਨਾ 'ੲ'
3. ਮਹੰਤ ਤੇਜਾ ਸਿੰਘ, ਐਮ.ਏ. ਨਿਰਮਲ ਦਰਪਣ, ਡੇਰਾ ਗੁਰੂ ਸਰ ਖੁਡਾ, ਹੁਸ਼ਿਆਰਪੁਰ, 2002, ਪੰਨਾ-70
4. ਓਹੀ, ਪੰਨਾ, 27
5. ਪ੍ਰੋ. ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000, ਪੰਨਾ-72
6. ਗਿਆਨੀ ਬਲਵੰਤ ਸਿੰਘ ਕੋਠਾ-ਗੁਰੂ, ਸ੍ਰੀ ਨਿਰਮਲ ਪੰਥ ਬੋਧ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ, ਹਰਿਦੁਆਰ (ਉਤਰ ਪ੍ਰਦੇਸ਼), 1998, ਪੰਨਾ 129

## ਮਹੰਤ ਗਣੇਸ਼ਾ ਸਿੰਘ: ਜੀਵਨ ਤੇ ਸਾਹਿਤ ਰਚਨਾ

*ਦੇਵਿੰਦਰ ਸਿੰਘ ਗਿਲ

*ਨਿਰਮਲ ਭੇਖ ਅਪਾਰ ਤਾਸੁ ਬਿਨ ਅਵਰੁ ਨਾ ਕੋਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1409)

ਨਿਰਮਲ ਭੇਖ ਅਪਾਰ ਹੈ, ਇਸਦੀ ਹੋਂਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਗਟ ਹੋ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਅਨੇਕ ਜਗ੍ਹਾ 'ਨਿਰਮਲਾ' ਸ਼ਬਦ ਨੂੰ ਗੁਰੂ ਸਾਹਿਬਾਨ ਨੇ ਵਖ-ਵਖ ਅਰਥਾਂ ਵਿਚ ਵਰਤਿਆ ਹੈ।[1] ਉਸ ਨਿਰਮਲ ਭੇਖ ਵਿਚੋਂ ਹੀ ਸਮੇਂ ਸਮੇਂ ਹੋਰ ਅਨੇਕ ਸੰਪ੍ਰਦਾਵਾਂ ਪੈਦਾ ਹੋਈਆਂ ਸਨ। ਭਾਈ ਗੁਰਦਾਸ ਜੀ ਨੇ ਉਸ ਨਿਰਮਲ ਭੇਖ ਨੂੰ "ਨਿਰਮਲ ਪੰਥ" ਨਾਂ ਨਾਲ ਯਾਦ ਕੀਤਾ ਹੈ।[2] ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮੁਚੇ ਸਿੱਖ ਜਗਤ ਨੂੰ ਨਿਰਮਲ ਭੇਖ ਤੇ ਨਿਰਮਲ ਪੰਥ ਆਖਿਆ ਜਾਂਦਾ ਸੀ, ਵਿਚੋਂ ਅਨੇਕ ਪ੍ਰਸਿੱਧ ਨਿਰਮਲੇ ਮਹਾਂਪੁਰਸ਼ ਹੋਏ ਜਿਨ੍ਹਾਂ ਵਿਚੋਂ ਮਲਸੀਹਾਂ ਨਗਰ ਦਾ ਰਹਿਣ ਵਾਲਾ ਭਾਈ ਭਗੀਰਥ ਪ੍ਰਸਿੱਧ ਨਿਰਮਲਾ ਸੰਤ ਹੋਇਆ ਜਿਸ ਤੋਂ ਉਸਦੀ ਸੰਪ੍ਰਦਾਇ ਚਲੀ ਸੀ।[3] ਭਾਈ ਗੁਰਦਾਸ ਜੀ ਨੇ ਕਾਲੀ ਦੇ ਭਗਤ ਭਗੀਰਥ ਬਾਰੇ ਇਸ ਪ੍ਰਕਾਰ ਲਿਖਿਆ ਹੈ:-

*"ਮੈਲਸੀਹਾਂ ਵਿਚਿ ਆਖੀਐ, ਭਗੀਰਥੁ ਕਾਲੀ ਗੁਣ ਗਾਵੈ"*

ਮਹੰਤ ਹਰੀ ਸਿੰਘ ਵੈਦ ਰਾਜ[4] ਅਨੁਸਾਰ ਗੁਰੂ ਜੀ ਨਾਲ ਭਗੀਰਥ ਦਾ ਮੇਲ ਸੰਮਤ ਬਿਕਰਮੀ 1553 (1496 ਈਸਵੀ) ਨੂੰ ਹੋਇਆ ਸੀ। ਇਹ ਉਹ ਸਮਾਂ ਸੀ ਜਦੋਂ ਗੁਰੂ ਜੀ ਨੇ ਵੇਂਈ ਨਦੀ ਵਿਚ ਟੁਭੀ ਮਾਰਨ ਤੋਂ ਬਾਅਦ ਸਮੁੱਚੀ ਲੋਕਾਈ ਨੂੰ "ਨਾ ਕਉ ਹਿੰਦੂ ਨਾ ਮੁਸਲਮਾਨ" ਦਾ ਉਪਦੇਸ਼ ਦਿੱਤਾ ਸੀ। ਇਸ ਤੋਂ ਬਿਨਾਂ ਹੋਰ ਵੀ ਅਨੇਕ ਨਿਰਮਲੇ ਮਹਾਂਪੁਰਸ਼ ਨੌਂ ਗੁਰੂ ਸਾਹਿਬਾਨ ਸਮੇਂ ਪੈਦਾ ਹੋਏ ਜਿਨ੍ਹਾਂ ਨੇ ਸਤਿਗੁਰਾਂ ਦੀ ਚਰਨ ਸ਼ਰਨ ਆ ਕੇ ਆਪਣਾ ਜੀਵਨ ਸਫ਼ਲਾ ਕੀਤਾ। ਉਸ ਭੇਖ ਵਿਚੋਂ ਨਿਯਮਿਤ ਰੂਪ ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਉਂਟਾ ਸਾਹਿਬ ਨਿਵਾਸ ਸਮੇਂ 1686 ਈਸਵੀ ਨੂੰ ਪੰਜ ਸਿੱਖ- ਕਰਮ ਸਿੰਘ, ਗੰਡਾ ਸਿੰਘ, ਰਾਮ ਸਿੰਘ, ਸੈਣਾ ਸਿੰਘ ਤੇ ਬੀਰ ਸਿੰਘ ਨੂੰ ਬਨਾਰਸ ਵਿਚ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਲਈ ਭੇਜਿਆ ਸੀ ਜੋ ਭਗਵੇਂ ਬਸਤਰ ਧਾਰਨ ਕਰਕੇ ਬਨਾਰਸ ਗਏ ਸਨ ਅਤੇ ਵੇਦਾਂਤ ਤੇ ਹੋਰ ਗ੍ਰੰਥਾਂ ਦਾ ਡੂੰਘਾ ਅਧਿਐਨ ਕਰਕੇ ਅਨੰਦਪੁਰ ਵਾਪਸ ਆਏ ਸਨ ਜੋ ਬਾਅਦ ਵਿਚ ਨਿਰਮਲੇ ਸੰਤ ਕਹਾਏ ਸਨ।[5] ਨਿਰਮਲ ਭੇਖ ਦੀ ਉਤਪਤੀ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਵਲੋਂ ਪੰਜ ਸਿੱਖਾਂ ਨੂੰ ਵੇਦਾਂਤ ਦੀ ਸਿਖਿਆ ਗ੍ਰਹਿਣ ਕਰਨ ਲਈ ਬਨਾਰਸ ਜਾਣ ਦੀ ਘਟਨਾ ਨੂੰ ਸਾਰੇ ਵਿਦਵਾਨ ਹੀ ਮੰਨਦੇ ਹਨ। ਪ੍ਰਸਿੱਧ ਨਿਰਮਲਾ ਵਿਦਵਾਨ ਗਿਆਨੀ ਗਿਆਨ ਸਿੰਘ ਉਹਨਾਂ ਦੋਵਾਂ ਮੱਤਾਂ ਨਾਲ ਸਹਿਮਤ ਹੈ।[6]

• ਜੀਆ ਨੱਥਾ

ਗੁਰੂ ਜੀ ਦੇ ਹੁਕਮ ਨਾਲ ਨਿਰਮਲੇ ਸੰਤਾਂ ਨੇ ਸਾਹਿਤ ਰਚਨਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਨ ਸਾਧਾਰਨ ਨੂੰ ਹਿੰਦੂ ਗ੍ਰੰਥਾਂ ਦਾ ਅਧਿਐਨ ਕਰਵਾਉਣਾ ਸ਼ੁਰੂ ਕਰ ਦਿੱਤਾ। ਨਿਰਮਲ ਭੇਖ ਵਿਚੋਂ ਅਨੇਕ ਵਿਦਵਾਨ ਨਿਰਮਲੇ ਸੰਤ ਸਮੇਂ ਸਮੇਂ ਪੈਦਾ ਹੋਏ ਜਿਨ੍ਹਾਂ ਨੇ ਸਟੀਕ ਰਚਨਾ ਅਤੇ ਮੌਲਿਕ ਰਚਨਾ ਗਦ ਅਤੇ ਪਦ ਵਿਚ ਰਚ ਕੇ ਸਿੱਖ ਜਗਤ ਨੂੰ ਮਾਲੋ ਮਾਲ ਕਰ ਦਿੱਤਾ। ਇਤਿਹਾਸ ਗਵਾਹ ਹੈ ਕਿ ਜਦੋਂ 1708 ਈਸਵੀ ਤੋਂ ਬਾਅਦ ਸਿੱਖ ਜਗਤ 'ਤੇ ਜ਼ੁਲਮ ਦੀ ਹਨ੍ਹੇਰੀ ਝੁਲੀ, ਕਦੇ ਨਾਦਰ ਸ਼ਾਹ ਤੇ ਕਦੇ ਅਹਿਮਦ ਸ਼ਾਹ ਧਾੜਵੀ ਬਣ ਕੇ ਪੰਜਾਬ ਦੀ ਧਰਤੀ ਘੋੜੇ ਦੇ ਸੁੰਮਾਂ ਹੇਠ ਰੋਲਦਾ ਸੀ, ਉਸ ਸਮੇਂ ਨਿਰਮਲੇ ਸੰਤ ਜੋ ਭਗਵੇਂ ਪਹਿਰਾਵੇ ਵਿਚ ਹੁੰਦੇ ਸੀ, ਗੁਰ ਸਥਾਨਾਂ ਦੀ ਸਾਂਭ ਸੰਭਾਲ ਕਰਦੇ ਰਹੇ, ਗੁਰਦੁਆਰਿਆਂ ਦੀ ਨਿਸ਼ਾਨ ਦੇਹੀ ਨੂੰ ਕਾਇਮ ਰੱਖਦੇ ਰਹੇ। ਇਥੇ ਹੀ ਬਸ ਨਹੀਂ, ਉਹ ਲੋੜਵੰਦਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਥ ਲਿਖਤ ਬੀੜਾਂ ਹੱਥੀਂ ਤਿਆਰ ਕਰਕੇ ਮੋਖ ਰਹਿਤ ਦੇਂਦੇ ਰਹੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਉਤਾਰਿਆਂ ਤੋਂ ਬਿਨਾਂ ਉਹਨਾਂ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਵਿਚ ਅਨੇਕ ਸਿੱਖ ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਰਚਨਾ ਕਰਕੇ ਹਿੰਦੂ ਸਿੱਖ ਏਕਤਾ ਲਈ ਬਹੁਤ ਕੰਮ ਕੀਤਾ। ਉਹਨਾਂ ਮਹਾਨ ਵਿਦਵਾਨਾਂ ਵਿਚੋਂ ਇਕ ਉਘਾ ਨਾਂ ਮਹੰਤ ਗਣੇਸ਼ਾ ਸਿੰਘ ਜੀ ਦਾ ਹੈ ਜੋ ਇਕ ਸੁਜਾਨ ਵੈਦ, ਸੁਘੜ ਕਵੀ, ਅਛੇ ਬੁਲਾਰੇ ਅਤੇ ਵਿਦਵਾਨ ਵਾਰਤਕ ਲਿਖਾਰੀ ਸਨ ਜੋ ਮੇਰੇ ਇਸ ਪੇਪਰ ਦੇ ਮੁਖ ਵਿਸ਼ਾ ਹਨ। ਉਹਨਾਂ ਦਾ ਸਾਹਿਤਕਾਰਾਂ ਵਿਚ ਆਦਰਯੋਗ ਸਥਾਨ ਹੈ ਜਿਨ੍ਹਾਂ ਨੇ ਸਾਹਿਤ ਦੇ ਹਰ ਪੱਖ ਨੂੰ ਆਪਣੀ ਕਲਮ ਰਾਹੀਂ ਛੋਹਿਆ ਤੇ ਉਜਾਗਰ ਕੀਤਾ ਹੈ।

**ਪਰਵਾਰਿਕ ਪਿਛੋਕੜ:-**

ਉਹ ਪਰਵਾਰਿਕ ਪੱਖੋਂ ਸੈਣੀ ਬਰਾਦਰੀ ਨਾਲ ਸੰਬੰਧਿਤ ਸਨ, ਮਹੰਤ ਗਣੇਸ਼ਾ ਸਿੰਘ ਜੀ ਨੇ ਪਰਵਾਰਿਕ ਪਿਛੋਕੜ ਬਾਰੇ 'ਮੇਘ ਬਿਨੋਦ ਸਟੀਕ'[7] ਦੀ ਭੂਮਿਕਾ ਵਿਚ ਇਕ ਕਬਿਤ ਰਚਕੇ ਇਸ ਪ੍ਰਕਾਰ ਜਾਣਕਾਰੀ ਦਿੱਤੀ ਹੈ:-

ਕਬਿਤ: *ਹਮਾਰੇ ਪਿਤਾਮਹਿ ਭਾਨੁਵੰਸੀ ਮੁਲਤਾਨ ਰਹੇ,*
*ਦੇਸ ਚਾਲ ਭਈ ਯਾਤੇ ਭੋਂਦੀ ਗ੍ਰਾਮ ਆਏ ਹੈਂ॥*
*ਤਾਂ ਤੇ ਫਿਰ ਰੱਲਣ ਸੁ ਗ੍ਰਾਮ ਮੈ ਥਿਰਾਏ ਸਭ*
*ਅਜ ਹੂੰ ਲੌ ਕੁਸਲਾਤ ਵੰਸਜ ਸੁਹਾਏ ਹੈਂ॥*
*ਧੰਨਾ ਸਿੰਘ ਜੀ ਕੇ ਸੁਤ ਭਏ ਗੁਰਦਯਾਲ ਹਰਿ,*
*ਤਾਂ ਕੇ ਆਸਾ ਸਿੰਘ ਨੇ ਅਰੂਜ ਵਡ ਪਾਏ ਹੈਂ॥*
*ਹੀਰਾ ਸਿੰਘ ਤਾਂ ਕੇ ਸੁਤ ਵਹੀ ਹੈ ਹਮਾਰੇ ਪਿਤ,*
*ਛੋਰ ਮੈ ਘਰਾਨੋ ਬਾਨੋ ਪਾਯੋ ਨਿਰਮਲਾਏ ਹੈਂ।*

ਉਪਰੋਕਤ ਕਬਿਤ ਅਨੁਸਾਰ ਉਹਨਾਂ ਦਾ ਸੂਰਜ ਬੰਸੀ ਖ਼ਾਨਦਾਨ ਮੁਲਤਾਨ ਵਿਚ ਰਹਿੰਦਾ ਸੀ ਜਿਥੋਂ ਸਮੇਂ ਦੀ ਚਾਲ ਕਾਰਨ ਉਹਨਾਂ ਦੇ ਖ਼ਾਨਦਾਨ ਦੇ ਬਜ਼ੁਰਗ ਮੁਲਤਾਨ ਤੋਂ ਉਠ ਕੇ ਜ਼ਿਲਾ ਜਲੰਧਰ ਵਿਚ ਭੋਂਦੀ ਗਰਾਮ ਆ ਟਿਕੇ ਅਤੇ ਫਿਰ ਉਥੋਂ ਉਠ ਕੇ ਪਿੰਡ ਰਲਹਣ ਜ਼ਿਲਾ ਹੁਸ਼ਿਆਰਪੁਰ ਆ ਗਏ। ਉਹਨਾਂ ਦੇ ਖ਼ਾਨਦਾਨ ਵਿਚੋਂ ਪਹਿਲਾ ਨਾਂ ਭਾਈ ਧੰਨਾ ਸਿੰਘ ਬਾਰੇ ਪਤਾ ਲਗਦਾ ਹੈ ਜਿਸਦਾ ਪੁੱਤਰ ਗੁਰਦਿਆਲ ਸਿੰਘ ਹੋਇਆ ਫਿਰ ਅੱਗੋਂ ਗੁਰਦਿਆਲ ਸਿੰਘ ਦਾ ਪੁੱਤਰ ਆਸਾ ਸਿੰਘ ਹੋਇਆ ਜੋ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਸੀ। ਆਸਾ ਸਿੰਘ ਨੇ ਮਹਾਰਾਜਾ ਦੇ ਦਰਬਾਰ ਵਿਚ ਨੌਕਰੀ ਕਰਕੇ ਬਹੁਤ ਨਾਮਣਾ ਖੱਟਿਆ। ਉਹਨਾਂ ਨੇ ਕੋਈ ਐਸਾ ਕੀਰਤੀ ਵਾਲਾ ਕਾਰਜ ਕੀਤਾ, ਜਿਸ ਤੋਂ ਖੁਸ਼ ਹੋ ਕੇ ਮਹਾਰਾਜਾ ਨੇ ਜ਼ਿਲਾ ਜਲੰਧਰ ਵਿਚ ਪਿੰਡ ਭੋਂਦੀ ਇਨਾਮ ਵਜੋਂ ਆਸਾ ਸਿੰਘ ਨੂੰ ਬਖਸ਼ਿਸ਼ ਕੀਤਾ ਸੀ। ਆਸਾ ਸਿੰਘ ਦੇ ਘਰ ਦੋ ਪੁੱਤਰ ਹੀਰਾ ਸਿੰਘ ਤੇ ਵਜ਼ੀਰ ਸਿੰਘ ਹੋਏ। ਹੀਰਾ ਸਿੰਘ ਦੇ ਘਰ ਪੁੱਤਰ ਸ੍ਰੀ ਮਾਨ ਮਹੰਤ ਗਣੇਸ਼ਾ ਸਿੰਘ ਦਾ ਜਨਮ ਹੋਇਆ ਅਤੇ

ਉਹਨਾਂ ਦੀ ਇਕ ਭੈਣ ਗਣੇਸ਼ੀ ਨੇ ਜਨਮ ਲਿਆ। ਇਸ ਤਰ੍ਹਾਂ ਹੀ ਵਜ਼ੀਰ ਸਿੰਘ ਦੇ ਵੀ ਅਗੋਂ ਦੋ ਪੁੱਤਰ ਹੋਏ ਜਿਨ੍ਹਾਂ ਦੀ ਉਲਾਦ ਪਿੰਡ ਰਲਹਣ ਵਿਚ ਵਸ ਰਹੀ ਹੈ।

ਮਹੰਤ ਗਣੇਸ਼ਾ ਸਿੰਘ ਜੀ ਦਾ ਜਨਮ ਪਿੰਡ ਰਲਹਣ ਜ਼ਿਲਾ ਹੁਸ਼ਿਆਰਪੁਰ ਵਿਚ ਸ੍ਰ. ਹੀਰਾ ਸਿੰਘ ਦੇ ਘਰ ਵੈਸਾਖ ਸੰਕਰਾਂਤ ਸੰਮਤ 1917 ਬਿਕਰਮੀ (1860 ਈਸਵੀ) ਨੂੰ ਹੋਇਆ।[8] ਉਹ ਬਚਪਨ ਤੋਂ ਹੀ ਸਾਧੂ ਬਿਰਤੀ ਦੇ ਮਾਲਕ ਸਨ ਅਤੇ ਸੰਸਾਰਿਕ ਝਮੇਲਿਆਂ ਤੋਂ ਉਪਰਾਮ ਰਹਿੰਦੇ। ਬਚਪਨ ਵਿਚ ਹੀ ਉਹ ਇਉਂ ਅੱਖਾਂ ਬੰਦ ਕਰਕੇ ਬੈਠੇ ਰਹਿੰਦੇ ਜਿਵੇਂ ਕਿ ਨਾਮ ਸਿਮਰਨ ਕਰਦੇ ਹੋਣ। ਉਹਨਾਂ ਦੇ ਪਰਵਾਰ ਦੀ ਪਿੰਡ ਤੇ ਇਲਾਕੇ ਵਿਚ ਖ਼ਾਸ ਮਾਨਤਾ ਸੀ ਅਤੇ ਆਰਥਿਕ ਪੱਖੋਂ ਉਹਨਾਂ ਦਾ ਪਰਵਾਰ ਅਮੀਰ ਸੀ, ਪ੍ਰੰਤੂ ਬਾਲਕ ਗਣੇਸ਼ਾ ਸਿੰਘ ਜੀ ਨੂੰ ਉਹ ਸੰਸਾਰਿਕ ਠਾਠ ਬਾਠ ਚੰਗਾ ਨਹੀਂ ਸੀ ਲੱਗਦਾ। ਉਹਨਾਂ ਦੀ ਸਾਧੂ ਬਿਰਤੀ ਦੇਖ ਕੇ ਮਾਤਾ ਪਿਤਾ ਨੇ ਸੱਤ ਸਾਲ ਦੀ ਉਮਰ ਵਿਚ ਉਹਨਾਂ ਨੂੰ ਡੇਰਾ ਗੁਰੂ ਸਰ ਖੁੱਡਾ ਵਿਖੇ ਮਹੰਤ ਹੀਰਾ ਸਿੰਘ ਜੀ ਦੀ ਚਰਨ ਸ਼ਰਨ ਵਿਚ ਭੇਜ ਦਿੱਤਾ।

**ਡੇਰਾ ਗੁਰੂ ਖੁੱਡਾ ਦੇ ਕਟਈ ਸੰਪ੍ਰਦਾਇ ਨਾਲ ਸੰਬੰਧ:-**

ਕਟਈ ਸੰਪ੍ਰਦਾਇ, ਨਿਰਮਲ ਭੇਖ ਦੀ ਮਾਨਨੀਯ ਸੰਪ੍ਰਦਾਇ ਹੈ ਜੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਜਾਂ ਪਿਆਰਿਆਂ ਵਿਚੋਂ ਭਾਈ ਧਰਮ ਸਿੰਘ ਜੀ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ।[9] ਭਾਈ ਧਰਮ ਸਿੰਘ ਜੀ ਤੋਂ ਸੰਤ ਨੱਥਾ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਜੋ ਦਸਮ ਗੁਰੂ ਜੀ ਦੇ ਹਜ਼ੂਰੀ ਸਿੱਖ ਸੇਵਕਾਂ ਵਿਚੋਂ ਸਨ। ਉਹਨਾਂ ਦੇ ਦੋ ਸ਼ਿਸ਼ ਸੰਤ ਸੰਪੂਰਨ ਸਿੰਘ ਅਤੇ ਸੰਤ ਚੰਪਾ ਸਿੰਘ ਹੋਏ। ਇਸ ਪ੍ਰਕਾਰ ਇਹ ਸੰਪ੍ਰਦਾਇ ਅਗੇ ਚਲਦੀ ਰਹੀ।

ਉਸੇ ਸੰਪ੍ਰਦਾਇ ਵਿਚੋਂ ਠਾਕੁਰ ਮੋਹਰ ਸਿੰਘ ਜੀ ਹੋਏ ਹਨ ਜਿਹਨਾਂ ਨੇ ਜ਼ਿਲਾ ਹੁਸ਼ਿਆਰਪੁਰ ਵਿਚ ਵਰਤਮਾਨ ਕਸਬਾ ਟਾਂਡਾ ਉੜਮੁੜ ਵਿਖੇ ਡੇਰਾ ਮਸਤਗੜ੍ਹ ਆਬਾਦ ਕੀਤਾ ਸੀ। ਉਹਨਾਂ ਨੇ ਸੰਤ ਬਸੰਤ ਸਿੰਘ ਤੋਂ ਗੁਰਮੰਤਰ ਹਾਸਲ ਕੀਤਾ ਅਤੇ ਫਿਰ ਨਾਮ ਸਿਮਰਨ ਕਰਨ ਲਗੇ। ਉਹਨਾਂ ਦੀ ਮਹਿਮਾ ਸੁਣ ਕੇ ਅਨੇਕ ਜਗਿਆਸੂ ਉਹਨਾਂ ਕੋਲ ਆਉਣ ਲਗੇ ਤੇ ਉਹਨਾਂ ਦੇ ਸੇਵਕ ਹੋ ਗਏ। ਉਹਨਾਂ ਦੇ ਪ੍ਰਸਿੱਧ ਸੇਵਕ ਸੰਤ ਚਰਨ ਸਿੰਘ ਜੀ, ਸੰਤ ਬੂਟਾ ਸਿੰਘ ਜੀ ਖੁੱਡਾ, ਸੰਤ ਦਰਬਾਰਾ ਸਿੰਘ ਡੋਲੀ, ਸੰਤ ਦਇਆ ਸਿੰਘ ਵਿਰਕਤ, ਸੰਤ ਮੰਨਾ ਸਿੰਘ ਗੁਫਾ ਵਾਲੇ ਅਤੇ ਸੰਤ ਉਤਮ ਸਿੰਘ ਤਲਾਵਾਂ ਵਾਲੇ ਆਦਿਕ ਸਨ।

ਠਾਕੁਰ ਮੋਹਰ ਸਿੰਘ ਜੀ ਮਸਤਗੜ੍ਹ ਵਾਲਿਆਂ ਦੇ ਸੇਵਕ ਸੰਤ ਬੂਟਾ ਸਿੰਘ ਜੀ ਦੇਸ਼ ਰਟਨ ਕਰਦੇ ਹੋਏ ਖੁੱਡਾ ਗ੍ਰਾਮ ਦੇ ਪੱਛਮ ਦਿਸ਼ਾ ਵਲ ਆਏ ਜਿਥੇ ਅਜ ਕਲ ਡੇਰਾ ਗੁਰੂ ਸਰ ਖੁੱਡਾ ਆਬਾਦ ਹੈ। ਉਸ ਸਮੇਂ ਇਸ ਸਥਾਨ ਤੇ ਦੋ ਨਿਰਮਲ ਜਲ ਦੀਆਂ ਢਾਬਾਂ ਸਨ ਜਿਹਨਾਂ ਨੂੰ ਸਥਾਨਕ ਲੋਕ ਜੋੜੀਆਂ ਢਾਬਾਂ ਵੀ ਆਖਿਆ ਕਰਦੇ ਸਨ। ਸੰਤਾਂ ਨੇ ਉਸ ਇਕਾਂਤ ਜਗ੍ਹਾ ਦੇਖ ਕੇ ਕੁਟੀਆ ਪਾ ਲਈ ਅਤੇ ਨਾਮ ਸਿਮਰਨ ਕਰਨ ਲਗੇ। ਲੋੜ ਹੁੰਦੀ ਤਾਂ ਉਦਰ ਪੂਰਤੀ ਲਈ ਗ੍ਰਾਮ ਖੁੱਡਾ ਅਤੇ ਰਲਹਣ ਵਿਚੋਂ ਲੋੜ ਅਨੁਸਾਰ ਮਧੂਕਰੀ ਲੈ ਆਉਂਦੇ। ਹੌਲੀ ਹੌਲੀ ਸਾਰੇ ਇਲਾਕੇ ਵਿਚ ਉਹਨਾਂ ਦੀ ਚਰਚਾ ਹੋਣ ਲਗੀ, ਫਿਰ ਦੁਆਲੇ ਦੇ ਇਲਾਕੇ ਦੇ ਲੋਕ ਉਹਨਾਂ ਦੇ ਦਰਸ਼ਨਾਂ ਨੂੰ ਆਉਣ ਲਗੇ ਅਤੇ ਬੜੇ ਉਤਸ਼ਾਹ ਨਾਲ ਉਹਨਾਂ ਦੇ ਪ੍ਰਵਚਨ ਸਰਵਣ ਕਰਦੇ। ਕੁਝ ਸਮੇਂ ਬਾਅਦ ਹੀ ਉਹਨਾਂ ਦੀ ਕੁਟੀਆ, ਡੇਰੇ ਵਿਚ ਤਬਦੀਲ ਹੋ ਗਈ ਅਤੇ ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਖੰਡ ਪਾਠ ਹੋਣ ਲਗੇ। ਸਿਖਿਆਰਥੀਆਂ ਨੂੰ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਵਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਆਪਣੇ ਅੰਤਲੇ ਜੀਵਨ ਵਿਚ ਸੰਤ ਹੀਰਾ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਸੌਂਪੀ ਅਤੇ ਆਪ 60 ਵਰਸ਼ਨ ਦੀ ਆਯੂ ਵਿਚ ਪੋਹ ਸੁਦੀ ਤ੍ਰਯੋਦਸੀ ਸੰਮਤ 1935 (1878 ਈਸਵੀ) ਨੂੰ ਬ੍ਰਹਮਲੀਨ ਹੋ ਗਏ।

ਮਹੰਤ ਹੀਰਾ ਸਿੰਘ ਜੀ ਜਿਹਨਾਂ ਦਾ ਜਨਮ ਸੰਮਤ 1906 (1849 ਈਸਵੀ) ਨੂੰ ਖੁਡਾ ਪਿੰਡ ਵਿਚ ਹੋਇਆ ਸੀ।10 ਉਹਨਾਂ ਨੇ ਮਹੰਤ ਬੂਟਾ ਸਿੰਘ ਜੀ ਦੀ ਤਨੋ ਮਨੋ ਸੇਵਾ ਕਰਕੇ ਡੇਰੇ ਦੇ ਮਹੰਤ

ਦੀ ਪਦਵੀ ਪਾਈ। ਆਪਣੇ ਸਮੇਂ ਵਿਚ ਉਹਨਾਂ ਨੇ ਦੋਵੇਂ ਢਾਬਾਂ ਨੂੰ ਮਿੱਟੀ ਨਾਲ ਪੂਰ ਕੇ ਡੇਰੇ ਦੀ ਇਮਾਰਤ ਤਾਮੀਰ ਕਰਵਾਈ ਤੇ ਡੇਰੇ ਦਾ ਨਾਂ ਡੇਰਾ ਗੁਰੂ ਸਰ ਰਖਿਆ। ਉਹਨਾਂ ਦੇ ਸਮੇਂ ਵਿਚ ਡੇਰੇ ਨੇ ਬਹੁਤ ਉਨਤੀ ਕੀਤੀ, ਰੋਗੀਆਂ ਨੂੰ ਉਥੋਂ ਮੋਖ ਰਹਿਤ ਦਵਾਈ ਮਿਲਦੀ, ਬਾਹਰੋਂ ਆਏ ਵਿਰਕਤ, ਬਿਹੰਗਮ ਸਿਖਾਂ ਸੰਤਾਂ ਨੂੰ ਰੈਣ ਬਸੇਰੇ ਲਈ ਜਗ੍ਹਾ ਮਿਲਦੀ ਅਤੇ ਉਦਰਪੂਰਤੀ ਲਈ ਲੰਗਰ ਦੀ ਵਿਵਸਥਾ ਕਾਇਮ ਕੀਤੀ। ਵਿਦਿਆਰਥੀਆਂ ਨੂੰ ਡੇਰੇ ਵਿਚ ਰੱਖਕੇ ਮੁੱਢਲੀ ਵਿਦਿਆ ਤੋਂ ਲੈ ਕੇ ਕਾਲਜ ਤੱਕ ਉਚ ਵਿਦਿਆ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਦਾ ਸਾਰਾ ਖ਼ਰਚ ਡੇਰੇ ਵਲੋਂ ਕੀਤਾ ਜਾਂਦਾ, ਡੇਰੇ ਦੀ ਇਹ ਪਰੰਪਰਾ ਅੱਜ ਵੀ ਕਾਇਮ ਹੈ। ਉਹਨਾਂ ਦੇ ਅਨੇਕ ਸਿਖਿਆਰਥੀ ਸੇਵਕ ਬਣੇ ਜਿਹਨਾਂ ਵਿਚ ਮਹੰਤ ਹਮੀਰ ਸਿੰਘ ਜੀ ਅਤੇ ਮਹੰਤ ਗਣੇਸ਼ਾ ਸਿੰਘ ਬਹੁਤ ਪ੍ਰਸਿੱਧ ਹੋਏ।

ਮਹੰਤ ਹੀਰਾ ਸਿੰਘ ਜੀ ਨੇ ਬ੍ਰਹਮਲੀਨ ਹੋਣ ਤੋਂ ਪਹਿਲਾਂ ਡੇਰੇ ਦੀ ਮਹੰਤੀ ਸੰਤ ਹਮੀਰ ਸਿੰਘ ਜੀ ਨੂੰ ਸੌਂਪੀ ਅਤੇ ਮਹੰਤ ਗਣੇਸ਼ਾ ਸਿੰਘ ਜੀ ਡੇਰਾ ਅੰਤਰਜਾਮੀਆਂ ਅੰਮ੍ਰਿਤਸਰ ਦੇ ਮਹੰਤ ਨਿਯੁਕਤ ਹੋਏ। ਮਹੰਤ ਹਮੀਰ ਸਿੰਘ ਜੀ ਤੋਂ ਬਾਅਦ ਡੇਰੇ ਦੀ ਮਹੰਤੀ, ਮਹੰਤ ਲਾਲ ਸਿੰਘ ਜੀ ਨੂੰ ਸੌਂਪੀ ਗਈ ਜਿਹਨਾਂ ਨੇ ਇਲਾਕੇ ਵਿਚ ਆਪੂ ਪ੍ਰਯੰਤ ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਜੀ 12 ਦਸੰਬਰ 1988 ਈਸਵੀ ਨੂੰ ਬ੍ਰਹਮਲੀਨ ਹੋ ਗਏ ਪ੍ਰੰਤੂ ਉਹਨਾਂ ਨੇ ਪਹਿਲਾਂ ਹੀ 10 ਅਪ੍ਰੈਲ 1985 ਨੂੰ ਡੇਰੇ ਦੀ ਮਹੰਤੀ ਹੋਣਹਾਰ ਸੇਵਕ ਮਹੰਤ ਤੇਜਾ ਸਿੰਘ ਜੀ ਨੂੰ ਬਖਸ਼ ਦਿੱਤੀ ਸੀ। ਇਸ ਤੋਂ ਪਹਿਲਾਂ ਉਹਨਾਂ ਨੇ 18 ਮਈ 1982 ਨੂੰ ਡੇਰਾ ਗੁਰੂ ਸਰ ਖੁੱਡਾ ਅਤੇ ਉਸਦੇ ਅਧੀਨ ਹੋਰ ਸਾਰੇ ਡੇਰਿਆਂ ਦੀ ਵਸੀਅਤ ਮਹੰਤ ਤੇਜਾ ਸਿੰਘ ਦੇ ਨਾਂ ਕੀਤੀ ਹੋਈ ਸੀ। ਅੱਜ ਇਹ ਡੇਰਾ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਅਤੇ ਨਿਰਮਲ ਭੇਖ ਦੀ ਸੇਵਾ ਕਰ ਰਿਹਾ ਹੈ।

ਮਹੰਤ ਗਣੇਸ਼ਾ ਸਿੰਘ ਜੀ ਗ੍ਰੰਥ "ਬਯਾਧ ਬਿਨਾਸ਼ਕ ਸਟੀਕ" ਦੀ ਭੂਮਿਕਾ ਵਿਚ ਮੰਗਲ ਕਰਦੇ ਹੋਏ ਆਪਣੀ ਗੁਰੂ ਬੰਸਾਵਲੀ ਇਸ ਪ੍ਰਕਾਰ ਲਿਖਦੇ ਹਨ[11]:-

*ਸ੍ਰੀ ਸੁ ਦਸਮੇਸ਼ ਕੇ ਸੰਪੂਰਨ ਮ੍ਰਿਗੇਸ਼ ਭਏ,*
*ਖਿਰਕੈ ਥਾਨੇਸ੍ਵਰ ਬਿਸੇਸ੍ਵਰ ਧਯਾਯੋ ਹੈ॥*
*ਤਾਂਕੇ ਸਿਖ ਮੋਹਰ ਮ੍ਰਿਗੇਸ਼ ਕੱਟਿ ਬੱਧ ਭੇਸ਼,*
*ਖਿਰਕੈ ਬਿਬੇਕਸਰ ਬਾਸਕਿ ਖਿਰਾਯੋ ਹੈ॥*
*ਤਾਕੇ ਭਯ ਬਸੰਤ ਹਰਿ ਮੋਹਰ ਮ੍ਰਿਗਿੰਦ ਤਾਕੇ,*
*ਬੂਟਾ ਹਰੀ ਤਾਕੇ ਜਿਨ ਖੁਡੇ ਬੂਟਾ ਲਾਯੋ ਹੈ॥*
*ਤਾਕੇ ਭਏ ਹੀਰਾ ਸਿੰਘ ਦਾਸ ਤਾਂ ਗਣੇਸ਼ਾ ਸਿੰਘ*
*ਬਯਾਧ ਨਾਸ ਕੀਨੋ ਵਰ ਯਾਹੂੰ ਪਦ ਪਾਯੋ ਹੈ॥*

ਇਕ ਹੋਰ ਜਗ੍ਹਾ ਆਪਣੀ ਸੰਪ੍ਰਦਾਇ ਬਾਰੇ ਮਹੰਤ ਗਣੇਸ਼ਾ ਸਿੰਘ ਜੀ ਪੁਸਤਕ 'ਭਾਰਤ ਮੱਤ ਦਰਪਣ' ਦੇ ਅਰੰਭ ਵਿਚ ਮੰਗਲ ਕਰਦੇ ਸਮੇਂ ਇਸ ਪ੍ਰਕਾਰ ਲਿਖਿਆ ਹੈ[12]:-

*ਸ੍ਰੀ ਸੁ ਦਸਮੇਸ਼ ਕੇ ਸੰਪੂਰਨ ਮ੍ਰਿਗੇਸ਼ ਏਸ,*
*ਖਿਰਕੈ ਥਾਨੇਸੂਰ ਬਿਸੇਸੂਰ ਧਯਾਯੋ ਹੈ॥*
*ਤਕੇ ਸਿਖ ਮੋਹਰ ਮ੍ਰਿਗੇਸ਼ ਕੱਟਿਬੱਧ ਭੇਸ,*
*ਖਿਰਕੈ ਬਿਬੇਕਸਰ ਬਾਸਕਿ ਖਿਰਾਯੋ ਹੈ॥*
*ਤਾਹੀ ਕੇ ਬਸੰਤ ਹਰਿ ਮੋਹਰ ਮ੍ਰਿਗਿੰਦ ਤਾਕੇ,*
*ਬੂਟਾ ਹਰੀ ਤਾਕੇ ਜਿਨ ਖੁਡੈ ਬੂਟਾ ਲਾਯੋ ਹੈ॥*
*ਤਾਕੇ ਭਏ ਹੀਰਾ ਸਿੰਘ ਦਾਸ ਤਾਂ ਗਣੇਸ਼ਾ ਸਿੰਘ*
*ਭਾਰਤ ਕੇ ਮਤਨ ਕੋ ਸ਼ੀਸ਼ਾ ਜਿਨ ਵਾਯੋ ਹੈ॥*

**ਮਹੰਤ ਗਣੇਸ਼ਾ ਸਿੰਘ ਨੇ ਮਹੰਤ ਹੀਰਾ ਸਿੰਘ ਜੀ ਦੀ ਸ਼ਰਨ ਆਉਣਾ:-**

ਪਿਛਲੇ ਪੰਨਿਆਂ ਵਿਚ ਮੈਂ ਲਿਖ ਆਇਆ ਹਾਂ ਕਿ ਲਗ-ਪਗ ਸੱਤ ਸਾਲ ਦੀ ਉਮਰ ਵਿਚ ਗਣੇਸ਼ਾ ਸਿੰਘ ਦੇ ਮਾਪੇ ਉਹਨਾਂ ਨੂੰ ਮਹੰਤ ਹੀਰਾ ਸਿੰਘ ਜੀ ਦੇ ਚਰਨ ਸ਼ਰਨ ਵਿਚ ਛਡ ਗਏ। ਉਥੇ ਉਹ ਆਪਣੇ ਦਾਦਾ ਗੁਰੂ ਮਹੰਤ ਬੂਟਾ ਸਿੰਘ ਜੀ ਤੋਂ ਵਿਦਿਆ ਪ੍ਰਾਪਤ ਕਰਨ ਲਗੇ ਅਤੇ ਮਹੰਤ ਹੀਰਾ ਸਿੰਘ ਜੀ ਦੇ ਸੇਵਕ ਬਣ ਗਏ। ਆਪ ਜੀ ਤੇਲੀਆ ਬੁਧ ਦੇ ਮਾਲਿਕ ਸਨ, ਦਿਮਾਗ਼ ਬਹੁਤ ਤੇਜ਼ ਸੀ ਜੋ ਵੀ ਉਹਨਾਂ ਨੂੰ ਦਾਦਾ ਗੁਰੂ ਜੀ ਪੜ੍ਹਾਉਂਦੇ, ਉਹ ਕੰਠ ਕਰ ਲੈਂਦੇ। ਇਸ ਪ੍ਰਕਾਰ ਉਹ ਛੇਤੀ ਹੀ ਦਾਦਾ ਗੁਰੂ ਅਤੇ ਗੁਰੂ ਮਹੰਤ ਹੀਰਾ ਸਿੰਘ ਜੀ ਦੀ ਅਸੀਮ ਕਿਰਪਾ ਦੇ ਪਾਤਰ ਬਣ ਗਏ ਅਤੇ ਪੰਜ ਗ੍ਰੰਥੀ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖ ਲਿਆ ਤੇ ਚੰਗੇ ਪਾਠੀ ਬਣ ਗਏ।

ਕੁਝ ਸਮੇਂ ਬਾਅਦ ਮਹੰਤ ਹੀਰਾ ਸਿੰਘ ਜੀ ਦੀ ਸਲਾਹ ਨਾਲ ਗਣੇਸ਼ਾ ਸਿੰਘ ਜੀ ਉਚ ਵਿਦਿਆ ਦੀ ਪ੍ਰਾਪਤੀ ਲਈ ਪੰਡਿਤ ਹਜ਼ੂਰਾ ਸਿੰਘ ਜੀ ਕੋਲ ਤਰਨ ਤਾਰਨ ਚਲੇ ਗਏ। ਉਥੇ ਉਹਨਾਂ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੇ ਉਘੇ ਗ੍ਰੰਥਾਂ ਦਾ ਅਧਿਐਨ ਕੀਤਾ। ਉਸਦੇ ਨਾਲ ਹੀ ਉਹਨਾਂ ਨੇ ਗੌਰਮਿੰਟ ਹਾਈ ਸਕੂਲ ਵਿਚ ਅੰਗ੍ਰੇਜ਼ੀ ਅਤੇ ਉਰਦੂ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ। ਗਣੇਸ਼ਾ ਸਿੰਘ ਜੀ ਲਗ-ਪਗ 11 ਸਾਲ ਤਰਨ ਤਾਰਨ ਰਹੇ, ਉਸ ਸਮੇਂ ਵਿਚ ਉਹਨਾਂ ਨੇ ਸਾਰੇ ਧਰਮ ਗ੍ਰੰਥਾਂ ਦਾ ਅਧਿਐਨ ਕਰਕੇ ਡੇਰਾ ਅੰਤਰਜਾਮੀਆ (ਅੰਮ੍ਰਿਤਸਰ) ਵਿਖੇ ਮਹੰਤ ਸਾਧੂ ਸਿੰਘ ਜੀ ਕੋਲ ਆ ਗਏ। ਉਥੇ ਉਹਨਾਂ ਨੇ ਗੁਰਬਾਣੀ ਅਤੇ ਖ਼ਾਸ ਕਰਕੇ ਆਯੁਰਵੈਦਿਕ ਗ੍ਰੰਥਾਂ ਦਾ ਅਧਿਆਨ ਤੇ ਹੋਰ ਵਿਦਿਆਵਾਂ ਦਾ ਅਧਿਐਨ ਕਰਕੇ ਸਫ਼ਲ ਵਿਦਵਾਨ ਤੇ ਸੁਘੜ ਵੈਦ ਬਣ ਗਏ।

ਉਹਨਾਂ ਦੀ ਸਰਬਪੱਖੀ ਵਿਦਵਤਾ ਦੀ ਕੰਨਸੋਅ ਨਿਰਮਲ ਪੰਚਾਇਤੀ ਅਖਾੜੇ ਤੱਕ ਵੀ ਪਹੁੰਚ ਗਈ। ਅਖਾੜੇ ਵਲੋਂ ਉਹਨਾਂ ਦੀ ਵਿਦਵਤਾ ਦਾ ਲਾਭ ਉਠਾਉਣ ਲਈ ਉਹਨਾਂ ਨੂੰ 1906 ਈਸਵੀ ਵਿਚ ਏਕੜ ਦਾ ਮਹੰਤ ਨਿਯੁਕਤ ਕੀਤਾ ਗਿਆ, ਜਿਥੋਂ ਦਾ ਪ੍ਰਬੰਧ ਉਹਨਾਂ ਨੇ ਬੜੀ ਸੁਘੜਤਾ ਤੇ ਪ੍ਰਬੀਨਤਾ ਨਾਲ ਕੀਤਾ। ਉਹ ਕੁਝ ਅਰਸਾ ਪਟਿਆਲੇ, ਮਹਾਰਾਜਾ ਭੁਪਿੰਦਰ ਸਿੰਘ ਕੋਲ ਕੋਰਟ ਹਿਸਟੋਰੀਅਨ ਵਜੋਂ ਰਹੇ ਅਤੇ ਪਟਿਆਲਾ ਰਿਆਸਤ ਦਾ ਇਤਿਹਾਸ ਲਿਖਿਆ ਸੀ। ਉਥੇ ਉਹਨਾਂ ਨੇ, ਕਿਹਾ ਜਾਂਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕੁਝ ਬੀੜਾਂ ਆਪਣੇ ਹੱਥੀਂ ਲਿਖਕੇ ਤਿਆਰ ਕੀਤੀਆਂ ਸਨ। ਉਹਨਾਂ ਨੇ ਆਪਣੇ ਇਲਾਕੇ ਡੇਰਾ ਗੁਰੂ ਸਰ ਖੁੱਡਾ ਵਿਚ ਵੀ ਅਨੇਕ ਸੁਧਾਰਕ ਕਾਰਜ ਤੇ ਲੋਕ ਭਲਾਈ ਹਿੱਤ ਕਾਰਜ ਕੀਤੇ ਸਨ। ਪਿੰਡ ਰਲਹਣ ਦੇ ਚੌਧਰੀ ਮੇਲਾ ਰਾਮ ਨੇ ਇਕ ਵਾਰ ਦਸਿਆ ਸੀ, ਪਿੰਡ ਖੁਡੇ ਦਾ ਡਾਕਖਾਨਾ ਮਹੰਤ ਗਣੇਸ਼ਾ ਸਿੰਘ ਜੀ ਦੀਆਂ ਕੋਸ਼ਿਸ਼ਾਂ ਸਦਕਾ ਹੀ ਹੋਂਦ ਵਿਚ ਆਇਆ ਸੀ।

ਜਦੋਂ ਆਪ ਜੀ ਏਕੜ ਪਿੰਡ ਦੇ ਮਹੰਤ ਸਨ, ਉਥੋਂ ਛੇਤੀ ਹੀ ਨਿਰਮਲ ਪੰਚਾਇਤੀ ਅਖਾੜੇ ਦੇ ਸੈਕਟਰੀ ਬਣਾਏ ਗਏ। ਉਦੋਂ ਨਿਰਮਲ ਪੰਚਾਇਤੀ ਅਖਾੜੇ ਦੀ ਹੋਂਦ ਨੂੰ ਕੁਝ ਕਾਰਨਾਂ ਕਰਕੇ ਖ਼ਤਰਾ ਪੈ ਗਿਆ ਸੀ। ਮਹੰਤ ਗਣੇਸ਼ਾ ਸਿੰਘ ਜੀ ਨੇ ਅਖਾੜੇ ਦੇ ਨਿਯਮਾਂ ਵਿਚ ਭਾਰੀ ਸੋਧ ਕੀਤੀ ਤੇ ਨਵੇਂ ਸਿਰਿਓਂ ਨਿਯਮ, ਉਪ ਨਿਯਮ ਤਿਆਰ ਕਰਕੇ 3 ਦਸੰਬਰ 1914 ਈਸਵੀ ਨੂੰ ਅਖਾੜੇ ਨੂੰ ਰਜਿਸਟਰਡ ਕਰਵਾਇਆ। ਉਹਨਾਂ ਦੇ ਵਿਉਂਤੇ ਗਏ ਨਿਯਮਾਂ-ਉਪਨਿਯਮਾਂ ਤੇ ਅਜ ਤੱਕ ਅਖਾੜੇ ਦੇ ਸਾਰੇ ਕਾਰਜ ਹੋ ਰਹੇ ਹਨ।[12]

1927 ਈਸਵੀ ਵਿਚ ਡੇਰਾ ਅੰਤਰਜਾਮੀਆ ਅੰਮ੍ਰਿਤਸਰ ਦੇ ਮਹੰਤ, ਠਾਕੁਰ ਸਿੰਘ ਬ੍ਰਹਮਲੀਨ ਹੋ ਗਏ। ਨਿਰਮਲ ਭੇਖ ਦੀ ਰਜ਼ਾਮੰਦੀ ਨਾਲ ਗਣੇਸ਼ਾ ਸਿੰਘ ਜੀ ਨੂੰ ਉਪਰੋਕਤ ਡੇਰੇ ਦਾ ਮਹੰਤ ਨਿਯੁਕਤ ਕਰ ਦਿੱਤਾ। ਮਹੰਤ ਗਣੇਸ਼ਾ ਸਿੰਘ ਜੀ 1954 ਈਸਵੀ ਤੱਕ 27 ਸਾਲ ਦੇ ਡੇਰੇ ਦੇ ਮਹੰਤ ਰਹੇ। ਉਸ ਸਮੇਂ ਦੌਰਾਨ ਉਹਨਾਂ ਅਨੇਕ ਪ੍ਰਕਾਰ ਦੀ ਸਾਹਿਤ ਰਚਨਾ ਕੀਤੀ ਜਿਸਦਾ ਅੱਗੇ ਜ਼ਿਕਰ ਆਵੇਗਾ। ਉਸ ਸਮੇਂ ਉਹਨਾਂ ਨੇ ਡੇਰੇ ਅੰਦਰ "ਵੈਦਕ ਭੰਡਾਰ ਅੰਮ੍ਰਿਤਸਰ" ਨਾਂ ਹੇਠ ਵੈਦਿਕ

ਔਸ਼ਧਾਲਯ ਕਾਇਮ ਕੀਤਾ ਅਤੇ ਲੋਕ ਭਲਾਈ ਹਿੱਤ ਰੋਗੀਆਂ ਦੇ ਕਸ਼ਟ ਨਵਿਰਤ ਕਰਦੇ ਰਹੇ। ਅੰਮ੍ਰਿਤਸਰ ਆਪਣੇ ਬਸੇਰੇ ਸਮੇਂ ਉਹ "ਨਿਰਮਲ ਪੱਤਰ" (ਸਪਤਾਹਿਕ ਅਖ਼ਬਾਰ ਦੇ ਸੰਪਾਦਕ ਵੀ ਬਣੇ ਤੇ ਵਿਦਵਤਾ ਪੂਰਬਕ ਲੇਖਾਂ ਦੁਆਰਾ ਭੇਖ ਦੀ ਸੇਵਾ ਕਰਦੇ ਰਹੇ।)

ਸਾਹਿਤ ਰਚਨਾ:-

ਮਹੰਤ ਗਣੇਸ਼ਾ ਸਿੰਘ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਸਰਵ ਪੱਖੀ ਗਿਆਨ ਦੇ ਸਵਾਮੀ ਸਨ। ਉਹਨਾਂ ਨੇ ਆਪਣੇ ਜੀਵਨ ਕਾਲ ਸਮੇਂ ਅਨੇਕ ਭਾਂਤ ਦੇ ਸਟੀਕ ਰਚਨਾ ਅਤੇ ਮੌਲਿਕ ਰਚਨਾਵਾਂ ਦੀ ਰਚਨਾ ਕੀਤੀ ਸੀ। ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਅਨੁਸਾਰ ਉਹਨਾਂ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ[13]:-

1. ਭਾਰਤ ਮੱਤ ਦਰਪਨ, 2. ਇਤਿਹਾਸ ਨਿਰਮਲ, ਭੇਖ, 3. ਗ੍ਰੰਥ ਸਾਖੀ ਪ੍ਰਮਾਣ, 4. ਨਿਰਮਲ ਪ੍ਰਬੋਧ, 5. ਨਿਰਮਲ ਵੈਦ, 6. ਵੈਦਿਕ ਭੰਡਾਰ, 7. ਦਰਬਾਰ ਸਾਹਿਬ ਗਾਈਡ, 8. ਨਨਕਾਣਾਂ ਸਾਹਿਬ ਗਾਈਡ, 9. ਇਸਤ੍ਰੀ ਚਕਿਤਸਾ, 10. ਖ਼ਾਲਸਾ ਵਿਵਾਹ ਪਧਤ, 11. ਸੰਧਯਾ ਵਿਧੀ, 12. ਜੇਬੀ ਵੈਦ, 13. ਅਧਿਆਤਮਿ ਪ੍ਰਕਾਸ਼ ਸਟੀਕ, 14. ਸਟੀਕ ਪੰਜ ਗ੍ਰੰਥੀ, 15. ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ, 16. ਸੁਖਮਨੀ ਸਾਹਿਬ ਟੀਕਾ ਮਨੀ ਪ੍ਰਭਾ, 17. ਜਪੁਜੀ ਸਟੀਕ, 18. ਮੇਘ ਬਿਨੋਦ ਪ੍ਰਕਾਸ ਸਟੀਕ, 19. ਗੰਗਯਤੀ ਨਿਧਾਨ ਸਟੀਕ 20. ਰਹਿਰਾਸ ਸਟੀਕ 21. ਵਿਆਧੀ ਵਿਨਾਸਕ ਟੀਕਾ, 22. ਬਾਲ ਚਕਿਤਸਾ, 23. ਸੂਰ ਦਰਪਨ।

ਉਪਰੋਕਤ ਪੁਸਤਕਾਂ ਦੀ ਲਿਸਟ ਅਧੂਰੀ ਹੈ, ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਕੁਝ ਹੋਰ ਪੁਸਤਕਾਂ ਦੇ ਨਾਂ ਵੀ ਦਸਦੇ ਹਨ[14]:-

1. ਨਿਰਮਲ ਕੋਸ਼, 2. ਨਿਰਮਲ ਸੰਹਿਤਾ, 3. ਸ਼ਿੰਗਾਰ ਸ਼ਤਕ (ਭਰਥਰੀ ਦੇ ਸ਼ਿੰਗਾਰ ਸ਼ਤਕ ਦਾ ਛੰਦ ਬੰਧ ਰੂਪ), 4. ਟਕੇ ਮਣ ਮਕਤੀ (ਜਿਸ ਵਿਚ ਰਾਧਾ ਸਵਾਮੀ ਦਾ ਖੰਡਨ ਹੈ), 5. ਖੀਸੇ ਦਾ ਹਕੀਮ

ਉਹਨਾਂ ਦੀਆਂ ਕੁਝ ਹੋਰ ਪੁਸਤਕਾਂ ਦਾ ਵੇਰਵਾ "ਗ੍ਰੰਥ ਬਯਾਧ ਬਿਨਾਸ਼ਕ ਸਟੀਕ" ਦੀ ਭੂਮਿਕਾ ਦੇ ਪੰਨਾ "ਅ" ਤੇ ਵੀ ਮਿਲਦਾ ਹੈ ਜੋ ਇਸ ਪ੍ਰਕਾਰ ਹੈ[15]:-

1. ਸੰਭੁਜ ਹਰਿ ਸੂਰੋਦਯ ਸਟੀਕ 2. ਰਤੀ ਚੰਦ੍ਰੋਦਯ 3. ਐਗਲੋਮਣੀ 4. ਕਥਾ ਪੂਰਨਮਾਸ਼ੀ 5. ਅੰਗਰੇਜ਼ ਮਿਲਾਪ 6. ਹਰਦਵਾਰ ਗਾਈਡ

ਹੁਣ ਜੇਕਰ ਅਸੀਂ ਉਪਰੋਕਤ ਤਿੰਨੋਂ ਸੂਚੀਆਂ ਦਾ ਜੋੜ ਕਰੀਏ ਤਾਂ ਮਹੰਤ ਜੀ ਦੁਆਰਾ ਰਚਿਤ ਗ੍ਰੰਥਾਂ ਦੀ ਗਿਣਤੀ 34 ਬਣਦੀ ਹੈ। ਉਹਨਾਂ ਦੁਆਰਾ ਰਚਿਤ ਸਾਰੀਆਂ ਪੁਸਤਕਾਂ ਬਾਰੇ ਵੇਰਵੇ ਸਹਿਤ ਕੁਝ ਲਿਖਣਾ ਔਖਾ ਹੈ ਕਿਉਂਕਿ ਉਹਨਾਂ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਕਿਸੇ ਸੰਸਥਾ ਨੇ ਉਹਨਾਂ ਦੇ ਕਾਰਜ ਨੂੰ ਅਗੇ ਨਹੀਂ ਤੋਰਿਆ। ਕੁਝ ਸਾਲਾਂ ਤੋਂ ਕੁਝ ਪੁਸਤਕਾਂ ਦੇ ਪੁਨਰ ਪ੍ਰਕਾਸ਼ਨ ਸ੍ਰੀ ਮਾਨ ਮਹੰਤ ਤੇਜਾ ਸਿੰਘ ਜੀ ਡੇਰਾ ਗੁਰੂਸਰ ਵਾਲਿਆਂ ਨੇ ਕੀਤੇ ਹਨ। ਉਹਨਾਂ ਦੇ ਬਹੁਤ ਸਾਰੇ ਗ੍ਰੰਥ ਸਮੇਂ ਦੀ ਭੇਟ ਚੜ੍ਹ ਗਏ ਹਨ, ਵਕਤ ਦੀ ਬੁਕਲ ਵਿਚ ਗਵਾਚ ਗਏ ਹਨ। ਉਹਨਾਂ ਨੇ 1926 ਈਸਵੀ ਵਿਚ ਪੁਸਤਕ "ਭਾਰਤ ਮੱਤ ਦਰਪਣ" ਪ੍ਰਕਾਸ਼ਤ ਕਰਵਾਈ ਸੀ ਜਿਸ ਲਈ ਉਹਨਾਂ ਨੇ ਸਮਗਰੀ ਇਕੱਤਰ ਕਰਨ ਲਈ ਬਹੁਤ ਮਿਹਨਤ ਕੀਤੀ ਅਤੇ ਲਗ-ਪਗ 200 ਵਖ-ਵਖ ਮੱਤਾਂ ਬਾਰੇ, ਉਹਨਾਂ ਦੀ ਮਰਯਾਦਾ, ਵੇਸ਼ ਭੂਸ਼ਾ ਬਾਰੇ ਜਾਣਕਾਰੀ ਦਿੱਤੀ ਹੈ। ਸ੍ਰੀ ਮਾਨ ਮਹੰਤ ਤੇਜਾ ਸਿੰਘ ਜੀ ਨੇ ਸਤੰਬਰ 1992 ਈਸਵੀ ਉਪਰੋਕਤ ਪੁਸਤਕ ਨੂੰ ਦੋਬਾਰਾ ਪ੍ਰਕਾਸ਼ਿਤ ਕਰਵਾਇਆ ਹੈ। ਉਹਨਾਂ ਦੀ ਅਨਮੋਲ ਲਿਖਤ ਦੀ ਉਦਾਹਰਣ ਦੇਖੋ[16]:-

"ਸੋ ਇਨਾਂ ਸਭਨਾਂ ਧਰਮਾਂ ਦਾ ਮੁਕਤੀ ਸਾਧਨ ਹੀ ਮੁਖ ਉਦੇਸ਼ ਹੈ, ਕੋਈ ਕਿਸੀ ਵਿਧੀ ਦਵਾਰਾ ਕੋਈ ਕਿਸੀ ਦਵਾਰਾ, ਪਰੰਤੂ ਅੰਤ ਸਭੋ ਇਕ ਥਾਂ ਆ ਮਿਲਦੇ ਹਨ। ਅਸਲੀ ਖੋਜ ਦਵਾਰਾ

ਪ੍ਰਤੀਤ ਹੁੰਦਾ ਹੈ ਕਿ ਪਹਿਲੋ ਪਹਿਲ ਸ੍ਰਿਸ਼ਟੀ ਦੇ ਅਰੰਭ ਤੋਂ ਕੋਈ ਧਰਮ ਨਹੀਂ, ਸਿਰਫ਼ ਸਾਧੂ ਤੇ ਅਸਾਧੂ ਦੋ ਹੀ ਮਤ ਪਾਏ ਜਾਂਦੇ ਸਨ..........।"

ਇਸ ਗ੍ਰੰਥ ਦੀ ਪ੍ਰਕਾਸ਼ਨਾ ਨਾਲ ਮਹੰਤ ਗਣੇਸ਼ਾ ਸਿੰਘ ਜੀ ਨੂੰ ਬਹੁਤ ਪ੍ਰਸਿਧੀ ਹਾਸਲ ਹੋਈ ਅਤੇ ਸਾਹਿਤ ਜਗਤ ਨੇ ਉਹਨਾਂ ਦੀ ਪੁਸਤਕ ਨੂੰ ਪਸੰਦ ਕੀਤਾ। ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਲਿਖਦੇ ਹਨ[17]:-

"ਆਪ ਨੂੰ ਪ੍ਰਸਿੱਧੀ 'ਭਾਰਤ ਮਤ ਦਰਪਨ' (1926) ਪੁਸਤਕ ਲਿਖਣ ਤੇ ਪ੍ਰਾਪਤ ਹੋਈ ਜਿਸ ਵਿਚ ਭਾਰਤ ਦੇ ਦੋ ਸੌ ਮਤਾਂ ਦਾ ਸਿਧਾਂਤ ਸਹਿਤ ਉਨ੍ਹਾਂ ਦੇ ਸੰਚਾਲਕਾਂ ਦਾ ਇਤਿਹਾਸ ਆਦਿ ਦੇ ਦਿੱਤਾ ਹੈ। ਇਹ ਪੁਸਤਕ ਬੜੀ ਲੰਮੀ ਖੋਜ ਮਗਰੋਂ ਲਿਖੀ ਗਈ ਹੈ। ਵਾਰਤਕ ਦੇ ਤੌਰ ਤੇ ਇਹ ਪੰਜਾਬੀ ਸਰਲ ਵਾਰਤਕ ਦਾ ਸੁਚੱਜਾ ਨਮੂਨਾ ਹੈ।"

1937 ਈਸਵੀ ਵਿਚ ਉਹਨਾਂ ਨੇ ਗ੍ਰੰਥ "ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ" ਦੀ ਰਚਨਾ ਕੀਤੀ। ਭਾਵੇਂ ਉਹਨਾਂ ਤੋਂ ਪਹਿਲਾਂ ਗਿਆਨੀ ਗਿਆਨ ਸਿੰਘ ਨੇ ਪੁਸਤਕ ਨਿਰਮਲ ਪੰਥ ਪ੍ਰਦੀਪਕਾ ਲਿਖਕੇ ਨਿਰਮਲ ਭੇਖ ਦਾ ਇਤਿਹਾਸ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰੰਤੂ ਮਹੰਤ ਗਣੇਸ਼ਾ ਸਿੰਘ ਜੀ ਨੇ ਆਪਣੇ ਉਪਰੋਕਤ 464 ਸਫ਼ੇ ਦੇ ਗ੍ਰੰਥ ਵਿਚ ਭੇਖ ਦੀਆਂ ਵੱਖ-ਵੱਖ ਸੰਪ੍ਰਦਾਵਾਂ ਨੂੰ ਵੇਰਵੇ ਸਹਿਤ ਅੰਕਿਤ ਕੀਤਾ ਹੈ। ਪਰੰਤੂ ਉਹ ਗ੍ਰੰਥ ਪਹਿਲਾ ਹਿੱਸਾ ਹੈ ਜਿਸ ਬਾਰੇ ਉਹਨਾਂ ਨੇ ਭੂਮਿਕਾ ਦੇ ਸਫ਼ਾ 'ਜ' ਤੇ ਲਿਖਿਆ ਹੈ ਕਿ ਪਾਠਕ ਦੂਜੇ ਹਿੱਸੇ ਦੀ ਉਡੀਕ ਕਰਨ। ਬਾਅਦ ਵਿਚ ਉਹਨਾਂ ਨੇ ਦੂਜੇ ਹਿੱਸੇ ਦੀ ਰਚਨਾ ਕੀਤੀ ਜਾਂ ਨਹੀਂ, ਇਸ ਬਾਰੇ ਕਿਧਰੇ ਵੀ ਕੋਈ ਜਾਣਕਾਰੀ ਨਹੀਂ ਮਿਲਦੀ। ਭੇਖ ਵਲੋਂ ਕੋਈ ਵਿਦਵਾਨ ਦੂਜੇ ਹਿੱਸੇ ਦੀ ਭਾਲ ਕਰਕੇ ਪ੍ਰਕਾਸ਼ਤ ਕਰਾਵੇ।

ਉਹਨਾਂ ਨੇ ਪੁਸਤਕ "ਇਸਤਰੀ ਚਕਿਤਸਾ" ਨੂੰ ਭਾਈ ਸੁਖਾ ਸਿੰਘ ਅੰਮ੍ਰਿਤਸਰ ਤੋਂ 1929 ਈਸਵੀ ਵਿਚ ਛਪਵਾਇਆ ਸੀ। ਇਸ ਪ੍ਰਕਾਰ "ਸਟੀਕ ਪੰਜ ਗਰੰਥੀ" ਨੂੰ 1948 ਈਸਵੀ ਵਿਚ ਪ੍ਰਕਾਸ਼ਿਤ ਕਰਵਾਇਆ ਜੋ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੀ ਲਾਇਬ੍ਰੇਰੀ ਵਿਚ ਨੰ: 2402 ਤੇ ਸੁਰੱਖਿਅਤ ਰੱਖੀ ਗਈ ਹੈ। ਫਿਰ "ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ" ਨੂੰ 1918 ਈਸਵੀ ਵਿਚ ਭਾਈ ਵਸਾਵਾ ਸਿੰਘ ਅੰਮ੍ਰਿਤਸਰ ਰਾਹੀਂ ਪ੍ਰਕਾਸ਼ਤ ਕਰਵਾਇਆ ਸੀ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬ੍ਰੇਰੀ ਰੇਅਰ ਨੰ: 1436 ਤੇ ਸੰਭਾਲੀ ਹੋਈ ਹੈ। ਗ੍ਰੰਥ "ਸਾਖੀ ਪ੍ਰਮਾਣ" ਨੂੰ 1908 ਈਸਵੀ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਪ੍ਰਕਾਸ਼ਤ ਕੀਤਾ ਸੀ ਜੋ ਅਜ ਕਲ ਭਾਸ਼ਾ ਵਿਭਾਗ ਪੰਜਾਬ ਦੀ ਲਾਇਬ੍ਰੇਰੀ ਵਿਚ ਨੰ: 2240 ਤੇ ਸੰਭਾਲਿਆ ਗਿਆ ਹੈ।

"ਜੇਬੀ ਵੈਦ" ਉਹਨਾਂ ਨੇ 1925 ਈਸਵੀ ਹਰੀ ਸਿੰਘ ਗੁਰਦਿਤ ਸਿੰਘ ਅੰਮ੍ਰਿਤਸਰ ਦੁਆਰਾ ਛਾਪਿਆ ਗਿਆ ਸੀ ਜੋ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੀ ਲਾਇਬ੍ਰੇਰੀ ਵਿਚ ਨੰ: 1078 ਤੇ ਸੁਰੱਖਿਅਤ ਰੱਖਿਆ ਗਿਆ ਹੈ। 1951 ਈਸਵੀ ਵਿਚ ਉਹਨਾਂ ਨੇ "ਨਿਰਮਲ ਵੈਦ" ਪੁਸਤਕ ਨੂੰ ਪ੍ਰਕਾਸ਼ਤ ਕਰਵਾਇਆ ਜੋ ਭਾਸ਼ਾ ਵਿਭਾਗ ਪੰਜਾਬ ਦੀ ਲਾਇਬ੍ਰੇਰੀ ਵਿਚ ਨੰ: 1077 ਤੇ ਸੁਰੱਖਿਅਤ ਹੈ। ਇਸ ਪ੍ਰਕਾਰ ਹੋਰ ਵੀ ਉਹਨਾਂ ਦੇ ਸਮੇਂ ਸਮੇਂ ਗ੍ਰੰਥ ਛਪਦੇ ਰਹੇ ਅਤੇ ਅਖ਼ਬਾਰਾਂ ਵਿਚ ਭਿੰਨ-ਭਿੰਨ ਵਿਸ਼ਿਆਂ 'ਤੇ ਲੇਖ ਛਪਦੇ ਰਹੇ, ਜਿਹਨਾਂ ਬਾਰੇ ਉਚ ਪਧਰੀ ਖੋਜ ਕਰਨ ਦੀ ਲੋੜ ਹੈ।

ਵਾਰਤਕ ਲਿਖਾਰੀ ਹੋਣ ਦੇ ਨਾਲ ਉਹ ਉਚਕੋਟੀ ਦੇ ਕਵੀ ਵੀ ਸਨ, ਭਾਵੇਂ ਉਹਨਾਂ ਦਾ ਕੋਈ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋਇਆ ਨਹੀਂ ਮਿਲਦਾ ਪ੍ਰੰਤੂ ਉਹਨਾਂ ਨੇ ਬ੍ਰਿਜ ਭਾਸ਼ਾ ਵਿਚ ਵਾਰਤਕ ਰਚਨਾਵਾਂ ਵਿਚ ਕਾਵਿ ਬੰਦਾਂ ਦੀ ਰਚਨਾ ਅਵਸ਼ ਕੀਤੀ ਸੀ, ਜੋ ਉਹਨਾਂ ਦੀ ਉਚਕੋਟੀ ਦੀ ਸੂਝ ਬੂਝ ਦਾ ਸੁੰਦਰ ਨਮੂਨਾ ਹਨ। ਆਪ ਜੀ ਪੁਸਤਕ "ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ" ਵਿਚ ਨਿਰਮਲ ਪੰਚੈਤੀ ਅਖਾੜਾ ਬਾਰੇ ਲਿਖਦੇ ਹਨ[18]:-

*ਕਬਿਤ॥ ਪਾਵਨ ਜਯੋ ਗੰਗ ਸ੍ਰੇਣੀ ਸੰਗਮ ਪ੍ਰਯਾਗ,*

*ਬੇਣੀ ਕਾਲੀ ਕਲਕਤੇ ਮੁਖ ਕਾਲਕਾ ਅੰਬਾਲਾ ਮੈ॥*
*ਰਾਨਿਨ ਮੈ ਪਟਰਾਨੀ ਗਣੇ ਪਰਧਾਨੀ ਜੈਸੇ,*
*ਸੁੰਦਰੀ ਜਯੋਂ ਨਾਰਿ ਕਹੈਂ ਰਾਧਾ ਬ੍ਰਿਜਬਾਲਾ ਮੈਂ॥*
*ਰੂਪਨ ਮੇਂ ਸੀਤਾ ਜਯੋ ਵਿਗਯਾਨਵਤੀ ਗੀਤਾ ਜਯੋਂ,*
*ਸੁਅਗਨੀ ਪ੍ਰਚੰਡ ਅਹੈ ਜੈਸੇ ਯੱਗਸ਼ਾਲਾ ਮੈਂ॥*
*ਤੈਸੇ ਫੂਲਵੰਸ਼ ਕੀ ਪ੍ਰਸੰਸ਼ ਯੋਗ ਲੋਗ ਕਹੈ,*
*"ਧਰਮ ਧੁਜਾ" ਸੁਯਹੈ ਅਹੈ ਪਟਿਆਲਾ ਮੈਂ॥*

ਸ੍ਰੀ ਹਰਿਮੰਦਰ ਸਾਹਿਬ ਦੀ ਵਡਿਆਈ ਕਰਦੇ ਹੋਏ ਆਪ ਜੀ ਉਥੋਂ ਦੇ ਦਰਸ਼ਨ ਇਸ਼ਨਾਨ ਬਾਰੇ ਉਪਰੋਕਤ ਪੁਸਤਕ ਦੇ ਸਫ਼ਾ 159 'ਤੇ ਇਸ ਪ੍ਰਕਾਰ ਲਿਖਦੇ ਹਨ:-

*ਜਿਨ ਸ੍ਰੀ ਹਰਿਮੰਦਰ ਦੇਖ ਲਯੋ, ਜਗਨਨਾਥ ਦਿਦਾਰ ਕੀਯਾ ਨ ਕੀਯਾ।*
*ਜਿਨ ਕੀਨ ਸਨਾਨ ਸੁਧਾਸਰ ਮੇਂ, ਤਿਨ ਗੰਗ ਸਨਾਨ ਕੀਯਾ ਨ ਕੀਯਾ।*
*ਜਿਨ ਲੀਨ ਸੁਆਦ ਤਿਹਾਵਲ ਕੋ, ਤਿਨ ਆਬਹਯਾਤ ਪੀਯਾ ਨ ਪੀਯਾ।*
*ਇਨ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਯਾ ਨ ਜੀਯਾ।*

ਉਹਨਾਂ ਨੇ ਉਕਤ ਪੁਸਤਕ ਦੇ ਸਫ਼ਾ 223 'ਤੇ ਇਕ ਲੰਬੀ ਕਵਿਤਾ ਵਿਚ ਗੰਗਾ ਦੀ ਉਸਤਤਿ ਕੀਤੀ ਹੈ ਜਿਸਦਾ ਕੁਝ ਅੰਸ਼ ਇਸ ਪ੍ਰਕਾਰ ਹੈ:-

ਮਹਾਤਮ

*ਦੇਖੋ ਮਹਾਰਾਜ ! ਸਾਜ ਗੰਗਾ ਕੋ ਅਣੋਖੋ ਆਜ,*
*ਫਾਰਕੇ ਪਹਾਰਾ ਧਾਰ ਆਈ ਹਰਿਦ੍ਵਾਰ ਤੇ।*
*ਵਿਮਲ ਸੁਜਲ ਚਲ ਸੁਮਗ ਨਿਰਾਲੋ ਥਲ,*
*ਨ੍ਹਾਤ ਅਘਜਾਤ ਸ਼ਾਤ ਪਵੈ ਹਰਿਦ੍ਵਾਰ ਤੇ।*
*ਪਾਪ ਦੁਖ ਨਾਸਨੀ ਗਣੇਸ਼ਾ ਸਿੰਘ ਸੰਤ ਕਹੈ,*
*ਮੋਖ ਪਥ ਦਾਇਨੀ ਹੈ ਗੰਗ ਹਰਿਦ੍ਵਾਰ ਤੇ।*
*ਮੇਰੁ ਲੌ ਕੈਲਾਸ ਸੁਰਲੋਕ ਮੈ ਨ ਓਕ ਏਵ,*
*ਦੇਵ ਬਲਿਹਾਰੈ ਕਨਖਲ ਹਰਿਦ੍ਵਾਰ ਤੇ।*

ਸਥਾਨ ਅਰ ਪ੍ਰਭਾਵ

*ਸੰਤਨ ਕੇ ਥਾਨ ਹੈ ਕਬੇਰ ਕੇ ਸਮਾਨ ਜਾਨ*
*ਕਪਟੀ ਕਠੋਰ ਚੋਰ ਦਮ ਨਹੀ ਮਾਰਤੇ।*
*ਹੋਤ ਹੈ ਉਚਾਰ ਹਰਿਨਾਮ ਜਪੇ ਨਿਸਵਾਰ,*
*ਜੀਨੋ ਦਿਨ ਚਾਰਿ ਕਯੋਂ ਨਾ ਨਾਓ ਗੰਗ ਵਾਰ ਤੇ।*
*ਸੀਤਲ ਸਮੁੰਦ ਮੰਦ ਵਾਉ ਭਾਉ ਭਾਰੀ ਚਲੈ,*
*ਟਲੈ ਹੈ ਗਣੇਸ਼ਾ ਸਿੰਘ ਕ੍ਰੋਧ ਲੋਭ ਮਾਰਤੇ।*
*ਮੇਰੁ ਲੌ ਕੈਲਾਸ ਸੁਰਲੋਕ ਮੈ ਨ ਓਕ ਏਵ,*
*ਦੇਵ ਬਲਿਹਾਰੈ ਕਨਖਲ ਹਰਿਦ੍ਵਾਰ ਤੇ।*

ਇਸ ਪ੍ਰਕਾਰ ਹੋਰ ਵੀ ਉਹਨਾਂ ਰਚਿਤ ਗ੍ਰੰਥਾਂ ਵਿਚੋਂ ਉਹਨਾਂ ਦੁਆਰਾ ਰਚੀ ਕਵਿਤਾ ਦੇ ਸੁੰਦਰ ਨਮੂਨੇ ਦੇਖੇ ਜਾ ਸਕਦੇ ਹਨ, ਪਰੰਤੂ ਪੇਪਰ ਦਾ ਆਕਾਰ ਵਧ ਜਾਣ ਕਾਰਨ ਹੋਰ ਅੰਕਿਤ ਨਹੀਂ ਕੀਤੇ ਜਾ ਸਕਦੇ। ਉਹਨਾਂ ਨੇ ਇਸ ਸੰਸਥਾ ਜਿੰਨਾ ਇਕੱਲਿਆਂ ਨੇ ਕੰਮ ਕੀਤਾ; ਲੋੜ ਹੈ ਉਹਨਾਂ ਦੀ ਮਿਹਨਤ ਨੂੰ ਦੋਬਾਰਾ ਪ੍ਰੈਸ ਦਾ ਜਾਮਾ ਕੋਈ ਸੰਸਥਾ ਪਹਿਨਾਵੇ। ਉਹ ਕਾਫ਼ੀ ਸਮਾਂ "ਨਿਰਮਲ ਪੱਤਰ" ਸਪਤਾਹਿਕ ਅਖ਼ਬਾਰ ਦੇ ਸੰਪਾਦਕ ਰਹੇ ਸਨ, ਜਿਸ ਲਈ ਉਹ ਸੰਪਾਦਕੀ ਲੇਖ ਤੋਂ ਬਿਨਾਂ

ਸਾਹਿਤਕ ਜਾਂ ਇਤਿਹਾਸਕ ਲੇਖ ਵੀ ਲਿਖਦੇ ਹੋਣਗੇ। ਉਹਨਾਂ ਅੰਕਾਂ ਦੀ ਵੀ ਭਾਲ ਕਰਨੀ ਚਾਹੀਦੀ ਹੈ। ਫਿਰ ਸੁਚੱਜੇ ਲੇਖਾਂ ਨੂੰ ਇਕਠੇ ਕਰਕੇ ਮਹੰਤ ਗਣੇਸ਼ਾ ਸਿੰਘ ਰਚਨਾਵਲੀ ਸਿਰਲੇਖ ਹੇਠ ਗ੍ਰੰਥ ਪ੍ਰਕਾਸ਼ਤ ਹੋਣਾ ਚਾਹੀਦਾ ਹੈ।

ਮਹੰਤ ਗਣੇਸ਼ਾ ਸਿੰਘ ਜੀ ਨੂੰ ਰੋਜ਼ਾਨਾ ਡਾਇਰੀ ਲਿਖਣ ਦਾ ਵੀ ਸ਼ੌਂਕ ਸੀ, ਉਹਨਾਂ ਡਾਇਰੀਆਂ ਦੀ ਵੀ ਭਾਲ ਕਰਨੀ ਚਾਹੀਦੀ ਹੈ ਜੋ ਉਸ ਸਮੇਂ ਦਾ ਸਾਹਿਤਕ ਤੇ ਇਤਿਹਾਸਕ ਖ਼ਜ਼ਾਨਾ ਸਾਬਤ ਹੋਣਗੀਆਂ। ਇਕ ਵਾਰ ਮੈਨੂੰ ਬ੍ਰਹਮਲੀਨ ਬ੍ਰਹਮਗਿਆਨੀ ਸ੍ਰੀ ਮਾਨ ਮਹੰਤ ਲਾਲ ਸਿੰਘ ਜੀ ਨੇ ਦਸਿਆ ਸੀ, ਜਦੋਂ ਨਨਕਾਣਾ ਸਾਹਿਬ ਦਾ ਮੋਰਚਾ 1920 ਈਸਵੀ ਵਿਚ ਲਗਿਆ ਸੀ ਅਤੇ ਮਹੰਤ ਨਰੈਣ ਦਾਸ ਨੇ ਗੁਰਦੁਆਰੇ ਦਰਸ਼ਨ ਕਰਨ ਗਏ ਸਿੱਖਾਂ 'ਤੇ ਜ਼ੁਲਮ ਕੀਤੇ ਸਨ। ਉਸ ਸਮੇਂ ਮਹੰਤ ਨਰੈਣ ਦਾਸ ਦੇ ਬੁਲਾਵੇ ਤੇ ਮਹੰਤ ਗਣੇਸ਼ਾ ਸਿੰਘ ਨਨਕਾਣਾ ਸਾਹਿਬ ਗਏ ਹੋਏ ਸਨ ਅਤੇ ਸਾਕਾ ਵਾਪਰਨ ਸਮੇਂ ਉਥੇ ਹਾਜ਼ਰ ਸਨ। ਉਸ ਘਟਨਾ ਦਾ ਜ਼ਿਕਰ ਉਹਨਾਂ ਨੇ ਵੇਰਵੇ ਸਹਿਤ ਆਪਣੀ ਡਾਇਰੀ ਵਿਚ ਕੀਤਾ ਸੀ। ਲੋੜ ਹੈ ਉਸ ਡਾਇਰੀ ਨੂੰ ਢੂੰਡ ਭਾਲ ਕੇ ਪ੍ਰਕਾਸ਼ਤ ਕੀਤਾ ਜਾਵੇ। ਉਸ ਸਮੇਂ ਦੇ ਇਤਿਹਾਸ ਬਾਰੇ ਹੋਰ ਰੋਚਿਕ ਤੱਥ ਉਜਾਗਰ ਹੋਣਗੇ।

ਮਹੰਤ ਗਣੇਸ਼ਾ ਸਿੰਘ ਜੀ ਜੁਲਾਈ 1954 ਈਸਵੀ ਦਸੂਹਾ (ਜ਼ਿਲਾ ਹੁਸ਼ਿਆਰਪੁਰ) ਕਿਸੇ ਮੁਕਦਮੇ ਵਿਚ ਗਵਾਹ ਵਜੋਂ ਤਾਰੀਖ਼ ਭੁਗਤਣ ਆਏ, ਕਿਹਾ ਜਾਂਦਾ ਹੈ ਰੇਲ ਗੱਡੀ ਤੋਂ ਉਤਰਨ ਲਗੇ ਤਾਂ ਉਹਨਾਂ ਦਾ ਪੈਰ ਕਿਧਰੇ ਫਸ ਗਿਆ, ਗੱਡੀ ਚੱਲ ਪਈ। ਗੱਡੀ ਚਲਣ ਕਾਰਨ ਆਪ ਜੀ ਪਲੇਟਫਾਰਮ 'ਤੇ ਡਿਗ ਪਏ। ਸਿਰ ਵਿਚ ਗਹਿਰੀ ਚੋਟ ਲਗਣ ਕਾਰਨ ਆਪ ਜੀ ਬ੍ਰਹਮਲੀਨ ਹੋ ਗਏ। ਇਸ ਪ੍ਰਕਾਰ ਇਕ ਕਲਮ ਦਾ ਅੰਤ ਹੋ ਗਿਆ, ਇਕ ਸੰਸਥਾ ਸਦੀਵ ਰੂਪ ਵਿਚ ਖ਼ਤਮ ਹੋ ਗਈ। ਸਾਹਿਤ ਅਤੇ ਸਿੱਖ ਇਤਿਹਾਸ ਦਾ ਸਿਰਜਕ ਤੇ ਸੁਘੜ ਵਿਦਵਾਨ ਸਦਾ ਲਈ ਇਤਿਹਾਸ ਦਾ ਇਕ ਪੰਨਾ ਬਣ ਗਏ, ਉਹਨਾਂ ਦਾ ਨਾਂ ਉਹਨਾਂ ਦੀਆਂ ਲਿਖਤਾਂ ਸਦਕਾ ਸਦਾ ਅਮਰ ਰਹੇਗਾ।

## ਹਵਾਲੇ ਤੇ ਟਿੱਪਣੀਆਂ

1.(ੳ) *ਅਹਿਨਿਸ ਨਵਤਨ ਨਿਰਮਲਾ ਮੈਲਾ ਕਬਹੂੰ ਨਾ ਹੋਇ*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 290)

(ਅ) *ਸਬਦਿ ਰਤੇ ਸੇ ਨਿਰਮਲੇ....* (ਉਕਤ, ਪੰਨਾ 27)

(ੲ) *ਸਾਧ ਸੰਗਿ ਹੋਇ 'ਨਿਰਮਲਾ' ਨਾਨਕ ਪ੍ਰਭ ਕੈ ਰੰਗਿ॥* (ਉਕਤ, ਪੰਨਾ 297)

(ਸ) *ਕਲਿਜੁਗ ਨਾਨਕ 'ਨਿਰਮਲਾ' ਪੰਥ ਚਲਾਯੋ ਆਇ॥* ਮੱਕੇ ਦੀ ਗੋਸ਼ਟਿ॥

(ਪਉੜੀ 40, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਨੰ: 6535)

2. *ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥*

(ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 45)

3. ਮਹੰਤ ਹਰੀ ਸਿੰਘ ਵੈਦ ਰਾਜ: ਨਿਰਮਲ ਭੇਖ ਦਾ ਸੰਖੇਪ ਇਤਿਹਾਸ ਸੰਪ੍ਰਦਾਇਕ ਬੰਸਾਵਲੀ, ਪੰਨਾ 15
4. ਮਹੰਤ ਹਰੀ ਸਿੰਘ ਵੈਦ ਰਾਜ: ਉਕਤ, ਪੰਨਾ 15
5. ਪ੍ਰੋ. ਪ੍ਰੀਤਮ ਸਿੰਘ (ਸੰਪਾਦਕ): ਨਿਰਮਲ ਸੰਪ੍ਰਦਾਇ ਪੁਸਤਕ ਵਿਚ ਰਾਏ ਜਸਬੀਰ ਸਿੰਘ ਦਾ ਲੇਖ 'ਨਿਰਮਲ ਭੇਖ ਦਾ ਅਰੰਭ', ਪੰਨਾ 33
6. ਗਿਆਨੀ ਗਿਆਨ ਸਿੰਘ ਪੁਸਤਕ 'ਨਿਰਮਲ ਪੰਥ ਪ੍ਰਦੀਪਿਕਾ' ਦੇ ਪੰਨਾ 7 'ਤੇ ਲਿਖਦੇ ਹਨ:- "ਕੋਈ ਲੋਗ ਕਹਿਤੇ ਹੈਂ ਨਿਰਮਲੇ ਸਾਧੂ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਏ ਹੈਂ। ਕੋਈ ਕੋਈ ਅਗਜਾਨੀ ਕਹਿਤੇ ਹੈਂ ਕਿ ਦਸਮ ਗੁਰੂ ਕੇ ਪੀਛੇ ਜਬ ਮੁਸਮਾਨੋਂ ਨੇ ਸਿੰਘਾਂ ਕੋ ਪਕੜਨੇ ਮਾਰਨੇ ਔਰ ਤੁਰਕ ਕਰਨੇ ਪਰ ਜੋਰ ਦੀਆ ਥਾ ਤਬ ਬਹੁਤ ਸਿੰਘ ਤੋ ਲੜਤੇ ਭਿੜਤੇ ਰਹੇ ਜਿਨ੍ਹੋਂਨੇ ਸ਼ਸਤ੍ਰ ਨਹੀਂ ਪਕੜੇ ਓਹ ਨਿਰਮਲੇ ਸਾਧੂ ਬਨ ਬੈਠੇ। ਕਿੰਚਤ ਮਤਸਰ ਕੇ ਭਰੇ ਹੂਏ ਅਕਸਰ ਬਿਨਾਂ ਬੁੱਧੀ ਦਾਨੇਂ ਬਖਾਨੇ ਹੈਂ, ਜਬ ਸੰਮਤ

1903 ਮੇਂ ਲਾਹੌਰ ਅੰਗ੍ਰੇਜ਼ੋਂ ਨੇ ਲੀਯਾ ਓਥੋਂ ਦੇ ਨੌਕਰ ਸਿੰਘ ਜੋ ਪੜੇ ਹੂਏ ਥੇ ਕੰਮ ਕਾਰ ਸੰਸਾਰ ਦਾ ਕੁਛ ਨਾ ਕਰ ਸਕੇ ਓਹ ਨਿਰਮਲੇ ਸਿੰਘ ਬਣ ਫਿਰੇ॥

ਇਸ ਪ੍ਰਕਾਰ ਜਾਣੇ ਬੂਝੇ ਬਿਨਾਂ ਜੋ ਬਕਬਾਦ ਕਰਤੇ ਹੈਂ ਉਨ ਕੇ ਮੂੰਹ ਖੰਡ ਦੇਨੇ ਵਾਸਤੇ ਔਰ ਗੁਰੂ ਕੇ ਸਿਖਾਂ ਨੂੰ ਸੱਚੀ ਬਾਤ ਦੇਖਾਉਣ ਲਈ ਇਹੁ ਨਿਰਮਲ ਪੱਧਤੀ ਗ੍ਰੰਥ ਤਯਾਰ ਕੀਤਾ ਹੈ। ਜਿਸਦੇ ਪੜ੍ਹਨੈ ਅਰ ਬੀਚਾਰਨੇ ਤੇ ਨਿਰਮਲ ਪੰਥ ਖ਼ਾਲਸਾ ਖ਼ਾਸ ਦਸੋਂ ਗੁਰੂ ਸਾਹਿਬੋਂ ਕਾ ਆਦੀ ਪੰਥ ਪ੍ਰਤੀਤ ਹੋ ਜਾਵੇਗਾ। ਕਾਹੇ ਤੇ ਸ੍ਰੀ ਗੁਰੂ ਨਾਨਕ ਜੀ ਸੈਂ ਲੇਕਰ ਦਸਮੇਂ ਪਾਤਸ਼ਾਹ ਪ੍ਰਯੰਤ ਜੋ ਲੋਗ ਗ੍ਰਹਸਤੀ ਸੇਵਕ ਉਪਦੇਸ਼ੀ ਹੋਤੇ ਰਹੇ ਸੋ ਕੇਵਲ ਸਿੱਖ ਗੁਰੂ ਕੇ ਮਸ਼ਹੂਰ ਰਹੇ ਔਰ ਜੋ ਬਿਹੰਗਮ ਬੈਰਾਗਜਵਾਨ ਗ੍ਰਹਸਥ ਛੋੜ ਕੇ ਉਪਦੇਸ਼ ਲੇਕਰ ਚੇਲੇ ਗੁਰੂ ਕੇ ਹੋਤੇ ਰਹੇ ਸੋ ਨਿਰਮਲੇ ਸਿੱਖ ਸਦਵਾਤੇ ਰਹੇ ਹੈ।.......

......(ਸਫ਼ਾ 23) ਇਸ ਲੀਏ ਤੁਮ ਬ੍ਰਹਮਚਾਰੀਓਂ ਕਾ ਬਾਣਾ ਕਾਖਾਇ ਬਸਤ੍ਰ ਧਾਰਨ ਕਰ ਕਾਸ਼ੀ ਮੇਂ ਜਾਇ ਕੇ ਪੜ੍ਹੋ ਤੁਮ੍ਹਾਰੀ ਸੰਪ੍ਰਦਾਇ ਨਿਰਮਲੇ ਸੰਤ ਬਹੁਤ ਪ੍ਰਸਿੱਧ ਪੰਡਿਤ ਹੋਵੇਂਗੇ। ਇਹ ਹੁਕਮ ਗੁਰੂ ਜੀ ਕਾ ਮਾਨ ਕਰ ਭਾਈ ਰਾਮ ਸਿੰਘ, ਬੀਰ ਸਿੰਘ, ਗੰਡਾ ਸਿੰਘ, ਕਰਮ ਸਿੰਘ, ਸੈਣਾ ਸਿੰਘ ਏਹ ਪਾਂਚੋਂ ਸਿੰਘ ਕਾਖਾਇ ਬਸਤ੍ਰ ਧਾਰ ਕੇ ਗੁਰੂ ਪਾਸੋਂ ਆਗਜ ਲੈ ਕਰ ਕਾਂਸ਼ੀ ਜੀ ਮੈਂ ਜਾਇਕੇ ਸਤਾਨੰਦ ਪੰਡਿਤ ਪਾਸੋਂ ਸੰਸਕ੍ਰਿਤ ਬੰਦ ਬਿਦਯਾ ਪੜ੍ਹਨੇ ਲਗੇ, ਜਹਾਂ ਅਬ ਚੇਤਨਬੜ ਨਿਰਮਲੇ ਸੰਤੋਂ ਕਾ ਮਸ਼ਹੂਰ ਮੁਕਾਨ ਕਾਂਸ਼ੀ ਮੈ ਹੈ ਤਹਾਂ ਨਿਵਾਸ ਕਰਕੇ ਥੋੜੇ ਹੀ ਅਰਸੇ ਮੈਂ ਗੁਰੂ ਕੀ ਕ੍ਰਿਪਾ ਮੈ ਨਿਰਮਲੇ ਸੰਤ ਪੰਡਿਤ ਮਸ਼ਹੂਰ ਹੋ ਗਏ।

7. ਮਹੰਤ ਗਣੇਸ਼ਾ ਸਿੰਘ: ਮੇਘ ਬਿਨੋਦ ਸਟੀਕ, ਭੂਮਿਕਾ ਪੰਨਾ 1.
8. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਸ੍ਰੀ ਨਿਰਮਲ ਪੰਥ ਬੋਧ, ਪੰਨਾ 944.
9. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਉਕਤ, ਪੰਨਾ 940
10. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਉਕਤ, ਪੰਨਾ 959
11. ਮਹੰਤ ਗਣੇਸ਼ਾ ਸਿੰਘ: ਬਯਾਧ ਬਿਨਾਸ਼ਕ ਸਟੀਕ, ਮੰਗਲ, ਪੰਨਾ 1
12. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਉਕਤ, ਪੰਨਾ 945
13. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਉਕਤ, ਪੰਨਾ 117
14. ਪ੍ਰੋ. ਕਿਰਪਾਲ ਸਿੰਘ ਕਸੇਲ: ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ) ਪੰਨਾ 494
15. ਮਹੰਤ ਗਣੇਸ਼ਾ ਸਿੰਘ: ਬਯਾਧ ਬਿਨਾਸ਼ਕ ਸਟੀਕ, ਭੂਮਿਕਾ ਪੰਨਾ 'ਅ' ਅਗਸਤ 1930, ਅੰਮ੍ਰਿਤਸਰ
16. ਮਹੰਤ ਗਣੇਸ਼ਾ ਸਿੰਘ: ਭਾਰਤ ਮੱਤ ਦਰਪਣ, ਪੰਨਾ 2
17. ਪ੍ਰੋ: ਕਿਰਪਾਲ ਸਿੰਘ ਕਸੇਲ: ਉਕਤ, ਪੰਨਾ 495
18. ਮਹੰਤ ਗਣੇਸ਼ਾ ਸਿੰਘ: ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ, ਪੰਨਾ 113

# ਪੰਡਿਤ ਈਸ਼ਰ ਸਿੰਘ ਜੀ ਦੀ ਕ੍ਰਿਤ ਸ੍ਰੀ ਗੁਰੂਮਤ ਦਿਗਵਿਜੈ 'ਤੇ ਗੁਰੂ ਨਾਨਕ ਵਿਚਾਰਧਾਰਾ ਦਾ ਪ੍ਰਭਾਵ

*ਜਸਵਿੰਦਰ ਕੌਰ**

**ਮੁੱਢਲੀ ਜਾਣ-ਪਛਾਣ:**

ਗ੍ਰੰਥ ਸ੍ਰੀ ਗੁਰੂਮਤ ਦਿਗਵਿਜੈ ਨਿਰਮਲ ਸੁਆਮੀ ਪੰਡਿਤ ਈਸ਼ਰ ਸਿੰਘ ਜੀ ਦੀ ਅਨਮੋਲ ਰਚਨਾ ਹੈ। ਅੱਜਕਲ੍ਹ ਇਹ ਰਚਨਾ ਦੁਰਲੱਭ ਹੋ ਚੁੱਕੀ ਹੈ। ਇਹ ਸਮੁੱਚੀ ਰਚਨਾ ਤਿੰਨ ਰਚਨਾਵਾਂ ਦਾ ਸਮੂਹ ਹੈ। ਪਹਿਲੀ ਰਚਨਾ ਇਸ ਗ੍ਰੰਥ ਦੀ ਸ੍ਰੀ ਗੁਰੂਮਤ ਦਿਗਵਿਜੈ ਹੈ, ਦੂਸਰੀ ਰਚਨਾ ਗ੍ਰੰਥ ਬੁੱਧੀ ਬਾਰਧ (ਕੁਦਰਤ ਕਾ ਵੀਚਾਰ) ਅਤੇ ਤੀਸਰੀ ਰਚਨਾ ਵਾਹਿਗੁਰੂ ਮੰਤ੍ਰਾਰਥ ਹੈ, ਜਿਸ ਵਿੱਚ ਵਾਹਿਗੁਰੂ ਮੰਤ੍ਰ ਦੇ ਛੱਬੀ ਪ੍ਰਕਾਰ ਨਾਲ ਅਰਥ ਕੀਤੇ ਗਏ ਹਨ। ਇਹਨਾਂ ਵਿੱਚੋਂ ਅਸੀਂ ਕੇਵਲ ਸ੍ਰੀ ਗੁਰੂਮਤ ਦਿਗਵਿਜੈ ਦਾ ਅਧਿਐਨ ਸਨਮੁਖ ਰੱਖਿਆ ਹੈ। ਇਸ ਪੁਸਤਕ ਦਾ ਰਚਨਾ ਕਾਲ (ਸੰਮਤ 1962) ਸੰਨ 1905 ਈਸਵੀ ਹੈ।[1]

**ਜੀਵਨ:**

ਨਿਰਮਲ ਸੁਆਮੀ ਪੰਡਿਤ ਈਸ਼ਰ ਸਿੰਘ ਜੀ ਦਾ ਜਨਮ ਜ਼ਿਲਾ ਜਲੰਧਰ ਦੇ ਸ਼ਹਿਰ ਫਿਲੌਰ ਕਸਬੇ ਦੇ ਨੇੜੇ ਪਿੰਡ ਵਾੜੀ ਦਾ ਹੈ। ਆਪ ਜੀ ਦਾ ਜਨਮ ਵੈਸ਼ ਵੰਸ਼ ਵਿੱਚ ਪਿਤਾ ਸੁਧ ਸਿੰਘ ਅਤੇ ਮਾਤਾ ਗੁਰਬਖ਼ਸ਼ੀ ਦੇ ਗ੍ਰਹਿ ਵਿਖੇ ਸੰਮਤ 1906 ਸੰਨ 1849 ਈਸਵੀ ਨੂੰ ਹੋਇਆ।[2] ਆਪ ਜੀ ਦੇ ਗੁਰੂ ਵਾੜੀ ਨਗਰ ਦੇ ਰਹਿਣ ਵਾਲੇ ਸਨ। ਜਿਨ੍ਹਾਂ ਦਾ ਨਾਂ ਸਾਧੂ ਸਿੰਘ ਜੀ ਸੀ। ਸੰਮਤ 1914 ਨੂੰ ਆਪ ਜੀ ਨੇ ਨਿਰਮਲ ਭੇਖ ਧਾਰਣ ਕੀਤੀ। ਉਸ ਸਮੇਂ ਆਪ ਜੀ ਦੀ ਆਯੂ ਅੱਠ ਸਾਲ ਦੀ ਸੀ। ਗੁਰਮੁਖੀ, ਫ਼ਾਰਸੀ, ਸੰਸਕ੍ਰਿਤ ਵਿੱਦਿਆ ਦਾ ਗਿਆਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਰਾਗ ਵਿੱਦਿਆ ਅਤੇ ਤੰਤ੍ਰੀਸਾਜ਼ਾਂ ਦਾ ਵੀ ਅਭਿਆਸ ਕੀਤਾ। ਯੋਗ ਅਭਿਆਸ ਅਤੇ ਮੈਸੇਮਿਰਿਜਮ ਵਿੱਦਿਆ ਵੀ ਪ੍ਰਾਪਤ ਕੀਤੀ। ਵਿਆਕਰਣ ਦੇ ਸਾਰੇ ਗ੍ਰੰਥਾਂ ਦਾ ਅਧਿਐਨ ਕੀਤਾ। ਛੇ ਸ਼ਸਤਰਾਂ ਨੂੰ ਗੰਭੀਰਤਾ ਨਾਲ ਪੜ੍ਹਿਆ ਅਤੇ ਵਿਚਾਰਿਆ। ਪੰਡਿਤ ਜੀ ਇਤਨੇ ਬੁੱਧੀਮਾਨ ਸਨ ਕਿ ਛੰਪਜਾ ਦੇ ਲਗ-ਪਗ ਆਪ ਜੀ ਦੀਆਂ ਗੋਸ਼ਟਾਂ ਹੋਰਨਾਂ ਮੱਤਾਂ ਵਾਲਿਆਂ ਨਾਲ ਹੋਈਆਂ ਜਿਨ੍ਹਾਂ ਦਾ ਵਿਵਰਣ ਆਪ ਜੀ ਨੇ ਦਿੱਤਾ ਹੈ ਸਭ ਵਿੱਚ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਜਿੱਤਾਂ ਸਦਕੇ ਲਗ-ਪਗ ਪੰਜਾਬ ਦੀਆਂ ਸਾਰੀਆਂ ਰਿਆਸਤਾਂ ਨੇ ਜਿੱਤ ਦੇ ਸਰਟੀਫ਼ਿਕੇਟ ਪ੍ਰਦਾਨ ਕੀਤੇ ਸਨ।[3]

ਸ੍ਰੀ ਗੁਰੂਮਤ ਦਿਗਵਿਜੈ ਵਿਚ ਸੁਆਮੀ ਜੀ ਨੇ ਪ੍ਰਤੱਖ ਪ੍ਰਮਾਣ ਅਤੇ ਸ਼ਬਦ ਪ੍ਰਮਾਣ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਜੀ ਦਾ ਅਧਿਐਨ ਪ੍ਰਸਤੁਤ ਕੀਤਾ ਹੈ। ਇਹਨਾਂ

* 563-ਸੀ, ਰੇਲ ਕੋਚ ਫੈਕਟਰੀ, ਕਪੂਰਥਲਾ

ਪ੍ਰਮਾਣਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਲਿਆ ਹੈ। ਇਹ ਦੋਵੇਂ ਪ੍ਰਮਾਣ ਯਥਾਰਥ ਹਨ। ਜਦੋਂ ਇੰਦ੍ਰੀਆਂ ਬਾਹਰਮੁਖੀ ਬਿਰਤੀਆਂ ਨੂੰ ਬੋਧ ਕਰਵਾਉਂਦੀਆਂ ਹਨ ਤਾਂ ਇਹ ਪ੍ਰਤੱਖ ਪ੍ਰਮਾਣ ਹੈ। ਦੂਸਰਾ ਵੀ ਪ੍ਰਤੱਖ ਪ੍ਰਮਾਣ ਹੀ ਹੈ ਪਰੰਤੂ ਇਸ ਵਿੱਚ ਫ਼ਰਕ ਇਹ ਹੈ ਕਿ ਇਸ ਵਿੱਚ ਇੰਦ੍ਰੀਆਂ ਬਾਹਰਮੁਖੀ ਹੋਣ ਦੀ ਬਜਾਇ ਅੰਤਰਮੁਖੀ ਹੁੰਦੀਆਂ ਹਨ। ਇਸੇ ਨੂੰ ਅੰਤਸ਼ਕਰਣ ਕਹਿੰਦੇ ਹਨ। ਸੁਆਮੀ ਜੀ ਨੇ ਪੰਜ ਇੰਦਰੀਆਂ ਨੱਕ, ਅੱਖ, ਕੰਨ, ਜਿਹਵਾ ਅਤੇ ਇੰਦ੍ਰੀ ਦੇ ਨਾਲ ਹੀ ਪੰਜ ਗਿਆਨ ਇੰਦ੍ਰੀਆਂ ਨੂੰ ਵੀ ਪ੍ਰਤੱਖ ਪ੍ਰਮਾਣ ਵਿੱਚ ਸ਼ਾਮਿਲ ਕੀਤਾ ਹੈ। ਸੁਆਮੀ ਜੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਸ਼ਬਦ ਪ੍ਰਮਾਣ ਹਨ।

**ਸ੍ਰੀ ਗੁਰੂਮਤ ਦਿਗਵਿਜੈ** ਵਿੱਚ ਸੁਆਮੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ, ਸ੍ਰਿਸਟੀ, ਬ੍ਰਹਮ, ਮਾਇਆ, ਜੀਵ, ਮੁਕਤੀ ਅਤੇ ਗੁਰੂ ਸੰਬੰਧੀ ਵਿਚਾਰਾਂ ਦਾ ਵਿਵੇਚਨ ਬਹੁਤ ਹੀ ਸੂਝ-ਬੂਝ ਨਾਲ ਕੀਤਾ ਹੈ। ਜਿਸ ਤੋਂ ਸੁਆਮੀ ਜੀ ਦੀ ਵਿਦਵਾਨ ਪ੍ਰਤਿਭਾ ਉਜਾਗਰ ਹੁੰਦੀ ਹੈ।

**ਗੁਰੂ ਨਾਨਕ ਦੇਵ ਜੀ ਗੁਰੂ:**

ਸੁਆਮੀ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਗੁਰੂ ਅਕਾਲ ਪੁਰਖ ਦੇ ਸਗੁਣ ਰੂਪ ਨੂੰ ਮੰਨਿਆ ਹੈ। ਬ੍ਰਹਮਾ, ਵਿਸ਼ਨੂ, ਮਹੇਸ਼ ਵਿੱਚੋਂ ਕਿਸੇ ਵੀ ਦੇਵਤੇ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰੂ ਨਹੀਂ ਮੰਨਿਆ। ਸੁਆਮੀ ਜੀ ਨੇਂ ਸਗੁਣ ਬ੍ਰਹਮ ਦੇ ਸਰੂਪ ਨੂੰ ਵੀ ਬਿਆਨਿਆ ਹੈ। ਇਹ ਉਹ ਬ੍ਰਹਮ ਹੈ ਜੋ ਜਲ ਤੋਂ ਲੈ ਕੇ ਪੰਜਾਂ ਤੱਤਾਂ ਦੀ ਬਣੀ ਸਗਲ ਸ੍ਰਿਸ਼ਟੀ ਹੈ। ਇਸੇ ਵਿਰਾਟ ਨੂੰ ਸੁਆਮੀ ਜੀ ਨੇ ਸਹਸ ਸੀਰਸ਼ਾ ਕਿਹਾ ਹੈ।[4] ਪੰਡਿਤ ਤਾਰਾ ਸਿੰਘ ਨਰੋਤਮ ਸੁਆਮੀ ਜੀ ਦੀ ਵਿਚਾਰਧਾਰਾ ਤੋਂ ਪ੍ਰਤੀਕੂਲ ਵਿਸ਼ਨੂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਸਿੱਧ ਕਰਦਾ ਹੈ। ਨਰੋਤਮ ਦੀ ਇਸ ਧਾਰਨਾ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ ਉਸ ਦੈਵੀ ਸ਼ਕਤੀ ਨੂੰ ਬਣਾਇਆ ਹੈ ਜੋ ਕਿ ਭਾਰਤੀ ਧਾਰਮਿਕ ਪਰੰਪਰਾ ਵਿੱਚ ਇਕ ਨਵਾਂ ਨਾਂ ਲੈ ਕੇ ਪ੍ਰਵੇਸ਼ ਕਰਦੀ ਹੈ, ਉਹ ਹੈ ਅਕਾਲ ਪੁਰਖ। ਗੁਰੂ ਜੀ ਸਿਧ ਗੋਸ਼ਟ ਵਿੱਚ 'ਸ਼ਬਦ' ਨੂੰ ਆਪਣਾ ਗੁਰੂ ਸਥਾਪਿਤ ਕਰਦੇ ਹਨ। 'ਸ਼ਬਦ' ਓਅੰਕਾਰ ਹੈ। ਸ਼ਬਦ ਹੀ ਨਾਮ ਹੈ। ਸ਼ਬਦ ਹੀ ਹੁਕਮ ਹੈ। ਸ਼ਬਦ ਗੁਰੂ ਤੇ ਸੁਰਤ ਉਸ ਦੀ ਚੇਲਾ ਹੈ। ਸ਼ਬਦ ਹੀ ਬ੍ਰਹਮ ਰੂਪ ਵਿੱਚ ਪਸਰਿਆ ਹੋਇਆ ਹੈ।[5]

**ਬ੍ਰਹਮ:**

ਸੁਆਮੀ ਜੀ ਨੇ ਬ੍ਰਹਮ ਦੇ ਸਰੂਪ ਨੂੰ **ਗੁਰੂ ਗ੍ਰੰਥ ਸਾਹਿਬ** ਅਤੇ **ਦਸਮ ਗ੍ਰੰਥ** ਦੀ ਪ੍ਰਸੰਗਿਕਤਾ ਹੇਠ ਹੀ ਅਭਿਵਿਅਕਤ ਕੀਤਾ ਹੈ। ਪਰਮਾਤਮਾ ਸਰਗੁਣ ਤੇ ਨਿਰਗੁਣ ਦੋ ਭੇਦ ਕਰਕੇ ਇਕ ਹੀ ਸ਼ੁੱਧ ਵਿਰਾਟ ਸਰੂਪ ਵਿੱਚ ਵਿਆਪਕ ਅਪਰੀ ਛਿੰਨ ਹੈ।[6]

ਸੁਆਮੀ ਜੀ ਨੇ ਬਯਾਸ ਮੁਨੀ ਵੱਲੋਂ ਪ੍ਰਤੀਪਾਦਤ ਕੀਤੇ ਅਨੇਕਾਂ ਪਰਮੇਸਰ ਦੇ ਸਿਧਾਂਤਾਂ ਨੂੰ ਪ੍ਰਵਾਨ ਨਹੀਂ ਕੀਤਾ। ਬਲਕਿ ਉਸ ਨੂੰ ਅਲਪਗਿ ਪਰੀ ਛਿੰਨ ਕਹਿ ਕੇ ਅਪ੍ਰਵਾਨ ਕੀਤਾ। **ਸ੍ਰੀ ਗੁਰੂ ਗ੍ਰੰਥ ਸਾਹਿਬ** ਵਿੱਚ ਨਿਰੂਪਤ ਬ੍ਰਹਮ ਦੇ ਸਰੂਪ ਨੂੰ ਹੀ ਪ੍ਰਵਾਨ ਕੀਤਾ। ਸੁਆਮੀ ਜੀ ਨੇ ਬ੍ਰਹਮ ਦੇ ਦੋ ਸਰੂਪ ਇਕ ਸ਼ੁੱਧ ਸਰੂਪ ਅਤੇ ਦੂਸਰਾ ਵਿਸਿਸ਼ਟ ਸਰੂਪ ਦੱਸਿਆ ਹੈ। ਸ਼ੁੱਧ ਸਰੂਪ ਵਿੱਚ ਬ੍ਰਹਮ ਨਿਰਗੁਣ ਸਰੂਪ ਹੈ ਅਤੇ ਵਿਸਿਸ਼ਟ ਸਰੂਪ ਵਿੱਚ ਬ੍ਰਹਮ ਸਰਗੁਣ ਸਰੂਪ ਹੈ।[7]

ਸੁਆਮੀ ਜੀ ਅਨੁਸਾਰ ਜ਼ਮੀਨ, ਅਸਮਾਨ, ਸੂਰਜ, ਚੰਦ ਆਦਿ ਸਗੁਣ ਬ੍ਰਹਮ ਦਾ ਵਿਰਾਟ ਸਰੂਪ ਹੈ। ਸੁਆਮੀ ਜੀ ਨੇ ਬ੍ਰਹਮ ਨੂੰ ਮਹਾਂਕਾਲ ਵੀ ਕਿਹਾ ਹੈ। ਸੁਆਮੀ ਜੀ ਦੇ ਕਥਨ ਅਨੁਸਾਰ ਇਹ ਮਹਾਂਕਾਲ ਗੁਰੂ ਗੋਬਿੰਦ ਸਿੰਘ ਜੀ ਵੱਲੋਂ **ਦਸਮ ਗ੍ਰੰਥ** ਵਿੱਚ ਵਿਅਕਤ ਕੀਤਾ ਗਿਆ ਹੈ। ਇਹੀ ਮਹਾਂਕਾਲ ਸਗੁਣ ਰੂਪ ਵਿੱਚ ਬ੍ਰਹਮ, ਵਿਸ਼ਨੂ ਅਤੇ ਮਹੇਸ਼ ਦਾ ਰਚਣਹਾਰ ਹੈ। ਵਿਨਾਸ਼ ਕਰਨ ਵਾਲਾ ਵੀ ਬ੍ਰਹਮ ਹੀ ਹੈ। ਬ੍ਰਹਮਾ, ਵਿਸ਼ਨੂ, ਮਹੇਸ਼ ਦੀ ਖੇਡ ਨੂੰ ਖਿਲਵਾੜ ਦੱਸਿਆ ਹੈ। ਇਹ ਤਿੰਨੇ

ਦੇਵਤੇ ਮਹਾਂਕਾਲ ਦੇ ਵੱਸ ਹਨ। ਮਹਾਂਕਾਲ ਤੋਂ ਇਲਾਵਾ ਸਗੁਣ ਰੂਪ ਵਿੱਚ ਪੰਜ ਤੱਤਾਂ ਤੋਂ ਇਲਾਵਾ ਹੋਰ ਕੋਈ ਦੇਵਤਾ ਸਾਖਿਆਤ ਨਹੀਂ।[8]

ਗੁਰਮਤ ਅਨੁਸਾਰ ਜਿਹੜਾ ਅਕਾਲ ਪੁਰਖ ਨਿਰਗੁਣ ਤੇ ਨਿਰਾਕਾਰ ਅਵਸਥਾ ਵਿੱਚ ਆਪ ਹੀ ਆਪ ਵਿਆਪਕ ਸੀ ਉਸ ਨੇ ਆਪਣੇ ਹੁਕਮ ਨਾਲ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਤੇ ਆਪ ਹੀ ਸਫੁਰ ਅਵਸਥਾ ਵਿੱਚ ਪ੍ਰਗਟ ਹੋ ਗਿਆ। ਨਿਰਗੁਣ ਬ੍ਰਹਮ ਨੇ ਆਪਣੇ ਆਪ ਨੂੰ ਬਿਨਾਂ ਕਿਸੇ ਹੋਰ ਦੇ ਸਹਾਰੇ ਤੋਂ ਪ੍ਰਗਟ ਕੀਤਾ ਹੈ। ਇਸ ਤਰ੍ਹਾਂ ਨਿਰਾਕਾਰ ਤੇ ਨਿਰਗੁਣ ਬ੍ਰਹਮ ਹੀ ਸਗੁਣ ਤੇ ਸਾਕਾਰ ਬਣ ਗਿਆ।[9]

ਗੁਰਬਾਣੀ ਵਿੱਚ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਦਾ ਨਿਰੂਪਣ ਕੀਤਾ ਗਿਆ ਹੈ। ਕਈ ਥਾਂਵਾਂ 'ਤੇ ਦੋਹਾਂ ਸਰੂਪਾਂ ਦਾ ਮਿਸ਼ਰਣ ਵੀ ਵਿਖਾਈ ਦਿੰਦਾ ਹੈ। ਅਸਲ ਵਿੱਚ ਬ੍ਰਹਮ ਦਾ ਵਾਸਤਵਿਕ ਰੂਪ ਨਿਰਾਕਾਰ ਹੀ ਹੈ।[10]

ਜਗਤ:

ਸੁਆਮੀ ਜੀ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦੀ ਉੱਤਪਤੀ ਦਾ ਨਿਮਿਤ ਅਤੇ ਉਪਾਦਾਨ ਕਾਰਣ ਮੰਨਦੇ ਹਨ। ਪਰਮਾਤਮਾ ਦੇ ਵਿਰਾਟ ਅਸਤਿਤਵ ਤੋਂ ਹੀ ਸਾਰੇ ਜੀਵ ਜੰਤੂ ਪੈਦਾ ਹੋਏ ਹਨ। ਸੁਆਮੀ ਜੀ ਸ੍ਰਿਸ਼ਟੀ ਦੀ ਉੱਤਪਤੀ ਦਾ ਨਿਰੂਪਣ ਪ੍ਰਮਾਣਾਂ ਰਾਹੀਂ ਕਰਦੇ ਹਨ।[11] ਪਹਿਲਾ ਪ੍ਰਤੱਖ ਪ੍ਰਮਾਣ ਹੈ, ਦੂਸਰਾ ਸ਼ਬਦ ਪ੍ਰਮਾਣ ਹੈ।[12] ਈਸ਼ਵਰ ਦੀ ਰਚਨਾ ਨੂੰ ਪ੍ਰਤੱਖ ਦੱਸਿਆ ਹੈ। ਪੁਰਸ਼, ਇਸਤਰੀ, ਹਿਜੜਾ ਤਿੰਨੇ ਹੀ ਪ੍ਰਤੱਖ ਪ੍ਰਮਾਣ ਹਨ।[13] ਸੁਆਮੀ ਜੀ ਲਿਖਦੇ ਹਨ ਪ੍ਰਤੱਖ ਪ੍ਰਮਾਣ ਅਤੇ ਸ਼ਬਦ ਪ੍ਰਮਾਣ ਕਰਕੇ ਅੰਡਜ, ਜੇਰਜ, ਸੇਤਜ, ਉਤਭਜ ਸ੍ਰਿਸ਼ਟੀ ਦੀ ਰਚਨਾ ਹੋਈ ਹੈ।[14]

ਸੁਆਮੀ ਜੀ ਨੇ 'ਖੰਡੇ' ਸ਼ਬਦ ਨੂੰ ਵੀ ਸ੍ਰਿਸ਼ਟੀ ਦੇ ਸੰਦਰਭ ਵਿੱਚ ਵਿਚਾਰਿਆ ਹੈ। ਸੁਆਮੀ ਜੀ 'ਖੰਡਾ' ਸ਼ਬਦ ਨੂੰ ਸ੍ਰਿਸ਼ਟੀ ਦਾ ਪ੍ਰਤੀਪਾਦਕ ਸ਼ਬਦ ਮੰਨਦੇ ਹਨ। ਖੰਡੇ ਤੋਂ ਸ੍ਰਿਸ਼ਟੀ ਦਾ ਨਿਰੂਪਣ ਕਰਦੇ ਹੋਏ ਲਿਖਿਆ ਹੈ ਕਿ ਭਗਵਤੀ ਦੇਵੀ ਕਾਲਕਾ ਨੇ ਅਤੇ ਭਗਵਤੀ ਵਿਸ਼ਿਸ਼ਟ ਭਗਵਾਨ ਨੇ ਪਹਿਲਾਂ 'ਖੰ' ਬਣਾਇਆ ਹੈ। ਸੋ 'ਖੰ' ਨਾਮ-ਅਕਾਸ ਦਾ ਹੈ ਅਤੇ ਫਿਰ ਉਸ ਦੇ ਬਰਾਬਰ ਸਮੇਂ ਵਿੱਚ 'ਡੈ' ਬਣਾਇਆ ਹੈ। ਸੋ 'ਡੈ' ਨਾਂ ਅਕਾਸ਼ ਵਿੱਚ ਹੋਣ ਵਾਲੇ ਵਾਯੂ ਤੇਜ, ਜਲ, ਪ੍ਰਿਥਵੀ ਇਨ੍ਹਾਂ ਚਾਰ ਤੱਤਾਂ ਦਾ ਹੈ। ਸੋ ਇਸ ਪ੍ਰਕਾਰ ਭਗਵਾਨ ਨੇ ਪੰਜ ਤੱਤ ਬਣਾ ਕੇ ਫਿਰ ਸਭ ਸੰਸਾਰ ਬਣਾਇਆ ਹੈ।[15]

ਵਾਰ ਸ੍ਰੀ ਭਗਉਤੀ ਵਿਚ ਸ੍ਰੀ ਦਸ਼ਮੇਸ਼ ਜੀ ਇਹ ਵੀ ਫੁਰਮਾਉਂਦੇ ਹਨ ਕਿ ਸ੍ਰਿਸ਼ਟੀ ਰਚਨਾ ਦੇ ਅਮਲ ਵਿਚ ਸਭ ਤੋਂ ਪਹਿਲੀ ਰਚੀ ਜਾਣ ਵਾਲੀ ਚੀਜ਼ ਅਜਿਹੇ ਸਾਰੇ ਨਾਵਾਂ ਤੇ ਖ਼ਿਆਲਾਂ ਦੀ ਤਹਿ ਵਿਚ ਭਾਵ ਅਕਾਲ ਪੁਰਖ ਦੀ ਸ਼ਕਤੀ ਦਾ ਹੈ। ਅਕਾਲ ਪੁਰਖ ਹੈ ਹੀ ਸ਼ਕਤੀ ਰੂਪ। 'ਖੰਡਾ' (ਖੜਗ) ਸ੍ਰਿਸ਼ਟੀ ਰਚਨਾ ਭੀ ਸ਼ਕਤੀ ਦਾ ਜ਼ਹੂਰ ਹੈ ਜਾਂ ਕਹੋ ਕਿ ਸ਼ਕਤੀ ਹੀ ਸਥੂਲ ਰੂਪ ਵਿੱਚ ਸ੍ਰਿਸ਼ਟੀ ਹੈ। ਕਰਤਾ ਦੇ ਕਰਤਾਰੀ ਭਾਵ ਦਾ ਜਣਾਇਕ ਹੈ।[16]

ਮਾਇਆ:

ਸੁਆਮੀ ਈਸ਼ਵਰ ਸਿੰਘ ਜੀ ਮਾਇਆ ਨੂੰ ਸਿਰਜਣਾਤਮਕ ਸ਼ਕਤੀ ਵਜੋਂ ਪ੍ਰਸਤੁਤ ਕਰਦੇ ਹਨ। ਅਕਾਲ ਪੁਰਖ ਨੇ ਆਪਣੇ ਇਕ ਅੰਗ ਤੋਂ ਮਾਇਆ ਪ੍ਰਗਟ ਕਰਕੇ ਜਗਤ ਦੀ ਰਚਨਾ ਕਰਾਈ ਹੈ। ਇਸ ਲਈ ਮਾਇਆ ਇਕ ਸਿਰਜਣਾਤਮਕ ਸ਼ਕਤੀ ਹੈ।[17]

ਗੁਰਮਤ ਵਿਚਾਰਧਾਰਾ ਵਿਚ ਬ੍ਰਹਮ ਹੀ ਸੰਸਾਰ ਰਚਨਾ ਦਾ ਪਰਮ ਬੀਜ ਹੈ। ਮਾਇਆ ਪ੍ਰਭੂ ਦੀ ਦਾਸੀ ਹੈ। ਈਸ਼ਵਰ ਮਾਇਆ ਦਾ ਪਤੀ ਹੈ ਉਹੀ ਇਸ ਨੂੰ ਜਾਣ ਸਕਦਾ ਹੈ।[18]

ਜੀਵ:

ਸੁਆਮੀ ਜੀ ਨੇ ਜੀਵ ਆਤਮਾ ਦੀ ਰਚਨਾ ਪੰਜ ਤੱਤਾਂ ਦੇ ਬਣੇ ਸਥੂਲ ਸਰੀਰ ਵਿਚ ਆਤਮਾ

ਦੀ ਹੋਂਦ ਨੂੰ ਗੁਰਬਾਣੀ ਪਰਿਪੇਖ ਵਿਚ ਹੀ ਅਭਿਵਿਅਕਤ ਕੀਤਾ ਹੈ। ਪੰਜ ਭੂਤਕ ਸਰੀਰ ਨੂੰ ਮਾਇਆ ਅਭਿੰਨ ਵਿਰਾਟ ਬ੍ਰਹਮ ਦਾ ਸਰੂਪ ਦੱਸਿਆ ਹੈ।[19]

ਜੀਵ ਦੇ ਦੁੱਖਾਂ ਦਾ ਕਾਰਣ ਅਵਿਦਿਆ ਦੱਸਿਆ ਹੈ। ਇਹੀ ਅਵਿਦਿਆ ਜਨਮ-ਮਰਣ, ਦੁਖ-ਸੁਖ, ਨਰਕ-ਸੁਰਗ ਦਾ ਕਾਰਣ ਬਣਦੀ ਹੈ। ਸੁਆਮੀ ਜੀ ਮਾਇਆ ਨੂੰ ਅਵਿਦਿਆ ਦਾ ਕਾਰਣ ਨਹੀਂ ਮੰਨਦੇ। ਬਲਕਿ ਮਾਇਆ ਪਰਮਾਤਮਾ ਦੀ ਸ਼ਕਤੀ ਹੈ। ਮਾਇਆ ਦਾ ਜੀਵਾਂ ਦੇ ਕਰਮ ਕਰਾਉਣ ਵਿੱਚ ਕੋਈ ਹੱਥ ਨਹੀਂ।[20] ਵੇਦਾਂਤ ਅਨੁਸਾਰ ਮਾਇਆ ਦਾ ਦੂਸਰਾ ਨਾਂ ਅਵਿਦਿਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਸ੍ਰੀ ਗੁਰਮਤ ਨਿਰਣਯ ਸਾਗਰ ਵਿਚ ਮਾਇਆ ਦਾ ਆਧਾਰ ਅਵਿਦਿਆ ਲਿਖਿਆ ਹੈ। ਇਸੇ ਅਵਿਦਿਆ ਦੇ ਕਾਰਣ ਹਨ੍ਹੇਰੇ ਵਿਚ ਪਈ ਰੱਸੀ ਸੱਪ ਪ੍ਰਤੀਤ ਹੁੰਦੀ ਹੈ।[21] ਮਾਇਆ ਦਾ ਸੰਬੰਧ ਜੀਵ ਨਾਲ ਅਤੇ ਅਵਿਦਿਆ ਦਾ ਸੰਬੰਧ ਜੀਵ ਆਤਮਾ ਨਾਲ ਹੈ। ਜਦੋਂ ਅਵਿਦਿਆ ਜੀਵ ਨਾਲ ਸੰਬੰਧਿਤ ਹੈ ਤਾਂ ਇਹ ਇਕ ਵਿਅਕਤੀਗਤ ਸਿਧਾਂਤ ਬਣ ਜਾਂਦਾ ਹੈ। ਜੇਕਰ ਮਾਇਆ ਨੂੰ ਕੁਦਰਤ ਦੇ ਰੂਪ ਵਿੱਚ ਦੇਖਿਆ ਜਾਵੇ ਤਾਂ ਇਹ ਇਕ ਸਰਵ ਵਿਆਪਕ ਸਿਧਾਂਤ ਬਣ ਜਾਂਦਾ ਹੈ। ਮਾਇਆ ਦੇ ਨਿਸਬਤ ਅਵਿਦਿਆ ਨਾਸ਼ਵੰਤ ਹੈ। ਗਿਆਨ ਦੇ ਪ੍ਰਕਾਸ਼ ਨਾਲ ਅਵਿਦਿਆ ਦਾ ਨਾਸ਼ ਹੋ ਜਾਂਦਾ ਹੈ ਪਰੰਤੂ ਮਾਇਆ ਦੀ ਹੋਂਦ ਬਣੀ ਰਹਿੰਦੀ ਹੈ। ਆਮ ਤੌਰ 'ਤੇ ਇਹ ਗੱਲ ਮੰਨੀ ਜਾਂਦੀ ਹੈ ਕਿ ਜੀਵਾਂ ਦੇ ਦੁੱਖਾਂ ਦਾ ਕਾਰਣ ਮਾਇਆ ਹੈ ਪਰੰਤੂ ਸੁਆਮੀ ਜੀ ਅਵਿਦਿਆ ਨੂੰ ਜੀਵਾਂ ਦੇ ਦੁੱਖਾਂ ਦਾ ਕਾਰਣ ਮੰਨਦੇ ਹਨ।

ਗੁਰਬਾਣੀ ਅੰਦਰ ਜੀਵਾਂ ਨਾਲ ਮਾਇਆ ਦਾ ਸੰਬੰਧ ਇਸ ਪ੍ਰਕਾਰ ਅੰਕਿਤ ਹੈ ਕਿ ਮਾਇਆ ਰੂਪੀ ਸਰਪਣੀ ਨੇ ਜੀਵ ਨੂੰ ਘੇਰ ਰੱਖਿਆ ਹੈ।[22] ਜੀਵ ਦੇ ਹਿਰਦੇ ਅੰਦਰ ਦ੍ਵੈਤ ਭਾਵ ਮਾਇਅਲਾ ਦਾ ਪਰਪੰਚ ਹੈ। ਇਹ ਜੀਵ ਨੂੰ ਬ੍ਰਹਮ ਤੋਂ ਦੂਰ ਕਰਨ ਵਾਲੀ ਸ਼ਕਤੀ ਹੈ। ਮਾਇਆ ਜੀਵ ਬ੍ਰਹਮ ਤੋਂ ਦੂਰ ਕਰਨ ਵਾਲੀ ਸ਼ਕਤੀ ਹੈ। ਮਾਇਆ ਜੀਵ ਨੂੰ ਆਪਣੇ ਆਤਮ ਘਰ ਵਿੱਚ ਵੱਸਣ ਤੋਂ ਅਤੇ ਪ੍ਰਭੂ ਮਿਲਣ ਤੋਂ ਦੂਰ ਰੱਖਦੀ ਹੈ।[23] ਇਹ ਵਿਭਚਾਰਣ ਦੇ ਰੂਪ ਵਿਚ ਜੀਵ ਨੂੰ ਭਰਮਾ ਰਹੀ ਹੈ। ਸਾਰੇ ਸੰਸਾਰ ਦੇ ਪ੍ਰਾਣੀ ਮਾਤਰ ਮਾਇਆ ਦੀ ਗ੍ਰਿਫਤ ਵਿਚ ਹਨ। ਇਸ ਦੀ ਬਹੁਤਾਤ ਵੀ ਮਾੜੀ ਹੈ ਅਤੇ ਘਾਟ ਵੀ ਚਿੰਤਾ ਪੈਦਾ ਕਰਦੀ ਹੈ।[24]

ਸੁਆਮੀ ਜੀ ਦੀ ਵਿਚਾਰਧਾਰਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਾਇਆ ਦਾ ਹਊਆ ਬਣਾ ਕੇ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਭੱਜਣ ਦੀ ਲੋੜ ਨਹੀਂ। ਜੀਵ ਦੇ ਦੁੱਖਾਂ ਦਾ ਕਾਰਣ ਅਵਿਦਿਆ ਹੈ ਪਰੰਤੂ ਗੁਰਬਾਣੀ ਦੇ ਸੰਦਰਭ ਵਿਚ ਮਾਇਆ ਵੀ ਜੀਵ ਦੇ ਦੁੱਖਾਂ ਦਾ ਕਾਰਣ ਹੈ ਜਦੋਂ ਜੀਵ ਬ੍ਰਹਮ ਨੂੰ ਵਿਸਾਰ ਕੇ ਮਾਇਆ ਦੇ ਪਰਛਾਵੇਂ ਪਿੱਛੇ ਭੱਜਦਾ ਹੈ।

ਸੁਆਮੀ ਜੀ ਅਨੁਸਾਰ ਪਰਮਾਤਮਾ ਨੇ ਜੀਵਾਂ ਨੂੰ ਚੰਗੇ ਮੰਦੇ ਕੰਮ ਕਰਨ ਦੀ ਅਕਲ ਦਿੱਤੀ ਹੈ। ਜੀਵ ਨੂੰ ਕਰਮ ਕਰਨ ਦੀ ਸੁਤੰਤਰਤਾ ਹੈ। ਕਿਉਂਕਿ ਜੀਵ ਕਰਮ ਜਾਣਦਾ ਹੈ ਕਿ ਪਰ ਕਰਮ ਦੇ ਫਲ ਦਾ ਉਸ ਨੂੰ ਗਿਆਨ ਨਹੀਂ। ਇਸ ਕਰਕੇ ਹੀ ਜੀਵ ਨੂੰ ਦੁਖ-ਸੁਖ ਜਨਮ ਜਨਮਾਂਤਰਾਂ ਤੋਂ ਹੁੰਦਾ ਆ ਰਿਹਾ ਹੈ।[25]

### ਮੁਕਤੀ:

ਸੁਆਮੀ ਜੀ ਨੇ ਮੁਕਤੀ ਨੂੰ ਵਿਸਥਾਰ ਸਹਿਤ ਵਿਚਾਰਿਆ ਹੈ। ਇਸ ਪ੍ਰਸੰਗ ਵਿਚ ਚੌਦਾਂ ਰਤਨਾਂ ਦੀ ਵਿਆਖਿਆ ਮੁਕਤੀ ਦੇ ਸੰਕਲਪ ਅਧੀਨ ਕੀਤੀ ਗਈ ਹੈ। ਸਮੁੰਦ ਰਿੜਕਣ ਤੋਂ ਬਾਅਦ ਪ੍ਰਾਪਤ ਹੋਏ ਚੌਦਾਂ ਰਤਨਾਂ ਨੂੰ ਸੁਆਮੀ ਜੀ ਨੇ ਆਪਣੇ ਅੰਦਾਜ਼ ਵਿੱਚ ਵਿਆਖਿਆ ਕਰਕੇ ਇਕ ਨਵੀਂ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਸੁਆਮੀ ਜੀ ਦੀ ਵਿਦਵਤਾ ਦਾ ਅਤੇ ਤਰਕ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਆਪ ਜੀ ਮਿਥਿਹਾਸ ਨੂੰ ਪ੍ਰਵਾਨ ਨਹੀਂ ਕਰਦੇ। ਸਮੁੰਦਰ ਰਿੜਕਣ ਦੀ ਮਿਥਿਹਾਸਕ ਘਟਨਾ ਨੂੰ ਸੁਆਮੀ ਜੀ ਨੇ ਪ੍ਰਵਾਨ ਨਹੀਂ ਕੀਤਾ ਬਲਕਿ ਉਸ ਵਿਚੋਂ

ਨਿਕਲੇ ਰਤਨਾਂ ਨੂੰ ਆਪਣੇ ਵੱਲੋਂ ਨਵੇਂ ਨਾਂ ਦਿੱਤੇ ਹਨ। ਜੇਕਰ ਜੀਵ ਉਹਨਾਂ ਨੂੰ ਸਮਝ ਵਿੱਚ ਲਿਆਵੇ ਤਾਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਸੁਆਮੀ ਜੀ ਅਨੁਸਾਰ ਸਮੁੰਦਰ ਰਿੜਕਣ ਨਾਲ ਹਾਥੀ ਘੋੜੇ ਅਤੇ ਆਦਮੀ ਆਦਿ ਨਹੀਂ ਨਿਕਲਦੇ।[26]

ਸੁਆਮੀ ਜੀ ਨੇ ਗੁਰਬਾਣੀ ਵਿੱਚ ਪ੍ਰਮਾਣ ਲੈ ਕੇ ਉਨ੍ਹਾਂ ਦੀ ਵਿਆਖਿਆ ਕਰਕੇ ਗਿਆਨ ਦਾ ਸੁਰਮਾ ਪ੍ਰਸਤੁਤ ਕੀਤਾ ਹੈ। ਸੁਆਮੀ ਜੀ ਨੇ ਸਾਰੇ ਸੂਖ਼ਮ ਅਤੇ ਅਸਥੂਲ ਰੂਪ ਪ੍ਰਪੰਚ ਨੂੰ ਸਮੁੰਦਰ ਮੰਨਿਆ ਹੈ। ਅਹੰਕਾਰ ਨੂੰ ਮੇਰੁ ਮੰਦ੍ਰਾਚਲ ਮਧਾਣੀ, ਸ਼ੁਭ ਅਤੇ ਅਸ਼ੁਭ ਵਾਸਨਾ ਇਹ ਦੋਵੇਂ ਪਾਸਿਆਂ ਦੀ ਰੱਸੀ ਹੈ। ਦੈਵੀ ਸੰਪਤੀ ਦੇ ਗੁਣਾਂ ਨੂੰ ਦੇਵਤਿਆਂ ਦੀ ਫੌਜ ਅਤੇ ਆਸੁਰੀ ਸੰਪਤੀ ਦੇ ਧਾਰਣੀਆਂ ਨੂੰ ਰਾਕਸ਼ਾਂ ਦੀ ਸੈਨਾ ਦੱਸਿਆ ਹੈ। ਮਧਾਣੀ ਅਗਿਆਨ ਦੀ ਅਨੇਕ ਪ੍ਰਕਾਰ ਦੀ ਸ਼ਕਤੀ ਨੂੰ ਸੁਆਮੀ ਜੀ ਨੇ, ਮਧਾਣੀ ਦਾ ਕੁੜ ਕਿਹਾ ਹੈ। ਕੁੜ ਨੂੰ ਬੰਨਣ ਵਾਲੀ ਰੱਸੀ ਅਗਿਆਨ ਦੀਆਂ ਅਨੇਕਾਂ ਪ੍ਰਕਾਰ ਦੀਆਂ ਸ਼ਕਤੀਆਂ ਦੀ ਪ੍ਰਤੀਕ ਹੈ। ਉੱਪਰ ਦੇ ਲੋਕ ਜੋ ਬ੍ਰਹਮ ਦਾ ਧਿਆਨ ਧਰਦੇ ਹਨ ਨੇਹੀ ਹਨ ਅਤੇ ਨਿੱਚੇ ਵਾਲੀ ਜੋ ਮਾਇਆਧਾਰੀ ਲੋਕ ਹਨ ਉਹ ਕਛੂ ਰੂਪ ਹਨ। ਦੁੱਧ ਰਿੜਕਣ ਵਾਲੀ ਚਾਟੀ ਨੂੰ ਨਿਰਗੁਣ ਸ਼ੁਧ ਬ੍ਰਹਮ ਅਧਿਸ਼ਟਾਨ ਵਿਅਕਤ ਕੀਤਾ ਹੈ। ਇਸ ਚਾਟੀ ਵਿੱਚ ਜੋ ਸਮੁਦ੍ਰ ਰੂਪੀ ਦੁੱਧ ਹੈ ਉਹ ਪੰਜ ਵਿਸ਼ੇ ਪੰਜ ਦੋਖ ਅਤੇ ਛੇਵਾਂ ਜਨਮ ਮਰਨ ਤੋਂ ਬਣਿਆ ਹੈ।[27] ਸਾਰੇ ਮੰਥਨ ਦਾ ਤੱਤ ਸਾਰ ਇਹ ਹੈ ਕਿ ਜਦੋਂ ਜੀਵ ਗੁਰੂ ਦੇ ਤੱਤ ਗਿਆਨ ਨੂੰ ਆਪਣੇ ਹਿਰਦੇ ਅੰਦਰ ਧਾਰਣ ਕਰ ਲੈਂਦਾ ਹੈ ਅਤੇ ਅਭਿਆਸ ਕਰਕੇ ਗਿਆਨ ਪ੍ਰਕਾਸ਼ ਅਨੁਭਵ ਕਰਦਾ ਹੈ ਉਦੋਂ ਇਹ ਚੌਦਾਂ ਪ੍ਰਕਾਰ ਦੇ ਰਤਨ ਉਤਪੰਨ ਹੁੰਦੇ ਹਨ। ਜਿਨ੍ਹਾਂ ਵਿਚੋਂ ਪਹਿਲਾ ਰਤਨ ਚੰਦ੍ਰਮਾ ਪ੍ਰਗਟ ਹੁੰਦਾ ਹੈ। ਜਦੋਂ ਜੀਵ ਦੀ **ਬ੍ਰਹਮ ਦਰਸੀ ਬ੍ਰਿਤੀ** ਬ੍ਰਹਮ ਰੂਪ ਹੋ ਜਾਂਦੀ ਹੈ। ਇਹ ਦੂਸਰਾ ਰਤਨ ਹੁੰਦਾ ਹੈ। ਤੀਸਰਾ ਰਤਨ ਸ਼ੁਧ ਮਨ ਹੈ। ਇਹੀ **ਐਰਾਵਤ** ਹਸਤੀ ਹੈ। ਚੌਥਾ ਰਤਨ ਪੰਜ ਗਿਆਨ ਇੰਦਰੀਆਂ ਦੀ ਸ਼ੁੱਧਤਾ ਕਰਕੇ ਪੰਜ ਬਿਰਤੀਆਂ ਵੀ ਸ਼ੁੱਧ ਹੋ ਜਾਂਦੀਆਂ ਹਨ। ਵਾਕ ਇੰਦਰੀ ਕਰਕੇ ਸ਼ਬਦ ਦੀ ਸ਼ੁਧੀ, ਅਰਥ ਦੀ ਸ਼ੁਧੀ ਇਹ ਸਪਤ ਮੁਖੀ ਘੋੜਾ ਨਿਕਲਿਆ ਹੈ। ਪੰਜਵਾਂ ਰਤਨ **ਕਾਲ ਦੀਆਂ ਜੜ੍ਹਾਂ ਰੂਪੀ ਜ਼ਹਿਰ** ਨਿਕਲੀ। ਛੇਵਾਂ ਰਤਨ ਅਵਿਦਿਕ ਪਦਾਰਥਾਂ ਦਾ ਤਿਆਗ ਇਹਨਾਂ ਤੋਂ ਨਿਰਲੇਪ ਰਹਿਣਾ **ਮਣੀ** ਨਿਕਲੀ। ਇਹ ਸੰਸਾਰ ਤੋਂ ਵਿਦੇਹ ਮੁਕਤ ਅਤੇ ਜੀਵਨ ਮੁਕਤ ਹੋਣਾ ਇਸ ਧਾਰਣਾ ਨੂੰ ਅਮਲ ਵਿੱਚ ਲਿਆਉਣਾ **ਵਾਰੁਣੀ ਸ਼ਰਾਬ** ਸਤਵਾਂ ਰਤਨ ਉਪਜਿਆ। **ਅੰਮ੍ਰਿਤ** ਅਠਵਾਂ ਰਤਨ ਹੈ। ਜਿਸ ਨਾਲ ਪਰਮਾਤਮਾ ਨਾਲ ਅਭੇਦ ਹੋਈਦਾ ਹੈ। ਸਤਿ ਬੋਲਣਾ ਅਤੇ ਮਿਥਿਆ ਦਾ ਨਿਰਾਦਰ ਕਰਨਾ ਇਹ **ਦਹਣਾ ਸੰਖ** ਨੌਵਾਂ ਰਤਨ ਨਿਕਲਿਆ। ਦਸਮਾਂ ਰਤਨ ਸਭ ਪਦਾਰਥਾਂ ਦਾ ਤਿਆਗ ਕਰ ਦੇਣਾ **ਕਾਮ ਧੇਨੂ ਗਊ** ਹੈ। ਸਾਰੀਆਂ ਇੰਦਰੀਆਂ ਦੀ ਤਮੋਗੁਣੀ ਬਿਰਤੀ ਦੀ ਨਿਵਰਤੀ ਹੋਣ ਨਾਲ ਚਿੱਤ ਦਾ ਸ਼ਾਂਤ ਹੋ ਜਾਣਾ **ਕਲਪ ਬ੍ਰਿਛ** ਹੈ। ਸੰਪੂਰਨ ਆਸੁਰੀ ਸੰਪਤੀ ਦੀ ਨਿਵਰਤੀ ਸਰੂਪ **ਧਨੁਸ਼** ਉਪਜਿਆ। ਤੇਰ੍ਹਵਾਂ ਰਤਨ **ਬੁੱਧੀ** ਨਿਕਲੀ। ਦੁਖ-ਸੁਖ, ਜਨਮ-ਮਰਨ ਤੋਂ ਰਹਿਤ ਹੋਣਾ ਚੌਦਵਾਂ ਰਤਨ **ਧਨੰਤਰ ਵੈਦ** ਨਿਕਲਿਆ। ਸੋ ਇਸ ਪ੍ਰਕਾਰ ਸੁਆਮੀ ਜੀ ਨੇ ਮੁਕਤੀ ਦੇ ਉਪਾਅ ਲਈ ਸਮੁੰਦਰ ਮੰਥਨ ਵਿਚੋਂ ਨਿਕਲੇ ਰਤਨਾਂ ਨੂੰ ਆਪਣੀ ਬੁੱਧ ਅਨੁਸਾਰ ਵਿਆਖਿਆ।[28]

ਗੁਰਬਾਣੀ ਅਨੁਸਾਰ ਪਰਬਤ ਤੋਂ ਭਾਵ ਉੱਚੀ ਸੁਰਤ ਅਤੇ ਮਨ ਰੂਪੀ ਨਾਗ ਨੂੰ ਬਾਸਕ ਨੇਤ੍ਰਾ ਬਣਾਇਆ ਹੈ। ਸ਼ਬਦ ਨੂੰ ਰੇੜਕਾ ਬਣਾਉਣਾ ਹੈ। ਭਾਵ ਸ਼ਬਦ ਦਾ ਮੰਥਨ ਕਰਨਾ ਹੈ। ਸ਼ਬਦ ਨੂੰ ਵਿਚਾਰਨਾ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ਬਦ ਸਮੁੰਦਰ ਵਿਚੋਂ ਚੌਦਾਂ ਰਤਨ ਕਢੇ ਹਨ। ਸ਼ਬਦ ਦੀ ਵਿਚਾਰ ਨਾਲ ਹੀ ਅਵਾਗਮਨ ਦਾ ਗੇੜ ਖ਼ਤਮ ਹੋਣਾ ਹੈ ਅਤੇ ਮੁਕਤੀ ਪ੍ਰਾਪਤ ਹੋਣੀ ਹੈ।

*ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥*
*ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣ ਚਿਲਕਿਓਨੁ॥*[29]

**ਸੋਲ੍ਹਾਂ ਸ਼ਿੰਗਾਰ:**

ਸੁਆਮੀ ਜੀ ਸੋਲ੍ਹਾਂ ਪ੍ਰਕਾਰ ਦੇ ਸ਼ਿੰਗਾਰ ਨੂੰ ਵੀ ਜੀਵ ਰੂਪੀ ਇਸਤਰੀ ਦੀ ਮੁਕਤੀ ਲਈ ਪ੍ਰਯੋਗ ਕਰਦੇ ਹਨ। ਸੁਆਮੀ ਜੀ ਨੇ ਇਸ ਸ਼ਬਦ ਨੂੰ ਮੁਕਤੀ ਲਈ ਸਹਾਇਕ ਮੰਨਿਆ ਹੈ। ਸੁਆਮੀ ਜੀ ਦਾ ਨਿਰਣਾ ਹੈ ਕਿ ਸਗੁਣ ਬ੍ਰਹਮ ਜਿਗਿਆਸੂਆਂ ਦੇ ਧਿਆਨ ਦਾ ਵਿਸ਼ਾ ਹੈ। ਐਸੇ ਸਗੁਣ ਬ੍ਰਹਮ ਦੀ ਉਪਾਸਨਾ ਨਾਲ ਹੀ ਸਰਬ ਪੁਰਖ ਚਾਰ ਪ੍ਰਕਾਰ ਦੀ ਮੁਕਤੀ ਪ੍ਰਾਪਤ ਕਰ ਸਕਦੇ ਹਨ। ਦੂਸਰੇ ਪੱਖ ਤੇ ਸੁਆਮੀ ਜੀ ਇਸਤਰੀ ਦੇ ਸ਼ਿੰਗਾਰ ਕਰਨ ਦੀ ਮਨਾਹੀ ਨਹੀਂ ਕਰਦੇ। ਇਸਤਰੀਆਂ ਦੇ ਸ਼ਿੰਗਾਰ ਕਰਨ ਨੂੰ ਸਵੀਕਾਰਤਾ ਪ੍ਰਦਾਨ ਕਰਦੇ ਹਨ।

**ਗੁਰੂ:**

ਸੁਆਮੀ ਈਸ਼ਰ ਸਿੰਘ ਜੀ ਗੁਰੂ ਨੂੰ ਧਾਰਣ ਕਰਨ ਸਬੰਧੀ ਗੁਰਮਤ ਦੇ ਪ੍ਰਸੰਗ ਹੇਠ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਸੁਆਮੀ ਜੀ ਦਾ ਵੀਚਾਰ ਹੈ ਕਿ ਵਿਰਾਮ ਬ੍ਰਹਮ ਸਬੰਧੀ ਬ੍ਰਹਮ ਗਿਆਨੀ ਹੀ ਗਿਆਨ ਕਰਵਾ ਸਕਦਾ ਹੈ। ਇਹ ਬ੍ਰਹਮ ਗਿਆਨੀ ਦੇਹਧਾਰੀ ਵੀ ਹੋ ਸਕਦਾ ਹੈ। ਨਿਰਮਲ ਸੰਪ੍ਰਦਾ ਦੇਹਧਾਰੀ ਗੁਰੂ ਵਿਚ ਆਸਥਾ ਰੱਖਦੀ ਹੈ ਸੋ ਇਹ ਸੁਆਮੀ ਜੀ ਦੀ ਬੇਵਸੀ ਜਾਂ ਮਜਬੂਰੀ ਕਹਿ ਲਉ। ਬ੍ਰਹਮ ਗਿਆਨੀ ਸਮਦਰਸ਼ੀ ਹੁੰਦਾ ਹੈ।[30]

ਸੁਆਮੀ ਜੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਬ੍ਰਹਮ ਵਿਦਿਆ ਦੇ ਖ਼ਜ਼ਾਨੇ ਹਨ। ਇਸੇ ਬ੍ਰਹਮ ਵਿਦਿਆ ਨਾਲ ਲੋਕ ਪਰਲੋਕ ਦੀ ਸਮਝ ਆਉਂਦੀ ਹੈ। ਗੁਰੂ ਹੀ ਬਜਰ ਕਪਾਟ ਖੋਲ੍ਹਣ ਦੇ ਸਮਰੱਥ ਹੁੰਦਾ ਹੈ। ਗੁਰੂ ਕੋਲ ਹੀ ਹਿਰਦੇ ਦੀ ਅਗਿਆਨਤਾ ਦੇ ਤਖ਼ਤਿਆਂ ਨੂੰ ਖੋਲ੍ਹਣ ਦੀ ਚਾਬੀ ਹੈ। ਗੁਰੂ ਹੀ ਆਤਮਾ ਬੋਧਕ ਹੈ।[31] ਹਿਰਦੇ ਅੰਦਰ ਜੋ ਅਵਿਦਿਆ ਦੇ ਤਖ਼ਤੇ ਹਨ ਉਨ੍ਹਾਂ ਤੇ ਨਿਵਲ ਨਾਮਕ ਤਾਲਾ ਲੱਗਿਆ ਹੋਇਆ ਹੈ। ਇਹ ਤਾਲਾ ਗੁਰੂ ਤੋਂ ਬਿਨਾਂ ਨਹੀਂ ਖੁਲ੍ਹ ਸਕਦਾ।[32]

ਜਿਤਨੀ ਦੇਰ ਇਹ ਕਿਵਾੜ ਨਹੀਂ ਖੁਲ੍ਹਦੇ ਉਤਨੀ ਦੇਰ ਹਿਰਦੇ ਅੰਦਰ ਅਪ੍ਰੋਖ ਗਿਆਨ ਚਿਦਾਭਾਸ ਜੀਵ ਆਤਮਾ ਨੂੰ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਵਿਚ 'ਰਾਮ ਨਾਮ ਰਤਨ ਕੋਠੜੀ' 'ਜਾ ਭੀਤਰਿ ਜੋ ਰਾਮ ਬਸਤ ਹੈ' ਆਦਿ ਪ੍ਰਮਾਣਾਂ ਦੇ ਹਵਾਲੇ ਨਾਲ ਗੁਰੂ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਪੂਰਾ ਸਤਿਗੁਰੂ ਹੀ ਅਗਿਆਨਤਾ ਨੂੰ ਦੂਰ ਕਰਨ ਦੇ ਸਮਰੱਥ ਹੁੰਦਾ ਹੈ। ਸੁਆਮੀ ਜੀ ਪੂਰੇ ਸਤਿਗੁਰੂ ਨੂੰ ਹੀ ਪ੍ਰਵਾਨ ਕਰਦੇ ਹਨ ਕਿਸੇ ਕੱਚੇ ਪਿੱਲੇ ਗੁਰੂ ਨੂੰ ਪ੍ਰਵਾਨ ਨਹੀਂ ਕਰਦੇ ਜਿਸ ਤੋਂ ਭਰਮ ਦੇ ਪਰਦੇ ਦੂਰ ਨਾ ਹੋਣ।[33]

## ਹਵਾਲੇ ਤੇ ਟਿੱਪਣੀਆਂ

1. ਸੰਵਤ ਸਰ ਕਾਰਤਕ ਮਾਸ ਸੁਕਲ ਪਖ ਪੂਰਨਮਾਸੀ ਅਦਿਤਵਾਰ ਉਨੀ ਸੈਬਾਸਟ ੧੯੬੨
(ਸ੍ਰੀ ਗੁਰਮਤ ਦਿਗਵਿਜੈ, ਪੰਨਾ 176)
2. ਜ਼ਿਲਾ ਜਲੰਧਰ ਫਿਲੌਰ ਸ਼ਹਿਰ ਮੇਂ ਦੋ ਕੋਸ਼ ਮ੍ਰਜਾਦਾ ਮੇਂ ਨਗਰ ਸਹਿਰ ਜਨਮ ਅਸਥਾਨ ਹੈ ਸੰਵਤ ਸਰ ਉਨੀ ਸੌ ਛੇ ਮੇਂ ਮਹੀਨਾ ਕਾਰਤਕ ਦੁਤੀਏ ਪੱਖ ਕੀ ਪੌਰਣਮਾਸੀ ਕੋ ਸਰੀਰ ਅਨਿਮੈ ਕੋਸ ਨੇ ਜਨਮ ਧਾਰਣ ਕਰਾ ਮਾਤਾ ਕਾ ਨਾਮ ਗੁਰੂਬਖ਼ਸੀ ਪਿਤਾ ਕਾ ਨਾਮ ਸੁਧ ਸਿੰਘ ਵੈਸ ਵੰਸ। (ਸ੍ਵੈ ਸੁਪਨ ਨਾਟਕ, ਪੰਨਾ 11)
3. ਸੰਵਤ ਸਰ ਉਨੀ ਸੌ ਪੰਚਾਸ ਕੋ ਪਰਵਤ ਦੇਸ ਰਿਆਸਤਿ ਮੰਡੀ ਔਰ ਪੰਜਾਵ ਦੇਸ ਪਟਿਆਲਾ ਨਾਭਾ ਇਤਿਆਦੀ ਸਭ ਰਿਆਸਿਤੋਂ ਮੈਂ ਬਹੁਤ ਸਾਸਤ੍ਰਾ ਅਰਥ ਹੂਏ ਥੇ ਸੋ ਇਸਿ ਪ੍ਰਕਾਰ ਸਭਾ ਕੀ ਜੀਤ ਕੇ ਹਮ ਕੋ ਰਿਆਸਿਤੋਂ ਮੇਂ ਸਰਟੀਫਿਕਟ ਮਿਲੇ ਹੈਂ (ਸ੍ਵੈ ਸੁਪਨ ਨਾਟਕ, ਪੰਨਾ 13)
4. *ਸੋ ਜਲ ਸੇ ਲੇਕਰ ਪਾਂਚੋ ਤਤ। ਸੂਰਜ ਚੰਦਰ ਤਾਰਕਾ ਮੰਡਲ ਯਿਹ ਐਸਾ ਸਰੂਪ ਵਿਰਾਟ ਸਗੁਣ ਬ੍ਰਹਮ ਕੇ ਜਲ ਭਾਗ ਮੇਂ ਗੁਪਤ ਹੋ ਕਰਕੇ ਜਲ ਜੀਵ ਸੇ ਮਛ ਸੇ ਆਦ ਸੇ ਲੇਕਰ ਕੇ ਹੈ। ਸੋ ਉਨ ਜੀਵਾਂ ਕੋ ਸ੍ਰੀ ਗੁਰੂ ਨਾਨਕ ਜੀ ਆਪਣਾ ਆਪਣਾ ਆਸਰਾ ਬਨਾ ਕਰਕੇ ਉਨ ਜਲ ਜੀਵੋਂ ਕੇ ਉਪ ਇਸਥਿਤ ਹੋਤੇ ਭਏ ਹੈ।* (ਉਹੀ, ਪੰਨਾ 89-90)

5. *ਕਵਣ ਮੂਲ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥*
*ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕ ਸੁਣਹੁ ਤੁਮ ਬਾਲੇ॥*
*ਏਸ ਕਥਾ ਕਾ ਦੇਇ ਬੀਚਾਰੁ॥ ਭਵਜਲ ਸਬਦਿ ਲੰਘਾਵਣਹਾਰ॥੪੩॥*
*ਪਵਨ ਅਰੰਭ ਸਤਿਗੁਰ ਮਤਿ ਵੇਲਾ॥ ਸਬਦ ਗੁਰੂ ਸੁਰਤਿ ਧੁਨਿ ਚੇਲਾ॥*
*ਏਸ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥*
*ਏਕੁ ਸਬਦੁ ਜਿਤ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 942-943)

6. ਪਰਮਾਤਮਾ ਸਗੁਣ ਨਿਰਗੁਣ ਦੋ ਭੇਦ ਕਰਕੇ ਏਕ ਹੀ ਸੁਧ ਵਿਰਾਟ ਦੋ ਭੇਦ ਸੇ ਪ੍ਰਤੀਤ ਹੋ ਰਿਹਾ ਹੈ ਸੋ ਦੋਨੋਂ ਸਰੂਪ ਬਿਆਪਕ ਅਪਰੀ ਛਿੰਨ ਹੈ। (ਸ੍ਰੀ ਗੁਰਮਤ ਦਿਗਵਿਜੈ, ਪੰਨਾ 170)

7. ਬ੍ਰਹਮ ਕੇ ਸਰੂਪ ਕਾ ਦੋ ਪ੍ਰਕਾਰ ਸੇ ਨਿਰੂਪਣ ਹੈ ਜੈਸੇ ਕਿ ਏਕ ਸ਼ੁੱਧ ਸਰੂਪ ਹੈ ਔਰ ਦੂਸਰਾ ਵਿਰਾਟ ਵਿਸ਼ਿਸ਼ਟ ਸਰੂਪ ਹੈ। (ਗ੍ਰੰਥ-ਬੁਧੀ ਬਾਰਧ ਕੁਦਰਤ ਦਾ ਵਿਚਾਰ, ਪੰਨਾ 15)

8. ਸ੍ਰੀ ਗੁਰੂ ਜੀ ਦੂਸਰਾ ਪਾਠ ਲਿਖਤੇ ਹੈ ਸਗੁਣ ਵਿਰਾਟ ਬ੍ਰਹਮ ਮਹਾਂਕਾਲ ਕੇ ਸਰੂਪ ਨਿਰੂਪਣ ਵਿਚਾਰ ਮੇਂ "ਗਗਨ ਮੈਂ ਥਾਲ ਰਵਿ ਚੰਦ ਦੀਪਕ ਬਨੈ" ਇਸ ਕਥਨ ਸੇ ਜ਼ਮੀਨ ਅਸਮਾਨ ਸੂਰਜ ਚੰਦ ਇਤਿਆਦੀ ਸਰਬ ਪਦਾਰਥ ਬ੍ਰਹਮ ਕਾ ਹੀ ਸਰੂਪ ਹੈ। ਮਹਾਂਕਾਲ ਬ੍ਰਹਮ ਕਾ ਯਿਹ ਉਕਤ ਐਸਾ ਸਰੂਪ ਹੈ। ਸੋ ਉਸੀ ਮਹਾਂਕਾਲ ਵਿਰਾਟ ਕੀ ਸ਼ਿਵ ਬ੍ਰਹਮਾ ਵਿਸ਼ਨੂ ਇਤਿਆਦੀ ਯਿਹ ਸਭੀ ਅਵਤਾਰ ਖਿਲਵਾੜ ਹੈ। ਸੋਈ ਗੁਰੂ ਜੀ ਨੇ ਲਿਖਾ ਹੈ।

(ਗੁਰਮਤ ਦਿਗਵਿਜੈ, ਪੰਨਾ 106)

9. *ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463)

10. *ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥੧॥* (ਉਹੀ, ਪੰਨਾ 290)

11. ਜੋ ਉਕਤ ਉਨੀ ਪ੍ਰਕਾਰ ਸੇ ਜੋ ਵਿਰਾਟ ਕਾ ਸਰੂਪ ਹੈ ਵੋਹੀ ਸਾਖਿਆਤ ਅਭਿੰਨ ਨਿਮਿਤ ਉਪਾਦਾਨ ਕਾਰਣ ਹੈ।

(ਉਹੀ, ਪੰਨਾ 17)

12. ਪ੍ਰਤਖ ਪ੍ਰਮਾਣ ਔਰ ਸਵਦ ਪ੍ਰਮਾਣ ਯਿਹ ਦੋਨੋਂ ਪਰਮੇਸ੍ਰਰ ਕਰਕੇ ਰਚੇ ਹੁਏ ਹੈ। (ਉਹੀ, ਪੰਨਾ 11)

13. ਜੈਸੇ ਕੇ ਗਰਭ ਕੇ ਸਪੁੰਟ ਅੰਦਰ ਏਕ ਸਮੇਂ ਵੀਚ ਬਰਾਬਰ ਹੀ ਤੀਨ ਬੁਤੋਂ ਕੀ ਰਚਨਾ ਹੈ। ਸੋ ਬੁਤ ਏਕ ਪੁਰਖ ਹੈ ਦੂਸਰਾ ਹੀਜੜਾ ਤੀਸਰਾ ਇਸਤ੍ਰੀ ਹੈ। ਸੋ ਯਹ ਤੀਨੋਂ ਹੀ ਏਕ ਵਖ਼ਤ ਵੀਚ ਪੈਦਾ ਹੂਏ ਹੈਂ। ਸੋ ਤੀਨੋਂ ਪਰਸਪਰ ਵਿਲਖਣ ਹੈ। ਏਕ ਕੇ ਸਾਥ ਦੂਸਰਾ ਨਹੀਂ ਮਿਲਤਾ ਹੈ। ਔਰ ਦੂਸਰੇ ਕੇ ਸਾਥ ਤੀਸਰਾ ਨਹੀਂ ਮਿਲਤਾ।

(ਗ੍ਰੰਥ ਬੁਧੀ ਬਾਰਧ, ਪੰਨਾ 9-10)

14. ਪ੍ਰਤਖ ਸਵਦ ਯਿਹ ਦੋਨੋਂ ਪ੍ਰਮਾਣ ਚਾਰੋਂ ਖਾਣੀ ਕੇ ਸਾਥ ਹੀ ਈਸ੍ਵਰ ਨੇ ਰਚੇ ਹੈਂ।

(ਉਹੀ, ਪੰਨਾ 12)

15. ਖੰਡਾ ਪ੍ਰਥਮੈਂ ਸਾਜਿ ਕੈ ਜਿਨ ਸਭ ਸੰਸਾਰ ਉਪਾਇਆ। ਸੋ ਇਸ ਕਾ ਅਰਥ ਮਾਲੂਮ ਹੋਵੇ ਹੈ ਜੋ ਕਿ ਉਕਤ ਭਗਵਤੀ ਦੇਵੀ ਕਾਲਕਾ ਨਿਰੂਪਣਕਾਰੀ ਹੈ ਜੋ ਉਸ ਭਗਵਤੀ ਨੇ ਔਰ ਉਸ ਭਗਵਤੀ ਵਿਸ਼ਿਸ਼ਟ ਭਗਵਾਨ ਨੇ ਪ੍ਰਥਮੇ ਖੰ ਬਨਾਇਆ ਹੈ ਸੋ ਖੰ ਨਾਮ ਅਕਾਸ਼ ਹੈ ਸੋ ਫਿਰ ਉਸ ਕੇ ਸਮੁਕਾਲ ਮੇਂ ਹੀ ਡੈ ਬਨਾਇਆ ਹੈ। ਸੋ ਡੈ ਨਾਮ ਅਕਾਸ਼ ਕੇ ਬੀਚ ਹੋਣੇ ਵਾਲੇ ਵਾਯੂ ਤੇਜ਼ ਜਲ ਪ੍ਰਿਥਵੀ ਇਨ ਚਾਰ ਤਤਿ ਕਾ ਹੈ ਸੋ ਇਸ

ਪ੍ਰਕਾਰ ਸੇ ਭਗਵਾਨ ਭਗਵਤੀ ਨੇ ਪਾਂਚ ਤਤ ਬਨਾ ਕਰਕੇ ਫਿਰ ਸਭ ਸੰਸਾਰ ਉਪਾਇਆ ਇਸ ਕਾ ਅਰਥ ਰਚਿਆ ਹੈ। (ਸ੍ਰੀ ਗੁਰਮਤ ਦਿਗਵਿਜੈ, ਪੰਨਾ 20-21)

16. ਪ੍ਰੋਫ਼ੈਸਰ ਸ਼ੇਰ ਸਿੰਘ, ਗਿਆਨੀ, **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1986, ਪੰਜਵੀਂ ਵਾਰ, ਪੰਨਾ 282.

17. ਕਾਨ ਕਾ ਅਰਥ ਅੰਗ ਹੈ ਮੈਲ ਕਾ ਅਰਥ ਮਾਇਆ ਹੈ ਸੋ ਅਕਾਲ ਸਗੁਣ ਵਿਰਾਟ ਬ੍ਰਹਮ ਨੇ ਅਧੇਣ ਏਕ ਅੰਗ ਸੇ ਮਾਇਆ ਪ੍ਰਗਟ ਕਰਕੇ ਜਗਤ ਕੀ ਰਚਨਾ ਕਰਾਈ ਹੈ।

18. ੳ. *ਧੁਰ ਕੀ ਭੇਜੀ ਆਈ ਆਮਰਿ॥*
*ਨਉ ਖੰਡ ਜੀਤੇ ਸਭਿ ਥਾਨ ਥਨੰਤਰ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 371)
ਅ. *ਆਗਿਆਕਾਰੀ ਕੀਨੀ ਮਾਇਆ॥* (ਉਹੀ, ਪੰਨਾ 294)
ੲ. *ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ॥* (ਉਹੀ, ਪੰਨਾ 937)

19. ਪੰਚ ਭੌਤਿਕ ਸਭੀ ਜੀਵ ਆਤਮਾ ਚਿਦਾਭਾਸ ਕੇ ਯੇਹ ਅਰਥ ਅਸਥੂਲ ਹੈ। ਸਰੀਰ ਹੈ।
(ਸ੍ਰੀ ਗੁਰਮਤਿ ਦਿਗਵਿਜੈ, ਪੰਨਾ 154)

20. ਜੀਵੋਂ ਕੀ ਆਪਣੀ ਜੋ ਅਵਿਦਿਆ ਹੈ ਸੋ ਵੋਹੀ ਇਨਕੇ ਜਨਮ ਮਰਣ ਕਾ ਔਰ ਦੁਖ ਸੁਖ ਰੂਪ ਨਰਕ ਸੁਰਗ ਦਾ ਕਾਰਣ ਹੈ ਔਰ ਪ੍ਰਮਾਤਮਾ ਕੀ ਤਾਕਤ ਸ਼ਕਤੀ ਸਰੂਪ ਮਾਇਆ ਕਾ ਜੀਵੋਂ ਕੇ ਕਰਮ ਕਰਾਵਣੇ ਮੇ ਕੋਈ ਕਿਸੀ ਪ੍ਰਕਾਰ ਭੀ ਸਬੰਧ ਨਹੀਂ। (ਉਹੀ, ਪੰਨਾ 155)

22. ਮਾਯਾ ਕਾ ਆਧਾਰ ਮਾਯਾ ਮਾਯਾ ਮੇਂ ਪ੍ਰਤੀਬਿੰਬ ਤੀਨੋਂ ਕਾ ਨਾਮ ਈਸ ਹੈ। ਏਵੇਂ ਅਵਿਦਿਯਾ ਕਾ ਆਧਾਰ ਹੈ। ਅਵਿਦਿਯਾ ਅਵਿਦਿਯਾ ਮੇਂ ਪ੍ਰਤੀਬਿੰਬ ਤੀਨੋਂ ਕਾ ਨਾਮ ਜੀਵ ਹੈ। (ਸ੍ਰੀ ਗੁਰਮਤ ਨਿਰਣਯ ਸਾਗਰ, ਪੰਨਾ 164)

23.ੳ. *ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1415)
ਅ. *ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥* (ਉਹੀ, ਪੰਨਾ 63)

24. *ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥* (ਉਹੀ, ਪੰਨਾ 355)

25. *ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥* (ਉਹੀ, ਪੰਨਾ 1019)

26. ਜੀਵ ਕਰਮ ਕੇ ਕਰਣੇ ਕੇ ਵੀਚ ਮੇਂ ਸੁਤੰਤਰ ਹੈ ਫਲ ਕੇ ਭੋਗਣੇ ਕੋ ਨਹੀਂ ਜਾਣਤਾ ਹੈ। ਇਸਿ ਮਨੁਸ਼ ਜਨਮ ਕੋ ਹੀ ਅਛੇ ਮੰਦੇ ਕਰਮ ਦਾ ਫਲ ਦੁਖ ਸੁਖ ਜਨਮਾਂਤਰ ਮੇਂ ਹੋਤਾ ਹੈ। ਔਰ ਕਿਸੀ ਜੂਨੀ ਕੋ ਵਿਦਿਆ ਅਵਿਦਿਆ ਔਰ ਅਛੇ ਮੰਦੇ ਕਰਮ ਕਾ ਗਿਆਨ ਨਹੀਂ ਹੈ। (ਗ੍ਰੰਥ ਬੁਧੀ ਬਾਰਧ, ਪੰਨਾ 24)

27. ਦੂਧ ਕਾ ਸਮੁਦ੍ਰ ਰਿੜਕਣੇ ਕਰਕੇ ਬੀਚ ਸੇ ਹਾਥੀ ਘੋੜਾ ਆਦਮੀ ਕੁਛ ਭੀ ਨਹੀਂ ਨਿਕਸਤਾ ਔਰ ਘ੍ਰਿਤ ਹੀ ਦੂਧ ਕੇ ਰਿੜਕਣੇ ਸੇ ਨਿਕਸਤਾ ਹੈ ਔਰ ਪਾਣੀ ਕਾ ਸਮੁੰਦਰ ਰਿੜਕਣਾਂ ਤੋਂ ਸਰਬਥਾ ਬਿਅਰਥ ਹੀ ਹੈ। (ਸ੍ਰੀ ਗੁਰਮਤਿ ਦਿਗਵਿਜੈ, ਪੰਨਾ 146)

28. ਸ੍ਰੀ ਗੁਰੂਮਤ ਦਿਗਵਿਜੈ, ਪੰਨਾ 147-148.

29. ਉਹੀ, ਪੰਨਾ 148-150.

30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.

31. ਵਿਰਾਟ ਸਗੁਣ ਬ੍ਰਹਮ ਕਾ ਵੋਧ ਕਰਾਵਣੇ ਵਾਲੇ ਬ੍ਰਹਮ ਗਿਆਨ ਸਮਦਰਸੀ ਪੁਰਖ ਹੈ।
(ਸ੍ਰੀ ਗੁਰਮਤ ਦਿਗਵਿਜੈ, ਪੰਨਾ 101)

32. ਸੋ ਇਸ ਐਸੇ ਮੰਦਰ ਮੇ ਵਿਦਿਆ ਰੂਪ ਕਿਵਾੜ ਲਗੇ ਹੂਏ ਹੈਂ ਸੋ ਐਸੇ ਕਿਵਾੜੋਂ ਕੋ ਖੋਲਣੇ ਕੇ ਵਾਸਤੇ ਬ੍ਰਹਮ ਵਿਦਿਆ ਯੁਗਤ ਕਿਸੀ ਗੁਰੂ ਕਾ ਧਾਰਣ ਕਰਣਾ ਸਰਵ ਪੁਰਖਾ ਕੇ ਪ੍ਰਤੀ ਯਥਾਰਥ ਹੈ।
(ਉਹੀ, ਪੰਨਾ 103)

33. ਸਿਸਿ ਕੇ ਪਾਸ ਹਿਰਦੇ ਦੇਸ ਮੈਂ ਅਵਿਦਿਆ ਜੋ ਹੈ ਸੋ ਨਿਵਲ ਨਾਮਕ ਤਾਲਾ ਲਗ ਰਹਾ ਹੈ।
(ਉਹੀ, ਪੰਨਾ 102)